ਅਕਤੂਬਰ-ਦਸੰਬਰ, 2024

# ਕਹਾਣੀ ਧਾਰਾ

ਅੰਕ :75 80/-



ਹਲਕੀ ਜਿਹੀ ਕਵਿਤਾ 'ਤੇ ਜੋ ਵਾਹ-ਵਾਹ ਭਾਰੀ ਹੈ। ਸ਼ਾਇਰ ਉਹ ਠੀਕ ਈ ਏ, ਲੇਕਿਨ ਸਰਕਾਰੀ ਹੈ।
ਐਡਹਾਕ ਦੇ ਸ਼ਾਇਰ ਹਾਂ, ਲੀਵ 'ਤੇ ਹਾਂ ਅੱਜ ਕਲ੍ਹ, ਸਸਤਾ ਜਿਹਾ ਲਿਖਦੇ ਹਾਂ, ਬਈ ਬੇਰੁਜ਼ਗਾਰੀ ਹੈ।
- ਵਾਹਿਦ

75 ਕਹਾਣੀ ਧਾਰਾ ਅਕਤੂਬਰ-ਦਸੰਬਰ, 2024

# ਕਹਾਣੀ ਧਾਰਾ

ਅਕਤੂਬਰ-ਦਸੰਬਰ, 2024

ਸਾਲ : 19 ; ਅੰਕ : 75

**ਸੰਪਾਦਕ**

**ਭਗਵੰਤ ਰਸੂਲਪੁਰੀ**
94170-764350

**ਮੁੱਖ ਸਲਾਹਕਾਰ**

**ਡਾ. ਪ੍ਰੇਮ ਮਾਨ**

+1 (860) 983-5002

email:
premmann@yahoo.com

**ਸਲਾਹਕਾਰ ਬੋਰਡ**

ਡਾ. ਸਰਬਜੀਤ ਸਿੰਘ

ਡਾ. ਮਨਜਿੰਦਰ ਸਿੰਘ

ਡਾ. ਰਵੀ ਰਵਿੰਦਰ

ਡਾ. ਕੁਲਦੀਪ ਸਿੰਘ

ਡਾ. ਸੁਖਪਾਲ ਕੌਰ

ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
Editor
KAHANI DHARA
Vill. Dharampur
P.O. Khambra
Distt. JALANDHAR-144026
Punjab,INDIA

e-mail:
kahanidhara@gmail.com
bhagwantrasulpuri@gmail.com

ਚੰਦੇ : ਇੱਕ ਅੰਕ 80/- (ਸਧਾਰਨ ਡਾਕ)
100/-(ਰਜਿ. ਡਾਕ), 10 ਅੰਕ 800/-
10 ਅੰਕ : ਡਾਲਰ 150/ ਪੌਂਡ 120

ਤੁਸੀਂ ਚੰਦਾ ਏਥੇ ਵੀ
ਜ਼ਮਾ ਕਰਵਾ ਸਕਦੇ ਹੋ

G Pay
UPI
UNIFIED PAYMENTS INTERFACE
@94170-64350

Title Painting Pawan Kumar
98154-26869

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Krihanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ : ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ : 10 ਅਕਤੂਬਰ, 2024)

# ਕਹਾਣੀ ਧਾਰਾ

**ਅੰਕ : 75 ਅਕਤੂਬਰ-ਦਸੰਬਰ,2024**

**ਸੰਪਾਦਕੀ :** ਸਾਹਿਤ ਕਲਾ, ਨਾਟ ਕਲਾ ਤੇ ਸੰਗੀਤ ਕਲਾ 3



**ਗੋਸ਼ਟੀ : ਕਹਾਣੀ ਬਿਰਤਾਂਤ ਦਾ ਸੰਕਟ**

**ਗੋਸ਼ਟੀਕਾਰ : ਡਾ. ਮਹਿਲ ਸਿੰਘ, ਡਾ. ਆਤਮ ਸਿੰਘ ਰੰਧਾਵਾ, ਡਾ. ਹੀਰਾ ਸਿੰਘ, ਅਰਵਿੰਦਰ ਕੌਰ ਧਾਲੀਵਾਲ, ਸੂਤਰਧਾਰ : ਭਗਵੰਤ ਰਸੂਲਪੁਰੀ** 5

## ਕਹਾਣੀਆਂ

1. ਮੀਂਹ ਲੱਥਾ / **ਗਰੇਸ ਏ ਔਗੋਤ** 31

2. ਜਗਿਆਸਾ / **ਜਗਜੀਤ ਬਰਾੜ** 40

3. ਮੇਰਾ ਆਪਣਾ ਘਰ / **ਪ੍ਰੇਮ ਮਾਨ** 44

4. ਮੌਮ, ਮੇਰਾ ਯਕੀਨ ਕਰੋ/ **ਰਘਬੀਰ ਸਿੰਘ ਮਾਨ** 58

5. ਰਾਬਤਾ / **ਚਰਨਜੀਤ ਸਿੰਘ ਪੰਨੂ** 75

6. ਉਹੀ ਅੰਜਨਾ ! / **ਦੀਪਤੀ ਬਬੂਟਾ** 93

7. ਬੇੜੀ ਦਾ ਮੇਲਾ / **ਹਰਕੀਰਤ ਕੌਰ ਚਹਿਲ** 111

8. ਭਰਮਜਾਲ਼ / **ਵਿਪਨ ਗਿੱਲ** 118

9. ਓਪਨ ਮੈਰਿਜ / **ਲਖਵਿੰਦਰ ਵਿਰਕ** 130

## ਸ਼ਬਦ ਚਿੱਤਰ


ਕੰਵਲ ਨੀ ਕਿਸੇ ਨੇ ਬਣ ਜਾਣਾ

**ਬੂਟਾ ਸਿੰਘ ਚੌਹਾਨ** 139




## ਆਲੋਚਨਾ





1. ਸਮਕਾਲ ਨੂੰ ਨਸ਼ਰ ਕਰਦਾ ਕਥਾ-ਬਿਰਤਾਂਤ: ਡਲਿਵਰੀ ਮੈਨ

**ਡਾ. ਗੁਰਮੇਲ ਸਿੰਘ** 147

2. ਪ੍ਰਤੀਕਾਤਮਕ ਪੜ੍ਹਤ: ਮੋਰ ਪੈਲ਼ ਕਿਉਂ ਨਹੀਂ ਪਾਉਂਦੇ

**ਡਾ. ਸੰਦੀਪ ਰਾਣਾ** 157

3. ਉਤਮ ਵਾਰਤਕ ਦਾ ਨਮੂਨਾ: ਨਿੱਕੀਆਂ-ਵੱਡੀਆਂ ਗੱਲਾਂ

**ਡਾ. ਸੁਖਪਾਲ ਕੌਰ ਸਮਰਾਲਾ** 159

4. ਦਲਿਤ ਔਰਤ ਦੇ ਨਾਇਕਤਵ ਦਾ ਬਿਰਤਾਂਤ : ਧਰਤ ਵਿਹੂਣੇ

**ਡਾ. ਕੁਲਵਿੰਦਰ ਸਿੰਘ** 162

5. ਕਿਰਦਾਰਾਂ ਦੇ ਅਨਿਸ਼ਚਿਤ ਭਵਿੱਖ ਦੀ ਦਾਸਤਾਨ: 'ਗੁੰਮਰਾਹ'

**ਡਾ. ਸੰਦੀਪ ਰਾਣਾ** 165

6. ਮਨੁੱਖ ਤੇ ਘਰ ਦੇ ਰਿਸ਼ਤੇ ਦੀਆਂ ਕਹਾਣੀਆਂ: ਨਗੰਦੇ

**ਨਿਰੰਜਣ ਬੋਹਾ** 171

7. ਨਾਵਲ ਦੀਆਂ ਬਹੁ-ਪਾਸਾਰੀ ਪਰਤਾਂ: 'ਮੁਹੱਬਤ ਵੇਲ਼ਾ'

**ਸੰਦੀਪ ਕੌਰ** 175


## ਸੰਵਾਦ


ਕਹਾਣੀਆਂ ਦੀ ਪੜ੍ਹਤ / **ਬਲਵੀਰ ਕੌਰ ਰੀਹਲ** 178


## ਮੇਰਾ ਸਟੱਡੀ ਟੇਬਲ


**ਭਗਵੰਤ ਰਸੂਲਪੁਰੀ** 181

ਸੰਪਾਦਕੀ

## ਸਾਹਿਤ ਕਲਾ, ਨਾਟ ਕਲਾ ਤੇ ਸੰਗੀਤ ਕਲਾ

ਸਾਹਿਤ ਕਲਾ, ਨਾਟ ਕਲਾ ਤੇ ਸੰਗੀਤ ਨਾਲ ਜੁੜੇ ਕਲਾਕਾਰਾਂ ਦਾ ਸਮਾਜ ਦੀ ਅਗਵਾਈ ਕਰਨ 'ਚ ਆਪਣਾ ਨਿੱਗਰ ਰੋਲ ਹੁੰਦਾ ਏ। ਸਾਹਿਤਕਾਰ, ਕਲਾਕਾਰ ਤੇ ਸੰਗੀਤਕਾਰ ਆਪਣੀ-ਆਪਣੀ ਵਿਧਾ 'ਚ ਸਿਰਜਣਾ ਕਰਦੇ ਰਹਿੰਦੇ ਨੇ। ਜਿਨ੍ਹਾਂ ਰਾਹੀਂ ਸਮਾਜ ਨੇ ਆਪਣੇ ਆਪ ਨੂੰ ਸਮਝਣਾ ਹੁੰਦਾ ਏ। ਲੋਕਾਂ/ਪਾਠਕਾਂ/ਸਰੋਤਿਆਂ/ਦਰਸ਼ਕਾਂ ਨੇ ਕਲਾ ਦੇ ਵੱਖ-ਵੱਖ ਮਧਿਆਮਾ ਨੂੰ ਵੇਖ-ਪੜ੍ਹ ਕੇ ਆਪਣੇ ਆਪ ਨੂੰ, ਸਮਾਜ ਨੂੰ, ਸਮਾਜਿਕ ਬਣਤਰ ਨੂੰ ਅਤੇ ਸਮਾਜ ਦੇ ਲੁਕਵੇ ਤੱਥਾਂ ਨੂੰ ਵੇਖਣਾ, ਸਮਝਣਾ ਹੁੰਦਾ ਏ।

ਸਾਹਿਤਕਾਰਾਂ ਤੇ ਕਲਾਕਾਰ ਦਾ ਇਕ ਆਪਣਾ ਭਾਈਚਾਰਾ ਵੀ ਹੁੰਦਾ ਏ। ਉਹ ਆਪਸੀ ਡਾਇਲਾਗ ਤੋਰਨ, ਕਲਾ ਤੇ ਸਾਹਿਤ ਨੂੰ ਸਮਝਣ/ਸਮਝਾਉਣ ਲਈ, ਆਪਣੀ ਕਲਾ ਦਾ ਪ੍ਰਚਾਰ/ਪਰਸਾਰ ਕਰਨ ਲਈ ਇਕੱਠੇ ਹੁੰਦੇ ਰਹਿੰਦੇ ਨੇ। ਇਹ ਇਕੱਠ ਬਾਅਦ 'ਚ ਜੱਥੇਬੰਦੀਆਂ ਜਾਂ ਸੰਸਥਾਵਾਂ ਦਾ ਰੂਪ ਧਾਰਨ ਕਰ ਲੈਂਦੇ ਨੇ।

ਪੰਜਾਬੀ ਸਾਹਿਤ ਤੇ ਕਲਾ ਲਈ ਕੰਮ ਕਰਦੀਆਂ ਸੰਸਥਾਵਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਏ। ਇਕ ਸਰਕਾਰੀ ਸੰਸਥਾਵਾਂ ਹਨ ਦੂਜੀਆਂ ਨਿੱਜੀ ਜਥੇਬੰਦੀਆਂ ਹਨ। ਪੰਜਾਬੀ ਸਾਹਿਤ, ਕਲਾ ਤੇ ਸਭਿਆਚਾਰ ਦੀ ਤਰੱਕੀ ਲਈ 'ਭਾਸ਼ਾ ਵਿਭਾਗ ਪੰਜਾਬ' ਅਤੇ 'ਪੰਜਾਬ ਕਲਾ ਪਰਿਸ਼ਦ ਚੰਡੀਗੜ੍ਹ' ਹੋਂਦ 'ਚ ਆਉਂਦੀਆਂ ਨੇ। ਨਿੱਜੀ ਸੰਸਥਾਵਾਂ 'ਚ ਮੋਹਰੀ ਭੂਮਿਕਾ ਨਿਭਾਉਣ ਵਾਲੀ 'ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ' ਅਤੇ 'ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.)' ਦੋ ਪ੍ਰਮੁੱਖ ਸਾਹਿਤਕਾਰਾਂ ਦੀਆਂ ਸੰਸਥਾਵਾਂ ਹਨ। ਕੇਂਦਰੀ ਤੋਂ ਵੱਖ ਹੋਈ ਸੇਖੋਂ ਵਾਲੀ ਲੇਖਕ ਸਭਾ ਦਾ ਵੀ ਨਾਂ ਲਿਆ ਜਾ ਸਕਦਾ ਏ।

'ਭਾਸ਼ਾ ਵਿਭਾਗ ਪੰਜਾਬ' ਅਤੇ 'ਪੰਜਾਬ ਕਲਾ ਪਰਿਸ਼ਦ' ਦੋ ਅਦਾਰੇ ਪੰਜਾਬ ਸਰਕਾਰ ਦੇ ਫੰਡਾ ਨਾਲ ਆਪਣੇ ਕਾਰਜ ਕਰਦੇ ਨੇ, ਜਿਸ ਕਰਕੇ ਇਹ ਸੰਸਥਾਵਾਂ ਸਾਹਿਤਕਾਰਾਂ ਤੇ ਕਲਾਕਾਰਾਂ ਨੂੰ ਖਿੱਚਦੀਆਂ ਰਹੀਆਂ ਨੇ। ਭਾਵੇਂ ਕਿ ਕੇਂਦਰੀ ਸਭਾ ਤੇ ਲੁਧਿਆਣੇ ਵਾਲੀ ਅਕਾਡਮੀ ਨੂੰ ਚਲਾਉਣ ਤੇ ਅਹੁੱਦਿਆਂ ਤੇ ਪਹੁੰਚਣ ਲਈ ਲੇਖਕਾਂ ਨੂੰ ਵੋਟ ਵਿਧੀ ਨਾਲ ਚੋਣ ਪ੍ਰਨਾਲੀ 'ਚੋਂ ਲੰਘਣਾ ਪੈਂਦਾ ਏ।

ਇਹ ਚਾਰੇ ਵੱਡੇ ਕੱਦ ਵਾਲੀਆਂ ਸੰਸਥਾਵਾਂ ਆਪਣੀ ਆਪਣੀ ਤਰ੍ਹਾਂ ਨਾਲ ਕਾਰਜ ਕਰਦੀਆਂ ਰਹਿੰਦੀਆਂ ਨੇ। ਪੰਜਾਬੀ ਅਕਾਡਮੀ ਲੁਧਿਆਣਾ ਬਹੁਤ ਸਾਰੇ ਅਕੈਡਮਕ ਕਾਰਜ ਕਰਨ 'ਚ ਹਮੇਸ਼ਾ ਮੋਹਰੀ ਭੂਮਿਕਾ ਨਿਭਾਉਂਦੀ ਆ ਰਹੀ ਏ। ਇਹ ਸੰਸਥਾਂ ਲੇਖਕਾਂ ਦਾ ਸਨਮਾਨ ਵੀ ਕਰਦੀ ਏ। ਇਕ ਤਰ੍ਹਾਂ ਨਾਲ ਦੋਵੇਂ ਆਪਣੀ-ਆਪਣੀ ਥਾਂ ਕੰਮ ਕਰਕੇ ਇਹ ਕਲਾ ਦੀ ਲਹਿਰ ਉਸਾਰਨ 'ਚ ਆਪਣਾ ਯੋਗਦਾਨ ਪਾਉਂਦੀਆਂ ਰਹਿੰਦੀਆਂ ਨੇ।

'ਭਾਸ਼ਾ ਵਿਭਾਗ ਪੰਜਾਬ' ਅਤੇ 'ਪੰਜਾਬ ਕਲਾ ਪਰਿਸ਼ਦ' ਕੋਲ ਬਹੁਤ ਵੱਡਾ ਸਰਕਾਰੀ ਬਜਟ ਹੁੰਦਾ ਏ। ਜਿਸ ਕਾਰਨ ਉਨ੍ਹਾਂ ਵੱਲ ਹਰ ਲੇਖਕ ਤੇ ਕਲਾਕਾਰ ਵੇਖਦਾ ਏ। ਪਿਛਲੇ ਦਿਨਾਂ 'ਚ ਭਾਸ਼ਾ ਵਿਭਾਗ ਪੰਜਾਬ ਦੇ ਨਵੇਂ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਅਤੇ

ਪੰਜਾਬ ਆਰਟਸ ਕੌਂਸਲ ਦੇ ਚੇਅਰਮੈਨ ਸਵਰਨਜੀਤ ਸਵੀ ਦੇ ਨਿਯੁਕਤ ਹੋਣ ਤੇ ਪੰਜਾਬੀ ਅਦਬ ਨਾਲ ਜੁੜੇ ਹਰ ਸਾਹਿਤਕਾਰ ਤੇ ਕਲਾਕਾਰ ਨੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਕਿ ਇਨ੍ਹਾਂ ਦੋ ਵੱਕਾਰੀ ਆਹੁਦਿਆਂ ਉੱਤੇ ਲਗਾਈਆਂ ਦੋਵੇਂ ਸ਼ਖ਼ਸੀਅਤਾਂ ’ਚ ਕੰਮ ਕਰਨ ਦੀ ਅਥਾਹ ਸਮਰੱਥਾ ਏ।

ਪਿੱਛੇ ਜਿਹੇ ਪੰਜਾਬ ਕਲਾ ਪਰਿਸ਼ਦ ਅਧੀਨ ਚੱਲ ਰਹੀਆਂ ਤਿੰਨ ਅਕਾਦਮੀਆਂ ਦੇ ਅਹੁਦੇਦਾਰ ਵੀ ਨਿਯੁਕਤ ਹੋਏ ਨੇ। ਤੁਹਾਨੂੰ ਪਤਾ ਹੀ ਏ ਕਿ ‘ਪੰਜਾਬ ਕਲਾ ਪਰਿਸ਼ਦ’ ਹੇਠ ‘ਪੰਜਾਬ ਸੰਗੀਤ-ਨਾਟਕ ਅਕਾਦਮੀ’, ‘ਪੰਜਾਬ ਸਾਹਿਤ ਅਕਾਦਮੀ’, ‘ਪੰਜਾਬ ਲਲਿਤ ਕਲਾ ਅਕਾਦਮੀ’ ਚੱਲਦੀਆਂ ਨੇ ਤੇ ਇਸ ਵਾਰ ‘ਪੰਜਾਬ ਡਿਜੀਟਲ ਆਰਟਸ ਤੇ ਸਿਨੇਮਾ ਅਕਾਦਮੀ’ ਚੌਥੀ ਨਵੀਂ ਅਕਾਦਮੀ ਵੀ ਬਣਾਈ ਗਈ ਏ।

ਇਨ੍ਹਾਂ ਅਕਾਦਮੀਆਂ ਦੇ ਅਹੁਦੇਦਾਰ ਆਪਣੇ-ਆਪਣੇ ਖੇਤਰ ਵਿੱਚ ਮਾਹਰ ਨੇ ਤੇ ਉਨ੍ਹਾਂ ਦੇ ਸਾਹਿਤਕ ਜਥੇਬੰਦੀਆਂ ਚਲਾਉਣ ਦੇ ਆਪਣੇ ਤਜ਼ਰਬੇ ਨੇ। ਡਾ. ਰਵੇਲ ਸਿੰਘ ਹੁਰਾਂ ਕੋਲ ਭਾਰਤੀ ਸਾਹਿਤ ਅਕੈਡਮੀ ਨਵੀਂ ਦਿੱਲੀ ਦੇ ਪੰਜਾਬੀ ਭਾਸ਼ਾ ਲਈ ਬਣਾਏ ਗਏ ਸਲਾਹਕਾਰ ਬੋਰਡ ਦੇ ਕਨਵੀਨਰ ਦੀ ਜ਼ਿੰਮੇਵਾਰੀ ਵੀ ਏ। ਪੰਜਾਬੀ ਭਾਸ਼ਾ ਨਾਲ ਜੁੜੇ ਸਾਹਿਤਕਾਰ, ਬੁੱਧੀਜੀਵੀ, ਕਲਾਕਾਰ-ਨਾਟਕਕਾਰ, ਸੰਗੀਤਕਾਰ, ਚਿੱਤਰਕਾਰ, ਬੁੱਤ ਘਾੜੇ, ਭਾਸ਼ਾ ਮਹਿਰ ਅਤੇ ਸਾਹਿਤਕ ਪਰਚਿਆਂ ਦੇ ਸੰਪਾਦਕ ਨਵੀਂ ਟੀਮ ਵੱਲ ਬੜੀ ਆਸ ਭਰੀਆਂ ਨਜ਼ਰਾਂ ਨਾਲ ਵੇਖ ਰਹੇ ਨੇ।

ਭਾਸ਼ਾ ਵਿਭਾਗ ਪੰਜਾਬ ਨੇ ਆਪਣੀਆਂ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਨੇ। ਨਵੇਂ ਡਾਇਰੈਕਟ ਜਸਵੰਤ ਸਿੰਘ ਜ਼ਫ਼ਰ ਹੁਰਾਂ ਕੁਝ ਨਵੇਂ ਪ੍ਰੋਗਰਾਮ ਉਲੀਕੇ ਨੇ। ਵਿਭਾਗ ਉੱਤੇ ਰੁਕੇ ਹੋਏ ਇਨਾਮਾਂ ਨੂੰ ਦੇਣ ਅਤੇ ਭਵਿੱਖ ’ਚ ਦਿੱਤੇ ਜਾਣ ਵਾਲੇ ਇਨਾਮਾਂ ਨੂੰ ਦੇਣ ਆਦਿ ਦਾ ਬਹੁਤ ਵੱਡਾ ਮਸਲਾ ਏ। ਇਸ ਮਸਲੇ ਦਾ ਹੱਲ ਜਲਦੀ ਨਿਕਲ ਆਵੇ ਤਾਂ ਸਭ ਦਾ ‘ਭਲਾ’ ਏ। ਪੰਜਾਬ ਕਲਾ ਪਰਿਸ਼ਦ ਤੇ ਉਸ ਅਧੀਨ ਚੱਲਣ ਵਾਲੀਆਂ ਅਕਾਦਮੀਆਂ ਨੇ ਅਜੇ ਆਪਣੇ ਪ੍ਰੋਗਰਾਮ ਉਲੀਕਣੇ ਨੇ।

ਸਾਹਿਤਕਾਰਾਂ, ਕਲਾਕਾਰਾਂ ਤੇ ਸਾਹਿਤਕ ਪਰਚਿਆਂ ਦੇ ਸੰਪਾਦਕਾਂ ਨੂੰ ਆਸ ਏ ਕਿ ਮੁੜ ਤੋਂ ਪੰਜਾਬ ’ਚ ਕਲਾ ਤੇ ਸਾਹਿਤ ਦੀ ਗੱਲ ਤੁਰ ਪਵੇਗੀ। ਏਸ ਸਮੇਂ ’ਚ ਅਦਬ ਨਾਲ ਜੁੜਿਆ ਹਰ ਬੰਦਾ ਆਪਣੀ ਸਪੇਸ ਦੀ ਭਾਲ ਕਰੇਗਾ। ਹਰ ਯੋਗ ਸਾਹਿਤਕਾਰ ਨੂੰ ਸਟੇਜ ’ਤੇ ਜਾਣ ਦਾ ਮੌਕਾ ਮਿਲੇ।

ਸਰਕਾਰੀ ਅਤੇ ਗ਼ੈਰ ਸਰਕਾਰੀ ਸਾਹਿਤਕ ਅਦਾਰਿਆਂ ਨਾਲ ਜੁੜੇ ਅਹੁਦੇਦਾਰਾਂ ਤੋਂ ਅਸੀਂ ਆਸ ਕਰਦੇ ਹਾਂ ਕਿ ਉਹ ਹਰ ਕਲਾਕਾਰ ਤੇ ਸਾਹਿਤਕਾਰ ਨੂੰ ਉਸ ਦੀ ਬਣਦੀ ਸਪੇਸ ਦੇਣ ਦੀ ਕੋਸ਼ਿਸ਼ ਕਰਨ। ਅਦਾਰਾ ‘ਕਹਾਣੀ ਧਾਰਾ’ ਜਸਵੰਤ ਜ਼ਫ਼ਰ, ਸਵਰਨਜੀਤ ਸਵੀ, ਡਾ. ਰਵੇਲ ਸਿੰਘ, ਡਾ. ਯੋਗਰਾਜ ਅੰਗਰਿਸ਼, ਅਸ਼ਵਨੀ ਚੈਟਲੇ, ਡਾ. ਆਤਮ ਸਿੰਘ ਰੰਧਾਵਾ, ਹਰਜੀਤ ਸਿੰਘ, ਗੁਰਦੀਪ ਧੀਮਾਨ, ਡਾ. ਪ੍ਰਵੀਨ ਕੁਮਾਰ, ਡਾ. ਸਰਬਜੀਤ ਸਿੰਘ, ਡਾ. ਗੁਲਜ਼ਾਰ ਪੰਧੇਰ ਤੋਂ ਆਸ ਕਰਦਾ ਏ ਕਿ ਸਾਰੇ ਬੜੀ ਸੁਹਿਰਦਤਾ ਨਾਲ ਸਾਹਿਤ ਤੇ ਕਲਾ ਦੇ ਖੇਤਰ ਵਿੱਚ ਆਪਣਾ ਕਾਰਜ ਕਰਦੇ ਰਹਿਣਗੇ।

**- ਭਗਵੰਤ ਰਸੂਲਪੁਰੀ**

# ਕਹਾਣੀ ਬਿਰਤਾਂਤ ਦਾ ਸੰਕਟ



ਡਾ. ਮਹਿਲ ਸਿੰਘ, ਡਾ. ਆਤਮ ਰੰਧਾਵਾ, ਡਾ. ਹੀਰਾ ਸਿੰਘ, ਅਰਵਿੰਦਰ ਧਾਲੀਵਾਲ, ਭਗਵੰਤ ਰਸੂਲਪੁਰੀ

*(‘ਕਹਾਣੀ ਧਾਰਾ ’ ਦੇ ਹੱਥਲੇ ਅੰਕ ਵਿੱਚ ‘ਕਹਾਣੀ ਬਿਰਤਾਂਤ ਦਾ ਸੰਕਟ’ ਵਿਸ਼ੇ ’ਤੇ ਗੋਸ਼ਟੀ ਕਰਨ ਉਪਰੰਤ ਇਸ ਦੀ ਸਕ੍ਰਿਪਟ ਬਣਾ ਕੇ ਛਾਪੀ ਜਾ ਰਹੀ ਏ ਤਾਂ ਕਿ ਇਸ ਗੰਭੀਰ ਮੁੱਦੇ ਉੱਤੇ ਅਸੀਂ-ਤੁਸੀਂ ਗੰਭੀਰਤਾ ਨਾਲ ਵਿਚਾਰ ਕਰ ਸਕੀਏ। ਸਾਡੇ ਵਿੱਚ ਗੋਸ਼ਟੀ ਦੀ ਪ੍ਰੰਪਰਾ ਦਿਨੋਂ ਦਿਨ ਘਟਦੀ ਜਾ ਰਹੀ ਏ ਸੋਸ਼ਲ ਮੀਡੀਏ ਤੇ ਉਲਾਰ ਕਿਸਮ ਦੀ ਚੁੰਝ ਚਰਚਾ ਜੋਗੇ ਹੀ ਸਾਡੇ ਸਾਹਿਤਕਾਰ ਤੇ ਵਿਦਵਾਨ ਰਹਿ ਗਏ ਨੇ ਪਰ ਅਸੀਂ ਭਵਿੱਖ ਵਿੱਚ ਵੀ ਇਹ ਪ੍ਰੰਪਰਾ ਜਾਰੀ ਰੱਖਾਗੇ। ਪ੍ਰਸਿੱਧ ਵਿਦਵਾਨ ਤੇ ਚਿੰਤਕ ਡਾ. ਮਹਿਲ ਸਿੰਘ, ਡਾ. ਆਤਮ ਸਿੰਘ ਰੰਧਾਵਾ, ਡਾ. ਹੀਰਾ ਸਿੰਘ , ਕਹਾਣੀਕਾਰ ਅਰਵਿੰਦਰ ਕੌਰ ਧਾਲੀਵਾਲ ਤੇ ਸੂਤਰਧਾਰ ਮੈਂ ਜਾਣੀ ਕਿ ਭਗਵੰਤ ਰਸੂਲਪੁਰੀ ਅਸੀਂ ਰਲ਼ ਕੇ ਇਸ ਮਸਲੇ ਤੇ ਗੋਸ਼ਟੀ ਕੀਤੀ। ਕਹਾਣੀ ਦੇ ਨਾਲ ਨਾਲ ਪੰਜਾਬੀ ਨਾਵਲ ਬਿਰਤਾਂਤ ਦੇ ਸੰਕਟ ਉੱਤੇ ਵੀ ਚਰਚਾ ਕੀਤੀ ਗਈ। ਇਹ ਗੋਸ਼ਟੀ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਮਿਤੀ 19 ਸਤੰਬਰ, 2024 ਨੂੰ ਕੀਤੀ ਗਈ। -ਸੰਪਾਦਕ)*

**ਭਗਵੰਤ ਰਸੂਲਪੁਰੀ :** ਜਿਵੇਂ ਤੁਹਾਨੂੰ ਪਤਾ ਹੀ ਹੈ ਕਿ ‘ਕਹਾਣੀ ਧਾਰਾ’ ਦੇ ਹਰ ਅੰਕ ਵਿੱਚ ਅਸੀਂ ਗੋਸ਼ਟੀ ਕਾਲਮ ’ਚ ਕਿਸੇ ਇਕ ਵਿਸ਼ੇ ’ਤੇ ਗੋਸ਼ਟੀ ਕਰਦੇ ਹੁੰਦੇ ਹਾਂ। ਪਿਛਲੀ ਵਾਰ ‘ਆਲੋਚਨਾ ਦੇ ਸੰਕਟ’ ’ਤੇ ਗੋਸ਼ਟੀ ਛਾਪੀ ਗਈ ਗਈ ਸੀ। ਇਸ ਵਾਰ ‘ਕਹਾਣੀ ਬਿਰਤਾਂਤ ਦਾ ਸੰਕਟ’ ਉੱਤੇ ਆਪਾਂ ਸਭ ਨੇ ਗੋਸ਼ਟੀ ਕਰਨੀ ਏ। ਇਕ ਕਹਾਣੀਕਾਰ ਆਪਣੀ ਕਹਾਣੀ ਵਿਚ ਕਿਸ ਤਰ੍ਹਾਂ ਨਾਲ ਬਿਰਤਾਂਤ ਉਸਾਰਦਾ ਏ। ਉਹ ਬਿਰਤਾਂਤ ਸਮਾਜ ਵਿੱਚ ਕਿਸ ਤਰ੍ਹਾਂ ਪਿਆ ਹੁੰਦਾ ਏ। ਉਹ ਕਹਾਣੀ ਵਿੱਚ ਸਮਾਜ ਦਾ ਬਿਰਤਾਂਤ ਚੁੱਕ ਕੇ ਕਿਵੇਂ ਪੇਸ਼ ਕਰਦਾ ਏ। ਕਲਪਨਾ ਨਾਲ ਕਿਵੇਂ ਉਹ ਬਿਰਤਾਂਤ ਸਿਰਜਦਾ ਏ। ਉਹਦੇ ’ਚ ਯਥਾਰਥ ਕਿੰਨਾ ਕੁ ਹੁੰਦਾ ਏ ਅਤੇ ਕਲਪਨਾ ਕਿੰਨੀ ਕੁ ਹੁੰਦੀ ਏ। ਸਮੇਂ ਸਮੇਂ ਚੱਲੀਆਂ ਲਹਿਰਾਂ ਕਿਵੇਂ ਸਮਾਜ ਦਾ ਬਿਰਤਾਂਤ ਸਿਰਜਦੀਆਂ ਨੇ ਤੇ ਕਿਵੇਂ ਉਹੀ ਬਿਰਤਾਂਤ ਕਹਾਣੀਕਾਰ ਆਪਣੀ ਕਹਾਣੀ ਵਿੱਚ ਪੇਸ਼ ਕਰਦਾ ਏ। ਗੋਸ਼ਟੀ ’ਚ ਨੁਕਤੇ ਸਾਂਝੇ ਕਰਨ ਦੀ ਹਰ ਇਕ ਨੂੰ ਪੂਰੀ ਖੁੱਲ੍ਹ ਏ, ਮੈਂ ਤਾਂ ਸੂਤਰਧਾਰ ਦਾ ਕੰਮ ਕਰਨਾ ਏ। ਜਦੋਂ ਵੀ ਕਿਸੇ ਦੇ ਮਨ ਵਿੱਚ ਕੋਈ ਨੁਕਤਾ ਜਾਂ ਗੱਲ ਔਹੜਦੀ ਏ ਤਾਂ ਉਹ ਬੋਲ ਸਕਦਾ ਏ। ਗੋਸ਼ਟੀ ਦਾ ਆਰੰਭ ਮੈਂ ਡਾ. ਆਤਮ ਸਿੰਘ ਰੰਧਾਵਾ ਹੁਰਾਂ ਕੋਲੋਂ ਕਰਨਾ ਚਾਹੁੰਦਾ ਹਾਂ। ਜਦੋਂ ਮੈਂ

'ਸੰਵਾਦ' ਦਾ ਅੰਕ 'ਬਿਰਤਾਂਤ ਦੀ ਜੰਗ' ਪੜ੍ਹਿਆ ਤਾਂ ਮੈਂ ਕਹਾਣੀ ਜਾਂ ਨਾਵਲ ਦੇ ਬਿਰਤਾਂਤ ਬਾਰੇ ਸੋਚਣ ਲੱਗ ਪਿਆ। ਮੈਨੂੰ ਲੱਗਣ ਲੱਗ ਪਿਆ ਕਿ ਇਕ ਕਹਾਣੀਕਾਰ ਜਾਂ ਨਾਵਲਕਾਰ ਕੋਲ ਵੀ ਬਿਰਤਾਂਤ ਦਾ ਸੰਕਟ ਆ ਜਾਂਦਾ ਏ। ਮੇਰੇ ਮਨ ਵਿੱਚ ਬਹੁਤ ਚਰਚਿਤ ਕਹਾਣੀਆਂ ਦਾ ਬਿਰਤਾਂਤ ਚੇਤੇ ਆਉਣ ਲੱਗ ਪਿਆ ਅਤੇ ਕੁਝ ਬਹੁਤ ਹੀ ਸਧਾਰਨ ਪੱਧਰ ਦੀਆਂ ਕਹਾਣੀਆਂ ਦਾ ਬਿਰਤਾਂਤ ਚੇਤੇ ਆਉਣ ਲੱਗ ਪਿਆ, ਜਿਨ੍ਹਾਂ ਨੂੰ ਅਸੀਂ ਭੁੱਲ ਚੁੱਕੇ ਹਾਂ। ਜਿਨ੍ਹਾਂ ਦੀ ਅਸੀਂ ਗੱਲ ਹੀ ਨਹੀਂ ਕਰਦੇ। ਮੈਨੂੰ ਲੱਗਾ ਕਿ ਇਹਦਾ ਕਾਰਨ ਇਕ ਲੇਖਕ ਵੱਲੋਂ ਪੇਸ਼ ਕੀਤਾ ਗਿਆ ਬਿਰਤਾਂਤ ਹੀ ਹੁੰਦਾ ਏ। ਇਹ ਬਿਰਤਾਂਤ ਬਣਦਾ ਕਿਵੇਂ ਆ? ਡਾ. ਰੰਧਾਵਾ ਜੀ ਮੈਂ ਤੁਹਾਡੇ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਹਾਣੀ ਜਾਂ ਨਾਵਲ ਦੇ ਬਿਰਤਾਂਤ ਦੀ ਸਿਧਾਂਤਕੀ ਕਿਸ ਤਰ੍ਹਾਂ ਦੀ ਰਹੀ ਏ? ਕਹਾਣੀ-ਨਾਵਲ ਦੀ ਜੋ ਸ਼ੈਲੀ ਹੁੰਦੀ ਏ, ਉਹਦੇ ਚਿਹਨ ਹੁੰਦੇ ਨੇ, ਜਾਂ ਪਾਤਰ ਹੁੰਦੇ ਨੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਮਿਲਾ ਕੇ ਰਚਨਾ ਦਾ ਬਿਰਤਾਂਤ ਬਣਦਾ ਏ? ਬਿਰਤਾਂਤ ਆਪਾਂ ਕਿਸ ਨੂੰ ਕਹਾਂਗੇ? ਇਕ ਸਮਾਜ ਦਾ ਬਿਰਤਾਂਤ ਏ। ਦੂਜਾ ਕਹਾਣੀਕਾਰ ਦਾ ਆਪਣੀ ਕਲਪਨਾ ਤੇ ਯਥਾਰਥ ਨਾਲ ਉਸਾਰਿਆ ਬਿਰਤਾਂਤ ਏ।

**ਡਾ. ਆਤਮ ਰੰਧਾਵਾ :** ਵੇਖੋ ਜਿਹੜੀ ਮਨੁੱਖ ਦੀ ਜ਼ਿੰਦਗੀ ਏ। ਸਮਾਜ ਵਿੱਚ ਜਿਹੜੀਆਂ ਘਟਨਾਵਾਂ ਵਾਪਰਦੀਆਂ ਨੇ। ਸਮਾਜ ਜਿਵੇਂ-ਜਿਵੇਂ ਵਿਕਾਸ ਕਰਦਾ ਏ। ਕਈ ਤਰ੍ਹਾਂ ਦੀ ਸਮਾਜ ਵਿੱਚ ਉਥਲ-ਪੁੱਥਲ ਹੁੰਦੀ ਏ। ਉਸ ਵਿੱਚ ਜਿਹੜੇ ਲੋਕ ਵਿਚਰਦੇ ਹਨ। ਹਰ ਬੰਦੇ ਦਾ ਇਕ ਇਤਿਹਾਸ ਚੱਲੀ ਜਾਂਦਾ ਏ। ਇਕ ਤਾਂ ਲੇਖਕ ਕੋਲ ਇਹ ਸਮਾਜਿਕ ਯਥਾਰਥ ਏ। ਜਿਹੜਾ ਲੇਖਕ ਹੈ ਜਾਂ ਸਿਰਜਣਾਤਮਿਕ ਗਲਪਕਾਰ ਏ ਉਹ ਸਮਾਜਿਕ ਇਤਿਹਾਸ ਨੂੰ ਜਾਂ ਸਮਾਜਿਕ ਯਥਾਰਥ ਨੂੰ ਜਦੋਂ ਆਪਣੇ ਕਰੀਏਟਿਵ ਪ੍ਰੋਸਿਸ 'ਚ ਢਾਲ਼ ਕੇ, ਜਿਨ੍ਹੀਆਂ ਵੀ ਸਮਾਜ ਵਿੱਚ ਘਟਨਾਵਾਂ ਵਾਪਰਦੀਆਂ ਨੇ... ਉਨ੍ਹਾਂ ਸਾਰੀਆਂ ਨੂੰ ਆਪਣੀ ਕਲਪਨਾ ਨਾਲ, ਆਪਣੀ ਬੌਧਿਕ ਸਮਰੱਥਾ ਨਾਲ ਤੋੜ ਮਰੋੜ ਕੇ, ਯਥਾਰਥ ਤੇ ਕਲਪਨਾ ਦਾ ਸੁਮੇਲ ਕਰਕੇ, ਘਟਨਾਵਾਂ ਦੀ ਤਰਤੀਬ ਬਣਾ ਕੇ ਕੋਈ ਕਹਾਣੀ ਜਾਂ ਨਾਵਲ ਸਿਰਜਦਾ ਏ। ਉਹਨੂੰ ਰੌਚਿਕ ਬਣਾਉਣ ਲਈ ਕਈ ਤਰ੍ਹਾਂ ਦੇ ਚਿਹਨ, ਕਥਨ, ਮੁਹਾਵਰੇ, ਮਿੱਥਕ ਹਵਾਲੇ, ਇਤਿਹਾਸ ਦੇ ਹਵਾਲੇ ਆਦਿ ਵਰਤਦਾ ਏ...ਤੱਥ ਤੇ ਮਿੱਥ ਰਾਹੀ ਕੁਝ ਲੁਕਾਉਂਦਾ ਤੇ ਕੁਝ ਵਧਾ ਚੜ੍ਹਾ ਕੇ ਦੱਸਦਾ ਏ...ਇਸ ਸਾਰੇ ਕੁਝ ਨੂੰ ਆਪਣੀ ਸਮਰੱਥਾ ਨਾਲ ਗੁੰਨ ਕੇ, ਜਿਹੜੀ ਰਚਨਾ ਤਿਆਰ ਕਰਦਾ ਏ ਜਿਹਨੂੰ ਉਹ ਕਹਾਣੀ ਜਾਂ ਨਾਵਲ ਦਾ ਨਾਂ ਦੇ ਕੇ ਪਾਠਕਾਂ ਨੂੰ ਪੜ੍ਹਨ ਨੂੰ ਦਿੰਦਾ ਏ, ਇਸ ਸਾਰੇ ਕੁਝ ਨੂੰ ਅਕੈਡਮਿਕ ਤੌਰ ਤੇ ਅਸੀਂ ਕਹਾਣੀ -ਨਾਵਲ ਦਾ ਬਿਰਤਾਂਤ ਸਮਝਦੇ ਹਾਂ।

**ਰਸੂਲਪੁਰੀ :** ਕਹਾਣੀ ਦੇ ਵਿਦਵਾਨ ਕਹਾਣੀ ਦੇ ਜੋ ਜ਼ਰੂਰੀ ਤੱਤ ਗਿਣਾਉਂਦੇ ਨੇ... ਕਹਾਣੀ 'ਚ ਪਾਤਰ ਹੋਣੇ ਚਾਹੀਦੇ ਨੇ, ਘਟਨਾਵਾਂ ਹੋਣੀਆਂ ਚਾਹੀਦੀਆਂ ਨੇ, ਸ਼ੈਲੀ, ਚਿਹਨ ਵਿਗਿਆਨ ਹੋਰ ਜ਼ਰੂਰੀ ਤੱਤ... ਇਸ ਸਾਰੇ ਕੁਝ ਨੂੰ ਆਪਾਂ ਕਹਾਣੀ ਦੇ ਬਿਰਤਾਂਤ ਦਾ ਹਿੱਸਾ ਮੰਨ ਕੇ ਚੱਲੀਏ।

**ਡਾ. ਰੰਧਾਵਾ :** ਬਿਲਕੁਲ! ਉਹ ਬਿਰਤਾਂਤ ਦਾ ਹਿੱਸਾ ਤਾਂ ਹੁੰਦੀਆਂ ਨੇ ਪਰ ਉਹ ਇਕੱਲੀ ਕਹਾਣੀ ਜਾਂ ਨਾਵਲ ਵਿੱਚ ਹੀ ਨਹੀਂ ਹੁੰਦੀਆਂ ਉਹੀ ਕਵਿਤਾ ਵਿੱਚ ਤੱਤ



*ਗੋਸ਼ਟੀ ਦੌਰਾਨ (ਖੱਬੇ ਤੋਂ ਸੱਜੇ) ਡਾ. ਹੀਰਾ ਸਿੰਘ, ਭਗਵੰਤ ਰਸੂਲਪੁਰੀ ,*
*ਡਾ. ਆਤਮ ਸਿੰਘ ਰੰਧਾਵਾ, ਅਰਵਿੰਦਰ ਕੌਰ ਧਾਲੀਵਾਲ ਅਤੇ ਡਾ. ਮਹਿਲ ਸਿੰਘ*

ਆਉਣਗੇ, ਗ਼ਜ਼ਲ ਵਿੱਚ ਤੇ ਨਾਟਕ ਵਿੱਚ ਵੀ ਆਉਣਗੇ। ਜਦੋਂ ਕਵਿਤਾ ਦੀ ਸਿਰਜਣਾ ਹੋਵੇਗੀ ਤਾਂ ਉਹਦੀ ਕਾਵਿ ਭਾਸ਼ਾ ਹੋਵੇਗੀ ਜਦੋਂ ਆਪਾਂ ਕਥਾ ਸਿਰਜਾਗੇ ਤਾਂ ਉਹ ਕਥਾ ਦੀ ਅਲੱਗ ਭਾਸ਼ਾ ਹੋਵੇਗੀ। ਹਰ ਵਿਧਾ ਆਪਣੀ ਭਾਸ਼ਾ ਅਤੇ ਆਪਣਾ ਬਿਰਤਾਂਤ ਆਪ ਨਾਲ ਲੈ ਕੇ ਆਉਂਦੀਆਂ ਨੇ। ਜਦੋਂ ਕੋਈ ਕਵੀ ਇਕ ਦਮ ਕਹਾਣੀ ਜਾਂ ਨਾਵਲ ਲਿਖਣ ਲੱਗ ਪੈਂਦਾ ਤਾਂ ਉਹਨੂੰ ਸਮੱਸਿਆ ਆਉਂਦੀ ਏ। ਕਿਉਂਕਿ ਉਹਦੇ ਕੋਲ ਕਥਾ ਭਾਸ਼ਾ ਨਹੀਂ ਹੁੰਦੀ। ਉਹਦੀ ਕਲਪਨਾ ਦੀ ਉਡਾਰੀ ਥੱਲੇ ਰਹਿ ਜਾਂਦੀ ਏ। ਉਹ ਘਟਨਾਵਾਂ ਨੂੰ ਫ਼ੈਲਾਉਣ ਤੋਂ ਰਹਿ ਜਾਂਦਾ ਏ। ਇਕ ਕਹਾਣੀਕਾਰ ਬਿਰਤਾਂਤ ਸਿਰਜਣ ਲੱਗਾ ਕਹਾਣੀ ਦੀਆਂ ਵੱਖ-ਵੱਖ ਜੁਗਤਾਂ ਵੀ ਨਾਲ ਲੈ ਕੇ ਚੱਲਦਾ ਏ। ਉਪਰੋਕਤ ਸਾਰੀਆਂ ਚੀਜਾਂ ਨੂੰ ਰਲ਼ਾ ਕੇ ਇਕ ਰਚਨਾ ਬਣਾਉਂਦਾ ਏ ਜਿਹਨੂੰ ਆਪਾਂ ਪਾਠ ਜਾਂ ਟੈਕਸਟ ਕਹਿ ਸਕਦੇ ਹਾਂ। ਇਕ ਰਚਨਾ ਸਮਾਜ ਦੇ ਬਹੁਤ ਸਾਰੇ ਬਿਰਤਾਂਤਾਂ ਨੂੰ ਰਲ਼ਾ ਕੇ ਬਣਦੀ ਏ। ਭਾਵੇਂ ਕਿ ਸਮਾਜ ਵਿੱਚ ਤੱਥ ਉਗੜ-ਦੁਗੜੇ ਪਏ ਹੁੰਦੇ ਨੇ ਪਰ ਇਕ ਕਹਾਣੀਕਾਰ ਉਨ੍ਹਾਂ ਤੱਥਾਂ ਨੂੰ ਆਪਣੀ ਕਲਪਨਾ ਸ਼ਕਤੀ ਨਾਲ ਇਕ ਤਰਤੀਬ ਵਿੱਚ ਪੇਸ਼ ਕਰਦਾ ਏ। ਤਾਂ ਹੀ ਕੋਈ ਕਹਾਣੀ ਆਪਣੇ ਵੱਡੇ ਅਰਥ ਸਿਰਜਦੀ ਜਾਂਦੀ ਏ।

**ਰਸੂਲਪੁਰੀ** : ਡਾ. ਮਹਿਲ ਸਿੰਘ ਜੀ... ਤੁਸੀਂ ਮੁੱਢਲੀ ਕਹਾਣੀ ਕਾਫੀ ਪੜ੍ਹੀ ਹੋਈ ਏ ਅਤੇ ਸਮਕਾਲ ਦੀ ਕਹਾਣੀ ਵੀ ਪੜ੍ਹਦੇ ਰਹਿੰਦੇ ਹੋ। ਸਾਡੇ ਕੋਲ ਨਾਨਕ ਸਿੰਘ ਦੀ ਕਹਾਣੀ ਏ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਕਹਾਣੀ ਏ। ਗੁਰਮੁੱਖ ਸਿੰਘ ਮੁਸਾਫ਼ਿਰ ਦੀ ਕਹਾਣੀ ਏ। ਫਿਰ ਅੰਮ੍ਰਿਤਾ-ਅਜੀਤ ਕੌਰ ਆਉਂਦੀਆਂ ਨੇ। ਦੁੱਗਲ, ਧੀਰ, ਸੇਖੋਂ ਹੋਰ ਬਹੁਤ ਸਾਰੇ ਨਾਂ ਲਏ ਜਾ ਸਕਦੇ ਨੇ। ਇਨ੍ਹਾਂ ਦੇ ਸਮੇਂ 1947 ਦਾ ਦੁਖਾਂਤ ਵਾਪਰਦਾ ਏ।

ਉਸ ਤੋਂ ਉਪਰੰਤ ਪ੍ਰਗਤੀਵਾਦ ਦਾ ਦੌਰ ਆਉਂਦਾ ਏ। ਉਸ ਵੇਲੇ ਬਹੁਤ ਸਾਰੀ ਕਹਾਣੀ ਇਕੋ ਕਿਸਮ ਦੀ ਲਿਖੀ ਜਾਂਦੀ ਏ। ...ਨਾਨਕ ਸਿੰਘ ਤੇ ਪ੍ਰੀਤਲੜੀ ਆਪਣੀਆਂ ਕਹਾਣੀਆਂ ਵਿਚ ਜੋ ਬਿਰਤਾਂਤ ਸਿਰਜਦੇ ਨੇ ਉਨ੍ਹਾਂ ਦੀ ਸੁਰ ਸੁਧਾਰਵਾਦੀ ਰਹਿੰਦੀ ਏ, ਉਸ ਤੋਂ ਬਾਅਦ ਪ੍ਰਗਤੀਵਾਦ ਲਹਿਰ ਸਮੇਂ ਜੋ ਕਹਾਣੀਕਾਰ ਉਭਰਦੇ ਨੇ... ਸੁਜਾਨ ਸਿੰਘ, ਸੰਤੋਖ ਸਿੰਘ ਧੀਰ, ਵਰਿਆਮ ਸੰਧੂ, ਪ੍ਰੇਮ ਗੋਰਖੀ, ਰਘੁਬੀਰ ਢੰਡ ਕਿਰਪਾਲ ਕਜ਼ਾਕ ਜਾਂ ਨਛੱਤਰ ਆਦਿ-ਆਦਿ...ਇਨ੍ਹਾਂ ਸਾਰਿਆਂ ਦੀਆਂ ਮੁੱਢਲੀਆਂ ਕਹਾਣੀਆਂ ਦਾ ਬਿਰਤਾਂਤ ਪ੍ਰਗਤੀਵਾਦੀ ਲਹਿਰ ਤੋਂ ਪ੍ਰਭਾਵਿਤ ਲੱਗਦਾ ਮਹਿਸੂਸ ਹੁੰਦਾ ਏ। ਉਹ ਇਸ ਕਿਸਮ ਦਾ ਬਿਰਤਾਂਤ ਸਿਰਜਦੇ ਨੇ ਜਿਸ ਵਿੱਚ ਉਨ੍ਹਾਂ ਦੇ ਪਾਤਰ ਜ਼ੁਲਮ ਦੇ ਖ਼ਿਲਾਫ਼ ਖੜਦੇ ਮਹਿਸੂਸ ਹੁੰਦੇ ਨੇ... ਉਨ੍ਹਾਂ ਕੋਲੋਂ ਲੇਖਕ ਹਥਿਆਰ ਚੁਕਾਉਂਦਾ ਏ। ਜਾਂ ਉਹ ਬਾਗੀ ਹੋ ਜਾਂਦੇ ਨੇ ਵਗੈਰਾ ਵਗੈਰਾ। ਇਹ ਕੀ ਕਾਰਨ ਨੇ ਕਿ ਲਹਿਰਾਂ ਜੋ ਸਮੇਂ ਸਮੇਂ ਪੈਦਾ ਹੁੰਦੀਆਂ ਨੇ ਉਹ ਕਹਾਣੀ ਜਾਂ ਨਾਵਲ ਦਾ ਬਿਰਤਾਂਤ ਨਿਰਧਾਰਤ ਕਰਦੀਆਂ ਨੇ। ਜਾਂ ਸਮਾਜ ਦਾ ਲਹਿਰਾਂ ਬਿਰਤਾਂਤ ਸਿਰਜਦੀਆਂ ਨੇ ਅਤੇ ਉਸ ਸਮੇਂ ਦਾ ਕਹਾਣੀਕਾਰ ਉਸ ਬਿਰਤਾਂਤ ਤੋਂ ਪ੍ਰਭਾਵਿਤ ਹੋ ਕੇ ਆਪਣੀ ਕਹਾਣੀ ਦਾ ਬਿਰਤਾਂਤ ਸਿਰਜਣ ਲੱਗ ਪੈਂਦਾ ਏ... ਤਾਂ ਸਾਨੂੰ ਲੱਗਣ ਲੱਗ ਪੈਂਦਾ ਕਿ ਇਸ ਲਹਿਰ ਤੋਂ ਪ੍ਰਭਾਵਿਤ ਹੋ ਕੇ ਜਿਹੜੀਆਂ ਕਹਾਣੀਆਂ ਲਿਖੀਆਂ ਗਈਆਂ ਉਨ੍ਹਾਂ ਦਾ ਬਿਰਤਾਂਤ ਇਕੋ ਜਿਹਾ ਸਿਰਜਿਆ ਗਿਆ।

**ਡਾ. ਮਹਿਲ ਸਿੰਘ** : ਦੇਖੋ ਜਿਹੜਾ ਸ਼ਬਦ ਬਿਰਤਾਂਤ ਆ... ਇਹਨੂੰ ਅੰਗਰੇਜ਼ੀ ਵਾਲੇ ਨੈਰੇਟਿਵ ਵੀ ਕਹਿੰਦੇ ਆ...ਕਿ ਸ਼ਬਦਾਂ ਦੀ ਇਕ ਵਿਉਂਤਬੰਦੀ ਹੁੰਦੀ ਆ। ਕਿਸੇ ਵਿਚਾਰ ਨੂੰ ਪੇਸ਼ ਕਰਨ ਦੀ ਵਿਧੀ। ਬਿਰਤਾਂਤ ਕੋਈ ਵਿਧਾ ਨਹੀਂ ਹੁੰਦੀ, ਇਕ ਵਿਧੀ ਆ। ਆਪਣੇ ਕਿਸੇ ਖ਼ਿਆਲ ਦੀ, ਕਿਸੇ ਵਿਚਾਰ ਦੀ। ਪੇਸ਼ਕਾਰੀ ਲਈ ਜਦੋਂ ਕੋਈ ਕਹਾਣੀਕਾਰ ਆਪਣੀ ਕਹਾਣੀ ਜਾਂ ਨਾਵਲ ਵਰਗੀ ਵਿਧਾ ਚੁਣਦਾ ਹੈ ਤਾਂ ਉਸ ਬਿਰਤਾਂਤ ਨੂੰ ਤੁਸੀਂ ਉਸ ਵਿਧਾ ਮੁਤਾਬਿਕ ਬਿਰਤਾਂਤ ਵਿੱਚ ਢਾਲ਼ਦੇ ਹੋ। ਅਸੀਂ ਕਿੱਸਾ ਕਾਵਿ ਨੂੰ ਕਈ ਵਾਰ ਬਿਰਤਾਂਤ ਕਾਵਿ ਕਹਿ ਲੈਂਦੇ ਆ। ਸਿੱਧੀ ਜਿਹੀ ਗੱਲ ਕਿ ਜਿਸ ਵਿਧਾ ਵਿੱਚ ਇਕ ਕਹਾਣੀ ਪਈ ਹੋਵੇ। ਡਾ. ਰਾਹੀ ਆਪਣੀ ਕਿਤਾਬ ਵਿੱਚ ਆਂਹਦੇ ਆ ਕਿ 'ਸ਼ਬਦ' ਵੀ ਆਪਣੇ ਆਪ ਵਿੱਚ ਬਿਰਤਾਂਤ ਹੁੰਦਾ। 'ਖਿਆਲ' ਵੀ ਬਿਰਤਾਂਤ ਹੁੰਦਾ ਕਿਉਂਕਿ ਸ਼ਬਦਾਂ ਦੇ ਪਿੱਛੇ ਵੀ ਬਹੁਤ ਵੱਡੀ ਵਿਚਾਰਧਾਰਾ ਪਈ ਹੁੰਦੀ ਆ। ਬਹੁਤ ਵੱਡੇ ਖ਼ਿਆਲ ਪਏ ਹੁੰਦੇ ਨੇ। ਜਿਹੜੀ ਗੱਲ ਮੁੱਢਲੀ ਸੁਧਾਰਵਾਦੀ ਕਹਾਣੀ ਦੀ ਕੀਤੀ ਆ ਜਾਂ ਉਸ ਤੋਂ ਬਾਅਦ ਪ੍ਰਗਤੀਵਾਦੀ ਕਹਾਣੀ ਦੀ ਗੱਲ ਆ। ਜਦੋਂ ਮੁੱਢਲੇ ਕਹਾਣੀਕਾਰਾਂ ਦੀਆਂ ਇਸ ਕਿਸਮ ਦੀਆਂ ਕਹਾਣੀਆਂ ਵੇਖਦੇ ਸਾਂ ਉਨ੍ਹਾਂ ਦੇ ਬਿਰਤਾਂਤ ਨੂੰ ਨੈਗੇਟਿਵ ਪੱਖ ਤੋਂ ਵੇਖਦੇ ਸਾਂ। ਕੋਈ ਵੀ ਲੇਖਕ ਆਪਣੇ ਸਮੇਂ ਤੇ ਸਥਾਨ ਤੋਂ ਉਪਰ ਨਹੀਂ ਹੁੰਦਾ। ਵੇਖੋ ਉਨ੍ਹਾਂ ਕਹਾਣੀਕਾਰਾਂ ਦੇ ਸਾਹਮਣੇ ਸੁਤੰਤਰਤਾ ਦਾ ਘੋਲ਼ ਚਲਦਾ ਪਿਆ ਸੀ। ਅੰਗਰੇਜ਼ੀ ਰਾਜ ਕਹਿੰਦਾ ਸੀ ਅਸੀਂ ਤੁਹਾਨੂੰ ਸਭਿਅਕ ਬਣਾਉਣ ਆਏ ਆ। ਕਿ ਤੁਸੀਂ ਸੱਭਿਅਕ ਨਹੀਂ ਹੋ। ਨਾਨਕ ਸਿੰਘ ਦੀ ਕਹਾਣੀ 'ਸੱਨ੍ਹੋ.ਫ਼ਾਲ' ਏ। ਨਾਨਕ ਸਿੰਘ ਨੂੰ ਅਸੀਂ ਭਾਵੇਂ ਸੁਧਾਰਵਾਦੀ ਕਹਿ ਦਿੰਦੇ ਆ। ਨਾਨਕ ਸਿੰਘ ਉੱਤੇ ਵੀ ਪ੍ਰਗਤੀਵਾਦ ਦਾ ਅਸਰ ਸੀ। ਤੁਸੀਂ ਉਹਦੇ ਨਾਵਲ 'ਨਸੂਰ', 'ਗਰੀਬ ਦੀ ਦੁਨੀਆ' ਵੇਖ ਲਓ। 1932 ਵਿੱਚ ਜਦੋਂ ਪ੍ਰਗਤੀਵਾਦ ਲਹਿਰ ਦਾ

ਪ੍ਰਚੱਲਨ ਹੁੰਦਾ ਏ ਲਖਨਊ ਵਿੱਚ ਮੁਨਸ਼ੀ ਪ੍ਰੇਮ ਚੰਦ ਉਸ ਦੇ ਮੁੱਢਲੇ ਆਗੂ ਸਨ। ਉਸ ਲਹਿਰ ਨੇ ਹਰ ਭਾਸ਼ਾ ਦੇ ਲੇਖਕ ਨੂੰ ਪ੍ਰਭਾਵਿਤ ਕੀਤਾ ਤੇ ਪੰਜਾਬੀ ਵਿੱਚ ਇਕ ਬਹੁਤ ਵੱਡੀ ਵਿਚਾਰਧਾਰਾ ਬਣ ਕੇ ਸਾਡੇ ਸਾਹਮਣੇ ਆਉਂਦੀ ਏ। ਕਿ ਇਕ ਲੇਖਕ ਨੂੰ ਗਰੀਬ ਤੇ ਮਜ਼ਦੂਰ ਪੱਖੀ ਥੌਂਟ ਲੈ ਕੇ ਅੱਗੇ ਵੱਧਣਾ ਚਾਹੀਦਾ। ਵਿਦੇਸ਼ੀ ਰਾਜ ਸਮੇਂ ਜੋ ਕਹਿੰਦੇ ਸਨ ਕਿ ਤੁਹਾਡੇ ਵਿੱਚ



*ਡਾ. ਹੀਰਾ ਸਿੰਘ, ਭਗਵੰਤ ਰਸੂਲਪੁਰੀ , ਡਾ. ਆਤਮ ਸਿੰਘ ਰੰਧਾਵਾ,*
*ਡਾ. ਮਹਿਲ ਸਿੰਘ ਅਤੇ ਅਰਵਿੰਦਰ ਕੌਰ ਧਾਲੀਵਾਲ*

ਆਹ ਗ਼ਲਤੀਆਂ ਨੇ, ਆਹ ਕਸਰਾ ਨੇ... ਤੁਹਾਡੀਆਂ ਔਰਤਾਂ ਵਿੱਚ ਆਹ ਪੱਛੜ੍ਹਾਪਨ ਆ। ਇਸ ਦੇ ਬਾਵਜੂਦ ਭਾਈ ਵੀਰ ਸਿੰਘ ਨੇ 'ਸੁੰਦਰੀ' ਨੂੰ ਇਕ ਹੀਰੋ ਵਜੋਂ ਪੇਸ਼ ਕੀਤਾ। ਉਨ੍ਹਾਂ ਦੱਸਿਆ ਕਿ ਨਹੀਂ ਸਾਡੀਆਂ ਔਰਤਾਂ ਤਾਂ ਘੋੜ ਸਵਾਰੀ ਵੀ ਕਰਦੀਆਂ, ਸਾਡੀਆਂ ਔਰਤਾਂ ਤਾਂ ਜੰਗ-ਏ-ਆਜ਼ਾਦੀ ਵਿੱਚ ਤਲਵਾਰ ਵੀ ਕੱਢ ਲੈਂਦੀਆਂ। ਲੜਾਈ ਜਦੋਂ ਪੁਲਿਟੀਕਲ ਸਿਸਟਮ ਦੀ ਚੱਲਦੀ ਹੁੰਦੀ ਆ ਤਾਂ ਜ਼ਰੂਰੀ ਨਹੀਂ ਲੇਖਕ ਨੇ ਉਸ ਲੜਾਈ ਵਿੱਚ ਤਲਵਾਰ ਲੈ ਕੇ ਜਾਣਾ ਹੁੰਦਾ ਏ। ਉਹਦੇ ਸਾਹਿਤ ਨੇ ਵੀ ਲੜਨਾ ਹੁੰਦਾ। ਉਹਨੇ ਵੀ ਲੋਕਾਂ ਦੀ ਇਕ ਧਿਰ ਨਾਲ ਖਲੋਣਾ ਹੁੰਦਾ। ਪ੍ਰਗੀਤਵਾਦ ਲਹਿਰ ਦੇ ਨਾਲ ਈ ਸੁਧਾਰਵਾਦ ਦੀ ਲਹਿਰ ਵੀ ਚੱਲ ਰਹੀ ਸੀ। ਦੋਵੇਂ ਲਹਿਰਾਂ ਔਰਤ ਦੇ ਹੱਕ ਵਿੱਚ ਆਵਾਜ਼ ਉਠਾਉਣ ਦੀ ਗੱਲਾਂ ਵੀ ਕਰਦੀਆਂ ਸਨ। ਜੋ ਸਮਾਜ ਵਿੱਚ ਵਿਕਾਰ ਸਨ ਸਤੀ ਪ੍ਰਥਾ, ਵੇਸਵਾ ਗਮਨੀ ਵਗੈਰਾ ਸਾਰੀਆਂ ਪ੍ਰਥਾਵਾਂ। ਨਾਨਕ ਸਿੰਘ ਦੇ ਨਾਵਲਾਂ ਤੇ ਕਹਾਣੀਆਂ ਵਿੱਚ ਪ੍ਰਗਤੀਵਾਦ ਤੇ ਸੁਧਾਰਵਾਦ ਮਿਕਸ ਹੋ ਕੇ ਚੱਲਦਾ ਆ। ਉਸ ਵੇਲੇ 'ਪ੍ਰੀਤਲੜੀ' ਤੇ ਨਾਨਕ ਸਿੰਘ ਨੇ ਸਾਹਿਤ ਦੇ ਬਹੁਤ ਪਾਠਕ ਪੈਦਾ ਕੀਤੇ। ਉਨ੍ਹਾਂ ਦਾ ਉਸ ਸਮੇਂ ਦੇ ਬਿਰਤਾਂਤ ਨੂੰ ਪੇਸ਼ ਕਰਨ ਵਿੱਚ ਬਹੁਤ ਵੱਡਾ ਰੋਲ ਸੀ। ਅੱਜ ਸੱਤਰ-ਅੱਸੀ ਸਾਲ ਬਾਅਦ ਆ ਕੇ ਜਦੋਂ ਅਸੀਂ ਕਲਾਸਿਕ ਰਚਨਾਵਾਂ ਵੇਖਦੇ ਹਾਂ ਤਾਂ ਸਾਡੇ ਕੋਲ ਮੁੱਢਲੇ ਦੌਰ ਵਿੱਚ ਲਿਖੀਆਂ ਰਚਨਾਵਾਂ ਆ ਜਾਂਦੀਆਂ ਹਨ। ਅੱਜ ਸਾਨੂੰ ਨਾਨਕ ਸਿੰਘ ਦਾ 'ਚਿੱਟਾ ਲਹੂ' ਕਿਉਂ ਚੰਗਾ ਲੱਗਦਾ ਹੈ। ਸਾਨੂੰ ਸੁਜਾਨ ਸਿੰਘ ਦੀ 'ਕੁਲਫੀ' ਕਹਾਣੀ ਕਿਉਂ ਚੰਗੀ

ਲੱਗਦੀ ਆ। ਅੱਜ ਜਦੋਂ ਅਸੀਂ ਵੇਖਦੇ ਹਾਂ ਕਿ ਸੁਧਾਰਵਾਦੀ ਪੈਂਤੜੇ ਤੋਂ ਲਿਖੀ ਕਹਾਣੀ ਕਲਾਸਿਕ ਕੋਈ ਹੈ ਤਾਂ ਜਵਾਬ ਨਾਹ ਵਿੱਚ ਆਵੇਗਾ। ਉਹ ਤੁਹਾਨੂੰ ਪ੍ਰੀਤਲੜੀ ਦੀ 'ਭਾਬੀ ਮੈਨਾ' ਹੀ ਦਿਸੇਗੀ। ਕਿ ਇਕ ਬੱਚੇ ਅਤੇ ਔਰਤ ਵਿੱਚ ਸਾਡੀਆਂ ਮਾਨਵੀਂ ਰੁਚੀਆਂ ਕਿਵੇਂ ਨੇੜਤਾ ਪੈਦਾ ਕਰਦੀਆਂ ਨੇ। ਉਸ ਸਮੇਂ 'ਚ ਉਹ ਬੜਾ ਕ੍ਰਾਂਤੀਕਾਰਾ ਸਟੈੱਪ ਸੀ। ਕਿ ਅਣਵਿਆਹੀ ਮਾਂ ਨੂੰ ਇਸ ਤਰ੍ਹਾਂ ਪੇਸ਼ ਕਰ ਦੇਣਾ। ਇਸੇ ਤਰ੍ਹਾਂ ਸੁਜਾਨ ਸਿੰਘ ਦੀਆਂ ਕਹਾਣੀਆਂ ਹਨ...ਤੁਸੀਂ ਕੁਲਫ਼ੀ ਹੀ ਲੈ ਲਓ। ਇਸੇ ਤਰ੍ਹਾਂ ਸੰਤੋਖ ਸਿੰਘ ਧੀਰ ਦੀ ਕਹਾਣੀ ਹੈ 'ਕੋਈ ਇਕ ਸਵਾਰ' ਇਕ ਆਮ ਬੰਦੇ ਤੋਂ ਕਾਨੂੰਨ ਦੇ ਡਰ ਤੋਂ ਲੁਕਿਆ ਹੀ ਨਹੀਂ ਜਾ ਰਿਹਾ। ਕਿਵੇਂ ਬੰਦੇ ਕੋਲ ਕਤਲ ਹੋ ਜਾਂਦਾ ਏ ਉਹਦੇ ਕੋਲੋਂ ਲੁਕਿਆ ਹੀ ਨਹੀਂ ਜਾ ਰਿਹਾ ਤੇ ਅੰਤ ਵਿੱਚ ਉਹ ਆਪ ਹੀ ਪੇਸ਼ ਹੋ ਜਾਂਦਾ ਆ ਬਈ ਮੈਂ ਕਤਲ ਕੀਤਾ। ਬੰਦੇ 'ਚ ਐਨੀ ਸਧਾਰਨਤਾ ਆ ਕਿ ਉਹ ਲੁਕ ਹੀ ਨਹੀਂ ਸਕਦਾ। ਅੱਜ ਵੀ ਉਹ ਹੀ ਕਹਾਣੀਆਂ ਕਾਮਯਾਬ ਹਨ, ਜਿਹੜੀਆਂ ਕਿਸੇ ਨਿਸਚਿਤ ਵਿਚਾਰਧਾਰਾ ਤੋਂ ਪਾਸੇ ਹੋ ਕੇ ਕਲਾ ਦੇ ਇਕ ਮਿਆਰ ਨਾਲ ਲਿਖੀਆਂ ਗਈਆਂ ਸਨ। ਤੁਸੀਂ ਸੰਤ ਸਿੰਘ ਸੇਖੋਂ ਨੂੰ ਵੇਖ ਲਓ... ਆਲੋਚਨਾ ਵਿੱਚ ਭਾਵੇਂ ਉਹ ਮਾਰਕਸਵਾਦੀ ਆ ਪਰ ਤੁਸੀਂ ਉਹਦਾ 'ਲਹੂ ਮਿੱਟੀ' ਪੜ੍ਹੋ 'ਹਲ੍ਹ-ਵਾਹ' ਤੇ 'ਪੇਮੀ ਦੇ ਨਿਆਣੇ' ਕਹਾਣੀਆਂ ਨੇ। ਇਹ ਬਿਲਕੁਲ ਵਿਚਾਰਧਾਰਾ ਤੋਂ ਵੱਖਰੀ ਤਰ੍ਹਾਂ ਦੇ ਬਿਰਤਾਂਤ ਹਨ। 'ਹਲ੍ਹ-ਵਾਹ' 'ਚ ਤਾਂ ਘਟਨਾ ਹੈਗੀ ਆ 'ਪ੍ਰੇਮੀ ਦੇ ਨਿਆਣੇ' 'ਚ ਘਟਨਾ ਈ ਕੋਈ ਨਹੀਂ। ਜਦੋਂ ਅਸੀਂ ਬਿਰਤਾਂਤ ਨੂੰ ਵੇਖਦੇ ਹਾਂ ਤਾਂ ਇਹ ਜ਼ਰੂਰੀ ਨਹੀਂ ਕਿ ਜਦੋਂ ਬਿਰਤਾਂਤ ਚੱਲੇ ਤਾਂ ਉਹਦੇ ਵਿੱਚ ਘਟਨਾਵਾਂ ਹੋਣ। ਖਿਆਲ ਵੀ ਬਿਰਤਾਂਤ ਹੁੰਦਾ ਨੇ। ਬਿਨ੍ਹਾਂ ਘਟਨਾਵਾਂ ਤੋਂ ਵੀ ਖਿਆਲ , ਸੰਵਾਦ ਬਿਰਤਾਂਤ ਸਿਰਜਦੇ ਨੇ। ਅਸੀਂ ਸਾਹਿਤ 'ਸਤਿਆਮ ਸਿਵਮ ਸੁੰਦਰਮ' ਦੀ ਧਾਰਨਾ ਲੈ ਕੇ ਚੱਲਦੇ ਆ। ਆਪਦੇ ਸਮੇਂ ਵਿੱਚ ਲਿਟਰੇਚਰ ਦਾ ਰੋਲ ਹੋਰ ਤਰ੍ਹਾਂ ਵੀ ਹੋ ਸਕਦਾ। ਬਾਅਦ ਵਿੱਚ ਉਹ ਰਚਨਾਵਾਂ ਜਦੋਂ ਪੜ੍ਹੀਆਂ ਜਾਂਦੀਆਂ ਨੇ ਤਾਂ ਉਹਦੇ ਬਿਰਤਾਂਤ ਦੇ ਅਰਥ ਵੱਡੇ ਨਿਕਲਦੇ ਨੇ। ਜਿਵੇਂ ਬਲਵੰਤ ਗਾਰਗੀ ਦਾ 'ਕੱਕਾ ਰੇਤਾ' ਉਦੋਂ ਪਾਪੂਲਰ ਨਹੀਂ ਹੋਇਆ ਪਰ ਜਦੋਂ ਯਥਾਰਥਵਾਦੀ ਨਜ਼ਰੀਏ ਤੋਂ ਅੱਜ ਅਸੀਂ ਵੇਖੀਏ ਤਾਂ ਉਹ ਮੁੱਲਵਾਨ ਲੱਗਦਾ ਆ। ਲਹੂ ਮਿੱਟੀ, ਵਗਦੀ ਸੀ ਰਾਵੀ, ਪਿਓ ਪੁੱਤਰ ਨਾਵਲਾਂ ਤੋਂ ਲੱਗਦਾ ਹੈ ਕਿ ਬੰਦਾ ਅਸਲ ਵਿੱਚ ਹੈ ਕੀ? ਪ੍ਰਗਤੀਵਾਦੀ ਦੌਰ ਦੀਆਂ ਰਚਨਾਵਾਂ ਦਾ ਬਿਰਤਾਂਤ ਇਸ ਕਿਸਮ ਦਾ ਸੀ ਕਿ ਬੰਦਾ ਕਿਹੋ ਜਿਹਾ ਹੋਣਾ ਚਾਹੀਦਾ ਆ। ਬੰਦੇ ਦੇ ਸੁਪਨੇ ਵੀ ਹੁੰਦੇ ਆ। ਸੁਪਨਿਆ ਬਿਨਾ ਬੰਦਾ ਹੁੰਦਾ ਵੀ ਨਹੀਂ। ਉਸ ਵੇਲੇ ਅਸੀਂ ਵਿਦੇਸ਼ੀ ਰਾਜ ਨਾਲ ਲੜ ਰਹੇ ਸੀ ਤਾਂ ਸਾਨੂੰ ਆਈਡੀਅਲ ਕਿਰਦਾਰ ਸਿਰਜਣ ਦੀ ਲੋੜ ਸੀ। ਸਾਡੇ ਕਹਾਣੀਕਾਰ ਤੇ ਨਾਵਲਕਾਰਾਂ ਨੇ ਉਹ ਸਿਰਜੇ ਵੀ। ਸਿਰੜੀ ਨਇਕਾਂ ਨੇ ਆਜ਼ਾਦੀ ਦੇ ਘੋਲ ਦਾ ਪਿੜ ਵੱਡਾ ਕਰਨ ਵਿੱਚ ਬਹੁਤ ਵੱਡਾ ਰੋਲ ਅਦਾ ਕੀਤਾ। ਸੌ ਸਾਲ ਬਾਅਦ ਜਦੋਂ ਕਹਾਣੀ ਜਾਂ ਨਾਵਲ ਦਾ ਇਤਿਹਾਸ ਲਿਖਿਆ ਜਾਵੇਗਾ ਤਾਂ ਯਾਦਗਾਰੀ ਰਚਨਾਵਾਂ ਸਾਨੂੰ ਹੋਰ ਐਂਗਲ ਤੋਂ ਵੀ ਵੇਖਣੀਆਂ ਪੈਣਗੀਆਂ। ਕਿ ਕਲਾ ਦੇ ਉਤਮ ਮਿਆਰ ਤੋਂ ਕਿਹੜੀਆਂ ਰਚਨਾਵਾਂ ਸਾਡੇ ਚੇਤਿਆਂ ਵਿੱਚ ਰਹੀਆਂ ਹਨ।

**ਰਸੂਲਪੁਰੀ** : ਮੈਨੂੰ ਵੀ ਲੱਗਦਾ ਰਹਿੰਦਾ ਕਿ ਲਹਿਰਾ ਤੋਂ ਪ੍ਰਭਾਵਿਤ ਹੋ ਕੇ ਕੋਈ

ਕਹਾਣੀਕਾਰ ਜਾਂ ਨਾਵਲਕਾਰ ਬਿਰਤਾਂਤ ਸਿਰਜਦਾ ਹੈ ਤਾਂ ਉਹੀ ਰਚਨਾਵਾਂ ਜਿਉਂਦੀਆਂ ਰਹਿੰਦੀਆਂ ਨੇ ਜਿਨ੍ਹਾਂ ਨੇ ਆਪਣੇ ਨਾਵਲ ਜਾਂ ਕਹਾਣੀ ਵਿੱਚ ਰਵਾਇਤ ਤੋਂ ਹੱਟ ਕੇ ਵੱਖਰੀ ਤਰ੍ਹਾਂ ਦਾ ਬਿਰਤਾਂਤ ਸਿਰਜਿਆ ਹੁੰਦਾ ਏ। ਜਿਵੇਂ ਪ੍ਰਗਤੀਵਾਦੀ ਦੌਰ ਵਿੱਚ ਕਹਾਣੀਕਾਰਾਂ ਨੇ ਆਪਣੀਆਂ ਬਹੁਤ ਸਾਰੀਆਂ ਕਹਾਣੀਆਂ ਦੇ ਏਸ ਕਿਸਮ ਦੇ ਬਿਰਤਾਂਤ ਸਿਰਜੇ ਕਿ ਉਹ ਆਪਣੇ ਪਾਤਰਾਂ ਕੋਲੋਂ ਜ਼ੁਲਮ ਦੇ ਖਿਆਲ ਹਥਿਆਰ ਚੁਕਾਉਂਦੇ ਸਨ, ਪ੍ਰੇਮ ਗੋਰਖੀ, ਵਰਿਆਮ ਸੰਧੂ, ਕਜ਼ਾਕ, ਨਛੱਤਰ, ਅਤਰਜੀਤ, ਦੀਆਂ ਮੁਢਲੀਆਂ ਕਹਾਣੀਆਂ ਅਸੀਂ ਵੇਖ ਸਕਦੇ ਹਾਂ। ਉਦੋਂ ਪ੍ਰੇਮ ਪ੍ਰਕਾਸ਼ ਭਾਵੇਂ ਵੱਖਰੀ ਲੀਹ ’ਤੇ ਤੁਰ ਰਿਹਾ ਸੀ। ਨਕਸਲੀ ਦੌਰ ਵਿੱਚ ਇਸ ਤਰ੍ਹਾਂ ਦੇ ਬਿਰਤਾਂਤ ਦੀਆਂ ਕਹਾਣੀਆਂ ਨਾਵਲ ਮਿਲ ਜਾਂਦੇ ਨੇ। ਹਰੀ ਕ੍ਰਾਂਤੀ ਦੀ ਲਹਿਰ ਆਉਂਦੀ ਏ, ਪੰਜਾਬ ਸੰਕਟ ਆਉਂਦਾ ਏ... ਫਿਰ ਕਰੋਨਾ-ਕਿਸਾਨ ਅੰਦੋਲਨ ਦੀ ਲਹਿਰ ਆਉਂਦੀ ਏ.... ਇਨ੍ਹਾਂ ਲਹਿਰਾਂ ਤੋਂ ਪ੍ਰਭਾਵਿਤ ਹੋ ਕੇ ਲਿਖੀਆਂ ਗਈਆਂ ਉਹੀ ਕਹਾਣੀ ਦੱਬੀਆਂ ਗਈਆਂ ਜਾਂ ਨਸ਼ਟ ਹੋ ਗਈਆਂ ਜਿਨ੍ਹਾਂ ਵਿੱਚ ਪੇਤਲਾ ਬਿਰਤਾਂਤ ਸੀ। ਅਤੇ ਉਹੀ ਕਹਾਣੀ ਉਭਰ ਕੇ ਸਾਹਮਣੇ ਆਈਆਂ ਜਿਨ੍ਹਾਂ ਵਿੱਚ ਸਾਨੂੰ ਲੱਗਾ ਕਿ ਇਨ੍ਹਾਂ ਕਹਾਣੀਆਂ ਵਿੱਚ ਵੱਖਰੀ ਤਰ੍ਹਾਂ ਬਿਰਤਾਂਤ ਸਿਰਜਿਆ ਗਿਆ ਏ, ਜਾਂ ਉਹ ਕਹਾਣੀਕਾਰ ਲਹਿਰਾਂ ਤੋਂ ਦੂਰੀ ਬਣਾ ਕੇ ਬਿਰਤਾਂਤ ਸਿਰਜਦੇ ਰਹੇ। ਕੀ ਤੁਹਾਨੂੰ ਵੀ ਇਸ ਤਰ੍ਹਾਂ ਲੱਗਦਾ ਏ ਕਿ ਲਹਿਰਾਂ ਤੋਂ ਪੀੜਤ ਕਹਾਣੀਆਂ ਨਸ਼ਟ ਹੋ ਜਾਂਦੀਆਂ ਨੇ।

**ਡਾ. ਮਹਿਲ ਸਿੰਘ** : ਬਿਲਕੁਲ ਲੱਗਦਾ ਆ...ਤੁਸੀਂ ਵੇਖੋਂ ‘ਤਰੀਖ ਵੇਖਦੀ ਏ’ ਨਾਵਲ ਸੀ ਪੀ ਆਈ ਦੀ ਤਰਫ਼ਦਾਰੀ ਕਰਦਾ ਸੀ... ‘ਰਾਤ ਬਾਕੀ ਹੈ’ ਸੀ ਪੀ ਐਮ ਦੀ ਤਰਫ਼ਦਾਰੀ ਕਰਦਾ ਸੀ। ‘ਐਨਿਆ ਚੋਂ ਉੱਠੇ ਸੂਰਮਾ’ ਖਾੜਕੂ ਲਹਿਰ ਦੀ ਤਰਫ਼ਦਾਰੀ ਕਰਦਾ ਸੀ। ਅਤੇ ‘ਲਹੂ ਦੀ ਲੋਅ’ ਨਾਵਲ ਨਕਸਲੀਆਂ ਦੀ ਤਰਫ਼ਦਾਰੀ ਕਰਦਾ ਸੀ। ਇਹ ਸਾਰੇ ਨਾਵਲ ਜਸਵੰਤ ਸਿੰਘ ਕੰਵਲ ਲਿਖਦਾ ਏ। ਅੱਜ ਉਹ ਜਥੇਬੰਦੀਆਂ ਈ ਖ਼ਤਮ ਹੋ ਗਈਆਂ... ਕਾਮਰੇਡ ਹੀ ਖਤਮ ਹੋ ਗਏ। ਮੈਂ ‘ਪਵਿੱਤਰ ਪਾਪੀ’ ਨਾਵਲ ਅਜਿਹਾ ਸੀ ਜੋ ਹੱਟ ਕੇ ਲਿਖਿਆ ਗਿਆ। ਵੇਖੋ ‘ਚਿੱਟਾ ਲਹੂ’ ਦੇ ਬਚਨ ਸਿੰਘ ਦੀ ਪਾਪੂਲੈਰਟੀ ਜਿਆਦਾ ਹੋ ਗਈ। ਪਰ ਬਤੌਰ ਉੱਤਮ ਕਲਾ ਕ੍ਰਿਤ ‘ਪਵਿੱਤਰ ਪਾਪੀ’ ਵਧੀਆ ਨਾਵਲ ਐ। ਜਿਹੜਾ ਮਨੁੱਖ ਦੇ ਅੰਦਰਲੇ ਦਵੰਧਾਂ ਨੂੰ ਪੇਸ਼ ਕਰਦਾ ਹੈ। ਮੇਰੀ ਨਜ਼ਰ ਵਿੱਚ ਨਾਨਕ ਸਿੰਘ ਦੀ ਉਹ ਬਹੁਤ ਪਾਏਦਾਰ ਰਚਨਾ ਏ ਤੇ ਦੇਰ ਤੱਕ ਜਿਉਂਦੀ ਰਹੂਗੀ। ‘ਚਿੱਟਾ ਲਹੂ’ ਸੁਧਾਰਵਾਦੀ ਲਹਿਰ ਦਾ ਨਾਵਲ ਐ। ਸੁਧਾਰਵਾਦੀ ਲਹਿਰ , ਅਕਾਲੀ ਲਹਿਰ ਨਾਲ ਜਦੋਂ ਜੁੜੀ ਤਾਂ ਖ਼ਤਮ ਹੋ ਗਈ। ਏਸੇ ਤਰ੍ਹਾਂ ਜਦੋਂ ਤੁਸੀਂ ਕੰਵਲ ਦਾ ਨਾਵਲ ‘ਪੂਰਨਮਾਸ਼ੀ’ ਪੜ੍ਹੋ। ਕੰਵਲ ਦਾ ਨਾਵਲ ਜਿਹੜਾ ਜਿਉਂਦਾ ਰਹੂਗਾ ਤਾਂ ਉਹ ‘ਪੂਰਨਮਾਸ਼ੀ’ ਰਹੂਗਾ ਜਿਹੜਾ ਪਿੰਡ ਦਾ ਦਸਤਾਵੇਜ਼ ਆ। ਪੁਰਾਣਾ ਪਿੰਡ ਇਤਿਹਾਸ ਦੀਆਂ ਪੁਸਤਕਾਂ ’ਚੋਂ ਨਹੀਂ ਲੱਭਦਾ ਜਿਹੜਾ ਪਿੰਡ ਵਾਰਸ ਦੀ ‘ਹੀਰ’ ਵਿੱਚੋਂ ਲੱਭਦਾ ਆ। ਜਦੋਂ ਲਹਿਰਾਂ ਮਰ ਜਾਂਦੀਆਂ ਨੇ ਤੇ ਲਹਿਰਾਂ ਨਾਲ ਜੁੜਿਆ ਸਾਹਿਤ ਵੀ ਮਰ ਜਾਂਦਾ ਆ ਜਾਂ ਉਹਦੀ ਉਹ ਪਹਿਚਾਣ ਨਹੀਂ ਰਹਿੰਦੀ ਅੰਤ ਨੂੰ ਪਹਿਚਾਣ ਉਨ੍ਹਾਂ ਰਚਨਾਵਾਂ ਦੀ ਹੁੰਦੀ ਆ ਜਿਹੜੀਆਂ ਰਚਨਾਵਾਂ ਕਲਾਤਮਿਕ ਪੁਖ਼ਤਗੀ ਵਾਲੀਆਂ ਹੁੰਦੀਆਂ ਨੇ। ਗੁਰਦਿਆਲ ਸਿੰਘ ਇਸ

ਗੱਲ ਤੋਂ ਬੜਾ ਸੂਖ਼ਮ ਸੀ। ਉਹ ਜੱਟ ਤੇ ਸੀਰੀ ਦੇ ਰਿਸ਼ਤੇ ਦੀ ਗੱਲ ਕਰਦਾ ਆ। ਪਰ ਇਕ ਪੇਂਡੂ ਬਣਤਰ ਦੇ ਹਿਸਾਬ ਨਾਲ ਉਹ 'ਮੜ੍ਹੀ ਦਾ ਦੀਵਾ' ਨਾਵਲ 'ਚ ਗੱਲ ਕਰਦਾ ਆ। ਉਹਨੂੰ ਕਿਸੇ ਨਾਅਰੇ ਦੇ ਰੂਪ ਵਿੱਚ ਜਾਂ ਕਿਸੇ ਵਿਚਾਰਧਾਰਾਈ ਪੈਂਤੜੇ ਦੇ ਰੂਪ ਵਿਚ ਨਹੀਂ ਕਰਦਾ। ਵਿਚਾਰ ਹੋਣਾ ਹੋਰ ਗੱਲ ਆ ਤੇ ਵਿਚਾਰਧਾਰਾਈ ਹੋਣ ਹੋਰ ਗੱਲ ਆ। ਵਾਦ ਵਿੱਚ ਤੁਸੀਂ ਬੰਦ ਹੋ ਜਾਂਦੇ ਹੋ ਵਿਚਾਰਾਂ ਵਿੱਚ ਤੁਸੀਂ ਬੰਦ ਨਹੀਂ ਹੁੰਦੇ। ਜਿਹੜਾ ਉਨ੍ਹਾਂ ਦਾ ਨਾਵਲ 'ਅੱਧ ਚਾਨਣੀ ਰਾਤ' ਏ, ਉਹਦੇ 'ਚ ਇਹ ਏ ਕਿ ਸਾਡੇ ਵਿੱਚ ਜਿਹੜੀਆਂ ਟ੍ਰਾਈਬਲ, ਕਬੀਲਾ ਸੋਚਾਂ ਨੇ ਉਹ ਨਿੱਕੀ ਕਿਸਾਨੀ ਨੂੰ ਤਬਾਹ ਕਰ ਦੇਣ ਵਾਲੀਆਂ ਨੇ। ਉਹ ਗੱਲਾਂ ਭਾਵੇਂ 'ਅਣਹੋਏ' ਤੇ 'ਪਰਸਾ' ਵਿੱਚ ਆ ਜਾਂਦੀਆਂ ਨੇ। ਉਨ੍ਹਾਂ ਵਿੱਚ ਕਿਤੇ ਕਿਤੇ ਟਚ ਤਾਂ ਨਕਸਲੀ ਮੂਵਮੈਂਟ ਦਾ ਆ ਜਾਵੇਗਾ ਉਹਦੇ 'ਚ ਮਾਮੂਲੀ ਜਿਹੀ ਪਰਤ ਹੋਵੇਗੀ। ਉਹਦੇ ਵਿੱਚ ਥੀਮ ਨਹੀਂ ਹੁੰਦਾ। ਗੁਰਦਿਆਲ ਸਿੰਘ ਨੇ 'ਆਹਣ' ਨਾਵਲ ਲਿਖਿਆ। ਉਹ ਕਿਸੇ ਨੇ ਪੜ੍ਹਿਆ ਹੀ ਨਹੀਂ। ਬਹੁਤਿਆ ਨੂੰ ਪਤਾ ਹੀ ਨਹੀਂ ਕਿ ਉਹਨੇ 'ਆਹਣ' ਨਾਵਲ ਵੀ ਲਿਖਿਆ ਸੀ। ਵੇਖੋਂ ਜਿਹੜਾ ਲਹਿਰਾਂ ਤੋਂ ਹੱਟ ਕੇ ਲਿਖੀਆਂ ਗਈਆਂ ਕਹਾਣੀਆਂ ਵੀ ਨੇ ਚਾਹੇ ਉਹ 'ਭਾਬੀ ਮੈਨਾ' ਹੋਵੇ ਜਾਂ 'ਸੱਨੋਫ਼ਾਲ' ਹੋਵੇ ਉਹ ਜਿਉਂਦੀਆਂ ਰਹਿਣਗੀਆਂ ਹੀ।

**ਰਸੂਲਪੁਰੀ** : ਅਰਵਿੰਦਰ ਧਾਲੀਵਾਲ ਜੀ... ਮੈਂ ਲਹਿਰਾਂ ਬਾਰੇ ਲਿਖੀਆਂ ਗਈਆਂ ਹੋਰ ਕਹਾਣੀਆਂ ਬਾਰੇ ਵੀ ਸੋਚਦਾ ਹੁੰਦਾ... ਜਿਵੇਂ ਹੁਣੇ ਜਿਹੇ ਕਰੋਨਾ ਲਹਿਰ ਆਈ ਉਹਦੇ ਨਾਲ ਹੀ ਕਿਸਾਨ ਅੰਦੋਲਨ ਦੀ ਲਹਿਰ ਚੱਲੀ...ਉਸ ਦੌਰ ਦੀਆਂ ਬਹੁਤ ਸਾਰੀਆਂ ਕਹਾਣੀਆਂ ਛਪ ਕੇ ਆਈਆਂ, ਹੁਣ ਵੀ ਆ ਰਹੀਆਂ, ਕੁਝ ਨਾਵਲ ਵੀ ਆਏ। ਕੇਸਰਾ ਰਾਮ ਦੀਆਂ ਕਹਾਣੀਆਂ ਨੇ 'ਗਾਇਲਹਾਈ', 'ਲੌਕ ਡਾਊਨ', 'ਕਥਾ ਕਰੋਨਾ', ਗੁਰਮੀਤ ਕੜਿਆਲਵੀ ਦੀ ਕਹਾਣੀ ਏ 'ਜਿਉਂਦਾ ਰਹਿ ਵੇ ਬੱਚੜਿਆ', ਮੇਜਰ ਮਾਂਗਟ ਦੀ ਕਹਾਣੀ ਆ ਇਕਾਂਤਵਾਸ,ਅਜਮੇਰ ਸਿੱਧੂ ਦੀ ਕਹਾਣੀ ਆ 'ਆਈ ਕਾਂਟ ਬ੍ਰੀਦ' ਕਿਸਾਨ ਅੰਦੋਲਨ ਤੋਂ ਪ੍ਰਭਾਵਿਤ ਕਹਾਣੀਆਂ 'ਚ ਸੁਖਪਾਲ ਥਿੰਦ ਦੀ ਕਹਾਣੀ ਏ 'ਫ਼ਸਲਾਂ ਦੇ ਫ਼ੈਸਲੇ, ਪ੍ਰੇਮ ਗੋਰਖੀ ਦੀ ਕਹਾਣੀ ਏ ਕਿਸਾਨ ਮੋਰਚਾ ਬਲਬੀਰ ਪਰਵਾਨਾ ਦਾ ਨਾਵਲ ਆ 'ਟਰਾਲੀ ਯੁੱਗ', ਹੋਰ ਵੀ ਹਨ। ਗੁਰਮੀਤ ਕੜਿਆਲਵੀ ਦਾ ਨਾਵਲ ਏ 'ਉਹ ਇੱਕੀ ਦਿਨ' ਇਨ੍ਹਾਂ ਸਾਰੀਆਂ ਕਹਾਣੀਆਂ ਦੇ ਬਿਰਤਾਂਤ ਨੂੰ ਪੜ੍ਹਦਿਆਂ ਤੁਹਾਨੂੰ ਲੱਗਦਾ ਕਿ ਇਹ ਕਹਾਣੀਕਾਰ ਜਾਂ ਨਾਵਲਕਾਰ ਇਕੋ ਤਰ੍ਹਾਂ ਦਾ ਬਿਰਤਾਂਤ ਸਿਰਜ ਰਹੇ ਨੇ ਜਾਂ ਉਨ੍ਹਾਂ ਵਿੱਚ ਕੁਝ ਨਵਾਂ ਪਨ ਏ, ਜਾਂ ਉਹ ਵੱਖਰੇ ਐਂਗਰ ਤੋਂ ਬਿਰਤਾਂਤ ਸਿਰਜ ਰਹੇ ਨੇ।

**ਅਰਵਿੰਦਰ ਧਾਲੀਵਾਲ** : ਮੇਰੀ ਵੀ ਇਸ ਲਹਿਰ ਤੇ ਇਕ ਕਹਾਣੀ ਏ। ...ਮੈਂ ਪਹਿਲਾਂ ਤਾਂ ਬਿਰਤਾਂਤ ਬਾਰੇ ਕੁਝ ਨੁਕਤੇ ਸਾਂਝੇ ਕਰਨੇ ਨੇ। ਅੰਗਰੇਜ਼ੀ ਵਾਲੇ ਜਦੋਂ ਨੈਰੇਟਿਵ ਦੀ ਗੱਲ ਕਰਦੇ ਨੇ। ਉਹ ਫਸਟ ਪਰਸਨ ਤੇ ਸੈਂਕਡ ਪਰਸਨ ਤੇ ਥਰਡ ਪਰਸਨ ਨੇਰੇਟਿਵ ਦੀ ਗੱਲ ਕਰਦੇ ਨੇ। ਜੇ ਮੈਂ ਮੁਢਲੀਆਂ ਕਹਾਣੀਆਂ ਵੇਖਾਂ ਤਾਂ ਉਨ੍ਹਾਂ ਕਹਾਣੀਆਂ ਦਾ ਨੇਰੇਟਿਵ ਫਸਟ ਪਰਸਨ ਘੱਟ ਸੀ। ਕਰੋਨਾ ਕਾਲ ਵਿੱਚ ਜਿੰਨੀਆਂ ਵੀ ਕਹਾਣੀਆਂ ਪੜ੍ਹਨ ਨੂੰ ਮਿਲੀਆਂ ਨੇ। ਵਧੇਰੇ ਉਨ੍ਹਾਂ ਦਾ ਨੇਰੇਟਿਵ ਫਸਟ ਪਰਸਨ ਸੀ। (ਰਸੂਲਪੁਰੀ–(ਵਿਚੋਂ ਟੋਕ ਕੇ)...ਵੇਖੋ ਫਸਟ ਪਰਸਨ ਜਾਂ ਜਿਹਨੂੰ ਮੈਂ ਮੂਲਕ ਸ਼ੈਲੀ ਵਿੱਚ ਲਿਖੀਆਂ

ਕਹਾਣੀਆਂ ਕਹਿਣ ਦਾ ਦੌਰ ਪਹਿਲਾਂ ਵੀ ਸੀ। ਪ੍ਰੇਮ ਪ੍ਰਕਾਸ਼ ਨੇ ਸਾਰੀਆਂ ਕਹਾਣੀਆਂ ਮੈਂ ਮੂਲਕ ਸ਼ੈਲੀ ਵਿੱਚ ਲਿਖੀਆਂ, ਜਿੰਦਰ ਦੀਆਂ ਵਧੇਰੇ ਕਹਾਣੀਆਂ ਫਸਟ ਪਰਸਨ ਵਿੱਚ ਲਿਖੀਆਂ ਮਿਲਦੀਆਂ ਨੇ।) ਜਿਹੜਾ ਓਮੀਸੈਂਟ ਨੇਰੇਟਿਵ ਹੁੰਦਾ। ਜਿਹਦੇ ਵਿੱਚ ਕਹਾਣੀ ਲਿਖਣ ਵਾਲਾ ਬਿਲਕੁਲ ਬਿਰਤਾਂਤ ਵਿੱਚੋਂ ਬਾਹਰ ਹੁੰਦਾ ਆ। ਪਰ ਅਸੀਂ ਸਭ ਕੁਝ ਹੀ ਜਾਣਦੇ ਹੁੰਦੇ ਆ। ਕਿ ਮੈਂ ਪਾਤਰ ਘੜੇ ਨੇ, ਮੈਨੂੰ ਪਤੈ ਉਹਦੀ ਮਾਨਸਿਕਤਾ ਕੀ ਐ। ਓਸ ਪ੍ਰਸੰਗ ਤੋਂ ਜਦੋਂ ਮੈਂ ਕਰੋਨਾ ਕਾਲ ਦੀਆਂ ਕਹਾਣੀਆਂ ਵੇਖਦੀ ਹਾਂ ਤਾਂ ਮੈਨੂੰ ਨਾ ਮਾਤਰ ਹੀ ਕਹਾਣੀਆਂ ਲੱਭਦੀਆਂ ਹਨ। ਜੋ ਮਿਆਰੀ ਹੋਣ ਕਿ ਲੇਖਕ ਕਹਾਣੀ ਸੁਣਾਈ ਜਾਵੇ। ਕਿ ਮੈਨੂੰ ਕਹਾਣੀ ਕਿਤੇ ਨਜ਼ਰ ਹੀ ਨਹੀਂ ਆਈ ਤੇ ਉਹ ਮੈਂ ਸੁਣਾ ਰਹੀ ਆ। ਬਹੁਤ ਕਹਾਣੀ ਉਹ ਸੀ ਜਿਹੜੀ ਮੈਂ ਪਾਤਰ ਨਾਲ ਵਾਪਰਦੀ ਚੱਲਦੀ ਪਈ ਸੀ। ਜਿਵੇਂ ਸੁਧਾਰਵਾਦੀ, ਪ੍ਰਗਤੀਵਾਦੀ ਲਹਿਰ, ਨਕਸਲਬਾੜੀ ਜਾਂ ਪੰਜਾਬ ਸੰਕਟ ਇਸ ਦੌਰਾਨ ਜਿਨ੍ਹੀਆਂ ਵੀ ਕਹਾਣੀਆਂ ਲਿਖੀਆਂ ਗਈਆਂ। ਜੋ ਇਨ੍ਹਾਂ ਲਹਿਰਾਂ ਨਾਲ ਸੰਬੰਧਤ ਸਨ। ਇਹ ਹੁੰਦਾ ਈ ਆ ਕਿ ਜੇਕਰ ਸਮਾਜ ਨੇ ਉਨ੍ਹਾਂ ਲਹਿਰਾਂ ਨੂੰ ਗ੍ਰਹਿਣ ਕਰਨਾ ਤੇ ਲੇਖਕ ਵੀ ਉਹ ਪ੍ਰਭਾਵ ਗ੍ਰਹਿਣ ਕਰਦਾ ਹੁੰਦਾ ਆ। ਚਾਹੇ ਉਹ ਕਰੋਨਾ ਕਾਲ ਸੀ ਚਾਹੇ ਉਹ ਕਿਸਾਨ ਅੰਦੋਲਨ ਸੀ। ਇਹ ਕਹਾਣੀਆਂ ਜਿਨ੍ਹਾਂ ਦਾ ਤੁਸੀਂ ਜ਼ਿਕਰ ਵੀ ਕੀਤਾ, ਜਦੋਂ ਵੀ ਬਾਅਦ ਵਿੱਚ ਕਦੇ ਇਨ੍ਹਾਂ ਕਹਾਣੀਆਂ ਦਾ ਵਿਸ਼ਲੇਸ਼ਣ ਹੋਵੇਗਾ ਤਾਂ ਉਨ੍ਹਾਂ ਕਹਾਣੀਆਂ ਨੂੰ ਵੀ ਉਹੀ ਕਲਾ ਦੇ ਮਾਪਦੰਡਾ 'ਚੋਂ ਲੰਘਣਾ ਪਵੇਗਾ। ਜਦੋਂ ਵੀ ਵਿਦਵਾਨ ਜਾਂ ਪਾਠਕ ਉਨ੍ਹਾਂ ਕਹਾਣੀਆਂ ਨੂੰ ਪਰਖਣਗੇ ਤਾਂ ਉੱਥੇ ਉਹੀ ਕਹਾਣੀ ਅਗਜਿਸਟ ਕਰੇਗੀ ਜਿਹੜੀ ਕਲਾ ਕੇ ਮਿਆਰ ਤੇ ਖ਼ਰੀ ਉਤਰੇਗੀ। ਉਹੀ ਕਲਾਸਿਕ ਕਹਾਏਗੀ ਜਿਹੜਾ ਕਲਾਸਿਕ ਦੇ ਨਿਰਧਾਰਤ ਮਾਪਦੰਡਾਂ ਨੂੰ ਛੋਹੇਗੀ। ਹੁਣ ਤੁਸੀਂ ਵੇਖ ਲਓ ਸੁਖਪਾਲ ਥਿੰਦ ਦੀ ਕਹਾਣੀ 'ਫ਼ਸਲਾਂ ਦੇ ਫ਼ੈਸਲੇ' ਦਾ ਪਾਠਕ ਨੇ ਕੀ ਹਾਲ ਕੀਤਾ ਏ। ਕਿ ਕਿਸਾਨ ਅੰਦੋਲਨ ਦਾ ਜੋ ਬਿਰਤਾਂਤ ਸਾਡੇ ਸਾਹਮਣੇ ਵਾਪਰਦਾ ਏ ਕਹਾਣੀਕਾਰ ਉਹੀ ਬਿਰਤਾਂਤ ਕਹਾਣੀ ਵਿੱਚ ਹੂ ਬ ਹੂ ਲਿਖ ਦਿੰਦਾ ਏ।

**ਡਾ. ਮਹਿਲ ਸਿੰਘ** : ਅਸੀਂ ਇਹ ਗੱਲ ਨੂੰ ਧਿਆਨ ਵਿੱਚ ਰੱਖੀਏ ਕਿ ਬਿਰਤਾਂਤ ਇਕ ਕਲਾਤਮਿਕ ਟੂਲ ਏ। ਪ੍ਰਗਟਾ ਵਿਧੀ ਆ ਨਾ ਕਿ ਕੋਈ ਵਿਚਾਰਧਾਰਕ ਟੂਲ ਆ। ਜਦੋਂ ਬਿਰਤਾਂਤ ਨੂੰ ਵਿਚਾਰ ਵਿਧੀ ਵਾਂਗ ਲੇਖਕ ਲਵੇਗੀ ਤਾਂ ਉਹ ਅੰਤ ਨੂੰ ਕਲਾ ਦੇ ਪੱਖ ਤੋਂ ਮਾਰ ਖਾ ਜਾਵੇਗਾ।

**ਰਸੂਲਪੁਰੀ** : ਜਦੋਂ ਲੇਖਕ ਸਾਰੇ ਵਰਤਾਰੇ, ਘਟਨਾਵਾਂ ਨੂੰ ਇਕ ਤੋਂ ਲੈ ਕੇ 100 ਤੱਕ ਪੇਸ਼ ਕਰਨ ਲੱਗ ਪੈਂਦੇ ਹਾਂ ਤਾਂ ਕਹਾਣੀ ਕਮਜ਼ੋਰ ਹੋ ਜਾਂਦੀ ਏ।

**ਅਰਵਿੰਦਰ ਧਾਲੀਵਾਲ** : ਮਸਲਾ ਉੱਥੇ ਏਹੀ ਸੀ ਕਿ ਜਿਵੇਂ ਜਿਵੇਂ ਕਿਸਾਨ ਅੰਦੋਲਨ ਵਾਪਰਿਆ। ਉਹਨੂੰ ਹੂ ਬ ਹੂ ਲੇਖਕ ਨੇ ਕਹਾਣੀ ਵਿੱਚ ਲਿਖ ਦਿੱਤਾ। ਹੁਣ ਵੇਖਣ ਵਾਲੀ ਗੱਲ ਆ ਕਿ ਉਹਦੇ ਵਿੱਚੋਂ ਕੱਥ ਕਿੱਥੇ ਪਿਆ ਆ।

**ਡਾ. ਮਹਿਲ ਸਿੰਘ** : ਵੇਖੋਂ ਕਹਾਣੀਕਾਰ ਨੇ ਤੱਥ ਤਾਂ ਪੇਸ਼ ਕਰ ਦਿੱਤਾ... ਪਰ ਚੀਜ਼ਾਂ ਤੇ ਘਟਨਾਵਾਂ ਨੂੰ ਵਾਪਰਨ ਦੇ ਸੱਚ ਕਿੱਥੇ ਨੇ?

**ਰਸੂਲਪੁਰੀ** : ਇਹ ਤਾਂ ਹਰ ਪਾਠਕ ਨੂੰ ਪਤਾ ਏ। ਸਾਡੇ ਕੋਲ ਮੀਡੀਏ ਰਾਹੀਂ ਚੈਨਲਾਂ

ਰਾਹੀਂ ਬਹੁਤ ਸਾਰੀਆਂ ਸੂਚਨਾਵਾਂ ਪਹੁੰਚ ਜਾਂਦੀਆਂ ਨੇ ਜੇ ਕਹਾਣੀਕਾਰ ਉਨ੍ਹਾਂ ਸੂਚਨਾਵਾਂ ਦੀ ਸਕ੍ਰਿਪਟ ਬਣਾ ਕੇ ਬਿਰਤਾਂਤ ਸਿਰਜਣ ਲੱਗ ਜਾਵੇ ਤਾਂ ਪਾਠਕ ਉਹਨੂੰ ਕਿਉਂ ਪੜ੍ਹੇਗਾ। ਹੁਣ ਕਰੋਨਾ ਕਾਲ ਦੀਆਂ ਤਕਰੀਬਨ ਸਾਰੀਆਂ ਕਹਾਣੀਆਂ ਵਿੱਚ ਇਸ ਕਿਸਮ ਦਾ ਬਿਰਤਾਂਤ ਸਿਰਜ ਹੋਇਆ ਮਿਲਦਾ ਏ ਕਿ ਕਰੋਨਾ ਲਹਿਰ ਕਿਵੇਂ ਆ ਗਈ। ਲੋਕ ਕਿਵੇਂ ਉਜੜਨ ਲੱਗ ਪਏ। ਕਿਵੇਂ ਖ਼ੱਜਲ ਹੋਣ ਲੱਗ ਪਏ। ਬਈ ਇਹ ਤਾਂ ਅਸੀਂ ਚੈਨਲਾਂ ਤੇ ਵੇਖ ਲਿਆ, ਕਹਾਣੀਕਾਰ ਜੇ ਉਸ ਨੂੰ ਲਿਖਣ ਬੈਠ ਜਾਵੇ ਤਾਂ ਪਾਠਕ ਉਸ ਬਿਰਤਾਂਤ ਤੋਂ ਨਿਰਾਸ਼ ਹੀ ਹੋਵੇਗਾ। ਕਹਾਣੀਕਾਰ ਦੀ ਕੁਸ਼ਲਤਾ ਤਾਂ ਇਹ ਹੈ ਕਿ ਜਿਹੜੇ ਵਰਤਾਰੇ ਆਮ ਦਿੱਸਦੇ ਨਹੀਂ ... ਕਹਾਣੀਕਾਰ ਆਪਣੇ ਬਿਰਤਾਂਤ ਵਿੱਚ ਉਹ ਕਿਵੇਂ ਲੈ ਕੇ ਆਉਂਦਾ ਏ।

**ਡਾ. ਮਹਿਲ ਸਿੰਘ :** ਕਰੋਨਾ ਦੇ ਭੈਅ ਤੋਂ ਡਰ ਕੇ ਅਸੀਂ ਸ਼ਮਸ਼ਾਨ ਘਾਟਾ ਦੇ ਬੂਹੇ ਬੰਦ ਕਰ ਲਏ... ਅਸੀਂ ਉਹ ਤੱਥ ਫੜੀਏ ਕਿ ਬੰਦਾ ਕਿੰਨਾ ਨਿੱਜ ਮੁੱਖੀ ਆ ਤੇ ਕਿੰਨਾ ਅੰਦਰੋਂ ਡਰੂ ਆ। ਤੇ ਕਿੰਨਾ ਜਿਉਣ ਲਈ ਲੇਲੜ੍ਹੀਆਂ ਕੱਢਦਾ ਆ। ਜਿਹੜਾ ਵਿਹਾਰ ਮਨੁੱਖ ਦੀ ਖ਼ਸਲਤ ਵਿੱਚ ਪਿਆ, ਕਹਾਣੀ 'ਚ ਨਹੀਂ ਆਉਂਦਾ ਤਾਂ ਫਿਰ ਕਹਾਣੀ ਲਿਖਣ ਦੀ ਕੋਈ ਤੁਕ ਨਹੀਂ। ਇਹ ਕੀ ਹੋਇਆ ਬਈ ... ਕਰੋਨਾ ਆਇਆ, ਟੀਕੇ ਲਵਾ ਲਏ, ਅੰਦਰ ਵੜ ਗਏ ਇਹ ਤਾਂ ਸਭ ਕੁਝ ਪਤਾ ਈ ਆ। ਮੈਂ ਕਹਿੰਦਾ ਆ ਕਿ ਲੇਖਕ ਨੇ ਇਸ ਵਰਤਾਰੇ ਦੇ ਆਰ-ਪਾਰ ਜਾਣਾ ਹੁੰਦਾ। ਮੈਂ ਬਲਬੀਰ ਪਰਵਾਨਾ ਦੇ ਨਾਵਲ 'ਟਰਾਲੀ ਯੁੱਗ' ਦੇ ਹਵਾਲੇ ਨਾਲ ਗੱਲ ਕਰਦਾ ਹਾਂ ਕਿ ਇਹ ਤਾਂ ਸਾਡੀ ਸਭਿਅਤਾ ਹੈ। ਸਵਾਲ ਇਹ ਹੈ ਕਿ ਸਭਿਅਤਾ ਦੇ ਪਿੱਛੇ ਪਈ ਹੋਈ ਸਾਡੀ ਮਾਨਸਿਕਤਾ... ਸਾਡੀ ਖ਼ਸਲਤ, ਓਸ ਸਦੀਵੀ ਖ਼ਸਲਤ ਨੂੰ ਪਕੜਨਾ। ਇਹ ਬਿਰਤਾਂਤ ਤਾਂ ਅਖ਼ਬਾਰਾਂ ਵਿੱਚ ਵੀ ਆਈ ਜਾਂਦੈ। ਲੇਖਕ ਨੇ ਖ਼ਬਰ ਨਹੀਂ ਲਿਖਣੀ ਹੁੰਦੀ। ਹੁਣ ਮਸਲਾ ਇਹ ਹੈ ਕਿ ਪਰਵਾਨਾ ਦੀ ਰਚਨਾ ਕੋਈ ਟਿਕਦੀ ਨਹੀਂ। ਹਾਂ ਜਦੋਂ ਕਦੇ ਸਮਾਜ ਦੇ ਇਤਿਹਾਸ ਨੂੰ ਜਾਣਿਆ ਜਾਵੇਗਾ ਤਾਂ ਉਨ੍ਹਾਂ ਰਚਨਾਵਾਂ ਵਿੱਚੋਂ ਅਸੀਂ ਪਤਾ ਲਗਾ ਲਵਾਂਗੇ ਕਿ ਉਦੋਂ ਆਹ ਲਹਿਰ ਸੀ... ਆਹ ਟਰੈਂਡ ਸੀ...ਉਦੋਂ ਰੇਤ ਬੱਜਰੀ ਦਾ ਮਸਲਾ ਵੀ ਚੱਲਦਾ ਸੀ... ਇਸ ਕਿਸਮ ਦੀ ਕਹਾਣੀ ਜਾਂ ਨਾਵਲ ਲਿਖਿਆ ਜਾਂਦਾ ਸੀ। ਘਟਨਾਵਾਂ ਚਿਤਰਨਾ ਕੋਈ ਅਹਿਮ ਗੱਲ ਨਹੀਂ ਹੁੰਦਾ... ਅਹਿਮ ਹੁੰਦਾ ਕਿ ਉਨ੍ਹਾਂ ਘਟਨਾਵਾਂ ਵਿੱਚ ਪਈ ਹੋਈ ਬੰਦੇ ਦੀ ਸਾਇਕੀ ਨੂੰ ਫੜਨਾ।

**ਅਰਵਿੰਦਰ ਧਾਲੀਵਾਲ :** ਮਨ ਲਓ ਕਹਾਣੀਕਾਰ ਘਟਨਾ ਵੀ ਸਿਰਜ ਰਿਹਾ ਹੁੰਦਾ ਏ ਆਖਰ ਉਹ ਘਟਨਾ ਸਮਾਜ ਵਿੱਚੋਂ ਹੀ ਲੈ ਰਿਹਾ ਹੁੰਦਾ ਆ। ਉਸ ਘਟਨਾ ਨੂੰ ਰੌਚਿਕ ਤਾਂ ਬਣਾਓ! ਕਿ ਪਾਠਕ ਘਟਨਾ ਦੇ ਪਿੱਛੇ ਪਈ ਸਾਇਕੀ ਨੂੰ ਪਕੜ ਲਵੇ।

**ਡਾ. ਆਤਮ ਰੰਧਾਵਾ :** ਤੁਸੀਂ ਜੋ ਗੱਲਾਂ ਕਰ ਰਹੇ ਸੀ... ਕਰੋਨਾ ਆਇਆ... ਫਿਰ ਕਿਸਾਨ ਅੰਦੋਲਨ ਦੀ ਲਹਿਰ ਆਈ। ਕਰੋਨਾ ਇਕ ਤਰ੍ਹਾਂ ਨਾਲ ਮਹਾਂਮਾਰੀ ਏ। ਤੇ ਕਿਸਾਨ ਅੰਦੋਲਨ ਵੀ ਕਿਸਾਨ ਅੰਦੋਲਨ ਦੀਆਂ ਬਿਮਾਰੀਆਂ ਵਿੱਚੋਂ ਨਿਕਲੀ ਹੋਈ ਏ। ਜਦੋਂ ਤਟ-ਫਟ ਉਨ੍ਹਾਂ ਘਟਨਾਵਾਂ ਨੂੰ ਫੜਨ ਦੀ ਲੇਖਕ ਕੋਸ਼ਿਸ਼ ਕਰਦਾ ਏ ਤਾਂ ਇਹਦੇ ਵਿੱਚ ਕਹਾਣੀਕਾਰ ਦੀ ਸੀਮਾ ਬਣ ਜਾਂਦੀ ਏ... ਉਹ ਬਿਮਾਰੀਆਂ ਦੇ ਲੱਛਣ ਵਗੈਰਾ ਹੀ ਬਿਆਨ ਜਾਂ ਵਰਣਨ ਕਰਨ ਲੱਗ ਪੈਂਦਾ। ਜਿਹੜੀਆਂ ਗੱਲਾਂ ਉਸ ਦਿਸਦੇ ਵਰਤਰੇ ਦੇ

ਪਿੱਛੇ ਪਈਆਂ ਰੂਟਸ ਹਨ ਉਨ੍ਹਾਂ ਤੋਂ ਉਰੇ ਹੀ ਰਹਿ ਜਾਂਦਾ। ਜਿਵੇਂ ਡਾ. ਮਹਿਲ ਸਿੰਘ ਹੁਰਾਂ ਕਿਹਾ ਕਿ ਬੰਦੇ ਦੇ ਅੰਦਰ ਜਿਉਣ ਦੀ ਇਕ ਖਾਹਿਸ ਪਈ ਆ। ਡਰ ਵੀ ਪਿਆ ਆ। ਰਿਸ਼ਤਿਆਂ ਦਾ ਪੇਤਲਾਪਨ ਵੀ ਪਿਆ... ਮੈਨੂੰ ਵੀ ਲੱਗਦਾ ਕਿ ਇਨ੍ਹਾਂ ਗੱਲਾਂ ਨੂੰ ਕਹਾਣੀ ਬਿਰਤਾਂਤ ਵਿੱਚ ਸਹੀ ਤਰੀਕੇ ਨਾਲ ਨਹੀਂ ਫੜਿਆ ਗਿਆ। ਇੰਝ ਹੀ ਕਿਸਾਨ ਅੰਦੋਲਨ ਦੀ ਗੱਲ ਲੈ ਲਓ... ਵਰਤਾਰਿਆਂ ਦੇ ਪਿੱਛੇ ਜਿਹੜਾ ਵਰਤਾਰਾ ਵਾਪਰ ਰਿਹਾ ਐ...ਸੰਸਾਰ ਪੱਧਰ ਉੱਤੇ...ਜਿੱਥੇ ਇਨ੍ਹਾਂ ਦੀਆਂ ਜੜ੍ਹਾਂ ਪਈਆਂ ਹਨ। ਉਨ੍ਹਾਂ ਜੜ੍ਹਾਂ ਨੂੰ ਫੜਨ ਦੀ ਲੋੜ ਸੀ...ਜੋ ਫੜੀਆਂ ਨਹੀਂ ਗਈਆਂ।

**ਰਸੂਲਪੁਰੀ** : ਅਜਮੇਰ ਸਿੱਧੂ ਦੀ ਇਕ ਕਹਾਣੀ ਏ 'ਆਈ ਕਾਂਟ ਬ੍ਰੀਦ' ਇਕ ਤਾਂ ਉਹਨੇ ਨਾਂ ਈ ਬੜਾ ਔਖਾ ਰੱਖਿਆ। ਹੁਣ ਵੇਖੋ ਉਸ ਕਹਾਣੀ 'ਚ ਇਸ ਕਿਸਮ ਦਾ ਬਿਰਤਾਂਤ ਆ। ਕਿ ਲਾਕ ਡਾਊਨ ਜਦੋਂ ਲੱਗਦਾ ਕਿਵੇਂ ਦਿੱਲੀ ਤੋਂ ਮਜ਼ਦੂਰ ਉਜੜਦੇ ਨੇ... ਕੋਈ ਤੁਰ ਕੇ ਜਾਂਦਾ... ਕੋਈ ਸਾਇਕਲ ਤੇ ਜਾਂਦਾ...ਉਹ ਦ੍ਰਿਸ਼ ਉਹ ਕਹਾਣੀ ਵਿੱਚ ਲੰਮੇ ਬਿਰਤਾਂਤ ਰਾਹੀਂ ਪੇਸ਼ ਕਰਦਾ ਏ। ਮੈਨੂੰ ਲੱਗਾ ਕਿ ਜਿਵੇਂ ਮੈਂ ਰਵੀਸ਼ ਕੁਮਾਰ ਦੇ 'ਪ੍ਰਾਈਮ ਟਾਈਮ' ਦੀ ਸਕ੍ਰਿਪਟ ਪੜ੍ਹ ਰਿਹਾ ਹੁੰਦਾ ਹਾਂ। ਜਦੋਂ ਲੇਖਕ ਕਿਸੇ ਵਰਤਾਰੇ ਦਾ ਵਰਨਣ ਤੱਤ ਭੜੱਤ ਤਰੀਕੇ ਨਾਲ ਕਰਨ ਲੱਗ ਪੈਂਦਾ ਤਾਂ ਮੈਨੂੰ ਲੱਗਦਾ ਆ ਉਦੋਂ ਬਿਰਤਾਂਤ ਵਿੱਚ ਸਮੱਸਿਆਵਾਂ ਆਉਂਦੀਆਂ ਨੇ।

**ਡਾ. ਆਤਮ ਰੰਧਾਵਾ** : ਮੈਨੂੰ ਲੱਗਦਾ ਜਦੋਂ ਲੇਖਕ ਥੋੜ੍ਹੀ ਦੂਰੀ ਬਣਾ ਕੇ ਇਸ ਵਰਤਾਰੇ ਨੂੰ ਫੜੇਗਾ ਤਾਂ ਉਹਨੂੰ ਘਟਨਾਵਾਂ ਦਾ ਵਿਸ਼ਲੇਸ਼ਣ ਕਰਨ ਦਾ ਮੌਕਾ ਮਿਲ ਜਾਵੇਗਾ।

**ਡਾ. ਮਹਿਲ ਸਿੰਘ** : ਗੁਰਦਿਆਲ ਸਿੰਘ ਕਹਿੰਦਾ ਹੁੰਦਾ ਸੀ ਕਿ ਇਹ ਲਹਿਰਾਂ ਤੇ ਘਟਨਾਵਾਂ ਇਕ ਬਲਦੀ ਅੱਗ ਹੁੰਦੀ ਏ। ਲੇਖਕ ਨੇ ਬਲ਼ਦੀ ਅੱਗ ਵਿੱਚ ਛਾਲ ਨਹੀਂ ਮਰਨੀ ਹੁੰਦੀ। ਉਹਨੇ ਦੂਰ ਖਲੋ ਕੇ ਅੱਗ ਦੇ ਵਰਤਾਰੇ ਨੂੰ ਸਮਝਣਾ ਹੁੰਦਾ ਪਲੱਸ ਇਹ ਜਿਹੜੀਆਂ ਵੱਡੀਆਂ ਘਟਨਾਵਾਂ ਹੁੰਦੀਆਂ ਨੇ ਲਹਿਰਾਂ ਹੁੰਦੀਆਂ ਨੇ ਉਨ੍ਹਾਂ ਨੂੰ ਪੰਜ ਤੋਂ ਦਸ ਸਾਲ ਪੇਸ਼ ਨਹੀਂ ਕਰਨਾ ਚਾਹੀਦਾ ਨਾ ਰਚਨਾ ਦੇ ਬਿਰਤਾਂਤ ਦਾ ਹਿੱਸਾ ਬਣਾਉਣਾ ਚਾਹੀਦਾ ਏ। ਕਦੀ ਵਾਲ ਸਮਾਂ ਬੀਤਣ ਨਾਲ ਅਨੇਕਾਂ ਲੁਕਵੇ ਸੱਚ ਸਾਡੇ ਸਾਹਮਣੇ ਆ ਜਾਂਦੇ ਨੇ ਤਾਂ ਉਦੋਂ ਤੁਹਾਡੀ ਰਚਨਾ ਸਿਰ ਪਰਨੇ ਆ ਜਾਂਦੀ ਆ। ਹੁਣ ਤੁਸੀਂ 1984 ਤੇ ਅੱਤਵਾਦ ਦਾ ਦੌਰ ਵੀ ਵੇਖ ਲਓ। ਕਿਵੇਂ ਏਜੰਸੀਆਂ ਹੀ ਇਕ ਦੂਜੇ ਨੂੰ ਲੜਾਈ ਜਾਂਦੀਆਂ ਸਨ। ਇਹ ਪਰਤਾ ਹੌਲੀ ਹੌਲੀ ਖੁੱਲ੍ਹਦੀਆਂ ਨੇ। ਹੁਣ ਕਿੰਨਾ ਕੁਝ ਜਦੋਂ ਬਾਹਰ ਆਇਆ ਤਾਂ ਉਸ ਲਹਿਰ ਦੀ ਤਸਵੀਰ ਹੋਰ ਦੀ ਹੋਰ ਹੀ ਬਣ ਗਈ।

**ਰਸੂਲਪੁਰੀ** : ਓਸ ਸਮੇਂ ਪੰਜਾਬ ਸੰਕਟ ਬਾਰੇ ਬਹੁਤ ਸਾਰੀਆਂ ਕਹਾਣੀਆਂ ਤੇ ਨਾਵਲ ਲਿਖੇ ਗਏ। ਹੁਣ ਉਹ ਕਿੱਥੇ ਨੇ? ਲੱਭਦੇ ਨਹੀਂ। ਸਿਵਾਏ ਦੋ-ਢਾਈ ਕਹਾਣੀਆਂ ਦੇ। ਇਕ ਪ੍ਰੇਮ ਪ੍ਰਕਾਸ਼ ਦੀ ਕਹਾਣੀ ਏ 'ਇਹ ਉਹ ਜਸਵੀਰ ਨਹੀਂ' ਦੂਜੀ ਹੈ ਵਰਿਆਮ ਸੰਧੂ ਦੀ 'ਮੈਂ ਹੁਣ ਠੀਕ ਠਾਕ ਹਾਂ' ਅੱਧੀ ਮੋਹਨ ਭੰਡਾਰੀ ਦੀ 'ਕਬੂਤਰ' ਐ।

**ਡਾ. ਮਹਿਲ ਸਿੰਘ** : ਨਿੰਦਰ ਗਿੱਲ ਨੇ ਕਿੰਨੇ ਨਾਵਲ ਲਿਖੇ। ਪੰਜਾਬ ਦੁਖਾਂਤ ਬਾਰੇ। ਕੋਈ ਲੱਭਦਾ ਨਹੀਂ।

**ਡਾ. ਹੀਰਾ ਸਿੰਘ** : ਇਨ੍ਹਾਂ ਗੱਲਾਂ ਵਿੱਚੋਂ ਹੀ ਮੈਨੂੰ ਦੋ ਗੱਲਾਂ ਚੇਤੇ ਆਉਂਦੀਆਂ ਨੇ। ਕਿ ਸਮਾਜ ਵਿੱਚ ਜਿਹੜੀਆਂ ਲਹਿਰਾਂ ਜਾਂ ਵਿਚਾਰਧਾਰਾਵਾਂ ਹੁੰਦੀਆਂ ਨੇ। ਜਿਹੜੀ ਰਚਨਾ ਜਾਂ ਪਾਤਰ ਜਾਂ ਬਿਰਤਾਂਤ ਉਸ ਲਹਿਰ ਦੇ ਵੱਖ-ਵੱਖ ਅੰਗਾਂ ਦੀ ਪ੍ਰਤੀਨਿੱਧਤਾ ਕਰ ਜਾਂਦੇ ਨੇ। ਉਹ ਰਚਨਾਵਾਂ ਵੀ ਅਮਰ ਹੋ ਜਾਂਦੀਆਂ ਨੇ। ਹੁਣ ਤੁਸੀਂ ਗੋਰਕੀ ਦਾ ਨਾਵਲ 'ਮਾਂ' ਵੇਖ ਲਓ। ਚਾਰ ਪੰਜ ਪਾਤਰਾਂ ਦੇ ਨਾਲ ਉਸ ਨੇ ਸਾਰੀਆਂ ਧਿਰਾ ਦੀ ਪ੍ਰਤੀਨਿੱਧਤਾ ਕਰ ਦਿੱਤੀ। ਹੁਣ 'ਲਹੂ ਦੀ ਲੋਅ' ਨਾਵਲ ਆ। ਇਕ ਜੈਲਦਾਰ ਤੇ ਦੂਜਾ ਮੁੰਡੇ ਦਾ ਪਰਿਵਾਰ ਆ। ਉਹ ਦੋਹਾਂ ਪਰਿਵਾਰਾਂ ਰਾਹੀਂ ਦੋਹਾਂ ਧਿਰਾ ਦੀ ਪ੍ਰਤੀਨਿੱਧਤਾ ਕਰ ਜਾਂਦੇ ਨੇ। ਇਹ ਬੜੀ ਵੱਡੀ ਗੱਲ ਹੁੰਦੀ ਆ ਕਿ ਤੁਹਾਡੇ ਪਾਤਰ ਤੇ ਬਿਰਤਾਂਤ ਕਿਸੇ ਧਿਰ ਦੀ ਪ੍ਰਤੀਨਿੱਧਤਾ ਕਰ ਜਾਂਦੇ ਨੇ ਤਾਂ ਸਮੁੱਚੇ ਵਰਤਾਰੇ ਨੂੰ ਆਪਣੇ ਕਲ਼ਾਵੇ ਵਿੱਚ ਲੈ ਆਉਂਦੇ ਨੇ।

**ਰਸੂਲਪੁਰੀ** : ਤੁਹਾਨੂੰ ਲੱਗਦਾ ਕਿ ਲਹਿਰਾਂ ਬਾਰੇ ਲਿਖੀਆਂ ਕਹਾਣੀਆਂ ਵਿੱਚ ਵਰਤਾਰੇ ਦਾ ਵਿਸ਼ਲੇਸ਼ਣ ਨਹੀਂ ਹੋ ਰਿਹਾ... ਬਲੀਜੀਤ ਦੀ ਕਹਾਣੀ 'ਸਿਰ ਦੇ ਵਾਲ਼' ਆਈ, ਅਨੇਮਨ ਦੀ ਕਹਾਣੀ 'ਪਿਆਰਾ ਨਿਹੰਗ' ਆਈ। ਹੋਰ ਵੀ ਹੋਣਗੀਆਂ। ਕੀ ਤੁਹਾਨੂੰ ਲੱਗਦਾ ਕਿ ਇਹ ਸਾਰੇ ਆਪਣੇ ਬਿਰਤਾਂਤ ਵਿੱਚ ਮਹਿਜ ਵਰਨਣ ਕਰ ਰਹੇ ਨੇ। ਵਿਸ਼ਲੇਸ਼ਣ ਨਹੀਂ।

**ਡਾ. ਹੀਰਾ ਸਿੰਘ** : ਤੁਹਾਡੀ ਗੱਲ ਠੀਕ ਏ। ਤੁਸੀਂ ਵੇਖੋਂ ਜਿਹੜਾ ਸਾਹਿਤ ਹੁੰਦਾ ਏ। ਜਦੋਂ ਕੋਈ ਚੀਜ਼ ਠਹਿਰ ਜਾਂਦੀ ਆ ਤਾਂ ਫਿਰ ਉਹਦਾ ਮੁਲੰਕਣ ਹੋਣ ਲੱਗਦਾ ਆ। ਕਰੋਨਾ ਤੇ ਕਿਸਾਨ ਅੰਦੋਲਨ ਦੀਆਂ ਗੱਲਾਂ ਤੁਸੀਂ ਵਾਰ ਵਾਰ ਕਰ ਰਹੇ ਹੋ ਨਾ... ਇਹ ਦੋ-ਚਾਰ ਸਾਲ ਪਹਿਲਾਂ ਦੀਆਂ ਗੱਲਾਂ ਨੇ। ਇਨ੍ਹਾਂ ਲਹਿਰਾਂ ਦਾ ਲੰਮਾਂ ਸਮਾਂ ਸਾਹਿਤ ਉੱਤੇ ਪ੍ਰਭਾਵ ਨਹੀਂ ਪੈਣਾ। ਜਦੋਂ ਉਸ ਦੌਰ ਦੀਆਂ ਰਚਨਾਵਾਂ ਅਸੀਂ ਵੇਖਦੇ ਹਾਂ ਤਾਂ ਉਨ੍ਹਾਂ ਵਿੱਚ ਵਰਨਣ ਵੱਧ ਆ।

**ਡਾ. ਆਤਮ ਰੰਧਾਵਾ** : ਮੈਨੂੰ ਇਹ ਵੀ ਲੱਗਦਾ ਕਿ ਕਈਆਂ ਵਿੱਚ ਸਮੇਂ ਨੂੰ ਪਕੜਨ ਦੀ ਬਹੁਤ ਸਮਰੱਥਾ ਹੁੰਦੀ ਐ। ਉਹ ਲੇਖਕ ਅਜੇ ਸਾਹਮਣੇ ਨਹੀਂ ਆਇਆ। ਇਹ ਵੀ ਹੋ ਸਕਦਾ ਏਸੇ ਸਮੇਂ ਹੀ ਕੋਈ ਵੱਡੀ ਰਚਨਾ ਨਿਕਲ ਆਵੇ। ਜਿਵੇਂ 'ਪਲੇਗ' ਨਾਵਲ ਆਉਂਦਾ ਆ। ਇਨ੍ਹਾਂ ਗੱਲਾਂ ਨੂੰ ਐਂ ਵੀ ਨਾ ਲਿਆ ਜਾਵੇ ਕਿ ਲਹਿਰਾਂ ਵਿੱਚੋਂ ਕੋਈ ਵੱਡੀ ਰਚਨਾ ਨਹੀਂ ਨਿਕਲ ਕੇ ਆਉਂਦੀ।

**ਹੀਰਾ ਸਿੰਘ** : ਇਹ ਗੱਲ ਕਿਸੇ ਨੇ ਕਹੀ ਸੀ ਕਿ ਜੋ1947 ਦੀ ਵੰਡ ਆ। ਐਡਾ ਵੱਡਾ ਦੁਖਾਂਤ ਦੁਨੀਆਂ ਵਿੱਚ ਕਿਤੇ ਹੋਰ ਹੋਇਆ ਨਹੀਂ। ਪਰ ਓਡੀ ਵੱਡੀ ਰਚਨਾ ਅਜੇ ਪੈਦਾ ਨਹੀਂ ਹੋ ਸਕੀ।

**ਡਾ. ਆਤਮ ਰੰਧਾਵਾ** : ਇਹ ਵੀ ਹੈਰਾਨੀ ਦੀ ਗੱਲ ਏ ਕਿ ਸਾਡੇ ਆਲੇ -ਦੁਆਲੇ ਵੀ ਸੰਤਾਲੀ ਦਾ ਦੁਖਾਂਤ ਵਾਪਰਿਆ ਤਾਂ ਏਥੋਂ ਕੋਈ ਵੱਡੀ ਰਚਨਾ ਨਿਕਲ ਕੇ ਸਾਹਮਣੇ ਨਹੀਂ ਆ ਸਕੀ। ਹੁਣ ਜਸਬੀਰ ਮੰਡ ਦਾ ਨਾਵਲ 'ਚੁਰਾਸੀ ਲੱਖ ਯਾਦਾਂ' ਨਾਵਲ ਆਇਆ। ਉਸ ਨਾਵਲ ਦਾ ਬਿਰਤਾਂਤ ਬਿਲਕੁਲ ਹੀ ਵੱਖਰੀ ਤਰ੍ਹਾਂ ਦਾ ਬਿਰਤਾਂਤ ਹੈ।

**ਰਸੂਲਪੁਰੀ** : ਤੁਸੀਂ ਵੇਖੋਂ ਪੰਜਾਬ ਸੰਕਟ ਬਾਰੇ ਅੱਜ ਵੀ ਲਿਖਿਆ ਜਾ ਰਿਹਾ ਏ। ਪਿੱਛੇ

ਜਿਹੇ ਪਰਗਟ ਸਿੰਘ ਸਤੌਜ ਦਾ ਨਾਵਲ '1947' ਆਇਆ, ਫਿਰ ਨਵੇਂ ਮੁੰਡੇ ਅਜੀਜ਼ ਸਰੋਏ ਦਾ ਨਾਵਲ 'ਆਪਣੇ ਲੋਕ' ਆਇਆ, ਹੁਣੇ ਬਲਬੀਰ ਪਰਵਾਨਾ ਦਾ ਨਾਵਲ 'ਰੋਲ਼ਿਆ ਵੇਲੇ' ਆਇਆ। ਡਾ. ਮਹਿਲ ਸਿੰਘ ਜੀ ਤੁਸੀਂ ਸਾਨੂੰ ਦੱਸੋਂ ਕਿ ਇਨ੍ਹਾਂ ਤਿੰਨਾਂ ਲੇਖਕਾਂ ਨੇ ਸੰਤਾਲੀ ਦੇ ਦੁਖਾਂਤ ਦਾ ਬਿਰਤਾਂਤ ਤਾਂ ਸਿਰਜ ਦਿੱਤਾ। ਉਨ੍ਹਾਂ ਵੇਖਿਆ ਨਹੀਂ ਹੀ ਹੈ ਪਰ ਬਹੁਤ ਸਾਰਾ ਪੜ੍ਹ ਲਿਆ। ਇਕ ਲੇਖਕ ਆਪਣੀ ਕਲਪਨਾ ਨਾਲ ਕਿੰਨੀ ਕੁ ਸਮਰੱਥਾ ਨਾਲ ਇਹ ਬਿਰਤਾਂਤ ਸਿਰਜ ਸਕਦਾ ਏ। ਐਨੇ ਸਾਲਾਂ ਬਾਅਦ ਲੇਖਕ ਇਸ ਵਰਤਾਰੇ ਬਾਰੇ ਕਿਉਂ ਲਿਖਦਾ ਆ।

**ਡਾ. ਮਹਿਲ ਸਿੰਘ** : ਇਹ ਜ਼ਰੂਰੀ ਨਹੀਂ ਹੁੰਦਾ ਕਿ ਲੇਖਕ ਉਸ ਵਰਤਾਰੇ ਵਿੱਚ ਵਿਚਰਿਆ ਹੀ ਹੋਵੇ, ਜਸਵੰਤ ਸਿੰਘ ਕੰਵਲ, ਨਾਨਕ ਸਿੰਘ, ਭਾਈ ਵੀਰ ਸਿੰਘ ਸਭ ਨੇ ਇਹ ਦੁਖਾਂਤ ਭੋਗਿਆ ਤੇ ਵੇਖਿਆ ਪਰ ਉਨ੍ਹਾਂ ਦੀ ਕੋਈ ਵੱਡੀ ਰਚਨਾ ਇਸ ਦੁਖਾਂਤ ਬਾਰੇ ਨਹੀਂ ਹੈ। 'ਅੱਗ ਦੀ ਖੇਡ' ਜਾਂ 'ਖ਼ੂਨ ਦੇ ਸੋਹਲੇ' ਨਾਵਲ ਭਾਵੇਂ ਹਨ। ਮੈਂ ਸਮਝਦਾ ਜਿਹੜੀ ਸਮਰੱਥਾ ਤੇ ਪ੍ਰਤਿਭਾ ਹੁੰਦੀ ਏ, ਅਖਬਾਰੀ ਘਟਨਾਵਾਂ ਦੇ ਬਿਰਤਾਂਤ ਤੋਂ ਉਹ ਗੱਲ ਨਹੀਂ ਬਣਦੀ। ਹੁਣ ਟਾਲਸਟਾਏ ਦਾ ਨਾਵਲ ਹੈ 'ਵਾਰ ਐਂਡ ਪੀਸ' (ਜੰਗ ਤੇ ਅਮਨ) ਉਹਨੇ ਨਾਵਲ ਲਿਖਣ ਲਈ ਦਸ ਸਾਲ ਲਾਏ। ਪੰਜ ਸੌ ਪਾਤਰ ਹਨ। ਉਹਦੇ ਵਿੱਚ। ਕੁੱਤਿਆ ਦੇ ਆਪਸ ਵਿੱਚ ਸੁਭਾ ਨਹੀਂ ਨਹੀਂ ਮਿਲਦੇ। ਘੋੜਿਆ ਦੇ ਨਹੀਂ ਮਿਲਦੇ। ਜਦੋਂ ਉਹ ਲਿਖਦਾ ਸੀ ਤਾਂ ਬੇਹੋਸ਼ ਹੋ ਕੇ ਡਿੱਗ ਜਾਂਦਾ ਸੀ। ਉਹ ਲਿਖਦਾ ਏ ਕਿ ਮੈਂ ਵਾਰ ਦੀ ਭਿਆਨਿਕਤਾ ਵਿਖਾ ਕੇ ਅਮਨ ਦਾ ਮੁਦਾਈ ਬਣਨਾ ਚਾਹੁੰਦਾ ਸੀ। ਏਸੇ ਤਰ੍ਹਾਂ 'ਅੰਨਾ ਕਾਰਨਿਨ' ਏ। ਉਹ ਨਾਵਲ ਔਰਤ ਦੀ ਸਾਇਕੀ ਦੇ ਪੱਖ ਤੋਂ ਬਹੁਤ ਵੱਡਾ ਨਾਵਲ ਏ। ਸੰਤਾਲੀ ਬਾਰੇ ਨਾਵਲ ਲਿਖਣ ਲਈ ਵੱਡੀ ਪ੍ਰਤਿੱਭਾ ਦੀ ਵੀ ਲੋੜ ਏ ਤੇ ਬਹੁਤ ਸਾਰੇ ਠਰੰਮੇ ਦੀ ਵੀ ਲੋੜ ਐ ਅਤੇ ਬਹੁਤ ਕੁਝ ਪੜ੍ਹੇ ਜਾਣ ਦੀ ਵੀ ਲੋੜ ਐ। ਹੁਣ ਬਲਬੀਰ ਪਰਵਾਨਾ ਦੀ ਗੱਲ ਲੈ ਲਓ...ਉਹਦੇ ਦਿਮਾਗ਼ ਵਿੱਚ ਇਕ ਗੱਲ ਘਰ ਕਰੀ ਬੈਠੀ ਆ ਕਿ ਔਰਤ ਜੋ ਹੁੰਦੀ ਐ ਉਹ ਦਗੇਬਾਜ਼ ਹੁੰਦੀ ਐ। ਹਰ ਔਰਤ ਦੇ ਬਾਹਰ ਸੰਬੰਧ ਹੋਣਗੇ। ਉਹਦੇ ਸਾਰੇ ਨਾਵਲਾਂ ਤੇ ਕਹਾਣੀਆਂ ਵਿੱਚ ਇਸ ਕਿਸਮ ਦੀ ਔਰਤ ਹੁੰਦੀ ਐ। ਮੈਂ ਅਕਸਰ ਕਹਿੰਦਾ ਹੁੰਦਾ ਪਰਵਾਨਾ ਇਹ ਕਿਹੜਾ ਮਾਡਲ ਆ ਤੁਹਾਡੀ ਨਾਵਲਕਾਰੀ ਦਾ। ਜਦੋਂ ਤੁਹਾਡੀਆਂ ਮਾਨਸਿਕ ਰੂੜੀਆਂ ਪੱਕ ਜਾਂਦੀਆਂ ਹਨ ਤਾਂ ਉਹ ਰਪੀਟ ਹੋਣ ਲੱਗ ਪੈਂਦੀਆਂ।

**ਡਾ. ਆਤਮ ਰੰਧਾਵਾ** : ਸਾਡੇ ਕਹਾਣੀਕਾਰਾਂ ਵਿੱਚ ਪਾਤਰਾਂ ਨੂੰ ਆਜ਼ਾਦ ਤੌਰ 'ਤੇ ਚਿਤਰਨ ਦੀ ਬਹੁਤ ਵੱਡੀ ਘਾਟ ਏ। ਕਿਸੇ ਪਾਤਰ ਨੂੰ ਮਾਨਸਿਕ ਪੱਧਰ ਉੱਤੇ ਪੇਸ਼ ਕਰਨ ਪਿੱਛੇ ਤੁਹਾਡੀ ਸਮਰੱਥਾ ਤੇ ਨਿਰਭਰ ਹੁੰਦਾ ਹੈ। ਕਿ ਤੁਸੀਂ ਕੋਈ ਰਚਨਾ ਪੜ੍ਹੋ ਤਾਂ ਸਾਰੀ ਰਾਤ ਤੁਹਾਡੇ ਦਿਮਾਗ਼ ਵਿੱਚ ਉਹ ਪਾਤਰ ਖੌਰੂ ਪਾਉਂਦਾ ਰਹੇ। ਨਿੱਕੀਆਂ ਨਿੱਕੀਆਂ, ਚੁਟਕਲਿਆ ਵਰਗੀਆਂ ਕਹਾਣੀਆਂ ਆਉਣ ਲੱਗ ਪਈਆਂ ਨੇ।

**ਹੀਰਾ ਸਿੰਘ** : ਦੋ ਕਹਾਣੀਕਾਰ ਸਨ ਤਲਵਿੰਦਰ ਸਿੰਘ ਅਤੇ ਮਨਿੰਦਰ ਕਾਂਗ। ਜਿਹੜੇ ਬੜੇ ਮਨੋਵਿਗਿਆਨਕ ਢੰਗ ਨਾਲ ਕਹਾਣੀ ਲਿਖਦੇ ਸਨ।

**ਰਸੂਲਪੁਰੀ** : ਉਹ ਕਿਸੇ ਲਹਿਰ ਤੋਂ ਵੀ ਪ੍ਰਭਾਵਿਤ ਨਹੀਂ ਸੀ ਹੁੰਦੇ। ਹੁਣ ਤੁਸੀਂ ਵੇਖੋ

'ਭਾਰ' ਤੇ 'ਦੋ ਤਲਵਾਰਾਂ ਬੱਧੀਆਂ' ਕਹਾਣੀਆਂ ਕਿੰਨੇ ਸਾਲਾਂ ਬਾਅਦ ਲਿਖੀਆਂ।

**ਡਾ. ਆਤਮ ਰੰਧਾਵਾ:** ਕਿਸੇ ਪਾਤਰ ਦਾ ਮਨੋਵਿਗਿਆਨ ਵਿਹਾਰ ਇਸ ਤਰ੍ਹਾਂ ਸਿਰਜ ਦੇਣਾ ਤੇ ਉਹ ਪਾਠਕ ਦੇ ਅੰਦਰ ਬੈਠ ਜਾਣਾ। ਉਸ ਪਾਤਰ ਦੀ ਅੰਦਰੂਨੀ ਹਸਤੀ ਵਿਖਾ ਦੇਣੀ ਅਜਿਹੀ ਕੁਸ਼ਲਤਾ ਕਾਂਗ ਕੋਲ ਸੀ। ਇਕ ਕਹਾਣੀਕਾਰ ਦਾ ਕੰਮ ਇਤਿਹਾਸਕਾਰ ਵੀ ਹੁੰਦਾ ਤੇ ਫ਼ਿਲਾਸਫ਼ੀ ਦਾ ਵੀ ਹੁੰਦਾ ਹੈ।

**ਡਾ. ਮਹਿਲ ਸਿੰਘ** : ਮਨਿੰਦਰ ਕਾਂਗ ਦੀ ਕਹਾਣੀ 'ਭਾਰ' ਦੇ ਪਾਤਰ ਉੱਤੇ ਇਹੀ ਭਾਰ ਪੈ ਜਾਂਦਾ ਕਿ ਜਦੋਂ ਉਹ ਬੱਚੇ ਨੂੰ ਕੰਧ 'ਚ ਚੁੱਕ ਕੇ ਮਾਰਦਾ। ਇਹ ਗੱਲ ਉਹਨੂੰ ਸੌਣ ਨਹੀਂ ਦਿੰਦੀ।

**ਡਾ. ਆਤਮ ਰੰਧਾਵਾ** : ਜਿਵੇਂ ਵਿਰਕ ਆਪਣੀ ਕਹਾਣੀ ਵਿੱਚ ਸਮਾਜ ਤੇ ਪੰਜਾਬੀਅਤ ਦੀ ਰੂਹ ਨੂੰ ਫੜਦਾ ਸੀ। ਮੈਨੂੰ ਲੱਗਦਾ ਕਿ ਸਮਕਾਲੀ ਕਹਾਣੀਕਾਰਾਂ ਦੀਆਂ ਬਹੁਤੀਆਂ ਕਹਾਣੀਆਂ ਵਿੱਚ ਉਹ ਰੂਹ ਗਾਇਬ ਹੋ ਗਈ ਏ। ਬੰਦੇ ਦੇ ਸੁਭਾਅ ਦੀ ਫ਼ਿਤਰਤ ਗਾਇਬ ਹੋ ਗਈ ਏ। ਪੰਜਾਬੀ ਬੰਦੇ ਦੇ ਕੁਝ ਗੁਣ ਹੁੰਦੇ ਨੇ ਜਿਹਦੇ ਕਰਕੇ ਉਹਦੀ ਪਛਾਣ ਹੁੰਦੀ ਏ। ਜਦੋਂ ਅਸੀਂ ਉਹਨੂੰ ਬੇਸਕ ਗੁਣਾਂ ਤੋਂ ਤੋੜ ਕੇ ਪਾਤਰ ਤੇ ਬਿਰਤਾਂਤ ਸਿਰਜਾਗੇ ਤਾਂ ਅਜਿਹੀ ਸਥਿਤੀ ਆਵੇਗੀ।

**ਅਰਵਿੰਦਰ ਕੌਰ ਧਾਲੀਵਾਲ** : ਕਹਾਣੀ ਦਾ ਸਿਧਾਂਤ ਵੀ ਇਹੀ ਕਹਿੰਦਾ ਕਿ ਜਿੱਡਾ ਸ਼ਕਤੀਸ਼ਾਲੀ ਵਿਸ਼ਾ ਲਿਆ ਪੇਸ਼ਕਾਰੀ ਵੀ ਓਨੀ ਸ਼ਕਤੀਸ਼ਾਲੀ ਹੋਣੀ ਚਾਹੀਦੀ ਹੈ।

**ਡਾ. ਆਤਮ ਰੰਧਾਵਾ** : ਵਿਰਕ ਦੀ 'ਖੱਬਲ' ਕਹਾਣੀ ਕੀ ਹੈ? ਉਸ ਵਿੱਚ ਪੰਜਾਬੀਆਂ ਦੇ ਇਸ ਸੁਭਾ ਨੂੰ ਪੇਸ਼ ਕੀਤ ਗਿਆ ਏ।

**ਰਸੂਲਪੁਰੀ** : ਅੱਜ ਕਹਾਣੀ ਉਸਾਰਨ ਲਈ ਇਕ ਕਹਾਣੀਕਾਰ ਕੋਲ ਬਹੁਤ ਸਰੋਤ ਨੇ। ਉਹਦੇ ਕੋਲ ਸ਼ੋਸ਼ਲ ਮੀਡੀਆ ਏ, ਵੱਖ-ਵੱਖ ਵੈਬ ਸਾਇਟਾਂ ਨੇ, ਯੂ ਟਿਊਬ ਚੈਨਲ ਨੇ, ਨੈਟ ਫਲੈਕਸ, ਗੂਗਲ ਸਰਚ ਇੰਜਣ ਏ,ਫੇਸ ਬੁੱਕ ਆ...ਇਸ ਦੇ ਬਾਵਜੂਦ ਵੀ ਮੈਨੂੰ ਲੱਗਦਾ ਰਹਿੰਦਾ ਕਿ ਕਹਾਣੀਆਂ ਦਾ ਬਿਰਤਾਂਤ ਬਹੁਤ ਪੇਤਲੀ ਪੱਧਰ ਦਾ ਆਉਣ ਲੱਗ ਪਿਆ ਏ। ਸਾਨੂੰ ਸੂਚਨਾਵਾਂ ਦਾ ਤਾਂ ਪਤਾ ਲੱਗਦਾ ਰਹਿੰਦਾ ਏ... ਪਰ ਕੋਈ ਗਹਿਰੇ ਅਨੁਭਵ ਦੀ ਕਹਾਣੀ ਪੜ੍ਹਨ ਨੂੰ ਨਹੀਂ ਮਿਲਦੀ।

**ਅਰਵਿੰਦਰ ਕੌਰ ਧਾਲੀਵਾਲ** : ਇਕ ਤਾਂ ਸਾਡੇ ਆਲੇ-ਦੁਆਲੇ ਗਿਆਨ ਦੇ ਸਰੋਤ ਬਹੁਤ ਜਿਆਦਾ ਹੋ ਗਏ ਨੇ। ਸੂਚਨਾਵਾਂ ਬਹੁਤ ਤੇਜ਼ੀ ਨਾਲ ਬਦਲ ਰਹੀਆਂ ਨੇ। ਇਹ ਸਾਰਾ ਕੁਝ ਅਧਾਰਹੀਣ ਏ। ਕਹਾਣੀ ਜਦੋਂ ਸੂਚਨਾਵਾਂ ਤੇ ਬੇਸਡ ਹੋ ਜਾਂਦੀ ਏ ਤਾਂ ਹਲਕੀ ਬਣ ਜਾਂਦੀ ਏ। ਅਨੁਭਵ ਤਾਂ ਹੈ ਹੀ ਨਹੀਂ। ਅਰੋਪਿਤ ਅਨੁਭਵ ਹੈ ਸਭ ਕੁਝ।

**ਡਾ. ਮਹਿਲ ਸਿੰਘ** : ਮੈਂ ਸਮਝਦਾ ਕਹਾਣੀ ਦਾ ਇਹ ਰਾਅ ਮਟੀਰੀਅਲ ਐ। ਤੁਸੀਂ ਰਾਅ ਮਟੀਰੀਅਲ ਨੂੰ ਕਹਾਣੀ ਜਾਂ ਲਿਟਰੇਚਰ ਦਾ ਪੀਸ ਬਣਾ ਲਵੋਗੇ ਤਾਂ ਗੱਲ ਨਹੀਂ ਬਣੇਗੀ।

**ਰਸੂਲਪੁਰੀ** : ਕਹਾਣੀ ਲਿਖੀ ਜਾਵੇਗੀ... ਜਾਂ ਲਿਖੀ ਜਾਂਦੀ ਰਹੇਗੀ ਪਰ ਕਹਾਣੀ ਦੀ ਗੱਲ ਨਹੀਂ ਬਣੇਗੀ।

**ਡਾ. ਮਹਿਲ ਸਿੰਘ** : ਇਸ ਰਾਅ ਮਟੀਰੀਅਲ ਨੇ ਪੱਕਣਾ ਹੁੰਦਾ ਏ। ਇਹ ਜਿਹੜਾ

ਸੋਸ਼ਲ ਮੀਡੀਆ ਏ...ਅੱਜ ਇਹਦੀ ਹੋਰ ਸ਼ਕਲ ਏ... ਕੱਲ੍ਹ ਨੂੰ ਇਹਨੇ ਹੋਰ ਹੋ ਜਾਣਾ। ਉਹਦਾ ਬੇਸ ਤਾਂ ਕੋਈ ਹੈ ਨਹੀਂ... ਉਹ ਮਟੀਰੀਅਲ ਕਿਸ ਅਧਾਰ ਤੇ ਪੇਸ਼ ਹੋ ਰਿਹਾ... ਉਹਦਾ ਫ਼ਲਸਫ਼ਾ ਕੀ ਏ। ਇਹ ਸੂਚਨਾਵਾਂ ਅਖ਼ਬਾਰ ਲਈ ਠੀਕ ਨੇ... ਇਨ੍ਹਾਂ ਸੂਚਨਾਵਾਂ ਨੂੰ ਅਧਾਰ ਬਣਾ ਕੇ ਲਿਖਿਆ ਸਾਹਿਤ ਪੱਤਰਕਾਰੀ ਏ।

**ਰਸੂਲਪੁਰੀ :** ਮੈਂ ਬਹੁਤ ਸਾਰੀਆਂ ਇਹੋ ਜਿਹੀਆਂ ਕਹਾਣੀਆਂ ਪੜ੍ਹੀਆਂ ਨੇ ਕਿ ਉਹ ਹੁੰਦੀਆਂ ਸੂਚਨਾਵਾਂ ਨੇ ਪਰ ਉਨ੍ਹਾਂ ਦਾ ਪਰਚਾਰ ਐਨਾ ਹੋ ਜਾਂਦਾ ਜਾਂ ਇਸ ਤਰ੍ਹਾਂ ਹੋ ਜਾਂਦਾ ਕਿ ਉਹ ਪ੍ਰਤੀਨਿੱਧ ਰਚਨਾਵਾਂ ਸਾਨੂੰ ਲੱਗਣ ਲੱਗ ਪੈਂਦੀਆਂ। ਸਾਨੂੰ ਲੱਗਣ ਲੱਗ ਪੈਂਦਾ ਕਿ ਇਹ ਨਵਾਂ ਵਿਸ਼ਾ ਏ।

**ਅਰਵਿੰਦਰ ਧਾਲੀਵਾਲ :** ਮੈਂ ਮੁਦੱਸਰ ਬਸ਼ੀਰ ਦੀ ਕਹਾਣੀ ਪੜ੍ਹੀ?...ਉਸ ਕਹਾਣੀ ਦਾ ਬਸ ਐਨਾ ਕੁ ਬਿਰਤਾਂਤ ਹੈ ਕਿ ਤੁਸੀਂ ਮੈਨੂੰ ਮਿਲੇ ... ਮੈਂ ਤੁਹਾਨੂੰ ਮਿਲੀ...ਅਸੀਂ ਆਪਸ ਵਿੱਚ ਗੱਲ ਕੀਤੀ...ਆਹ ਕਹਾਣੀ ਏ...ਬਸ!!!... ਕੀ ਇਸ ਛੋਟੀ ਜਿਹੀ ਘਟਨਾ ਤੇ ਇਸ ਤਰ੍ਹਾਂ ਦੀ ਵੀ ਕਹਾਣੀ ਲਿਖੀ ਜਾਵੇਗੀ? ਉਨ੍ਹਾਂ ਜ਼ਿੰਦਗੀ ਦੀਆਂ ਛੋਟੀਆਂ-ਛੋਟੀਆਂ ਘਟਨਾਵਾਂ ਦੀਆਂ ਹੀ ਕਹਾਣੀਆਂ ਬਣਾ ਦਿੱਤੀਆਂ ਨੇ।

**ਡਾ. ਆਤਮ ਰੰਧਾਵਾ :** ਬਹੁਤ ਸਾਰੇ ਪਲੇਟ ਫ਼ਾਰਮਾ ਤੇ ਬਹੁਤ ਸਾਰੀਆਂ ਵੈਬ ਸੀਰੀਜ਼ ਚੱਲ ਰਹੀਆਂ ਨੇ। ਉਨ੍ਹਾਂ ਨੂੰ ਸਾਡੇ ਕਹਾਣੀਕਾਰ ਵੀ ਵੱਡੀ ਪੱਧਰ ਤੇ ਵੇਖ ਰਹੇ ਨੇ। ਉਨ੍ਹਾਂ ਦਾ ਚਰਬ ਲਾਹ ਕੇ... ਉਨ੍ਹਾਂ ਨੂੰ ਤੋੜ ਮਰੋੜ ਕੇ ਲਿਖਿਆ ਜਾ ਰਿਹਾ ਏ। ਏਥੇ ਮਸਲਾ ਬਣ ਗਿਆ ਕਿ ਕਹਾਣੀਕਾਰ ਕੋਲ ਅਨੁਭਵ ਤਾਂ ਰਿਹਾ ਨਹੀਂ। ਉਹਦੇ ਪੱਲੇ ਸੂਚਨਾਵਾਂ ਹਨ। ਉਨ੍ਹਾਂ ਨੂੰ ਅਧਾਰ ਬਣਾ ਕੇ ਉਹ ਕਹਾਣੀਆਂ ਲਿਖੀ ਜਾਂਦਾ। ਦੂਜੀ ਗੱਲ ਜਿਹੜਾ ਬਿਰਤਾਂਤ ਸਕਰੀਨ ਤੇ ਵਿਖਾਇਆ ਜਾ ਰਿਹਾ...ਉਹ ਬਿਰਤਾਂਤ ਤੁਸੀਂ ਸ਼ਬਦਾਂ ਵਿੱਚ ਕਰੀਏਟ ਕਰ ਹੀ ਨਹੀਂ ਸਕਦੇ। ਉਹਦੇ ਓਪਰੇ ਅਨੁਭਵ ਚੁੱਕਿਆ ਤੇ ਕਹਾਣੀ ਵਿੱਚ ਲਿਖ ਦਿੱਤਾ। ਉਸ ਨਾਲ ਕੀ ਹੁੰਦਾ ਲੇਖਕ ਕੋਲ ਸੂਚਨ ਚੁੱਕ ਹੋ ਜਾਂਦੀ ਤੇ ਬਾਕੀ ਸਾਰਾ ਕੁਝ ਥੱਲੇ ਰਹਿ ਜਾਂਦਾ। ਜਿਸ ਨਾਲ ਬਿਰਤਾਂਤ ਵਿੱਚ ਪੇਤਲਾ ਪਨ ਆ ਜਾਂਦਾ। ਪਾਪੂਲਰ ਸਾਹਿਤ ਲਿਖਣ ਲਈ ਲੇਖਕ ਇਸ ਤਰ੍ਹਾਂ ਕਰਨ ਲੱਗ ਪੈਂਦਾ।

**ਰਸੂਲਪੁਰੀ :** ਅੱਜ ਕੱਲ੍ਹ ਪਰਵਾਸ ਦਾ ਬਿਰਤਾਂਤ ਸਾਡੇ ਏਧਰਲੇ ਕਹਾਣੀਕਾਰਾਂ ਕੋਲ ਆਉਣ ਲੱਗ ਪਿਆ ਏ। ਏਹਦੇ ਸਰੋਤ ਵਧੇਰੇ ਕਰਕੇ ਯੂ ਟਿਊਬ ਚੈਨਲਾ ਤੇ ਘੁੰਮਦੀਆਂ ਵੀਡੀਓ ਤੋਂ ਲੈਂਦਾ ਏ। ਸਾਡੇ ਕਹਾਣੀਕਾਰ ਵਿਦੇਸ਼ ਜਾਂਦੇ ਆਉਂਦੇ ਵੀ ਓਪਰਾ ਅਨੁਭਵ ਲੈ ਆਉਂਦੇ ਨੇ ਜਿਸ ਨਾਲ ਲੇਖਕ ਕੋਲ ਅਨੁਭਵ ਪੇਤਲਾ ਹੁੰਦਾ ਤੇ ਉਹ ਬਹੁਤ ਹਲਕੇ ਪੱਧਰ ਦੀਆਂ ਕਹਾਣੀਆਂ ਲਿਖ ਲੈਂਦਾ ਏ। ਜਿਸ ਨਾਲ ਯਥਾਰਥ ਤਾਂ ਪਿੱਛੇ ਰਹਿ ਜਾਂਦਾ ਪੇਤਲਾ ਅਨੁਭਵ ਅੱਗੇ ਆ ਜਾਂਦਾ।

**ਡਾ. ਮਹਿਲ ਸਿੰਘ :** ਇਹਨੂੰ ਆਪਾਂ ਓਪਰਾ ਅਨੁਭਵ ਕਹਿੰਦੇ ਆ। ਉਸ ਅਨੁਭਵ ਨਾਲ ਕਹਾਣੀ 'ਚ ਗੱਲ ਬਣਦੀ ਨਹੀਂ। ਜਿਹੜਾ ਅਨੁਭਵ ਸਮਾਜ ਵਿੱਚ ਵਿਚਰ ਕੇ ਜਾਂ ਹੱਢਾ ਨਾਲ ਹੰਢਾ ਕੇ ਪ੍ਰਾਪਤ ਹੁੰਦਾ ਉਸ ਅਨੁਭਵ ਦੀ ਗੱਲ ਹੋਰ ਹੁੰਦੀ ਏ। ਉਸ ਅਨੁਭਵ ਨਾਲ ਲੇਖਕ ਦੀ ਕਲਪਨਾ ਵੀ ਆਉਣੀ ਹੁੰਦੀ ਏ ਪਰ ਲੇਖਕ ਜਦੋਂ ਸਮਾਜ ਵਿੱਚ ਘਸਰ ਕੇ ਨਿਕਲਦਾ ਏ ਤਾਂ ਉਹਦੀ ਗੱਲ ਕੁਝ ਹੋਰ ਹੀ ਹੁੰਦੀ ਏ। ਇਸੇ ਕਰਕੇ ਤੁਹਾਨੂੰ ਪਰਵਾਸ

ਬਾਰੇ ਏਧਰਲੇ ਲੇਖਕ ਦੀ ਰਚਨਾ ਪਾਏਦਾਰ ਨਹੀਂ ਲੱਭਦੀ। ਸਾਡੇ ਵਧੇਰੇ ਕਹਾਣੀਕਾਰਾਂ ਨੂੰ ਹਾਜ਼ਰੀ ਲਵਾਉਣ ਦੀ ਵੀ ਸਮੱਸਿਆ ਏ। ਬਈ ਅਸੀਂ ਹਰ ਸਾਲ ਕੋਈ ਨਾ ਕੋਈ ਨਾਵਲ ਜਾਂ ਕਹਾਣੀਆਂ ਦੀ ਕਿਤਾਬ ਦੇਣੀ ਹੀ ਦੇਣੀ ਹੈ।

**ਰਸੂਲਪੁਰੀ** : ਇਸ ਵਾਰ ਦੋ ਕਹਾਣੀਆਂ ਦੀਆਂ ਕਿਤਾਬਾਂ ਨੂੰ ਢਾਹਾਂ ਇਨਾਮ ਮਿਲਿਆ। ਇਕ ਜਿੰਦਰ ਹੁਰਾਂ ਦੀ 'ਸੇਫ਼ਟੀ ਕਿੱਟ' ਏ ਦੂਜੀ ਸੁਰਿੰਦਰ ਨੀਰ ਦੀ 'ਟੈਬੂ' ਏ। ਇਨ੍ਹਾਂ ਕਹਾਣੀਆਂ ਦਾ ਬਿਰਤਾਂਤ ਕਿਸ ਕਿਸਮ ਦਾ ਏ। ਉਨ੍ਹਾਂ ਵਿੱਚ ਨਵਾਂ ਕੀ ਏ। ਉਨ੍ਹਾਂ ਦੇ ਬਿਰਤਾਂਤ ਦੀ ਖ਼ੂਬੀ ਕਿਹੜੇ ਏ? ਆਪਾਂ ਤਾਂ ਸੰਕਟ ਦੀ ਗੱਲ ਕਰ ਰਹੇ ਹਾਂ... ਇਨ੍ਹਾਂ ਦੀ ਖ਼ੂਬੀ ਕਿਹੜੀ ਏ।

**ਡਾ. ਮਹਿਲ ਸਿੰਘ** : ਜਿੰਦਰ ਜਦੋਂ ਆਪਣੀਆਂ ਕਹਾਣੀਆਂ ਸਿਰਜਦਾ ਏ ਤਾਂ ਮੈਨੂੰ ਉਸ ਦੀ ਕਹਾਣੀ ਦੇ ਬਿਰਤਾਂਤ ਦੀ ਇਹ ਖ਼ੂਬੀ ਦਿਸਦੀ ਏ ਕਿ ਬਾਹਰੀ ਦਬਾਅ... ਬੰਦੇ ਦੀਆਂ ਸੋਚਾਂ ਨੂੰ ਕਿੰਨਾ ਤੰਗ ਕਰਦੇ ਨੇ। ਘਟਨਾਵਾਂ ਬੰਦੇ ਨੂੰ ਕਿਵੇਂ ਮਾਨਸਿਕ ਤੌਰ ਤੇ ਪ੍ਰਭਾਵਿਤ ਕਰਦੇ ਨੇ। ਭਾਵੇਂ ਕੁਝ ਪਾਤਰ ਪਰਵਾਸ ਵੀ ਕਰਦੇ ਨੇ। ਉਹ ਕਿਸ ਤਰ੍ਹਾਂ ਕਰਦੇ ਨੇ। ਉਨ੍ਹਾਂ ਦੇ ਮਨ ਅੰਦਰ ਕਿਹੋ ਜਿਹਾ ਖ਼ਲਲ ਪੈਂਦਾ ਏ। ਜਿੰਦਰ ਦੀ ਕਹਾਣੀ ਦੀ ਖ਼ੂਬੀ ਜਿਹੜੀ ਮੈਨੂੰ ਲੱਗੀ ਉਹ ਹੈ ਮਨੁੱਖੀ ਸਾਇਕੀ ਨੂੰ ਕੁਸ਼ਲਤਾ ਨਾਲ ਪੇਸ਼ ਕਰਨਾ। ਮਾਨਸਿਕਤਾ ਨੂੰ ਉਹ ਮਨੋਵਿਗਿਆਨੀ ਵਾਂਗ ਪਕੜਦਾ ਏ। ਬੰਦਾ ਜੋ ਹੈ ਉਹ ਬਰਫ਼ ਦਾ ਤੋਦਾ ਏ। ਇਕ ਪ੍ਰਤੀਸ਼ਤ ਦਿਸਦਾ ਤੇ ਨੌਂ ਹਿੱਸੇ ਪਾਣੀ ਅੰਦਰ ਲੁਕੇ ਹੋਏ ਨੇ। ਜਿੰਦਰ ਉਨ੍ਹਾਂ ਨੌਂ ਹਿੱਸਿਆ ਨੂੰ ਨਸ਼ਰ ਕਰਨ ਦੀ ਕੋਸ਼ਿਸ਼ ਕਰਦਾ ਏ। ਔਰ ਜਿੰਦਰ ਬਿਰਤਾਂਤ ਨੂੰ ਪੇਸ਼ ਕਰਨ ਲੱਗਾ ਬੇਲੈਂਸ ਰਹਿੰਦਾ ਏ ਬੇਬਾਕ ਨਹੀਂ ਹੁੰਦਾ। ਕਹਾਣੀ ਗੁਰਮੀਤ ਕੜਿਆਲਵੀ ਵੀ ਅੱਛੀ ਲਿੱਖਦਾ ਏ। ਉਹਦੇ ਆਪਣੇ ਵਿਸ਼ੇ ਹਨ। ਜਿੰਦਰ ਵਿੱਚ ਪਾਤਰ ਦੀਆਂ ਅੰਦਰਲੀਆਂ ਸੂਖਮਤਾਵਾਂ ਨੂੰ ਪਕੜਨ ਦੀਆਂ ਵਿਧੀਆਂ ਬਾ ਕਮਾਲ ਨੇ। ਜੋ ਸੁਰਿੰਦਰ ਨੀਰ ਦੀ ਕਹਾਣੀ ਏ। ਨੀਰ ਪਾਤਰਾਂ ਦੀ ਭਾਸ਼ਾ ਦਾ ਮੁਹਾਂਦਰਾ ਬੜੀ ਸਮਰੱਥਾ ਨਾਲ ਪੇਸ਼ ਕਰਦੀ ਏ। ਉਸ ਦੀਆਂ ਕਹਾਣੀਆਂ ਦਾ ਕਾਵਿਕ ਮੁਹਾਵਰਾ ਬਣ ਜਾਂਦਾ ਏ। ਉਤਮ ਸਾਹਿਤਕਾਰੀ ਦਾ ਕੋਈ ਇਕ ਮੀਟਰ ਵੀ ਨਹੀਂ ਹੁੰਦਾ। ਜੇ ਤੁਸੀਂ ਪਾਤਰ ਹੀ ਯਾਦਗਾਰੀ ਚਿੱਤਰ ਦਿਓ ਤਾਂ ਉਹ ਵੀ ਰਚਨਾ ਸਫ਼ਲ ਹੋ ਜਾਂਦੀ ਏ।

**ਰਸੂਲਪੁਰੀ** : ਹੀਰਾ ਸਿੰਘ ਜੀ ਤੁਹਾਨੂੰ ਕੁਝ ਸੰਘਣੇ ਬਿਰਤਾਂਤ ਵਾਲੀਆਂ ਜਾਂ ਪੇਤਲੇ ਬਿਰਤਾਂਤ ਵਾਲੀਆਂ ਕਹਾਣੀਆਂ ਚੇਤੇ ਨੇ।

**ਡਾ. ਹੀਰਾ ਸਿੰਘ** : ਜੇ ਤੁਸੀਂ ਸੰਘਣੇ ਬਿਰਤਾਂਤ ਵਾਲੀ ਕਹਾਣੀ ਵੇਖਣੀ ਹੋਵੇ ਤਾਂ ਮੈਨੂੰ ਤਲਵਿੰਦਰ ਸਿੰਘ ਦੀ ਕਹਾਣੀ 'ਨੀਲੀਆਂ ਅੱਖਾਂ ਵਾਲੀ ਕੁੜੀ' 'ਚ ਦਿਸਦਾ ਏ। ਜਦੋਂ ਤੁਸੀਂ ਕਹਾਣੀ ਪੜ੍ਹਨ ਲੱਗਦੇ ਹੋ ਤਾਂ ਲੱਗਦਾ ਏ ਜਿਵੇਂ ਤੁਸੀਂ ਤਲਵਾਰ ਦੇ ਦੋਵੇਂ ਕਿਨਾਰਿਆ 'ਤੇ ਤੁਰੇ ਜਾਂਦੇ ਹੋ। ਉਸ ਪਾਤਰ ਦੀਆਂ ਬਹੁਤ ਸਾਰੀਆਂ ਪਰਤਾਂ ਓਸ ਕਹਾਣੀ ਵਿੱਚ ਤੁਹਾਨੂੰ ਦਿਸਦੀਆਂ ਨੇ।

**ਡਾ. ਮਹਿਲ ਸਿੰਘ** : ਹੁਣ ਵਰਿਆਮ ਸੰਧੂ ਦੀ ਕਹਾਣੀ ਕਿਉਂ ਲੰਮੀ ਹੋ ਜਾਂਦੀ ਏ। ਇਕ ਤਾਂ ਉਹ ਕਹਾਣੀ ਵਿੱਚ ਪਾਤਰ ਦੀਆਂ ਕਈ ਪਰਤਾਂ ਸ਼ਾਮਿਲ ਕਰ ਲੈਂਦਾ ਏ। ਮੈਨੂੰ ਪ੍ਰੇਮ ਪ੍ਰਕਾਸ਼ ਦੀ ਕਹਾਣੀ ਚੇਤੇ ਆਉਂਦੀ ਏ 'ਗਿਰਦਾਵਰੀ' ਪ੍ਰੇਮ ਪ੍ਰਕਾਸ਼ ਆਪਦੀ

ਕਹਾਣੀ ਨੂੰ ਬਹੁ ਦਿਸ਼ਾਵੀ ਕਰ ਲੈਂਦਾ ਏ। ਤੁਸੀਂ 'ਡੈੱਡ ਲਾਇਨ' ਹੀ ਲੈ ਲਓ। ਕਿੰਨੀਆਂ ਪਰਤਾਂ ਨੇ। ਪ੍ਰੇਮ ਪ੍ਰਕਾਸ਼ ਦੀ ਕਹਾਣੀ ਏ 'ਕਾਨੀ' ਉਹਦੇ ਵਿੱਚ ਘਟਨਾਵਾਂ ਦੀਆਂ ਪਰਤਾਂ ਨਹੀਂ ਹੈਨ ਪਰ ਬੰਦੇ ਦੇ ਸੁਭਾਅ ਦੀਆਂ ਪਰਤਾਂ ਹਨ।

**ਰਸੂਲਪੁਰੀ :** ਡਾ. ਸਾਬ੍ਹ ਇਕ ਪਾਸੇ ਤਾਂ ਸਮਕਾਲ ਵਿੱਚ ਬਹੁ ਪਰਤੀ ਕਹਾਣੀ ਲਿਖੀ ਜਾ ਰਹੀ ਏ। ਆਪਣੇ ਕੋਲ ਬਹੁਤ ਸਾਰੇ ਨਾਂ ਨੇ। ਮਨਿੰਦਰ ਕਾਂਗ ਦੀਆਂ ਕਹਾਣੀਆਂ ਨੇ, ਸਾਂਵਲ ਧਾਮੀ ਹੈ, ਬਲਵਿੰਦਰ ਗਰੇਵਾਲ ਏ, ਗੁਰਮੀਤ ਕੜਿਆਲਵੀ ਦੀਆਂ ਕੁਝ ਕਹਾਣੀਆਂ ਨੇ, ਜਿੰਦਰ ਹੈ...ਦੂਜੇ ਪਾਸੇ ਸਮਕਾਲ ਵਿੱਚ ਕੁਝ ਅਜਿਹੀਆਂ ਕਹਾਣੀਆਂ ਚਰਚਿਤ ਹੋ ਜਾਂਦੀਆਂ ਜਿਹੜੀਆਂ ਇਕਹਿਰੀ ਪਰਤ ਦੀਆਂ ਹੁੰਦੀਆਂ ਨੇ...ਬਹੁਤ ਪੇਤਲੀ ਪੱਧਰ ਦੀਆਂ ਨੇ... ਅਲੀ ਓਸਮਾਨ ਬਾਜਵਾ ਦੀ ਕਹਾਣੀ 'ਓਪਰੀ ਹਵਾ' ਨੂੰ ਇਨਾਮ ਦੇ ਕੇ ਬਹੁਤ ਉਭਾਰਿਆ ਗਿਆ, ਜਸਵਿੰਦਰ ਧਰਮਕੋਟ ਦੀ 'ਮੈਲਾਲਿਨ' ਕਹਾਣੀ ਏ। ਕਹਾਣੀਕਾਰ ਸਾਰੀ ਕਹਾਣੀ 'ਚ ਇਹੀ ਸਮਝਾਈ ਜਾਂਦਾ ਕਿ ਕਾਲਾ ਰੰਗ ਕਿਉਂ ਜਾਂ ਕਿਵੇਂ ਬਣਦਾ ਏ। ਇਹਦੇ ਅਰਥ ਸਮਝਾਉਣ ਤੇ ਲੇਖਕ ਦਾ ਸਾਰਾ ਜ਼ੋਰ ਲੱਗ ਜਾਂਦਾ। ਰੇਮਨ ਦੀਆਂ ਦੀਆਂ ਕਹਾਣੀਆਂ ਨੇ...ਹੋਰ ਕੁਝ ਨਾਂ ਨੇ ਜਿਹੜੇ ਆਪ ਹੀ ਆਪਣੇ ਆਪ ਨੂੰ ਕਹੀ ਜਾਂਦੇ ਨੇ ਜਾਂ ਉਹਦਾ ਗਰੁੱਪ ਕਹੀ ਜਾਂਦਾ। ਮੈਂ ਹੀ ਸਭ ਤੋਂ ਵੱਡਾ ਕਹਾਣੀਕਾਰ ਹਾਂ। ਸਿਆਣਾ ਪਾਠਕ ਦਵੰਧ ਵਿੱਚ ਪੈ ਜਾਂਦਾ ਕਿ ਇਹ ਹੋ ਕੀ ਰਿਹਾ ਏ।

**ਡਾ. ਮਹਿਲ ਸਿੰਘ :** ਮੈਂ ਸਮਝਦਾ ਹਾਂ ਸਧਾਰਨ ਆਦਮੀ ਵੀ ਐਨਾ ਸਤੱਹੀ ਨਹੀਂ ਹੁੰਦਾ ਜਾਂ ਇਕ ਪਰਤੀ ਨਹੀਂ ਹੁੰਦਾ। ਇਕ ਪਰਤੀ ਸਾਹਿਤ ਕਦੇ ਵੀ ਪਾਏਦਾਰ ਨਹੀਂ ਹੁੰਦਾ। ਪਾਠਕਾਂ ਨੂੰ ਲੰਮਾ ਸਮਾਂ ਯਾਦ ਨਹੀਂ ਰਹਿੰਦਾ। ਅਜਿਹੇ ਸਾਹਿਤ ਦੀ ਉਮਰ ਬਹੁਤ ਥੋੜ੍ਹੀ ਹੁੰਦੀ ਏ। ਪਾਕਿਸਤਾਨ ਦੇ ਡਰਾਮੇ ਵਿੱਚ ਇਕ ਪਾਤਰ ਬੋਲਦਾ ਆ ਕਿ ਹਰ ਗੱਲ ਦੇ ਪਿੱਛੇ ਕੋਈ ਹੋਰ ਗੱਲ ਹੁੰਦੀ ਆ ਤੇ ਜਿਹੜੀ ਗੱਲ ਪਿੱਛੇ ਕੋਈ ਗੱਲ ਨਾ ਹੋਵੇ ਤਾਂ ਉਹ ਕੋਈ ਗੱਲ ਈ ਨਹੀਂ ਹੁੰਦੀ। ਇਕ ਘਟਨਾ ਦੇ ਪਿੱਛੇ ਕਈ ਗੱਲਾਂ ਹੁੰਦੀਆਂ ਨੇ। ਉਹਦੇ ਸੁਭਾ ਦੀਆਂ ਕਈ ਪਰਤਾਂ ਹੁੰਦੀਆਂ ਨੇ। ਅੱਜ ਦੇ ਸਮੇਂ ਵਿੱਚ ਸਾਹਿਤ ਵਿੱਚ ਕੇਵਲ ਤੇ ਕੇਵਲ ਚਿੱਟਾ ਰੰਗ ਨਹੀਂ ਹੁੰਦਾ। ਕੇਵਲ ਤੇ ਕੇਵਲ ਕਾਲਾ ਰੰਗ ਵੀ ਸਾਹਿਤ ਦਾ ਨਹੀਂ ਹੁੰਦਾ। ਬੰਦਾ, ਪਾਤਰ ਤੇ ਬਿਰਤਾਂਤ ਬਹੁ ਰੰਗਾ ਹੁੰਦਾ ਏ। ਸਾਨੂੰ ਬਿਰਤਾਂਤ ਨੂੰ ਇਕ ਜਟਿਲ ਅਤੇ ਮਿਸ਼ਰਤ ਕੰਪਲੈਕਸ ਦੇ ਰੂਪ ਵਿੱਚ ਪੇਸ਼ ਕਰਨਾ ਪਵੇਗਾ। ਬੰਦੇ ਦੀ ਬਣਤਰ ਵਿੱਚ ਅਜਿਹੇ ਸੱਚ ਵੀ ਹੁੰਦੇ ਨੇ ਜਿਹੜੇ ਆਮ ਤੌਰ ਤੇ ਦਿਸਦੇ ਹੀ ਨਹੀਂ। ਜਦੋਂ ਕੋਈ ਸਮਰੱਥਾਵਾਨ ਲੇਖਕ ਉਸ ਨੂੰ ਕਹਾਣੀ ਜਾਂ ਨਾਵਲ ਵਿੱਚ ਵਿਖਾ ਦਿੰਦਾ ਏ ਤਾਂ ਕਮਾਲ ਹੋ ਜਾਂਦੀ ਏ। ਰਜਨੀਸ਼ ਬਹਾਦਰ ਸਿੰਘ ਅਕਸਰ ਕਹਿੰਦਾ ਹੁੰਦਾ ਸੀ ਕਿ ਸਾਡੇ ਨਾਵਲ ਜਾਂ ਕਹਾਣੀ ਵਿੱਚ ਜੇਕਰ ਜੱਟ ਦਾ ਚਿਤਰਨ ਆ ਤਾਂ ਜੱਟ ਦਾ ਚਿਤਰਨ ਹੀ ਏ। ਉਹ ਜਿਸ ਸਮਾਜ ਵਿੱਚ ਰਹਿੰਦਾ ਏ ਉਹਦਾ ਕਿਤੇ ਜ਼ਿਕਰ ਨਹੀਂ। ਉਹਦਾ ਕਿਸੇ ਖੱਤਰੀ ਨਾਲ ਵਾਹ ਨਹੀਂ, ਕਿਸੇ ਮੱਜ਼ਬੀ ਨਾਲ ਵਾਹ ਨਹੀਂ। ਉਹ ਕੰਪਲੈਸਕ ਸਮਾਜ ਸਾਹਿਤ ਵਿੱਚ ਕਿਓਂ ਨਹੀਂ ਆਉਂਦਾ। 'ਤੂਤਾ ਵਾਲਾ ਖ਼ੂਹ' 17 ਸਾਲ ਦੱਸਵੀਂ ਕਲਾਸ ਵਿੱਚ ਲੱਗਾ ਰਿਹਾ। ਉਹਦੇ ਵਿੱਚ ਧੰਨੇ ਸ਼ਾਹ, ਇਲਮਦੀਨ ਪਾਤਰ ਹਨ। ਕੀ ਉਸ ਵਿੱਚੋਂ ਕੰਪਲੈਕਸ ਸੁਸਾਇਟੀ ਨਿਕਲਦੀ ਏ? ਦ੍ਰਿਸ਼ਟੀ ਦੀ ਗੱਲ ਏ। ਸੋਹਣ ਸਿੰਘ ਸ਼ੀਤਲ ਨੇ ਆਲੋਚਕਾ ਦਾ ਗਿਲਾ ਦੂਰ

ਕਰ ਦਿੱਤਾ ਸੀ ਪਰ ਬਾਅਦ ਵਿੱਚ ਸਾਡੇ ਲੇਖਕ ਉਸ ਲੀਹ ਉੱਤੇ ਨਹੀਂ ਚੱਲੇ। ਜਦੋਂ ਗੁਰਦਿਆਲ ਸਿੰਘ ਦੇ ਨਾਵਲ 'ਅੱਧ ਚਾਨਣੀ ਰਾਤ' ਦਾ ਧੀਮਕ ਅਧਿਐਨ ਕਰਦਾ ਹਰਿਭਜਨ ਸਿੰਘ ਲਿਖਦਾ ਹੈ ਕਿ ਉਹ ਆਂਹਦਾ ਏ ਕਿ ਗੁਰਦਿਆਲ ਸਿੰਘ ਨਾਇਕਾਂ ਦਾ ਨਾਵਲਕਾਰ ਏ। ਕੇਂਦਰੀ ਪਾਤਰਾਂ ਦਾ ਨਾਵਲਕਾਰ ਏ। ਉਹ ਇਸ ਗੱਲ 'ਚ ਬੜੀ ਡੂੰਘੀ ਗੱਲ ਕਰ ਜਾਂਦਾ ਏ। ਜਿਹੜੇ ਮੁੱਖ ਪਾਤਰ ਦੇ ਵਿਰੋਧ ਵਿੱਚ ਪਾਤਰ ਹੁੰਦੇ ਹਨ ਉਨ੍ਹਾਂ ਦੇ ਘਰਾਂ ਵਿੱਚ ਨਾਵਲ ਵੜਦਾ ਹੀ ਨਹੀਂ। ਇਹ ਗੱਲ ਤਾਂ ਗੁਰਦਿਆਲ ਸਿੰਘ ਦੀ ਸਾਇਕੀ ਵਿੱਚ ਬੈਠੀ ਆ ਕਿ ਮੈਂ ਇਸ ਪਾਤਰ ਨੂੰ ਹੀ ਉਭਾਰਨਾ ਏ ਤਾਂ ਇਹਨੂੰ ਨਹੀਂ ਉਭਾਰਨਾ। ਜਾਂ ਇਹਨੂੰ ਐਨਾ ਕੁ ਉਭਾਰਨਾ ਏ। ਹਰ ਲੇਖਕ ਦਾ ਸਾਰਾ ਸਾਹਿਤ ਹੀ ਉਤਮ ਨਹੀਂ ਹੁੰਦਾ। ਅਤੇ ਸਾਰੇ ਲੇਖਕ ਉਤਮ ਹੀ ਪੈਦਾ ਹੋਣ ਇਹ ਵੀ ਨਹੀਂ ਹੁੰਦਾ। ਪੀੜ੍ਹੀਆਂ ਵਿੱਚੋਂ ਕੋਈ ਲੇਖਕ ਮਸਾਂ ਈ ਉਭਰਦਾ ਏ। ਅੱਜ ਵੀ ਕੁਲਵੰਤ ਸਿੰਘ ਵਿਰਕ ਦਾ ਕੋਈ ਸਾਨੀ ਨਹੀਂ। ਵਰਿਆਮ ਸੰਧੂ ਤੇ ਏਥੋਂ ਤੱਕ ਪ੍ਰੇਮ ਪ੍ਰਕਾਸ਼ ਦੇ ਨਾਂ ਵੀ ਲਏ ਜਾ ਸਕਦੇ ਨੇ।

**ਹੀਰਾ ਸਿੰਘ :** ਮੈਂ ਡਾਕਟਰ ਸਾਬ੍ਹ ਹੁਰਾਂ ਦੀ ਗੱਲ ਹੀ ਅੱਗੇ ਤੋਰਨ ਲੱਗਾ ਹਾਂ। ਜਿੰਨੇ ਵੀ ਨਾਵਲਾਂ ਤੇ ਕਹਾਣੀਆਂ ਦੇ ਨਾਂ ਲਏ ਨੇ 'ਅੱਧ ਚਾਨਣੀ ਰਾਤ', 'ਛਾਹ ਵੇਲਾ', 'ਕੁਵੇਲਾ', 'ਦੁੱਧ ਦਾ ਛੱਪੜ'... ਇਨ੍ਹਾਂ ਕਹਾਣੀਆਂ ਦੀ ਸਾਦਗੀ ਦੀ ਆਪਣੀ ਗਰੇਸ਼ ਹੁੰਦੀ ਸੀ। ਅੱਜ ਦਾ ਲੇਖਕ ਨਾਂ ਵੀ ਬੜੇ ਟੈਕਨੀਕਲ ਅਤੇ ਓਹਲੇ ਵਾਲੇ ਰੱਖਣ ਲੱਗ ਪਿਆ... ਸਾਇਦ ਰੰਮੀ ਮੰਨ ਜਾਵੇ... ਮੈਂ ਨਾਂ ਪੜ੍ਹ ਕੇ ਸੋਚਾਂ ਇਹ ਕਿਤਰਾਂ ਦੀ ਕਹਾਣੀ ਹੋਵੇਗੀ? (ਹਾਸਾ)...

**ਰਸੂਲਪੁਰੀ :** ਜਿਵੇਂ ਆਈ ਕਾਂਟ ਬ੍ਰੀਦ... ਬਲਾਈਂਡ ਡੇਟ...

**ਡਾ. ਮਹਿਲ ਸਿੰਘ** : ਹੁਣ ਸੁਖਜੀਤ ਨੇ ਜਿਹੜਾ ਕਹਾਣੀ ਦਾ ਨਾਂ ਰੱਖਿਆ ... ਮੈਂ ਰੇਪ ਨੂੰ ਇੰਨਜੁਆਏ ਕਰਦੀ ਹਾਂ... ਫਿਰ ਉਹਨੇ ਰੱਖ ਲਿਆ 'ਮੈਂ ਇੰਨਜੁਆਏ ਕਰਦੀ ਹਾਂ'... ਆਪਾਂ ਸਾਰੇ ਨਿਰਪੱਖ ਜਿਹੇ ਬੰਦੇ ਬੈਠੇ ਆ... ਇਹ ਗੱਲ ਕੱਲ੍ਹ ਨੂੰ ਲੇਖਕਾਂ ਕੋਲ ਵੀ ਜਾਣੀ ਏ...ਤੁਸੀਂ ਵੀ ਕਹਾਣੀ ਲਿਖਦੇ ਹੋ... ਸੁਖਜੀਤ ਨੂੰ ਤੁਸੀਂ ਪੜ੍ਹੋ ਤਾਂ ਤੁਹਾਨੂੰ ਇਹ ਨਹੀਂ ਲੱਗੇਗਾ ਕਿ ਸੁਖਜੀਤ ਔਖਾ ਹੋ ਕੇ ਲਿਖ ਰਿਹਾ। ਬਲਵਿੰਦਰ ਸਿੰਘ ਗਰੇਵਾਲ...ਕਈ ਵਾਰ ਜਿੰਦਰ ਵੀ ਲੱਗਦਾ ਕਿ ਇਹ ਕਹਾਣੀ ਬੜੇ ਔਖੇ ਹੋ ਕੇ ਲਿਖ ਰਹੇ ਨੇ। ਮਤਲਬ ਬੜੇ ਔਖੇ ਹੋ ਕੇ ਲਿਖ ਰਹੇ ਨੇ...ਇਹ ਬੜਾ ਕੰਪਲੈਕਸ ਵੀ ਬਣਾ ਲੈਂਦੇ ਨੇ। ਬਲਵਿੰਦਰ ਗਰੇਵਾਲ ਵੀ ਨਿੱਕੀ ਜਿਹੀ ਗੱਲ ਨੂੰ ਐਨਾ ਘੁਮਾਈ ਤੁਰੀ ਜਾਂਦਾ ਕਿ (ਅਰਵਿੰਦਰ ਧਾਲੀਵਾਲ – (ਵਿਚੋਂ ਟੋਕ ਕੇ) ਉਹ ਵਰਿਆਮ ਸੰਧੂ ਵਾਂਗੂੰ ਕਰਦਾ) ਵੇਖੋਂ ਵਰਿਆਮ ਸੰਧੂ ਅਜੇ ਬੜਾ ਸਾਵਧਾਨੀ ਨਾਲ ਵਿਚਰਦਾ ਆ। ਪਰ ਗਰੇਵਾਲ ਬੜਾ ਔਖਾ ਹੋ ਹੋ ਕੇ ਲਿਖਦਾ ਜਿਵੇਂ ਬੰਦੇ ਨੂੰ ਕਬਜ਼ ਹੋਈ ਹੁੰਦੀ ਆ (ਹਾਸਾ)... ਤੇ ਬੰਦਾ ਬੜਾ ਔਖਾ ਹੋ ਕੇ ਉਸਲਵੱਟੇ ਲਈ ਜਾਂਦਾ।

**ਰਸੂਲਪੁਰੀ :** ਬਲਵਿੰਦਰ ਗਰੇਵਾਲ ਹੋ ਗਿਆ... ਸਾਂਵਲ ਧਾਮੀ ਹੋ ਗਿਆ... ਕਹਾਣੀ ਦੇ ਕਰਾਫਟ ਦੇ ਪੱਧਰ ਉੱਤੇ ਵਰਿਆਮ ਸੰਧੂ ਦੀ ਸ਼ੈਲੀ ਦਾ ਅਨੁਕਰਣ ਤਾਂ ਕਰਦੇ ਨੇ ਪਰ ਉਸ ਵਿੱਚੋਂ ਕੋਈ ਆਪਣੀ ਨਵੀਂ ਸ਼ੈਲੀ ਪੈਦਾ ਨਹੀਂ ਕਰਦੇ। ਇਹੀ ਇਨ੍ਹਾਂ ਦੀ ਸੀਮਾ ਬਣ ਜਾਂਦੀ ਏ।

**ਡਾ. ਮਹਿਲ ਸਿੰਘ :** ਤਾਂ ਹੀ ਤਾਂ ਮੈਂ ਕਹਿੰਦਾ ਇਹ ਵੱਡੇ ਰੁੱਖ ਦੇ ਪਰਛਾਂਵੇ ਵਿੱਚ ਰਹਿ ਜਾਣਗੇ। ਮੈਂ ਕਹਿੰਦਾ ਹਾਂ ਢਾਹਾਂ ਇਨਾਮ ਮਿਲ ਜਾਣਾ ਵੀ ਕੋਈ ਵੱਡੀ ਗੱਲ ਨਹੀਂ... ਵੱਡੀ ਗੱਲ ਤਾਂ ਤੁਹਾਡੀ ਕਲਾ ਕਿਰਤ ਨੇ ਬਣਾਉਣਾ ਏ। ਉਹ ਕਿਰਤ ਕਿੰਨੀ ਕੁ ਵੱਡੀ ਏ। ਢਾਹਾਂ ਵਾਲਿਆਂ ਹਰ ਸਾਲ ਤਿੰਨ ਕਿਤਾਬਾਂ ਨੂੰ ਇਨਾਮ ਦੇਣਾ ਈ ਦੇਣਾ ਏ।

**ਡਾ. ਆਤਮ ਰੰਧਾਵਾ :** ਰਸੂਲਪੁਰੀ ਹੁਰਾਂ ਜਿਵੇਂ 'ਮੈਲਾਨਿਨ' ਜਾਂ ਹੋਰ ਕਹਾਣੀਆਂ ਦਾ ਹਵਾਲਾ ਦਿੱਤਾ... ਇਹ ਜ਼ਰੂਰੀ ਨਹੀਂ ਕਿ ਕਿ ਕਿਸੇ ਕਹਾਣੀ ਦੇ ਵਧੇਰੇ ਪਾਠਕ ਹੋ ਜਾਣ ਜਾਂ ਕੋਈ ਕਹਾਣੀ ਚਰਚਾ ਵਿੱਚ ਆ ਜਾਵੇ ਤਾਂ ਉਹ ਕਹਾਣੀ ਉੱਤਮ ਹੋ ਜਾਂਦੀ ਏ।

**ਰਸੂਲਪੁਰੀ :** ਮੈਨੂੰ ਹੁਣ ਰੇਮਨ ਦੀਆਂ ਕਹਾਣੀਆਂ ਦਾ ਚੇਤਾ ਆ ਰਿਹਾ। ਉਸ ਦੀਆਂ ਉਪਰੋਥਲੀ ਦੋ ਕਿਤਾਬਾਂ ਛਪ ਗਈਆਂ ਨੇ। ਤਕਰੀਬਨ ਸਾਰੀਆਂ ਕਹਾਣੀਆਂ ਵਿੱਚ ਉਹ ਜਿਹੜਾ ਕਹਾਣੀ ਦਾ ਬਿਰਤਾਂਤ ਸਿਰਜਦੀ ਏ ਜਾਂ ਪਾਤਰ ਲੈਂਦੀ ਏ ਉਹ ਸਾਰਾ ਕੁਝ ਗੈਰ ਪੰਜਾਬੀ ਜਾਂ ਗੈਰ ਪੰਜਾਬ ਦਾ ਲੈਂਦੀ ਏ। ਉਹ ਜੋ ਵਿਸ਼ੇ ਲੈਂਦੀ ਏ ਸਾਰੇ ਗ਼ੈਰ ਪੰਜਾਬੀ ਹੁੰਦੇ ਨੇ। ਉਹਦੇ ਸਰੋਤ ਕਿਹੜੇ ਨੇ? ਇਹਦੇ ਬਾਰੇ ਕੁਝ ਲੋਕਾਂ ਨੇ ਸਵਾਲ ਵੀ ਕੀਤੇ ਨੇ। ਉਨ੍ਹਾਂ ਕਹਾਣੀਆਂ ਦਾ ਬਿਰਤਾਂਤ ਬਹੁਤ ਪੇਤਲੇ ਕਿਸਮ ਦਾ ਹੁੰਦਾ ਏ... ਪਾਤਰ ਤਾਂ ਉਸਰਦੇ ਹੀ ਨਹੀਂ।

**ਡਾ. ਆਤਮ ਰੰਧਾਵਾ :** ਵੇਖੋਂ ਇਸ ਕਿਸਮ ਦੀਆਂ ਕਿਤਾਬਾਂ ਪਹਿਲਾਂ ਵੀ ਆਉਂਦੀਆਂ ਰਹੀਆਂ ਨੇ। ਇਹ ਕਿਤਾਬਾਂ ਵਿਕਦੀਆਂ ਭਾਵੇਂ ਵੱਧ ਗਿਣਤੀ ਵਿੱਚ ਨੇ ਪਰ ਸਮੇਂ ਨੇ ਚੰਗੀ ਮਾੜੀ ਰਚਨਾ ਦਾ ਫ਼ੈਸਲਾ ਖ਼ੁਦ ਕਰ ਦੇਣਾ ਹੁੰਦਾ।

**ਰਸੂਲਪੁਰੀ :** ਮੈਂ ਏਹੀ ਕਹਿੰਦਾ ਹਾਂ ਕਿ ਕਹਾਣੀ ਦਾ ਬਿਰਤਾਂਤ ਘੜਨ ਦੇ... ਸੂਚਨਾ ਦੇ ਸਰੋਤ ਬਹੁਤ ਸਾਰੇ ਪੈਦਾ ਹੋ ਗਏ ਨੇ।

**ਡਾ. ਆਤਮ ਰੰਧਾਵਾ :** ਜਿਹੜੀ ਅਰਵਿੰਦਰ ਕੌਰ ਧਾਲੀਵਾਲ ਹੁਰਾਂ ਲਿਨੀਅਰ ਬਿਰਤਾਂਤ ਮਲਟੀ ਲੇਅਰਜ਼ ... ਬਹੁਤ ਪਰਤੀ ਬਿਰਤਾਂਤ ਦੀ...ਵਿਚਾਰਧਾਰਾ ਇਹਦੇ ਦੋ ਕਾਰਨ ਹੈਗੇ ਨੇ। ਜਿਹੜੀ ਪ੍ਰਗਤੀਵਾਦ ਨਾਲ ਲੇਖਕਾਂ ਤੇ ਪਾਠਕਾਂ ਵਿੱਚ ਇਕ ਰੁਚੀ ਪੈਦਾ ਹੋ ਗਈ ਉਹ ਲਿਨੀਅਰ ਬਿਰਤਾਂਤ ਤੇ ਚੱਲਦੀ ਏ। ਜਿਹੜੀ ਰੂਸੀ ਰੂਪਵਾਦ ਦੇ ਆਉਣ ਨਾਲ ਸਾਹਿਤ ਬਦਲਿਆ ਤੇ ਉਧਰ ਨੂੰ ਤੁਰ ਪਿਆ ਤਾਂ ਬਿਰਤਾਂਤ ਬਹੁ-ਪਰਤੀ ਆਉਣ ਲੱਗ ਪਿਆ। ਜਦੋਂ ਤੁਸੀਂ ਆਦਰਸ਼ ਕਿਸੇ ਚੀਜ਼ ਨੂੰ ਮੰਨ ਲਿਆ ਤਾਂ ਉਹ ਲਿਨੀਅਰ ਹੋ ਗਿਆ।

**ਰਸੂਲਪੁਰੀ :** ਜਦੋਂ ਪ੍ਰੇਮ ਪ੍ਰਕਾਸ਼ ਪ੍ਰਗਤੀਵਾਦ ਦੇ ਸਮੇਂ ਵੱਖਰੀ ਤਰ੍ਹਾਂ ਕਹਾਣੀ ਲਿਖ ਰਿਹਾ ਸੀ ਉਹਦੇ ਸਮਕਾਲੀ ਸਾਰੇ ਇਕ ਤਰ੍ਹਾਂ ਦੀ ਕਹਾਣੀ ਲਿਖ ਰਹੇ ਸਨ। ਇਸੇ ਤਰ੍ਹਾਂ ਵਰਿਆਮ ਸੰਧੂ ਦੀ ਕਹਾਣੀ ਵੀ ਆਪਣੇ ਸਮਕਾਲੀਆਂ ਤੋਂ ਵੱਖਰੀ ਤਰ੍ਹਾਂ ਦੀ ਕਹਾਣੀ ਹੈ।

**ਡਾ. ਮਹਿਲ ਸਿੰਘ :** ਥੀਸਿਸ... ਐਟੀ ਥੀਸਿਸ ਤੇ ਸਨਥੀਸਿਸ। ਜਦੋਂ ਪ੍ਰਗਤੀਵਾਦ ਦਾ ਦੌਰ ਚੱਲ ਗਿਆ ਸੀ ਤਾਂ ਵਿਚੇ ਸੰਰਚਨਾਵਾਦੀ ਵੀ ਆਏ ਉਨ੍ਹਾਂ ਕਿਹਾ ਕਿ ਰਚਨਾ ਐਦਾ ਵੀ ਵੇਖੀ ਸਮਝੀ ਜਾ ਸਕਦੀ ਏ। ਉਹਦੇ ਵਿੱਚੋਂ ਇਹ ਗੱਲ ਆਈ ਕਿ ਸੋਹਜ ਵੀ ਹੋਣਾ ਚਾਹੀਦਾ ਏ। ਕਲਾਤਮਿਕ ਪੁਖ਼ਤਗੀ ਵੀ ਚਾਹੀਦੀ ਏ। ਤੇ ਥੀਮ ਵੀ ਠੋਸ ਹੋਣਾ ਚਾਹੀਦਾ ਏ।

**ਰਸੂਲਪੁਰੀ** : ਜਦੋਂ ਪ੍ਰਗਤੀਵਾਦ ਵਿਚਾਰਧਾਰਾ ਦੀ ਹਨੇਰੀ ਚੱਲਦੀ ਪਈ ਸੀ ਤਾਂ ਜਿਹੜੇ ਕਰਿਟਕ ਸਨ ਉਨ੍ਹਾਂ ਦੀ ਸੋਚ ਸੀ ਅਸੀਂ ਉਹ ਕਹਾਣੀ ਨੂੰ ਉਭਾਰਨਾ ਏ ਜਿਹੜੀ ਸਾਡੀ ਸੋਚ ਨਾਲ ਕਹਾਣੀ ਲਿਖੀ ਗਈ ਹੋਵੇ। ਜੋ ਉਸ ਵੇਲੇ ਦੇ ਕਹਾਣੀਕਾਰ ਸਨ ਉਹ ਵੀ ਪ੍ਰਗਤੀਵਾਦੀ ਆਲੋਚਕਾ ਵੱਲ ਵੇਖ-ਵੇਖ ਕੇ ਕਹਾਣੀਆਂ ਲਿਖਦੇ ਸਨ ਜਿਹੜੀ ਕਹਾਣੀ ਉਨ੍ਹਾਂ ਨੂੰ ਪਸੰਦ ਆਵੇ।

**ਡਾ. ਮਹਿਲ ਸਿੰਘ** : ਤਾਂ ਫਿਰ ਆਲੋਚਕ ਮੁੱਖੀ ਸਾਹਿਤ ਹੋਂਦ ਵਿੱਚ ਆਉਣ ਲੱਗ ਪੈਂਦਾ ਏ। ਉਹ ਦੌਰ ਈ ਇਹ ਸੀ ਕਿ ਜਗੀਰਦਾਰਾ ਨੂੰ ਗਾਲਾਂ ਕੱਢਣੀਆਂ ਨੇ। ਗੁਰਸ਼ਰਨ ਸਿੰਘ ਦੇ ਨਾਟਕ ਉਦੋਂ ਚੱਲਦੇ ਸਨ। ਸਾਹਿਤ ਵੀ ਇਸ ਕਿਸਮ ਦਾ ਉਭਰਦਾ ਸੀ। ਫਿਰ ਬਾਅਦ ਵਿੱਚ ਕਿਤੇ ਜਾ ਕੇ ਯੂਨੀਵਰਸਿਟੀਆਂ ਵਿੱਚ ਸੰਰਚਨਾਵਾਦ... ਰੂਪਵਾਦ ਆਦਿ ਆਲੋਚਨਾ ਪੱਧਤੀਆਂ ਆਉਂਦੀਆਂ ਨੇ।

**ਡਾ. ਆਤਮ ਰੰਧਾਵਾ** : ਉਨ੍ਹਾਂ ਦੀ ਇਹ ਗੱਲ ਸੀ ਕਿ ਕਿਸੇ ਚੀਜ਼ ਨੂੰ ਵੇਖਣ ਦਾ ਇਕੋ ਹੀ ਰਾਹ ਹੁੰਦਾ ਏ।

**ਰਸੂਲਪੁਰੀ** : ਸਮਕਾਲ ’ਚ ਕਹਾਣੀ ਦਾ ਬਿਰਤਾਂਤ ਉਸਾਰਨ ’ਚ ਕਹਾਣੀਕਾਰ ਕੋਲ ਬਹੁਤ ਸਾਰੇ ਸਰੋਤ ਪੈਦਾ ਹੋ ਗਏ ਨੇ, ਜਿਵੇਂ ਯੂ-ਟਿਊਬ, ਨੈੱਟਫਲੈਕਸ, ਵਟਸਐੱਪ, ਯੂ-ਟਿਊਬ ਚੈਨਲ ਆਦਿ ਆਦਿ। ਜਿਸ ਨਾਲ ਲੇਖਕ ਸਮਾਜ ’ਚ ਪਾਤਰਾ ’ਚ ਵਿਚਰਨ-ਨੇੜੇ ਤੋਂ ਸਮਝਣ ਅਤੇ ਨੇੜੇ ਦੇ ਅਨੁਭਵ ਦੀ ਬਜਾਏ ਬਿਰਤਾਂਤ ਸਿਰਜਣ ਲਈ ਉਪਰੋਕਤ ਸਾਧਨਾ ਨੂੰ ਵਰਤਣ ਲੱਗ ਪਿਆ... ਕੀ ਤੁਸੀਂ ਸਮਝਦੇ ਹੋ ਕਿ ਕਹਾਣੀਕਾਰ ਆਪਣੇ ਬਿਰਤਾਂਤ ’ਚ ਕਲਾਤਮਿਕਤਾ, ਗਹਿਰਾਈ ਨਾਲ ਗੱਲ ਕਰਨ ਲੱਗ ਪਿਆ ਏ?

**ਡਾ. ਆਤਮ ਰੰਧਾਵਾ** : ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਸਮਕਾਲੀ ਕਹਾਣੀਕਾਰਾਂ ਲਈ ਨਵੇਂ ਡਿਜ਼ੀਟਲ ਮੀਡੀਆ ਕਹਾਣੀ ਨੂੰ ਪੇਸ਼ ਕਰਨ ਅਤੇ ਉਸਾਰਨ ਦੇ ਨਵੇਂ ਮੌਕੇ ਪ੍ਰਦਾਨ ਕਰ ਰਹੇ ਹਨ। ਇਹ ਪਲੇਟਫਾਰਮ ਸਿਰਫ਼ ਮਨੋਰੰਜਨ ਦੀ ਜਗ੍ਹਾ ਹੀ ਨਹੀਂ, ਕਹਾਣੀਕਾਰਾਂ ਲਈ ਵਿਭਿੰਨ ਸਰੋਤ ਵੀ ਹਨ। ਇਨ੍ਹਾਂ ਨੇ ਕਹਾਣੀ ਦੇ ਰੂਪ, ਸ਼ੈਲੀ ਅਤੇ ਭਾਵਨਾਵਾਂ ਨੂੰ ਵਿਅਕਤ ਕਰਨ ਦੇ ਤਰੀਕਿਆਂ ’ਤੇ ਵੀ ਅਸਰ ਪਾਇਆ ਹੈ।

ਇਸ ਨਾਲ ਪ੍ਰਤਿਭਾਸ਼ੀਲ ਕਹਾਣੀਕਾਰਾਂ ਦੀ ਕਹਾਣੀ ਵਿਚ ਗਹਿਰਾਈ ਅਤੇ ਕਲਾਤਮਿਕਤਾ ਨੂੰ ਨਵੀਆਂ ਰਾਹਾਂ ਮਿਲ ਰਹੀਆਂ ਹਨ। ਉਹ ਦੂਸਰਿਆਂ ਦੇ ਦੂਸਰੇਪਨ ਨੂੰ ਬਾਖ਼ੂਬੀ ਪਕੜ ਰਹੇ ਹਨ ਤੇ ਸਿਰਜਣ ’ਚ ਢਾਲ਼ ਰਹੇ ਹਨ। ਗ਼ੈਰ-ਦਲਿਤ, ਦਲਿਤ ਜੀਵਨ ਬਾਰੇ; ਗ਼ੈਰ-ਪਰਵਾਸੀ, ਪਰਵਾਸੀ ਜੀਵਨ ਬਾਰੇ ਜਾਂ ਮਰਦ, ਨਾਰੀ ਤੇ ਨਾਰੀ, ਮਰਦ ਅਨੁਭਵਾਂ ਨੂੰ ਪੇਸ਼ ਕਰਨ ਦੀਆਂ ਅਨੇਕਾਂ ਉਦਾਹਰਨਾਂ ਮਿਲਦੀਆਂ ਹਨ। ...ਹੁਣ ਇਹਦਾ ਦੂਜਾ ਪੱਖ ਲੈ ਲਓ, ਅਕਹਾਣੀਕਾਰਾਂ ਨੂੰ ਸੌਖਿਆਂ ਵੰਨ-ਸੁਵੰਨਾ ਮਸਾਲਾ ਮਿਲ ਰਿਹਾ ਹੈ ਜਿਸਦੇ ਚਰਬੇ ਦੀ ਉਧੇੜ-ਬੁਣ ਕਰਕੇ ਉਹ ਨਕਲੀ ਜਾਂ ਪੇਤਲੀ ਕਹਾਣੀ ਲਿਖੀ ਜਾ ਰਹੇ ਹਨ। ਇਥੇ ਇਹ ਧਿਆਨ ਰੱਖਣ ਵਾਲੀ ਗੱਲ ਹੈ ਕਿ ਸਮਾਜ ਤੇ ਜ਼ਿੰਦਗੀ ਦੇ ਅਨੁਭਵਾਂ ਨੂੰ ਪਾਤਰਾਂ ਵਿਚ ਵਿਆਪਕ ਢੰਗ ਨਾਲ ਦਰਸਾਉਣਾ ਕਹਾਣੀਕਾਰਾਂ ਲਈ ਮਹੱਤਵਪੂਰਨ ਹੈ ਪਰ ਇਨ੍ਹਾਂ ਪਲੇਟਫਾਰਮਾਂ ਦਾ ਇਕ ਅਲੱਗ ਸਹਾਇਕ ਸੰਦ-ਸਾਧਨ ਵਜੋਂ ਫਾਇਦਾ ਲਿਆ ਜਾ ਸਕਦਾ ਹੈ।

ਮੁਕਦੀ ਗੱਲ ਕਹਾਣੀਕਾਰਾਂ ਨੂੰ ਅਜੇ ਵੀ ਸਮਾਜ ਦੇ ਮੂਲ ਪੱਖਾਂ, ਤੈਹਾਂ ਹੇਠ ਵਾਪਦੇ ਵਰਤਾਰਿਆਂ ਅਤੇ ਗ਼ੈਰ-ਹਾਜ਼ਰ ਹੋ ਜਾਂ ਕਰ ਦਿੱਤੀਆਂ ਗਈਆਂ ਅਸਲੀਅਤਾਂ ਦੀ ਤਲਾਸ਼ ਵਿਚ ਲੱਗੇ ਰਹਿਣਾ ਚਾਹੀਦਾ ਹੈ, ਗਹਿਰਾਈ ਦੇ ਮੂਲ ਸਰੋਤ ਇਹ ਹਨ। ਕਹਾਣੀ ਨੇ ਇਨ੍ਹਾਂ 'ਤੇ ਟਿਕਣਾ ਹੈ। ਨਵੀਂ ਤਕਨਾਲੋਜੀ ਅਤੇ ਪਲੇਟਫਾਰਮ ਨਵੇਂ ਗੌਣ ਸਰੋਤ ਹਨ। ਪ੍ਰਤਿਭਾਸ਼ੀਲ ਕਹਾਣੀਕਾਰ ਇਨ੍ਹਾਂ ਨਵੇਂ ਸਰੋਤਾਂ ਨੂੰ ਆਪਣੀ ਕਲਾਤਮਿਕ ਦ੍ਰਿਸ਼ਟੀ ਨਾਲ ਜੋੜ ਕੇ ਗਹਿਰੇ ਅਤੇ ਪ੍ਰਭਾਵਸ਼ਾਲੀ ਬਿਰਤਾਂਤ ਰਚ ਸਕਦੇ ਹਨ।

**ਅਰਵਿੰਦਰ ਧਾਲੀਵਾਲ** : ਤੁਸੀਂ ਠੀਕ ਕਹਿੰਦੇ ਹੋ ...ਕਹਾਣੀ ਸਿਰਜਣ ਲਈ ਤਰ੍ਹਾਂ ਤਰ੍ਹਾਂ ਦੇ ਸਰੋਤ ਪੈਦਾ ਹੋ ਗਏ ਹਨ। ਸਾਧਨਾਂ ਦੀ ਬਹੁਤਾਤ ਇਸ ਸਿਰਜਣ ਪ੍ਰਕਿਰਿਆ ਨੂੰ ਅਸਰ ਅੰਦਾਜ਼ ਵੀ ਕਰ ਰਹੀ ਹੈ। ਵੇਖਣ ਵਾਲਾ ਨੁਕਤਾ ਕਹਾਣੀਕਾਰ ਲਈ ਹੈ ਕਿ ਉਹ ਕੀ ਇਹਨਾਂ ਸਰੋਤਾਂ ਵਿੱਚ ਪਹਿਲਾਂ ਮੌਜੂਦ ਕਥਾ-ਤੱਤ ਨੂੰ ਹੀ ਆਪਣੀ ਕਹਾਣੀ ਦਾ ਆਧਾਰ ਬਣਾਏਗਾ ਤਾਂ ਉਹ ਤਾਂ ਪਹਿਲਾਂ ਤੋਂ ਕਹੇ ਜਾ ਚੁੱਕੇ ਨੂੰ ਹੀ ਕਹਿ ਰਿਹਾ ਹੋਵੇਗਾ ਉਸਦੀ ਆਪਣੀ ਪ੍ਰਾਪਤੀ ਕੀ ਹੈ। ਜੀਵਨ ਵਿਚ ਇਕ ਘਟਨਾ ਵਾਪਰਦੀ ਹੈ ਜੋ ਕਥਾਕਾਰ ਦੇ ਅੰਦਰ ਪਈ ਰਹਿੰਦੀ ਹੈ, ਫਿਰ ਉਸ ਨਾਲ ਜੁੜਿਆ ਕੋਈ ਹੋਰ ਪ੍ਰਸੰਗ ਘਟਨਾ ਦੇ ਰੂਪ ਵਿਚ ਹੋ ਜਾਂਦਾ ਹੈ ਜੋ ਪਹਿਲਾਂ ਤੋਂ ਅੰਦਰ ਪਏ ਨੂੰ ਦ੍ਰਵਿਤ ਕਰਦਾ ਹੈ, ਟੁੰਬਦਾ ਹੈ ਤਾਂ ਕਥਾਕਾਰ ਦੇ ਅੰਦਰ ਉੱਠਦਾ ਵੇਗ ਕਾਗਜ਼ 'ਤੇ ਲਹਿ ਤੁਰਦਾ ਹੈ। ਉਹੀ ਤਰਲ ਪਲ ਉਸਦੀ ਕਹਾਣੀ ਸਿਰਜਣਾ ਦਾ ਪਲ ਹੁੰਦਾ ਹੈ, ਪਰ ਜੇਕਰ ਪਰੋਸੇ ਹੋਏ ਨੂੰ ਹੀ ਨਵਾਂ ਤੜਕਾ ਲਾ ਕੇ ਪਰੋਸਣ ਦੀ ਕੋਸ਼ਿਸ ਕਰਦੇ ਹਾਂ ਤਾਂ ਉਹ ਸੱਭ ਸਮੇਂ ਦੇ ਵਹਿਣ ਵਿਚ ਵਹਿ ਕੇ ਛਾਈਂ-ਮਾਈਂ ਹੋ ਜਾਣਾ ਹੈ। ਉਹ ਕਦੇ ਵੀ ਗਹਿਰਾਈ ਨਹੀਂ ਪਕੜ ਸਕਦਾ। ਜਿਵੇਂ ਮੈਂ ਅੱਜ ਹੀ ਇਕ ਕਹਾਣੀ ਲਿਖਣੀ ਹੈ, ਸੋਚ ਕੇ ਕਿਤੇ ਪਿਆ ਡੇਟਾ ਚੁੱਕ ਕੇ ਤੇ ਆਪਣੇ ਸਭਿਆਚਾਰ ਦੀ ਪਾਣ ਚੜ੍ਹਾ ਕੇ ਪੇਸ਼ ਕਰ ਦਿੱਤਾ ਜਾਵੇ ਕਿ ਮੈਂ ਅੱਜ ਇਕ ਮਹਾਨ ਕਹਾਣੀ ਲਿਖੀ ਹੈ। ਨੁਕਤਾ ਹੈ ਕਿ ਉਹ ਲਿਖੀ ਤਾਂ ਗਈ, ਛਪ ਵੀ ਗਈ, ਪੜ੍ਹ ਵੀ ਲਈ ਗਈ ਪਰ ਕੀ ਉਹ ਯਾਦ ਵੀ ਰਹੀ ਪਾਠਕਾਂ ਨੂੰ...? ਕਹਾਣੀ ਦੇ ਜਨਮ ਲੈਣ ਵਿਚ ਤੇ ਉਸਦੇ ਮੈਨੂੰਫੈਕਚਰ ਹੋਣ ਵਿੱਚ ਫ਼ਰਕ ਹੁੰਦੈ।

**ਡਾ. ਹੀਰਾ ਸਿੰਘ** : ਮੈਂ ਕਹਿੰਦਾ ਹਾਂ ਕਿ ਬਿਰਤਾਂਤ ਲਈ ਮੁੱਢਲਾ ਅਨੁਭਵ ਅਤੇ ਸਿੱਧਾ ਪ੍ਰਭਾਵ ਲਾਜ਼ਮੀ ਤੌਰ ਤੇ ਪ੍ਰਮੁੱਖਤਾ ਰੱਖਦਾ ਹੈ। ਗਿਆਨ/ਸੂਚਨਾ ਦੇ ਨਵੇਂ ਸਾਧਨ ਆਮ ਮਨੁੱਖ ਵਾਂਗ ਲੇਖਕਾਂ ਕਲਾਕਾਰਾਂ ਲਈ ਵੀ ਸਹਾਇਕ ਹੋ ਰਹੇ ਹਨ ਪਰ ਇਹਨਾਂ ਦਾ ਪ੍ਰਭਾਵ ਚਿਰ ਸਥਾਈ ਨਹੀਂ ਹੁੰਦਾ। ਸੋਸ਼ਲ ਮੀਡੀਆ ਅਤੇ ਬਿਜਲਈ ਸਾਧਨ ਸਾਨੂੰ ਗਿਆਨ ਤਾਂ ਦਿੰਦੇ ਹਨ, ਵਿਸ਼ਿਆਂ ਲਈ ਸੁਝਾਅ ਵੀ ਦਿੰਦੇ ਹਨ ਪਰ ਇਹ ਗਿਆਨ ਸਾਡੀ ਸਿਮਰਤੀ ਵਿਚ ਉਵੇਂ ਨਹੀਂ ਠਹਿਰਦਾ ਜਿਵੇਂ ਸਾਡੇ ਗਵਾਂਢ ਜਾਂ ਸੰਪਰਕ ਵਿਚਲੇ ਮਨੁੱਖਾਂ ਨਾਲ ਵਾਪਰਦਾ ਵਿਹਾਰ ਠਹਿਰਦਾ ਹੈ। ਅਜਿਹਾ ਕਾਰਜ ਇਕ ਲੰਮੇ ਸਮੇਂ ਤੱਕ ਵਾਪਰਦਾ ਹੈ ਅਤੇ ਸਾਡੇ ਦਿਮਾਗ ਵਿਚ ਲਗਾਤਾਰ ਗਤੀਸ਼ੀਲ ਰਹਿੰਦਾ ਹੈ, ਕਈ ਰੰਗ ਬਦਲਦਾ ਹੋਇਆ ਆਪਣੀ ਇਕ ਵਿਲੱਖਣ ਪਛਾਣ/ਖਾਕਾ ਬਣਾਉਂਦਾ ਹੈ ਜਿਸ ਵਿਚੋਂ ਲੇਖਕ ਕੋਈ ਕਹਾਣੀ ਜਾਂ ਸਾਹਿਤਕ ਰਚਨਾ ਦੀ ਸਿਰਜਣਾ ਕਰਨ ਦੇ ਸਮਰੱਥ ਹੁੰਦਾ ਹੈ। ਇਹ ਬਿਗਾਨੇ ਸ੍ਰੋਤ ਬ੍ਰਿਤਾਂਤ ਵਿਚ ਸਹਾਇਕ ਤਾਂ ਹੋ ਸਕਦੇ ਹਨ, ਪਰ ਪ੍ਰਮੁੱਖਤਾ ਨਹੀਂ ਲੈ

ਸਕਦੇ।

**ਰਸੂਲਪੁਰੀ** ਸਮਕਾਲ 'ਚ ਕਹਾਣੀਕਾਰ ਕੋਲ ਵਿਸ਼ੇ ਤਾਂ ਨਵੇਂ ਆ ਰਹੇ ਨੇ ਪਰ ਉਨ੍ਹਾਂ ਦੇ ਬਿਰਤਾਂਤ 'ਚ ਪੇਤਲਾਪਨ ਆਉਣ ਲੱਗ ਪਿਆ ਏ। ਇਹਦੇ ਕੀ ਕਾਰਨ ਨੇ?

**ਡਾ. ਆਤਮ ਰੰਧਾਵਾ** : ਪਹਿਲੀ ਗੱਲ ਤਾਂ ਇਹ ਕਿ ਨਵਾਂ ਵਿਸ਼ਾ ਨਵੀਂ ਵਿਧੀ ਵੀ ਭਾਲਦਾ ਹੈ ਤੇ ਨਵੀ ਬਿਰਤਾਂਤ ਸਿਰਜਣਾ ਵੀ। ਆਧੁਨਿਕ ਮਨੁੱਖ ਦੀ ਜ਼ਿੰਦਗੀ ਬੜੀ ਜਟਿਲ ਹੋ ਗਈ ਹੈ। ਮਨੁੱਖ, ਸਮਾਜ-ਸਭਿਆਚਾਰ ਤੇ ਰਾਜਨੀਤੀ ਸਭ ਆਮ ਸਮਝ ਤੋਂ ਪਰ੍ਹੇ, ਬਹੁਤ ਗੁੰਝਲਦਾਰ, ਬਹੁ-ਪਰਤੀ ਤੇ ਵਿਰੋਧਾਭਾਸੀ ਹੋ ਗਏ ਹਨ। ਇਕਹਿਰੀ ਜਿਹੀ ਦ੍ਰਿਸ਼ਟੀ ਨਾਲ ਇਸਨੂੰ ਸਮਝਿਆ ਨਹੀਂ ਜਾ ਸਕਦਾ ਅਤੇ ਬਿਰਤਾਂਤ ਦੀ ਲੀਨੀਅਰ ਜਿਹੀ ਵਿਧੀ ਨਾਲ ਗੱਲ ਦੀ ਗਹਿਰਾਈ ਸਮਝਾਈ ਨਹੀਂ ਜਾ ਸਕਦੀ। ਇਸ ਕਰਕੇ ਜਿਨ੍ਹਾਂ ਸਮਕਾਲੀ ਕਹਾਣੀਆਂ ਦੀ ਤੁਸੀਂ ਗੱਲ ਕਰ ਰਹੇ ਹੋ, ਅਜਿਹੀਆਂ ਵਿਚ ਵਿਸ਼ੇ ਨਵੇਂ ਹੋਣ ਦੇ ਬਾਵਜੂਦ ਬਿਰਤਾਂਤ ਇਕਹਿਰਾ ਹੈ। ਦੂਜਾ; ਅਜੋਕੇ ਤੇਜ਼ ਰਫ਼ਤਾਰ ਜੀਵਨ ਵਿਚ ਲੇਖਕ ਅਤੇ ਪਾਠਕ ਦੋਵੇਂ ਤੇਜ਼ ਗਤੀ ਵਾਲੇ ਜੀਵਨ ਜੀ ਰਹੇ ਹਨ। ਕਾਹਲੀ ਤੇ ਹੜਬੜੀ ਦਾ ਸਮਾਂ ਹੈ। 'ਕਾਹਲੀ ਵਿਚ ਲਿਖੋ, ਛੇਤੀ-ਛੇਤੀ ਸੋਸ਼ਲ ਪਲੇਟਫਾਰਮਾਂ 'ਤੇ ਪਾਓ ਤੇ ਲਾਈਕ-ਕੁਮੈਂਟ ਗਿਣਦੇ ਜਾਓ; ਇਹ ਮਾਨਸਿਕਤਾ ਉਸਰ ਚੁੱਕੀ ਹੈ। ਅਜਿਹੀ ਮਾਨਸਿਕਤਾ ਕੋਲ ਤੇਜ਼ ਵਹਾਅ ਦੇ ਸਮੇਂ ਵਿਚ ਗਹਿਰੇ ਵਿਸ਼ਲੇਸ਼ਣ ਲਈ ਸਮਾਂ ਨਹੀਂ ਹੈ, ਠਹਿਰਾਅ ਨਹੀਂ ਹੈ। ਵਹਾਅ ਵਿਚ ਵਹਿ ਰਹੀ ਹੈ। ਸੋਸ਼ਲ ਮੀਡੀਆ ਦੇ ਪ੍ਰਭਾਵ, ਛੋਟੇ ਸੰਦੇਸ਼ਾਂ ਅਤੇ ਤੇਜ਼ ਸੂਚਨਾ ਦੀ ਆਦਤ ਨੇ ਲੰਬੇ, ਗਹਿਰੇ ਬਿਰਤਾਂਤ ਦੀ ਸਿਰਜਣਾ ਘਟਾਈ ਹੈ। ਨਵੇਂ-ਨਵੇਂ ਵਿਸ਼ਿਆਂ ਦੀ ਤਟਫੱਟ ਪੇਸ਼ਕਾਰੀ ਕਾਰਨ ਲੇਖਕ ਬਹੁਤੀ ਵਾਰ ਡੂੰਘਾਈ ਵਿਚ ਜਾਣ ਦੀ ਬਜਾਏ ਸਤਹੀ ਪੱਧਰ 'ਤੇ ਰਹਿ ਜਾਂਦੇ ਹਨ। ਹਰ-ਵਰ੍ਹਿਆਏ ਲੇਖਕ ਨੇ ਰੁੱਤ ਬਦਲਦਿਆਂ ਹਰ ਸੀਜ਼ਨ ਕਿਤਾਬ ਛਾਪਣੀ ਹੈ। ਹਰ ਵੇਲੇ ਚਰਚਾ 'ਚ ਰਹਿਣ ਜਾਂ ਪਬਲਿਸ਼ਰਾਂ ਕੋਲੋਂ ਵਪਾਰਕ ਲਾਲਸਾ ਲਈ ਲੇਖਕ ਮਿਆਰ ਤੇ ਗਹਿਰਾਈ ਦੀ ਕੁਰਬਾਨੀ ਦੇ ਦਿੰਦੇ ਹਨ।

**ਡਾ. ਹੀਰਾ ਸਿੰਘ** : ਤੁਸੀਂ ਵੇਖੋ! ਬਿਰਤਾਂਤ ਇਕ ਤਰਤੀਬ ਹੁੰਦੀ ਹੈ, ਘਟਨਾਵਾਂ ਸਥਿਤੀਆਂ ਅਤੇ ਪ੍ਰਕਿਰਿਆਵਾਂ ਦੀ। ਪਰੰਪਰਾ/ਰਵਾਇਤ ਵਿਚ ਮਿਲਦੇ ਵਿਸ਼ੇ ਆਪਣੀ ਕਿਸਮ ਦੀ ਤਰਤੀਬ ਵਿਚ ਪੇਸ਼ ਹੁੰਦੇ ਹਨ। ਹੁਣ ਜਦੋਂ ਸਥਿਤੀਆਂ ਬਦਲ ਰਹੀਆਂ ਹਨ ਜੀਵਨ ਦੀ ਚਾਲ/ਉਦੇਸ਼ ਬਦਲ ਰਹੇ ਹਨ ਤਾਂ ਨਿਸ਼ਚਿਤ ਹੈ ਕਿ ਉਹਨਾਂ ਦੀ ਤਰਤੀਬ ਵੀ ਬਦਲੇਗੀ। ਨਵੇਂ ਲੇਖਕ ਨਵੀਆਂ ਸਥਿਤੀਆਂ ਨੂੰ ਪੇਸ਼ ਕਰਦੇ ਹਨ ਪਰ ਇਕ ਖਾਸ ਸਮੇਂ ਦੀ ਮਨੁੱਖੀ ਮਾਨਸਿਕਤਾ ਇਸ ਨੂੰ ਕਿਸ ਤਰਤੀਬ ਵਿਚ ਪ੍ਰਵਾਨ ਕਰਦੀ ਹੈ ਇਹ ਵੀ ਵੇਖਣ/ਵਿਚਾਰਨ ਵਾਲਾ ਮਸਲਾ ਹੈ। ਸਮੇਂ ਦੇ ਅੰਤਰਾਲ ਨਾਲ ਕੁਝ ਰਚਨਾਵਾਂ ਇਕ ਖਾਸ ਤਰਤੀਬ ਨੂੰ ਸਰਵ ਪ੍ਰਵਾਨਤ ਬਣਾ ਦੇਂਦੀਆਂ ਹਨ ਫਿਰ ਬਾਕੀ ਲੇਖਕ ਉਸਦਾ ਅਨੁਕਰਣ ਕਰਨ ਲੱਗ ਪੈਂਦੇ ਹਨ। ਕਿਸੇ ਸਮੇਂ ਵਾਰਸ ਸ਼ਾਹ ਨੇ ਹੀਰ ਲਿਖ ਕੇ ਕਿੱਸੇ ਦਾ ਵਿਸ਼ੇਸ਼ ਬਿਰਤਾਂਤ ਸਿਰਜ ਦਿੱਤਾ ਜਿਸ ਦਾ ਬਾਅਦ ਦੇ ਕਵੀ ਸਦੀਆਂ ਤੱਕ ਅਨੁਕਰਣ ਕਰਦੇ ਰਹੇ। ਇੰਝ ਵਿਸ਼ੇ ਅਤੇ ਬਿਰਤਾਂਤ ਵਿਚ ਕੁਝ ਸਮੇਂ ਲਈ ਇਕਸਾਰਤਾ ਜਾਂ ਸਮਤੋਲਤਾ ਆ ਜਾਂਦੀ ਹੈ।

**ਅਰਵਿੰਦਰ ਧਾਲੀਵਾਲ** : ਪੇਸ਼ ਕੀਤੇ ਜਾ ਚੁੱਕੇ ਬਿਰਤਾਂਤ ਨੂੰ ਹੀ ਦੁਬਾਰਾ ਪੇਸ਼ ਕਰ

ਦੇਣਾ ਪੇਤਲੇਪਨ ਦਾ ਕਾਰਨ ਹੋ ਸਕਦੈ। ਪਹਿਲੀ ਵਜ੍ਹਾ ਇਹ ਹੋ ਸਕਦੀ ਹੈ ਕਿ ਪਰਚੇ ਬਹੁਤ ਹੋ ਗਏ ਹਨ। ਤੁਸੀਂ ਸੰਪਾਦਕ ਦੀ ਸਿਰਦਰਦੀ ਤੋਂ ਵਾਕਫ਼ ਹੋ ਕਿ ਕਾਗਜ਼ਾਂ ਦਾ ਢਿੱਡ ਭਰਨਾ ਹੁੰਦਾ ਹੈ। ਜਦੋਂ ਕਹਾਣੀਕਾਰ ਤੋਂ ਕੋਈ ਮੈਗਜ਼ੀਨ ਕਹਾਣੀ ਦੀ ਮੰਗ ਕਰਦਾ ਹੈ ਤਾਂ ਛੇਤੀ ਵਾਲਾ ਅਮਲ ਅਪਨਾਉਣਾ ਪੈਂਦਾ ਹੈ। ਉਹ ਛੇਤੀ, ਜ਼ਾਹਰ ਹੈ ਕਿ ਕਿਸੇ ਦੂਜੇ ਸਰੋਤ ਤੇ ਨਿਰਭਰ ਹੋਏਗੀ ਹੀ। ਪਾਤਰ ਨੇ ਲਿਖਿਆ ਕਿ ਲਿਖੇ ਨਾਲੋਂ ਕੱਟਣਾ ਅਹਿਮ ਹੁੰਦਾ। ਅਗਲੀ ਗੱਲ ਮੇਰੀ ਨਜ਼ਰ 'ਚ ਇਹ ਹੈ ਕਿ ਕਹਾਣੀਕਾਰ ਆਪਣੇ ਵਹਾਉ ਵਿਚ ਲਿਖੀ ਜਾਂਦੈ, ਲਿਖੀ ਜਾਂਦੈ। ਪਰ ਕੀ ਉਹ ਦੁਬਾਰਾ, ਤਿਬਾਰਾ, ਚੌਬਾਰਾ ਕਹਾਣੀ ਨੂੰ ਸੋਧਦਾ ਵੀ ਹੈ। ਪਿਛਲੇ ਦਿਨੀਂ ਕਈ ਸੋਹਣੀਆਂ ਕਹਾਣੀਆਂ ਵੀ ਛਪੀਆਂ ਜਿਵੇਂ ਮੈਂ ਐਸ. ਕੇ. ਬਾਹੜਾ ਦੀ 'ਅਤੀਤ' ਕਹਾਣੀ ਦਾ ਜ਼ਿਕਰ ਕਰਦੀ ਹਾਂ। ਕਿੰਨੇ ਲੋਕ ਨੇ ਜੋ ਉਸ ਤਰ੍ਹਾਂ ਕਹਾਣੀ ਵਿਚਲੇ ਵੱਧ-ਵਾਧੂ ਮੈਟਰ ਨੂੰ ਕੱਟਣ ਦਾ ਹੀਂਆ ਰੱਖਦੇ ਨੇ। ਸਦੀਵੀ ਕਹਾਣੀ ਲਿਖਣ ਲਈ ਸੋਧ ਤਾਂ ਲਾਜ਼ਮੀ ਹੈ ਜੋ ਮੇਰੇ, ਤੁਹਾਡੇ ਸਮੇਤ ਸਭ 'ਤੇ ਲਾਗੂ ਹੁੰਦੀ ਹੈ।

**ਰਸੂਲਪੁਰੀ** : ਜਦੋਂ ਕੋਈ ਕਹਾਣੀਕਾਰ ਆਪਣੇ ਆਪ ਨੂੰ ਦਹੁਰਾਉਣ ਲੱਗ ਪਏ ਤਾਂ ਕੀ ਇਹ ਵੀ ਬਿਰਤਾਂਤ ਦਾ ਸੰਕਟ ਹੁੰਦਾ ਏ।

**ਅਰਵਿੰਦਰ ਧਾਲੀਵਾਲ** : ਮੈਂ ਆਪਣੇ ਪ੍ਰਸੰਗ 'ਚ ਕਹਿ ਸਕਦੀ ਹਾਂ, ਬਾਕੀਆਂ ਦਾ ਮੈਨੂੰ ਪਤਾ ਨਹੀਂ। ਮਨੁੱਖੀ ਦਿਮਾਗ਼ ਮਨੁੱਖੀ ਮਨ ਸਦਾ ਸੰਵੇਦਨਸ਼ੀਲ ਰਹਿੰਦਾ ਹੈ। ਉਸ ਦੇ ਦੁਆਲੇ ਘਟਨਾਵਾਂ ਤਾਂ ਮਰਦੇ ਦਮ ਤੱਕ ਵਾਪਰਦੀਆਂ ਰਹਿਣੀਆਂ ਹਨ ਪਰ ਉਸਦੀ ਉਨ੍ਹਾਂ ਪ੍ਰਤੀ ਸੰਵੇਦਨਸ਼ੀਲਤਾ, ਪ੍ਰਤੀਕਿਰਿਆ ਇਕ ਉਮਰ, ਇਕ ਸੀਮਾ ਤੱਕ ਹੀ ਵਾਪਰਨੀ ਹੈ ਇਹ ਵਿਗਿਆਨਕ ਹੈ। ਜਿਉਂ ਹੀ ਉਸਦੀ ਸੰਵੇਦਨਸ਼ੀਲਤਾ ਰੀਐਕਟ ਕਰਨੋ ਹੱਟ ਜਾਂਦੀ ਹੈ ਤਾਂ ਦੁਹਰਾਉ ਸੁਭਾਵਕ ਹੈ। ਵਰਲਡ ਕਲਾਸਿਕਸ ਲਿਖਣ ਵਾਲੇ ਅਨੇਕਾਂ ਲੋਕ ਜਾਂ ਤਾਂ ਇਸ ਲਿਖਤ ਦੇ ਬਲੌਕ 'ਚ ਪੈਂਦਿਆਂ ਹੀ ਖ਼ੁਦਕੁਸ਼ੀਆਂ ਕਰ ਗਏ ਜਾਂ ਉਹ ਲਿਖਣਾ ਛੱਡ ਕੇ ਕੇਵਲ ਵੇਖਣ-ਸੁਣਨ ਤੇ ਪੜ੍ਹਨ ਲੱਗ ਗਏ। ਤਾਂ ਆਪਣੀ ਸੀਮਾ ਤੇ ਸਮਰੱਥਾ ਨੂੰ ਪਛਾਣਦਿਆਂ ਹਰ ਬੰਦੇ ਨੂੰ ਪਤਾ ਹੁੰਦਾ ਹੈ ਕਿ ਕੀ ਉਹ ਆਪਣੇ ਆਪ ਨੂੰ ਦੁਹਰਾਉਣ ਲੱਗ ਪਿਆ ਹੈ ਜਾਂ ਨਹੀਂ। ਮੇਰੇ ਸੰਦਰਭ ਵਿਚ, ਮੈਂ ਇਹ ਫ਼ੈਸਲਾ ਆਪਣੇ ਆਪ ਨਾਲ ਕੀਤਾ ਹੋਇਆ ਹੈ ਕਿ ਮੈਂ ਪਹਿਲਾਂ ਲਿਖੀ ਕਿਸੇ ਕਹਾਣੀ ਦੀ ਐਕਟੈਨਸਿਨ ਨਹੀਂ ਲਿਖਣੀ ਤੇ ਦੁਹਰਾਅ ਦਿਖਾਈ ਦੇਣ 'ਤੇ ਲਿਖਣਾ ਬੰਦ ਕਰ ਦੇਣਾ ਹੈ। ਆਪਣੇ ਘੜੇ ਪਾਤਰਾਂ ਦੇ ਆਪਾਂ ਇੱਕ ਦੋ ਸ਼ੇਡਜ਼ ਹੀ ਵਿਖਾਏ ਹੋਏ ਹਨ, ਪਰ ਉਨ੍ਹਾਂ 'ਚ ਤਾਂ ਸੈਂਕੜੇ ਸੰਭਾਵਨਾਵਾਂ ਹੋਣਗੀਆਂ। ਇਸ ਦਾ ਅਰਥ ਇਹ ਨਹੀਂ ਕਿ ਉਨ੍ਹਾਂ ਨੂੰ ਰੀਕਰੀਏਟ ਕਰਨਾ ਸ਼ੁਰੂ ਕਰ ਦੇਈਏ।

**ਡਾ. ਆਤਮ ਰੰਧਾਵਾ** : ਹਾਂ, ਕਹਾਣੀਕਾਰ ਦਾ ਆਪਣੇ ਆਪ ਨੂੰ ਦੁਹਰਾਉਣਾ ਨਿਸ਼ਚਿਤ ਤੌਰ 'ਤੇ ਬਿਰਤਾਂਤ ਦਾ ਇਕ ਸੰਕਟ ਹੈ। ਇਸ ਸਥਿਤੀ ਦੇ ਕਈ ਪਹਿਲੂ ਹਨ। ਜਦੋਂ ਲੇਖਕ ਪੜ੍ਹਨ ਘੱਟ ਲੱਗ ਜਾਵੇ, ਬਾਹਰ ਨਾਲ ਘੱਟ ਬਾਵਾਸਤਾ ਹੋਣ ਲੱਗ ਜਾਵੇ ਜਾਂ ਸਮਾਜ ਦੀ ਤਬਦੀਲੀ ਦੇ ਹਾਣ ਦਾ ਨਾ ਰਹੇ ਤਾਂ ਉਸ ਵਿਚ ਰਚਨਾਤਮਕ ਖੜੋਤ ਆ ਸਕਦੀ ਹੈ, ਮਤਲਬ ਲੇਖਕ ਦੀ ਰਚਨਾਤਮਕ ਊਰਜਾ ਦੇ ਘਟਣ ਦਾ ਸੰਕੇਤ ਹੈ। ਦੁਹਰਾਏ ਵਿਸ਼ੇ ਜਾਂ ਉਸੇ ਸ਼ੈਲੀ ਦੀ ਵਾਰ-ਵਾਰ ਵਰਤੋਂ ਪਾਠਕਾਂ ਨੂੰ ਅਕਾ ਸਕਦੀ ਹੈ।

ਇਸ ਸੰਕਟ ਤੋਂ ਬਚਣ ਲਈ, ਲੇਖਕ ਨੂੰ ਲਗਾਤਾਰ ਦੇਸੀ/ਵਿਦੇਸੀ ਤੇ ਯੁਵਾ ਸਾਹਿਤ ਪੜ੍ਹਦੇ ਰਹਿਣਾ ਚਾਹੀਦਾ ਹੈ। ਵਿਸ਼ਵ ਦੇ ਮਿਆਰੀ ਸਾਹਿਤ ਨੂੰ ਅਨੁਵਾਦ ਕਰ ਲੈਣਾ ਚਾਹੀਦਾ ਹੈ। ਨਵੇਂ ਅਨੁਭਵ ਹਾਸਿਲ ਕਰਨੇ, ਵੱਖ-ਵੱਖ ਸ਼ੈਲੀਆਂ ਅਜ਼ਮਾਉਣੀਆਂ ਅਤੇ ਖ਼ਾਸ ਕਰਕੇ ਸਮਾਜ ਦੇ ਬਦਲਦੇ ਰੁਝਾਨਾਂ ਪ੍ਰਤੀ ਜਾਗਰੂਕ ਰਹਿਣਾ ਚਾਹੀਦਾ ਹੈ। ਇਹ ਉਨ੍ਹਾਂ ਦੇ ਲੇਖਣੀ ਨੂੰ ਤਾਜ਼ਾ ਅਤੇ ਪ੍ਰਸੰਗਿਕ ਬਣਾਈ ਰੱਖਣ ਵਿਚ ਮਦਦ ਕਰੇਗਾ।

**ਡਾ. ਹੀਰਾ ਸਿੰਘ** : 1 ਤੋਂ 100 ਤੱਕ ਪੰਜਾਬੀ ਅੰਕਾਂ ਦੀ ਇਕ ਖਾਸ ਤਰਤੀਬ ਹੈ। ਪੰਜ ਸੌ ਵਿਅਕਤੀਆਂ ਨੂੰ ਇਹ ਅੰਕ ਨਵੀਂ/ਵੱਖਰੀ ਤਰਤੀਬ ਵਿਚ ਲਿਖਣ ਲਈ ਕਹੋ ਉਹ ਸਫ਼ਲਤਾ ਨਾਲ ਨਵੀਆਂ ਤਰਤੀਬਾਂ ਬਣਾ ਦੇਣਗੇ। ਏਹੀ ਨਿਯਮ ਵੱਖ-ਵੱਖ ਲੇਖਕਾਂ ਦੀ ਸ਼ੈਲੀ ਬਣਨ ਪਿੱਛੇ ਕੰਮ ਕਰਦਾ ਹੈ। ਸਾਧਾਰਨ ਪਾਠਕ ਕਿਸੇ ਵੀ ਲੇਖਕ ਦੇ ਵਿਸ਼ੇ ਪੱਖ ਨੂੰ ਲੈ ਕੇ ਉਸਦੀ ਵਿਲੱਖਣਤਾ ਨੂੰ ਪਛਾਣ ਲੈਣਗੇ। ਸੁਚੇਤ ਪਾਠਕ ਜਾਂ ਆਲੋਚਨਾਤਮਕ ਦ੍ਰਿਸ਼ਟੀ ਰੱਖਦੇ ਪਾਠਕ ਲੇਖਕਾਂ ਦੇ ਵਿਸ਼ੇ ਦੇ ਨਾਲ-ਨਾਲ ਉਹਨਾਂ ਦੀ ਬਿਰਤਾਂਤ ਯੋਜਨਾ ਨੂੰ ਵੀ ਪਛਾਣਨ ਲੱਗ ਜਾਂਦੇ ਹਨ। ਵਿਸ਼ੇ ਦਾ ਦੁਹਰਾਓ ਨਿਸ਼ਚੇ ਹੀ ਉਹਨਾਂ ਦੇ ਬ੍ਰਿਤਾਂਤ ਦਾ ਦੁਹਰਾਓ ਵੀ ਬਣੇਗਾ ਜੋ ਲੇਖਕ ਦੀ ਨਵੀਨਤਾ/ਤਾਜ਼ਗੀ ਨੂੰ ਸੰਕਟ ਵਿਚ ਪਾ ਦਿੰਦਾ ਹੈ।

**ਰਸੂਲਪੁਰੀ** : ਕੀ ਤੁਸੀਂ ਸਮਝਦੇ ਹੋ ਕਿ ਅੱਜ ਕਹਾਣੀਕਾਰ ਅੱਗੇ ਬਿਰਤਾਂਤ ਦਾ ਸੰਕਟ ਏ?

**ਡਾ. ਆਤਮ ਰੰਧਾਵਾ** : ਇਸ ਮਸਲੇ ਤੇ ਆਪਾਂ ਭਾਵੇਂ ਪਹਿਲਾਂ ਗੱਲ ਕਰ ਆਏ ਹਾਂ , ਇਸ ਨੂੰ ਥੋੜ੍ਹਾ ਜਿਹਾ ਹੋਰ ਵਿਸਥਾਰ ਦੇ ਸਕਦੇ ਹਾਂ... ਵੇਖੋ ਕਹਾਣੀ ਆਧੁਨਿਕ ਸਮੇਂ ਦੀ ਉਪਜ ਹੈ। ਇਸਦਾ ਕੋਈ ਬਹੁਤਾ ਲੰਬਾ ਚੌੜਾ ਇਤਿਹਾਸ ਨਹੀਂ ਹੈ। ਚਾਰ ਕੁ ਪੀੜ੍ਹੀਆਂ ਜਾਂ ਪੜਾਵਾਂ ’ਚ ਵੰਡ ਕੇ ਵੇਖਿਆ ਜਾਂਦਾ ਰਿਹਾ ਹੈ। ਪਹਿਲੇ ਤੋਂ ਦੂਜਾ, ਦੂਜੇ ਤੋਂ ਤੀਜਾ ਤੇ ਫਿਰ ਚੌਥੇ ਪੜਾਅ; ਹਰ ਨਵੇਂ ਪੜਾਅ ਵੇਲੇ ਲੇਖਕਾਂ ਤੇ ਆਲੋਚਕਾਂ ਨੇ ਪੁਰਾਣੀ ਕਹਾਣੀ ਵਿਚਲੇ ਬਿਰਤਾਂਤ ਦੇ ਸੰਕਟ ਜਾਂ ਬਿਰਤਾਂਤਕ ਵਿਧੀ ਤੇ ਵਿਚਾਰਧਾਰਾ ਦੇ ਸੰਕਟ ਨੂੰ ਉਭਾਰਿਆ ਜਾਂਦਾ ਰਿਹਾ ਹੈ। ਪੁਰਾਣੇ ਵਾਲੇ ਨਵੀਂ ਨੂੰ ‘ਸੰਕਟ’ ਸਮਝਦੇ ਰਹੇ ਹਨ।

ਹਾਂ, ਅੱਜ ਦੇ ਕਹਾਣੀਕਾਰਾਂ ਸਾਹਮਣੇ ਬਿਰਤਾਂਤ ਦੇ ਸੰਕਟ ਦੇ ਵੱਖਰੇ ਮਸਲੇ ਹਨ। ਇਸ ਸੰਕਟ ਦੇ ਕਈ ਪਹਿਲੂ ਹਨ। ਪਿਛਲੇ ਸਮੇਂ ਵਿਚ ਤਕਨਾਲੋਜੀ ਦਾ ਬਹੁਤ ਪ੍ਰਭਾਵ ਪਿਆ ਹੈ। ਡਿਜੀਟਲ ਮੀਡੀਆ ਨੇ ਲੇਖਕਾਂ/ਪਾਠਕਾਂ ਦੀ ਧਿਆਨ-ਸ਼ਕਤੀ ਘਟਾਈ ਹੈ ਜੋ ਗਹਿਰੇ ਤੇ ਜਟਿਲ ਬਿਰਤਾਂਤਾਂ ਲਈ ਚੁਣੌਤੀ ਹੈ। ਵੈਬ-ਸੀਰੀਜ਼ ਤੇ ਗਲੈਮਰਜ਼ ਦਾ ਪ੍ਰਭਾਵ ਵੱਖਰਾ ਹੈ। ਬਾਜ਼ਾਰ ਦੀ ਮੰਗ ਨੇ ਕਲਾਤਮਕ ਮਿਆਰ ਨੂੰ ਸੀਮਤ ਕਰ ਦਿੱਤਾ ਹੈ। ਡਿਜੀਟਲ ਪਲੇਟਫਾਰਮਾਂ ਰਾਹੀਂ ਛੇਤੀ-ਛੇਤੀ ਪਾਪੂਲਰ ਹੋਣ ਦੀ ਲਾਲਸਾ ਨੇ ਸਾਹਿਤਕ ਮਿਆਰਾਂ ਤੋਂ ਊਣੀ ਕਹਾਣੀ ਦੀ ਸਿਰਜਣਾ ਵੱਲ ਮੁਹਾਣ ਮੋੜੇ ਹਨ। ਤਟਫੱਟ ਦੇ ਸਮਿਆਂ ’ਚ ਤੇ ਨਵੇਂ ਵਿਸ਼ਿਆਂ ਦੀ ਤਟਫੱਟ ਪੇਸ਼ਕਾਰੀ ਦੀ ਰੁਚੀ ਕਾਰਨ ਸਤੱਹੀਪਨ ਵੱਧ ਰਿਹਾ ਹੈ। ਅੱਜ ਡਿਜੀਟਲ ਚੌਧਰ, ਮੰਡੀ, ਮੁਨਾਫ਼ੇ ਤੇ ਕਾਹਲ ਦੇ ਵਰਤਾਰੇ ਵਿਚ ਤੇਜ਼ੀ ਨਾਲ ਬਦਲਦੇ ਸਮਾਜਕ ਯਥਾਰਥ ਨੂੰ ਪਕੜਨਾ ਵਧੇਰੇ ਚੁਣੌਤੀਪੂਰਨ ਹੈ।

**ਡਾ. ਹੀਰਾ ਸਿੰਘ** : ਜਦੋਂ ਜੀਵਨ ਬਦਲਦਾ ਹੈ ਤਾਂ ਉਸਦੇ ਪ੍ਰਗਟਾਅ ਢੰਗ ਵੀ

ਬਦਲਦੇ ਹਨ। ਸਾਡੇ ਕੋਲ ਸਥਿਰਤਾ ਦੀ ਪ੍ਰੰਪਰਾ ਸੀ ਪਰ ਅੱਜ ਅਸੀਂ ਤਬਦੀਲੀਆਂ ਦੇ ਸਨਮੁੱਖ ਹਾਂ, ਸਗੋਂ ਲਗਾਤਾਰ ਤਬਦੀਲੀਆਂ ਦੇ ਸਨਮੁੱਖ ਹਾਂ। ਤਬਦੀਲੀਆਂ ਨੇ ਆਪਣੀ ਕਿਸਮ ਦਾ ਬਿਰਤਾਂਤ ਸਿਰਜਣਾ ਹੈ। ਸੰਕਟ ਬਿਰਤਾਂਤ ਦਾ ਨਹੀਂ ਪ੍ਰਤਿਭਾ ਦਾ ਹੈ ਜਦੋਂ ਪੰਜਾਬੀ ਵਿਚ ਅਜਿਹੀ ਪ੍ਰਤਿਭਾ ਉਭਰੀ ਜਿਸਨੇ ਤਬਦੀਲੀਆ ਦੇ ਮਾਡਲ ਬਿਰਤਾਂਤ ਦੀ ਸਿਰਜਣਾ ਕਰ ਲਈ ਤਾਂ ਪੰਜਾਬੀ ਮਾਨਸਿਕਤਾ ਉਸ ਬਿਰਤਾਂਤ ਨੂੰ ਕੁਝ ਸਦੀਆਂ ਮਾਣ ਸਕਦੀ ਹੈ।

**ਅਰਵਿੰਦਰ ਧਾਲੀਵਾਲ** : ਤੁਸੀਂ ਵੇਖੋ... ਇਨਫਰਮੇਸ਼ਨ ਏਨੀ ਤੇਜ਼ੀ ਨਾਲ ਇਕ ਤੋਂ ਬਾਅਦ ਦੂਜੇ ਤੱਕ ਤੁਰੀ ਜਾ ਰਹੀ ਹੈ, ਰੋਲ਼-ਘਚੋਲ ਪਿਆ ਹੋਇਆ ਏ। ਇਸ ਸਮੇਂ ਬਿਰਤਾਂਤ ਦਾ ਰੋਲ਼ ਘਚੋਲ ਪਿਆ ਹੋਇਆ ਏ। ਇਕ ਦਿਨ ਜੇ ਇੰਟਰਨੈੱਟ ਉੱਤੇ ਕਿ ਬੰਦਾ ਤੁਹਾਨੂੰ ਚੰਗੀਆਂ ਫਿਲਮਾਂ ਸੋਅ ਕਰਦਾ ਤਾਂ ਅਗਲੇ ਦਿਨ ਉਹੋ ਜਿਹੀਆਂ ਤੁਹਾਨੂੰ ਦੱਸ ਪੋਸਟਾਂ ਫੀਡ ਕਰ ਦਿੱਤੀਆਂ ਜਾਣਦੀਆਂ। ਤੁਸੀਂ ਕੀ ਵੇਖੋਗੇ, ਕੀ ਛੱਡੋਗੇ। ਇਹ ਸਭ ਤਾਂ ਵਪਾਰ ਦਾ ਰਾਹ ਏ। ਕਨਜਿਊਮਰ ਹੀ ਕਨਜਿਊਮ ਹੋਈ ਜਾ ਰਿਹੈ। ਤੁਸੀਂ ਸਰਚ ਕਰਕੇ ਸੰਸਾਰ ਦੀ ਬਿਹਤਰੀਨ ਕਿਤਾਬ ਮੰਗਵਾਓ, ਤੁਹਾਨੂੰ ਅਗਲੇ ਦਿਨ ਤੋਂ ਹੋਰ ਕਿਤਾਬਾਂ ਲੈਣ ਦੀ ਸਲਾਹ ਮਿਲੇਗੀ। ਚੋਣ ਵਰਗੀ ਚੀਜ਼ ਤਾਂ ਰਹੀ ਨਹੀਂ। ਬਾਹਰ ਜਾਣਾ ਲੋਕਾਂ ਨਾਲ ਮਿਲਣਾ ਇਹ ਸਭ ਤੇਜ਼ੀ ਨਾਲ ਖ਼ਤਮ ਕੀਤਾ ਜਾ ਰਿਹੈ ਤੇ ਬਜ਼ਾਰ ਦੀ ਮਰਜ਼ੀ ਦਾ ਪਰੋਸਿਆ ਜਾ ਰਿਹੈ। ਇਹ ਜੋ ਏਨਾ ਡੇਟਾ ਹੈ, ਇਸੇ ਨੇ ਹੀ ਸੰਕਟ ਪੈਦਾ ਕਰ ਦਿੱਤਾ ਹੈ।

**ਰਸੂਲਪੁਰੀ** : ਡਾ. ਰੰਧਾਵਾ ਜੀ...ਲਹਿਰਾਂ ਤੋਂ ਪ੍ਰਭਾਵਿਤ ਹੋ ਕੇ ਲਿਖੀਆਂ ਕਹਾਣੀਆਂ ਦਾ ਬਿਰਤਾਂਤ ਇਕੋ ਜਿਹਾ ਕਿਓਂ ਲੱਗਣ ਲੱਗ ਪੈਂਦਾ ਏ?

**ਡਾ. ਆਤਮ ਰੰਧਾਵਾ** : ਇਹ ਗੱਲ ਤਾਂ ਸਭ ਨੂੰ ਪਤਾ ਹੈ ਕਿ ਲਹਿਰਾਂ ਪਿੱਛੇ ਅਕਸਰ ਨਿਰਧਾਰਤ ਵਿਚਾਰਧਾਰਾ ਹੁੰਦੀ ਹੈ ਭਾਵੇਂ ਉਹ ਸਮਾਜਿਕ, ਰਾਜਨੀਤਕ ਜਾਂ ਸਾਹਿਤਕ ਲਹਿਰਾਂ ਹੋਣ। ਕਿਸੇ ਲਹਿਰ ਦੀ ਦ੍ਰਿਸ਼ਟੀ, ਸਮਾਜ ਨੂੰ ਸਮਝਣ ਅਤੇ ਵਿਖਾਉਣ ਦਾ ਇਕ ਨਿਰਧਾਰਿਤ ਢੰਗ ਮੁਹੱਈਆ ਕਰਦੀ ਹੈ। ਇਸ ਨਾਲ ਜੁੜੇ ਹਰ ਇਕ ਲੇਖਕ ਕੋਲ ਨਿਰਧਾਰਤ ਵਿਚਾਰਾਂ ਦਾ ਸੈੱਟ ਤੇ ਨਿਸਚਿਤ ਵਿਧੀ/ਤਕਨੀਕ ਹੁੰਦੀ ਹੈ। ਜਿਥੋਂ ਤਕ ਸਾਹਿਤਕ ਲਹਿਰਾਂ ਦੀ ਗੱਲ ਹੈ, ਸਭ ਦਾ ਆਪਣਾ-ਆਪਣਾ ਉਦੇਸ਼, ਵਿਧੀ-ਵਿਧਾਨ ਤੇ ਸੁਹਜ-ਸ਼ਾਸਤਰ ਹੈ। ਕਿਸੇ ਇਕ ਲਹਿਰ ਨਾਲ ਕੱਟੜਤਾ ਸਹਿਤ ਜੁੜੇ ਲੇਖਕਾਂ ਦੇ ਵਿਚਾਰ ਅਤੇ ਵਿਧੀ ਇਕੋ ਜਹੇ ਹੁੰਦੇ ਹਨ ਪਰ ਸਾਹਿਤਕਤਾ ਨੂੰ ਪ੍ਰਣਾਏ ਲੇਖਕ ਇਸ ਤੋਂ ਪਾਰ ਹੁੰਦੇ ਹਨ।

ਮਿਸਾਲ ਦੇ ਤੌਰ ’ਤੇ ਸਮਾਜਵਾਦੀ ਲਹਿਰ ਦਾ ਸਾਹਿਤ ਆਰਥਕ ਪਾੜੇ, ਸੋਸ਼ਣ ਤੇ ਵਰਗ ਸੰਘਰਸ਼ ਆਦਿ ਉਪਰ ਕੇਂਦਰਿਤ ਹੈ। ਇਸ ਲਹਿਰ ਤੋਂ ਪ੍ਰਭਾਵਿਤ ਕਹਾਣੀਆਂ ਜਨਤਕ ਹੱਕਾਂ ਅਤੇ ਸਮਾਜਕ ਬਦਲਾਅ ਦੇ ਉਦੇਸ਼ ਨੂੰ ਸੰਬੋਧਨੀ/ਭਾਸ਼ਣੀ, ਵਿਅੰਗਮਈ ਤੇ ਉੱਚੀ ਸੁਰ ਵਿਚ ਪੇਸ਼ ਕਰਦੀਆਂ ਹਨ। ਰੋਮਾਂਸਵਾਦੀ ਤੇ ਸੁਹਜਵਾਦੀ ਖੁੱਲ-ਡੁੱਲ੍ਹ, ਪਿਆਰ, ਕਲਪਨਾ, ਕੁਦਰਤ ਤੇ ਕਿਰਦਾਰਾਂ ਦੀਆਂ ਭਾਵਨਾਵਾਂ ਅਤੇ ਅੰਦਰੂਨੀ ਸੰਘਰਸ਼ ਨੂੰ ਆਲੰਕਾਰਿਕ ਤੇ ਬਿੰਬਾਤਮਕ ਸੁਹਜ ਰਾਹੀਂ ਪੇਸ਼ ਕਰਦੇ ਹਨ। ਨਕਸਲਵਾੜੀ ਲਹਿਰ ਦੀਆਂ ਕਹਾਣੀਆਂ ਸਮਾਜਕ ਇਨਸਾਫ਼, ਵਿਦਰੋਹ ਤੇ ਹਥਿਆਰਬੰਦ ਕ੍ਰਾਂਤੀ ’ਤੇ ਕੇਂਦਰਿਤ ਹਨ। ਸੋ ਲਹਿਰ ਦੇ ਮੁੱਖ ਮਕਸਦਾਂ ਕਰਕੇ ਬਿਰਤਾਂਤ ਵੀ ਉਸੇ ਨੂੰ ਫਾਲੋ ਕਰਦਾ ਹੈ।

ਇਕ ਲਹਿਰ ਨਾਲ ਜੁੜੇ ਲੇਖਕ ਵਾਰ-ਵਾਰ ਨਿਰਧਾਰਿਤ ਢੰਗਾਂ ਰਾਹੀਂ ਨਿਰਧਾਰਤ ਸੰਦੇਸ਼ ਦੇਣ ਦੀ ਕੋਸ਼ਿਸ਼ ਕਰਦੇ ਹਨ। ਇਸ ਲਈ ਬਹੁਤ ਵਾਰ ਕਹਾਣੀਆਂ ਵਿਚ ਬਿਰਤਾਂਤਾਂ ਵਿਚ ਦੁਹਰਾਓ ਤੇ ਕਲਾਤਮਕ ਸੰਦਰਭਾਂ ਵਿਚ ਸਮਾਨਤਾ ਦਿੱਸਣੀ ਸ਼ੁਰੂ ਹੋ ਜਾਂਦੀ ਹੈ। ਬਹੁਤੀ ਵਾਰ ਲੇਖਕ ਨਿੱਜੀ ਅਨੁਭਵਾਂ ਦੀ ਬਜਾਏ ਲਹਿਰ ਦੇ ਵਿਚਾਰਾਂ 'ਤੇ ਨਿਰਭਰ ਹੋ ਜਾਂਦੇ ਹਨ। ਉਹ ਇਕੋ ਜਿਹੇ ਸਰੋਤਾਂ ਤੋਂ ਪ੍ਰੇਰਣਾ ਲੈਂਦੇ ਹਨ। ਲਹਿਰ ਦੇ ਵੱਡੇ ਲੇਖਕ ਨੂੰ ਫਾਲੋ ਕਰਨ ਦੇ ਚੱਕਰ ਵਿਚ ਨਕਲ ਵੀ ਕਰਨ ਲੱਗ ਜਾਂਦੇ ਹਨ; ਜਿਵੇਂ ਪਾਸ਼ ਦੀ ਕਵਿਤਾ ਵਰਗੀ ਦਰਜਨਾਂ ਕਵੀਆਂ ਦੀ ਕਵਿਤਾ ਲਿਖੀ ਗਈ। ਧੀਰ, ਸੇਖੋਂ ਜਾਂ ਸੁਜਾਨ ਸਿੰਘ ਵਰਗੀ ਕਹਾਣੀ ਲਿਖੀ ਗਈ। ਇਹ ਸਮਾਨਤਾਵਾਂ ਲਹਿਰ ਦੀ ਪਛਾਣ ਤਾਂ ਬਣਾਉਂਦੀਆਂ, ਪਰ ਨਾਲ ਹੀ ਬਿਰਤਾਂਤ ਵਿਚ ਵਿਭਿੰਨਤਾ ਦੀ ਕਮੀ ਪੈਦਾ ਕਰਦੀਆਂ ਹਨ। ਇਸਦੇ ਬਾਵਜੂਦ ਜਿਵੇਂ ਮੈਂ ਪਹਿਲਾਂ ਕਿਹਾ ਕਿ ਪ੍ਰਭਾਵਸ਼ਾਲੀ ਤੇ ਪ੍ਰਤਿਭਸ਼ੀਲ ਲੇਖਕ ਲਹਿਰ ਦੇ ਵਿਚਾਰਾਂ ਨੂੰ ਆਪਣੇ ਨਿੱਜੀ ਅਨੁਭਵਾਂ ਅਤੇ ਕਲਾਤਮਕ ਦ੍ਰਿਸ਼ਟੀ ਨਾਲ ਜੋੜ ਕੇ ਲਹਿਰਾਂ ਤੋਂ ਪਾਰ ਮਨੁੱਖ/ਜ਼ਿੰਦਗੀ ਦੀ ਜਟਿਲਤਾ ਨੂੰ ਫੋਲਦੇ, ਵਿਲੱਖਣ ਬਿਰਤਾਂਤ ਰਚਦੇ ਹਨ।

**ਅਰਵਿੰਦਰ ਧਾਲੀਵਾਲ** : ਮੇਰੀ ਧਾਰਨਾ ਹੈ ਕਿ ਲਹਿਰਾਂ ਸਮਾਜ ਵਿੱਚ ਵਿਚਾਰਧਾਰਾ ਪੈਦਾ ਕਰਨ ਤੇ ਸਮਾਜ ਨੂੰ ਸੇਧ ਦੇਣ ਲਈ ਹੀ ਪੈਦਾ ਹੁੰਦੀਆਂ। ਲੋਕ ਉਸ ਮੁਹਾਜ਼ ਦਾ ਹਿੱਸਾ ਬਣਦੇ। ਕਥਾਕਾਰ ਉਸ ਵਿਚੋਂ ਕੱਥ ਦੀ ਤਲਾਸ਼ ਕਰਦੈ। ਪ੍ਰਗਤੀਵਾਦ,ਸੁਧਾਰਵਾਦ, ਨਕਸਲਵਾਦ, ਪੰਜਾਬ ਚੁਰਾਸੀ ਆਦਿ ਸਭ ਨੇ ਬੜਾ ਵੱਡਾ ਸਾਹਿਤ ਪੈਦਾ ਕੀਤਾ। ਏਥੋਂ ਤੱਕ ਕਿਸਾਨ ਅੰਦੋਲਨ ਨੇ ਵੀ, ਕਰੋਨਾ ਕਾਲ ਨੇ ਵੀ। ਚਿਰਸਦੀਵੀ ਸਾਹਿਤ ਦੀ ਜਦੋਂ ਪਛਾਣ ਕਰਦੇ ਹਾਂ ਤਾਂ ਉਹ ਪਛਾਣ ਉਸਦੇ ਕਲਾ-ਪੱਖ ਤੋਂ ਹੁੰਦੀ ਹੈ। ਕਿਸੇ ਵੀ ਲਹਿਰ ਦੇ ਪ੍ਰਭਾਵ ਹੇਠ ਲਿਖਿਆ ਸਾਹਿਤ ਉਸ ਸਮੇਂ ਉਸ ਲਹਿਰ ਲਈ ਹੁਲਾਰੇ ਦਾ ਕੰਮ ਕਰਦਾ ਹੁੰਦੈ ਪਰ ਉਸਦੀ ਜਦੋਂ ਵੀ ਪਰਖ ਹੋਵੇਗੀ ਉਹ ਉਸ ਵਿਧਾ ਦੀ ਕਸਵੱਟੀ 'ਤੇ ਹੋਏਗੀ, ਕਲਾ ਦੀ ਕਸਵੱਟੀ 'ਤੇ। ਫਿਰ ਭਾਵੇਂ ਉਹ ਕਿਸੇ ਵੀ ਲਹਿਰ ਦੌਰਾਨ ਰਚੀ ਗਈ ਹੋਵੇ ਉਸਨੇ ਚਿਰਕਾਲੀ ਜਿਉਂਦੀ ਰਹਿਣਾ ਹੀ ਹੈ।

**ਡਾ. ਹੀਰਾ ਸਿੰਘ** : ਲਹਿਰਾਂ ਖਾਸ ਵਿਸ਼ਿਆਂ ਨੂੰ ਪ੍ਰਮੋਟ ਕਰਦੀਆਂ ਹਨ ਵਿਸ਼ੇ ਖਾਸ ਬਿਰਤਾਂਤ ਰਾਹੀਂ ਪੇਸ਼ ਹੁੰਦੇ ਹਨ। ਲਹਿਰਾਂ ਦੇ ਪ੍ਰਭਾਵ ਹੇਠ ਉਸ ਲਹਿਰ ਨਾਲ ਜੁੜੇ ਲੇਖਕ ਵਿਸ਼ਿਆਂ ਦਾ ਦੁਹਰਾਓ ਕਰਦੇ ਹਨ ਤਾਂ ਨਿਸ਼ਚੇ ਹੀ ਬਿਰਤਾਂਤ ਦਾ ਦੁਹਰਾਓ ਲਾਜ਼ਮੀ ਹੈ।

**ਰਸੂਲਪੁਰੀ** : ਕਹਾਣੀ ਬਿਰਤਾਂਤ ਦਾ ਸੰਕਟ 'ਤੇ ਆਪਾਂ ਸਭ ਨੇ ਆਪਣੇ ਆਪਣੇ ਵਿਚਾਰ ਦਿੱਤੇ। ਡਾ. ਮਹਿਲ ਸਿੰਘ ਹੁਰਾਂ ਕਹਾਣੀ ਦੇ ਨਾਲ ਨਾਲ ਨਾਵਲ ਬਾਰੇ ਗੱਲਾਂ ਕੀਤੀਆਂ। ਇਸ ਤਰ੍ਹਾਂ ਦੀਆਂ ਗੋਸ਼ਟੀਆਂ ਵਿੱਚ ਅਸੀਂ ਕੋਈ ਅੰਤਮ ਫ਼ੈਸਲੇ ਨਹੀਂ ਕਰਨੇ ਹੁੰਦੇ। ਅੱਜ ਆਪਾਂ ਸਭ ਨੇ ਸਮਾਂ ਕੱਢ ਕੇ ਸਾਹਿਤ ਦੇ ਇਸ ਮਸਲੇ 'ਤੇ ਗੋਸ਼ਟੀ ਕੀਤੀ ਏ। ਇਸ ਗੋਸ਼ਟੀ ਨੂੰ ਪੜ੍ਹ ਸਾਡੇ ਕਹਾਣੀਕਾਰ ਤੇ ਵਿਦਵਾਨ ਇਸ ਮਸਲੇ ਤੇ ਆਪਣੀ ਆਪਣੀ ਪੱਧਰ ਤੇ ਇਕ ਦੂਜੇ ਨਾਲ ਗੱਲਾਂ ਕਰਕੇ ਆਪਣੀ ਸਮਰੱਥਾ ਨਾਲ ਚਿੰਤਨ-ਮੰਥਨ ਕਰਨਗੇ। ਤੁਹਾਡਾ ਸਭ ਦਾ ਧੰਨਵਾਦ!!!

**(ਸਕ੍ਰਿਪਟ ਭਗਵੰਤ ਰਸੂਲਪੁਰੀ ਵੱਲੋਂ ਤਿਆਰ ਕੀਤੀ ਗਏ ਏ)**


ਅਫ਼ਰੀਕੀ ਕਹਾਣੀ

# ਮੀਂਹ ਲੱਥਾ

ਮੂਲ ਲੇਖਕ:ਗਰੇਸ ਏ ਔਗੋਤ

ਉਲਥਾਕਾਰ : ਮਕਸੂਦ ਸਾਕਿਬ

ਲਿਪੀਅੰਤਰ : ਜੋਗਿੰਦਰ ਪਾਲ ਮਾਨ





ਸਰਦਾਰ ਅਜੇ ਬੂਹੇ ਤੋਂ ਦੂਰ ਈ ਸੀ ਕਿ ਉਹਨੂੰ ਉਹਦੀ ਧੀ ਨੇ ਵੇਖ ਲਿਆ। ਉਹ ਅਗਲਵਾਂਢੀ ਭੱਜ ਵਗੀ। ਸਾਹੋ-ਸਾਹ ਪਿਉ ਨੂੰ ਪੁੱਛਣ ਲੱਗ ਪਈ, "ਸਰਦਾਰ, ਕੀ ਪਤਾ ਲਗਾ ਏ? ਪਿੰਡ ਵਿਚ ਤਾਂ ਲੋਕ ਮੀਂਹ ਲਈ ਉਤਾਵਲੇ ਹੋਏ ਪਏ ਨੇਂ।" ਲੈਓਂਗ ਓ ਨੇ ਧੀ ਲਈ ਹੱਥ ਵਧਾਏ ਪਰ ਮੂੰਹੋਂ ਇਕ ਲਫ਼ਜ਼ ਨਾ ਬੋਲਿਆ। ਪਿਉ ਨੂੰ ਠਰਿਆ ਵੇਖ ਕੇ ਭੌਂਤਰੀ ਹੋਈ ਉਗੰਦਾ ਪਿਛਾਂਹ ਪਿੰਡ ਵੱਲ ਭੱਜ ਪਈ, ਤਾਂ ਜੋ ਲੋਕਾਂ ਨੂੰ ਸਰਦਾਰ ਦੇ ਆਵਣ ਦੀ ਖ਼ਬਰ ਦੇਵੇ।

ਪਿੰਡ ਦੀ ਹਵਾ ਵਿਚ ਤਣ ਤੇ ਹੈਰਾਨੀ ਸੀ। ਅਹਾਤੇ ਵਿਚ ਹਰ ਕੋਈ ਬਿਨਾ ਸੋਚੇ ਸਮਝੇ ਭੋਇੰ ਤੇ ਬਿਨਾ ਕੰਮ ਕਾਰ ਭੱਜੀ ਫਿਰਦਾ ਸੀ। ਇਕ ਨੌਜਵਾਨ ਜ਼ਨਾਨੀ ਨੇ ਆਪਣੀ ਸੌਂਕਣ ਦੇ ਕੰਨ ਵਿਚ ਆਖਿਆ, "ਜੇ ਏਹਨਾਂ ਅੱਜ ਮੀਂਹ ਦਾ ਉਪਾਅ ਨਾ ਲੱਭਿਆ, ਤਾਂ ਸਰਦਾਰ ਸਾਬਤ ਨਹੀਂ ਰਹਿਣਾ।" ਉਹਨਾਂ ਵੇਖ ਲਿਆ ਸੀ ਜਿਵੇਂ ਜਿਵੇਂ ਲੋਕ ਸਰਦਾਰ ਨੂੰ ਆਪਣੀ ਬਿਪਤਾ ਸੁਣਾਂਦੇ ਸਨ ਉਹ ਹੋਰ ਵੀ ਤੀਲੇ ਵਾਕਣ ਸੁੱਕਦਾ ਜਾਂਦਾ ਸੀ। "ਸਾਡਾ ਮਾਲ ਪੈਲ਼ੀਆਂ ਵਿਚ ਮੋਇਆ ਪਿਆ ਏ।" ਉਹ ਦੱਸਦੇ।

"ਅਗਲੀ ਘੜੀ ਸਾਡੇ ਬਾਲ ਵੀ ਇੰਜੇ ਪਏ ਹੋਸਣ ਤੇ ਫੇਰ ਅਸੀਂ ਆਪ। ਸਰਦਾਰ, ਦੱਸ ਆਪਣੀਆਂ ਜਾਨਾਂ ਕਿਵੇਂ ਬਚਾਈਏ?" ਤੇ ਸਰਦਾਰ ਨੇ ਆਏ ਦਿਨ ਆਪਣੇ ਵੱਡਕਿਆਂ ਦੇ ਵਸੀਲੇ ਰੱਬ ਨੂੰ ਹਾੜੇ ਘੱਤੇ ਸਨ, ਉਹਨਾਂ ਨੂੰ ਏਸ ਬਿਪਤਾ ਵਿੱਚੋਂ ਕੱਢ ਲਵੇ। ਝੱਟ ਟੱਬਰ ਨੂੰ ਕੱਠਿਆਂ ਕਰਕੇ ਸਾਰੀ ਗੱਲ ਸੁਣਾਵਣ ਦੀ ਥਾਂ ਲੈਓਂਗ ਓ ਸਿੱਧਾ ਆਪਣੀ ਝੁੱਗੀ ਨੂੰ ਹੋ ਪਿਆ। ਇਹ ਇਸ ਗੱਲ ਦੀ ਨਿਸ਼ਾਨੀ ਸੀ ਬਈ ਉਹਦੇ ਕੋਲ ਕੋਈ ਨਾ ਜਾਵੇ। ਬੂਹਾ ਭੇੜ ਕੇ ਉਹ ਝੁੱਗੀ ਦੇ ਫਿੱਕੇ ਚਾਨਣੇ ਤਾੜੀ ਲਾ ਕੇ ਬਹਿ ਗਿਆ।

ਏਸ ਵੇਲੇ ਉਹਦੇ ਦਿਲ ਤੇ ਭੁਖੇ ਮਰਦੇ ਲੋਕਾਂ ਦੀ ਸਰਦਾਰੀ ਦੇ ਭਾਰ ਦਾ ਸਵਾਲ ਨਹੀਂ ਸੀ। ਹੁਣ ਤਾਂ ਉਹਦੇ ਸਾਹਮਣੇ ਧੀ ਦੀ ਜ਼ਿੰਦਗੀ ਦਾ ਸਵਾਲ ਸੀ। ਉਗੰਦਾ ਉਹਨੂੰ ਮਿਲਣ ਆਈ ਸੀ ਤਾਂ ਉਹਨੇ ਉਹਦੇ ਲੱਕ ਦਵਾਲੇ ਲਿਸ਼ਕਦੀ ਜ਼ੰਜੀਰੀ ਵੇਖ ਲਈ ਸੀ। "ਭਲ਼ਕ ਬਾਣੀ" ਪੂਰੀ ਪਈ ਹੁੰਦੀ ਸੀ।" ਏਹ ਉਗੰਦਾ ਈ ਏ, ਉਗੰਦਾ ਮੇਰੀ ਇਕੋ ਇਕ ਧੀ ਨੇ ਜੋਬਨ ਰੁੱਤੇ ਮਰਨਾ ਏ।" ਲੈਓਂਗ ਓ ਆਪਣੀ ਗੱਲ ਪੂਰੀ ਕੀਤੇ ਬਿਨਾ ਭੁੱਬੀਂ ਰੋਣ ਲੱਗ ਪਿਆ। ਸਰਦਾਰ ਨੂੰ ਉੱਕਾ ਨਹੀਂ ਸੀ ਰੋਣਾ ਚਾਹੀਦਾ। ਉਹ ਤਾਂ ਸਾਰੇ ਵਸੇਬ ਦਾ ਮੰਨਿਆ ਪਰਵੰਨਿਆ ਬਹਾਦਰ ਏ। ਪਰ ਲੈਓਂਗ ਓ ਹੋਰ ਆਕਰ ਨਾ ਰਿਹਾ। ਉਹ ਆਮ

ਪਿਉ ਦੀ ਥਾਂ ਤੇ ਆ ਗਿਆ ਤੇ ਢੇਰ ਰੁੰਨਾ। ਉਹਨੂੰ ਆਪਣੇ ਲੇਵ ਲੋਕਾਂ ਨਾਲ ਬਹੁੰ ਪਿਆਰ ਸੀ ਪਰ ਉਗੰਦਾ ਬਾਝ ਲਵੇ ਕਿਹੜੇ ਖਾਤੇ ਸਨ? ਉਹ ਤਾਂ ਲੈਓਂਗ ਓ ਦੀ ਦੁਨੀਆ ਵਿਚ ਨਵੀਂ ਹਯਾਤੀ ਲਿਆਈ ਸੀ, ਉਹਦੀ ਪਾਰੋਂ ਈ ਤਾਂ ਉਹ ਏਡੀ ਠੱਠਕੇ ਸਰਦਾਰੀ ਕਰ ਸਕਿਆ ਸੀ। ਪਿੰਡ ਦੀ ਰੂਹ ਉਹਦੀ ਸੋਹਣੀ ਧੀ ਨੂੰ ਕਿਵੇਂ ਬਚਾਸੀ? ਕਿੰਨੇ ਘਰ ਤੇ ਕਿੰਨੇ ਈ ਮਾਪੇ ਨੇਂ, ਜੇਹਨਾਂ ਦੀਆਂ ਧੀਆਂ ਨੇਂ। ਫੇਰ ਏਸੇ ਦਾ ਈ ਗੁਣਾ, ਕੇਹੜੀ ਗੱਲੋਂ? ਮੇਰਾ ਤਾਂ ਸਭ ਕੁਝ ਈ ਏਹੋ ਏ।" ਲੈਓਂਗ ਓ ਇੰਜ ਪਿਆ ਬੋਲਦਾ ਸੀ ਜਿਵੇਂ ਉਹਦੇ ਸਾਰੇ ਪਿਉ ਦਾਦੇ ਓਸ ਵੇਲੇ ਝੁੱਗੀ ਵਿਚ ਆਏ ਬੈਠੇ ਸਨ। ਉਹ ਇਕ ਇਕ ਨੂੰ ਪਿਆ ਸੁੰਜਾਣਦਾ ਸੀ। ਖ਼ਬਰੇ ਉਹਨੂੰ ਸਰਦਾਰ ਬਣਨ ਵੇਲੇ ਦਾ ਕੀਤਾ ਵਾਅਦਾ ਚੇਤੇ ਕਰਾਣ ਆਏ ਬੈਠੇ ਸਨ। "ਮੇਰੇ ਕਬੀਲੇ ਤੇ ਕੋਈ ਆਫ਼ਤ ਆਵੇ ਤਾਂ ਮੈਂ ਆਪਣੀ ਕੀ ਆਪਣੇ ਬੀਵੀ ਬੱਚਿਆਂ ਦੀ ਜਾਨ ਦੀ ਵੀ ਪ੍ਰਵਾਹ ਨਹੀਂ ਕਰਾਂਗਾ।" "ਕੂੜ! ਕੂੜ!" ਵੱਡਕੇ ਉਹਨੂੰ ਚੱਘਦੇ ਸਾਫ਼ ਸੁਣੀਂਦੇ ਸਨ। ਲੈਓਂਗ ਓ ਅਸਲੋਂ ਲਵੀ ਉਮਰੇ ਸਰਦਾਰ ਬਣਿਆ ਸੀ। ਆਪਣੇ ਪਿਓ ਦੇ ਉਲਟ ਉਹਨੇ ਕਈਂ ਵਰ੍ਹੇ ਇਕੋ ਵਿਆਹ ਨਾਲ ਸਰਦਾਰੀ ਕੀਤੀ। ਲੋਕ ਉਹਨੂੰ ਅੰਦਰ ਖਾਨੇ ਨਿੰਦਦੇ, "ਇਕੋ ਵਹੁਟੀ ਸਾਂਭੀ ਫਿਰਦਾ ਏ, ਏਹਨੇ ਧੀ ਤਾਂ ਨਹੀਂ ਜੰਮ ਦਿੱਤੀ ਏਹਨੂੰ!" ਉਹਨੇ ਦੋ, ਤਿੰਨ, ਚਾਰ ਵਿਆਹ ਕੀਤੇ। ਸਾਰੀਆਂ ਵਹੁਟੀਆਂ ਵਿਚੋਂ ਮੁੰਡੇ ਈ ਹੋਏ। ਪੰਜਵੀਂ ਕੀਤਿਓਸ ਤਾਂ ਫੇਰ ਕਿਤੇ ਧੀ ਹੋਈ। ਉਹ ਉਹਨੂੰ ਉਗੰਦਾ ਆਖਦੇ। ਉਗੰਦਾ ਲੋਬੀਏ ਦਾ ਦਾਣਾ ਹੁੰਦਾ ਏ। ਉਹਦੀ ਖਲੜੀ ਬੜੀ ਸਾਫ਼ ਸੀ ਨਾ। ਲੈਓਂਗ ਓ ਦੇ ਵੀਹ ਬਾਲਾਂ ਵਿਚੋਂ ਉਗੰਦਾ ਈ ਕੁੜੀ ਸੀ। ਪਿਉ ਦੀ ਸਭ ਬੱਚਿਆਂ ਤੋਂ ਲਾਡਲੀ, ਮਾਂ ਦੀਆਂ ਸੌਕਣਾ ਅੰਦਰ ਦਾ ਸਾੜਾ ਪੀ ਕੇ ਸਦਕੇ ਵਾਰੀ ਜਾਂਦੀਆਂ। ਆਖਦੀਆਂ, ਉਗੰਦਾ ਆਖ਼ਰ ਧੀ ਹੋਈ, ਪਿਉ ਘਰ ਕੁਝ ਦਿਨਾਂ ਦੀ ਪ੍ਰਾਹੁਣੀ। ਲਵੀ ਉਮਰੇ ਈ ਵਿਆਹੀ ਜਾਣਾ ਸੂ, ਏਹਦੀ ਥਾਂ ਮੁੜ ਕਿਸੇ ਹੋਰ ਆ ਮੱਲਣੀ ਏ।

ਜ਼ਿੰਦਗੀ ਵਿਚ ਔਖਾ ਫ਼ੈਸਲਾ ਨਹੀਂ ਸੀ ਆਇਆ। 'ਮੇਘ ਸਰਦਾਰ' ਦਾ ਆਖਿਆ ਨਾ ਮੰਨਣ ਸੀ ਪੂਰੇ ਕਬੀਲੇ ਦੀ ਤਬਾਹੀ। ਇਕ ਜੀ ਖ਼ਾਤਰ ਕੁੱਲ ਵਸੇਬ ਦ ਜਾਣ! ਏਸਤੋਂ ਵੀ ਅੱਗੇ ਵੱਡਕਿਆਂ ਦੀ ਨਾਫ਼ਰਮਾਨੀ ਕਰਕੇ ਲੇਵ ਕਬੀਲੇ ਦਾ ਧਰਤੀਉਂ ਨਾਂ ਨਸਾਨ ਪੂੰਝ ਘੱਤਣ! ਦੂਜੇ ਬੰਨੇ ਲੋਕਾਂ ਸਦਕਾ ਉਗੰਦਾ ਨੂੰ ਮਾਰ ਘੱਤਣ ਲੈਓਂਗ ਓ ਦੇ ਭਰਮ ਵਿਸ਼ਵਾਸ ਦਾ ਸਦਾ ਲਈ ਬੱਜੀ ਹੋਵਣ ਸੀ। ਉਹਨੂੰ ਪਤਾ ਸੀ ਉਹਦੇ ਤੋਂ ਏਹੋ ਜੇਹੀ ਸਰਦਾਰੀ ਦੂਜੀ ਵਾਰ ਨਹੀਂ ਹੋਣੀ।

ਨਿਦਤੀ ਹਕੀਮ ਦੇ ਲਫ਼ਜ਼ ਅਜੇ ਤਾਈਂ ਉਹਦੇ ਕੰਨੀਂ ਗੂੰਜਦੇ ਪਏ ਸਨ, "ਪਿਛਲੀ ਰਾਤ ਲੇਵ ਕਬੀਲੇ ਦਾ ਵਡਕਾ ਪੌਧੂ ਮੇਰੇ ਸੁਫ਼ਨੇ ਆਇਆ, ਆਖਿਓਸ-ਜਾ ਸਰਦਾਰ ਤੇ ਲੋਕਾਂ ਨੂੰ ਦੱਸਦੇ।" ਨਿਦਤੀ ਨੇ ਕਬੀਲੇ ਵਾਲਿਆਂ ਦੇ ਇਕੱਠ ਨੂੰ ਦੱਸਿਆ, "ਅਣਛੋਹ ਕਵਾਰੀ ਨਾਰ ਮਰੇ ਤਾਂ ਮੀਂਹ ਲਹਿ ਪਵੇ। ਪੌਧੂ ਮੈਨੂੰ ਅਜੇ ਵੀ ਆਂਹਦਾ ਪਿਆ ਏ, ਮੈਂ ਢੰਨ ਦੇ ਕੰਢੇ ਇਕ ਕੁੜੀ ਡਿੱਠੀ ਏ, ਹੱਥ ਸਿਰ ਤੋਂ ਉਤਾਂਹ। ਖਲੜੀ ਜਿਵੇਂ ਬੱਗ ਹੋਵੇ। ਲੰਮਾ ਛੀਟਕਾ ਵਜੂਦ ਦਰਿਆ ਦੀ ਮਣ ਤੇ ਖਲੋਤੇ ਇੱਕਲੇ ਇਕਹਿਰੇ ਸਰੂਣ ਵਰਗਾ। ਨੀਂਦਰ ਭਿੰਨੀਆਂ ਅੱਖਾਂ ਵਿਚ ਦੁਖਿਆਰੀਆਂ ਮਾਵਾਂ ਦੀ ਉਦਾਸ ਤੱਕਣੀ। ਉਹਦੇ ਖੱਬੇ ਕੰਨ ਵਿਚ ਸੋਨੇ ਦੀ ਵਾਲ਼ੀ ਏ ਤੇ ਲੱਕ ਨਾਲ ਪਿੱਤਲ ਦੀ ਲਿਸ਼ਕਦੀ ਜ਼ੰਜੀਰੀ ਏ।" ਮੈਂ ਅਜੇ

ਏਸ ਨਾਰ ਦੇ ਸੋਹਣ ਵਿਚ ਈ ਗਵਾਚਾ ਸਾਂ ਕਿ ਪੌਧੂ ਨੇ ਕਿਹਾ, "ਏਸ ਧਰਤੀ ਦੀਆਂ ਨਾਰੀਆਂ ਵਿੱਚੋਂ ਅਸਾਂ ਏਸੇ ਨੂੰ ਚੁਣਿਆ ਏ। ਏਹਨੂੰ ਆਖੋ ਢੰਨ ਬਲਾ ਦੀ ਕੁਰਬਾਨੀ ਨੂੰ ਤਿਆਰ ਹੋ ਜਾਵੇ। ਤੇ ਫੇਰ ਜਿਸ ਦਿਹਾੜੇ ਬੱਦਲ ਪੜ ਪਾਟਕੇ ਵਗਣ, ਕੋਈ ਵੀ ਘਰੋਂ ਪੈਰ ਨਾ ਕੱਢੇ ਮਤੇ ਰੁੜ੍ਹਦਾ ਹੋਵੇ।

ਬਾਹਰ ਅਜੀਬ ਚੁੱਪ ਵਕਤੀ ਪਈ ਸੀ, ਤੁੱਸੇ ਪੱਖੀ ਸਨ, ਮਰਦੇ ਰੁੱਖਾਂ ਉੱਤੇ ਹੌਲੀ ਹੌਲੀ ਬੋਲਦੇ। ਸਿਖਰ ਦੁਪਹਿਰ ਦੀ ਅੱਖਾਂ ਲੂੰਹਦੀ ਗਰਮੀ ਨੇ ਲੋਕਾਂ ਨੂੰ ਅੰਦਰਾਂ ਵਿਚ ਤਾੜ ਦਿੱਤਾ ਸੀ। ਸਰਦਾਰ ਦੀ ਝੁੱਗੀ ਦੇ ਕੋਲ ਈ ਦੋ ਪਾਹਰੂ ਘੁਰਾੜੇ ਮਾਰਦੇ ਸੁੱਤੇ ਪਏ ਸਨ। ਲੈਓਂਗ ਓ ਨੇ ਹੌਲੀ ਜੇਹੀ ਸਿਰ ਤੋਂ ਤਾਜ ਤੇ ਮੋਢਿਆਂ ਤੋਂ ਪਲ੍ਹਮਦੇ ਉਕਾਬ ਦੀ ਸਿਰੀ ਲਾਹ ਦਿੱਤੀ। ਝੁੱਗੀਉਂ ਬਾਹਰ ਨਿਕਲਿਆ ਤੇ ਨੌਬਤੀਏ ਨੂੰ ਆਖਣ ਦੀ ਥਾਂ ਆਪ ਈ ਨੌਬਤ ਵਜਾਣ ਲੱਗ ਪਿਆ। ਝਟਾ ਪਟ ਸਾਰੇ ਲੋਕ 'ਸਿਆਲਾ' ਦੇ ਰੁੱਖ ਹੇਠ ਆਣ ਜੁੜੇ। ਏਸ ਰੁੱਖ ਥੱਲੇ ਈ ਉਹ ਲੋਕਾਂ ਨਾਲ ਗੱਲ ਕਰਦਾ ਹੁੰਦਾ ਸੀ। ਉਗੰਦਾ ਨੂੰ ਉਹਨੇ ਕੁਝ ਚਿਰ ਲਈ ਦਾਦੀ ਕੋਲ ਟੋਰ ਦਿੱਤਾ।

ਲੈਓਂਗ ਓ ਬੋਲਣ ਖਲੋਤਾ ਤਾਂ ਵਾਜ ਭਰੜਾਈ ਹੋਈ ਸੀ ਤੇ ਰੋਣ ਪਾਰੋਂ ਬੋਲਣ ਨਹੀਂ ਸੀ ਹੁੰਦਾ। ਬੋਲਣਾ ਛੁਰਿਆ, ਲਫ਼ਜ਼ ਆਖੇ ਨਾ ਲੱਗੇ। ਉਹਦੀਆਂ ਜ਼ਨਾਨੀਆਂ ਤੇ ਪੁੱਤਰਾਂ ਸਮਝ ਲਿਆ, ਕੋਈ ਬਿਪਤਾ ਪੈਣ ਵਾਲੀ ਸੀ। ਖ਼ਬਰੇ ਦੁਸ਼ਮਣ ਚੜ੍ਹਾਈ ਕਰੂ ਸਨ। ਲੈਓਂਗ ਓ ਦੀਆਂ ਅੱਖਾਂ ਲਾਲ ਸਨ ਤੇ ਉਹਨਾਂ ਨੂੰ ਦਿਸਦਾ ਪਿਆ ਸੀ ਉਹ ਰੋਂਦਾ ਰਿਹਾ ਸੀ। ਓੜਕ ਉਹਨੇ ਦੱਸਿਆ, "ਸਾਡੀ ਸਭ ਤੋਂ ਵੱਡੀ ਦੌਲਤ ਲੁੱਟੀ ਜਾਣੀ ਏ। ਉਗੰਦਾ ਨੂੰ ਮਰਨਾ ਪੌਸੀ," ਲੈਓਂਗ ਓ ਈ ਵਾਜ ਏਨੀ ਮੱਠੀ ਸੀ ਜੋ ਉਹਨੂੰ ਆਪ ਵੀ ਨਹੀਂ ਸੀ ਸੁਣਦੀ। ਉਹ ਬੋਲਦਾ ਰਿਹਾ, "ਵੱਡਕਿਆਂ ਢੰਨ ਬਲਾ ਲਈ ਉਹਨੂੰ ਚੁਣਿਆ ਏ। ਉਹਦੀ ਕੁਰਬਾਨੀ ਨਾਲ ਬੱਦਲਾਂ ਨੂੰ ਤਰਸ ਆ ਜਾਸੀ।"

ਇਸ ਪਲ ਲਈ ਸਭਨਾਂ ਉੱਤੇ ਮੌਤ ਵਰਤ ਗਈ। ਉਹ ਪੱਥਰ ਹੋ ਗਏ, ਕੁਝ ਘੁਸਰ-ਮੁਸਰ ਹੋਵਣ ਲੱਗੀ ਤਾਂ ਉਗੰਦਾ ਦੀ ਮਾਂ ਨੂੰ ਦੰਦਲ ਪੈ ਗਈ। ਉਹਨੂੰ ਛੇਤੀ ਨਾਲ ਉਹਦੀ ਝੁੱਗੀ ਵਿਚ ਅਪੜਾ ਦਿੱਤਿਓ ਨੇਂ। ਦੂਜੇ ਲੋਕ ਰਾਜ਼ੀ ਪਏ ਹੁੰਦੇ ਸਨ। ਉਹ ਆਲ-ਦਵਾਲੇ ਨੱਚਦੇ ਹੋਏ ਉੱਚੀ ਉੱਚੀ ਆਖਣ ਲੱਗ ਪਏ, "ਉਗੰਦਾ ਬੜੇ ਨਸੀਬਾਂ ਵਾਲੀ ਏ, ਲੋਕਾਂ ਲਈ ਮਰਨਾ ਸੂ, ਉਹਦੇ ਮੋਇਆਂ ਲੋਕ ਬਚਦੇ ਨੇਂ ਤਾਂ ਉਹਨੂੰ ਜ਼ਰੂਰ ਮਰਨਾ ਚਾਹੀਦਾ ਏ।

ਉਗੰਦਾ ਆਪਣੀ ਦਾਦੀ ਦੀ ਝੁੱਗੀ ਵਿਚ ਬੈਠੀ ਹੱਕਾ-ਬੱਕਾ ਸੀ। ਉਹਨੂੰ ਸਮਝ ਨਹੀਂ ਸੀ ਪਈ ਲੱਗਦੀ, ਲੋਕ ਉਹਦੀਆਂ ਗੱਲਾਂ ਪਏ ਕਰਦੇ ਸਨ ਤੇ ਉਹਨੂੰ ਕੁਝ ਵੀ ਨਹੀਂ ਸੀ ਸੁਣਦਾ ਪਿਆ। ਉਹਦੀ ਦਾਦੀ ਦੀ ਝੁੱਗੀ ਸਰਦਾਰ ਦੀ ਕਚਿਹਰਿਉਂ ਵਾਹਵਾ ਵਿੱਥ ਤੇ ਸੀ। ਉਹ ਜਿੰਨੀ ਕੈੜ ਲੈਂਦੀ ਉਨਾਂ ਈ ਉਹਦੇ ਕੰਨੀਂ ਕੁਝ ਨਾ ਪੈਂਦਾ, "ਅਸਲ ਵਿਚ ਮੇਰਾ ਵਿਆਹ ਕਰੂ ਨੇਂ," ਉਹਨੇ ਆਪਣੀ ਥਾਂ ਤੱਤ ਕੱਢਿਆ। ਕਬੀਲੇ ਦਾ ਪੁਰਾਣਾ ਰਿਵਾਜ ਸੀ, ਕੁੜੀਆਂ ਦੇ ਵਿਆਹ ਦੀ ਗੱਲ ਉਹਨਾਂ ਸਾਹਮਣੇ ਨਹੀਂ ਸਨ ਕਰਦੇ। ਉਗੰਦਾ ਦੇ ਬੁੱਲ੍ਹਾਂ ਉੱਤੇ ਫਿੱਕੀ ਜਹੀ ਮੁਸਕਣੀ ਆ ਗਈ। ਉਹਦੇ ਧਿਆਨ ਵਿਚ ਉਹ ਸਾਰੇ ਮੁੰਡੇ ਆ ਗਏ, ਜਿਹੜੇ ਉਹਦਾ ਨਾਂ ਸੁਣਕੇ ਰਾਲ਼ਾਂ ਸੁੱਟਣ ਲੱਗ ਪੈਂਦੇ ਸਨ।

ਗਵਾਂਢੀ ਟਾਬਰੀ ਦੇ ਵੱਡਕੇ ਦਾ ਪੁੱਤਰ ਕੇਚ ਸੀ। ਬੜਾ ਈ ਸੋਹਣਾ! ਉਹਦੀਆਂ

ਅੱਖਾਂ ਮਿੱਠੀਆਂ ਕੂਲ਼ੀਆਂ ਤੇ ਹਾਸਾ ਗੂੰਜਵਾਂ ਸੀ। ਉਗੰਦਾ ਸੋਚਿਆ, ਬਾਲਾਂ ਦਾ ਪਿਉ ਵਧੀਆ ਹੋ ਸਕਦਾ ਏ, ਪਰ ਉਹਦੇ ਨਾਲ ਉਹਦੀ ਜੋੜੀ ਫਬਣੀ ਨਹੀਂ। ਕੇਚ ਚੋਖਾ ਈ ਮਧਰਾ ਹੋਵਣ ਪਾਰੋਂ ਉਹਦਾ ਖਾਵੰਦ ਬਣਨ ਦੇ ਲਾਇਕ ਨਹੀਂ ਸੀ। ਉਹਦੇ ਨਾਲ ਗੱਲ ਕਰਨ ਲਈ ਉਹਨੂੰ ਹਰ ਵੇਲੇ ਹੇਠਾਂ ਤੱਕਣਾ ਪਿਆ ਕਰਸੀ। ਇਹ ਤਾਂ ਮੁੜ ਉਹਦੀ ਆਪਣੀ ਨਮੋਸ਼ੀ ਹੋਸੀ। ਫੇਰ ਉਹਨੇਂ ਡਮੋ ਦਾ ਸੋਚਿਆ। ਉੱਚਾ ਲੰਮਾ ਡਮੋ ਆਪਣੇ ਆਪ ਨੂੰ ਵਗਿਆਮ ਤੇ ਬਲਵਾਨ ਮਨਵਾਈ ਖਲ੍ਹਾ ਸੀ। ਉਹ ਉਗੰਦਾ ਨੂੰ ਪਿਆਰ ਕਰਦਾ ਸੀ। ਉਗੰਦਾ ਸੋਚਿਆ, ਉਹ ਬੜਾ ਜ਼ਾਲਮ ਖਾਵੰਦ ਹੋਸੀ। ਹਰ ਵੇਲੇ ਝੇੜਾ ਕੀਤੀ ਰੱਖਦਾ ਤੇ ਹੱਥੀਂ ਪੈਣ ਨੂੰ ਤਿਆਰ ਹੁੰਦਾ ਏ। ਨਹੀਂ ਉਹਨੂੰ ਨਹੀਂ ਉਹ ਚੰਗਾ ਲੱਗਦਾ। ਉਸਿੰਦਾ ਦਾ ਖ਼ਿਆਲ ਆਇਆ ਤਾਂ ਉਗੰਦਾ ਨੇ ਆਪਣੇ ਲੱਕ ਦਵਾਲ਼ੇ ਬੰਨ੍ਹੀ ਜ਼ੰਜੀਰੀ ਨੂੰ ਉਂਗਲ ਛੁਹਾਈ। ਕਿੰਨਾ ਚਿਰ ਪਹਿਲਾਂ ਹਾਲੇ ਉਹ ਨਿੱਕੀ ਜੇਹੀ ਈ ਸੀ, ਉਸਿੰਦੇ ਨੇ ਏਹ ਜ਼ੰਜੀਰੀ ਉਹਨੂੰ ਦਿੱਤੀ ਸੀ। ਪੌਂਦ ਉਹਨੇ ਕਦੀਂ ਜ਼ੰਜੀਰੀ ਗਲ਼ ਵੀ ਪਾ ਲੈਣੀ ਪਰ ਫੇਰ ਉਹਨੇ ਏਹ ਲੱਕ ਦਵਾਲੇ ਬੰਨ੍ਹ ਲਈ ਤੇ ਏਥੋਂ ਕਦੀਂ ਨਾ ਲਾਹੀ। ਉਹਦਾ ਸੋਚਦਿਆਂ ਈ ਉਗੰਦਾ ਨੂੰ ਆਪਣਾ ਦਿਲ ਜ਼ੋਰ ਜ਼ੋਰ ਦੀ ਧੜਕਦਾ ਜਾਪਿਆ। "ਹੋਵੇ ਨਾ ਤੇ ਉਸਿੰਦਾ ਉਹ ਤੇਰਾ ਈ ਸੋਚਦੇ ਹੋਵਣ। ਮੇਰੇ ਉਸਿੰਦਾ ਛੇਤੀ ਨਾਲ ਆ ਤੇ ਮੈਨੂੰ ਲੈ ਜਾ।"

ਉਹ ਏਹੋ ਈ ਮਿੱਠੀ ਨਿੱਘੀ ਸੋਚ ਪਈ ਸੋਚਦੀ ਸੀ ਕਿ ਬੂਹੇ ਵਿਚ ਇਕ ਪਤਲੇ ਜੇਹੇ ਵਜੂਦ ਨੇ ਆ ਕੇ ਉਹਦਾ ਤਰਾਹ ਕੱਢ ਛੱਡਿਆ, "ਦਾਦੀ ਤੂੰ ਤਾਂ ਮੈਨੂੰ ਡਰਾ ਈ ਦਿੱਤਾ ਏ," ਉਗੰਦਾ ਹੱਸਦੀ ਹੋਈ ਬੋਲੀ।

"ਮੇਰੇ ਵਿਆਹ ਦੀਆਂ ਈ ਗੱਲਾਂ ਪਏ ਕਰਦੇ ਓ ਨਾ? ਮੈਥੋਂ ਸੁਣ ਲਵੋ ਏਹਨਾਂ ਮੁੰਡਿਆਂ ਵਿੱਚੋਂ ਮੈਂ ਕਿਸੇ ਨਾਲ ਵਿਆਹ ਨਹੀਂ ਕਰਨਾ।" ਉਹਦੇ ਬੁੱਲ੍ਹਾਂ ਉੱਤੇ ਇਕ ਵਾਰੀ ਫੇਰ ਮੁਸਕਣੀ ਖੇਡੀ। ਉਹਨੂੰ ਅੰਦਰੋਂ ਪੱਕ ਸੀ ਪਈ ਉਸਿੰਦਾ ਦਾ ਨਾਂ ਈ ਪਿਆ ਚੱਲਦਾ ਹੋਣਾ ਏ। ਫੇਰ ਵੀ ਉਹ ਦਾਦੀ ਦੇ ਮੂੰਹੋਂ ਸੁਣਨਾ ਚਾਹੁੰਦੀ ਸੀ।

ਬਾਹਰ ਖੁੱਲ੍ਹੀ ਥਾਂਵੇਂ ਸਾਰੇ ਰਿਸ਼ਤੇਦਾਰ ਖੁਸ਼ੀ ਨਾਲ ਕਮਲ਼ੇ ਹੋਏ ਨੱਚਦੇ ਗਾਉਂਦੇ ਪਏ ਸਨ। ਉਹਨਾਂ ਦਾ ਗਾਵਣ ਨੇੜੇ ਹੋਇਆ ਤਾਂ ਉਗੰਦਾ ਨੂੰ ਉਹਨਾਂ ਦੀਆਂ ਗੱਲਾਂ ਵੀ ਸੁਣੇਣ ਲੱਗ ਪਈਆਂ, "ਜੇ ਲੋਕਾਂ ਨੂੰ ਬਚਾਵਣ ਲਈ ਏ, ਮੀਂਹ ਪਵਾਵਣ ਲਈ ਏ ਤਾਂ ਉਗੰਦਾ ਨੂੰ ਜਾ ਜਾਂਦੀ ਆਖੋ। ਆਪਣੇ ਲੋਕਾਂ ਤੇ ਵੱਡਕਿਆਂ ਸਦਕਾ ਉਗੰਦਾ ਨੂੰ ਮਰਨ ਦਿਉ।" ਉਹ ਸੋਚਣ ਲੱਗ ਪਈ। ਉਹਦਾ ਸ਼ੁਦਾ ਸੀ ਲੋਕ ਉਹਦੇ ਗਾਉਣ ਪਏ ਗਾਉਂਦੇ ਸਨ? ਉਹ ਕਿਵੇਂ ਮਰ ਸਕਦੀ ਸੀ? ਉਹਨੂੰ ਦਾਦੀ ਦਾ ਖੰਭ ਜੇਹਾ ਵਜੂਦ ਬੂਹਾ ਭੇੜਦਾ ਦਿਸਿਆ। ਉਹ ਬਾਹਰ ਨਹੀਂ ਸੀ ਨਿਕਲ ਸਕਦੀ। ਉਹਨੂੰ ਆਪਣੇ ਆਲ਼ ਦਵਾਲ਼ੇ ਫੇਰੀਆਂ ਲਾਂਦੀ ਮੌਤ ਦਾ ਪਤਾ ਦਾਦੀ ਦੇ ਮੂੰਹ ਤੋਂ ਪਿਆ ਲੱਗਦਾ ਸੀ। "ਬੇਬੇ ਇਹ ਵਿਆਹ ਤੇ ਨਾ ਹੋਇਆ ਮੁੜ?" ਉਹਨੇ ਦਾਦੀ ਨੂੰ ਘਰੋੜ ਕੇ ਪੁੱਛਿਆ। ਇਕਦਮ ਉਹਨੂੰ ਉਸ ਚੂਹੇ ਵਾਕਣ ਹਫੜਾ ਦਫੜੀ ਜੇਹੀ ਲੱਗ ਗਈ, ਜੇਹਨੂੰ ਭੁੱਖੀ ਬਿੱਲੀ ਵਲ਼ ਲਿਆ ਹੋਵੇ। ਉਹਨੂੰ ਭੁੱਲ ਗਿਆ ਜੋ ਝੁੱਗੀ ਦਾ ਇੱਕੋ ਇਕ ਬੂਹਾ ਏ। ਉਹ ਬੰਨੇ ਨਿਕਲਣ ਦਾ ਕੋਈ ਦੂਜਾ ਰਾਹ ਭਾਲਣ ਲੱਗ ਪਈ। ਆਪਣੀ ਜਾਨ ਬਚਾਵਣ ਲਈ ਉਹਨੇ ਕੁਝ ਤਾਂ ਕਰਨਾ ਸੀ। ਪਰ ਬੂਹਾ ਹੋਰ ਕੋਈ ਨਹੀਂ ਸੀ।

ਉਹਨੇ ਅੱਖਾਂ ਮੀਟ ਲਈਆਂ। ਫੇਰ ਚਿਤਰੇ ਵਾਕਣ ਛਾਲ਼ ਮਾਰਕੇ ਦਾਦੀ ਨੂੰ ਢਾਂਦੀ ਹੋਈ ਬੂਹੇ ਨੂੰ ਪਈ। ਬੰਨੇ ਲੈਓਂਗ ਓ ਸੋਗੀ ਲੀੜੇ ਪਾਈ ਬੁੱਤ ਬਣਿਆ ਖਲ੍ਹਾ ਸੀ। ਦੋਵੇਂ ਹੱਥ ਪਿੱਛੇ ਬੱਧੀ। ਉਹਨੇ ਉਗੰਦਾ ਦਾ ਹੱਥ ਫੜਿਆ ਤੇ ਉਹਨੂੰ ਭੂਤਰੇ ਹੋਏ ਲੋਕਾਂ ਵਿੱਚੋਂ ਕੱਢ ਲਾਲ ਝੁੱਗੀ ਵੱਲ ਲੈ ਗਿਆ। ਏਥੇ ਉਗੰਦਾ ਦੀ ਮਾਂ ਲੱਕ ਪਈ ਸਿੱਧਾ ਕਰਦੀ ਸੀ। ਲੈਓਂਗ ਓ ਨੇ ਹੁਣ ਆਪਣੀ ਧੀ ਨੂੰ ਸਰਕਾਰੀ ਢੰਗ ਨਾਲ ਸਾਰਾ ਮਾਮਲਾ ਆਖ ਸੁਣਾਇਆ।

ਓੜਕਾਂ ਦਾ ਪਿਆਰ ਕਰਨ ਵਾਲੇ ਤਿੰਨੇ ਜੀ ਅਨ੍ਹੇਰੇ ਵਿਚ ਬਹਿ ਗਏ। ਕੋਈ ਗੱਲ ਨਹੀਂ ਸਨ ਨੇਂ ਸੁੱਝਦੀ। ਕੁਝ ਆਖਣ ਦਾ ਜਤਨ ਕਰਦੇ ਤਾਂ ਲਫ਼ਜ਼ ਮੂੰਹੋਂ ਨਹੀਂ ਸਨ ਨਿਕਲਦੇ। ਉਹ ਤਾਂ ਚੁੱਲ੍ਹ ਦੇ ਤ੍ਰੈ ਢਾਸਣੇ ਸਨ ਇਕ ਦੂਜੇ ਦਾ ਭਾਰ ਵੰਡਾਵਣ ਵਾਲੇ, ਉਗੰਦਾ ਦੇ ਗਿਆਂ ਨਿਰੇ ਦੋ ਵੱਟੇ ਈ ਰਹਿ ਜਾਣੇ ਸਨ, ਹਾਂਡੀ ਝੱਲਣੋ ਆਤਰ।

ਮੀਂਹ ਪਵਾਵਣ ਸਦਕਾ ਸਰਦਾਰ ਦੀ ਅੱਤ ਸੋਹਣੀ ਧੀ ਦੀ ਕੁਰਬਾਨੀ ਦੇਣ ਦੀਆਂ ਖ਼ਬਰਾਂ ਸਾਰੇ ਲ੍ਹਾਮ-ਚ੍ਹਾਮ ਵਿੱਚ ਉੱਡ ਪਈਆਂ। ਸੰਝ ਢਲ਼ਦਿਆਂ ਤਾਈਂ ਉਗੰਦਾ ਨੂੰ ਮੁਬਾਰਕਾਂ ਦੇਣ ਆਏ ਦੂਰ ਦੇ ਅੰਗਾਂ ਸਾਕਾਂ ਤੇ ਹੋਰ ਮਿਲਣ ਗਿਲਣ ਵਾਲਿਆਂ ਨਾਲ ਸਾਰਾ ਪਿੰਡ ਭਰੀਜ ਗਿਆ। ਹੋਰ ਢੇਰ ਸਾਰੇ ਤਾਂ ਅਜੇ ਢੂਹੇ ਚੁੱਕੀ ਟੁਰੇ ਆਂਵਦੇ ਸਨ। ਸਾਰੇ ਸਵੇਲ ਤਾਈਂ ਨੱਚ ਕੇ ਉਹਦਾ ਜੀ ਧਰਾਸਣ। ਫੇਰ ਉਹਦੀ ਵਦੈਗੀ ਦਾ ਰੋਟੀ ਟੁੱਕਰ ਪਕਾਸਣ। ਸਾਰੇ ਰਿਸ਼ਤੇਦਾਰ ਵਸੇਬ ਦੀ ਖ਼ਾਤਰ ਕੁਰਬਾਨੀ ਲਈ ਚੁਣੇ ਜਾਵਣ ਨੂੰ ਉਹਦੇ ਸੁਭਾਗ ਸਮਝਦੇ ਸਨ, "ਉਗੰਦਾ ਦਾ ਨਾਂ ਸਦਾ ਅਮਰ ਰਹਿਸੀ, " ਉਹ ਛੂੰਡਦੇ।

ਕੋਈ ਸ਼ੱਕ ਨਹੀਂ ਇਹ ਕਿਸੇ ਜ਼ਨਾਨੀ ਲਈ ਮਾਣ ਦੀ ਗੱਲ ਸੀ, ਬੜੇ ਵੱਡੇ ਮਾਣ ਦੀ ਜੋ ਮੁਲਖ ਖ਼ਾਤਰ ਮਰਨ ਲਈ ਉਹਦੀ ਧੀ ਦਾ ਗੁਣਾ ਨਿੱਕਲੇ। ਪਰ ਜਿਹੜੀ ਮਾਂ ਦੀ ਇੱਕੋ ਇਕ ਧੀ ਅਚਨਚੇਤ ਧੂੜ ਦੇ ਬੱਦਲੀਂ ਜਾ ਲੱਗੀ, ਓਸ ਨੂੰ ਤਾਂ ਠੰਢਾ ਕੜ੍ਹਨਾ ਈ ਸੀ? ਹੋਰ ਵੀ ਤਾਂ ਜਿੰਨੀਆਂ ਹੈਸਣ, ਫੇਰ ਉਹਦੀ ਧੀ ਈ ਕਿਉਂ, ਉਹ ਵੀ ਇੱਕੋ ਇਕ ਧੀ? ਇਨਸਾਨੀ ਜਾਨ ਦੀ ਕੋਈ ਤਾਂ ਵਟਕ ਏ? ਬਾਲਾਂ ਨਾਲ ਵਿਹੜੇ ਭਰੇ ਹੋਏ ਸਨ, ਪਰ ਉਗੰਦਾ ਦੀ ਮਾਂ ਨੂੰ ਆਪਣੀ ਇਕੱਲੀ ਇਕੱਲੀ ਔਲਾਦ ਤੋਂ ਹੱਥ ਧੋਣੇ ਪੈਣੇ ਸਨ!

ਖਰੇ ਚਿੱਟ ਅਸਮਾਨ ਤੇ ਚੰਨ ਬੜਾ ਨਿੱਤਰ ਕੇ ਚੜ੍ਹਿਆ ਤੇ ਅਣਗਿਣਤ ਤਾਰੇ ਡਲ੍ਹਕਣ ਲੱਗ ਪਏ। ਹਰ ਉਮਰ ਦੇ ਨਾਚੇ ਉਗੰਦਾ ਦੀ ਚੌਂਕੀ ਲਈ ਨੱਚਣ ਨੂੰ ਜੁੜ ਪਏ। ਉਗੰਦਾ ਆਪਣੀ ਮਾਂ ਦੇ ਨਾਲ ਲੱਗੀ ਚੁੱਪ ਚੁੱਪ ਸੁਬਕੀਆਂ ਭਰਦੀ ਪਈ ਸੀ। ਉਹ ਏਹਨਾਂ ਲੋਕਾਂ ਵਿਚ ਈ ਏਡੀ ਹੋਈ ਸੀ। ਸਾਰਿਆਂ ਦੀ ਸਿਆਣ ਸੀ ਉਹਨੂੰ। ਹੁਣ ਪਤਾ ਲੱਗਾ ਉਹ ਤਾਂ ਓਭੜ ਸੀ।

ਇਹ ਸਾਰੇ ਅਕਸਰ ਉਹਦੇ ਨਾਲ ਪਿਆਰ ਵਖਾਂਦੇ ਸਨ। ਜੇ ਏਹਨਾਂ ਦਾ ਪਿਆਰ ਜ਼ਰੀ ਵੀ ਖਰਾ ਹੁੰਦਾ ਕੁਝ ਤਾਂ ਦਰੇਗ਼ ਕਰਦੇ? ਉਹਨੂੰ ਬਚਾਵਣ ਲਈ ਕੁਝ ਤਾਂ ਕਰਦੇ? ਪਤਾ ਨਹੀਂ ਨੇਂ ਨਰੋਈ ਉਮਰੇ ਮਰਨ ਵਾਲਿਆਂ ਤੇ ਕੀ ਵਰਤਦੀ ਏ? ਉਹਦੇ ਹਾਣ ਦੀਆਂ ਕੁੜੀਆਂ ਨੱਚਣ ਲਈ ਉੱਠੀਆਂ ਤਾਂ ਉਹਦੇ ਤੋਂ ਆਪਣਾ ਆਪ ਨਾ ਸਾਂਭਿਆ ਗਿਆ, ਉਹ ਉੱਚੀ ਉੱਚੀ ਹਟਕੋਰੇ ਭਰਨ ਲੱਗ ਪਈ। ਉਹ ਮਟਿਆਰਾਂ ਸਨ, ਸੋਹਣੀਆਂ ਸਨ। ਛੇਤੀ ਈ ਉਹਨਾਂ ਦੇ ਵਿਆਹ ਹੋ ਜਾਸਣ। ਉਹਨਾਂ ਦੇ ਬੱਚੇ ਹੋ ਪੈਸਣ। ਪਿਆਰ ਕਰਨ ਲਈ ਉਹਨਾਂ ਕੇ ਜਣੇ ਹੋਸਣ, ਜਿਹਨਾਂ ਨਾਲ ਵਸਣ ਲਈ ਉਹਨਾਂ ਦੀਆਂ ਆਪਣੀਆਂ

ਨਿੱਕੀਆਂ ਨਿੱਕੀਆਂ ਝੁੱਗੀਆਂ ਹੋਸਣ। ਉਹ ਪੜਪੱਕ ਹੋ ਜਾਸਣ। ਉਸਿੰਦਾ ਦਾ ਖ਼ਿਆਲ ਆਇਆ ਤਾਂ ਉਗੰਦਾ ਨੇ ਲੱਕ ਬੱਧੀ ਜ਼ੰਗੀਰੀ ਨੂੰ ਹੱਥ ਲਾਇਆ। ਕਦੀਂ ਉਹਦੀਆਂ ਸਹੇਲੀਆਂ ਵਾਕਣ ਉਸਿੰਦਾ ਵੀ ਉੱਥੇ ਹੁੰਦਾ! "ਮਤੇ ਬੀਮਾਰ ਹੋਵੇ।" ਉਹਨੇ ਗੰਭੀਰ ਹੁੰਦਿਅ ਸੋਚਿਆ। ਜ਼ੰਜੀਰੀ ਨਾਲ ਉਹਨੂੰ ਸਹਾਰਾ ਹੋਇਆ। ਉਹ ਇਹਦੇ ਸਣੇ ਮਰ ਜਾਸੀ ਤੇ ਜ਼ਮੀਂ ਹੇਠਲੀ ਦੁਨੀਆ ਵਿਚ ਵੀ ਇਹਨੂੰ ਲੱਕ ਬੱਧੀ ਰੱਖਸੀ।

ਅਗਲੇ ਦਿਨ ਕਈਆਂ ਵੰਨਾਂ ਦੇ ਅਣਗਿਣਤ ਖਾਣੇ ਪੱਕੇ ਤਾਂ, ਉਗੰਦਾ ਦਾ ਜੋ ਜੀ ਚਾਹਵੇ ਲਵੇ, ਖਾਵੇ। "ਮਰਨ ਪਿੱਛੋਂ ਲੋਕ ਕੁਝ ਨਹੀਂ ਖਾਂਦੇ," ਲੋਕਾ ਪਿਆ ਆਖਦਾ ਸੀ। ਖਾਣੇ ਢੇਰ ਸਵਾਦੀ ਦਿਸਦੇ ਸਨ, ਪਰ ਉਗੰਦਾ ਨੇ ਕਿਸੇ ਸ਼ੈ ਨੂੰ ਹੱਥ ਲਾ ਕੇ ਨਾ ਵੇਖਿਆ। 'ਰਾਜ਼ੀ ਲੋਕ ਪਏ ਹਾਂ ਖਾਵਣ।' ਬਸ, ਉਹ ਨਿੱਕੀ ਜੇਹੀ ਝੱਜਰੀ ਵਿਚੋਂ ਪਾਣੀ ਦੀਆਂ ਘੁੱਟਾਂ ਭਰਦੀ ਰਹੀ।

ਉਹਦੇ ਟੁਰਨ ਦਾ ਵੇਲਾ ਨੇੜੇ ਪਿਆ ਆਂਵਦਾ ਸੀ। ਇਕ ਇਕ ਪਲ ਬੜਾ ਕੀਮਤੀ ਸੀ। ਪੂਰਾ ਦਿਨ ਲੱਗਦਾ ਸੀ ਢੰਨ ਨੂੰ ਅੱਪੜਨ ਤੇ। ਸਾਰੀ ਰਾਤ ਟੁਰਦਿਆਂ ਉਹਨੇ ਸੰਘਣਾ ਜੰਗਲ ਪਾਰ ਕਰਨਾ ਸੀ। ਉਹਦੇ ਪਿੰਡੇ ਨੂੰ ਕੋਈ ਸ਼ੈ ਵੀ ਨਹੀਂ ਸੀ ਛੂ ਸਕਦੀ, ਹੋਰ ਤਾਂ ਹੋਰ ਜੰਗਲ ਦਾ ਝਾੜ-ਬੂਟ ਵੀ। ਸ਼ੁਹ ਤੇਲ ਉਹਨੂੰ ਪਹਿਲਾਂ ਈ ਝੱਸ ਦਿੱਤਾ ਸਨ ਨੇਂ। ਅਜ਼ਮੈਸ਼ ਦਾ ਸੁਣਦਿਆਂ ਸਾਰ ਉਗੰਦਾ ਨੂੰ ਉਸਿੰਦਾ ਦੇ ਕਿਸੇ ਵੀ ਪਲ਼ ਸਾਹਮਣੇ ਆ ਖਲੋਣ ਦੀ ਆਸ ਲੱਗ ਗਈ ਸੀ। ਪਰ ਉਹ ਉੱਥੇ ਹੈ ਨਹੀਂ ਸੀ। ਕਿਸੇ ਰਿਸ਼ਤੇਦਾਰ ਉਹਨੂੰ ਦੱਸਿਆ, ਉਸਿੰਦਾ ਕਿਸੇ ਆਪਣੇ ਕੰਮ ਗਿਆ ਹੋਇਆ ਸੀ। ਉਗੰਦਾ ਨੂੰ ਪੱਕ ਹੋ ਗਿਆ, ਹੁਣ ਉਹਨੇ ਕਦੀਂ ਵੀ ਆਪਣੇ ਉਸਿੰਦਾ ਦੀ ਸ਼ਕਲ ਨਹੀਂ ਵੇਖਣੀ।

ਲੌਢੇ ਵੇਲੇ ਸਾਰਾ ਪਿੰਡ ਉਹਨੂੰ ਵਿਦਿਆ ਕਰਨ ਲਈ ਪਿੰਡ ਦੇ ਫਾਟਕ ਤੇ ਜੁੜ ਖਲੋਤਾ। ਉਹਦੀ ਮਾਂ ਉਹਦੇ ਗਲ ਲੱਗੀ ਕਿੰਨਾ ਚਿਰ ਰੋਂਦੀ ਰਹੀ। ਸਰਦਾਰ ਸੋਗੀ ਖੱਲ ਪਾਈ ਨੰਗੇ ਪੈਰੀਂ ਆਇਆ ਤੇ ਆਮਾਂ ਲੋਕਾਂ ਵਿਚ ਰਲ਼ ਗਿਆ। ਦੁੱਖ ਵਿਚ ਡੁੱਬਾ ਬੱਸ ਨਿਰਾ ਪਿਉ। ਉਹਨੇ ਆਪਣੇ ਕੰਗਣ ਲਾਹੇ ਤੇ ਧੀ ਨੂੰ ਪਵਾ ਦਿੱਤੇ, "ਤੂੰ ਹਰ ਦਮ ਸਾਡੇ ਨਾਲ ਰਹਿਸੈਂ। ਸਾਡੇ ਵੱਡਕਿਆਂ ਦੀ ਰੂਹ ਤੇਰੇ ਨਾਲ ਏ।"

ਉਗੰਦਾ ਲੋਕਾਂ ਸਾਹਮਣੇ ਖਲੋਤੀ ਸੀ। ਉਹਦੀ ਜਿਭ ਤਾਲੂ ਨਾਲ ਸੀਪ ਗਈ ਸੀ ਤੇ ਉਹਨੂੰ ਕਿਸੇ ਸ਼ੈ ਦਾ ਯਕੀਨ ਨਹੀਂ ਸੀ ਆਉਂਦਾ। ਆਪਣੇ ਘਰ ਨੂੰ ਉਹਨੇ ਇਕ ਵਾਰੀ ਮੁੜ ਝਾਕਿਆ। ਉਹਨੂੰ ਆਪਣਾ ਦਿਲ ਉੱਚੀ ਉੱਚੀ ਉੱਫਲਦਾ ਸੁਣਦਾ ਪਿਆ ਸੀ। ਬਾਲ ਉਮਰ ਦੀਆਂ ਸੋਚੀਆਂ ਸਾਰੀਆਂ ਗੱਲ ਮੁੱਕ ਜਾਣੀਆਂ ਸਨ। ਉਹਨੂੰ ਆਪਣਾ ਆਪ ਉਸ ਖੁੱਸੇ ਹੋਏ ਫ਼ਲ ਵਾਕਣ ਜਾਪਦਾ ਸੀ, ਜੀਹਨੇ ਅਗਲੀ ਸਵੇਰ ਦੀ ਤ੍ਰੇਲ਼ ਨਹੀਂ ਸੀ ਮਾਨਣੀ। ਉਹਨੇ ਵੈਣ ਪਾਉਂਦੀ ਆਪਣੀ ਮਾਂ ਵੱਲ ਵੇਖਿਆ ਤੇ ਹੌਲੀ ਜਿਹਾ ਕਿਹਾ, "ਮੈਨੂੰ ਵੇਖਣ ਨੂੰ ਜੀ ਕਰੇ, ਲੱਖਾ ਸੂਰਜ ਵੇਖ ਲਿਆ ਕਰੀਂ। ਮੈਂ ਉਹਦੇ ਵਿਚ ਹੋਸਾਂ।"

ਉਗੰਦਾ ਢੰਨ ਦਾ ਪੈਂਡਾ ਛੁਹਣ ਲਈ ਦੱਖਣ ਵਲ ਭਉਂ ਗਈ। ਉਹਦੇ ਮਾਪੇ, ਰਿਸ਼ਤੇਦਾਰ, ਦੋਸਤ ਚਾਹਵਾਨ ਫਾਟਕ ਤੇ ਖਲੋਤੇ ਉਹਨੂੰ ਜਾਂਦੀ ਨੂੰ ਵੇਖਦੇ ਰਹੇ। ਉਹਦਾ ਸੋਹਣਾ, ਛੀਟਕਾ ਵਜੂਦ ਛੋਟੇ ਤੋਂ ਛੋਟਾ ਹੁੰਦਾ ਓੜਕ ਜੰਗਲ ਦੇ ਤੀਲਿਆਂ ਵਾਕਣ ਨਜ਼ਰ ਆਂਵਦੇ ਰੁੱਖਾਂ ਵਿਚ ਓਹਲੇ ਹੋ ਗਿਆ।

ਘਾਹ ਬੂਟ ਵਿਚ ਫੱਟ ਵਾਕਣ ਬਣੇ ਇਕੋ ਇਕ ਰਾਹ ਤੇ ਟੁਰਦਿਆਂ ਉਗੰਦਾ ਗਾਵਣ ਕੱਢ ਛੜ੍ਹੀ, ਓਹਦੀ ਵਾਜ ਉਹਦਾ ਸਾਥ ਦਿੱਤੀ ਰੱਖਿਆ।

ਗਾਵਣ ਕੀ ਸੀ ਉਹਦੇ ਆਪਣੇ ਆਪ ਲਈ ਪਾਏ ਕੀਰਨੇ ਸਨ। ਡੁੱਬਦੇ ਸੂਰਜ ਦੀਆਂ ਰਿਸ਼ਮਾਂ ਉਹਦੇ ਉੱਤੇ ਪਈਆਂ ਤਾਂ ਉਹ ਹਰ ਪਾਸੇ ਫੈਲੇ ਜੰਗਲ ਵਿਚ ਮੋਮਬੱਤੀ ਵਾਕਣ ਜਗਣ ਲੱਗ ਪਈ। ਉਹਦਾ ਦੁਖੀ ਗਾਵਣ ਸੁਣਨ ਆਏ ਲੋਕਾਂ ਉਹਦਾ ਸੁਹੱਪਣ ਵੇਖਿਆ ਤਾਂ ਦਿਲਾਂ ਨੂੰ ਇਕ ਵਾਰ ਤੰ ਰੁੱਗ ਭਰੀਜ ਗਾਇਓ ਨੇਂ, ਪਰ ਸਾਰਿਆਂ ਇੱਕਾ ਗੱਲ ਕੀਤੀ, “ਜੇ ਤਾਂ ਇਹ ਸਾਰਾ ਕੁਝ ਲੋਕਾਂ ਨੂੰ ਬਚਾਵਣ ਤੇ ਮੀਂਹ ਪਵਾਵਣ ਕੀਤੇ ਏ ਤਾਂ ਫੇਰ ਡਰ ਕਾਹਦਾ। ਤੇਰਾ ਨਾਂ ਸਾਡੀਆਂ ਹਿੱਕਾਂ ਤੇ ਲਿਖਿਆ ਰਹਿਸੀ।”

ਅੱਧੀ ਰਾਤ ਹੋ ਗਈ ਸੀ ਉਹਨੂੰ ਟੁਰਦਿਆਂ। ਹੁਣ ਉਹ ਇਕ ਪੈਰ ਵੀ ਨਹੀਂ ਸੀ ਟੁਰ ਸਕਦੀ। ਉਹ ਵੱਡੇ ਸਾਰੇ ਇਕ ਰੁੱਖ ਥੱਲੇ ਲਹਿ ਗਈ, ਝੱਜਰ ਵਿੱਚੋਂ ਪਾਣੀ ਦਾ ਘੁੱਟ ਭਰਿਓਸ ਤੇ ਫੇਰ ਰੁੱਖ ਦੇ ਮੁੱਢ ਨਾਲ ਸਿਰ ਲਾ ਕੇ ਸੌਂ ਗਈ।

ਸਵੇਰੇ ਉੱਠੀ ਤਾਂ ਸੂਰਜ ਵਾਹਵਾ ਚੜ੍ਹ ਆਇਆ ਸੀ। ਕਈਂ ਘੰਟੇ ਹੋਰ ਟੁਰਕੇ ਉਹ ‘ਟੌਂਗ’ ਅੱਪੜ ਗਈ। ਭੋਇੰ ਦੀ ਏਸ ਪੱਟੀ ਤੇ ਆ ਕੇ ਵਸੇਬ ਦੀ ਹੱਦ ਮੁੱਕ ਜਾਂਦੀ ਸੀ ਤੇ ਪਵਿੱਤਰ ਇਲਾਕਾ ਸ਼ੁਰੂ ਹੋ ਜਾਂਦਾ ਸੀ, ਜੀਹਨੂੰ ‘ਕਰਲਮੋ’ ਆਂਹਦੇ ਸਨ। ਏਥੇ ਕਿਸੇ ਆਮ ਬੰਦੇ ਨੂੰ ਆਵਣ ਦੀ ਇਜਾਜ਼ਤ ਨਹੀਂ ਸੀ। ਕੋਈ ਭੁੱਲਿਆ ਭਟਕਿਆ ਆ ਵੜਦਾ ਤਾਂ ਜਿਊਂਦਾ ਨਾ ਪਰਤਦਾ। ਨਿਰੇ ਉਹ ਲੋਕ ਏਥੇ ਪੈਰ ਧਰ ਸਕਦੇ ਸਨ, ਜੇਹਨਾਂ ਦਾ ਰੂਹਾਂ ਨਾਲ ਕੋਈ ਸਾਂਗਾ ਹੁੰਦਾ ਸੀ ਜਾਂ ਰੂਹਾਂ ਦੇ ਸ਼ਹਿਨਸ਼ਾਹ ਦੇ ਜੇਹਨਾਂ ਨੂੰ ਆਵਣ ਦਾ ਪਰਵਾਨਾ ਦਿੱਤਾ ਹੁੰਦਾ ਸੀ। ਉਗੰਦਾ ਨੇ ਏਥੋਂ ਲੰਘ ਕੇ ਈ ਢੰਨ ਤਾਈਂ ਅੱਪੜਨਾ ਸੀ ਤੇ ਉਹ ਵੀ ਸੂਰਜ ਡੁੱਬਣ ਤੋਂ ਪਹਿਲਾਂ ਪਹਿਲਾਂ।

ਲੋਕ ਉਹਨੂੰ ਅਖ਼ੀਰੀ ਵਾਰ ਵੇਖਣ ਲਈ ਜੁੜ ਖਲੋਤੇ। ਉਹਦਾ ਵਾਜ ਅਸਲੋਂ ਉੱਜੜ-ਪੁੱਜੜ ਗਿਆ ਸੀ, ਪਰ ਹੁਣ ਚਿੰਤਾ ਕੋਈ ਨਹੀਂ ਸੀ। ਛੇਤੀ ਈ ਮਰ ਜਾਣਾ ਸੀ ਤੇ ਗਾਵਣ ਸਦਾ ਲਈ ਚੁੱਪ ਹੋ ਜਾਣਾ ਸੀ। ਉਗੰਦਾ ਨੂੰ ਸਾਰੇ ਲੋਕ ਹਮਦਰਦੀ ਨਾਲ ਤੱਕਦਿਆਂ ਆਪੋ ਵਿਚ ਘੁਸਰ-ਮੁਸਰ ਪਏ ਕਰਦੇ ਸਨ। ਉਹਨਾਂ ਦਾ ਇਕ ਲਫ਼ਜ਼ ਵੀ ਉਗੰਦਾ ਦੇ ਪੱਲੇ ਨਹੀਂ ਸੀ ਪੈ ਰਿਹਾ। ਉਹਦੀ ਜਿੰਦ ਬਚਾਵਣ ਦੀ ਕੋਈ ਵੀ ਗੱਲ ਨਹੀਂ ਸੀ ਕਰਦਾ। ਏਨੇ ਨੂੰ ਇਕ ਨਿੱਕੀ ਜੇਹੀ ਬਾਲੜੀ ਲੋਕਾਂ ਵਿਚੋਂ ਨਿਕਲ ਕੇ ਉਹਦੇ ਵੱਲ ਭੱਜੀ, ਉਗੰਦਾ ਨੇ ਰੂਹ ਵਾਸੇ ਦਾ ਬੂਹਾ ਲਾਹ ਲਿਆ ਸੀ। ਬਾਲੜੀ ਨੇ ਕੋਲ ਆ ਕੇ ਹੱਥ ਦੇ ਮੁੜ੍ਹਕੇ ਵਿਚ ਬੱਝੀ ਸੋਨੇ ਦੀ ਇਕ ਵਾਲ਼ੀ ਉਹਦੇ ਵੱਲ ਵਧਾਈ ਤੇ ਆਖਣ ਲੱਗੀ, “ਮੁਰਦਿਆਂ ਦੇ ਸ਼ਹਿਰ ਏਹ ਵਾਲ਼ੀ ਮੇਰੀ ਭੈਣ ਨੂੰ ਦੇ ਦੇਵੀਂ। ਹਫ਼ਤਾ ਪਹਿਲਾਂ ਈ ਮੋਈ ਏ, ਪਰ ਆਪਣੀ ਵਾਲ਼ੀ ਏਥੇ ਭੁੱਲ ਗਈ ਏ।” ਉਗੰਦਾ ਨੇ ਉਹਦੇ ਹੱਥੋਂ ਵਾਲ਼ੀ ਫੜ ਲਈ ਤੇ ਆਪਣੀ ਰੋਟੀ ਦੀ ਪੋਟਲੀ ਤੇ ਪਾਣੀ ਦੀ ਝੱਜਰ ਉਹਨੂੰ ਦੇ ਦਿੱਤੀ। ਉਹਨੂੰ ਸਮਝ ਨਹੀਂ ਸੀ ਲੱਗਦੀ ਜੋ ਉਹ ਰੋਵੇ ਜਾਂ ਹੱਸੇ। ਉਹਨੇ ਮੋਇਆਂ ਤੇ ਵਿੱਛੜਿਆਂ ਨੂੰ ਸਲਾਮ ਦੁਆ ਘੱਲਣ ਦਾ ਤੇ ਸੁਣਿਆ ਹੋਇਆ ਸੀ, ਪਰ ਆਹ ਢੋਹਿਆ ਘੱਲਣ ਉਹਦੇ ਲਈ ਅਸਲੋਂ ਨਵਾਂ ਸੀ।

ਵਾੜ ਲੰਘ ਕੇ ਪਵਿੱਤਰ ਧਰਤੀ ਤੇ ਪੈਰ ਧਰਦਿਆਂ ਉਗੰਦਾ ਨੇ ਉੱਕਾ ਦਮ ਸਾਧ

ਲਿਆ। ਉਹਨੇ ਤਰਲਾ ਲੈਂਦੀਆਂ ਅੱਖਾਂ ਨਾਲ ਲੋਕਾਂ ਵੱਲ ਤੱਕਿਆ ਪਰ ਕਿਸੇ ਵਲ਼ਦਾ ਨਾ ਦਿੱਤਾ। ਉਹਨਾਂ ਸਾਰਿਆਂ ਨੂੰ ਤਾਂ ਆਪਣੇ ਜੀਵਣੇ ਦੀ ਪਈ ਹੋਈ ਸੀ। ਮੀਂਹ ਉਹਨਾਂ ਲਈ ਆਬ ਹਯਾਤੀ ਸੀ, ਜੇਹਨੂੰ ਸਹਿਕਦਿਆਂ ਉਹਨਾਂ ਨੂੰ ਕਿੰਨਾ ਵੇਲਾ ਪਿਆ ਹੁੰਦਾ ਸੀ। ਉਗੰਦਾ ਜਿੰਨੀ ਛੇਤੀ ਆਪਣੀ ਮੰਜ਼ਲ ਨੂੰ ਅੱਪੜੇ ਉਹਨਾਂ ਲਈ ਉਨਾਂ ਈ ਚੰਗਾ ਸੀ। ਪਾਕ ਧਰਤੀ ਤੇ ਟੁਰਦਿਆਂ ਈ ਸਰਦਾਰਜ਼ਾਦੀ ਦੇ ਅੰਦਰ ਇਕ ਅਚਰਜ ਰੌਂ ਜਗ ਪਿਆ। ਇਕ ਰੌਲਾ ਜੇਹਾ ਉਹਦਾ ਤ੍ਰਾਹ ਕੱਢ ਦੇਂਦਾ ਤੇ ਉਹ ਆਪਣੀ ਥਾਂ ਪੱਥਰ ਹੋ ਜਾਂਦੀ। ਫੇਰ ਉਹਨੂੰ ਚੇਤੇ ਆਂਵਦਾ ਉਹਨੇ ਤਾਂ ਲੋਕਾਂ ਦੀ ਖ਼ਾਹਿਸ਼ ਸਿਰੇ ਚਾੜ੍ਹਨੀ ਏ। ਉਹ ਉੱਕਾ ਹੰਬ-ਟੁੱਟ ਗਈ, ਪਰ ਰਾਹ ਹਾਲੇ ਵੀ ਉਹਦੀਆਂ ਅੱਖਾਂ ਵਿਚ ਵਲ਼ੇਵੇਂ ਖਾਂਦਾ ਟੁਰਿਆ ਜਾਂਦਾ ਸੀ। ਉਹ ਟੁਰੀ ਗਈ। ਅਚਨਚੇਤ ਇਕ ਬਰੇਤੇ ਤੇ ਅੱਪੜ ਕੇ ਰਾਹ ਮੁੱਕ ਗਿਆ। ਪਾਣੀ ਇਕ ਵੱਡੀ ਸਾਰੀ ਰੇਤਲੀ ਬੇਣ ਛੱਡ ਕੇ ਮੀਲਾਂ ਪਿਛਾਂਹ ਹਟ ਗਿਆ ਹੋਇਆ ਸੀ।

ਉਗੰਦਾ ਨੂੰ ਡਰ ਜੇਹਾ ਆਇਆ। ਢੰਨ ਦੀ ਬਲਾ ਕੇਡੀ ਕੁ ਲੰਮੀ ਚੌੜੀ ਹੋਸੀ! ਉਹ ਗਵੇੜ ਲਾਣਾ ਚਾਂਹਦੀ ਸੀ, ਪਰ ਡਰ ਉਹਨੂੰ ਸੋਚਣ ਨਹੀਂ ਸੀ ਦੇ ਰਿਹਾ। ਲੋਕ ਬਲਾ ਦੀ ਗੱਲ ਵੀ ਨਹੀਂ ਸਨ ਕਰਦੇ ਨਾ ਈ ਕਦੀਂ ਉਹਨਾਂ ਬਾਲਾਂ ਉਹਦੇ ਬਾਰੇ ਅੱਗੇ ਪੁੱਛਿਆ ਸੀ, ਜੇਹਨ ਨੂੰ ਮਾਵਾਂ ਉਹਦਾ ਨਾਂ ਲੈ ਕੇ ਡਰਾਂਦੀਆਂ ਰਹਿੰਦੀਆਂ ਸਨ। ਸੂਰਜ ਅਜੇ ਤਾਈਂ ਅਸਮਾਨ ਉੱਤੇ ਸੀ ਪਰ ਉਹਦਾ ਤਾਅ ਘਟ ਗਿਆ ਸੀ। ਵਾਹਵਾ ਚਿਰ ਉਗੰਦਾ ਗੋਡੇ ਗੋਡੇ ਰੇਤ ਵਿਚ ਟੁਰਦੀ ਰਹੀ। ਉਹ ਅਸਲੋਂ ਥੱਕ ਗਈ। ਉਹਨੂੰ ਪਾਣੀ ਦਾ ਘੁੱਟ ਚਾਹੀਦਾ ਸੀ। ਥੋੜਾ ਜੇਹਾ ਹੋਰ ਅੱਗੇ ਹੋਈ ਤਾਂ ਉਹਨੂੰ ਅਜਬ ਜੇਹਾ ਲੱਗਾ ਜਿਵੇਂ ਕੋਈ ਉਹਦਾ ਪਿੱਛਾ ਪਿਆ ਕਰਦਾ ਹੋਵੇ। ਬਲਾ ਆ ਗਈ ਏ? ਉਹਦੇ ਲੂੰ ਕੰਡੇ ਖਲੋ ਗਏ ਤੇ ਪੂਰਾ ਵਜੂਦ ਠਾਰ ਦੇਣ ਵਾਲੀ ਸੀਤ ਦੀ ਇਕ ਲੀਕ ਉਹਦੀ ਕਨਕੋੜ ਦੀ ਹੱਡੀ ਵਿਚ ਫਿਰ ਗਈ। ਉਹਨੇ ਪਿੱਛੇ ਸੱਜੇ ਖੱਬੇ ਤੇ ਫੇਰ ਸਾਹਮਣੇ ਹਰ ਪਾਸੇ ਧਿਆਨ ਮਾਰਿਆ ਪਰ ਧੂੜ ਦੇ ਬੱਦਲ ਬਾਝ ਕੁਝ ਨਾ ਦਿਸਿਆ।

ਉਗੰਦਾ ਕਾਹਲੀ ਕਰਨ ਲੱਗ ਪਈ ਪਰ ਪਿੱਛੇ ਕਿਸੇ ਦੇ ਆਵਣ ਦਾ ਖ਼ਿਆਲ ਉਹਦਾ ਧਿਆਨ ਨਹੀਂ ਸੀ ਛੱਡਦਾ। ਉਹ ਮੁੜ੍ਹਕੋ-ਮੁੜ੍ਹਕੀ ਹੋਵਣ ਲੱਗ ਪਈ।

ਸੂਰਜ ਬੜਾ ਤਰਿੱਖਾ ਹੇਠਾਂ ਢਲਦਾ ਜਾ ਰਿਹਾ ਸੀ ਤੇ ਢੰਨ ਦਾ ਕੰਢਾ ਉਹਦੇ ਨਾਲ ਈ ਜਿਵੇਂ ਟੁਰਦਾ ਪਿਆ ਸੀ। ਉਗੰਦਾ ਭੱਜਣ ਲੱਗ ਪਈ। ਸੂਰਜ ਢਲਣੋਂ ਪਹਿਲਾਂ ਪਹਿਲਾਂ ਉਹਨੂੰ ਢੰਨ ਦੇ ਕੰਢੇ ਹੋਣਾ ਚਾਹੀਦਾ ਏ। ਉਹਨੇ ਛੇਤੀ ਨਾਲ ਪਿਛਾਂਹ ਭੌਂ ਕੇ ਵੇਖਿਆ। ਕੋਈ ਝਾੜੀ ਵਰਗੀ ਸ਼ੈ ਉਹਦੇ ਮਗਰ ਭੱਜੀ ਆਂਵਦੀ ਸੀ। ਕੋਲ ਆ ਕੇ ਲੱਗਾ ਜਿਵੇਂ ਉਹਨੇ ਉਗੰਦਾ ਨੂੰ ਫੜ ਈ ਲੈਣਾ ਹੋਵੇ।

ਉਗੰਦਾ ਆਪਣੀ ਸਾਰੀ ਤਾਕਤ ਨਾਲ ਭੱਜੀ। ਹੁਣ ਨੀਤ ਕਰ ਲਈ ਸੀ ਸੂਰਜ ਡੁੱਬਣੋਂ ਪਹਿਲਾਂ ਪਹਿਲਾਂ ਆਪਣਾ ਆਪ ਪਾਣੀ ਵਿਚ ਸੁੱਟ ਦੇਣਾ ਏ। ਉਹਨੇ ਪਿਛਾਂਹ ਭੌਂ ਕੇ ਨਾ ਵੇਖਿਆ ਪਰ ਜਾਪਦਾ ਸੀ ਜਿਵੇਂ ਪਿੱਛਾ ਕਰਦੀ ਮਖ਼ਲੂਕ ਸਿਰ ਤੇ ਸੀ। ਉਹਨੇ ਸੁਫ਼ਨੇ ਵਿਚ ਡਰਿਆਂ ਵਾਕਣ ਚੀਕ ਮਾਰਨ ਦਾ ਟਿੱਲ ਲਾਇਆ, ਪਰ ਉਹਨੂੰ ਆਪ ਵੀ ਆਪਣੀ ਵਾਜ ਨਾ ਸੁਣੀਜੀ। ਮਖ਼ਲੂਕ ਆ ਪਈ। ਇਕ ਤਗੜੇ ਹੱਥ ਉਹਨੂੰ ਬੋਚ ਲਿਆ।

ਉਹ ਭੋਇੰ ਤੇ ਢਹਿ ਕੇ ਬੇਸੁਰਤ ਹੋ ਗਈ।

ਜਦੋਂ ਢੰਨ ਦੀ ਠਰੀ ਵਾਅ ਉਹਨੂੰ ਮੁੜ ਸੁਰਤ ਦਿੱਤੀ ਤਾਂ ਉਹਨੇ ਵੇਖਿਆ ਇਕ ਬੰਦਾ ਉਹਦੇ ਉੱਤੇ ਉੜਿਆ ਹੋਇਆ ਸੀ। "...ਓ..." ਉਗੰਦਾ ਬੋਲਣਾ ਚਾਹਿਆ ਪਰ ਉਹਦੀ ਵਾਜ਼ ਕਿਧਰੇ ਗਵਾਚ ਗਈ। ਉਹਨੇ ਮੂੰਹ ਵਿਚ ਪਈ ਪਾਣੀ ਦੀ ਚੁਲ਼ੀ ਸੰਘੋਂ ਲਾਹ ਲਈ।

"ਉਸਿੰਦਾ, ਉਸਿੰਦਾ! ਮੈਨੂੰ ਮਰ ਜਾਣ ਦੇ! ਮੈਂ ਪਾਣੀ ਤਾਈਂ ਅੱਪੜਨਾ ਏ, ਮੈਨੂੰ ਜਾਣ ਦੇ, ਸੂਰਜ ਡੁੱਬਦਾ ਪਿਆ ਏ। ਮੈਨੂੰ ਮਰ ਜਾਣ ਦੇ! ਲੋਕਾਂ ਨੂੰ ਮੀਂਹ ਚਾਹੀਦਾ ਏ, ਤੇਰੀ ਮਿੰਨਤ ਕਰਦੀ ਆਂ।!"

ਉਸਿੰਦਾ ਨੇ ਉਹਦੇ ਲੱਕ ਦਵਾਲ਼ੇ ਜ਼ੰਜੀਰੀ ਟੋਹੀ ਤੇ ਆਪਣੇ ਮੂੰਹ ਤੋਂ ਹੰਝੂ ਪੂੰਝੀਆਂ। "ਸਾਨੂੰ ਝੱਬਦੇ ਨਿਕਲ ਜਾਣਾ ਚਾਹੀਦਾ ਏ, ਕਿਸੇ ਓਭੜ ਧਰਤੀ ਵੱਲ," ਉਸਿੰਦਾ ਨੇ ਕਾਹਲ਼ੀ ਨਾਲ ਆਖਿਆ, "ਸਾਨੂੰ ਵੱਡਕਿਆਂ ਦੇ ਕਹਿਰ ਦੇ ਬਲਾ ਦੇ ਗੁੱਸੇ ਤੋਂ ਦੂਰ ਭੱਜ ਜਾਣਾ ਚਾਹੀਦਾ ਏ।"

"ਮੈਂ ਵੱਡਕਿਆਂ ਦੀਆਂ ਅੱਖਾਂ ਤੋਂ ਕਿਤੇ ਵੀ ਲੁਕ ਨਹੀਂ ਸਕਦੀ। ਉਹ ਸਾਡਾ ਪਿੱਛਾ ਕਰਦੀਆਂ ਰਹਿਣਗੀਆਂ, ਹੋਣੀ ਸਾਡੇ ਨਾਲ ਵਰਤ ਕੇ ਰਹਿਸੀ, ਨਾ ਅਸੀਂ ਬਲਾ ਦੀ ਪਹੁੰਚ ਤੋਂ ਦੂਰ ਨੱਸ ਸਕਨੇ ਆਂ।"

ਉਗੰਦਾ ਉੱਕਾ ਢੈ ਗਈ, ਉਸਿੰਦਾ ਨੇ ਉਹਦੇ ਹੱਥ ਘੁੱਟਕੇ ਫੜ ਲਏ। "ਗੱਲ ਸੁਣ ਉਗੰਦਾ, ਸੁਣ, ਮੇਰੇ ਕੋਲ ਦੋ ਕੋਟ ਨੇਂ।" ਉਹਨੇ ਛੇਤੀ ਨਾਲ ਉਗੰਦਾ ਦਾ ਪੂਰਾ ਵਜੂਦ ਅੱਖਾਂ ਛੱਡਕੇ ਕੱਜ ਦਿੱਤਾ। ਏਹ ਕਿਸੇ ਰੁੱਖ ਦੀਆਂ ਟਹਿਣੀਆਂ ਦੀ ਚਾਦਰ ਜੇਹੀ ਬਣੀ ਹੋਈ ਸੀ। ਏਹਦੇ ਹੁੰਦਿਆਂ ਸਾਨੂੰ ਵੱਡਕਿਆਂ ਦੀਆਂ ਅੱਖਾਂ ਨਹੀਂ ਵੇਖ ਸਕਦੀਆਂ। ਬਲਾ ਵੀ ਸਾਨੂੰ ਕੁਝ ਨਹੀਂ ਆਖ ਸਕਦੀ।" ਉੱਠ ਹੁਣ ਨੱਸ ਚੱਲੀਏ।"

ਉਹਨੇ ਉਗੰਦਾ ਦਾ ਹੱਥ ਨੱਪਿਆ ਤੇ ਦੋਵੇਂ ਭੱਜ ਵਗੇ। ਉਹ ਰਾਹ ਛੱਡ ਦਿੱਤਾ ਸਨ ਨੇਂ, ਜਿੱਧਰੋਂ ਉਗੰਦਾ ਆਈ ਸੀ।

ਝਾੜੀ ਸੰਘਣੀ ਸੀ ਤੇ ਉਹਦੇ ਵਿਚੋਂ ਲਮਕਦਾ ਘਾਹ ਉਹਨਾਂ ਦਿਆਂ ਪੈਰਾਂ ਵਿਚ ਅੜ ਅੜ ਜਾਂਦਾ ਸੀ। ਅੱਧਾ ਰਾਹ ਆ ਕੇ ਉਹ ਅਜਕ ਗਏ। ਪਿਛਾਂਹ ਝਾਕ ਕੇ ਵੇਖਿਆ ਤਾਂ ਸੂਰਜ ਪਾਣੀ ਵਿਚ ਲੱਥਿਆ ਕਿ ਲੱਥਿਆ ਸੀ। ਉਹ ਤਰੱਠ ਗਏ। ਇਕ ਵਾਰੀ ਫੇਰ ਉਹਨਾਂ ਨੱਸਣਾ ਛੁਹ ਦਿੱਤਾ, ਹੋਰ ਤ੍ਰਿੱਖਾ ...ਡੁੱਬਦਾ ਸੂਰਜ ਕਿਤੇ ਤੱਕ ਨਾ ਲਵੇ।

"ਹੌਸਲਾ ਕਰ ਉਗੰਦਾ... ਬਲਾ ਸਾਡੇ ਤੀਕਰ ਨਾ ਅੱਪੜਸੀ।"

ਵਾੜ ਕੋਲ ਅੱਪੜ ਕੇ ਉਹਨਾਂ ਪਿੱਛੇ ਵੇਖਿਆ ਤਾਂ ਸੂਰਜ ਦੀ ਇਕ ਕੰਨੀ ਈ ਪਾਣੀਉਂ ਬਾਹਰ ਬਚੀ ਸੀ।

ਉਗੰਦਾ ਦੋਵਾਂ ਹੱਥਾਂ ਨਾਲ ਮੂੰਹ ਕੱਜ ਕੇ ਰੋਵਣ ਕੱਢ ਡੜ੍ਹੀ।

"ਸੂਰਜ ਡੁੱਬ ਗਿਆ ਏ, ਡੁੱਬ ਗਿਆ ਏ।"

"ਨਾ ਰੋ, ਤੂੰ ਸਰਦਾਰ ਦੀ ਧੀ ਏਂ। ਆ ਏਥੋਂ ਨਿਕਲਣ ਦੀ ਕਰੀਏ।"

ਦੂਰ ਬੜੀ ਦੂਰ ਬੱਦਲ ਲਿਸ਼ਕਿਆ। ਉਹਨਾਂ ਡਰ ਕੇ ਵੇਖਿਆ।

ਉਸ ਰਾਤ ਜੇਹੜੀਆਂ ਓੜਕਾਂ ਮੀਂਹ ਪਿਆ, ਕਦੀ ਨਹੀਂ ਸੀ ਪਿਆ।

ਕਹਾਣੀ

# ਜਗਿਆਸਾ

## ਜਗਜੀਤ ਬਰਾੜ



*(ਡਾ. ਜਗਜੀਤ ਬਰਾੜ ਹੁਰਾਂ ਅਨੁਸਾਰ ਇਹ ਕਹਾਣੀ ਪੁਰਾਣੇ ਰੂਪ ਵਿੱਚ 56 ਸਾਲ ਪਹਿਲਾਂ ਸੁਰਤਾਲ ਮੈਗਜ਼ੀਨ ਵਿਚ ਛਪੀ ਸੀ। ਪਰ ਉਨ੍ਹਾਂ ਨੇ ਇਸ ਕਹਾਣੀ ਨੂੰ ਬਹੁਤ ਬਦਲ ਦਿੱਤਾ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਇਸ ਦੀ ਸ਼ੁਰੂਆਤ ਅਤੇ ਅੰਤ ਵੀ ਬਦਲੇ ਗਏ ਹਨ ਅਤੇ ਨਾਂ ਵੀ ਬਦਲਿਆ ਹੈ। -ਸੰਪਾਦਕ)*


ਇਕ ਦਿਨ ਜਦੋਂ ਮੈਂ ਆਪਣੇ ਕਿਰਾਏ ਦੇ ਚੁਬਾਰੇ ਦੀ ਖਿੜਕੀ ਵਿਚੋਂ ਗਲੀ ਦੇ ਪਰਲੇ-ਪਾਰ ਇਕ ਘਰ ਦੇ ਵਿਹੜੇ ਵਿਚ ਦੇਖਿਆ ਤਾਂ ਮੈਨੂੰ ਇਉਂ ਲੱਗਿਆ ਜਿਵੇਂ ਮੇਰੇ ਦੋ ਟੁਕੜੇ ਹੋ ਗਏ ਹੋਣ। ਉਸ ਘਰ ਵਿਚ ਇਕ ਜੁਆਨ ਲੜਕੀ, ਇਕ ਕੁੜੀ ਅਤੇ ਇਕ ਅਧਖੜ ਉਮਰ ਦਾ ਮਰਦ ਰਹਿੰਦੇ ਹਨ। ਮਰਦ ਦੀ ਉਮਰ ਮੈਨੂੰ ਅਧਖੜ ਬੰਦੇ ਦੀ ਉਮਰ ਤੋਂ ਵੱਡੀ ਲਗਦੀ ਹੈ। ਕੁੜੀ ਦੀ ਉਮਰ ਤਿੰਨ ਕੁ ਸਾਲ ਦੀ ਹੋਵੇਗੀ ਅਤੇ ਲੜਕੀ ਦੀ ਵੀਹ ਕੁ ਸਾਲ ਦੀ। ਉਹਨਾਂ ਤਿੰਨਾਂ ਦੇ ਆਪਸੀ ਰਿਸ਼ਤਿਆਂ ਦੀ ਮੈਨੂੰ ਸਮਝ ਨਹੀਂ ਆ ਰਹੀ। ਸੋ ਉਹਨਾਂ ਦੇ ਪਰਸਪਰ ਸੰਬੰਧ ਅਤੇ ਘਰ ਦਾ ਵਿਹਾਰ ਜਾਣਨ ਲਈ ਮੇਰੀ ਜਗਿਆਸਾ ਜਾਗ ਪਈ ਹੈ। ਮੈਂ ਸਾਰਾ ਕੁਝ ਗਹੁ ਨਾਲ਼ ਦੇਖਣ ਦਾ ਫ਼ੈਸਲਾ ਲੈ ਲਿਆ ਹੈ...ਸੋ ਜੋ ਕੁਝ ਵੀ ਮੈਂ ਦੇਖਾਂਗਾ, ਉਹ ਤੁਹਾਡੇ ਨਾਲ਼ ਨਾਲ਼ੋ-ਨਾਲ਼ ਸਾਂਝਾ ਕਰਦਾ ਰਹਾਂਗਾ।

**ਪਹਿਲੀ ਸਵੇਰ :**

ਮੈਨੂੰ ਮਰਦ ਦੀ ਦਾੜ੍ਹੀ ਦਾ ਰੰਗ ਚੰਗੀ ਤਰਾਂ ਨਹੀਂ ਸੀ ਦਿਸਿਆ। ਪਰ ਉਹ ਜ਼ਰੂਰ ਹੀ ਚਿੱਟੀ ਹੋਵੇਗੀ ਕਿਉਂਕਿ ਉਹ ਪਟੜੀ 'ਤੇ ਬੈਠਾ ਦਾੜ੍ਹੀ ਨੂੰ ਖ਼ਿਜ਼ਾਬ ਲਾ ਰਿਹਾ ਹੈ। ਲੜਕੀ ਉਸਦੇ ਨੇੜੇ ਹੀ ਮੰਜੇ 'ਤੇ ਬੈਠੀ ਹੈ। ਸ਼ਾਇਦ ਖ਼ਿਜ਼ਾਬ ਦੀਆਂ ਕੁਝ ਬੂੰਦਾਂ ਲੜਕੀ ਦੀਆਂ ਅੱਖਾਂ ਵਿਚ ਪੈ ਗਈਆਂ ਹਨ। ਸ਼ਾਇਦ ਇਸੇ ਲਈ ਉਸਨੂੰ ਆਪਣੇ ਆਲ਼ੇ-ਦੁਆਲ਼ੇ ਦੀ ਅਸਲੀਅਤ ਨਹੀਂ ਦਿਸ ਰਹੀ। ਲੜਕੀ ਦੀਆਂ ਦੋਹਾਂ ਬਾਹਾਂ ਵਿਚ ਚੂੜਾ ਹੈ। ਉਸਦੇ ਸਿਰ ਦੇ ਵਾਲਾਂ ਦੇ ਚੀਰ ਵਿਚ ਸੰਧੂਰ ਹੈ। ਸ਼ਾਇਦ ਉਹ ਲੜਕੀ ਨਹੀਂ, ਔਰਤ ਹੈ। ਪਰ ਮੈਨੂੰ ਉਸਦੇ ਚਿਹਰੇ ਅਤੇ ਮਾਸੂਮ ਅੱਖਾਂ ਤੋਂ ਉਹ ਲੜਕੀ ਜਾਪਦੀ ਹੈ। ਉਸਦਾ ਚਿਹਰਾ ਉਦਾਸ ਹੈ। ਕਿਉਂ?

ਕੁੜੀ ਗਲਾਸ ਵਿਚੋਂ ਕੁਝ ਪੀ ਰਹੀ ਹੈ। ਗਲਾਸ ਰੱਖ ਕੇ, ਉਹ ਕਦੀ ਲੜਕੀ ਅਤੇ ਕਦੀ ਮਰਦ ਵੱਲ ਦੇਖਦੀ ਹੈ। ਸ਼ਾਇਦ ਉਹਨਾਂ ਤੋਂ ਕੁਝ ਪੁੱਛਦੀ ਹੈ। ਹੁਣ ਉਹ ਗੁਆਂਢੀ-ਘਰ ਦੇ ਵਿਹੜੇ ਵਿਚ ਇਕ ਮੁੰਡੇ ਨਾਲ਼ ਖੇਡਣ ਚਲੀ ਗਈ ਹੈ। ਮਰਦ ਉੱਠਿਆ ਹੈ। ਉਹ ਲੜਕੀ ਵੱਲ ਸ਼ਾਇਦ ਇਉਂ ਦੇਖ ਰਿਹਾ ਹੈ, ਜਿਵੇਂ ਬਾਪ ਬੇਟੀ ਵੱਲ ਦੇਖਦਾ ਹੋਵੇ ਜਾਂ ਉਹ ਉਸਨੂੰ। ਕਿਸੇ ਹੋਰ ਕਿਸਮ ਦੀਆਂ ਨਜ਼ਰਾਂ ਨਾਲ਼ ਦੇਖ ਰਿਹਾ ਹੈ। ਮਰਦ ਦੇ ਇਉਂ ਦੇਖਣ ਨਾਲ਼ ਸ਼ਾਇਦ ਲੜਕੀ ਦੇ ਚਿਹਰੇ ਦੇ ਭਾਵ ਬਦਲ ਗਏ ਹਨ। ਉਸਦਾ ਚਿਹਰਾ ਔਰਤ ਦੇ ਚਿਹਰੇ ਵਰਗਾ ਹੋ ਗਿਆ ਜਾਪਦਾ ਹੈ।

ਹੇਠਾਂ ਗਲ਼ੀ ਦਰਿਆ ਵਾਕੁਰ ਵਗ ਰਹੀ ਹੈ। ਗਲ਼ੀ 'ਚ ਤੁਰਦੇ ਲੋਕ ਮੈਨੂੰ ਦਰਿਆ ਵਿਚ ਪਏ ਪੱਥਰ ਦੇ ਰੋੜਿਆਂ ਜਿਹੇ ਜਾਪਦੇ ਹਨ। ਮੈਂ ਵੀ ਦਰਿਆ ਵਿਚ ਉੱਤਰ ਆਉਂਦਾ ਹਾਂ।



**ਪਹਿਲੀ ਦੁਪਹਿਰ :**

ਲੜਕੀ ਨੇ ਸੂਰਜ ਵੱਲ ਪਿੱਠ ਕਰ ਲਈ ਹੈ; ਆਪਣਾ ਮੂੰਹ ਦੂਸਰੇ ਪਾਸੇ ਨੂੰ ਕਰ ਲਿਆ ਹੈ। ਸ਼ਾਇਦ ਉਹ ਡਰਦੀ ਹੋਵੇਗੀ ਕਿ ਸੂਰਜ ਉਸਦੀਆਂ ਅੱਖਾਂ 'ਚੋਂ ਖ਼ਿਜ਼ਾਬ ਦੇਖ ਲਵੇਗਾ। ਸ਼ਾਇਦ ਉਹ ਡਰਦੀ ਹੋਵੇਗੀ ਕਿ ਸੂਰਜ ਦੇ ਚਾਨਣ ਵਿਚ ਉਸਨੂੰ ਅਸਲੀਅਤ ਦਿਸ ਪਏਗੀ ... ਹੁਣ ਉਹ ਹਲਕੇ-ਨੀਲੇ ਰੰਗ ਦੇ ਨਵੇਂ ਬੁਣੇ ਸਵੈਟਰ ਦੇ ਦੋਵੇਂ ਹਿੱਸੇ ਜੋੜਨ ਲੱਗ ਪਈ ਹੈ। ਉਸਨੂੰ ਠੰਢ ਲਗਦੀ ਹੋਵੇਗੀ। ਉਹ ਤਨਹਾ ਹੋਵੇਗੀ। ਸ਼ਾਇਦ ਉਸਦਾ ਪਤੀ ਚੰਗੀ ਰੋਟੀ ਦੀ ਤਲਾਸ਼ ਵਿਚ ਕਿਸੇ ਦੂਸਰੇ ਦੇਸ਼ ਚਲਾ ਗਿਆ ਹੋਵੇਗਾ, ਜਾਂ ਸ਼ਾਇਦ ਸਰਹੱਦਾਂ ਦੀ ਰਖਵਾਲੀ ਕਰ ਰਿਹਾ ਹੋਵੇਗਾ ਅਤੇ ਹੋ ਸਕਦਾ ਹੈ ਲੜਕੀ ਨੇ ਉਹ ਸਵੈਟਰ ਆਪਣੇ ਪਤੀ ਨੂੰ ਭੇਜਣਾ ਹੋਵੇ...ਉਸ ਘਰ ਵਿਚ ਰਹਿੰਦਾ ਮਰਦ ਛੇਤੀ ਹੀ ਰੋਟੀ ਖਾਣ ਆਵੇਗਾ। ਮੈਨੂੰ ਪਤਾ ਨਹੀਂ ਉਹ ਕੌਣ ਹੈ।

ਕੁੜੀ ਇਕ ਵਾਰ ਫੇਰ ਗੁਆਂਢੀ-ਘਰ ਦੇ ਵਿਹੜੇ ਵਿਚ ਹੈ। ਹੁਣ ਉਹ ਅਤੇ ਮੁੰਡਾ ਖੇਡ ਰਹੇ ਹਨ। ਮੁੰਡੇ ਨੇ ਇਕ ਸ਼ੀਸ਼ੀ ਵਿਚ ਜਾਂ ਤਾਂ ਕਾਲ਼ਾ ਰੰਗ ਪਾਇਆ ਹੈ ਜਾਂ ਕਾਲ਼ੀ ਸਿਆਹੀ। ਉਸਨੇ ਸ਼ੀਸ਼ੀ ਵਿਚ ਇਕ ਤੀਲ੍ਹਾ ਡੋਬ ਲਿਆ ਹੈ ਅਤੇ ਰੰਗਿਆ ਤੀਲ੍ਹਾ ਠੋਡੀ ਉੱਤੇ ਘਸਾ ਰਿਹਾ ਹੈ। ਕੁੜੀ ਕੰਧ ਨਾਲ਼ ਪਏ ਟੁੱਟੇ ਸ਼ੀਸ਼ੇ ਦਾ ਇਕ ਟੁਕੜਾ ਲੈ ਆਈ ਹੈ। ਹੁਣ ਮੁੰਡਾ ਸ਼ੀਸ਼ੇ ਦੇ ਟੁਕੜੇ ਵਿਚ ਆਪਣਾ ਚਿਹਰਾ ਦੇਖ ਰਿਹਾ ਹੈ। ਅਚਾਨਕ ਮੁੰਡੇ ਦੀ ਮਾਂ ਵੀ ਅੰਦਰੋਂ ਵਿਹੜੇ ਵਿਚ ਆ ਗਈ ਹੈ।

ਇਕ ਚੁਪੇੜ ਮੁੰਡੇ ਦੀ ਗੱਲ 'ਤੇ ਵਰਦੀ ਹੈ। ਸ਼ੀਸ਼ੀ 'ਚੋਂ ਕਾਲਾ ਰੰਗ ਸ਼ਾਇਦ ਕੁੜੀ ਉੱਤੇ ਡੁੱਲ ਗਿਆ ਹੈ, ਸ਼ਾਇਦ ਉਸਦੀਆਂ ਅੱਖਾਂ ਵਿਚ ਵੀ ਕੁਝ ਬੂੰਦਾਂ ਪੈ ਗਈਆਂ ਹਨ। ਉਹ ਡਰ ਗਈ ਹੈ ਅਤੇ ਦੌੜ ਕੇ ਆਪਣੇ ਘਰ ਵਾਪਸ ਆ ਗਈ ਹੈ। ਹੁਣ ਉਹ ਲੜਕੀ ਦੀ ਗੋਦ ਵਿਚ ਬੈਠ ਗਈ ਹੈ। ਉਹ ਇਕ ਵਾਰ ਫੇਰ ਲੜਕੀ ਤੋਂ ਔਰਤ ਬਣ ਗਈ ਜਾਪਦੀ ਹੈ।

ਮਰਦ ਵੀ ਆ ਜਾਂਦਾ ਹੈ। ਆਉਂਦਿਆਂ ਹੀ ਸਵੈਟਰ ਪਹਿਨ ਲੈਂਦਾ ਹੈ। ਉਹ ਸਵੈਟਰ ਤਾਂ ਲੜਕੀ ਨੇ ਆਪਣੇ ਪਤੀ ਲਈ ਬੁਣਿਆ ਸੀ! ਮਰਦ ਲੜਕੀ ਦੇ ਨਾਲ਼ ਲੱਗ ਕੇ ਬੈਠ ਗਿਆ ਹੈ। ਪਤਾ ਨਹੀਂ ਉਹ ਏਨਾ ਨੇੜੇ ਕਿਉਂ ਬੈਠਾ ਹੈ। ਉਹ ਸੱਜੇ ਹੱਥ ਦੀ ਉਂਗਲ ਦਾ ਇਸ਼ਾਰਾ ਕਰ ਕੇ ਲੜਕੀ ਨੂੰ ਕੁਝ ਕਹਿ ਰਿਹਾ ਹੈ। ਸ਼ਾਇਦ ਬਾਪ ਬੇਟੀ ਨੂੰ ਕੁਝ ਸਮਝਾ ਰਿਹਾ

ਹੈ- ਮਾਯੂਸ, ਤਨਹਾ ਅਤੇ ਉਦਾਸ ਬੇਟੀ ਨੂੰ। ਉਹ ਕਦੀ-ਕਦੀ ਆਪਣੀਆਂ ਉਂਗਲਾਂ ਦਾੜ੍ਹੀ ਨੂੰ ਛੁਹਾ ਲੈਂਦਾ ਹੈ, ਜਿਵੇਂ ਟੋਹ ਕੇ ਦੇਖ ਰਿਹਾ ਹੋਵੇ ਕਿ ਕਿਧਰੇ ਖ਼ਿਜ਼ਾਬ ਲਹਿ ਤਾਂ ਨਹੀਂ ਗਿਆ। ਉਸਨੂੰ ਡਰ ਹੋਵੇਗਾ ਕਿ ਜੇ ਖ਼ਿਜ਼ਾਬ ਲਹਿ ਗਿਆ ਤਾਂ ਲੜਕੀ ਉਸਦੀ ਦਾੜ੍ਹੀ ਦਾ ਅਸਲੀ ਰੰਗ ਨਾ ਦੇਖ ਲਏ ।

ਮਰਦ, ਲੜਕੀ ਅਤੇ ਕੁੜੀ ਅੰਦਰ ਚਲੇ ਗਏ ਹਨ। ਮੇਰੀ ਨਜ਼ਰ ਹੇਠਾਂ ਵਗਦੇ ਦਰਿਆ ਵਿਚ ਗੁਆਚ ਗਈ ਹੈ।

**ਪਹਿਲੀ ਸ਼ਾਮ:**

ਲੜਕੀ ਇਕੱਲੀ, ਖ਼ਾਮੋਸ਼, ਨੀਵੀਂ ਪਾਈ ਪੀੜ੍ਹੀ 'ਤੇ ਬੈਠੀ ਹੈ। ਉਹ ਕਿਧਰੇ ਵੀ ਨਹੀਂ ਦੇਖ ਰਹੀ ਜਾਂ ਸ਼ਾਇਦ ਆਪਣੇ ਅੰਦਰ ਦੇਖ ਰਹੀ ਹੈ। ਉਹ ਉੱਠੀ ਹੈ। ਅੰਦਰੋਂ ਇਕ ਚਿੱਟਾ ਕਾਗਜ਼, ਕਾਪੀ ਅਤੇ ਪੈੱਨ ਲਿਆਈ ਹੈ। ਸ਼ਾਇਦ ਉਹ ਆਪਣੇ ਪਤੀ ਨੂੰ ਚਿੱਠੀ ਲਿਖੇਗੀ। ਹੁਣ ਉਹ ਕਾਗਜ਼, ਕਾਪੀ ਅਤੇ ਪੈੱਨ ਵੱਲ ਇਸ ਤਰ੍ਹਾਂ ਦੇਖ ਰਹੀ ਹੈ ਜਿਵੇਂ ਉਸਨੂੰ ਕੁਝ ਵੀ ਨਾ ਦਿਸ ਰਿਹਾ ਹੋਵੇ, ਜਿਵੇਂ ਉਸ ਦੀਆਂ ਅੱਖਾਂ ਵਿਚ ਖ਼ਿਜ਼ਾਬ ਦੀਆਂ ਬੂੰਦਾਂ ਫੈਲ ਗਈਆਂ ਹੋਣ, ਜਾਂ ਜਿਵੇਂ ਉਸਦਾ ਪਤੀ ਚਿਰੋਕਣਾ ਮਰ ਚੁੱਕਾ ਹੋਵੇ, ਜਾਂ ਜਿਵੇਂ ਉਸਦਾ ਬਾਪ...ਨਹੀਂ, ਸ਼ਾਇਦ ਉਹ ਆਪਣੇ ਬਾਪ ਬਾਰੇ ਨਹੀਂ ਸੋਚ ਰਹੀ।

ਉਸਦਾ ਬਾਪ-ਨਹੀਂ, ਉਹੀ ਮਰਦ ਆ ਜਾਂਦਾ ਹੈ ਉਸ ਦੇ ਹੱਥ ਵਿਚ ਇਕ ਝੋਲ਼ਾ ਅਤੇ ਇਕ ਲਿਫ਼ਾਫ਼ਾ ਹਨ ਉਸਦੇ ਹੋਠਾਂ 'ਤੇ ਖ਼ਿਜ਼ਾਬ ਰੰਗੀ ਮੁਸਕਰਾਹਟ ਹੈ। ਲੜਕੀ ਦਾ ਜਿਸਮ ਕੰਡੇ-ਕੰਡੇ ਹੋ ਗਿਆ ਹੋਵੇਗਾ। ਮਰਦ ਝੋਲ਼ਾ ਖੋਲ੍ਹਦਾ ਹੈ ਅਤੇ ਉਸ ਵਿਚੋਂ ਇਕ ਅਣਸਿਉਂਤਾ ਰੰਗੀਨ ਕੱਪੜਾ ਕੱਢ ਕੇ ਲੜਕੀ ਨੂੰ ਫੜਾ ਦਿੰਦਾ ਹੈ। ਕੱਪੜੇ ਦੇ ਰੰਗ ਦਾ ਮੈਨੂੰ ਨਾਂ ਨਹੀਂ ਆਉਂਦਾ। ਫਿਰ ਉਹ ਝੋਲ਼ੇ ਵਿਚੋਂ ਕੁੜੀ ਲਈ ਕੁਝ ਖੇਡਾਂ ਕੱਢਦਾ ਹੈ। ਕੁੜੀ ਖੇਡਾਂ ਵੇਖ ਕੇ ਤਾੜੀ ਮਾਰਦੀ ਹੈ। ਹੁਣ ਉਸਨੇ ਲਿਫ਼ਾਫ਼ੇ ਵਿਚੋਂ ਦੋ ਸੰਗਤਰੇ ਕੱਢੇ ਹਨ। ਸ਼ਾਇਦ ਕੁੜੀ ਦੀਆਂ ਖੇਡਾਂ, ਕੱਪੜਿਆਂ ਅਤੇ ਸੰਗਤਰਿਆਂ ਵਿਚ ਲੜਕੀ ਕੁਝ ਪਲਾਂ ਲਈ ਪਰਚ ਜਾਵੇਗੀ। ਬਾਪ ਨੂੰ ਬੇਟੀ ਦੀ ਤਨਹਾਈ ਦਾ ਖ਼ਿਆਲ ਹੋਵੇਗਾ।

ਮਰਦ, ਲੜਕੀ ਅਤੇ ਕੁੜੀ ਨੂੰ ਸੰਗਤਰਾ ਛਿੱਲ ਕੇ ਦਿੰਦਾ ਹੈ। ਲੜਕੀ ਨੇ ਸੰਗਤਰੇ ਦੀ ਫਾੜੀ ਆਪਣੇ ਹੋਠਾਂ 'ਤੇ ਇਸ ਤਰ੍ਹਾਂ ਰੱਖੀ ਹੈ ਜਿਵੇਂ ਕਿਸੇ ਹੋਰ ਦੇ ਹੋਠਾਂ 'ਤੇ ਰੱਖੀ ਹੋਵੇ। ਮਰਦ ਲੜਕੀ ਦੇ ਹੋਠਾਂ ਵੱਲ ਨੀਝ ਨਾਲ਼ ਦੇਖੀ ਜਾ ਰਿਹਾ ਹੈ । ਹੋ ਸਕਦਾ ਹੈ ਬਾਪ ਆਪਣੀ ਬੇਟੀ ਵੱਲ ਦੇਖ ਰਿਹਾ ਹੋਵੇ, ਪਰ ਹੋ ਤਾਂ ਕੁਝ ਹੋਰ ਵੀ ਸਕਦਾ ਹੈ।

**ਦੂਸਰੀ ਸਵੇਰ:**

ਮੇਰਾ ਖਿੜਕੀ ਦੇ ਸ਼ੀਸ਼ੇ ਵਿਚੋਂ ਦੇਖਣ ਨੂੰ ਮਨ ਨਹੀਂ ਕਰਦਾ।

**ਦੂਸਰੀ ਦੁਪਹਿਰ :**

ਲੜਕੀ ਧੁੱਪ ਵਿਚ ਚਿੱਟੀ ਚਾਦਰ ਤਾਣੀ ਮੰਜੇ 'ਤੇ ਪਈ ਹੈ। ਉਸਦੇ ਸਿਰ ਕੋਲ਼, ਚਾਦਰ ਦੇ ਉੱਪਰ ਦੋ ਕਾਲ਼ੇ ਨਿਸ਼ਾਨ ਹਨ, ਜਿਵੇਂ ਚਾਦਰ ਹੇਠੋਂ ਉਸਦੀਆਂ ਅੱਖਾਂ ਵਿਚਲੀਆਂ ਖ਼ਿਜ਼ਾਬ ਦੀਆਂ ਬੂੰਦਾਂ ਦਿਸ ਰਹੀਆਂ ਹੋਣ। ਉਸਦੇ ਮੰਜੇ ਦੇ ਨੇੜੇ ਹੀ ਗੁਆਂਢ ਦਾ ਮੁੰਡਾ ਅਤੇ ਕੁੜੀ ਖੇਡ ਰਹੇ ਹਨ। ਮਰਦ ਨੇ ਆਉਂਦਿਆਂ ਹੀ ਉਨ੍ਹਾਂ ਨੂੰ ਘੂਰ ਦਿੱਤਾ ਹੈ। ਮੁੰਡਾ ਆਪਣੇ ਘਰ ਦੌੜ ਗਿਆ ਹੈ। ਕੁੜੀ ਡਰ ਕੇ ਮੰਜੇ 'ਤੇ ਬੈਠੀ ਲੜਕੀ ਦੀ ਗੋਦ ਵਿਚ

ਸਿਮਟ ਗਈ ਹੈ। ਹੁਣ ਲੜਕੀ ਕੁੜੀ ਦੇ ਸਿਰ 'ਤੇ ਹੱਥ ਫੇਰਦੀ ਹੈ, ਉਸਦਾ ਮੱਥਾ ਚੁੰਮਦੀ ਹੈ। ਮੱਥਾ ਚੁੰਮਦਿਆਂ ਉਸਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਹਨ। ਖ਼ਿਜ਼ਾਬ ਦੀਆਂ ਬੂੰਦਾਂ ਉੱਤੇ ਪਲਕਾਂ ਦੇ ਲਈਆਂ ਹਨ।

ਮਰਦ ਲੜਕੀ ਦੀ ਸੱਜੀ ਬਾਂਹ ਫੜ ਕੇ ਉਸਨੂੰ ਕਮਰੇ ਵੱਲ ਖਿੱਚਦਾ ਹੈ...ਮੈਨੂੰ ਮੇਰੇ ਆਪਣੇ ਕਮਰੇ ਵਿਚੋਂ ਇਕ ਅਣਸੁਖਾਵੀਂ ਮਹਿਕ ਆਈ ਹੈ; ਸਟੋਵ ਉੱਤੇ ਗਰਮ ਕਰਨ ਲਈ ਰੱਖੀ ਮੇਰੀ ਸਬਜ਼ੀ ਸੜਨ ਲੱਗ ਪਈ ਹੈ। ਸੋ ਹੁਣ ਮੈਨੂੰ ਉਸ ਘਰ ਦੇ ਵਿਹੜੇ ਵਿਚ ਦੇਖਣ ਲਈ ਵਿਹਲ ਨਹੀਂ ਹੈ।

**ਦੂਸਰੀ ਸ਼ਾਮ:**

ਮੈਂ ਸਰਕਾਰੀ ਡੀਪੂ ਤੋਂ ਆਟਾ ਲੈਣ ਲਈ ਕਤਾਰ ਵਿਚ ਖੜ੍ਹਾ ਰਹਿੰਦਾ ਹਾਂ।

**ਤੀਸਰੀ ਸਵੇਰ:**

ਲੜਕੀ ਬਾਥਰੂਮ ਵਿਚ ਚਲੀ ਗਈ ਹੈ, ਸ਼ਾਇਦ ਨਹਾਉਣ ਲਈ। ਚੌਹਾਂ ਕੁ ਮਿੰਟਾਂ ਪਿੱਛੋਂ ਉਹ ਬਾਥਰੂਮ ਦਾ ਬੂਹਾ ਰਤਾ ਕੁ ਖੋਲ ਕੇ, ਸਿਰ ਬਾਹਰ ਕੱਢ ਕੇ, ਆਵਾਜ਼ ਮਾਰਦੀ ਹੈ - ਕੁੜੀ ਨੂੰ ਜਾਂ ਮਰਦ ਨੂੰ । ਮੈਂ ਪੱਕਾ ਨਹੀਂ ਕਹਿ ਸਕਦਾ। ਹੁਣ ਮਰਦ ਬਾਥਰੂਮ ਦੇ ਬੂਹੇ ਦੇ ਬਿਲਕੁਲ ਨੇੜੇ ਚਲਾ ਗਿਆ ਹੈ। ਲੜਕੀ ਨੇ ਮਰਦ ਨੂੰ ਕੁਝ ਕਿਹਾ ਹੈ। ਉਹ ਅੰਦਰੋਂ ਲੜਕੀ ਦੀ ਅੰਗੀ ਲਿਆਇਆ ਹੈ। ਅੰਗੀ ਫੜਾਉਂਦਾ ਉਹ ਅੰਦਰ ਲੰਘ ਗਿਆ ਹੈ! ... ਹੋ ਸਕਦਾ ਹੈ ਮੈਨੂੰ ਭੁਲੇਖਾ ਪਿਆ ਹੋਵੇ।

ਲੜਕੀ ਬਾਥਰੂਮ ਵਿਚ ਕੱਪੜੇ ਪਾ ਰਹੀ ਹੋਵੇਗੀ। ਬਾਹਰ, ਮਰਦ ਕੁੜੀ ਨੂੰ ਸਵੈਟਰ ਪਹਿਨਾ ਰਿਹਾ ਹੈ...ਮੈਂ ਕੱਪ 'ਚੋਂ ਚਾਹ ਦੀ ਘੁੱਟ ਭਰੀ ਹੈ; ਚਾਹ ਮੈਨੂੰ ਤੇਜ਼ਾਬ ਵਰਗੀ ਲੱਗੀ ਹੈ।

**ਤੀਸਰੀ ਦੁਪਹਿਰ:**

ਲੜਕੀ ਕੁੜੀ ਦੇ ਵਾਲ਼ਾਂ ਵਿਚ ਰਿਬਨ ਗੁੰਦ ਰਹੀ ਹੈ। ਝੁਕੀ ਕਮਰ ਵਾਲ਼ਾ ਇਕ ਬਜ਼ੁਰਗ, ਖੂੰਡੀ ਦੇ ਸਹਾਰੇ ਤੁਰਦਾ, ਉਸ ਘਰ ਵਿਚ ਆ ਗਿਆ ਹੈ। ਉਸਦੀ ਚਿੱਟੀ ਦਾੜ੍ਹੀ ਨੂੰ ਤਾਂ ਖ਼ਿਜ਼ਾਬ ਨਹੀਂ ਲੱਗਾ। ਅਜੇ ਉਸਨੇ ਪੁਰਾਣਾ ਕੋਟ ਅਤੇ ਖੂੰਡੀ ਇਕ ਟੁੱਟੀ ਜਿਹੀ ਮੰਜੀ 'ਤੇ ਰੱਖੇ ਹੀ ਹਨ ਕਿ ਲੜਕੀ, ਕੁੜੀ ਨੂੰ ਥਾਂ-ਦੀ-ਥਾਂ ਛੱਡ ਕੇ, ਸ਼ਾਇਦ ਡਡਿਆ ਕੇ, ਉਸ ਬਜ਼ੁਰਗ ਦੇ ਗਲ਼ ਨੂੰ ਚੰਬੜ ਗਈ ਹੈ। ਬਜ਼ੁਰਗ ਦਾ ਕੰਬਦਾ-ਕੰਬਦਾ ਹੱਥ ਲੜਕੀ ਦਾ ਸਿਰ ਪਲ਼ੋਸ ਰਿਹਾ ਹੈ। ਏਨੇ ਨੂੰ ਉਸ ਘਰ ਵਿਚ ਰਹਿਣ ਵਾਲ਼ਾ ਮਰਦ ਵੀ ਆ ਗਿਆ ਹੈ। ਉਸਦੇ ਹੱਥ ਵਿਚ ਕੁਝ ਫੜਿਆ ਹੈ, ਸ਼ਾਇਦ ਖ਼ਿਜ਼ਾਬ ਦੀ ਨਵੀਂ ਸ਼ੀਸ਼ੀ। ਜੇ ਉਹ ਸੱਚੀਂ ਹੀ ਖ਼ਿਜ਼ਾਬ ਦੀ ਨਵੀਂ ਸ਼ੀਸ਼ੀ ਹੋਈ ਤਾਂ ਲੜਕੀ ਦੀਆਂ ਅੱਖਾਂ ਵਿਚ ਖ਼ਿਜ਼ਾਬ ਦੀਆਂ ਹੋਰ ਵੀ ਬਹੁਤ ਸਾਰੀਆਂ ਬੂੰਦਾ ਪੈ ਜਾਣਗੀਆਂ ਅਤੇ ਉਹ ਅਸਲੀਅਤ ਨਹੀਂ ਦੇਖ ਸਕੇਗੀ। ਮਰਦ ਨੇ ਰਤਾ ਕੁ ਨੀਵਾਂ ਹੋ ਕੇ ਬਜ਼ੁਰਗ ਦੇ ਇਕ ਗੋਡੇ 'ਤੇ ਸੱਜਾ ਹੱਥ ਲਾਇਆ ਹੈ। ਬਜ਼ੁਰਗ ਦੀ ਕਮਰ ਹੋਰ ਝੁਕ ਗਈ ਹੈ। ਮਰਦ ਉਸ ਵੱਲ ਮੁੰਡਿਆਂ ਵਾਕੁਰ ਦੇਖ ਰਿਹਾ ਹੈ। ਕਿਉਂ?...


ਓ ... ਅੱਛਾ!

ਅੱਗੇ ਤੋਂ ਉਸ ਘਰ ਦੇ ਵਿਹੜੇ ਵਿਚ ਦੇਖ ਕੇ ਮੈਂ ਦੋ ਟੁਕੜੇ ਨਹੀਂ ਹੋਵਾਂਗਾ । **

ਕਹਾਣੀ

# ਮੇਰਾ ਆਪਣਾ ਘਰ

-ਪ੍ਰੇਮ ਮਾਨ



ਮੈਂ ਹਮੇਸ਼ਾ ਸੋਚਦੀ ਰਹੀ ਹਾਂ ਕਿ ਕੀ ਮੈਨੂੰ ਜ਼ਿੰਦਗੀ ਵਿਚ ਕੋਈ ਅਜਿਹਾ ਆਦਮੀ ਮਿਲ਼ੇਗਾ ਜਿਸ ਨੂੰ ਮੈਂ ਸਹੀ ਅਰਥਾਂ ਵਿਚ ਆਪਣਾ ਕਹਿ ਸਕਾਂਗੀ? ਜੋ ਮੋਹ-ਮੁਹੱਬਤ ਨਾਲ਼ ਭਰਿਆ ਹੋਵੇਗਾ? ਜਿਸ ਨਾਲ਼ ਮੇਰਾ ਪਿਆਰ ਅਤੇ ਸਤਿਕਾਰ ਵਾਲ਼ਾ ਰਿਸ਼ਤਾ ਹੋਵੇਗਾ? ਜਿਸ ਨਾਲ਼ ਬੈਠ ਕੇ ਮੈਂ ਹਰ ਤਰ੍ਹਾਂ ਦੀਆਂ ਗੱਲਾਂ ਕਰ ਸਕਾਂਗੀ? ਜਿਸ ਨਾਲ਼ ਬੈਠ ਕੇ ਚਾਹ ਦੇ ਕੱਪ ਵਿਚ ਡਬੋ-ਡਬੋ ਕੇ ਬਿਸਕੁਟ ਖਾਣ ਦਾ ਅਨੰਦ ਮਾਣ ਸਕਾਂਗੀ? ਕੀ ਮੇਰਾ ਵੀ ਕੋਈ ਆਪਣਾ ਘਰ ਹੋਵੇਗਾ। ਜਿਸ ਵਿਚ ਪਿਆਰ ਹੀ ਪਿਆਰ ਹੋਵੇਗਾ; ਜਿਸ ਦੇ ਹਰ ਕੋਨੇ ਵਿਚੋਂ ਮੁਹੱਬਤ ਦੀ ਮਹਿਕ ਆਉਂਦੀ ਹੋਵੇਗੀ; ਜਿੱਥੇ ਹਾਸਿਆਂ ਅਤੇ ਮਜ਼ਾਕਾਂ ਦੀਆਂ ਅਵਾਜ਼ਾਂ ਆਉਂਦੀਆਂ ਰਹਿਣਗੀਆਂ? ਮਕਾਨ ਜਾਂ ਕੁੱਲੀ ਤਾਂ ਲਗਭਗ ਹਰ ਇਨਸਾਨ ਨੂੰ ਰਹਿਣ ਲਈ ਮਿਲ਼ ਜਾਂਦੀ ਹੈ ਪਰ ਅਸਲੀ ਘਰ ਜਿਸ ਵਿਚ ਮੋਹ-ਮੁਹੱਬਤ ਦਾ ਵਾਸਾ ਹੋਵੇ। ਬਹੁਤ ਘੱਟ ਲੋਕਾਂ ਨੂੰ ਮਿਲ਼ਦਾ ਹੈ, ਸਿਰਫ਼ ਚੰਗੀ ਕਿਸਮਤ ਵਾਲ਼ਿਆਂ ਨੂੰ ਹੀ ਮਿਲ਼ਦਾ ਹੈ। ਇਹੋ ਸੋਚਦਿਆਂ ਉਮਰ ਦੇ ਬਹੁਤ ਸਾਰੇ ਸਾਲ ਲੰਘਾ ਦਿੱਤੇ ਹਨ ਜਿਨ੍ਹਾਂ ਨੇ ਮੈਨੂੰ ਬਹੁਤ ਕੁਝ ਸਿਖਾਇਆ ਹੈ। ਰਾਤ-ਦਿਨ ਦੁੱਖਾਂ, ਤਕਲੀਫ਼ਾਂ, ਅਤੇ ਜ਼ਿੰਦਗੀ ਦੀਆਂ ਪੀੜਾਂ ਨਾਲ਼ ਜੂਝਦਿਆਂ ਬਿਤਾ ਲਏ ਸੋਚਦੀ ਰਹੀ ਕਿ ਕੀ ਮੈਨੂੰ ਵੀ ਕਦੇ ਇਨ੍ਹਾਂ ਹਾਲਾਤਾਂ ਵਿਚੋਂ ਨਿਕਲ਼ਣ ਦਾ ਮੌਕਾ ਮਿਲ਼ੇਗਾ? ਕੀ ਮੇਰੀ ਕਿਸਮਤ ਵੀ ਕਦੇ ਵਧੀਆ ਮੋੜ ਲਵੇਗੀ?

*****

ਜਦੋਂ ਮੇਰਾ ਜਨਮ ਹੋਇਆ ਤਾਂ ਮੇਰਾ ਨਾਂ ਬਲਦੀਪ ਕੌਰ ਰੱਖਿਆ ਗਿਆ ਸੀ। ਮੇਰੀ ਮਾਂ ਨੂੰ ਮੇਰੇ ਜਨਮ ਵੇਲੇ ਹੀ ਕੁਝ ਸਮੱਸਿਆਵਾਂ ਨੇ ਘੇਰ ਲਈ ਸੀ। ਕੁਝ ਦੇਰ ਬਿਮਾਰ ਰਹਿ ਕੇ ਉਹ ਇਸ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਈ। ਮੈਂ ਤਾਂ ਉਸ ਦੀਆਂ ਕੁਝ ਫ਼ੋਟੋ ਹੀ ਦੇਖੀਆਂ ਹਨ। ਉਸ ਦੀ ਤਾਂ ਕੋਈ ਵੀਡੀਓ ਵੀ ਨਹੀਂ ਜਿਸ ਵਿਚ ਮੈਂ ਉਸ ਨੂੰ ਤੁਰਦੀ-ਫਿਰਦੀ ਨੂੰ ਦੇਖ ਸਕਾਂ। ਉਨ੍ਹਾਂ ਦਿਨਾਂ ਵਿਚ ਵੀਡੀਓ ਬਣਾਉਣ ਦਾ ਰਿਵਾਜ ਵੀ ਕਿੱਥੇ ਸੀ। ਫ਼ੋਟੋ ਵੀ ਕਿਸੇ ਵਿਰਲੇ-ਵਿਰਲੇ ਦੀ ਹੀ ਹੁੰਦੀ ਸੀ। ਪਿੰਡਾਂ ਵਿਚ ਤਾਂ ਲੋਕ ਕਦੇ ਆਪਣੀ ਫ਼ੋਟੋ ਵੀ ਨਹੀਂ ਸਨ ਖਿਚਾਉਂਦੇ। ਪਤਾ ਨਹੀਂ ਕਿਵੇਂ ਮੇਰੀ ਮਾਂ ਦੀਆਂ ਕੁਝ ਫ਼ੋਟੋ ਕਿਸੇ ਵਿਆਹ ਤੇ ਖਿੱਚੀਆਂ ਗਈਆਂ ਸਨ ਜਿਨ੍ਹਾਂ ਨੂੰ ਦੇਖ ਕੇ ਮੈਂ ਆਪਣੀ ਮਾਂ ਦੀ ਸ਼ਕਲ ਬਾਰੇ ਥੋੜ੍ਹਾ-ਬਹੁਤ ਜਾਣਿਆਂ। ਫ਼ੋਟੋਆਂ ਤੋਂ ਮਾਂ ਬਹੁਤ ਖ਼ੂਬਸੂਰਤ ਲਗਦੀ- ਕਿਸੇ ਮਾਡਲ ਵਰਗੀ। ਪਰ ਮਾਂ ਤਾਂ ਬਿਲਕੁਲ ਅਨਪੜ੍ਹ ਸੀ। ਜਾਣੀ ਕਿ ਉਹ ਕਦੇ ਵੀ ਸਕੂਲ ਪੜ੍ਹਨ ਨਹੀਂ ਸੀ ਗਈ। ਉਸ ਨੇ ਤਾਂ ਘਰ ਵਿਚ ਹੀ ਹੌਲ਼ੀ-ਹੌਲ਼ੀ ਆਂਢ-ਗੁਆਂਢ ਦੇ ਬੱਚਿਆਂ ਤੋਂ



ਪੰਜਾਬੀ ਪੜ੍ਹਨੀ ਸਿੱਖ ਲਈ ਸੀ। ਵੈਸੇ ਮੈਨੂੰ ਕਹਿਣਾ ਤਾਂ ਇਹ ਚਾਹੀਦਾ ਕਿ ਮਾਂ ਨੇ ਗੁਰਮੁਖੀ ਪੜ੍ਹਨੀ ਸਿੱਖ ਲਈ ਸੀ। ਮੂੰਹ ਵਿਚੋਂ ਪੰਜਾਬੀ ਨਿਕਲ਼ ਜਾਂਦਾ ਕਿਉਂਕਿ ਅਸੀਂ ਜਦੋਂ ਪੜ੍ਹਨ ਦੀ ਗੱਲ ਕਰਦੇ ਹਾਂ ਤਾਂ ਅਸੀਂ ਇਹੋ ਕਹਿੰਦੇ ਹਾਂ ਕਿ ਅਸੀਂ ਪੰਜਾਬੀ ਪੜ੍ਹਨੀ ਸਿੱਖ ਲਈ ਹੈ।ਅਸੀਂ ਇਹ ਨਹੀਂ ਕਹਿੰਦੇ ਕਿ ਅਸੀਂ ਗੁਰਮੁਖੀ ਪੜ੍ਹਨੀ ਸਿੱਖ ਲਈ ਹੈ। ਖ਼ੈਰ, ਮੈਂ ਤਾਂ ਆਪਣੀ ਮਾਂ ਦੀ ਗੱਲ ਕਰ ਰਹੀ ਸੀ। ਮੈਨੂੰ ਮੇਰੇ ਪਿਓ, ਜਿਸ ਨੂੰ ਮੈਂ ਬਾਪੂ ਕਹਿ ਕੇ ਬੁਲਾਉਂਦੀ, ਨੇ ਦੱਸਿਆ ਸੀ ਕਿ ਮੇਰੀ ਮਾਂ ਬਹੁਤ ਸੋਹਣੀ ਸੀ। ਸੋਹਣੀ ਹੀ ਨਹੀਂ, ਬੇਹੱਦ ਸੋਹਣੀ ਸੀ। ਉਸ ਦਾ ਰੰਗ ਥੋੜ੍ਹਾ ਸਾਂਵਲਾ ਸੀ। ਨੈਣ-ਨਕਸ਼ ਬਹੁਤ ਖ਼ੂਬਸੂਰਤ ਸਨ। ਮਾਂ ਦਾ ਕੱਦ ਵੀ ਪੰਜ ਫੁੱਟ ਨੌਂ ਇੰਚ ਸੀ। ਉੱਚੀ-ਲੰਬੀ ਉਹ ਔਰਤਾਂ ਵਿਚ ਖੜ੍ਹੀ ਵੱਖਰੀ ਹੀ ਦਿਸਦੀ। ਮੇਰਾ ਬਾਪੂ ਮੇਰੇ ਨਾਲ਼ ਮਾਂ ਦੀਆਂ ਗੱਲਾਂ ਕਰਦਾ ਕਈ ਵਾਰੀ ਰੋ ਪੈਂਦਾ। ਉਹ ਦੱਸਦਾ ਹੁੰਦਾ ਸੀ ਕਿ ਮੇਰੀ ਮਾਂ ਨੂੰ ਹਰ ਕਿਸਮ ਦਾ ਵਧੀਆ ਚੱਜ ਅਤੇ ਸਲੀਕਾ ਸੀ। ਉਸ ਨੂੰ ਹਰ ਇਕ ਨਾਲ਼ ਮੌਕੇ ਮੁਤਾਬਕ ਗੱਲ ਕਰਨ ਦਾ ਪਤਾ ਸੀ। ਉਹ ਦੂਜਿਆਂ ਨੂੰ ਸਹੀ ਸਲਾਹਾਂ ਦੇਣ ਵਿਚ ਮਾਹਿਰ ਸੀ। ਸਾਰੇ ਰਿਸ਼ਤੇਦਾਰਾਂ ਵਿਚ ਅਤੇ ਆਂਢ-ਗੁਆਂਢ ਵਿਚ ਉਸ ਦੀ ਬਹੁਤ ਇੱਜ਼ਤ ਸੀ। ਹਰ ਕੋਈ ਲੋੜ ਵੇਲੇ ਉਸ ਦੀ ਸਲਾਹ ਲੈਣ ਆਉਂਦਾ ਸੀ। ਸ਼ਕਲ-ਸੂਰਤ ਤੋਂ ਤਾਂ। ਉਹ ਕਮਾਲ ਦੀ ਹੁਸੀਨ ਸੀ ਪਰ ਉਸ ਦੀ ਸਾਰੀ ਸ਼ਖ਼ਸੀਅਤ ਹੀ ਬਹੁਤ ਦਿਲ-ਖਿਚਵੀਂ ਸੀ। ਹਰ ਵੇਲੇ ਮੁਸਕਰਾਉਂਦੀ ਰਹਿਣਾ; ਹੱਸ-ਹੱਸ ਕੇ ਗੱਲਾਂ ਕਰਨੀਆਂ; ਹੱਸਣ ਦੇ ਮੌਕੇ ਮਜ਼ਾਕ ਕਰਨੇ; ਉਦਾਸੀ ਦੇ ਮੌਕਿਆਂ ਤੇ ਧੁਰ-ਅੰਦਰੋਂ ਉਦਾਸੀ ਪਰਗਟ ਕਰਨੀ, ਆਦਿ। ਬਾਪੂ ਦੱਸਦਾ ਕਿ ਮਾਂ ਨੂੰ ਵਧੀਆ ਕੱਪੜੇ ਖ਼ਰੀਦਣ ਅਤੇ ਪਾਉਣ ਦਾ ਵੀ ਸਲੀਕਾ ਸੀ ਜੋ ਵੀ ਉਹ ਖ਼ਰੀਦਦੀ, ਉਸ ਨੂੰ ਬਹੁਤ ਸਜਦਾ ਸੀ। ਉਸ ਦੇ ਹੁਸਨ, ਉਸ ਦੀ ਰਹਿਣੀ-ਬਹਿਣੀ, ਅਤੇ ਉਸ ਦੇ ਵਧੀਆ ਪਹਿਰਾਵਿਆਂ ਕਾਰਨ ਕੁਝ ਲੋਕ ਉਸ ਨਾਲ਼ ਖਾਰ ਵੀ ਖਾਂਦੇ ਸਨ।

*****

ਮੇਰਾ ਇਕ ਚਾਚਾ ਸੀ ਜੋ ਵਿਆਹਿਆ ਹੋਇਆ ਸੀ। ਉਸ ਦੇ ਇਕ ਬੇਟਾ ਸੀ ਜਿਸ ਦਾ ਨਾਂ ਗੁਲਬੀਰ ਸੀ ਮੇਰੀ ਇਕ ਭੂਆ ਸੀ, ਆਪਣੇ ਦੋਹਾਂ ਭਰਾਵਾਂ ਤੋਂ ਵੱਡੀ, ਜੋ ਵਿਆਹੀ ਹੋਈ ਸੀ। ਉਸ ਦੇ ਇਕ ਲੜਕੀ ਸੀ ਜਿਸ ਦਾ ਨਾਂ ਮਨਪ੍ਰੀਤ ਸੀ। ਮੇਰੀ ਚਾਚੀ ਚੰਗੇ ਸੁਭਾ ਦੀ ਸੀ। ਮੈਨੂੰ ਛੋਟੀ ਹੁੰਦੀ ਨੂੰ, ਮੇਰੀ ਮਾਂ ਦੀ ਮੌਤ ਤੋਂ ਬਾਅਦ, ਚਾਚੀ ਨੇ ਹੀ ਪਾਲ਼ਿਆ ਸੀ। ਗੁਲਬੀਰ ਮੈਥੋਂ ਚਾਰ ਕੁ ਸਾਲ ਛੋਟਾ ਸੀ। ਮਨਪ੍ਰੀਤ ਮੈਥੋਂ ਪੰਜ ਕੁ ਸਾਲ ਵੱਡੀ ਸੀ। ਮੇਰੀ ਗੁਲਬੀਰ ਅਤੇ ਮਨਪ੍ਰੀਤ ਦੋਹਾਂ ਨਾਲ਼ ਹੀ ਕਾਫ਼ੀ ਬਣਦੀ ਸੀ ਮਨਪ੍ਰੀਤ

ਨਾਲ਼ ਤਾਂ ਮੇਰੀ ਬਹੁਤ ਗੂੜ੍ਹੀ ਦੋਸਤੀ ਸੀ। ਭੂਆ ਵੀ ਵਧੀਆ ਸੁਭਾਅ ਦੀ ਸੀ। ਮੇਰੀ ਭੂਆ ਅਤੇ ਚਾਚੀ ਵੀ ਮੇਰੀ ਮਾਂ ਦੀ ਹਮੇਸ਼ਾ ਤਾਰੀਫ਼ ਕਰਦੀਆਂ ਰਹਿੰਦੀਆਂ ਸਨ। ਮੇਰੇ ਹੋਸ਼ ਸੰਭਾਲਣ ਤੋਂ ਬਾਅਦ ਉਹ ਦੋਵੇਂ ਹੀ ਮੈਨੂੰ ਮੇਰੀ ਮਾਂ ਬਾਰੇ ਬਹੁਤ ਸਾਰੀਆਂ ਗੱਲਾਂ ਦੱਸਦੀਆਂ ਰਹਿੰਦੀਆਂ ਸਨ। ਉਨ੍ਹਾਂ ਦੀਆਂ ਗੱਲਾਂ ਵੀ ਉਹੋ ਜਿਹੀਆਂ ਹੀ ਸਨ ਜੋ ਮੇਰੇ ਬਾਪੂ ਨੇ ਮੈਨੂੰ ਬਹੁਤ ਵਾਰੀ ਦੱਸੀਆਂ ਸਨ। ਉਨ੍ਹਾਂ ਦੋਹਾਂ ਅਨੁਸਾਰ ਮੇਰੀ ਮਾਂ ਦੇ ਸੁਭਾਅ ਵਿਚ ਕੋਈ ਵੀ ਮਾੜੀ ਗੱਲ ਨਹੀਂ ਸੀ। ਮਾਂ ਬਹੁਤ ਹੀ ਸੁਘੜ-ਸਿਆਣੀ ਔਰਤ ਸੀ।

ਮੇਰੀ ਮਾਂ ਦੇ ਕੋਈ ਵੀ ਭੈਣ-ਭਰਾ ਨਹੀਂ ਸਨ। ਮੇਰੇ ਨਾਨਾ-ਨਾਨੀ ਮੇਰੀ ਛੋਟੀ ਉਮਰ ਵਿਚ ਹੀ ਰੱਬ ਨੂੰ ਪਿਆਰੇ ਹੋ ਗਏ ਸਨ। ਇਸ ਲਈ ਨਾਨਕਿਆਂ ਬਾਰੇ ਮੈਨੂੰ ਬਹੁਤਾ ਕੁਝ ਨਹੀਂ ਪਤਾ।

ਮੇਰੇ ਬਾਪੂ ਵਾਂਗ ਹੀ ਮੇਰੇ ਚਾਚਾ, ਚਾਚੀ, ਅਤੇ ਭੂਆ ਸਭ ਮੈਨੂੰ ਦੱਸਦੇ ਸਨ ਕਿ ਮੈਂ ਬਿਲਕੁਲ ਆਪਣੀ ਮਾਂ ਤੇ ਗਈ ਸੀ। ਉਹ ਵੀ ਇਹੋ ਕਹਿੰਦੇ ਸਨ ਕਿ ਮੇਰਾ ਰੰਗ, ਨੈਣ-ਨਕਸ਼, ਅਤੇ ਸਰੀਰ ਦੀ ਬਣਤਰ ਬਿਲਕੁਲ ਮੇਰੀ ਮਾਂ ਵਰਗੀ ਸੀ। ਜਿਉਂ-ਜਿਉਂ ਮੈਂ ਜੁਆਨ ਹੁੰਦੀ ਜਾ ਰਹੀ ਸੀ, ਸਾਰੇ ਕਹਿੰਦੇ ਸਨ ਕਿ ਮੈਂ ਆਪਣੀ ਮਾਂ ਵਾਂਗ ਹੀ ਉੱਚੀ-ਲੰਬੀ ਅਤੇ ਸਰੀਰ ਦੀ ਨਿੱਗਰ ਅਤੇ ਤਕੜੀ ਸੀ। ਮੇਰੇ ਸਰੀਰ ਵਿਚ ਇੰਨਾ ਜ਼ੋਰ ਸੀ ਕਿ ਕਈ ਵਾਰ ਸ਼ਰਾਰਤਾਂ ਕਰਦਿਆਂ ਮੈਂ ਗੁਲਬੀਰ ਅਤੇ ਮਨਪ੍ਰੀਤ ਨੂੰ ਢਾਹ ਲੈਂਦੀ ਸੀ। ਉਹ ਦੋਵੇਂ ਮੇਰੇ ਨਾਲੋਂ ਸਰੀਰ ਦੇ ਮਾੜੇ ਸਨ। ਅਸੀਂ ਤਿੰਨੇ ਜਣੇ ਇਕ-ਦੂਜੇ ਨਾਲ਼ ਕਾਫ਼ੀ ਰਲ਼ੇ-ਮਿਲ਼ੇ ਸੀ।

ਮੈਂ ਪੰਜਵੀਂ ਤੱਕ ਆਪਣੇ ਪਿੰਡ ਹੀ ਪੜ੍ਹੀ ਸੀ। ਪੰਜਵੀਂ ਤੋਂ ਬਾਅਦ ਮੈਂ ਭੂਆ ਕੋਲ਼ ਚਲੇ ਗਈ। ਛੇਵੀਂ ਤੋਂ ਪਲੱਸ-2 ਤੱਕ ਦੀ ਪੜ੍ਹਾਈ ਮੈਂ ਭੂਆ ਦੇ ਪਿੰਡ ਵਿਚਲੇ ਸਕੂਲ ਵਿਚ ਕੀਤੀ। ਭੂਆ ਅਤੇ ਫੁੱਫੜ ਦੋਵੇਂ ਮੈਨੂੰ ਬਹੁਤ ਪਿਆਰ ਕਰਦੇ ਸਨ।

ਮੈਂ ਅੱਠਵੀਂ ਵਿਚ ਪੜ੍ਹਦੀ ਸੀ ਜਦੋਂ ਅਚਾਨਕ ਮੇਰਾ ਬਾਪੂ ਥੋੜ੍ਹੀ ਦੇਰ ਬਿਮਾਰ ਰਹਿ ਕੇ ਚੱਲ ਵਸਿਆ। ਭਾਵੇਂ ਮਾਂ-ਪਿਓ ਵੱਲੋਂ ਮੈਂ ਅਨਾਥ ਹੋ ਗਈ, ਪਰ ਚਾਚੇ ਅਤੇ ਭੂਆ ਦੇ ਪਰਿਵਾਰਾਂ ਨੇ ਮੈਨੂੰ ਮਾਂ-ਪਿਓ ਦਾ ਘਾਟਾ ਮਹਿਸੂਸ ਨਹੀਂ ਸੀ ਹੋਣ ਦਿੱਤਾ। ਉਹ ਸਾਰੇ ਹੀ ਮੇਰਾ ਬਹੁਤ ਖ਼ਿਆਲ ਰੱਖਦੇ ਸਨ।

*****

ਪਲੱਸ-2 ਜਮਾਤ ਪਾਸ ਕਰ ਕੇ ਮੈਂ ਅੱਗੇ ਪੜ੍ਹਨਾ ਚਾਹੁੰਦੀ ਸੀ ਪਰ ਮੇਰੇ ਚਾਚਾ, ਚਾਚੀ, ਅਤੇ ਭੂਆ ਸਭ ਦਾ ਵਿਚਾਰ ਸੀ ਕਿ ਮੈਂ ਇਸ ਤੋਂ ਅੱਗੇ ਨਾ ਪੜ੍ਹਾਂ ਮੇਰੀ ਉਮਰ 18 ਸਾਲਾਂ ਦੀ ਹੋ ਗਈ ਸੀ। ਉਹ ਸਾਰੇ ਇਹੋ ਸੋਚ ਰਹੇ ਸਨ ਕਿ ਠੀਕ ਰਿਸ਼ਤਾ ਲੱਭ ਕੇ ਮੇਰਾ ਵਿਆਹ ਕਰ ਦੇਣ। ਮਨਪ੍ਰੀਤ ਵੀ ਪਲੱਸ-2 ਕਰ ਕੇ ਵਿਆਹੀ ਗਈ ਸੀ। ਗੁਲਬੀਰ ਹਾਲੇ ਸਕੂਲ ਵਿਚ ਪੜ੍ਹਦਾ ਸੀ। ਪਲੱਸ-2 ਪਾਸ ਕਰ ਕੇ ਮੈਂ ਚਾਚੇ-ਚਾਚੀ ਕੋਲ਼ ਆ ਗਈ। ਉਨ੍ਹਾਂ ਨੇ ਮੇਰੇ ਲਈ ਰਿਸ਼ਤਾ ਲੱਭਣਾ ਸ਼ੁਰੂ ਕਰ ਦਿੱਤਾ। ਚੰਗੇ ਰਿਸ਼ਤੇ ਇਸ ਲਈ ਨਹੀਂ ਮਿਲ਼ ਰਹੇ ਕਿ ਮੇਰੇ ਮਾਂ-ਪਿਓ ਦੀ ਮੌਤ ਹੋ ਚੁੱਕੀ ਸੀ ਅਤੇ ਮੇਰਾ ਕੋਈ ਸਕਾ ਭੈਣ-ਭਰਾ ਨਹੀਂ ਸੀ ਅਖੀਰ ਫਗਵਾੜਾ ਤੋਂ ਮੇਰੇ ਲਈ ਇਕ ਰਿਸ਼ਤਾ ਮਿਲ਼ ਗਿਆ। ਲੜਕੇ ਦਾ ਨਾਂ ਪਵਿੱਤਰ ਸਿੰਘ ਸੀ। ਉਸ ਦੀ ਉਮਰ ਮੈਥੋਂ ਸੱਤ ਕੁ ਸਾਲ ਜ਼ਿਆਦਾ ਸੀ। ਦੇਖਣ ਨੂੰ

ਸੋਹਣਾ ਲਗਦਾ ਸੀ। ਸਰੀਰ ਦਾ ਪਤਲਾ ਜਿਹਾ ਸੀ। ਕੱਦ ਪੰਜ ਫੁੱਟ ਅੱਠ ਇੰਚ ਦੇ ਕਰੀਬ ਸੀ। ਭਾਵੇਂ ਪਵਿੱਤਰ ਦਾ ਕੱਦ ਮੈਥੋਂ ਇੰਚ ਕੁ ਛੋਟਾ ਸੀ ਪਰ ਦੇਖਣ ਨੂੰ ਸੋਹਣਾ ਹੋਣ ਕਰ ਕੇ ਮੈਂ ਹਾਂ ਕਰ ਦਿੱਤੀ। ਪਵਿੱਤਰ ਦੇ ਮਾਂ-ਪਿਓ ਦੀ ਸਿਹਤ ਇੰਨੀ ਵਧੀਆ ਨਹੀਂ ਸੀ ਰਹਿੰਦੀ। ਇਸ ਲਈ ਉਹ ਵਿਆਹ ਛੇਤੀ ਹੀ ਕਰ ਦੇਣਾ ਚਾਹੁੰਦੇ ਸਨ। ਰਿਸ਼ਤਾ ਸਵੀਕਾਰ ਕਰਨ ਤੋਂ ਛੇ ਕੁ ਮਹੀਨਿਆਂ ਬਾਅਦ ਹੀ ਸਾਡਾ ਵਿਆਹ ਹੋ ਗਿਆ। ਜਿਹੜਾ ਕਾਫ਼ੀ ਸਧਾਰਨ ਢੰਗ ਨਾਲ਼ ਹੀ ਕੀਤਾ ਗਿਆ ਸੀ। ਮੈਂ ਉਸ ਵੇਲੇ ਇੱਕੀਵੇਂ ਸਾਲ ਵਿਚ ਸੀ। ਖ਼ਰਚ ਬਹੁਤ ਹੀ ਸੰਭਲ਼ ਕੇ ਕੀਤਾ। ਪਵਿੱਤਰ ਇਕ ਦਫ਼ਤਰ ਵਿਚ ਕਲਰਕ ਲੱਗਾ ਹੋਇਆ ਸੀ। ਮੈਨੂੰ ਸਭ ਕੁਝ ਠੀਕ ਹੀ ਲੱਗਿਆ ਅਤੇ ਇਸੇ ਕਰ ਕੇ ਮੈਂ ਵਿਆਹ ਵੇਲੇ ਖ਼ੁਸ਼ ਸੀ।

*****

ਮੇਰੇ ਵਿਆਹ ਤੋਂ ਬਾਅਦ ਕੁਝ ਮਹੀਨੇ ਹੀ ਚੰਗੇ ਲੰਘੇ ਸਨ। ਹੌਲ਼ੀ ਹੌਲ਼ੀ ਮੈਨੂੰ ਪਤਾ ਲੱਗਾ ਕਿ ਪਵਿੱਤਰ ਲੁਕ-ਛੁਪ ਕੇ ਨਸ਼ੇ ਕਰਦਾ ਸੀ । ਕਿਸੇ ਦਿਨ ਉਹ ਠੀਕ-ਠਾਕ ਹੁੰਦਾ ਅਤੇ ਕਿਸੇ ਦਿਨ ਉਸ ਦੀਆਂ ਅੱਖਾਂ ਤੋਂ ਪਤਾ ਲੱਗ ਜਾਂਦਾ ਕਿ ਕੰਮ ਤੋਂ ਬਾਅਦ ਉਹ ਨਸ਼ਾ ਕਰ ਕੇ ਘਰ ਆਇਆ ਹੈ। ਮੇਰੇ ਪੁੱਛਣ ਤੇ ਉਹ ਝੂਠ ਬੋਲਦਾ ਕਿ ਉਸ ਨੇ ਕੋਈ ਨਸ਼ਾ ਨਹੀਂ ਕੀਤਾ। ਮੈਂ ਉਸ ਦੇ ਮਾਂ-ਪਿਓ ਨਾਲ਼ ਇਸ ਬਾਰੇ ਗੱਲ ਕੀਤੀ। ਉਹ ਪਹਿਲਾਂ ਤਾਂ ਕਈ ਵਾਰੀ ਝੂਠ ਬੋਲੇ ਕਿ ਉਨ੍ਹਾਂ ਨੂੰ ਬਿਲਕੁਲ ਨਹੀਂ ਪਤਾ ਕਿ ਪਵਿੱਤਰ ਨਸ਼ੇ ਕਰਦਾ ਹੈ ਪਰ ਹੌਲ਼ੀ-ਹੌਲ਼ੀ ਦੋ ਕੁ ਮਹੀਨਿਆਂ ਬਾਅਦ ਮੇਰੇ ਬਾਰ-ਬਾਰ ਪੁੱਛਣ ਤੇ ਉਹ ਮੰਨ ਗਏ ਕਿ ਉਨ੍ਹਾਂ ਨੂੰ ਪਵਿੱਤਰ ਦੀ ਨਸ਼ੇ ਕਰਨ ਦੀ ਆਦਤ ਦਾ ਪਤਾ ਹੈ। ਮੈਂ ਉਨ੍ਹਾਂ ਨੂੰ ਕਿਹਾ ਕਿ ਜੇ ਉਨ੍ਹਾਂ ਨੂੰ ਪਤਾ ਸੀ ਕਿ ਪਵਿੱਤਰ ਨਸ਼ੇ ਕਰਦਾ ਹੈ ਤਾਂ ਉਨ੍ਹਾਂ ਨੇ ਵਿਆਹ ਤੋਂ ਪਹਿਲਾਂ ਸਾਨੂੰ ਕਿਉਂ ਨਾ ਦੱਸਿਆ ਅਤੇ ਇਸ ਹਾਲਤ ਵਿਚ ਉਨ੍ਹਾਂ ਨੇ ਪਵਿੱਤਰ ਦਾ ਵਿਆਹ ਕਿਉਂ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਸੋਚਿਆ ਕਿ ਵਿਆਹ ਕਰਨ ਤੇ ਉਹ ਨਸ਼ੇ ਕਰਨ ਤੋਂ ਹਟ ਜਾਵੇਗਾ। ਉਨ੍ਹਾਂ ਕੋਲ਼ ਇਸ ਤੋਂ ਵਧੀਆ ਹੋਰ ਕੋਈ ਜਵਾਬ ਨਹੀਂ ਸੀ।

ਵਿਆਹ ਤੋਂ ਤਿੰਨ ਕੁ ਸਾਲਾਂ ਬਾਅਦ ਪਵਿੱਤਰ ਹੋਰ ਨਸ਼ੇ ਕਰਨ ਦੇ ਨਾਲ਼-ਨਾਲ਼ ਸ਼ਰਾਬ ਵੀ ਪੀਣ ਲੱਗ ਪਿਆ ਸੀ। ਉਸ ਨਾਲ਼ ਰਹਿਣਾ ਮੇਰੇ ਲਈ ਬਹੁਤ ਔਖਾ ਹੋ ਗਿਆ ਸੀ। ਉਸ ਦੀ ਤਨਖ਼ਾਹ ਦਾ ਕਾਫ਼ੀ ਹਿੱਸਾ ਉਸ ਦੀ ਨਸ਼ਿਆਂ ਦੀ ਆਦਤ ਤੇ ਹੀ ਖ਼ਰਚ ਹੋ ਜਾਂਦਾ  ਘਰ ਦਾ ਗੁਜ਼ਾਰਾ ਮਸਾਂ ਹੀ ਚੱਲਦਾ। ਮੈਂ ਇਸ ਬਾਰੇ ਆਪਣੇ ਚਾਚੇ, ਚਾਚੀ, ਅਤੇ ਭੂਆ ਨਾਲ਼ ਗੱਲ ਕੀਤੀ ਅਤੇ ਉਨ੍ਹਾਂ ਨੂੰ ਦੱਸਿਆ ਕਿ ਮੇਰਾ ਪਵਿੱਤਰ ਨਾਲ਼ ਰਹਿਣਾ ਬਹੁਤ ਮੁਸ਼ਕਲ ਹੋ ਗਿਆ ਸੀ। ਪਰ ਉਨ੍ਹਾਂ ਸਾਰਿਆਂ ਦਾ ਕਹਿਣਾ ਸੀ ਕਿ ਮੈਂ ਉਸ ਨੂੰ ਪਿਆਰ ਅਤੇ ਹਮਦਰਦੀ ਨਾਲ਼ ਸਮਝਾਵਾਂ। ਉਨ੍ਹਾਂ ਅਨੁਸਾਰ ਤਲਾਕ ਬਾਰੇ ਮੈਨੂੰ ਸੋਚਣਾ ਵੀ ਨਹੀਂ ਸੀ ਚਾਹੀਦਾ। ਕਿਉਂਕਿ ਉਹ ਸਾਰੇ ਬਜ਼ੁਰਗ ਹੋ ਰਹੇ ਸਨ। ਪਤਾ ਨਹੀਂ ਕਦੋਂ ਉਹ ਇਸ ਦੁਨੀਆਂ ਨੂੰ ਅਲਵਿਦਾ ਕਹਿ ਜਾਣ। ਜੇ ਮੈਂ ਪਵਿੱਤਰ ਨੂੰ ਛੱਡ ਕੇ ਚਾਚੇ-ਚਾਚੀ ਦੇ ਘਰ ਚਲੇ ਗਈ ਤਾਂ ਉਨ੍ਹਾਂ ਦੇ ਜਾਣ ਤੋਂ ਬਾਅਦ ਮੇਰਾ ਕੀ ਬਣੇਗਾ? ਮਨਪ੍ਰੀਤ ਆਪਣੇ ਘਰ ਵਸਦੀ ਸੀ। ਗੁਲਬੀਰ ਦਾ ਕੋਈ ਪਤਾ ਨਹੀਂ ਜ਼ਿੰਦਗੀ ਵਿਚ ਕੀ ਕਰੇ  ਉਸ ਨੇ ਹਾਲੇ ਵੀ ਵਿਆਹ ਨਹੀਂ ਸੀ ਕਰਾਇਆ ਕਿਉਂਕਿ ਉਹ ਹਾਲੇ ਬਾਹਰਜਾਣ ਦੇ ਝੰਜਟ ਵਿਚ ਹੀ ਨੱਠਾ ਫਿਰਦਾ ਸੀ।

*****

ਜਿਵੇਂ ਮੈਂ ਪਹਿਲਾਂ ਕਿਹਾ ਹੈ, ਪਵਿੱਤਰ ਦੇ ਮਾਂ-ਪਿਓ ਕਈ ਸਾਲਾਂ ਤੋਂ ਬਿਮਾਰ ਹੀ ਰਹਿੰਦੇ ਸਨ ਮੇਰੇ ਵਿਆਹ ਤੋਂ ਸੱਤ ਕੁ ਸਾਲਾਂ ਵਿਚ ਉਹ ਦੋਵੇਂ ਹੀ ਦੁਨੀਆਂ ਤੋਂ ਤੁਰ ਗਏ ਸਨ। ਹੁਣ ਸਿਰਫ਼ ਮੈਂ ਅਤੇ ਪਵਿੱਤਰ ਹੀ ਘਰ ਵਿਚ ਰਹਿ ਗਏ ਸੀ। ਪਵਿੱਤਰ ਦਾ ਕੋਈ ਵੀ ਰਿਸ਼ਤੇਦਾਰ ਕਦੇ ਮਿਲ਼ਣ ਨਹੀਂ ਸੀ ਆਉਂਦਾ। ਪਵਿੱਤਰ ਦਾ ਭੈਣ-ਭਰਾ ਤਾਂ ਕੋਈ ਹੈ ਹੀ ਨਹੀਂ ਸੀ। ਇਕ ਭੂਆ ਸੀ ਅਤੇ ਉਹ ਵੀ ਕਾਫ਼ੀ ਦੂਰ ਰਹਿੰਦੀ ਸੀ। ਭੂਆ ਅਤੇ ਉਸ ਦੇ ਬੱਚਿਆਂ ਨੂੰ ਪਵਿੱਤਰ ਦੀਆਂ ਆਦਤਾਂ ਦਾ ਪਤਾ ਹੋਣ ਕਾਰਨ ਉਹ ਇਸ ਨੂੰ ਮੂੰਹ ਨਹੀਂ ਸੀ ਲਾਉਂਦੇ। ਮੇਰੇ ਚਾਚਾ-ਚਾਚੀ ਅਤੇ ਭੂਆ ਬਜ਼ੁਰਗ ਹੋ ਰਹੇ ਸਨ ਮਨਪ੍ਰੀਤ ਨਾਲ਼ ਮੇਰੀ ਗੱਲ ਆਮ ਹੀ ਹੋ ਜਾਂਦੀ ਸੀ। ਕਦੇ-ਕਦੇ ਸਾਲ-ਛੇ ਮਹੀਨੇ ਬਾਅਦ ਮੈਂ ਮਨਪ੍ਰੀਤ ਨੂੰ ਮਿਲ਼ਣ ਵੀ ਚਲੇ ਜਾਂਦੀ। ਇਕ ਦੋ ਦਿਨ ਉਸ ਕੋਲ਼ ਰਹਿ ਕੇ ਅਤੇ ਆਪਣੇ ਦੁੱਖ ਉਸ ਨੂੰ ਸੁਣਾ ਕੇ ਵਾਪਸ ਆ ਜਾਂਦੀ ਮਨਪ੍ਰੀਤ ਮੈਨੂੰ ਬਹੁਤ ਹੌਸਲਾ ਦਿੰਦੀ। ਮੈਨੂੰ ਉਸ ਦਾ ਬਹੁਤ ਸਹਾਰਾ ਸੀ। ਜਦੋਂ ਵੀ ਦਿਲ ਉਦਾਸ ਹੁੰਦਾ ਉਸ ਨੂੰ ਫ਼ੋਨ ਕਰ ਲੈਂਦੀ। ਮੈਂ ਕਦੇ-ਕਦੇ ਸਾਲ-ਦੋ ਸਾਲਾਂ ਬਾਅਦ ਚਾਰੇ-ਚਾਚੀ ਅਤੇ ਭੂਆ ਕੋਲ਼ ਵੀ ਜਾ ਆਉਂਦੀ।

*****

ਅਖੀਰ ਗੱਲ ਇੱਥੋਂ ਤੱਕ ਪਹੁੰਚ ਗਈ ਕਿ ਪਵਿੱਤਰ ਦੀ ਅਤੇ ਮੇਰੀ ਲੜਾਈ ਰੋਜ਼ਾਨਾ ਹੀ ਹੋਣ ਲੱਗੀ। ਮੈਂ ਉਸ ਨੂੰ ਪਿਆਰ ਅਤੇ ਹਮਦਰਦੀ ਨਾਲ਼ ਬਹੁਤ ਸਮਝਾਇਆ। ਨਸ਼ੇ ਅਤੇ ਸ਼ਰਾਬ ਛੱਡਣ ਲਈ ਮਿੰਨਤਾਂ ਕੀਤੀਆਂ। ਉਸ ਨੂੰ ਡਾਕਟਰਾਂ ਤੋਂ ਮਦਦ ਲੈਣ ਲਈ ਕਿਹਾ। ਪਰ ਪਵਿੱਤਰ ਤਾਂ ਕੋਈ ਗੱਲ ਮੰਨਦਾ ਹੀ ਨਹੀਂ ਸੀ। ਫਿਰ ਨਸ਼ਿਆਂ ਅਤੇ ਸ਼ਰਾਬ ਤੇ ਉਹ ਇੰਨਾ ਨਿਰਭਰ ਹੋ ਗਿਆ ਕਿ ਕਈ ਵਾਰੀ ਕੰਮ ਤੇ ਹੀ ਨਾ ਜਾਣਾ। ਕੰਪਨੀ ਵਾਲ਼ੇ ਕਿੰਨਾ ਕੁ ਚਿਰ ਇਸ ਸਭ ਨੂੰ ਬਰਦਾਸ਼ਤ ਕਰ ਸਕਦੇ ਸਨ? ਅਖੀਰ ਉਨ੍ਹਾਂ ਨੇ ਪਵਿੱਤਰ ਨੂੰ ਕੰਮ ਤੋਂ ਜਵਾਬ ਦੇ ਦਿੱਤਾ। ਪੈਸੇ ਆਉਣੇ ਬੰਦ ਹੋ ਗਏ ਘਰ ਦਾ ਗੁਜ਼ਾਰਾ ਕਿਵੇਂ ਚੱਲਦਾ? ਪਵਿੱਤਰ ਆਪਣੀਆਂ ਆਦਤਾਂ ਬਦਲਣ ਲਈ ਤਿਆਰ ਨਹੀਂ ਸੀ। ਇਸ ਹਾਲਤ ਵਿਚ ਉਸ ਨੂੰ ਹੋਰ ਨੌਕਰੀ ਕਿੱਥੋਂ ਮਿਲ਼ਦੀ। ਮੈਨੂੰ ਵੀ ਇਹੋ ਜਿਹੀ ਕੋਈ ਨੌਕਰੀ ਨਹੀਂ ਸੀ ਮਿਲ਼ਣੀ ਜਿਸ ਨਾਲ਼ ਘਰ ਵੀ ਚੱਲ ਸਕਦਾ ਅਤੇ ਪਵਿੱਤਰ ਦੀਆਂ ਨਸ਼ੇ ਅਤੇ ਸ਼ਰਾਬ ਦੀਆਂ ਆਦਤਾਂ ਵੀ ਪੂਰੀਆਂ ਹੋ ਸਕਦੀਆਂ। ਉਸ ਨੇ ਜ਼ਬਰਦਸਤੀ ਕਰ ਕੇ ਮੈਨੂੰ ਚੁਬਾਰੇ ਵਾਲ਼ੀ ਬਣਾ ਦਿੱਤਾ। ਮੇਰੇ ਕੋਲ਼ ਵੀ ਕੋਈ ਚਾਰਾ ਨਹੀਂ ਸੀ। ਮੈਂ ਬਥੇਰੀ ਨਾਂਹ ਕੀਤੀ ਅਤੇ ਪਵਿੱਤਰ ਨੂੰ ਕਿਹਾ ਕਿ ਨਸ਼ੇ ਛੱਡ ਦੇਵੇ ਅਤੇ ਕੋਈ ਨੌਕਰੀ ਲੱਭ ਲਵੇ। ਪਰ ਉਸ ਨੂੰ ਤਾਂ ਘਰਦਾ ਕੋਈ ਫ਼ਿਕਰ ਹੀ ਨਹੀਂ ਸੀ। ਘਰ ਦਾ ਫ਼ਿਕਰ ਤਾਂ ਸਾਰੇ ਦਾ ਸਾਰਾ ਮੇਰੇ ਸਿਰ ਹੀ ਪੈ ਗਿਆ ਸੀ। ਘਰ ਦਾ ਗੁਜ਼ਾਰਾ ਕਰਨ ਲਈ ਸਾਡੇ ਕੋਲ਼ ਕੋਈ ਪੈਸੇ ਨਹੀਂ ਸਨ। ਨਾ ਹੀ ਪੈਸੇ ਆਉਣ ਦਾ ਕੋਈ ਹੋਰ ਸਾਧਨ ਹੀ ਸੀ। ਪਤਾ ਨਹੀਂ ਉਸ ਨੇ ਕਿਹੋ ਜਿਹੇ ਕੁਝ ਮਰਦ ਲੱਭ ਲਏ ਜੋ ਆਉਂਦੇ, ਆਪਣਾ ਮਨਪਰਚਾ ਵਾ ਕਰਦੇ, ਪੈਸੇ ਦਿੰਦੇ ਅਤੇ ਚਲੇ ਜਾਂਦੇ। ਹਰ ਹਫ਼ਤੇ ਚਾਰ-ਪੰਜ ਗਾਹਕ ਤਾਂ ਭੁਗਤਾਉਣੇ ਹੀ ਪੈਂਦੇ ਸਨ। ਜੋ ਪੈਸੇ ਆਉਂਦੇ, ਉਨ੍ਹਾਂ ਵਿਚੋਂ ਥੋੜ੍ਹੇ ਜਿਹੇ ਪੈਸੇ ਮੈਨੂੰ ਘਰ ਚਲਾਉਣ ਲਈ ਦੇ ਕੇ ਬਾਕੀ ਪਵਿੱਤਰ ਆਪਣੀਆਂ ਆਦਤਾਂ ਦੀ ਪੂਰਤੀ ਲਈ ਵਰਤ ਲੈਂਦਾ। ਮੈਂ ਇਹ ਕੰਮ ਇਕ ਸਾਲ ਕਰ ਕੇ ਛੱਡ ਦਿੱਤਾ।

"ਮੈਥੋਂ ਇਹ ਕੰਮ ਨਹੀਂ ਹੁੰਦਾ। ਮੈਂ ਬਾਹਰ ਕਿਸੇ ਦੇ ਘਰ ਸਫ਼ਾਈ ਕਰਨ ਅਤੇ ਖਾਣਾ ਬਣਾਉਣ ਦਾ ਕੰਮ ਲੱਭ ਲਿਆ ਹੈ।" ਮੈਂ ਹੋਰ ਕੰਮ ਲੱਭ ਕੇ ਪਵਿੱਤਰ ਨੂੰ ਕਿਹਾ। ਪਰ ਉਸ ਨੇ ਕੋਈ ਵੀ ਜਵਾਬ ਨਾ ਦਿੱਤਾ।

ਮੈਂ ਚਾਰ ਮਹੀਨੇ ਕਿਸੇ ਦੇ ਘਰ ਕੰਮ ਕੀਤਾ ਪਰ ਇਸ ਕੰਮ ਤੋਂ ਪੈਸੇ ਇੰਨੇ ਥੋੜ੍ਹੇ ਮਿਲ਼ਦੇ ਸਨ ਕਿ ਘਰਦਾ ਗੁਜ਼ਾਰਾ ਨਹੀਂ ਸੀ ਚੱਲਦਾ। ਅਖੀਰ ਮੈਨੂੰ ਫਿਰ ਪਹਿਲੇ ਵਾਲ਼ਾ ਕੰਮ ਹੀ ਸ਼ੁਰੂ ਕਰਨਾ ਪਿਆ।

ਦਿਨ-ਬ-ਦਿਨ ਸਾਡਾ ਝਗੜਾ ਵਧਦਾ ਗਿਆ। ਦੋ ਵਾਰੀ ਉਸ ਨੇ ਮੇਰੇ ਨਾਲ਼ ਲੜ ਕੇ ਮੇਰੇ 'ਤੇ ਹੱਥ ਚੁੱਕਿਆ ਪਰ ਮੈਂ ਉਸ ਨਾਲੋਂ ਤਕੜੀ ਹੋਣ ਕਰ ਕੇ ਉਸ ਦਾ ਹੱਥ ਫੜ ਕੇ ਆਪਣੇ ਆਪ ਨੂੰ ਬਚਾਲਿਆ। ਜਦੋਂ ਤੀਜੀ ਵਾਰੀ ਉਸ ਨੇ ਮੇਰੇ 'ਤੇ ਹੱਥ ਚੁੱਕਿਆ ਤਾਂ ਮੈਂ ਉਸ ਨੂੰ ਗਲ਼ ਤੋਂ ਫੜ੍ਹ ਲਿਆ। ਉਹ ਤਾਂ ਨਸ਼ੇ ਵਿਚ ਗੜੁੱਚ ਸੀ। ਮੈਂ ਉਸ ਨੂੰ ਖ਼ੂਬ ਝੰਜੋੜਿਆ ਅਤੇ ਬੁਰਾ ਭਲਾ ਕਿਹਾ। ਕੁਝ ਦੇਰ ਬਾਅਦ ਉਹ ਮੇਰੀਆਂ ਮਿੰਨਤਾਂ ਕਰਨ ਲੱਗ ਪਿਆ।

"ਬਲਦੀਪ, ਮੇਰੀ ਮਿੰਨਤ ਮੰਨ ਲੈ, ਮੈਨੂੰ ਛੱਡ ਦੇ। ਮੈਂ ਅੱਗੇ ਤੋਂ ਤੈਨੂੰ ਕੁਝ ਨਹੀਂ ਕਹਿੰਦਾ।" ਉਹ ਲੇਲ੍ਹੜੀਆਂ ਕੱਢਦਾ ਕਹਿ ਰਿਹਾ ਸੀ।

"ਮੈਨੂੰ ਇਹ ਦੱਸ, ਤੇਰਾ ਨਾਂ ਪਵਿੱਤਰ ਕਿਹਨੇ ਰੱਖਿਆ? ਤੂੰ ਪਵਿੱਤਰ ਕਿੱਥੋਂ ਦਾ ਹੋ ਗਿਆ? ਤੂੰ ਤਾਂ ਗੰਦਾ ਏਂ, ਨਸ਼ੇੜੀ ਏਂ। ਤੂੰ ਪਵਿੱਤਰ ਹੋਣ ਦੇ ਤਾਂ ਨੇੜੇ ਵੀ ਨਹੀਂ।"

"ਤੂੰ ਜੋ ਮਰਜ਼ੀ ਕਹਿ ਲੈ ਪਰ ਮੈਨੂੰ ਛੱਡ ਦੇ। ਮਿੰਨਤ ਨਾਲ਼।"

"ਪਹਿਲਾਂ ਇਹ ਦੱਸ, ਮੁੜ ਕੇ ਮੇਰੇ 'ਤੇ ਹੱਥ ਚੁੱਕੇਂਗਾ?" ਮੈਂ ਉਸ ਨੂੰ ਝੰਜੋੜਦੀ ਨੇ ਪੁੱਛਿਆ।

"ਨਹੀਂ, ਬਲਦੀਪ, ਮੁੜ ਕੇ ਤੈਨੂੰ ਕੁਝ ਨਹੀਂ ਕਹਿੰਦਾ। ਹੁਣ ਮੈਨੂੰ ਮੁਆਫ਼ ਕਰ ਦੇ।"

"ਨਸ਼ਾ ਅਤੇ ਸ਼ਰਾਬ ਪੀਣੀ ਛੱਡੇਂਗਾ?"

"ਦੇਖ, ਇਹ ਤਾਂ ਮੇਰੀ ਮੌਤ ਦੇ ਨਾਲ਼ ਹੀ ਛੁੱਟੂ। ਇਹ ਨਹੀਂ ਛੱਡ ਹੋਣੇ।"

ਅਖੀਰ ਮੈਂ ਉਸ 'ਤੇ ਤਰਸ ਖਾ ਕੇ ਉਸ ਨੂੰ ਛੱਡ ਦਿੱਤਾ। ਉਸ ਦਿਨ ਤੋਂ ਬਾਅਦ ਉਸ ਨੇ ਕਦੇ ਵੀ ਮੇਰੇ 'ਤੇ ਹੱਥ ਨਹੀਂ ਸੀ ਚੁੱਕਿਆ। ਪਰ ਸਾਡੀ ਤੂੰ-ਤੂੰ ਮੈਂ-ਮੈਂ ਲਗਾਤਾਰ ਹੁੰਦੀ ਰਹੀ। ਮੈਨੂੰ ਡਰ ਲੱਗਣ ਲੱਗ ਪਿਆ ਸੀ ਕਿ ਇਹੋ ਜਿਹਾ ਬੰਦਾ ਕੁਝ ਵੀ ਕਰ ਸਕਦਾ ਹੈ। ਕਿਧਰੇ ਮੈਨੂੰ ਸੁੱਤੀ ਪਈ ਨੂੰ ਮਾਰ ਹੀ ਨਾ ਦੇਵੇ ਮੇਰਾ ਮਨ ਬਹੁਤ ਉਚਾਟ ਹੋ ਗਿਆ ਸੀ। ਹਰ ਵੇਲੇ ਮਨ ਉਦਾਸ ਰਹਿੰਦਾ। ਮੈਨੂੰ ਪਵਿੱਤਰ ਨਾਲ਼ ਰਹਿੰਦਿਆਂ 12 ਸਾਲ ਹੋ ਗਏ ਸਨ। ਮੈਂ ਉਸ ਨਾਲ਼ ਹੋਰ ਇਕ ਦਿਨ ਵੀ ਨਹੀਂ ਸੀ ਰਹਿਣਾ ਚਾਹੁੰਦੀ। ਮੈਂ ਆਪਣਾ ਮੋਬਾਈਲ ਲੈ ਲਿਆ ਸੀ। ਮੈਂ ਮਨਪ੍ਰੀਤ ਨੂੰ ਕਈ ਵਾਰੀ ਫ਼ੋਨ ਕਰ ਕੇ ਉਸ ਨੂੰ ਸਾਰੇ ਹਾਲਾਤ ਤੋਂ ਜਾਣੂ ਕਰਾਇਆ। ਮੈਂ ਉਸ ਨੂੰ ਕਿਹਾ ਕਿ ਮੈਂ ਪਵਿੱਤਰ ਨਾਲ਼ ਨਹੀਂ ਰਹਿਣਾ ਚਾਹੁੰਦੀ। ਹਮੇਸ਼ਾ ਵਾਂਗ ਮਨਪ੍ਰੀਤ ਨੇ ਮੈਨੂੰ ਬਹੁਤ ਹੌਸਲਾ ਦਿੱਤਾ।

"ਦੇਖ, ਬਲਦੀਪ, ਜੇ ਤੇਰਾ ਮਨ ਪਵਿੱਤਰ ਨਾਲ਼ ਰਹਿਣ ਲਈ ਨਹੀਂ ਮੰਨਦਾ ਤਾਂ ਤੂੰ ਇਹਨੂੰ ਛੱਡ ਕੇ ਕਿਤੇ ਵੱਖਰੀ ਰਹਿਣ ਲੱਗ ਪੈ। ਇਸ ਵਿਚ ਕੋਈ ਮਾੜੀ ਗੱਲ ਨਹੀਂ।" ਮਨਪ੍ਰੀਤ ਦਾ ਕਹਿਣਾ ਸੀ।

"ਮਨਪ੍ਰੀਤ, ਮੈਂ ਘਰ ਚਲਾਉਣ ਦੀ ਮਾਰੀ ਕਈ ਸਾਲਾਂ ਤੋਂ ਉਹ ਕੰਮ ਕਰ ਰਹੀ ਹਾਂ ਜੋ ਮੈਂ ਕਰਨਾ ਨਹੀਂ ਚਾਹੁੰਦੀ। ਇਹ ਕੰਮ ਤਾਂ ਜ਼ਹਿਰ ਪੀਣ ਦੇ ਬਰਾਬਰ ਹੈ, ਜ਼ਹਿਰ ਵੀ ਉਹ ਜਿਹੜੀ ਮਰਨ ਵੀ ਨਹੀਂ ਦਿੰਦੀ। ਮੈਂ ਤਾਂ ਇਹੋ ਸੋਚਦੀ ਰਹੀ ਹਾਂ ਕਿ ਇਹ ਬੰਦਾ ਅੱਜ ਸੁਧਰੂ, ਕੱਲ੍ਹ ਨੂੰ ਸੁਧਰੂ, ਪਰ ਇਹ ਬੰਦਾ ਸੁਧਰਨ ਵਾਲ਼ਾ ਨਹੀਂ।"

"ਅੜੀਏ, ਵੱਖਰੀ ਹੋਣ ਤੋਂ ਪਹਿਲਾਂ ਪੂਰੀ ਤਰ੍ਹਾਂ ਸੋਚ ਲੈ ਵੱਖਰੀ ਹੋ ਕੇ ਕੀ ਕਰੇਂਗੀ? ਗੁਜ਼ਾਰਾ ਕਿਵੇਂ ਹੋਵੇਗਾ? ਕਿੱਥੇ ਰਹੇਂਗੀ?"

"ਭੈਣੇ, ਜਿੱਦਾਂ ਹੁਣ ਗੁਜ਼ਾਰਾ ਹੁੰਦਾ ਇਸੇ ਤਰ੍ਹਾਂ ਫੇਰ ਹੋਈ ਜਾਊ। ਹੁਣ ਮੈਂ ਦੋਹਾਂ ਦੇ ਗੁਜ਼ਾਰੇ ਲਈ ਕੰਮ ਕਰਦੀ ਆਂ। ਫਿਰ ਮੈਨੂੰ ਆਪਣੇ 'ਕੱਲੀ ਲਈ ਕੰਮ ਕਰਨਾ ਪਊ।"

"ਬਲਦੀਪ, ਜੋ ਵੀ ਤੂੰ ਚੰਗਾ ਸਮਝਦੀ ਏਂ, ਕਰ ਲੈ ਮੈਂ ਤੇਰੇ ਨਾਲ਼ ਹਾਂ। ਤੂੰ ਜਦੋਂ ਮਰਜ਼ੀ ਮੇਰੇ ਨਾਲ਼ ਗੱਲ ਕਰ ਸਕਦੀ ਏਂ।"

"ਮਨਪ੍ਰੀਤ, ਜੇ ਮੈਂ ਚੁਬਾਰੇ ਵਾਲ਼ੀ ਹੀ ਬਣਨਾ ਹੈ ਤਾਂ ਕਿਉਂ ਨਾ ਕੋਈ ਮਕਾਨ ਕਿਰਾਏ ਤੇ ਲੈ ਕੇ ਇਕੱਲੀ ਰਹਿ ਕੇ ਇਹ ਕੰਮ ਕਰਾਂ ਅਤੇ ਸਾਰੇ ਪੈਸੇ ਦੀ ਖ਼ੁਦ ਮਾਲਕ ਬਣਾਂ।"

"ਭੈਣ ਮੇਰੀਏ, ਗੱਲ ਤਾਂ ਤੇਰੀ ਠੀਕ ਹੈ ਪਰ ਜੇ ਕੋਈ ਹੋਰ ਕੰਮ ਲੱਭ ਸਕਦੀ ਏਂ ਤਾਂ ਵਧੀਆ ਹੈ।"

"ਅੜੀਏ, ਮੈਨੂੰ ਹੋਰ ਅਜਿਹਾ ਕੰਮ ਕਿੱਥੋਂ ਮਿਲ਼ ਸਕਦਾ। ਜਿਸ ਨਾਲ਼ ਮੇਰਾ ਠੀਕ-ਠਾਕ ਗੁਜ਼ਾਰਾ ਹੋ ਸਕੇ? ਮੈਂ ਪਹਿਲਾਂ ਇਕ ਘਰ ਵਿਚ ਕੰਮ ਕਰ ਕੇ ਦੇਖਿਆ ਸੀ ਪਰ ਉਸ ਨਾਲ਼ ਤਾਂ ਕੁਝ ਵੀ ਨਹੀਂ ਸੀ ਬਣਦਾ।"

"ਬਲਦੀਪ, ਗੱਲ ਤਾਂ ਤੇਰੀ ਠੀਕ ਹੈ ਦੇਖ ਸੋਚ ਕੇ ਜੋ ਵੀ ਫ਼ੈਸਲਾ ਤੈਨੂੰ ਠੀਕ ਲਗਦਾ ਕਰ ਲੈ।" ਅਖੀਰ ਸੋਚ-ਸੋਚ ਕੇ ਮੈਂ ਇਹੋ ਫ਼ੈਸਲਾ ਕੀਤਾ ਕਿ ਮੈਂ ਪਵਿੱਤਰ ਨੂੰ ਛੱਡ ਕੇ ਕੋਈ ਮਕਾਨ ਆਪ ਕਿਰਾਏ ਤੇ ਲੈ ਕੇ ਇਹੋ ਕੰਮ ਕਰ ਲੈਣਾ ਹੈ।

*****

ਪਵਿੱਤਰ ਦੇ ਘਰ ਰਹਿੰਦਿਆਂ ਇਕ ਥਾਣੇਦਾਰ ਵੀ ਲੁਕ-ਛੁਪ ਕੇ ਮੇਰੇ ਕੋਲ਼ ਆਇਆ ਕਰਦਾ ਸੀ। ਉਹ ਮੇਰੇ ਕੋਲ਼ ਦੋ ਕੁ ਸਾਲਾਂ ਤੋਂ ਆ ਰਿਹਾ ਸੀ। ਉਸ ਦਾ ਨਾਂ ਜੁਗਲ ਕੁਮਾਰ ਸੀ ਪਰ ਸਾਡੀ ਨੇੜਤਾ ਇੰਨੀ ਹੋ ਗਈ ਸੀ ਕਿ ਮੈਂ ਉਸ ਦੇ ਕਹਿਣ ਤੇ ਉਸ ਨੂੰ ਜੁਗਲ ਕਹਿ ਕੇ ਹੀ ਬੁਲਾਉਂਦੀ ਸੀ। ਜੁਗਲ ਮੇਰੇ ਨਾਲ਼ ਬਹੁਤ ਪਿਆਰ ਅਤੇ ਹਮਦਰਦੀ ਵਾਲ਼ਾ ਵਿਵਹਾਰ ਕਰਦਾ ਸੀ। ਇਕ ਦਿਨ ਉਹ ਆਇਆ ਤਾਂ ਮੈਂ ਉਸ ਨਾਲ਼ ਮਲਕੜੇ ਜਿਹੇ ਕੁਝ ਗੱਲਾਂ ਕੀਤੀਆਂ,

"ਜੁਗਲ, ਮੈਂ ਤੁਹਾਡੇ ਨਾਲ਼ ਕੁਝ ਗੱਲਾਂ ਕਰਨੀਆਂ ਚਾਹੁੰਦੀ ਹਾਂ ਪਰ ਜੇ ਉਹ ਸਿਰਫ਼ ਤੁਹਾਡੇ ਤੱਕ ਹੀ ਰਹਿਣ।"

"ਬਿਲਕੁਲ ਕਰ ਮੈਂ ਤੇਰੀਆਂ ਕੀਤੀਆਂ ਗੱਲਾਂ ਕਿਸੇ ਨੂੰ ਵੀ ਨਹੀਂ ਦੱਸਾਂਗਾ। ਉਹ ਸਿਰਫ਼ ਤੇਰੇ-ਮੇਰੇ ਵਿਚ ਹੀ ਰਹਿਣਗੀਆਂ।"

"ਤੁਸੀਂ ਥਾਣੇਦਾਰ ਹੋ ਕੇ ਵੀ ਆਮ ਥਾਣੇਦਾਰਾਂ ਵਰਗੇ ਨਹੀਂ ਤੁਸੀਂ ਬਹੁਤ ਹੀ ਵਧੀਆ ਇਨਸਾਨ ਹੋ। ਜਿਵੇਂ ਮੈਂ ਤੁਹਾਨੂੰ ਦੇਖਿਆ-ਸਮਝਿਆ ਹੈ, ਤੁਸੀਂ ਦੂਜੇ ਦਾ ਦਰਦ

ਸਮਝਣ ਵਾਲ਼ੇ ਹੋ ਤੁਸੀਂ ਮੇਰੇ ਕੋਲ਼ ਆ ਕੇ ਕਦੇ ਵੀ ਥਾਣੇਦਾਰ ਹੋਣ ਦੀ ਧੌਂਸ ਨਹੀਂ ਜਮਾਈ।"

"ਬਹੁਤ ਧੰਨਵਾਦ ਮੇਰਾ ਵਿਚਾਰ ਹੈ ਕਿ ਸਾਨੂੰ ਸਭ ਨੂੰ ਇਕ-ਦੂਜੇ ਨਾਲ਼ ਹਮਦਰਦੀ ਅਤੇ ਪਿਆਰ ਨਾਲ਼ ਹੀ ਵਰਤਣਾ ਚਾਹੀਦਾ ਹੈ। ਧੌਂਸ ਜਮਾ ਕੇ ਕੀ ਲੈਣਾ?"

"ਜੁਗਲ, ਮੈਂ ਪਵਿੱਤਰ ਨਾਲ਼ ਰਹਿ ਕੇ ਬਹੁਤ ਤੰਗ ਹਾਂ। ਮੇਰਾ ਪਵਿੱਤਰ ਨਾਲ਼ ਹੋਰ ਰਹਿਣਾ ਸੰਭਵ ਨਹੀਂ। ਉਸ ਨਾਲ਼ ਰਹਿ ਕੇ ਤਾਂ ਮੈਂ ਨਰਕ ਭੋਗ ਰਹੀ ਹਾਂ। ਮੈਨੂੰ ਘਰ ਦੇ ਗੁਜ਼ਾਰੇ ਲਈ ਮਰਦਾਂ ਦੇ ਮਨ—ਪਰਚਾਵੇ ਦਾ ਕੰਮ ਕਰਨਾ ਪੈ ਰਿਹਾ ਹੈ ਪਰ ਜੋ ਵੀ ਪੈਸੇ ਆਉਂਦੇ ਹਨ ਉਨ੍ਹਾਂ ਵਿਚੋਂ ਬਹੁਤੇ ਪਵਿੱਤਰ ਦੀਆਂ ਨਸ਼ਿਆਂ ਵਾਲ਼ੀਆਂ ਆਦਤਾਂ ਤੇ ਹੀ ਖ਼ਰਚ ਹੁੰਦੇ ਹਨ। ਜੇ ਮੈਂ ਕੋਈ ਆਪਣਾ ਫਲੈਟ ਕਿਰਾਏ ਤੇ ਲੈ ਕੇ ਇਹੋ ਕੰਮ ਉੱਥੇ ਕਰਨਾ ਚਾਹਾਂ ਤਾਂ ਤੁਸੀਂ ਮੇਰੀ ਮਦਦ ਕਰ ਸਕਦੇ ਹੋ?"

"ਤੂੰ ਕੋਈ ਫ਼ਿਕਰ ਨਾ ਕਰ ਤੂੰ ਜੋ ਵੀ ਆਖੇਂਗੀ, ਮੈਂ ਤੇਰੇ ਲਈ ਕਰਾਂਗਾ। ਜੇ ਤੈਨੂੰ ਕੋਈ ਮਕਾਨ ਕਿਰਾਏ ਤੇ ਚਾਹੀਦਾ ਹੈ ਤਾਂ ਮੈਂ ਆਪਣਾ ਅਸਰ-ਰਸੂਖ਼ ਵਰਤ ਕੇ ਤੈਨੂੰ ਕੋਈ ਫਲੈਟ ਲੱਭ ਦੇਵਾਂਗਾ। ਜਿੱਥੇ ਤੈਨੂੰ ਕਿਸੇ ਦਾ ਵੀ ਡਰ ਨਹੀਂ ਹੋਵੇਗਾ।"

"ਤੁਹਾਡਾ ਬਹੁਤ ਧੰਨਵਾਦ। ਜਿੰਨੀ ਜਲਦੀ ਤੁਸੀਂ ਮੇਰਾ ਇਹ ਕੰਮ ਕਰ ਸਕੋ ਵਧੀਆ ਹੈ।"

*****

ਦੋ ਕੁ ਹਫ਼ਤਿਆਂ ਬਾਅਦ ਜੁਗਲ ਆਇਆ। ਉਸ ਨੇ ਦੱਸਿਆ ਕਿ ਸ਼ਹਿਰ ਦੇ ਬਜ਼ਾਰ ਵਿਚ ਇਕ ਦੁਕਾਨ ਦੇ ਉੱਪਰ ਬਣਿਆਂ ਫਲੈਟ ਮਿਲ਼ਦਾ ਹੈ। ਉਸ ਵਿਚ ਦੋ ਕਮਰੇ, ਰਸੋਈ, ਅਤੇ ਬਾਥਰੂਮ ਹਨ ਉੱਪਰ ਚੜ੍ਹਨ ਲਈ ਫਲੈਟ ਦੀਆਂ ਆਪਣੀਆਂ ਵੱਖਰੀਆਂ ਪੌੜੀਆਂ ਹਨ। ਕਿਰਾਇਆ ਵੀ ਜੋ ਉਸ ਨੇ ਦੱਸਿਆ ਉਹ ਵਾਜਬ ਹੀ ਲਗਦਾ ਸੀ। ਮੈਂ ਹਾਂ ਕਰ ਦਿੱਤੀ। ਜੁਗਲ ਨੇ ਦੱਸਿਆ ਕਿ ਫਲੈਟ ਦਾ ਮਾਲਕ ਉਸ ਦਾ ਚੰਗਾ ਜਾਣਕਾਰ ਹੈ, ਇਸ ਲਈ ਮੈਨੂੰ ਕੋਈ ਮੁਸ਼ਕਲ ਨਹੀਂ ਆਵੇਗੀ। ਨਾਲ਼ੇ ਜੁਗਲ ਦੇ ਹੁੰਦਿਆਂ ਮੈਨੂੰ ਕੀ ਸਮੱਸਿਆ ਆ ਸਕਦੀ ਸੀ? ਜੁਗਲ ਨੇ ਭਰੋਸਾ ਦਿਵਾਇਆ ਕਿ ਜੇ ਕੋਈ ਇਨਸਾਨ ਮੇਰੇ ਲਈ ਮੁਸ਼ਕਲ ਪੈਦਾ ਕਰੇਗਾ ਤਾਂ ਜੁਗਲ ਉਸ ਨੂੰ ਥਾਣੇ ਸੱਦ ਕੇ ਬੰਦਾ ਬਣਾ ਦੇਵੇਗਾ। ਜੁਗਲ ਜਦੋਂ ਦੋ ਕੁ ਸਾਲ ਪਹਿਲਾਂ ਮੇਰੇ ਕੋਲ਼ ਆਉਣ ਲੱਗਾ ਸੀ ਤਾਂ ਮੈਂ ਉਸ ਤੋਂ ਪਹਿਲਾਂ-ਪਹਿਲਾਂ ਕੁਝ ਵਾਰੀ ਪੈਸੇ ਲਏ ਸਨ ਪਰ ਬਾਅਦ ਵਿਚ ਮੈਂ ਉਸ ਤੋਂ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਉਹ ਹਰ ਵਾਰੀ ਮੇਰੇ ਲਈ ਕੋਈ ਨਾ ਕੋਈ ਗਿਫ਼ਟ ਲੈ ਕੇ ਆਉਂਦਾ ਸੀ।

*****

ਜਦੋਂ ਜੁਗਲ ਨੇ ਮੇਰੇ ਲਈ ਫਲੈਟ ਦਾ ਬੰਦੋਬਸਤ ਕਰ ਦਿੱਤਾ ਤਾਂ ਮੈਂ ਪਵਿੱਤਰ ਨੂੰ ਛੱਡ ਕੇ ਆਪਣੀ ਨਵੀਂ ਜ਼ਿੰਦਗੀ ਉਸ ਨਵੇਂ ਫਲੈਟ ਵਿਚ ਜਾ ਕੇ ਸ਼ੁਰੂ ਕਰਨ ਦਾ ਫ਼ੈਸਲਾ ਕਰ ਲਿਆ। ਥੋੜ੍ਹੇ ਬਹੁਤ ਜੋ ਮੇਰੇ ਕੱਪੜੇ ਸਨ ਮੈਂ ਉਹ ਲੈ ਕੇ ਰਾਤ ਦੇ ਹਨੇਰੇ ਵਿਚ ਬਿਨਾਂ ਪਵਿੱਤਰ ਨੂੰ ਦੱਸਿਆਂ ਘਰੋਂ ਨਿਕਲ਼ ਗਈ। ਉਹ ਤਾਂ ਨਸ਼ੇ ਵਿਚ ਗੜੁੱਚ ਮੰਜੇ 'ਤੇ ਪਿਆ ਸੀ। ਉਸ ਨੂੰ ਤਾਂ ਸੁਰਤ ਵੀ ਨਹੀਂ ਸੀ। ਜੁਗਲ ਨੇ ਮੈਨੂੰ ਮਿਥੇ ਸਮੇਂ ਤੇ ਫਲੈਟ ਵਿਚ ਹੀ ਮਿਲ਼ਣਾ ਸੀ ਫਲੈਟ ਦੀ ਚਾਬੀ ਉਸ ਕੋਲ਼ ਹੀ ਸੀ। ਮੈਂ ਟੈਂਪੂ ਲੈ ਕੇ ਫਲੈਟ ਵਾਲ਼ੇ ਐਡਰੈੱਸ

’ਤੇ ਪਹੁੰਚ ਗਈ। ਹੇਠਾਂ ਪਹੁੰਚ ਕੇ ਮੈਂ ਜੁਗਲ ਨੂੰ ਫ਼ੋਨ ਕੀਤਾ। ਉਹ ਚੁਬਾਰੇ ‘ਚੋਂ ਹੇਠਾਂ ਉੱਤਰ ਆਇਆ ਅਤੇ ਮੈਨੂੰ ਉੱਪਰ ਲੈ ਗਿਆ। ਫਲੈਟ ਠੀਕ ਸੀ। ਮੇਰੀ ਲੋੜ ਨਾਲੋਂ ਵੀ ਜ਼ਿਆਦਾ ਵੱਡਾ ਸੀ। ਮੈਂ ਜੁਗਲ ਦਾ ਬਹੁਤ ਧੰਨਵਾਦ ਕੀਤਾ। ਉਸ ਨੇ ਫਿਰ ਯਕੀਨ ਦੁਆਇਆ ਕਿ ਉਹ ਮੇਰੀ ਹਰ ਤਰ੍ਹਾਂ ਮਦਦ ਕਰੇਗਾ ਅਤੇ ਮੈਨੂੰ ਕਿਸੇ ਤੋਂ ਵੀ ਕਿਸੇ ਤਰ੍ਹਾਂ ਦਾ ਡਰ ਰੱਖਣ ਦੀ ਲੋੜ ਨਹੀਂ।

*****

ਮੈਂ ਆਪਣੇ ਨਵੇਂ ਫਲੈਟ ਵਿਚ ਰਹਿਣ ਲੱਗ ਪਈ ਸੀ ਅਤੇ ਇੱਥੇ ਆ ਕੇ ਮੈਂ ਥੋੜ੍ਹਾ ਸਕੂਨ ਅਤੇ ਸ਼ਾਂਤੀ ਮਹਿਸੂਸ ਕੀਤੀ। ਇਸ ਸਾਰੇ ਸਮੇਂ ਵਿਚ ਮੈਂ ਮਨਪ੍ਰੀਤ ਨਾਲ਼ ਲਗਾਤਾਰ ਸੰਪਰਕ ਰੱਖਿਆ ਸੀ। ਉਸ ਨੂੰ ਮੇਰੀ ਜ਼ਿੰਦਗੀ ਬਾਰੇ ਸਭ ਕੁਝ ਪਤਾ ਸੀ ਕਿ ਮੈਂ ਕਿਨ੍ਹਾਂ-ਕਿਨ੍ਹਾਂ ਹਾਲਾਤਾਂ ਵਿਚੋਂ ਗੁਜ਼ਰੀ ਹਾਂ ਅਤੇ ਗੁਜ਼ਰ ਰਹੀ ਹਾਂ। ਉਸ ਵੱਲੋਂ ਹਰ ਮੌਕੇ ਤੇ ਮਿਲ਼ਦੇ ਹੌਸਲੇ ਨੇ ਮੈਨੂੰ ਮਾਨਸਿਕ ਤੌਰ ਤੇ ਕਮਜ਼ੋਰ ਨਹੀਂ ਸੀ ਹੋਣ ਦਿੱਤਾ। ਪਵਿੱਤਰ ਦਾ ਘਰ ਛੱਡਣ ਤੋਂ ਬਾਅਦ ਮੈਂ ਉਸ ਨਾਲ਼ ਕੋਈ ਸੰਪਰਕ ਨਹੀਂ ਸੀ ਕੀਤਾ। ਮੈਂ ਉਸ ਦੇ ਘਰੋਂ ਆਉਣ ਵੇਲੇ ਇਕ ਖ਼ਤ ਲਿਖ ਕੇ ਉਸ ਲਈ ਛੱਡ ਆਈ ਸੀ ਕਿ ਮੈਂ ਹਮੇਸ਼ਾ ਲਈ ਉਸ ਤੋਂ ਦੂਰ ਜਾ ਰਹੀ ਹਾਂ ਅਤੇ ਉਹ ਮੈਨੂੰ ਲੱਭਣ ਦੀ ਕੋਈ ਕੋਸ਼ਿਸ਼ ਨਾ ਕਰੇ। ਮੈਂ ਕਦੇ ਵੀ ਇਹ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਮੇਰੇ ਉਸ ਦਾ ਘਰ ਛੱਡਣ ਤੋਂ ਬਾਅਦ ਉਸ ਦਾ ਕੀ ਬਣਿਆਂ ਮੈਨੂੰ ਤਾਂ ਇਹ ਵੀ ਨਹੀਂ ਪਤਾ ਕਿ ਉਹ ਜਿਊਂਦਾ ਵੀ ਹੈ ਕਿ ਨਹੀਂ ਜੁਗਲ ਮੈਨੂੰ ਰਾਤ ਦੇ ਹਨੇਰੇ ਵਿਚ ਸਿਰ ਤੇ ਟੋਪੀ ਪਾ ਕੇ ਹਫ਼ਤੇ ਵਿਚ ਇਕ ਵਾਰੀ ਜ਼ਰੂਰ ਮਿਲ਼ਣ ਆ ਜਾਂਦਾ ਸੀ। ਉਹ ਵਧੀਆ ਸ਼ਰਾਬ ਦੀ ਬੋਤਲ ਲੈ ਕੇ ਆਉਂਦਾ। ਕਦੇ-ਕਦੇ ਮੈਂ ਵੀ ਉਸ ਨਾਲ਼ ਸ਼ਰਾਬ ਦਾ ਗਲਾਸ ਪੀ ਲੈਂਦੀ ਕਈ ਵਾਰੀ ਉਹ ਸ਼ਰਾਬ ਪੀਂਦਾ ਅਤੇ ਮੈਂ ਆਪਣੇ ਲਈ ਚਾਹ ਦਾ ਕੱਪ ਬਣਾ ਲੈਂਦੀ। ਅਸੀਂ ਸੋਫ਼ੇ ’ਤੇ ਬੈਠੇ ਆਪਣੀ-ਆਪਣੀ ਡਰਿੰਕ ਪੀਂਦੇ ਗੱਲਾਂ ਕਰਦੇ, ਮਜ਼ਾਕ ਕਰਦੇ, ਅਤੇ ਖ਼ੂਬ ਹੱਸਦੇ ਹਰ ਵਾਰੀ ਉਹ ਦੋ-ਤਿੰਨ ਘੰਟੇ ਮੇਰੇ ਕੋਲ਼ ਬੈਠਾ ਰਹਿੰਦਾ ਮੈਂ ਉਸ ਦੀ ਹਰ ਲੋੜ ਪੂਰੀ ਕਰ ਦਿੰਦੀ। ਉਹ ਮੇਰਾ ਦੋਸਤ ਸੀ ।

*****

ਮੇਰੇ ਗਾਹਕ ਵੀ ਬਹੁਤ ਅਜੀਬ ਜਿਹੇ ਆਦਮੀ ਸਨ ਵੈਸੇ ਮੇਰੇ ਗਾਹਕ ਸਿਰਫ਼ ਪੰਜ-ਸੱਤ ਕੁ ਹੀ ਸਨ ਜੋ ਕਦੇ-ਕਦੇ ਆ ਜਾਂਦੇ ਸਨ। ਮੈਂ ਆਪਣੇ ਸਾਰੇ ਗਾਹਕਾਂ ਨੂੰ ਕਿਹਾ ਹੋਇਆ ਸੀ ਕਿ ਉਹ ਆਉਣ ਤੋਂ ਪਹਿਲਾਂ ਫ਼ੋਨ ਕਰ ਕੇ ਮੈਥੋਂ ਆਉਣ ਦਾ ਸਮਾਂ ਲੈ ਲੈਣ ਮੇਰਾ ਇਰਾਦਾ ਕੋਈ ਪੈਸੇ ਜੋੜਨ ਦਾ ਨਹੀਂ ਸੀ ਬੱਸ ਠੀਕ-ਠਾਕ ਗੁਜ਼ਾਰਾ ਹੋਈ ਜਾਵੇ ਅਤੇ ਕੁਝ ਪੈਸੇ ਔਖੇ ਸਮੇਂ ਅਤੇ ਬੁਢਾਪੇ ਲਈ ਬਚਾ ਲਵਾਂ, ਮੇਰੀ ਇਹੋ ਇੱਛਾ ਸੀ।

ਮੈਂ ਕਿਸੇ ਵੀ ਮਰਦ ਤੋਂ ਆਪਣੀ ਬੇਇੱਜ਼ਤੀ ਨਹੀਂ ਸੀ ਸਹਾਰਦੀ। ਜੇ ਕੋਈ ਠੀਕ ਢੰਗ ਨਾਲ਼ ਗੱਲ ਨਹੀਂ ਸੀ ਕਰਦਾ ਤਾਂ ਮੈਂ ਉਸ ਨਾਲ਼ ਦੂਜੇ ਤਰ੍ਹਾਂ ਵੀ ਸਿੱਝ ਲੈਂਦੀ ਸੀ। ਮੇਰਾ ਇਕ ਗਾਹਕ ਬਹੁਤ ਹੀ ਬਦਤਮੀਜ਼ ਸੀ। ਉਹ ਬੜੀਆਂ ਬੇਹੂਦਾ ਹਰਕਤਾਂ ਕਰੀ ਜਾਇਆ ਕਰੇ। ਮੈਂ ਦੋ ਵਾਰੀ ਤਾਂ ਉਸ ਦੀਆਂ ਇਨ੍ਹਾਂ ਹਰਕਤਾਂ ਨੂੰ ਸਹਿ ਲਿਆ। ਜਦੋਂ ਉਹ ਤੀਜੀ ਵਾਰੀ ਆਇਆ ਫਿਰ ਇਹੋ ਜਿਹੀਆਂ ਹਰਕਤਾਂ ਕਰਨ ਲੱਗਾ ਤਾਂ ਮੈਂ ਗਲ਼ ਤੋਂ ਫੜ੍ਹ ਲਿਆ। ਮੈਂ ਉਸ ਨਾਲ਼ੋਂ ਸਰੀਰ ਦੀ ਤਕੜੀ ਸੀ। ਜਦੋਂ ਮੈਂ ਉਸ ਨੂੰ ਝੰਜੋੜਿਆ ਤਾਂ ਮਿੰਨਤਾਂ

ਕਰੇ ਅਤੇ ਕਹੀ ਜਾਵੇ, "ਹੁਣ ਮੈਨੂੰ ਛੱਡ ਦੇ, ਅੱਗੇ ਤੋਂ ਮੈਂ ਇੱਦਾਂ ਨਹੀਂ ਕਰਦਾ। ਅਖੀਰ ਨੱਕ ਨਾਲ਼ ਲਕੀਰਾਂ ਕਢਾ ਕੇ ਛੱਡਿਆ। ਆਉਂਦਾ ਤਾਂ ਉਹ ਫਿਰ ਵੀ ਰਿਹਾ ਪਰ ਬੰਦਾ ਬਣ ਕੇ ਕਮਜ਼ੋਰ ਔਰਤ ਦਾ ਜੀਣਾ ਤਾਂ ਲੋਕ ਹਰਾਮ ਕਰ ਦਿੰਦੇ ਹਨ, ਖ਼ਾਸ ਕਰ ਕੇ ਮੇਰੇ ਵਾਲ਼ੇ ਧੰਦੇ ਵਿਚ। ਨਾਲ਼ੇ ਮੈਨੂੰ ਕਿਸੇ ਮਰਦ ਦਾ ਕੋਈ ਡਰ ਨਹੀਂ ਸੀ ਕਿਉਂਕਿ ਜੁਗਲ ਮੇਰੇ ਨਾਲ਼ ਸੀ। ਕਿਸੇ ਵੀ ਮਰਦ ਨੂੰ ਜੁਗਲ ਦਾ ਤਾਂ ਇਕੋ ਦਬਕਾ ਮਾਰਿਆ ਕਾਫ਼ੀ ਸੀ। ਮੁੜ ਕੇ ਉਸ ਮਰਦ ਨੇ ਮੇਰੇ ਵੱਲ ਮੂੰਹ ਵੀ ਨਹੀਂ ਸੀ ਕਰਨਾ।

ਇਕ ਵਾਰੀ ਮੈਂ ਬਜ਼ਾਰ ਵਿਚ ਤੁਰੀ ਜਾ ਰਹੀ ਸੀ ਤਾਂ ਇਕ ਆਦਮੀ ਨੇ ਮੇਰੇ ਵੱਲ ਦੇਖ ਕੇ ਮਜ਼ਾਕ ਕੀਤਾ। ਮੈਂ ਉਸ ਨੂੰ ਉਸ ਦੀ ਕਮੀਜ਼ ਦੇ ਕਾਲਰ ਤੋਂ ਫੜ੍ਹ ਕੇ ਉਸ ਦੇ ਪੰਜ-ਛੇ ਚਪੇੜਾਂ ਮਾਰੀਆਂ ਤਾਂ ਉਹ ਹੱਕਾ-ਬੱਕਾ ਰਹਿ ਗਿਆ। ਉਸ ਨੂੰ ਕੁਝ ਸੁੱਝੇ ਨਾ। ਸ਼ਰਮ ਨਾਲ਼ ਉਸ ਦਾ ਰੰਗ ਫਿੱਕਾ ਪੈ ਗਿਆ। ਉਹ ਚੁੱਪ-ਚੁਪੀਤਾ ਸ਼ਰਮਿੰਦਾ ਹੋ ਕੇ ਪਰੇ ਨੂੰ ਚਲੇ ਗਿਆ। ਉਸ ਤੋਂ ਬਾਅਦ ਸਾਰੇ ਬਜ਼ਾਰ ਵਿਚ ਇਸ ਗੱਲ ਦਾ ਪਤਾ ਲੱਗ ਗਿਆ ਅਤੇ ਕੋਈ ਮੇਰੇ ਵੱਲ ਅੱਖ ਚੁੱਕ ਕੇ ਦੇਖਣ ਦਾ ਵੀ ਹੀਂਆ ਨਹੀਂ ਸੀ ਕਰਦਾ। ਮੈਂ ਬਜ਼ਾਰ ਵਿਚ ਸ਼ੱਰੇ-ਆਮ ਛਾਤੀ ਤਾਣ ਕੇ ਅਤੇ ਸਿਰ ਉੱਚਾ ਕਰ ਕੇ ਤੁਰਦੀ ਸੀ।

*****

ਇਕ ਦਿਨ ਬੜੀ ਅਜੀਬ ਗੱਲ ਹੋਈ। ਇਕ ਆਦਮੀ ਦਾ ਫ਼ੋਨ ਆਇਆ ਜਿਸ ਨੇ ਆਪਣਾ ਨਾਂ ਦਿਲਾਵਰ ਸਿੰਘ ਦੱਸਿਆ। ਉਹ ਪਹਿਲਾਂ ਕਦੇ ਵੀ ਮੇਰੇ ਕੋਲ਼ ਨਹੀਂ ਸੀ ਆਇਆ। ਉਸ ਨੇ ਪੁੱਛਿਆ ਕਿ ਕੀ ਉਹ ਅਗਲੇ ਦਿਨ ਮੈਨੂੰ ਮਿਲ਼ਣ ਆ ਸਕਦਾ ਸੀ। ਮੈਂ ਹਾਂ ਕਰ ਦਿੱਤੀ। ਮੇਰੇ ਪੁੱਛਣ ਤੇ ਉਸ ਨੇ ਦੱਸਿਆ ਕਿ ਉਸ ਦੇ ਕਿਸੇ ਦੋਸਤ ਨੇ ਉਸ ਨੂੰ ਮੇਰਾ ਫ਼ੋਨ ਨੰਬਰ ਦਿੱਤਾ ਸੀ।

ਦੂਸਰੇ ਦਿਨ ਦਿਲਾਵਰ ਸਿੰਘ ਮੈਨੂੰ ਮਿਲ਼ਣ ਆ ਗਿਆ। ਮੈਂ ਸੋਚਿਆ ਕਿ ਮੈਨੂੰ ਮਿਲ਼ ਕੇ ਆਪਣੀਆਂ ਲੋੜਾਂ ਪੂਰੀਆਂ ਕਰੇਗਾ, ਪੈਸੇ ਦੇਵੇਗਾ, ਅਤੇ ਤੁਰ ਜਾਵੇਗਾ ਪਰ ਉਹ ਆ ਕੇ ਸੋਫ਼ੇ 'ਤੇ ਬੈਠ ਗਿਆ ਅਤੇ ਕਹਿੰਦਾ ਕਿ ਉਸ ਨੇ ਤਾਂ ਮੇਰੇ ਨਾਲ਼ ਕੁਝ ਗੱਲਾਂ ਹੀ ਕਰਨੀਆਂ ਹਨ। ਮੈਂ ਹੈਰਾਨ ਹੋਈ ਨੇ ਕਿਹਾ ਕਿ ਜ਼ਰੂਰ ਆਪਾਂ ਗੱਲਾਂ ਕਰ ਸਕਦੇ ਹਾਂ। ਉਸ ਨੇ ਮੈਨੂੰ ਆਪਣੀ ਕਹਾਣੀ ਦੱਸਣੀ ਸ਼ੁਰੂ ਕਰ ਦਿੱਤੀ।

"ਮੇਰੀ ਉਮਰ 68 ਸਾਲਾਂ ਦੀ ਹੈ। ਮੇਰੀ ਪਤਨੀ ਦੀ ਮੌਤ ਹੋ ਚੁੱਕੀ ਹੈ। ਮੇਰਾ ਇਕੋ-ਇਕ ਪੁੱਤਰ ਹੈ, ਧੀ ਕੋਈ ਵੀ ਨਹੀਂ। ਮੇਰਾ ਪੁੱਤਰ 16 ਸਾਲ ਹੋਏ ਕਨੇਡਾ ਜਾ ਵਸਿਆ ਸੀ ਅਤੇ ਉਸ ਨੇ ਉੱਥੇ ਗੋਰੀ ਔਰਤ ਨਾਲ਼ ਵਿਆਹ ਕਰਾ ਲਿਆ ਹੈ। ਉਹ ਜਦੋਂ ਦਾ ਕਨੇਡਾ ਗਿਆ ਹੈ। ਸਿਰਫ਼ ਇਕ ਵਾਰੀ ਹੀ ਵਾਪਸ ਹਿੰਦੁਸਤਾਨ ਆਇਆ ਹੈ। ਕਨੇਡਾ ਵਿਚ ਉਸ ਦਾ ਕੰਮ ਬਹੁਤ ਵਧੀਆ ਹੈ। ਉਸ ਨੇ ਮੈਨੂੰ ਕਾਫ਼ੀ ਪੈਸੇ ਭੇਜੇ ਹਨ ਜਿਨ੍ਹਾਂ ਨਾਲ਼ ਮੈਂ ਫਗਵਾੜੇ ਵਿਚ ਇਕ ਚੰਗੀ ਕੋਠੀ ਲੈ ਲਈ ਹੈ। ਮੇਰਾ ਪਿੰਡ ਫਗਵਾੜੇ ਤੋਂ 25 ਕੁ ਮੀਲ ਦੂਰ ਹੈ। ਮੇਰੀ ਉੱਥੇ ਕਾਫ਼ੀ ਜ਼ਮੀਨ ਸੀ। ਮੈਂ ਉਹ ਸਾਰੀ ਜ਼ਮੀਨ ਵੇਚ ਦਿੱਤੀ ਜਿਸ ਤੋਂ ਮੈਨੂੰ ਕਾਫ਼ੀ ਪੈਸੇ ਮਿਲ਼ੇ ਹਨ। ਉਹ ਸਾਰੇ ਪੈਸੇ ਮੈਂ ਬੈਂਕ ਵਿਚ ਜਮਾਂ ਕਰਾਏ ਹੋਏ ਹਨ। ਮੇਰੇ ਗੁਜ਼ਾਰੇ ਲਈ ਮੇਰਾ ਬੇਟਾ ਮੈਨੂੰ ਮੇਰੀ ਲੋੜ ਤੋਂ ਵੱਧ ਪੈਸੇ ਭੇਜ ਦਿੰਦਾ ਹੈ... ਮੇਰੀ ਮੁਸ਼ਕਲ ਹੈ ਕਿ ਮੈਨੂੰ ਇਕੱਲਤਾ ਬਹੁਤ ਚੁੱਭਦੀ ਹੈ। ਮੈਂ ਆਪਣੇ ਪੁੱਤਰ ਨੂੰ ਕਿਹਾ ਸੀ ਕਿ ਉਹ ਮੈਨੂੰ ਕਨੇਡਾ

ਮੰਗਵਾ ਲਵੇ। ਪੁੱਤਰ ਦਾ ਕਹਿਣਾ ਹੈ ਕਿ ਉਸ ਦੀ ਪਤਨੀ ਗੋਰੀ ਹੈ ਅਤੇ ਇਹ ਲੋਕ ਆਪਣੇ ਸੱਸਾਂ-ਸਹੁਰਿਆਂ ਨਾਲ਼ ਰਹਿਣਾ ਪਸੰਦ ਨਹੀਂ ਕਰਦੇ। ਇਹ ਆਪਣੀ ਅਜ਼ਾਦੀ ਚਾਹੁੰਦੇ ਹਨ। ਮੈਨੂੰ ਇਕੱਲਿਆਂ ਰਹਿਣਾ ਬਹੁਤ ਔਖਾ ਲਗਦਾ ਹੈ। ਸ਼ਹਿਰ ਵਿਚ ਰਹਿਣ ਕਰ ਕੇ ਮੇਰਾ ਕੋਈ ਦੋਸਤ ਵੀ ਨਹੀਂ। ਇਸ ਤਰ੍ਹਾਂ ਕੋਈ ਵੀ ਗੱਲਾਂ ਕਰਨ ਵਾਲ਼ਾ ਨਾ ਹੋਣ ਕਰ ਕੇ ਮੈਂ ਉਦਾਸੀ ਵਿਚ ਘਿਰਿਆ ਰਹਿੰਦਾ ਹਾਂ... ਕੀ ਮੈਂ ਹਰ ਹਫ਼ਤੇ ਥੋੜ੍ਹੇ ਘੰਟਿਆਂ ਲਈ ਤੁਹਾਡੇ ਨਾਲ਼ ਗੱਲਾਂ ਕਰਨ ਲਈ ਆ ਸਕਦਾ ਹਾਂ । ਪੈਸਿਆਂ ਦੀ ਕੋਈ ਗੱਲ ਨਹੀਂ ਮੈਂ ਤੁਹਾਨੂੰ ਮੂੰਹ ਮੰਗੀ ਫ਼ੀਸ ਦੇਣ ਨੂੰ ਤਿਆਰ ਹਾਂ।" ਮੈਂ ਉਸ ਦੀਆਂ ਗੱਲਾਂ ਚੁੱਪ-ਚਾਪ ਸੁਣਦੀ ਰਹੀ।

"ਤੁਸੀਂ ਜਦੋਂ ਚਾਹੋਂ ਮੈਨੂੰ ਫ਼ੋਨ ਕਰ ਕੇ ਆ ਸਕਦੇ ਹੋ। ਮੈਂ ਤੁਹਾਥੋਂ ਕੋਈ ਪੈਸੇ ਨਹੀਂ ਲਵਾਂਗੀ। ਜੇ ਤੁਹਾਨੂੰ ਮੇਰੇ ਨਾਲ਼ ਗੱਲਾਂ ਕਰ ਕੇ ਕੋਈ ਸਕੂਨ ਮਿਲ਼ਦਾ ਹੈ ਤਾਂ ਮੈਨੂੰ ਇਸ ਵਿਚ ਬਹੁਤ ਖ਼ੁਸ਼ੀ ਹੈ।" ਮੈਂ ਥੋੜ੍ਹੀ ਦੇਰ ਸੋਚ ਕੇ ਉਸ ਦੇ ਸਵਾਲ ਦਾ ਜਵਾਬ ਦਿੱਤਾ-

"ਬਹੁਤ ਧੰਨਵਾਦ। ਮੈਂ ਆਉਣ ਤੋਂ ਪਹਿਲਾਂ ਤੁਹਾਥੋਂ ਸਮਾਂ ਲੈ ਲਿਆ ਕਰਾਂਗਾ। ਪਰ ਮੈਂ ਤੁਹਾਨੂੰ ਤੁਹਾਡੀ ਫ਼ੀਸ ਦੇਣੀ ਚਾਹਾਂਗਾ। ਇਸ ਨਾਲ਼ ਮੈਨੂੰ ਖ਼ੁਸ਼ੀ ਮਹਿਸੂਸ ਹੋਵੇਗ।"

"ਨਹੀਂ ਜੀ, ਮੈਂ ਤੁਹਾਥੋਂ ਫ਼ੀਸ ਬਿਲਕੁਲ ਨਹੀਂ ਲਵਾਂਗੀ। ਜੇ ਤੁਸੀਂ ਚਾਹੋਗੇ ਕਿ ਮੈਂ ਤੁਹਾਡੀ ਕੋਈ ਸਰੀਰਕ ਲੋੜ ਪੂਰੀ ਕਰਾਂ, ਉਸ ਦੇ ਮੈਂ ਪੈਸੇ ਜ਼ਰੂਰ ਲਵਾਂਗੀ।"

"ਇਸ ਵੇਲੇ ਮੈਨੂੰ ਕਿਸੇ ਸਰੀਰਕ ਲੋੜ ਨੂੰ ਪੂਰਾ ਕਰਨ ਦੀ ਜ਼ਰੂਰਤ ਨਹੀਂ ਸਿਰਫ਼ ਮਾਨਸਿਕ ਸਕੂਨ ਦੀ ਲੋੜ ਹੈ। ਮੈਂ ਤਾਂ ਆਪਣੀ ਇਕੱਲਤਾ ਦਾ ਹੱਲ ਲੱਭਣਾ ਚਾਹੁੰਦਾ ਹਾਂ।"

"ਠੀਕ ਹੈ ਜੀ ਜਦੋਂ ਮਰਜ਼ੀ ਆਵੋ। ਇਸ ਦੇ ਮੈਂ ਕੋਈ ਪੈਸੇ ਨਹੀਂ ਲਵਾਂਗੀ।"

ਇਸ ਤਰ੍ਹਾਂ ਉਹ ਹਰ ਹਫ਼ਤੇ ਮੈਨੂੰ ਮਿਲ਼ਣ ਆਉਣ ਲੱਗਾ। ਹਰ ਵਾਰੀ ਉਹ ਘਰ ਵਿਚ ਵਰਤਣ ਵਾਲ਼ੀ ਕੋਈ ਨਾ ਕੋਈ ਚੀਜ਼ ਜ਼ਰੂਰ ਲੈ ਕੇ ਆਉਂਦਾ। ਅਸੀਂ ਇਕੱਠੇ ਬੈਠ ਕੇ ਤਿੰਨ-ਚਾਰ ਘੰਟੇ ਗੱਲਾਂ ਕਰਦੇ-ਕਰਦੇ ਦੋ-ਤਿੰਨ ਵਾਰੀ ਚਾਹ ਪੀਂਦੇ ਅਤੇ ਕਦੇ-ਕਦੇ ਖਾਣਾ ਵੀ ਖਾਂਦੇ। ਉਹ ਸ਼ਰਾਬ ਬਿਲਕੁਲ ਨਹੀਂ ਸੀ ਪੀਂਦਾ। ਭਾਵੇਂ ਸਾਡੀਆਂ ਉਮਰਾਂ ਵਿਚ 29 ਕੁ ਸਾਲਾਂ ਦਾ ਫ਼ਰਕ ਸੀ ਪਰ ਸਾਡੀ ਦੋਹਾਂ ਦੀ ਇਕ-ਦੂਜੇ ਪ੍ਰਤੀ ਖਿੱਚ ਵਧਦੀ ਗਈ ਦਿਲਾਵਰ ਸਿੰਘ ਦੀਆਂ ਗੱਲਾਂ ਤੋਂ, ਉਸ ਦੇ ਗੱਲਾਂ ਕਰਨ ਦੇ ਢੰਗ ਤੋਂ, ਅਤੇ ਗੱਲਾਂ ਕਰਦਿਆਂ ਮੇਰੇ ਵੱਲ ਵੇਖ ਕੇ ਮੁਸਕਰਾਉਣ ਤੋਂ ਮੈਨੂੰ ਸ਼ੱਕ ਪੈਂਦਾ ਸੀ ਕਿ ਉਸ ਦੇ ਦਿਲ ਵਿਚ ਮੇਰੇ ਲਈ ਇਕ ਖ਼ਾਸ ਥਾਂ ਬਣ ਗਈ ਸੀ। ਮੈਨੂੰ ਵੀ ਉਹ ਵਧੀਆ ਇਨਸਾਨ ਲਗਦਾ ਸੀ - ਬਹੁਤ ਹੀ ਮਾਸੂਮ ਅਤੇ ਪਿਆਰਾ ਬਹੁਤ ਹੀ ਮੋਹ-ਮੁਹੱਬਤ ਵਾਲ਼ਾ ਇਨਸਾਨ ਜੋ ਇਕੱਲਤਾ ਤੋਂ ਬਹੁਤ ਦੁਖੀ ਹੈ ਅਤੇ ਇਸ ਬਿਮਾਰੀ ਦਾ ਇਲਾਜ ਲੱਭਣਾ ਚਾਹੁੰਦਾ ਹੈ।

*****

ਇਸ ਤਰ੍ਹਾਂ ਦਿਲਾਵਰ ਸਿੰਘ ਹਰ ਹਫ਼ਤੇ ਇਕ ਵਾਰੀ ਜ਼ਰੂਰ ਮੈਨੂੰ ਮਿਲ਼ਣ ਆਉਂਦਾ। ਜਿੰਨੀ ਦੇਰ ਵੀ ਉਹ ਚਾਹੁੰਦਾ ਮੇਰੇ ਕੋਲ਼ ਬੈਠ ਕੇ ਗੱਲਾਂ ਕਰ ਸਕਦਾ ਸੀ। ਮੈਂ ਕਦੇ ਵੀ ਉਸ ਨੂੰ ਜਾਣ ਲਈ ਨਹੀਂ ਸੀ ਕਿਹਾ। ਮੈਨੂੰ ਉਸ ਨਾਲ਼ ਹਮਦਰਦੀ ਤਾਂ ਹੋਣੀ ਹੀ ਸੀ ਪਰ ਕੁਝ

ਮੋਹ-ਮੁਹੱਬਤ ਵੀ ਹੋ ਗਈ ਸੀ। ਇਹੋ ਜਿਹੇ ਵਧੀਆ ਇਨਸਾਨ ਨਾਲ਼ ਕੌਣ ਮੋਹ-ਮੁਹੱਬਤ ਨਹੀਂ ਕਰੇਗਾ। ਮੈਨੂੰ ਮਿਲ਼ਣ ਆਉਂਦਿਆਂ ਦਿਲਾਵਰ ਸਿੰਘ ਨੂੰ ਸਾਲ ਤੋਂ ਵੱਧ ਸਮਾਂ ਹੋ ਗਿਆ ਸੀ। ਮੈਂ ਕਈ ਵਾਰੀ ਉਸ ਨੂੰ ਉਸ ਦੀਆਂ ਸਰੀਰਕ ਲੋੜਾਂ ਬਾਰੇ ਪੁੱਛਿਆ ਪਰ ਉਸ ਨੇ ਹਰ ਵਾਰੀ ਗੱਲ ਨੂੰ ਗੋਲ਼-ਮੋਲ਼ ਕਰ ਕੇ ਛੱਡ ਦਿੱਤਾ।

"ਮੈਂ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਨਾਲ਼ ਮੇਰੇ ਘਰ ਰਹਿਣ ਲੱਗ ਪਓ।" ਇਕ ਵਾਰੀ ਆਇਆ ਤਾਂ ਉਹ ਮੈਨੂੰ ਕਹਿਣ ਲੱਗਾ।

ਮੈਂ ਹੈਰਾਨ ਅਤੇ ਸੁੰਨ ਹੋਈ ਬੈਠੀ ਕਿੰਨੀ ਹੀ ਦੇਰ ਉਸ ਦੇ ਮੂੰਹ ਵੱਲ ਟਿਕ-ਟਿਕੀ ਲਗਾ ਕੇ ਦੇਖਦੀ ਰਹੀ। ਉਹ ਮੈਥੋਂ ਜਵਾਬ ਦੀ ਉਡੀਕ ਕਰ ਰਿਹਾ ਸੀ। ਕੁਝ ਦੇਰ ਬਾਅਦ ਉਸ ਨੇ ਹੀ ਇਹ ਕਹਿ ਕੇ ਚੁੱਪ ਤੋੜੀ, "ਫਿਰ ਕੀ ਫ਼ੈਸਲਾ ਹੈ? ਮੇਰੇ ਨਾਲ਼ ਰਹਿਣਾ ਚਾਹੋਗੇ?"

"ਦੇਖੋ, ਤੁਹਾਨੂੰ ਮੇਰੇ ਧੰਦੇ ਦਾ ਪਤਾ ਹੀ ਹੈ। ਤੁਹਾਨੂੰ ਪਤਾ ਹੀ ਹੈ ਕਿ ਮੈਂ ਗੁਜ਼ਾਰੇ ਲਈ ਕਿਹੋ ਜਿਹਾ ਕੰਮ ਕਰਦੀ ਹਾਂ ਤੁਸੀਂ ਮੇਰੇ ਨਾਲ਼ ਕਿਉਂ ਰਹਿਣਾ ਚਾਹੋਗੇ? ਮੇਰੇ ਨਾਲ਼ ਰਹਿ ਕੇ ਤੁਸੀਂ ਬਦਨਾਮ ਹੋ ਜਾਵੋਂਗਾ। ਕੋਈ ਹੋਰ ਔਰਤ ਲੱਭ ਲਓ। ਮੈਂ ਇਹ ਨਹੀਂ ਕਰ ਸਕਦੀ।" ਮੈਂ ਕਾਫ਼ੀ ਦੇਰ ਸੋਚ-ਵਿਚਾਰ ਕੇ ਜਵਾਬ ਦਿੱਤਾ।

"ਨਹੀਂ, ਬਲਦੀਪ, ਤੂੰ ਮੈਨੂੰ ਚੰਗੀ ਲਗਦੀ ਏਂ। ਤੂੰ ਮੈਨੂੰ ਆਪਣੀ ਜ਼ਿੰਦਗੀ ਦੀ ਸਾਰੀ ਕਹਾਣੀ ਸੁਣਾਈ ਹੈ। ਮੈਨੂੰ ਤੇਰੇ ਨਾਲ਼ ਹਮਦਰਦੀ ਹੈ। ਤੈਨੂੰ ਇਸ ਕੰਮ ਵਿਚ ਇਕ ਮਰਦ ਨੇ ਲਾਇਆ ਸੀ। ਤੂੰ ਆਪਣੀ ਮਰਜ਼ੀ ਨਾਲ਼ ਇਸ ਕੰਮ ਵਿਚ ਨਹੀਂ ਪਈ। ਮੈਂ ਸਾਲ ਤੋਂ ਵੱਧ ਸਮੇਂ ਵਿਚ ਤੈਨੂੰ ਮਿਲ਼ ਕੇ ਦੇਖਿਆ ਹੈ ਕਿ ਤੂੰ ਇਕ ਵਧੀਆ ਔਰਤ ਹੈਂ। ਜੇ ਤੂੰ ਅਸਲੀ ਸ਼ਬਦਾਂ ਵਿਚ ਪੈਸੇ ਲਈ ਇਹ ਕੰਮ ਕਰਦੀ ਹੁੰਦੀ ਤਾਂ ਤੂੰ ਮੇਰੇ ਨਾਲ਼ ਹਰ ਹਫ਼ਤੇ ਇੰਨਾ ਸਮਾਂ ਮੁਫ਼ਤ ਨਾ ਗੁਜ਼ਾਰਦੀ।" ਹੁਣ ਦਿਲਾਵਰ ਸਿੰਘ ਮੈਨੂੰ 'ਤੁਸੀਂ' ਦੀ ਥਾਂ 'ਤੂੰ' ਕਹਿ ਕੇ ਸੰਬੋਧਨ ਕਰਨ ਲੱਗ ਪਿਆ ਸੀ।

"ਮੈਂ ਇਹ ਕਰਨਾ ਤਾਂ ਨਹੀਂ ਚਾਹੁੰਦੀ ਪਰ ਫਿਰ ਵੀ ਮੈਨੂੰ ਸੋਚ ਲੈਣ ਦਿਓ। ਇਹ ਫ਼ੈਸਲਾ ਕਰਨਾ ਮੇਰੇ ਲਈ ਇੰਨਾ ਸੌਖਾ ਨਹੀਂ । ਜੇ ਮੈਂ ਸਭ ਕੁਝ ਛੱਡ ਕੇ ਤੁਹਾਡੇ ਨਾਲ਼ ਰਹਿਣ ਲੱਗ ਪਈ ਪਰ ਆਪਣੀ ਨਾ ਬਣੀ ਤਾਂ ਮੈਂ ਕਿਤੇ ਜੋਗੀ ਵੀ ਨਹੀਂ ਰਹਿਣਾ।"

"ਠੀਕ ਹੈ ਸੋਚ ਲਵੋ। ਮੇਰੇ ਵੱਲੋਂ ਤੁਹਾਨੂੰ ਕਦੇ ਵੀ ਕੋਈ ਤੰਗੀ ਨਹੀਂ ਆਵੇਗੀ। ਤੁਸੀਂ ਮੇਰੇ ਘਰ ਦੀ ਮਾਲਕਣ ਹੋਵੋਗੇ। ਮੇਰਾ ਘਰ ਵਧੀਆ ਹੈ। ਜੇ ਤੁਸੀਂ ਮੇਰੇ ਨਾਲ਼ ਰਹਿਣ ਦਾ ਫ਼ੈਸਲਾ ਕਰ ਲਿਆ ਤਾਂ ਮੈਂ ਆਪਣੇ ਘਰ ਦੀ ਵਸੀਅਤ ਤੁਹਾਡੇ ਨਾਂ ਕਰ ਦਿਆਂਗਾ ਕਿ ਮੈਥੋਂ ਬਾਅਦ ਉਹ ਘਰ ਤੁਹਾਡਾ ਹੋਵੇਗਾ। ਬੈਂਕ ਵਿਚ ਜੋ ਪੈਸਾ ਹੈ ਉਸ ਵਿਚ ਵੀ ਤੁਹਾਡਾ ਨਾਂ ਪਾ ਦਿਆਂਗਾ।" ਇਹ ਕਹਿੰਦਿਆਂ ਦਿਲਾਵਰ ਸਿੰਘ ਦੀਆਂ ਅੱਖਾਂ ਵਿਚ ਅੱਥਰੂ ਆ ਗਏ ਸਨ। ਮੈਂ ਉਸ ਦੇ ਨੇੜੇ ਹੋ ਕੇ ਉਸ ਨੂੰ ਆਪਣੇ ਨਾਲ਼ ਲਾ ਕੇ ਆਪਣੀਆਂ ਬਾਹਾਂ ਵਿਚ ਘੁੱਟ ਲਿਆ। ਤਰਸ ਨਾਲ਼ ਮੇਰੀਆਂ ਅੱਖਾਂ ਵਿਚੋਂ ਵੀ ਅੱਥਰੂ ਵਹਿਣ ਲੱਗ ਪਏ।

ਕੁਝ ਦੇਰ ਅਸੀਂ ਇਸ ਤਰ੍ਹਾਂ ਹੀ ਚੁੱਪ-ਚਾਪ ਨਾਲ਼ ਲੱਗ ਕੇ ਬੈਠੇ ਰਹੇ। ਫਿਰ ਮੈਂ ਉੱਠ ਕੇ ਚਾਹ ਬਣਾਈ। ਦੋਹਾਂ ਨੇ ਚਾਹ ਪੀਤੀ ਅਤੇ ਨਾਲ਼ ਬਿਸਕੁਟ ਖਾਧੇ। ਉਸ ਤੋਂ ਛੇਤੀ ਬਾਅਦ ਦਿਲਾਵਰ ਸਿੰਘ ਇਹ ਕਹਿ ਕੇ ਚਲੇ ਗਿਆ ਕਿ ਜਦੋਂ ਵੀ ਮੈਂ ਕਹਾਂ ਉਹ ਅਗਲੀ ਵਾਰੀ

ਆ ਜਾਵੇਗਾ। ਵਧੀਆ ਹੋਵੇਗਾ ਜੇ ਮੈਂ ਉਦੋਂ ਤੱਕ ਉਸ ਨਾਲ਼ ਰਹਿਣ ਦਾ ਫ਼ੈਸਲਾ ਕਰ ਲਵਾਂ ਤੇ ਉਸ ਦਿਨ ਉਸ ਨਾਲ਼ ਉਸ ਦੇ ਘਰ ਚਲੇ ਜਾਵਾਂ। ਮੈਂ ਉਸ ਨੂੰ ਇਕ ਮਹੀਨੇ ਬਾਅਦ ਆਉਣ ਲਈ ਕਿਹਾ।

*****

ਮੈਂ ਬਹੁਤ ਦੁਚਿੱਤੀ ਵਿਚ ਫਸ ਗਈ ਸੀ। ਦਿਲਾਵਰ ਸਿੰਘ ਨੂੰ ਕੀ ਜਵਾਬ ਦੇਵਾਂ? ਇਕ ਪਾਸੇ ਮੈਂ ਉਸ ਨੂੰ ਪਸੰਦ ਕਰਦੀ ਸੀ। ਮੈਂ ਸੋਚਦੀ ਕਿ ਉਹ ਬਹੁਤ ਹੀ ਵਧੀਆ ਇਨਸਾਨ ਹੈ ਜੋ ਅਸਲੀਅਤ ਵਿਚ ਔਰਤ ਦੀ ਘਾਟ ਮਹਿਸੂਸ ਕਰ ਰਿਹਾ ਹੈ। ਮੈਨੂੰ ਯਕੀਨ ਸੀ ਕਿ ਉਹ ਮੈਨੂੰ ਬਹੁਤ ਪਿਆਰ ਅਤੇ ਸਤਿਕਾਰ ਨਾਲ਼ ਰੱਖੇਗਾ। ਮੇਰਾ ਆਪਣਾ ਸਾਥੀ ਹੋਵੇਗਾ ਮੈਨੂੰ ਪਿਆਰ ਕਰਨ ਵਾਲ਼ਾ। ਭਾਵੇਂ ਉਹ ਪਤੀ ਨਾ ਵੀ ਹੋਵੇ। ਮੇਰਾ ਆਪਣਾ ਮੋਹ-ਮੁਹੱਬਤ ਵਾਲ਼ਾ ਘਰ ਹੋਵੇਗਾ। ਇਹੋ ਤਾਂ ਮੈਂ ਸਾਰੀ ਜ਼ਿੰਦਗੀ ਚਾਹਿਆ ਹੈ ਮੈਨੂੰ ਚਾਹੁਣ ਵਾਲ਼ਾ ਆਦਮੀ ਹੋਵੇ ਜਿਸ ਨੂੰ ਮੈਂ ਆਪਣਾ ਕਹਿ ਸਕਾਂ ਅਤੇ ਇਹੋ ਜਿਹਾ ਘਰ ਹੋਵੇ ਜਿੱਥੇ ਹਰ ਵੇਲੇ ਪਿਆਰ ਦੀ ਮਹਿਕ ਆਵੇ। ਮੈਂ ਸੋਚਿਆ ਮੈਨੂੰ ਦਿਲਾਵਰ ਸਿੰਘ ਤੋਂ ਵਧੀਆ ਹੋਰ ਮਰਦ ਨਹੀਂ ਮਿਲ਼ੇਗਾ। ਨਾਲ਼ੇ ਜਿਉਂ-ਜਿਉਂ ਉਮਰ ਵਧਦੀ ਹੈ, ਇਹ ਕੰਮ ਜੋ ਮੈਂ ਹੁਣ ਕਰ ਰਹੀ ਹਾਂ ਇਹ ਵੀ ਚੱਲਦਾ ਨਹੀਂ ਰਹਿਣਾ। ਦੂਜੇ ਪਾਸੇ ਇਹ ਵੀ ਡਰ ਸੀ ਕਿ ਜੇ ਕੱਲ੍ਹ ਨੂੰ ਦਿਲਾਵਰ ਸਿੰਘ ਦੀ ਅਤੇ ਮੇਰੀ ਨਾ ਬਣੀ ਤਾਂ ਮੈਂ ਕਿਸੇ ਪਾਸੇ ਦੀ ਨਹੀਂ ਰਹਿਣਾ। ਇਸ ਜਕੋ-ਤੱਕੀ ਵਿਚ ਮੈਂ ਮਨਪ੍ਰੀਤ ਨੂੰ ਤਿੰਨ-ਚਾਰ ਦਿਨਾਂ ਵਿਚ ਕਈ ਵਾਰੀ ਫ਼ੋਨ ਕੀਤਾ ਅਤੇ ਉਸ ਤੋਂ ਇਸ ਮਾਮਲੇ ਬਾਰੇ ਸਲਾਹ ਲਈ।

"ਬਲਦੀਪ, ਮੈਂ ਸਮਝਦੀ ਹਾਂ ਕਿ ਤੇਰੇ ਲਈ ਇਹ ਫ਼ੈਸਲਾ ਕਰਨਾ ਬਹੁਤ ਔਖਾ ਹੈ। ਪਰ ਸੋਚ-ਵਿਚਾਰ ਲੈ ਜੋ ਤੂੰ ਹੁਣ ਕਰ ਰਹੀ ਐਂ, ਇਹ ਕੰਮ ਵੀ ਕਿੰਨੀ ਕੁ ਦੇਰ ਕਰਦੀ ਰਹੇਂਗੀ? ਹੋਰ 10-15 ਸਾਲਾਂ ਨੂੰ ਤੇਰੇ ਕੋਲ਼ ਕਿਸੇ ਨੇ ਨਹੀਂ ਆਉਣਾ। ਜੇ ਦਿਲਾਵਰ ਸਿੰਘ ਵਧੀਆ ਇਨਸਾਨ ਲਗਦਾ ਤਾਂ ਉਸ ਨਾਲ਼ ਰਹਿਣਾ ਸਵੀਕਾਰ ਕਰ ਲੈ। ਉਮਰ ਦੇ ਬਾਕੀ ਰਹਿੰਦੇ ਸਾਲ ਸੁੱਖ ਦੇ ਕੱਟ ਲਵੇਂਗੀ।"

ਮਨਪ੍ਰੀਤ ਦੀ ਸਲਾਹ ਦਿਲ ਨੂੰ ਲੱਗੀ ਪਰ ਫਿਰ ਵੀ ਮੇਰਾ ਮਨ ਦੁਚਿੱਤੀ ਵਿਚ ਫਸਿਆ ਨਿਕਲ਼ ਨਹੀਂ ਸੀ ਰਿਹਾ। ਕੁਝ ਵੀ ਨਹੀਂ ਸੀ ਸੁੱਝ ਰਿਹਾ ਕਿ ਕੀ ਕਰਾਂ। ਦਿਲ ਤੇ ਦਿਮਾਗ਼ ਸਾਥ ਨਹੀਂ ਸੀ ਦੇ ਰਹੇ।

ਮੈਂ ਦੋ ਦਿਨਾਂ ਬਾਅਦ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਚਲੇ ਗਈ। ਮੈਂ ਅੰਮ੍ਰਿਤਸਰ ਤਿੰਨ ਦਿਨ ਰਹੀ ਰੋਜ਼ ਸਾਰਾ-ਸਾਰਾ ਦਿਨ ਹਰਿਮੰਦਰ ਸਾਹਿਬ ਜਾ ਕੇ ਬੈਠੀ ਰਹਿੰਦੀ। ਜਪੁਜੀ ਸਾਹਿਬ ਦਾ ਪਾਠ ਤਾਂ ਮੈਨੂੰ ਜ਼ੁਬਾਨੀ ਆਉਂਦਾ ਸੀ। ਉੱਥੇ ਬੈਠੀ ਪਾਠ ਕਰਦੀ ਰਹਿੰਦੀ ਅਤੇ ਪ੍ਰਮਾਤਮਾ ਤੋਂ ਠੀਕ ਫ਼ੈਸਲਾ ਕਰਨ ਦੀ ਤਾਕਤ ਮੰਗਦੀ ਰਹਿੰਦੀ। ਮੈਂ ਤਿੰਨਾਂ ਦਿਨਾਂ ਬਾਅਦ ਘਰ ਆ ਗਈ ਸੀ। ਹੁਣ ਮੇਰਾ ਕਿਸੇ ਵੀ ਗਾਹਕ ਨੂੰ ਮਿਲ਼ਣ ਨੂੰ ਜੀਅ ਨਹੀਂ ਸੀ ਕਰਦਾ। ਮਨਪ੍ਰੀਤ ਅਤੇ ਜੁਗਲ ਤੋਂ ਬਿਨਾਂ ਮੈਂ ਕਿਸੇ ਦਾ ਵੀ ਫ਼ੋਨ ਨਾ ਲੈਂਦੀ। ਚਾਰ ਦਿਨ ਘਰ ਰਹਿ ਕੇ ਮੈਂ ਅਨੰਦਪੁਰ ਸਾਹਿਬ ਚਲੇ ਗਈ। ਉੱਥੇ ਵੀ ਮੈਂ ਤਿੰਨ ਦਿਨ ਰਹੀ ਸਾਰਾ-ਸਾਰਾ ਦਿਨ ਗੁਰਦਵਾਰਾ ਸਾਹਿਬ ਬੈਠੀ ਪਾਠ ਕਰਦੀ ਰਹਿੰਦੀ ਅਤੇ ਵਾਹਿਗੁਰੂ ਤੋਂ ਮੰਗ ਕਰਦੀ ਕਿ ਮੈਨੂੰ ਸਹੀ ਫ਼ੈਸਲਾ ਕਰਨ ਦੀ ਸਮਰੱਥਾ ਬਖ਼ਸ਼ੇ ਵਾਪਸ ਘਰ

ਆ ਕੇ ਮੈਂ ਮਨਪ੍ਰੀਤ ਨੂੰ ਫ਼ੋਨ ਕੀਤਾ ਅਤੇ ਕਿਹਾ ਕਿ ਮੇਰਾ ਹਜ਼ੂਰ ਸਾਹਿਬ ਦਰਸ਼ਨ ਕਰਨ ਜਾਣ ਨੂੰ ਦਿਲ ਕਰਦਾ ਹੈ। ਮੈਂ ਉਸ ਨੂੰ ਮੇਰੇ ਨਾਲ਼ ਜਾਣ ਲਈ ਕਿਹਾ। ਉਸ ਨੇ ਕਿਹਾ ਕਿ ਉਹ ਆਪਣੇ ਪਤੀ ਨਾਲ਼ ਸਲਾਹ ਕਰ ਕੇ ਮੈਨੂੰ ਦੱਸੇਗੀ। ਦੂਜੇ ਦਿਨ ਉਸ ਦਾ ਫ਼ੋਨ ਆ ਗਿਆ ਕਿ ਉਹ ਮੇਰੇ ਨਾਲ਼ ਚੱਲੇਗੀ। ਥੋੜ੍ਹੇ ਦਿਨਾਂ ਬਾਅਦ ਅਸੀਂ ਦੋਵੇਂ ਗੱਡੀ ਰਾਹੀਂ ਹਜ਼ੂਰ ਸਾਹਿਬ ਨੂੰ ਚਲੇ ਗਈਆਂ। ਅਸੀਂ ਪੰਜ ਦਿਨ ਹਜ਼ੂਰ ਸਾਹਿਬ ਰਹੀਆਂ ਗੁਰਦਵਾਰਿਆਂ ਦੇ ਦਰਸ਼ਨ ਕੀਤੇ। ਮੇਰੀ ਤਾਂ ਇਹੋ ਮੰਗ ਸੀ ਕਿ ਅਕਾਲਪੁਰਖ ਸਹੀ ਫ਼ੈਸਲਾ ਕਰਨ ਵਿਚ ਮੇਰੀ ਮਦਦ ਕਰੇ। ਮੈਂ ਅਤੇ ਮਨਪ੍ਰੀਤ ਨੇ ਮੇਰੀ ਇਸ ਦੁਚਿੱਤੀ ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ। ਇਸ ਦੇ ਸਾਰੇ ਪੱਖ ਵਿਚਾਰੇ। ਉੱਥੇ ਗੁਰਦਵਾਰਾ ਸਾਹਿਬ ਬੈਠਿਆਂ ਹੀ ਆਖ਼ਰੀ ਦਿਨ ਮੈਂ ਮਨ ਬਣਾ ਕੇ ਫ਼ੈਸਲਾ ਕਰ ਹੀ ਲਿਆ ਸੀ ਕਿ ਮੇਰੇ ਲਈ ਕੀ ਠੀਕ ਸੀ।

ਹਜ਼ੂਰ ਸਾਹਿਬ ਤੋਂ ਆ ਕੇ ਮੈਂ ਜੁਗਲ ਨੂੰ ਫ਼ੋਨ ਕੀਤਾ ਅਤੇ ਉਸ ਨੂੰ ਦਿਲਾਵਰ ਬਾਰੇ ਦੱਸਿਆ ਅਤੇ ਆਪਣਾ ਕੀਤਾ ਫ਼ੈਸਲਾ ਵੀ ਦੱਸ ਦਿੱਤਾ। ਜੁਗਲ ਮੇਰੇ ਫ਼ੈਸਲੇ ਤੇ ਖ਼ੁਸ਼ ਸੀ।

*****

ਮਹੀਨੇ ਕੁ ਬਾਅਦ ਦਿਲਾਵਰ ਸਿੰਘ ਦਾ ਫ਼ੋਨ ਆਇਆ ਉਸ ਨੇ ਆਉਣ ਬਾਰੇ ਪੁੱਛਿਆ। ਮੈਂ ਉਸ ਨੂੰ ਅਗਲੇ ਦਿਨ ਆਉਣ ਲਈ ਕਿਹਾ। ਜਿਸ ਦਿਨ ਉਸ ਨੇ ਆਉਣਾ ਸੀ, ਮੈਂ ਸਵੇਰੇ ਸਵਖਤੇ ਉੱਠ ਕੇ ਇਸ਼ਨਾਨ ਕੀਤਾ, ਅਤੇ ਜਪੁਜੀ ਸਾਹਿਬ ਅਤੇ ਸੁਖਮਨੀ ਸਾਹਿਬ ਦਾ ਪਾਠ ਕੀਤਾ। ਆਪਣੀਆਂ ਲੋੜ ਵਾਲ਼ੀਆਂ ਕੁਝ ਜ਼ਰੂਰੀ ਚੀਜ਼ਾਂ ਅਤੇ ਕੁਝ ਪਾਉਣ ਵਾਲ਼ੇ ਕੱਪੜੇ ਦੋ ਕੁ ਸੂਟਕੇਸਾਂ ਵਿਚ ਪਾ ਕੇ ਤਿਆਰ ਕਰ ਲਏ। ਜਿਹੜੇ ਸੋਹਣੇ ਕੱਪੜੇ ਅਤੇ ਹੋਰ ਸ਼ਿੰਗਾਰ ਦਾ ਸਮਾਨ ਮੈਂ ਗਾਹਕਾਂ ਨੂੰ ਮਿਲ਼ਣ ਵੇਲੇ ਪਾਉਂਦੀ ਸੀ, ਉਹ ਸਾਰੇ ਇਕ ਗਠੜੀ ਵਿਚ ਬੰਨ੍ਹ ਲਏ ਮੈਂ ਮਕਾਨ ਮਾਲਕ ਦੇ ਨਾਂ ਇਕ ਖ਼ਤ ਲਿਖ ਦਿੱਤਾ ਜੋ ਮੈਂ ਡਾਕ ਵਿਚ ਪਾ ਦੇਣਾ ਸੀ। ਮੈਂ ਖ਼ਤ ਵਿਚ ਲਿਖ ਦਿੱਤਾ ਸੀ ਕਿ ਮੈਂ ਘਰ ਛੱਡ ਕੇ ਚੱਲੀ ਹਾਂ ਅਤੇ ਘਰ ਦੀ ਚਾਬੀ ਅਤੇ ਦੋ ਮਹੀਨਿਆਂ ਦਾ ਕਿਰਾਇਆ ਇਕ ਲਿਫ਼ਾਫ਼ੇ ਵਿਚ ਪਾ ਕੇ ਫਲੈਟ ਦੇ ਅੰਦਰ ਟੇਬਲ 'ਤੇ ਰੱਖ ਦਿੱਤੇ ਹਨ।

ਸ਼ਾਮ ਦੇ ਚਾਰ ਕੁ ਵਜੇ ਦਿਲਾਵਰ ਸਿੰਘ ਆ ਗਿਆ ਸੀ। ਅਸੀਂ ਘਰ ਬੈਠੇ ਕਈ ਘੰਟੇ ਗੱਲਾਂ ਕਰਦੇ ਰਹੇ। ਅਸੀਂ ਦੋ ਵਾਰੀ ਚਾਹ ਵੀ ਬਣਾ ਕੇ ਪੀਤੀ ਅਤੇ ਰਾਤ ਦਾ ਖਾਣਾ ਵੀ ਖਾਧਾ। ਅਸੀਂ ਹਨੇਰਾ ਹੋਣ ਦੀ ਉਡੀਕ ਕਰ ਰਹੇ ਸੀ ਤਾਂ ਜੋ ਬਜ਼ਾਰ ਵਿਚਲੀਆਂ ਦੁਕਾਨਾਂ ਬੰਦ ਹੋ ਜਾਣ ਅਤੇ ਲੋਕਾਂ ਦੀ ਆਵਾਜਾਈ ਘਟ ਜਾਵੇ। ਦਿਲਾਵਰ ਸਿੰਘ ਜਿਸ ਕਾਰ ਵਿਚ ਆਇਆ ਸੀ, ਉਸ ਨੇ ਉਸੇ ਨੂੰ ਫ਼ੋਨ ਕਰ ਕੇ ਰਾਤ ਦੇ ਨੌਂ ਵਜੇ ਆਉਣ ਲਈ ਆਖ ਦਿੱਤਾ ਸੀ।

ਰਾਤ ਦੇ ਨੌਂ ਵਜੇ ਮੈਂ ਦਿਲਾਵਰ ਸਿੰਘ ਨੂੰ ਕਿਹਾ ਕਿ ਮੈਂ ਉਸ ਨਾਲ਼ ਜਾਣ ਲਈ ਤਿਆਰ ਹਾਂ। ਮੈਂ ਗਠੜੀ ਨੂੰ ਆਪਣੀਆਂ ਬਾਹਾਂ ਵਿਚ ਲੈ ਕੇ ਕਿਹਾ, "ਤੂੰ ਮੇਰੇ ਬੀਤੇ ਦੀ ਕਹਾਣੀ ਏਂ। ਮੈਂ ਕਿਤੇ ਦੂਰ ਜਾ ਕੇ ਕੋਈ ਟੋਆ ਪੁੱਟ ਕੇ ਤੈਨੂੰ ਉਸ ਵਿਚ ਦੱਬਾਂਗੀ ਤਾਂ ਜੋ ਤੂੰ ਵਾਪਸ ਨਾ ਆਵੇਂ।" ਦਿਲਾਵਰ ਨੇ ਮੇਰੇ ਦੋਵੇਂ ਸੂਟਕੇਸ ਚੁੱਕ ਲਏ। ਮੈਂ ਚੁਬਾਰੇ ਨੂੰ ਸਾਰੇ ਪਾਸਿਆਂ ਤੋਂ ਦੇਖਿਆ, ਅਲਵਿਦਾ ਕਹੀ ਅਤੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਵਾਲ਼ੇ ਘਰ ਜਾਣ ਲਈ ਦਿਲਾਵਰ ਸਿੰਘ ਨਾਲ਼ ਤੁਰ ਪਈ। (**ਸੰਪਰਕ** : +1 (860) 983-5002)

ਕਹਾਣੀ

# ਮੌਮ, ਮੇਰਾ ਯਕੀਨ ਕਰੋ. . .



**ਰਘਬੀਰ ਸਿੰਘ ਮਾਨ**

ਉਹਨਾਂ ਬਰਮਿੰਘਮ ਏਅਰ ਪੋਰਟ ਤੋਂ ਟੈਕਸੀ ਲਈ ਤੇ ਸਮੈਥਿਕ ਟਾਊਨ ਆਪਣੇ ਘਰ ਪਹੁੰਚੇ। ਕੁਝ ਚਿਰ ਆਰਾਮ ਕੀਤਾ। ਨਿੱਘੇ ਪਾਣੀ ਨਾਲ ਨਹਾਅ ਕੇ ਸਫ਼ਰ ਦਾ ਥਕੇਮਾਂ ਲਾਹਿਆ। ਬੰਤ ਆਪਣੇ ਘਰੋਂ ਖਾਣਾ ਬਣਾਅ ਕੇ ਦੇ ਗਿਆ ਸੀ। ਉਹਨਾਂ ਖਾਧਾ ਤੇ ਆਰਾਮ ਕਰਨ ਲਈ ਆਪੋ-ਆਪਣੇ ਅੱਪ-ਸਟੇਅਰ ਬੈੱਡ ਰੂਮ ਵਿਚ ਚਲੇ ਗਏ।

***

"ਇੰਡੀਆ ਤੋਂ ਗਰੋਸਰੀ ਲਿਆਈਂ ਏਂ?" ਦੂਜੇ ਦਿਨ ਜਿੰਦਰੋ ਨੂੰ ਅਟੈਚੀ ਵਿਚੋਂ ਗਰੋਸਰੀ ਕੱਢਦੀ ਨੂੰ ਦੇਖ ਕੇ ਜਗੀਰ ਨੇ ਪੁੱਛਿਆ।

"ਹਾਂ ਜੀ, ਇਥੇ ਨਾਲੋਂ ਸਸਤੀ ਲੱਗੀ, ਤਾਂ ਲਿਆਈਂ ਆਂ। ਮੈਂ ਖਿਆ, ਚਾਰ ਪੈਸੇ ਈ ਬਚਣਗੇ ।" ਜਿੰਦਰੋ ਆਪਣੇ ਧਿਆਨ ਬੋਲੀ।

"ਏਦ੍ਹੇ ਨਾਲ ਕਿੰਨਾ ਕੁ ਟੈਮ ਨੰਘੂ?" ਜਗੀਰ ਰੁੱਖਾ ਜਿਹਾ ਬੋਲਿਆ।

"ਮ੍ਹੀਨਾ ਦੋ ਮ੍ਹੀਨੇ ਤਾਂ ਨੰਘਣਗੇ ਈ। ਚਾਰ ਪੈਸੇ ਬਚਾਏ ਈ ਆ। ਮਾੜਾ ਕੀਤਾ. . .?" ਜਿੰਦਰੋ ਤਲਖ਼ ਹੋਈ।

"ਮੌਮ, ਤੁਸੀਂ ਪੈਨੀ-ਪੈਨੀ ਸੇਵ ਕਰੀ ਜਾਓ। ਇੰਡੀਆ ਆਲ਼ੇ ਪਾਣੀ ਵਾਂਗ ਮਨੀ ਵਰਤਦੇ ਆਂ। ਉਥੇ ਐਤਕਾਂ ਤੁਸੀਂ ਦੇਖਿਆ ਨ੍ਹੀਂ . . .? ਰੱਜ ਕੇ ਐਸ਼ਾਂ ਕਰਦੇ ਆ।" ਜੱਗੀ ਗੁੱਸੇ 'ਚ ਬੋਲਿਆ ਤਾਂ ਜਗੀਰ ਨੇ ਤ੍ਰਬਕ ਕੇ ਉਸ ਵੱਲ ਦੇਖਿਆ।

"ਪੁੱਤ, ਇੰਡੀਆ ਦੀ ਹੋਰ ਗੱਲ ਐ।" ਜਿੰਦਰੋ ਤੋਂ ਪਹਿਲਾਂ ਹੀ, ਜਗੀਰ ਠਰ੍ਹੰਮੇ ਨਾਲ ਬੋਲਿਆ।

"ਹਰਵੰਤ ਚਾਚੀ ਤਾਂ ਕੋਈ ਜੌਬ ਵਨੀਂ ਕਰਦੀ। ਫੇਅ ਵੀ ਘਰ 'ਚ ਦੋ ਕੰਮ ਆਲ਼ੀਆਂ ਰੱਖੀਆਂ ਹੋਈਆਂ ਆਂ। ਦੋ ਨੌਕਰ ਚਾਚੇ ਨੇ ਖੂਹ 'ਤੇ ਰੱਖੇ ਹੋਏ ਆ। ਆਪ ਸਾਰੇ ਵਿਹਲੇ ਫਿਰਦੇ ਆ। ਅਸੀਂ ਇਥੇ ਟੁੱਟ-ਟੁੱਟ ਮਰਦੇ ਆਂ। ਨਾਈਟ ਸ਼ਿਫਟਾਂ ਕਰਦੇ ਆਂ।" ਖਿੱਝੇ ਜਿਹੇ ਜੱਗੀ ਨੇ ਲਿਵਿੰਗ ਰੂਮ ਵਿਚ ਪਏ ਆਪਣੇ ਅਟੈਚੀ ਨੂੰ ਹੱਥ ਪਾਇਆ, ਚੁੱਕਿਆ ਤੇ ਆਪਣੇ ਬੈੱਡ ਰੂਮ ਵਿਚ ਜਾਣ ਲਈ ਪੌੜੀਆਂ ਚੜ੍ਹਨ ਲੱਗਾ।

"ਸ਼ੇਰਾ 'ਕੱਲਾ ਐ। ਕਿਧਰ-ਕਿਧਰ ਹੋਵੇ। ਉਪਰਲੇ ਪੰਜਾਹ ਕੰਮ ਹੁੰਦੇ ਆ ਕਰਨ ਆਲ਼ੇ। ਕੌਣ ਕਰੇ? ਵਿੱਕੀ ਤਾਂ ਹਾਲੇ ਪੜ੍ਹਦਾ ਐ। ਪੜ੍ਹਾਈ ਪੂਰੀ ਹੋ ਗਈ ਤਾਂ ਖੇਤੀ ਉਹਨੇ ਈ ਸੰਭਾਲਣੀ ਆਂ।" ਜਗੀਰ, ਪੌੜੀਆਂ ਚੜ੍ਹਦੇ ਜੱਗੀ ਵੱਲ ਦੇਖ ਤੜ ਜਿਹੀ ਨਾਲ ਬੋਲਿਆ।

"ਮਾਂ-ਧੀ ਦੀ ਟੌਹਰ ਦੇਖੀ ਆ? ਕਿੱਦਾਂ ਬਣ-ਠਣ ਕੇ ਰਹਿੰਦੀਆਂ।" ਜਿੰਦਰੋ ਨੇ ਹੱਥਲਾ ਕੰਮ ਰੋਕ ਜਗੀਰ ਵੱਲ ਤਿਖਾ ਦੇਖਿਆ, "ਸਾਰਾ ਦਿਨ ਪੌਣੀਆਂ ਬਣੀਆਂ

ਰਹਿੰਦੀਆਂ। ਸੌਂਹ ਐਂ, ਜੇ ਡੱਕਾ ਭੰਨ ਕੇ ਦੋਹਰਾ ਕਰ ਦੇਣ। ਸਾਨੂੰ ਇਥੇ ਨਿੱਕੇ-ਮੋਟੇ ਸਾਰੇ ਕੰਮ ਆਪ ਈ ਕਰਨੇ ਪੈਂਦੇ ਆ। ਭਾਂਵੇਂ ਥੱਕੇ ਹੋਈਏ ਭਾਂਵੇਂ ਨਾ...।"



"ਤੁਸੀਂ ਐਮੇਂ ਕਿਉਂ ਉਹਨਾਂ ਦੀ ਬੁਰਾਈ ਕਰੀ ਜਾਂਨੇ ਓਂ। ਸ਼ੁਕਰ ਕਰੋ, ਥੁਆਡਾ ਪਿੱਛਾ ਸਾਂਭ ਕੇ ਬੈਠੇ ਆ। ਜਦੋਂ ਜਾਨੇ ਤਾਂ ਘਰ ਖੁੱਲ੍ਹਾ ਮਿਲਦਾ। ਕੁਸ਼ ਕਰਨਾ ਕਤਰਨਾ ਨ੍ਹੀਂ ਪੈਂਦਾ। ਜੇ ਘਰ ਬੰਦ ਹੋਵੇ, ਤਾਂ ਪਤਾ ਲੱਗੂ, ਜਦੋਂ ਜਾ ਕੇ ਘਰ ਵਿਚੋਂ ਧੂੜ-ਮਿੱਟੀ ਸਾਫ਼ ਕਰਨੀ ਪਵੇ।"

ਜੱਗੀ ਮੁੜ ਉਹਨਾਂ ਕੋਲ਼ ਆ ਬੈਠਾ। ਉਸ ਨੇ ਤਲਖ਼ੀ ਵਿਚ ਵਿੱਕੀ ਬਾਰੇ ਸਾਰਾ ਚਿੱਠਾ ਫਰੋਲਿਆ। ਬੁਲਟ ਮੋਟਰ ਸਾਈਕਲ। ਰੋਜ਼ ਕਾਲਜ ਕੰਟੀਨ ਦਾ ਵੱਡਾ ਖਰਚ। ਅੱਧੀ-ਅੱਧੀ ਰਾਤ ਤੱਕ ਦੋਸਤਾਂ ਨਾਲ ਅਵਾਰਾਗਰਦੀ। ਫਗਵਾੜੇ ਦੇ ਕਬਾਨਾ ਹੋਟਲ ਵਿਚ ਜਨਮ ਦਿਨ ਦੀਆਂ ਪਾਰਟੀਆਂ। ਦੂਏ-ਤੀਏ ਦਿਨ ਜਲੰਧਰ ਹਵੇਲੀ 'ਚ ਖਾਣਾ ਖਾਣ ਜਾਣਾ। ਹਮ-ਜਮਾਤੀ ਕੁੜੀ ਨਾਲ ਲੱਵ-ਅਫੇਅਰਜ਼। ਖੂਹ 'ਤੇ ਮੋਟਰ ਸਾਈਕਲ ਤੋਂ ਬਿਨਾਂ ਨਾ ਜਾਣਾ।

ਸੁਣ ਕੇ, ਸੋਫ਼ੇ ਨਾਲ ਢੋਅ ਲਾਈ ਬੈਠਾ ਜਗੀਰ, ਮਿੱਟੀ ਹੋ ਗਿਆ।

"ਡੈਡ, ਸੱਚੀ ਗੱਲ ਦੱਸਾਂ। ਮਨੀ ਤਾਂ ਫਾਰਮੈਲਟੀ ਲਈ ਕੌਲਜ ਜਾਂਦੀ ਐ।" ਨੇੜੇ ਬੈਠੀ ਰਿਤੂ ਦੇ ਚਿਹਰੇ ਦੇ ਰੰਗ ਬਦਲੇ, ਉਹ, ਸ਼ੇਰੇ ਦੀ ਲੜਕੀ ਮਨਕੀਰਤ ਬਾਰੇ ਦੱਸਣ ਲੱਗੀ, "ਨਾ ਘਰ ਸਟੱਡੀ ਕਰਦੀ ਐ, ਨਾ ਕੋਈ ਕਿਚਨ ਦਾ ਵਰਕ...। ਸਾਰਾ ਦਿਨ ਵਿਹਲੀ। ਮੈਂ ਤਾਂ ਉਹਦੇ ਸਿਰਫ ਦੋ ਕੰਮ ਈ ਦੇਖੇ ਆ, ਮੋਬਾਇਲ ਦੇਖਣਾ ਜਾਂ ਸੌਣਾ। ਉਪਰੋਂ ਨਖਰੇ ਜਿਹੇ ਨਾਲ ਕਹਿੰਦੀ ਆ 'ਮੈਂ ਤਾਂ ਕਨੇਡਾ 'ਚ ਮੈਰਿਜ਼ ਕਰੌਣਾ।' ਡੈਡ, ਕਿਵੇਂ ਚਲਦਾ ਇਹ ਸਭ ਕੁਝ...? ਲਾਈਫ਼ ਨੂੰ ਤਾਂ ਉਥੇ ਕੋਈ ਸੀਰੀਅਸਲੀ ਲੈਂਦਾ ਈ ਨ੍ਹੀਂ। ਹਰ ਚੀਜ਼ ਨੂੰ ਖੇਡ ਸਮਝਦੇ ਆ। ਸੋ ਸਰਪ੍ਰਾਈਜ਼...।"

"ਡੈਡ, ਤੁਸੀਂ ਯਕੀਨ ਤਾਂ ਕਰਨਾ ਨ੍ਹੀਂ, ਪਰ ਸੱਚੀਆਂ ਸੁਣ ਲਓ...। ਥੁਆਨੂੰ ਸ਼ੈਦ ਪਤਾ ਨ੍ਹੀਂ ਹੁਣਾ। ਵਿੱਕੀ ਕੈਨੇਡਾ ਜਾਣ ਦਾ ਪਲੈਨ ਬਣਾ ਰਿਹਾ।" ਜੱਗੀ ਤੈਸ਼ ਵਿਚ ਬੋਲਿਆ,"ਜਿਸ ਕੁੜੀ ਨਾਲ ਉਹਦੇ ਅਫੇਅਰਜ਼ ਚੱਲਦੇ ਆ, ਉਹੀ ਕੁੜੀ ਆਈਲਸ ਕਰੂਗੀ। ਉਹਦਾ ਏ ਟੂ ਜ਼ੈਡ ਖਰਚਾ ਵਿੱਕੀ ਨੇ ਕਰਨਾ। ਜਦ ਮੈਂ ਪੈਸਿਆਂ ਬਾਰੇ ਪੁੱਛਿਆ ਤਾਂ ਕਹਿੰਦਾ ਸੀ ਸਾਰਾ ਖਰਚਾ ਤਾਇਆ ਜੀ ਨੇ ਕਰਨਾ ਆਂ। ਡੈਡ, ਏਦਾਂ ਈਂ ਆਂ...?"

ਜੱਗੀ ਸਵਾਲੀਆ ਜਿਹਾ ਜਗੀਰ ਵੱਲ ਗਹਿਰਾ ਝਾਕਿਆ।

ਜਗੀਰ ਇਕਾਗਰਤਾ ਨਾਲ ਸੁਣਦਾ ਹੱਕਾ-ਬੱਕਾ ਜਿਹਾ ਰਹਿ ਗਿਆ। ਤਿੰਨਾਂ ਦੀਆਂ ਗੱਲਾਂ ਸੁਣ ਉਹ ਕੱਚਾ ਜਿਹਾ ਹੋ ਗਿਆ। ਕੁਝ ਨਾ ਬੋਲਿਆ।

****

ਸ਼ੇਰੇ ਅਤੇ ਉਸ ਦੇ ਪਰਿਵਾਰ ਪ੍ਰਤੀ, ਜਿੰਦਰੋ, ਜੱਗੀ ਤੇ ਰਿਤੂ ਦੀਆਂ ਗੱਲਾਂ ਵਿਚ ਜਾਲ਼ ਵਾਂਗ ਤਣੀ ਨਫ਼ਰਤ ਨੇ ਜਗੀਰ ਦੀਆਂ ਅੱਖਾਂ 'ਚੋਂ ਨੀਂਦ ਉੜਾਅ ਦਿਤੀ । ਰਾਤ ਨੂੰ ਉਹ, ਬੈੱਡ ਦੀ ਢੋਅ ਨਾਲ ਪਿੱਠ ਲਾ, ਦੀਵਾਰ ਨਾਲ ਟੰਗੀ ਆਪਣੇ ਭਾਈਏ ਹਰਨਾਮ ਸਿੰਘ ਦੀ ਫੋਟੋ ਵੱਲ ਟੇਰ ਲਾ ਕੇ ਦੇਖਦਾ ਰਿਹਾ। ਉਹਦੇ ਜ਼ਿਹਨ ਵਿਚ ਸੋਚਾਂ ਗੁੱਥਮ-ਗੁੱਥਾ ਸਨ। ਪਰ ਜਿੰਦਰੋ ਬੈੱਡ ਦੇ ਦੂਸਰੇ ਕਿਨਾਰੇ ਨਾਲ ਲੱਗੀ ਘੁਰਾੜੇ ਮਾਰ ਰਹੀ ਸੀ। ਜਗੀਰ ਦੇ ਅੰਗ-ਅੰਗ 'ਚ ਜਿਵੇਂ ਚੀਸਾਂ ਪੈਂਦੀਆਂ ਹੋਣ। ਪੀੜਿਤ ਜਿਹਾ ਹੌਕਾ ਲੈ, ਉਹ ਬਹੁਤ ਪਿੱਛੇ ਚਲੇ ਗਿਆ।

ਵਿਆਹ ਤੋਂ ਛੇ ਮਹੀਨੇ ਬਾਅਦ ਈ ਉਹ ਵਲੈਤ ਆ ਗਿਆ ਸੀ। ਵਲੈਤ ਆਉਣ ਸਮੇਂ ਉਹਨਾਂ ਕੁਝ ਜ਼ਮੀਨ ਗਹਿਣੇ ਕੀਤੀ ਸੀ।

ਹਰਨਾਮ ਸਿੰਘ ਦੀ ਜ਼ਮੀਨ ਦੇ ਨਾਲ, ਬੀਰਬਲ ਦੀ ਜ਼ਮੀਨ ਲਗਦੀ ਸੀ। ਹਰਨਾਮ ਸਿੰਘ ਉਹਦੀ ਜ਼ਮੀਨ ਠੇਕੇ 'ਤੇ ਵਾਹੁੰਦਾ ਸੀ। ਬੀਰਬਲ ਦਾ ਕੋਈ ਪੁੱਤਰ ਨਹੀਂ ਸੀ। ਇਕਲੌਤੀ ਧੀ ਤਾਰੋ ਸੀ। ਜੋ ਸ਼ਾਹਕੋਟ ਵਿਆਹੀ ਹੋਈ ਸੀ। ਹਰਨਾਮ ਸਿੰਘ ਨੂੰ ਪਤਾ ਸੀ ਕਿ ਆਖ਼ਰ ਨੂੰ ਤਾਰੋ ਨੇ ਜ਼ਮੀਨ ਵੇਚਣੀ ਹੀ ਹੈ। ਸ਼ਾਹਕੋਟ ਤੋਂ ਜੱਸੋ ਮਜਾਰੇ ਆ ਕੇ ਖੇਤੀ ਕਰਨੀ ਸੌਖੀ ਨਹੀਂ ਸੀ।

ਹਰਨਾਮ ਸਿੰਘ ਦੀ ਬਾਜ਼ ਅੱਖ ਤਾਰੋ ਦੀ ਜ਼ਮੀਨ 'ਤੇ ਸੀ।

ਬੀਰਬਲ ਦਾ ਅਕਾਲ ਚਲਾਣਾ ਹੋਇਆ। ਉਸ ਤੋਂ ਬਾਅਦ, ਹਰਨਾਮ ਸਿੰਘ, ਦੁੱਖਦੇ-ਸੁੱਖਦੇ ਅਤੇ ਦਿਨ-ਤਿਹਾਰ ਨੂੰ ਤਾਰੋ ਦੇ ਘਰ ਇਕ ਬਾਪ ਵਾਂਗ ਢੁੱਕਦਾ ਰਿਹਾ। ਅਪਣੱਤ ਜਤਾਉਂਦਾ ਰਿਹਾ, ਤਾਂਕਿ ਤਾਰੋ ਨਾਲ ਨੇੜਤਾ ਬਣੀ ਰਹੇ। ਉਹਨੇ ਤਾਰੋ ਨੂੰ ਤਗੀਦ ਕੀਤੀ ਸੀ ਕਿ ਜ਼ਮੀਨ ਵੇਚਣੀ ਹਉੂ ਤਾਂ ਉਹਨਾਂ ਨੂੰ ਦੱਸ ਕੇ ਵੇਚੇ। ਤਾਰੋ ਨੇ ਹਰਨਾਮ ਸਿੰਘ ਦੀ ਅਪਣੱਤ ਦੇਖ ਹਾਮੀ ਭਰੀ ਸੀ।

ਤਾਰੋ ਨੇ ਆਪਣੇ ਮੁੰਡੇ ਹਰਦੀਪ ਨੂੰ ਅਮਰੀਕਾ ਭੇਜਣ ਲਈ ਏਜੰਟ ਨਾਲ ਗੱਲ ਕੀਤੀ। ਏਜੰਟ ਨੇ ਮੋਟੀ ਸਾਰੀ ਰਕਮ ਮੰਗ ਲਈ। ਤਾਰੋ ਨੇ ਅੰਦਰ-ਖਾਤੇ ਆਪਣੇ ਘਰ ਬੈਠ ਕੇ ਹਰਨਾਮ ਸਿੰਘ ਨਾਲ ਜ਼ਮੀਨ ਦਾ ਸੌਦਾ ਕਰ ਲਿਆ ਅਤੇ ਹਰਦੀਪ ਨੂੰ ਅਮਰੀਕਾ ਭੇਜ ਦਿੱਤਾ।

ਤਾਰੋ ਦੀ ਜ਼ਮੀਨ ਖਰੀਦਣ ਅਤੇ ਖੇਤੀ ਦੀ ਸਾਰੀ ਮਸ਼ੀਨਰੀ ਲੈਣ ਲਈ ਜਗੀਰ ਨੇ ਵਲੈਤ ਵਿਚੋਂ ਵਿੱਤੋਂ ਵੱਧ ਪੈਸੇ ਭੇਜੇ ਸਨ। ਕੁਝ ਪੈਸੇ ਸ਼ੇਰੇ ਅਤੇ ਹਰਨਾਮ ਸਿੰਘ ਨੇ ਖੇਤੀ ਦੀ ਕਮਾਈ ਵਿਚੋਂ ਜੋੜ ਕੇ ਰੱਖੇ ਹੋਏ ਸਨ। ਉਹ ਵੀ ਵਰਤੇ ਗਏ। ਪਰ ਕੋਈ ਕਰਜ਼ਾ ਨਹੀਂ ਸੀ ਚੁੱਕਿਆ। ਲੋਕਾਂ ਨੂੰ ਪਤਾ ਲੱਗਾ ਤਾਂ ਉਹ ਹੈਰਾਨ ਹੋਏ। ਅੱਜ ਉਹਨਾਂ ਕੋਲ ਕੁਲ ਮਿਲਾ ਕੇ ਪੰਦਰਾਂ ਖੇਤ ਸਨ। ਉਨ੍ਹਾਂ ਦਾ ਪਰਿਵਾਰ ਪਿੰਡ ਦੇ ਵੱਡੇ ਜ਼ਿੰਮੀਦਾਰਾਂ ਵਿਚ ਸ਼ੁਮਾਰ ਸੀ। ਜਗੀਰ, ਆਪਣੀ ਸਾਂਝੀ ਬਣੀ ਜਾਇਦਾਦ 'ਤੇ ਮਣ-ਮਣ ਮਾਣ ਕਰਦਾ ਤੇ ਹੁੱਬ-ਹੁੱਬ

ਬਹਿੰਦਾ ਸੀ।

"ਸ਼ੇਰੇ, ਤੂੰ ਪਿੱਛਾ ਸਾਂਭ। ਕਦੇ ਘਾਬਰੀ ਨਾ। ਮੈਂ ਖੇਤੀ ਦੀ ਕਮਾਈ ਵਿਚੋਂ ਕੁਸ਼ ਨ੍ਹੀਂ ਮੰਗਦਾ। ਦੁੱਖ-ਸੁੱਖ ਵੇਲੇ ਤੇਰੇ ਨਾਲ ਖੜੂੰਗਾ। ਤੂੰ ਮੇਰੇ ਜੱਗੀ ਵਰਗਾ ਆਂ। ਕਦੀ ਜ਼ਮੀਨ ਤੇ ਘਰ ਵੰਡਣ ਦੀ ਗੱਲ ਨਾ ਕਰੀਂ। ਪਰ ਜਦੋਂ ਅਸੀਂ ਇੰਡੀਆਂ ਆਏ ਤਾਂ ਮੱਥੇ ਵੱਟ ਨਾ ਪਾਈਂ। ਹੱਸ ਕੇ ਮਿਲੀਂ। ਭਾਈਆ ਕਹਿੰਦਾ ਸੀ ਢੇਰੀ ਨਾ ਵੰਡਿਓ। ਤਾਂ ਹੀ ਪਿੰਡ 'ਚ ਆਪਣੀ ਭੱਲ ਬਣੀ ਰਹੂਗੀ।" ਹਰਨਾਮ ਸਿੰਘ ਦੇ ਭੋਗ ਤੋਂ ਬਾਅਦ ਜਗੀਰ ਨੇ ਵਲੈਤ ਨੂੰ ਤੁਰਨ ਲੱਗੇ ਨੇ ਸ਼ੇਰੇ ਨੂੰ ਕਲ਼ਾਵੇ ਵਿਚ ਲੈ ਕੇ ਕਿਹਾ ਸੀ। ਸ਼ੇਰੇ ਦੇ ਹੰਝੂ ਡੁੱਲ੍ਹੇ, ਜਗੀਰ ਨੇ ਆਪਣੇ ਰੁਮਾਲ ਨਾਲ ਉਸ ਦੀਆਂ ਅੱਖਾਂ ਸਾਫ਼ ਕੀਤੀਆ ਤੇ ਭਰਿਆ ਕਲ਼ਾਵਾ ਹੋਰ ਕੱਸ ਲਿਆ ਸੀ।

ਸ਼ੇਰਾ, ਜਗੀਰ ਦੇ ਸਾਹ ਨਾਲ ਸਾਹ ਭਰਦਾ ਸੀ। ਭਰਾ ਦਾ ਕਿਹਾ ਉਸ ਅੱਜ ਤੱਕ ਨਹੀਂ ਸੀ ਮੋੜਿਆ। ਜਗੀਰ ਭਾਵੇਂ ਉਹਨੂੰ ਛਾਂਵੇਂ ਬਿਠਾਲ ਦੇਵੇ ਜਾਂ ਧੁੱਪੇ। ਸ਼ੇਰੇ ਹੁੱਤ ਨਹੀਂ ਸੀ ਕੀਤੀ। ਇਕਰਾਰ ਅਨੁਸਾਰ ਜਗੀਰ ਨੇ ਅੱਜ ਤੱਕ ਕਦੀ ਉਸ ਤੋਂ ਖੇਤੀ ਦਾ ਹਿਸਾਬ ਨਹੀਂ ਸੀ ਮੰਗਿਆ।

ਬੈੱਡ ਦੇ ਦੂਸਰੇ ਕਿਨਾਰੇ ਨਾਲ ਲੱਗੀ ਜਿੰਦਰੋ ਦੇ ਘੁਰਾੜੇ ਬੰਦ ਹੋਏ। ਉਸ ਪਾਸਾ ਪਰਤਿਆ।

"ਸੁੱਤੇ ਨ੍ਹੀਂ ਅਜੇ...?" ਢੋਅ ਲਾ ਕੇ ਸੁੰਨ-ਵੱਟਾ ਬਣੇ ਸੋਚਾਂ ਵਿਚ ਡੁੱਬੇ ਜਗੀਰ ਵੱਲ ਦੇਖ ਕੇ ਉਸ ਨੇ ਪੁੱਛਿਆ।

ਜਗੀਰ ਦੀ ਸੁਰਤੀ ਟੁੱਟੀ। ਆਪਣੇ ਭਾਈਏ ਦੀ ਫੋਟੋ ਵੱਲੋਂ ਨਜ਼ਰ ਹਟਾਈ। ਹਉਕਾ ਖਿੱਚਿਆ। ਜਿੰਦਰੋ ਦਾ ਹੁੰਗਾਰਾ ਦਿਤੇ ਬਿਨਾਂ, ਉਹ ਬੈੱਡ 'ਤੇ ਟੇਢਾ ਹੋ ਗਿਆ।

****

ਇੰਡੀਆ ਤੋਂ ਆਇਆਂ ਮਸਾਂ ਮਹੀਨਾ ਕੁ ਬੀਤਿਆ ਸੀ।

ਜੱਗੀ ਬਾਹਰੋਂ ਆਇਆ। ਫਰੰਟ ਰੂਮ ਵਿਚ ਟੀ.ਵੀ. ਦੇਖ ਰਹੇ ਜਗੀਰ ਦੇ ਕੋਲ਼ ਚੁੱਪ-ਚਾਪ ਬੈਠ ਗਿਆ। ਜਗੀਰ ਟੀ.ਵੀ. ਵਿਚ ਖੁੱਭਾ ਪਿਆ ਸੀ।

"ਡੈਡ, ਥੁਆਡੇ ਨਾਲ ਗੱਲ ਕਰਨੀ ਸੀ।" ਕੁਝ ਦੇਰ ਬਾਅਦ ਜੱਗੀ ਚੁੱਪ ਤੋੜ ਕੇ ਬੋਲਿਆ।

"ਪੁੱਤ ਕਰ...।"

"ਤੁਸੀਂ ਇੰਡੀਆ, ਪੈਸੇ ਨਾ ਭੇਜਿਆ ਕਰੋ।"

"ਕਿਉਂ...?" ਜਗੀਰ ਨੇ ਹੈਰਾਨੀ ਵਿਚ ਪੁੱਛਿਆ।

"ਖੇਤੀ ਤੋਂ ਕਿੰਨੀ ਇਨਕਮ ਹੁੰਦੀ ਆ? ਪਤਾ ਥੁਆਨੂੰ? ਕਦੀ ਚਾਚੇ ਤੋਂ ਲਿਆ ਹਿਸਾਬ...?"

"ਮੈਂ ਹਿਸਾਬ ਕੀ ਲੈਣਾ ? ਪਤਾ ਆ ਮੈਨੂੰ...। ਸ਼ੇਰੇ ਦਾ ਮਰ-ਮਰ ਗੁਜ਼ਾਰਾ ਹੁੰਦਾ।"

"ਉਹ ਤਾਂ ਐਸ਼ ਕਰਦੇ ਆ। ਤੁਸੀਂ ਐਤਕਾਂ ਦੇਖਿਆ ਨ੍ਹੀਂ...? ਅਸੀਂ ਇਥੇ ਟੁੱਟ-ਟੁੱਟ ਮਰਦੇ ਆਂ। ਫੇਅ ਵੀ ਤੁਸੀਂ ਇੰਡੀਆ ਪੈਸੇ ਭੇਜੀ ਜਾਂਨੇ ਓਂ।"

"ਪੁੱਤ, ਉਥੋਂ ਦੀ ਖੇਤੀ ਮੌਸਮ 'ਤੇ ਡਿਪੈਂਡ ਐ। ਕੁਦਰਤੀ ਆਫਤਾਂ ਆਉਂਦੀਆਂ ਆਂ ਤਾਂ ਸਾਰੀ ਫ਼ਸਲ ਤਬਾਹ ਹੋ ਜਾਂਦੀ ਆ। ਮਿਹਨਤ ਦਾ ਮੁੱਲ ਵਨੀਂ ਮੁੜਦਾ। ਬੀਜ, ਖਾਂਦਾਂ

ਤੇ ਸਪਰੇਆਂ ਦਾ ਖਰਚ ਕਿੱਥੋਂ ਪੂਰਾ ਹੋਣਾ। ਆਪਾਂ ਭਾਵੇਂ ਇਥੇ ਮਾਰਗੇਜ਼ ਚੁੱਕੀ ਹੋਈ ਆ। ਤਾਂ ਵੀ ਬਹੁਤ ਸੌਖੇ ਆਂ। ਸਾਰੀਆਂ ਸੁੱਖ-ਸੂਲਤਾਂ ਮਾਣਦੇ ਆਂ।"

"ਇਥੇ ਤਾਂ ਹਰ ਚੀਜ਼ ਮੁੱਲ ਦੀ ਆ। ਇੰਡੀਆ 'ਚ ਤਾਂ ਖੇਤਾਂ ਵਿਚੋਂ ਵੀ ਬਹੁਤ ਕੁਸ਼ ਫ੍ਰੀ ਮਿਲ ਜਾਂਦਾ।"

"ਫੇਅ ਵੀ ਸ਼ੇਰੇ ਵਿਚਾਰੇ ਦਾ ਹੱਥ ਤੰਗ ਰਹਿੰਦਾ। ਮੈਂ ਪੁੱਛ ਲਿਆ ਸੀ ਉਹਨੂੰ। ਕਮਲ਼ਾ ਨ੍ਹੀਂ ਮੈਂ, ਪਈ ਐਮੇਂ ਪੈਸੇ ਭੇਜੀ ਜਾਨਾਂ। ਲੋੜ ਵੇਲੇ ਈ ਹੈਲਪ ਕਰਦਾਂ। ਜੋ ਮੇਰਾ ਫ਼ਰਜ਼ ਐ। ਮੈਂ ਉਹਦਾ ਵੱਡਾ ਭਰਾ ਆਂ। ਉਹਦਾ ਦੁੱਖ-ਸੁੱਖ ਮੈਂ ਨ੍ਹੀਂ ਦੇਖੂੰਗਾ ਤਾਂ ਹੋਰ ਕੌਣ ਦੇਖੂ...? ਮੈਥੋਂ ਬਿਨਾਂ ਉਹਦਾ ਹੈ ਈ ਕੌਣ...?"

"ਜੱਗੀ..., ਕਾਹਤੋਂ ਮਗਜ਼ਖਪਾਈ ਕਰੀ ਜਾਨਾਂ।" ਜਿੰਦਰੋ ਦੋਹਾਂ ਵੱਲ ਮੂੰਹ ਕਰਦੀ ਆਖ਼ਰ ਖਿੱਝ ਕੇ ਬੋਲੀ, "ਇਹਨਾਂ ਮੰਨਣਾ ਕਿਤੇ? ਮੈਂ ਵਥੇਰਾ ਕਲ਼ਪਦੀ ਰਹੀ ਆਂ, ਨਹੀਂ ਮੇਰੀ ਮੰਨੀ ਤਾਂ ਹਾਰ ਕੇ ਚੁੱਪ ਕਰ ਗਈ ਆਂ।  ਏਸ ਬੰਦੇ ਨੇ ਤਾਂ ਭਰਾ ਦਾ ਈ ਪੱਖ ਪੂਰਨਾ...। ਜਿੱਦਾਂ ਸ਼ੇਰੇ ਨੇ ਏਹਨੂੰ ਤਵੀਤ ਘੋਲ਼ ਕੇ ਪਿਲਾਇਆ ਹੁੰਦਾ। ਉਹਨਾਂ ਨੂੰ ਤਾਂ ਅਲਫ਼ 'ਤੇ ਬੇ ਨ੍ਹੀਂ ਕਹਿਣ ਦਿੰਦਾ। ਭਾਵੇਂ ਸੁਧੇ ਈ ਮਾੜੇ ਹੋਣ।"

"ਜਿੰਦਰੋ, ਬੜੇ ਸੋਹਣੇ ਇੰਡੀਆ ਤੋਂ ਆਏ ਸੀ। ਹੈਰਾਨ ਆਂ ਮੈਂ। ਇਥੇ ਆ ਕੇ ਤੁਹਾਡੀਆਂ ਅੱਖਾਂ 'ਚ ਟੀਰ ਕਿੱਦਾਂ ਪੈ ਗਿਆ?"

"ਟੀਰ ਸਾਡੀਆਂ ਨਹੀਂ, ਥੁਆਡੀਆਂ ਅੱਖ 'ਚ ਪਿਆ ਹੋਇਐ। ਥੁਆਨੂੰ ਸ਼ੇਰਾ ਤੇ ਉਹਦਾ ਟੱਬਰ  ਦਿਸਦੈ, ਅਸੀਂ ਨਹੀਂ। ਸੁਣ ਲਓ ਗੱਲ, ਰਿਤੂ ਦੀ ਡਾਕਟਰੀ ਦੀ ਪੜ੍ਹਾਈ ਐ। ਪੱਲਿਓਂ ਖਰਚ ਕਰਦੇ ਆਂ...। ਸ਼ੇਰੇ ਕੀਤੀ ਹੈਲਪ...? ਝੂਠੇ ਸੱਚਿਓਂ ਇਕ ਵਾਰ ਵੀ ਹੈਲਪ ਕਰਨ ਲਈ ਨਹੀਂ ਕਿਹਾ। ਜੱਗੀ ਨੂੰ ਭਾਵੇਂ ਅੱਜ ਵਿਆਹ ਲੈ । ਏਦ੍ਹੇ ਵਿਆਹ ਨੂੰ ਕਰੂ ਹੈਲਪ...? ਜ਼ਮੀਨ ਦੀ ਕਮਾਈ ਸਾਰੀ ਉਹ ਖਾਂਦਾ। ਤੁਸੀਂ ਰੱਟ ਲਾਈ ਐ, 'ਵਿਚਾਰੇ ਦਾ ਹੱਥ ਤੰਗ ਐ।' ਮੇਰੀ ਗੱਲ ਸੁਣ ਲਓ , ਹੁਣ ਤੱਕ ਜੋ ਹੋ ਗਿਆ ਸੋ ਗਿਆ। ਅਗਾਂਹ ਸਾਨੂੰ ਪੁੱਛ ਕੇ ਪੈਸੇ ਭੇਜਿਆ ਕਰੋ। ਨਹੀਂ ਸਾਥੋਂ ਬੁਰਾ ਕੋਈ ਨ੍ਹੀਂ ਹਊ...।"

"ਤੂੰ, ਮੁੰਡੇ ਨੂੰ ਮੇਰੇ ਵਿਰੁੱਧ ਭੜਕਾਉਂਦੀ ਐਂ?" ਜਗੀਰ, ਚਿੱਖਾ ਵਾਂਗ ਮੱਚ ਉਠਿਆ।

"ਸੱਚੀ ਗੱਲ ਕਰਦੀ ਆਂ। ਕੌੜੀ ਲੱਗੀ ਐ ਤਾਂ ਲੱਗਦੀ ਰਵ੍ਹੇ।"

ਤਿੱਖੀ ਬਹਿਸ ਛਿੜ ਪਈ ਸੀ।

"ਮੌਮ, ਛੱਡੋ ਸਾਰੀਆਂ ਗੱਲਾਂ।" ਜੱਗੀ ਨੇ ਜਿੰਦਰੋ ਦਾ ਕਲ਼ਾਵਾ ਭਰਿਆ, ਫਿਰ ਜਗੀਰ ਵੱਲ ਸਿੱਧਾ ਦੇਖਿਆ, "ਡੈਡ, ਚਾਚੇ ਨੂੰ ਫੋਨ ਕਰੋ, ਐਤਕਾਂ ਅੱਧੀ ਜ਼ਮੀਨ ਦਾ ਠੇਕਾ ਸਾਨੂੰ ਦੇਵੇ। ਨਹੀਂ ਸਾਡੀ ਜ਼ਮੀਨ ਨਾ ਵਾਹੇ। ਇਹ ਸਾਡਾ ਫੈਸਲਾ ਐ। ਬਸ...।" ਜੱਗੀ ਨੇ ਇੱਟ ਵਰਗੇ ਬੋਲ ਜਗੀਰ ਦੀ ਹਿੱਕ ਵਿਚ ਮਾਰੇ।

"ਤੂੰ ਮੇਰਾ ਪਿਓ ਐਂ? ਐਂ ਹੁਕਮ ਕਰਦਾਂ...।" ਜਗੀਰ ਭਬੂਕੇ ਵਾਂਗ ਮੱਚਿਆ, "ਜਿੰਨਾ ਚਿਰ ਜਿਉਂਦਾ, ਮਰਜ਼ੀ ਕਰੂੰਗਾ। ਜਾਓ...। ਨਹੀਂ ਕਰਦਾ ਮੈਂ ਸ਼ੇਰੇ ਨੂੰ ਫੋਨ। ਜੋ ਕਰਨਾ ਕਰ ਲਓ। ਮੈਂ ਕਮਲ਼ਾ ਨ੍ਹੀਂ। ਕੀ ਕਰਨਾ, ਕੀ ਨਹੀਂ, ਸਭ ਪਤਾ ਮੈਨੂੰ...। ਜ਼ਮੀਨ ਗਹਿਣੇ ਰੱਖ ਕੇ ਭਾਈਏ ਨੇ ਵਲੈਤ ਭੇਜਿਆ ਸੀ ਮੈਨੂੰ। ਸ਼ੇਰੇ ਨੇ ਭਾਈਏ ਨਾਲ ਛੋਟੇ ਹੁੰਦਿਆਂ ਬਹੁਤ ਸਖ਼ਤ ਮਿਹਨਤ ਕੀਤੀ ਸੀ ਤਾਂਹੀ ਗਹਿਣੇ ਪਈ ਜ਼ਮੀਨ ਛੁਡਾਈ ਗਈ ਸੀ। ਮੈਨੂੰ ਭੁੱਲਿਆ

ਹੋਇਆ ਨ੍ਹੀਂ। ਤਾਰੋ ਵਾਲੀ ਜ਼ਮੀਨ ਖਰੀਦਣ ਪਿੱਛੇ ਵੀ ਸ਼ੇਰੇ ਦੀ ਮਿਹਨਤ ਸੀ। ਹੁਣ ਸੌਖੇ ਹੋ ਗਏ ਆਂ ਤਾਂ ਥੁਆਡੇ ਆਖੇ ਭਰਾ ਨਾਲ ਖ਼ੂਨ ਦੇ ਰਿਸ਼ਤੇ ਮੈਲ਼ੇ ਕਰ ਲਵਾਂ? ਮੈਂ ਨਹੀਂ ਸ਼ੇਰੇ ਤੋਂ ਠੇਕਾ ਮੰਗਣਾ। ਮੇਰੇ ਪੁੱਤਾਂ ਵਰਗਾ ਐ ਤੇ ਪੁੱਤਾਂ ਵਾਂਗ ਈ ਉਹਦੇ ਨਾਲ ਵਰਤੂੰਗਾ। ਜੋ ਮੇਰੇ ਕੋਲ਼ ਹੈਗਾ, ਮੈਨੂੰ ਓਹਦੇ ਨਾਲ ਸਬਰ ਐ...।" ਜਗੀਰ ਉੱਠ ਕੇ ਬੈੱਡ ਰੂਮ ਵਿਚ ਚਲੇ ਗਿਆ।

ਤਲਖ਼ੀ ਸਿਖ਼ਰ 'ਤੇ ਸੀ।

ਜਿੰਦਰੋ, ਆਨੇ-ਬਹਾਨੇ, ਸ਼ੇਰੇ ਨੂੰ ਫ਼ੋਨ ਕਰਨ ਲਈ, ਜਗੀਰ 'ਤੇ ਦਬਾਅ ਪਾਉਣ ਲੱਗੀ। ਸ਼ੇਰੇ ਦੇ ਨਾਂ 'ਤੇ ਜਗੀਰ ਉਹਨਾਂ ਨੂੰ ਉੱਖੜ ਕੇ ਪੈਂਦਾ ਸੀ। ਉਹਨੇ ਜੱਗੀ ਤੇ ਜਿੰਦਰੋ ਦੀ ਸਲਾਹ ਨੂੰ ਸਿਰੇ ਤੋਂ ਨਕਾਰ ਦਿਤਾ ਸੀ। ਦਿਨੋ-ਦਿਨ ਘਰ ਦਾ ਮਾਹੌਲ ਵਿਸਫ਼ੋਟਕ ਹੁੰਦਾ ਜਾ ਰਿਹਾ ਸੀ। ਜਗੀਰ ਦੇ ਤਣਾਅ ਵਿਚ ਰਹਿਣ ਕਰਕੇ ਅਤੇ ਟੱਸ ਤੋਂ ਮੱਸ ਨਾ ਹੋਣ ਕਰਕੇ ਜਿੰਦਰੋਂ ਤੜਫ਼ੀ। ਉਹਨੇ ਜੱਗੀ ਨੂੰ ਝਿੜਕ ਕੇ ਜ਼ਮੀਨ ਦੀ ਗੱਲ ਛੱਡ ਦੇਣ ਲਈ ਕਿਹਾ। ਮਾਂ-ਪੁੱਤ ਵਿਚਕਾਰ ਵੀ ਤਲਖ਼ੀ ਹੋਈ। ਜੱਗੀ ਆਪਣੇ ਫੈਸਲੇ ਤੋਂ ਪਿੱਛੇ ਨਾ ਮੁੜਨ ਲਈ ਬਜ਼ਿੱਦ ਸੀ। ਮਾਂ ਦੇ ਝਿੜਕਣ ਕਰਕੇ ਹੁਣ ਜੱਗੀ ਘਰ ਵਿਚ ਵੱਟਿਆ-ਵੱਟਿਆ ਰਹਿਣ ਲੱਗਾ। ਇਸ ਤਲਖ਼ੀ ਭਰੀ ਬਹਿਸ ਤੋਂ ਬਾਅਦ ਨਾ ਉਹ ਘਰ ਵਿਚ ਇਕੱਠੇ ਬੈਠਦੇ, ਨਾ ਆਪਸ ਵਿਚ ਅਪਣੱਤ ਦੀਆਂ ਗੱਲਾਂ ਕਰਦੇ। ਵੀਕ ਐਂਡ 'ਤੇ ਨਾ ਉਹ ਕਿਸੇ ਰਿਸ਼ਤੇਦਾਰ ਦੇ ਜਾਂਦੇ, ਨਾ ਹੀ ਗੁਰਦੁਆਰੇ. . .। ਇਸ ਤਰ੍ਹਾਂ ਲਗਦਾ ਸੀ ਜਿਵੇਂ ਚਾਰੇ ਆਪਸ ਵਿਚ ਲੜੇ ਹੋਏ ਹੋਣ।

***

ਮਾਂ ਨਾਲ ਗੁਰਮਤਾਂ ਕਰਨ ਵਾਲਾ ਜੱਗੀ, ਹੁਣ ਉਹਦਾ ਹੁੰਗਾਰਾ ਵਨਾਂ ਭਰਦਾ। ਜਿੰਦਰੋ ਤੜਫ਼ਦੀ। ਹੌਕਾ ਲੈਂਦੀ। ਆਪਣੇ-ਆਪ ਨੂੰ ਕੋਸਦੀ। 'ਕਿਉਂ ਜੱਗੀ ਨੂੰ ਇੰਡੀਆ ਲੈ ਕੇ ਗਈ ? ਨਾ ਲਿਜਾਂਦੀ, ਨਾ ਇੰਡੀਆਂ ਆਲ਼ਿਆਂ ਦੇ ਚੱਜ ਦੇਖਦਾ। ਨਾ ਜ਼ਮੀਨ ਦਾ ਕਜੀਆ ਪੈਂਦਾ। ਨਾ ਆਪ ਦੁੱਖੀ ਹੁੰਦਾ। ਨਾ ਮੈਨੂੰ ਦੁੱਖੀ ਕਰਦਾ। ਗ਼ਲਤੀ ਕੀਤੀ ਮੈਂ। ਜਿਹੜਾ ਜ਼ੋਰ ਪਾ ਕੇ ਜੱਗੀ ਨੂੰ ਇੰਡੀਆਂ ਲੈ ਕੇ ਗਈ ਸੀ। ਸੋਚਿਆ ਸੀ, ਏਹਦਾ ਪੰਜਾਬ ਤੇ ਪਿੰਡ ਨਾਲ ਮੋਹ ਵਧੇਗਾ। ਪਰ ਏਹਨੇ ਤਾਂ ਨਫ਼ਰਤ ਪਾਲ਼ ਲਈ ਆ।' ਜਿੰਦਰੋ ਪਛਤਾਵੇ ਵਿਚ ਤੜਫ਼ਨ ਲੱਗੀ।

'ਸਾਡੇ ਘਰ ਨੂੰ ਪਤਾ ਨ੍ਹੀਂ ਕਿਸ ਔਂਤਰੇ ਦੀ ਨਜ਼ਰ ਲੱਗ ਗਈ ਐ। ਇੰਡੀਆ 'ਚ ਕਿਤੇ ਕੋਈ ਟੂਣਾ ਨਾ ਟੱਪਿਆ ਗਿਆ ਹੋਵੇ।' ਕਿਸੇ ਸੰਦੇਹ ਵਿਚ ਜਿੰਦਰੋ ਦੇ ਕਾਲਜੇ ਧੂ ਪਈ।

ਜਗੀਰ  ਹਰ ਵੇਲੇ ਬੁੱਝਿਆ-ਬੁੱਝਿਆ ਰਹਿਣ ਲੱਗਾ। ਸੋਚਾਂ ਵਿਚ ਗਲਤਾਨ, ਉਹਨੂੰ ਨੀਂਦ ਨਾ ਆਉਂਦੀ। ਅੱਧੀ-ਅੱਧੀ ਰਾਤ ਤੱਕ ਬੈੱਡ ਨਾਲ ਢੋਅ ਲਾ ਆਪਣੇ ਭਾਈਏ ਦੀ ਫ਼ੋਟੋ ਵੱਲ ਝਾਕੀ ਜਾਂਦਾ । ਅੰਦਰੇ-ਅੰਦਰ ਰਿੱਝਦਾ ਰਹਿੰਦਾ। ਜਿੰਦਰੋ ਦੇਖਦੀ ਤਾਂ ਉਹਦਾ ਕਾਲਜਾ ਹਥੇਲੀ 'ਤੇ ਧਰਿਆ ਜਾਂਦਾ।

ਐਤਵਾਰ, ਜਿੰਦਰੋ ਨੇ ਸਾਰੇ ਕਮਰਿਆਂ ਨੂੰ ਹੂਬਰ ਕੀਤਾ। ਦੁਪਹਿਰ ਤੱਕ ਵਿਹਲੀ ਹੋਈ। ਜਗੀਰ ਚੁੱਪ-ਚਾਪ ਫਰੰਟ ਰੂਮ ਵਿਚ ਬੈਠਾ ਟੀ.ਵੀ. ਦੇਖ ਰਿਹਾ ਸੀ। ਕੰਮ ਖਤਮ ਕਰਕੇ ਜਿੰਦਰੋ ਵੀ ਉਹਦੇ ਕੋਲ ਆ ਕੇ ਬੈਠ ਗਈ। ਦੋਹਾਂ ਵਿਚਕਾਰ ਗਹਿਰੀ ਚੁੱਪ ਤਣੀ

ਰਹੀ। ਕੁਝ ਚਿਰਾਂ ਬਾਅਦ ਅਚਾਨਕ, ਜਿੰਦਰੋ ਡੁਸਕਣ ਲੱਗੀ। ਅੱਖਾਂ 'ਚੋਂ ਪਰਲ-ਪਰਲ ਹੰਝੂ ਡਿੱਗਣ ਲੱਗੇ। ਡੁਸਕਣ ਦੀ ਆਵਾਜ਼ ਉੱਚੀ ਹੋਈ ਤਾਂ ਤਣੀ ਚੁੱਪ, ਟੋਟੇ-ਟੋਟੇ ਹੋਈ। ਜਗੀਰ ਨੇ ਤ੍ਰਬਕ ਕੇ ਉਸ ਵੱਲ ਦੇਖਿਆ। ਜਿੰਦਰੋ ਨੇ ਚੁੰਨੀ ਦਾ ਵੱਡਾ ਸਾਰਾ ਪੱਲਾ ਜਗੀਰ ਅੱਗੇ ਅੱਡ ਲਿਆ।

"ਬੰਦਿਆ, ਮਿੰਨਤ ਕਰਦੀ ਆਂ ਮੈਂ ਤੇਰੀ। ਮੇਰਾ ਪੁੱਤਰ ਮੇਰੀ ਝੋਲੀ ਪਾ ਦੇ...।" ਜਿੰਦਰੋ ਦੀ ਭੁੱਬ ਨਿਕਲੀ। "ਮੇਰੇ ਮੂੰਹ ਨਾਲ ਮੂੰਹ ਜੋੜ, ਗੱਲਾਂ ਕਰਨ ਆਲ਼ਾ ਮੇਰਾ ਪੁੱਤ, ਹੁਣ ਮੇਰੀਆਂ ਗੱਲਾਂ ਦਾ ਹੁੰਗਾਰਾ ਵਨੀਂ ਭਰਦਾ। ਗੁੰਮ-ਸੁੰਮ ਹੋਏ ਨੂੰ ਦੇਖਦੀ ਆਂ ਤਾਂ ਕਾਲਜਾ ਮੂੰਹ ਨੂੰ ਆਉਂਦਾ। ਮਰਦੀ ਜਾਨੀ ਆਂ ਮੈਂ। ਮੇਰੇ ਸੰਘੋਂ, ਬੁਰਕੀ ਥੱਲੇ ਨ੍ਹੀਂ ਹੁੰਦੀ। ਤੇਰੇ ਅੱਗੇ ਹੱਥ ਜੋੜਦੀ ਆਂ। ਮੇਰਾ ਘਰ ਵਸਦਾ ਰੱਖ ਲੈ। ਜ਼ਿੱਦ ਛੱਡ ਦੇ, ਜੋ ਮੁੰਡਾ ਕਹਿੰਦਾ, ਸ਼ੇਰੇ ਨੂੰ ਫੋਨ 'ਤੇ ਕਹਿ ਦੇ। ਸਾਨੂੰ ਸੁੱਖ ਦਾ ਸਾਹ ਆਵੇ। ਅਸੀਂ ਮਾਵਾਂ-ਧੀਆਂ ਤੜਫ਼ਦੀਆਂ ਸੌਂਦੀਆਂ ਤੇ ਹਉਕਿਆਂ ਨਾਲ ਉੱਠਦੀਆਂ। ਮਾੜਾ-ਮੋਟਾ ਸਾਡੇ 'ਤੇ ਤਰਸ ਕਰੋ।"

ਜਗੀਰ, ਕਦੀ ਜਿੰਦਰੋ ਦੀਆਂ ਡੁੱਲਦੀਆਂ ਅੱਖਾਂ ਵੱਲ ਝਾਕੇ ਤੇ ਕਦੀ ਉਹਦੇ ਅੱਡੇ ਪੱਲੇ ਵੱਲ...। ਉਹਨੂੰ ਲੱਗਿਆ ਜਿੰਦਰੋ ਗੱਲਾਂ ਨਹੀਂ, ਵੈਣ ਪਾ ਰਹੀ ਸੀ। ਉਹਦੇ ਤਰਸ ਭਰੇ ਤਰਲਿਆਂ ਨੇ ਜਗੀਰ ਦਾ ਤ੍ਰਾਹ ਕੱਢ ਦਿੱਤਾ। ਉਸ ਨੇ ਪੀੜਿਤ ਹਉਕਾ ਲਿਆ। ਉਹਦੇ ਅੰਦਰ ਹਨੇਰੀਆਂ ਝੁੱਲ ਪਈਆਂ। ਮੱਥੇ ਤਿਊੜੀਆਂ ਪਈਆਂ। ਬੱਲ੍ਹ ਕੰਬੇ। ਭਰਵੱਟੇ ਫਰਕੇ। ਨੇੜੇ ਬੈਠੀ, ਜਿੰਦਰੋ ਦੀ ਹਿੱਚਕੀ ਬੱਝ ਗਈ ਸੀ।

ਜਗੀਰ ਦੀ ਜਾਨ ਸੂਤੀ ਗਈ । ਉਸ ਗੁੱਸੇ ਨਾਲ ਕਿਸੇ ਤੋਂ ਕੁਝ ਖੋਹਣ ਵਾਂਗ ਮੇਜ਼ 'ਤੇ ਪਿਆ ਮੋਬਾਇਲ ਚੁੱਕਿਆ। ਤਲਖੀ ਨਾਲ ਸਾਹੋ-ਸਾਹ ਹੋਇਆ। ਸ਼ੇਰੇ ਦਾ ਨੰਬਰ ਮਿਲਾਇਆ। ਰਿੰਗ ਗਈ ਤਾਂ ਪੈਰਾਂ ਹੇਠ ਅੰਗਿਆਰ ਮੱਚਣ ਲੱਗੇ। ਤ੍ਰਬਕ ਕੇ ਸੋਫ਼ੇ ਤੋਂ ਉੱਠਿਆ। ਉਕਤਾਇਆ। ਉਸ ਦੀ ਸਾਰੀ ਦੇਹ ਸੇਕ ਮਾਰਨ ਲੱਗੀ। ਕਦੀ ਦੋ ਕਦਮ ਅੱਗੇ, ਕਦੀ ਪਿੱਛੇ ਤੁਰਦਾ ਰਿਹਾ। ਸ਼ੇਰੇ ਫੋਨ ਚੁੱਕ ਹੈਲੋ ਕਿਹਾ। ਜਗੀਰ ਨੇ ਸੰਖੇਪ ਤੇ ਰੁੱਖੇ ਰੌਂਅ ਵਿਚ ਉਹਦਾ ਰਸਮੀ ਹਾਲ ਪੁੱਛਿਆ। ਮੁੜ ਕੰਬਦੀ ਤੇ ਭਾਰੀ ਆਵਾਜ਼ ਵਿਚ ਬੋਲਿਆ,

"ਛੋਟੇ ਭਾਈ, ਗੱਲ ਹੈਗੀ ਆ ਏਹ, ਜਾਂ ਤਾਂ ਮੈਨੂੰ ਮੇਰੀ ਜ਼ਮੀਨ ਦਾ ਠੇਕਾ ਦੇ ਦੇਈਂ, ਨਹੀਂ ਐਤਕੀਂ ਮੇਰੀ ਹਿੱਸੇ ਦੀ ਜ਼ਮੀਨ ਨਾ ਵਾਹੀਂ।"

ਪਲ ਦੀ ਪਲ ਭਰਾਵਾਂ ਵਿਚਕਾਰ ਚੁੱਪ ਦੀ ਉੱਚੀ ਕੰਧ ਉਸਰ ਗਈ। ਜਿੰਦਰੋ, ਧੜਕਦੇ ਦਿਲ ਜਗੀਰ ਵੱਲ ਦੇਖ ਰਹੀ ਸੀ। ਗੱਲ ਕਰਦਿਆਂ ਜਗੀਰ ਦੇ ਬੋਲ ਥਿੜਕਦੇ ਸਨ। ਮੋਬਾਇਲ ਵਾਲਾ ਹੱਥ ਕੰਬ ਰਿਹਾ ਸੀ। ਉਸ ਖੜ੍ਹੇ ਨੇ ਇਕ ਹੱਥ ਕੰਧ ਨੂੰ ਪਾਇਆ, ਜਿਵੇਂ ਚੱਕਰ ਆ ਗਿਆ ਹੋਵੇ। ਉਸ ਆਪਣੇ ਆਪ ਨੂੰ ਡਿੱਗਦਾ ਮਹਿਸੂਸ ਕੀਤਾ ਸੀ।

"ਵੀਰਾ ਜੀ, ਮੈਂ ਆਪਣੀ ਵਨੀਂ ਵਾਉਂਦਾ।" ਸ਼ੇਰਾ, ਚੁੱਪ ਤੋੜ, ਕੰਬਦੀ ਆਵਾਜ਼ ਵਿਚ ਬਹੁਤ ਸਹਿਜ ਅਤੇ ਹਲੀਮੀ ਨਾਲ ਬੋਲਿਆ, "ਤੁਸੀਂ ਐਂ ਕਰੋ, ਇੰਡੀਆ ਆਓ। ਘਰ ਦੀ ਮੁਖਤਿਆਰੀ ਸਾਂਭੋ। ਫ਼ਸਲ, ਵੇਚੋ ਤੇ ਵੱਟੋ। ਪੈਸਾ ਸਾਂਭੋ ਤੇ ਕਬੀਲਦਾਰੀ ਚਲਾਓ। ਮੈਂ ਕਰੂੰਗਾ ਕੰਮ। ਵਾਹੂੰਗਾ, ਬੀਜੂੰਗਾ। ਵੀਰਾ ਜੀ ਮੈਨੂੰ ਬਹੁਤ ਖੁਸ਼ੀ ਹਊਗੀ।"

ਸੁਣਦਿਆਂ, ਜਗੀਰ ਦੀ ਭੁੱਬ ਨਿਕਲ ਗਈ। ਉਸ ਦੀ ਜ਼ਬਾਨ ਤਾਲੂ ਨਾਲ ਜਾ ਲੱਗੀ । ਫ਼ੋਨ ਬੰਦ ਕਰ ਮੇਜ਼ 'ਤੇ ਸੁੱਟਿਆ। ਸੋਫ਼ੇ 'ਤੇ ਧੈੜ ਕਰਕੇ ਡਿੱਗ ਗਿਆ। ਸੋਫ਼ੇ ਦੀ

ਢੋਹ ਨਾਲ ਸਿਰ ਲਾ ਛੱਤ ਨੂੰ ਘੂਰਨ ਲੱਗਾ। ਉਹਦੀਆਂ ਅੱਖਾਂ ਵਿਚੋਂ ਹੰਝੂਆਂ ਦੀਆਂ ਧਰਾਲ਼ਾਂ ਵਗ ਤੁਰੀਆਂ ਸਨ।

ਸ਼ੇਰੇ ਨੇ ਵਟਸਐਪ ’ਤੇ ਬੈਕ ਕਾਲ ਕੀਤੀ। ਜਗੀਰ ਦੀ ਨਜ਼ਰ ਮੋਬਾਇਲ ਸਕਰੀਨ ’ਤੇ ਸ਼ੇਰੇ ਦੇ ਨੰਬਰ ਅਤੇ ਫੋਟੋ ’ਤੇ ਪਈ। ਉਸ ਇਕਦਮ ਆਪਣਾ ਚਿਹਰਾ ਹੱਥਾਂ ਵਿਚ ਲਕੋਅ ਲਿਆ। ਫ਼ੋਨ ਲਗਾਤਾਰ ਵੱਜਦਾ ਰਿਹਾ, ਕਿਸੇ ਨੇ ਨਾ ਚੁੱਕਿਆ। ਆਖ਼ਰ ਚੁੱਪ ਹੋ ਗਿਆ।

ਜਿੰਦਰੋ ਨੇ ਹੁੱਬ ਕੇ ਜੱਗੀ ਨੂੰ ਦੱਸਿਆ। ਉਹਨੂੰ ਆਸ ਸੀ, ਹੁਣ ਘਰ ਦਾ ਮਾਹੌਲ ਪਹਿਲਾਂ ਵਰਗਾ ਹੋ ਜਾਏਗਾ। ਪਰ ਅਜਿਹਾ ਨਾ ਹੋਇਆ। ਹੁਣ ਤਾਂ ਸਗੋਂ ਜਗੀਰ ਵੀ ਕਬਰ ਵਾਂਗ ਚੁੱਪ ਹੋ ਗਿਆ ਸੀ। ਜਿੱਧਰ ਝਾਕਦਾ, ਤਾਂ ਲਗਾਤਾਰ ਝਾਕਦਾ ਰਹਿੰਦਾ। ਸੋਚਦਾ, ਤਾਂ ਸੋਚੀ ਤੁਰਿਆ ਜਾਂਦਾ। ਜਿੰਦਰੋ ਉਹਦੇ ਅੱਗੇ ਰੋਟੀ ਰੱਖਦੀ ਤਾਂ ਉਹ ਖਾਣੀ ਭੁੱਲ ਜਾਂਦਾ। ਉਹਦਾ ਮੋਢਾ ਹਿਲਾਉਂਦੀ। ਜਗੀਰ ਤ੍ਰਬਕ ਕੇ ਡੈਂਬਰਿਆਂ ਵਾਂਗ ਦੇਖਦਾ। ਜਿੰਦਰੋ ਕੁਝ ਕਹਿੰਦੀ, ਉਹ ਹੂੰ ਹਾਂ ਤੋਂ ਵੱਧ ਨਾ ਬੋਲਦਾ।

ਜਗੀਰ ਦੀ ਭੁੱਖ ਅੱਧੀ ਰਹਿ ਗਈ। ਚਿਹਰੇ ਤੋਂ ਰੌਣਕ ਉੱਡ-ਪੁੱਡ ਗਈ। ਨਿੱਕੀ ਜਿਹੀ ਗੱਲ ’ਤੇ ਛੱਤਣੀ ਜਾ ਲਗਦਾ। ਚੀਜ਼ਾਂ ਚੁੱਕ-ਚੁੱਕ ਮਾਰਦਾ। ਅਚਾਨਕ ਅੱਗ ਭਬੂਕਾ ਹੋ ਘਰੋਂ ਬਾਹਰ ਨਿਕਲ ਜਾਂਦਾ। ਪੱਬ ਵਿਚ ਜਾ ਬੈਠਦਾ। ਬੀਅਰ ਦੇ ਅਣਗਿਣਤ ਗਲਾਸ ਡੀਕ ਜਾਂਦਾ। ਉਹਨੂੰ ਪ੍ਰੇਸ਼ਾਨ ਜਿਹੇ ਹੋਏ ਨੂੰ ਦੇਖ ਜਿੰਦਰੋ, ਕੰਡਿਆਂ ’ਤੇ ਲਿਟਦੀ ਦੇਹ ਨਾਲ, ਪੀੜਿਤ ਹਉਕਾ ਲੈ ਕੇ ਰਹਿ ਜਾਂਦੀ।

ਘਰ ’ਚ ਤਣਾਅ ਜਾਲ਼ ਵਾਂਗ ਤਣ ਗਿਆ ਸੀ। ਖ਼ੁਸ਼ੀ ਤੇ ਰੌਣਕ ਘਰ ਵਿਚੋਂ ਖੰਭ ਲਾ ਕੇ ਉਡ ਗਈ ਸੀ। ਜੱਗੀ ਟੱਸ ਤੋਂ ਮੱਸ ਨਾ ਹੋਇਆ। ਜਿੰਦਰੋ ਦੇ ਅੰਦਰੋਂ ਹੂਕ ਨਿਕਲਦੀ। ਮੁਸ਼ਕਲ ਨਾਲ ਦੋ ਹਫ਼ਤੇ ਬੀਤੇ ਸਨ ।

ਜਗੀਰ ਗੁੰਮ-ਸੁੰਮ ਜਿਹਾ ਹੋਇਆ, ਫਰੰਟ ਰੂਮ ਵਿਚ ਬੈਠਾ ਟੀ.ਵੀ. ਦੇਖ ਰਿਹਾ ਸੀ। ਰਿਤੂ ਤੇ ਜਿੰਦਰੋ ਵੀ ਕੋਲ ਹੀ ਬੈਠੀਆਂ ਸਨ।

ਜੱਗੀ ਤੇਜੀ ਨਾਲ ਬਾਹਰੋਂ ਆਇਆ। ਕੁਝ ਦੇਰ ਸੁੰਨ-ਵੱਟਾ ਬਣ ਸੋਫ਼ੇ ’ਤੇ ਬੈਠਾ ਰਿਹਾ। ਟੀ. ਵੀ. ਵੱਲ ਦੇਖਦਾ ਦੰਦ ਕਰੀਚਦਾ ਰਿਹਾ। ਲੰਮੇ ਲੰਮੇ ਸਾਹ ਭਰਦਾ ਰਿਹਾ। ਫਿਰ ਗੁੱਸੇ ਵਿਚ, ਟੇਬਲ ਤੋਂ ਰਿਮੋਟ ਚੁੱਕਿਆ । ਟੀ.ਵੀ. ਬੰਦ ਕਰ ਰਿਮੋਟ ਮੁੜ ਪਟਕਾਅ ਕੇ ਟੇਬਲ ’ਤੇ ਸੁੱਟ ਦਿੱਤਾ। ਤਿੰਨਾਂ ਤ੍ਰਬਕ ਕੇ ਹੈਰਾਨੀ ਨਾਲ ਜੱਗੀ ਵੱਲ ਦੇਖਿਆ।

“ਡੈਡ, ਥੁਆਨੂੰ ਮਾਰਚ ਦੇ ਐਂਡ ਵਿਚ ਮੇਰੇ ਨਾਲ ਇੰਡੀਆ ਜਾਣਾ ਪਊ। ਮੈਂ ਫੈਸਲਾ ਕੀਤਾ, ਆਪਣੇ ਹਿੱਸੇ ਦੀ ਜ਼ਮੀਨ ਵੇਚ ਦੇਣੀ ਆਂ।”

“ਪਹਿਲਾਂ ਮੈਨੂੰ ਵੇਚ...। ਆਹ, ਤੇਰੀ ਮਾਂ ਵੀ ਤੇਰੇ ਹਿੱਸੇ ਆਉਂਦੀ ਆਂ। ਏਹਨੂੰ ਵੇਚ...।” ਜਗੀਰ ਸਣ ਕੱਪੜੀਂ ਮੱਚ ਉੱਠਿਆ, “ਕੰਜਰਾ..., ਤੇਰਾ ਡਮਾਕ ਖਰਾਬ ਹੋ ਗਿਆ। ਕਿਸ ਮੂਰਖ ਦੀ ਸਿੱਖਮਤ ਲੈ ਲਈ ਆ ਤੂੰ? ਕਿਸ ਨਲੈਕ ਦੇ ਧੜੇ ਚੜ੍ਹ ਗਿਆਂ ਤੂੰ। ਜਿਹੜਾ, ਐਹੋ ਜਿਹੀਆਂ ਗੱਲਾਂ ਕਰਨ ਡੈਹ ਪਿਆਂ?” ਜਗੀਰ ਬੋਲਦਾ ਮੂੰਹੋਂ ਝੱਗ ਸੁੱਟਣ ਲੱਗਾ, “ਮੈਂ ਤੈਨੂੰ ਸੰਧਵਾਂ ਆਲ਼ੇ ਸੇਮੇ ਨਾਲ ਇਕ ਦਿਨ ਸੋਹੋ ਰੋਡ ’ਤੇ ਘੁੰਮਦਾ ਦੇਖਿਆ ਸੀ। ਮੇਰਾ ਤਾਂ ਓਦੋਂ ਈ ਮੱਥਾ ਠਣਕ ਗਿਆ ਸੀ। ਪਈ ਉਹ ਹਰਾਮੀ ਸਾਡਾ ਘਰ ਗਾਲੂ। ਓਹੀ ਗੱਲ ਹੋਈ। ਸੇਮਾ ਪਿੰਡ ਵਿਚਲੀ ਆਪਣੇ ਹਿੱਸੇ ਦੀ ਜ਼ਮੀਨ ਸ਼ਰੀਕਾਂ ਨੂੰ ਵੇਚ

ਆਇਆ। ਛੋਟੇ ਭਰਾ ਨੂੰ ਠੇਕੇ 'ਤੇ ਵਨੀਂ ਦਿੱਤੀ। ਉਹਦੇ ਵਿਚਾਰੇ ਦੇ ਚਾਰ ਧੀਆਂ ਆਂ। ਉਹ ਮਰ-ਮਰ ਗੁਜ਼ਾਰਾ ਕਰਦਾ ਆ। ਏਸ ਪਾਪੀ ਨੂੰ ਉਹਦੇ 'ਤੇ ਜ਼ਰਾ ਤਰਸ ਨੀਂ ਆਇਆ। ਐਹੇ ਜਹੇ ਭਰਾ ਦਾ ਅਚਾਰ ਪਾਉਣਾ? ਮੈਨੂੰ ਪਤਾ। ਤੈਨੂੰ ਵੀ ਜ਼ਮੀਨ ਵੇਚਣ ਲਈ ਸੇਮਾ ਈਂ ਚੁੱਕਦਾ ਹਊ।"

"ਮੈਨੂੰ ਨ੍ਹੀਂ ਕੋਈ ਚੁੱਕਦਾ। ਮੈਂ ਸਭ ਕੁਝ ਸਮਝਦਾ, ਨਿਆਣਾ ਨ੍ਹੀਂ...। ਦੱਸੋ ਆਪਾਂ ਨੂੰ ਕੀ ਬੈਨੀਫਿੱਟ ਐ ਜ਼ਮੀਨ ਦਾ? ਖੇਤੀ ਦੀ ਇਨਕਮ ਵਿਚੋਂ ਕਦੀ ਚਾਚੇ ਨੇ ਪੈਨੀ ਦਿੱਤੀ ਆ?" ਜੱਗੀ ਨੇ ਘੂਰ ਕੇ ਦੇਖਿਆ, "ਕਦੋਂ ਤੱਕ ਮੈਂ ਏਥੇ ਸਰਵੈਂਟ ਬਣਿਆ ਰਹੂੰਗਾ? ਆਈ ਥਿੰਕ, ਜ਼ਮੀਨ ਵੇਚ ਕੇ, ਇਥੇ ਆਪਣਾ ਬਿਜ਼ਨਸ ਸੈਟ ਕਰੂੰਗਾ ਜਾਂ ਕੋਈ ਸਟੋਰ ਪਾ ਲਊਂਗਾ। ਨਹੀਂ ਬੈਂਕ ਦੀ ਰਹਿੰਦੀ ਮਾਰਗੇਜ਼ ਦੇ ਕੇ ਘਰ ਫ੍ਰੀ ਕਰਾ ਲਵਾਂਗੇ। ਇਹ ਘਰ ਰੈਂਟ 'ਤੇ ਦੇ ਦਿਆਂਗੇ। ਮਾਰਗੇਜ਼ ਚੁੱਕ ਕੇ ਇਕ ਘਰ ਹੋਰ ਖਰੀਦ ਲਵਾਂਗੇ। ਇਥੇ ਆਪਣੀ ਕੋਈ ਪ੍ਰੌਪਰਟੀ ਤਾਂ ਬਣੂੰ...।"

"ਪੁੱਤ, ਜ਼ਮੀਨ ਨ੍ਹੀਂ ਵੇਚੀਦੀ। ਮਾਂ ਸਮਾਨ ਹੁੰਦੀ ਆ।" ਜਿੰਦਰੋ ਵੀ ਤਰਲੇ ਕਰਨ ਲੱਗੀ। ਉਹਨੂੰ ਜੱਗੀ 'ਤੇ ਐਨੀ ਆਸ ਨਹੀਂ ਸੀ।

"ਮੂਰਖ਼ਾ, ਤੈਨੂੰ ਪਤਾ, ਜੱਟ ਦੀ ਜ਼ਮੀਨ ਕੀ ਹੁੰਦੀ ਆ?" ਜਗੀਰ, ਲਾਲ ਅੱਖਾਂ ਕੱਢੀਆਂ।

"ਹੌਲ਼ੀ ਬੋਲੋ...।" ਜਗੀਰ ਉੱਚਾ ਬੋਲਿਆ ਤਾਂ ਜਿੰਦਰੋ ਹੱਥ ਜੋੜੇ।

"ਜ਼ਮੀਨ ਜੱਟ ਦੀ ਮਾਂ ਹੁੰਦੀ ਐ। ਤੀਮੀਂ ਦਾ ਦੂਜਾ ਖ਼ਸਮ...। ਪਿੰਡ 'ਚ ਏਹੋ ਤਾਂ ਨਿਸ਼ਾਨੀ ਆ ਤੇਰੀ। ਏਸੇ ਜ਼ਮੀਨ 'ਚ ਤੇਰੀਆਂ ਜੜ੍ਹਾਂ ਆਂ। ਆਪਣੀ ਜੰਮਣ ਭੌਂ ਐਂ...।" ਜਗੀਰ ਆਪਣਾ ਗੁੱਸਾ ਮਾਰ, ਠਰ੍ਹੰਮੇ 'ਚ ਜੱਗੀ ਨੂੰ ਸਮਝਾਉਣ ਲੱਗਾ।

"ਥੁਆਡੀ ਹਊਗੀ ਜੰਮਣ ਭੌਂ...। ਮੇਰੀ ਤਾਂ ਹੈਨੀਂ।" ਜੱਗੀ ਜਿਵੇਂ ਚੀਕਿਆ ਹੋਵੇ, "ਮੇਰਾ ਬਰਥ ਤਾਂ ਯੂ.ਕੇ. 'ਚ ਹੋਇਆ ਸੀ। ਏਹੀ ਮੇਰੀ ਜੰਮਣ ਭੌਂ ਐਂ...। ਏਹੀ ਮੇਰੀ ਕੰਟਰੀ ਐ।"

ਜੱਗੀ ਦੇ ਸ਼ਬਦ ਜਗੀਰ ਨੂੰ ਠਿੱਠ ਕਰ ਗਏ।

"ਜ਼ਮੀਨ ਤੇਰੀ ਵਿਰਾਸਤ ਐ ਪੁੱਤ। ਤੇਰੇ ਬਾਬਾ ਜੀ ਦਾ ਉਸ ਮਿੱਟੀ 'ਚ ਮੁੜ੍ਹਕਾ ਡੁੱਲ੍ਹਿਆ ਹੋਇਐ। ਜ਼ਮੀਨ ਖਾਤਰ ਆਪਾਂ ਇੰਡੀਆਂ ਜਾਨੇ ਆਂ। ਸਾਨੂੰ ਹੌਂਸਲਾ ਆ, ਪਈ ਸਾਡੀ ਇੰਡੀਆਂ 'ਚ ਤਕੜੀ ਜੈਦਾਤ ਐ।" ਜਗੀਰ ਨੇ ਨਰਮਾਈ ਨਾਲ ਉਹਨੂੰ ਸਮਝਾਉਣਾ ਚਾਹਿਆ।

"ਕੁਸ਼ ਵੀ ਆ, ਮੈਂ ਫੈਸਲਾ ਨ੍ਹੀਂ ਬਦਲ ਸਕਦਾ। ਜ਼ਮੀਨ ਵੇਚਣੀ ਆਂ, ਤਾਂ ਬਸ, ਵੇਚਣੀ ਆ...।"

"ਅਕਲ ਕਰ। ਤੂੰ ਜ਼ਮੀਨ ਵੇਚਣ ਦੇ ਰਾਹ ਨਾ ਪੈ।" ਜਗੀਰ ਦੇ ਤੇਵਰ ਫਿਰ ਚੜ੍ਹੇ।

"ਹੋਰ ਕਿਹੜੇ ਰਾਹ ਪਵਾਂ?" ਜੱਗੀ, ਮਾਣ-ਮਰਿਆਦਾ ਭੁੱਲ, ਸ਼ਰੀਕਾਂ ਵਾਂਗ ਉੱਖੜ ਕੇ ਪਿਆ। "ਪਿੰਡ ਜਾ ਕੇ ਮੈਂ ਖੇਤੀ ਕਰਨੋ ਰਿਹਾ। ਜ਼ਮੀਨ ਚੁੱਕ ਕੇ ਵਲੈਤ ਲਿਔਣੋ ਰਿਹਾ। ਦੇਖ ਲਿਓ, ਚਾਚੇ ਨੇ ਸਾਰੀ ਜ਼ਮੀਨ ਦੱਬ ਲੈਣੀ ਐਂ। ਸਾਡੇ ਨਾਲ ਚੀਟਿੰਗ ਹੋ ਜਾਣੀ ਐ। ਮੈਨੂੰ ਪਤਾ, ਇੰਡੀਆ ਦੇ ਲੋਕ ਬਹੁਤ ਚੀਟਰ ਐਂ।"

"ਸ਼ੇਰਾ ਸਤਯੁੱਗੀਆਂ ਆ। ਮੇਰਾ ਭਰਾ ਏਦਾਂ ਦਾ ਨਹੀਂ। ਜਿੱਦਾਂ ਦਾ ਤੂੰ ਸਮਝਦਾਂ...।"

ਜਿੰਦਰੋ, ਜਗੀਰ ਦੀ ਗੱਲ 'ਤੇ ਗੁੱਝਾ ਜਿਹਾ ਮੁਸਕਾਈ।

"ਜੇ ਇੰਡੀਆ ਜਾ ਕੇ ਵੀ ਆਪਣੀ ਜੇਬ ਵਿਚੋਂ ਖਰਚ ਕਰਨਾ। ਫੇਅ ਸਾਨੂੰ ਕੀ ਭਾਅ ਐ ਜ਼ਮੀਨ ਦਾ? " ਜਿੰਦਰੋ ਕਾਹਲ਼ੀ ਵਿਚ ਕਹਿ ਤਾਂ ਗਈ ਪਰ ਅੰਦਰੋਂ ਕੰਬੀ।

"ਜਾਂ ਤਾਂ ਮੈਨੂੰ ਕਹਿ ਦਿਓ, ਤੇਰਾ ਕੋਈ ਹੱਕ ਨ੍ਹੀਂ। ਜਾਂ ਮੇਰੀ ਮੰਨੋ ਤੇ ਵੇਚੋ ਜ਼ਮੀਨ।"

"ਪੁੱਤ, ਤੇਰਾ ਹੱਕ ਕਿਉਂ ਨ੍ਹੀਂ । ਸੁੱਖ ਨਾਲ ਤੂੰ ਅੱਧ ਦਾ ਮਾਲਿਕ ਐਂ।"

"ਫੇਅ ਚਲੋ ਮੇਰੇ ਨਾਲ ਇੰਡੀਆਂ।"

"ਅਜੇ ਨ੍ਹੀਂ ਜਾਇਆ ਜਾਣਾ। ਦੋ ਮਹੀਨੇ ਤਾਂ ਹੋਏ ਆ ਇੰਡੀਆਂ ਤੋਂ ਆਇਆਂ ਨੂੰ...। ਹੁਣ ਦੁਬਾਰਾ ਟਿਕਟਾਂ ਦਾ ਖਰਚ ਕਰਨਾ ਸੌਖਾ ਪਿਆ ਕਿਤੇ...?" ਜਗੀਰ ਨੇ ਪੁੱਤ ਨੂੰ ਟਾਲ਼ਣ ਵਾਂਗ ਕਿਹਾ।

"ਆਹ ਫੜੋ ਟਿਕਟ...। ਅਠਾਈ ਮਾਰਚ ਦੀ ਫਲਾਇਟ ਐ। ਆਪਣੀ ਤਿਆਰੀ ਕਰੋ।" ਜੱਗੀ ਨੇ ਇਕਦਮ ਕੰਪਿਊਟਰਾਇਜ਼ਡ ਟਿਕਟ ਜਗੀਰ ਵੱਲ ਵਧਾਈ।

ਜਗੀਰ ਦੇ ਸਾਹਾਂ ਵਿਚ ਕੁਝ ਧੁੱਖਣ ਲੱਗਾ। ਉਹਦਾ ਆਪਾ ਭੁਚਾਲ ਵਾਂਗ ਕੰਬ ਗਿਆ। ਕੰਬਦੇ ਹੱਥੀਂ ਉਸ ਟਿਕਟ ਫੜ੍ਹੀ। ਟਿਕਟ ਦੇਖ ਉਹ ਪੀਲਾ ਭੂਕ ਹੋ ਗਿਆ। ਜ਼ਬਾਨ ਤਾਲੂ ਨਾਲ ਜਾ ਲੱਗੀ। ਘੇਰਨੀ ਆਈ। ਉਹਨੂੰ ਲੱਗਿਆ, ਲਹੂ- ਲੁਹਾਣ ਸੂਰਜ ਉਹਦੀਆਂ ਅੱਖਾਂ ਵਿਚ ਗਰਕ ਹੋ ਰਿਹਾ ਹੈ।

ਰਿਤੂ ਤੇ ਜਿੰਦਰੋ ਗੁੰਮ-ਸੁੰਮ ਸਨ। ਜ਼ਮੀਨ ਦੇ ਮਹਾਂਯੁੱਧ ਨੂੰ ਦੇਖ ਉਹ ਸਹਿਮੀਆਂ ਬੈਠੀਆਂ ਸਨ।

"ਗੱਲ ਸੁਣ ਲਓ ਮੇਰੀ...।" ਜਗੀਰ, ਲਟਾ-ਲਟ ਬਲ਼ ਉੱਠਿਆ। "ਸੌ ਹੱਥ ਰੱਸਾ ਸਿਰੇ 'ਤੇ ਗੰਢ...। ਜੀਂਦੇ ਜੀਅ ਮੈਂ ਜ਼ਮੀਨ ਨ੍ਹੀਂ ਵੇਚ ਸਕਦਾ। ਜਾਓ, ਮਾਂ-ਪੁੱਤ ਨੇ ਜੋ ਕਰਨਾ ਆਂ ਕਰ ਲਓ।" ਉਸ, ਇਕਦਮ ਟਿਕਟ ਵਾਲਾ ਪੇਪਰ ਪਾੜਿਆ ਤੇ ਬਿੰਨ ਵਿਚ ਸੁੱਟ ਦਿੱਤਾ।

ਜੱਗੀ ਦੀਆਂ ਅੱਖਾਂ ਚੁਆਤੀਆਂ ਵਾਂਗ ਮੱਚ ਉੱਠੀਆਂ। ਉਹ ਉੱਠ ਕੇ ਖੜ੍ਹਾ ਹੋ ਗਿਆ। ਲਹੂ ਉਤਰ ਆਈਆਂ ਅੱਖਾਂ ਨਾਲ ਪਿਓ ਵੱਲ ਘੂਰਨ ਲੱਗਾ।

"ਫੇਅ ਮੁਕਾਓ ਗੱਲ, ਮੈਨੂੰ ਸਭ ਕਾਸੇ ਤੋਂ ਬੇਦਖ਼ਲ ਕਰ ਦਿਓ। ਮੈਂ ਘਰ ਛੱਡ ਜਾਊਂਗਾ।"

"ਬੱਸ ਕਰੋ ਸਾਰੇ।" ਜਿੰਦਰੋ ਦੋਹਾਂ ਦੇ ਵਿਚਕਾਰ ਆ ਕੇ ਚੀਕੀ, "ਜ਼ਮੀਨ ਨੇ ਤਾਂ ਸੇਅ ਦਾ ਤੱਕਲ਼ਾ ਗੱਡ ਦਿੱਤਾ ਸਾਡੇ ਘਰ। ਖੂਹ 'ਚ ਪਵੇ ਜ਼ਮੀਨ। ਉਹਦੇ ਬਿਨਾਂ ਵੀ ਤਾਂ ਰੋਟੀ ਖਾਈ ਜਾਨੇ ਆਂ।" ਜਿੰਦਰੋ ਤੜਫ਼ੀ। ਰਿਤੂ ਵੀ ਸਹਿਮ ਕੇ ਉੱਠ ਪਈ। "ਚੰਗਾ ਹੁੰਦਾ ਇੰਡੀਆ ਨਾ ਈ ਜਾਂਦੇ।" ਕਲ਼ਪਦੀ ਜਿੰਦਰੋ ਨੇ ਜੱਗੀ ਨੂੰ ਬਾਂਹੋਂ ਫੜ੍ਹਿਆ ਤੇ ਉਹਦੇ ਬੈਡ-ਰੂਮ ਵਿਚ ਲੈ ਗਈ। ਜਗੀਰ, ਦੇਰ ਤੱਕ ਫਰੰਟ ਰੂਮ ਵਿਚ ਬੈਠਾ ਮੂੰਹ ਵਿਚ ਮਿਣ-ਮਿਣ ਕਰਦਾ ਰਿਹਾ।

ਘਰ ਅਣ-ਸੁਖਾਵੇ ਮਾਹੌਲ ਨਾਲ ਤੁੰਨਿਆ ਗਿਆ। ਹੁਣ ਕੋਈ ਵੀ ਜੀਅ ਫਰੰਟ ਰੂਮ ਵਿਚ ਨਾ ਬਹਿੰਦਾ। ਨਾ ਟੀ.ਵੀ. ਹੀ ਲੌਂਦਾ। ਸਾਰੇ ਆਪੋ-ਆਪਣੇ ਬੈਡ-ਰੂਮ ਵਿਚ ਕੈਦ ਹੋ

ਗਏ। ਜਗੀਰ ਦਿਨ-ਰਾਤ ਆਪਣੇ ਕਮਰੇ ਵਿਚ ਪਿਆ ਰਹਿੰਦਾ। ਸਾਰੇ ਇਕ-ਦੂਸਰੇ ਦੇ ਮੱਥੇ ਲੱਗਣ ਤੋਂ ਝਿਜਕਣ ਲੱਗੇ।

ਇਕ ਰਾਤ, ਜਗੀਰ ਚੰਗਾ-ਭਲਾ ਸੁੱਤਾ ਸੀ। ਸਵੇਰੇ ਅਲਾਰਮ ਵੱਜਿਆ ਤਾਂ ਜਿੰਦਰੋ ਦੀ ਜਾਗ ਖੁੱਲ੍ਹੀ । ਉਹਨੇ, ਜਗੀਰ ਦੇ ਮੂੰਹੋਂ ਅਜੀਬ ਜਿਹੀ ਆਵਾਜ਼ ਸੁਣੀ। ਘਾਬਰੀ ਤੇ ਹਫੜਾ-ਦਫੜੀ ਵਿਚ, ਜਿੰਦਰੋ ਨੇ ਕੰਬਦੇ ਹੱਥੀਂ ਲਾਈਟ ਜਗਾਈ।

ਜਗੀਰ ਤੋਂ ਖੱਬੀ ਬਾਂਹ ਤੇ ਲੱਤ ਚੁੱਕੀ ਨਹੀਂ ਸੀ ਜਾ ਰਹੀ। ਮੂੰਹ ਵਿੰਗਾ ਹੋ ਗਿਆ ਸੀ। ਬੋਲਿਆ ਨਹੀਂ ਸੀ ਜਾ ਰਿਹਾ। ਜਿੰਦਰੋ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਉਸ, ਜੱਗੀ ਨੂੰ ਚੀਕ ਮਾਰਨ ਵਾਂਗ ਅਵਾਜ਼ ਮਾਰੀ। ਜੱਗੀ ਇਕੋ ਛਾਲ ਉਹਦੇ ਕੋਲ ਪੁੱਜਾ। ਰਿਤੂ ਵੀ ਹਵਾ ਵਾਂਗ ਆਈ। ਜਿੰਦਰੋ ਨੇ ਜਗੀਰ ਦੇ ਮੂੰਹ ਨੂੰ ਪਾਣੀ ਲਾਇਆ। ਪਾਣੀ, ਦੂਜੇ ਪਾਸੇ ਦੀਂ ਬਾਹਰ ਨਿਕਲ ਗਿਆ। ਜਿੰਦਰੋ ਦੀ ਭੁੱਬ ਨਿਕਲ ਗਈ।

ਹਫੜਾ-ਦਫੜੀ ਵਿਚ ਉਹਨਾਂ ਜਗੀਰ ਨੂੰ ਚੁੱਕ ਕੇ ਮਸਾਂ ਥੱਲੇ ਲਾਹਿਆ। ਗੱਡੀ ਵਿਚ ਪਾਇਆ ਤੇ ਡੱਡਲੀ ਰੋਡ, ਹੌਸਪੀਟਲ ਪੁੱਜ ਗਏ। ਐਡਮਿਟ ਕੀਤਾ। ਜਿੰਦਰੋ ਡਾਢੀ ਉਦਾਸ ਜਿਹੀ, ਵੇਟਿੰਗ ਰੂਮ 'ਚ ਬੈਠੀ ਹੰਝੂ ਕੇਰਦੀ ਰਹੀ।

ਡਾਕਟਰ ਨੇ ਜਗੀਰ ਦੀ ਨਬਜ਼ ਟੋਹੀ। ਛਾਤੀ ਪਰਖੀ। ਪਲਕਾਂ ਪਲਟੀਆਂ। ਜੱਗੀ ਨੂੰ ਕਈ ਸਵਾਲ ਪੁੱਛੇ।

"ਪੈਰਾਲਾਈਸੈਸ ਦਾ ਜ਼ਬਰਦਸਤ ਅਟੈਕ ਸੀ।" ਡਾਕਟਰ ਨੇ ਚੈੱਕ-ਅਪ ਕਰਨ ਉਪਰੰਤ ਦੱਸਿਆ। "ਇਹ ਕਿਸੇ ਸਟਰੈਸ ਕਰਕੇ ਹੋਇਆ।"

ਜੱਗੀ ਕੰਬ ਗਿਆ। ਘਰ ਵਿਚ ਜ਼ਮੀਨ ਦੇ ਛਿੜੇ ਮਹਾਂਯੁੱਧ ਦਾ ਮਸਲਾ ਜੱਗੀ ਦੇ ਜ਼ਿਹਨ ਵਿਚ ਧੂੰਏਂ ਵਾਂਗ ਫੈਲ ਗਿਆ।

ਘਬਰਾਏ ਜੱਗੀ ਨੇ ਬੰਤ ਨੂੰ ਫ਼ੋਨ ਲਗਾਇਆ। ਬੰਤ ਆਪਣੀ ਮੰਮੀ ਤੇ ਪਤਨੀ ਨਾਲ ਹਸਪਤਾਲ ਪੁੱਜਾ। ਜਿੰਦਰੋ, ਡੁੱਲ੍ਹਦੀਆਂ ਅੱਖਾਂ ਨਾਲ ਉਦਾਸ ਖੜ੍ਹੀ ਸੀ। ਬੰਤ ਦੀ ਮਾਂ ਨੇ ਆਉਂਦਿਆਂ ਜਿੰਦਰੋ ਦਾ ਕਲ਼ਾਵਾ ਭਰਿਆ ਤੇ ਦਿਲਾਸਾ ਦਿੱਤਾ। ਬੰਤ ਤੇ ਉਸ ਦੀ ਪਤਨੀ ਵੀ ਜਿੰਦਰੋ ਦੇ ਨੇੜੇ ਆਏ।

"ਮਾਮੀ ਜੀ ਘਬਰਾਓ ਨਾ...। ਹੌਂਸਲਾ ਰੱਖੋ। ਸਭ ਠੀਕ ਹੋ ਜਾਣਾ।"

ਕਈ ਸਾਲ ਪਹਿਲਾਂ, ਸਮੈਦਿਕ ਟਾਊਨ ਦੇ ਗੁਰੂ ਨਾਨਕ ਗੁਰਦੁਆਰੇ ਵਿਚ ਜੱਗੀ ਦੀ ਬੰਤ ਨਾਲ ਬੁੱਕਲ ਖੁੱਲ੍ਹੀ ਤਾਂ ਰਿਸ਼ਤੇਦਾਰੀ ਨਿਕਲ ਆਈ। ਬੰਤ ਦਾ ਪਿੰਡ ਮੰਢਾਲੀ ਸੀ। ਨਾਨਕੇ ਜੱਸੋ ਮਜਾਰੇ ਸਨ। ਵਾਕਫ਼ੀਅਤ ਗੂੜ੍ਹੀ ਰਿਸ਼ਤੇਦਾਰੀ ਵਿਚ ਬਦਲ ਗਈ। ਦੁੱਖ-ਸੁੱਖ ਦੇ ਸਾਂਝੀ ਬਣ ਗਏ। ਬੰਤ, ਜਗੀਰ ਤੇ ਜਿੰਦਰੋ ਨੂੰ ਮਾਮਾ-ਮਾਮੀ ਕਹਿਣ ਲੱਗ ਪਿਆ ਸੀ।

ਬੰਤ, ਉਹਦੀ ਮਾਂ ਤੇ ਪਤਨੀ ਵੇਟਿੰਗ ਹਾਲ 'ਚ ਜਿੰਦਰੋ ਕੋਲ ਬੈਠੇ ਦੁੱਖ ਸਾਂਝਾ ਕਰਦੇ ਰਹੇ।

"ਭਾਜੀ, ਤੁਸੀਂ ਕੰਮ ਤੋਂ ਲੇਟ ਹੁੰਦੇ ਹੁਣੇ ਆਂ। ਤੁਸੀਂ ਜਾਓ। ਮੈਂ ਤੇ ਮੰਮੀ, ਡੈਡੀ ਦੇ ਕੋਲ ਈ ਆਂ। ਅੱਜ ਮੇਰਾ ਔਫ਼ ਐ।" ਪੰਦਰਾਂ ਕੁ ਮਿੰਟਾਂ ਬਾਅਦ ਮਸੋਸਿਆ ਬੈਠਾ ਜੱਗੀ ਬੋਲਿਆ।

"ਹਾਂ, ਠੀਕ ਐ ਜੱਗੀ। ਮੈਂ ਕੰਮ ਤੋਂ ਛੁੱਟੀ ਹੋਣ 'ਤੇ ਸਿੱਧਾ ਇਥੇ ਆਊਂਗਾ। ਟੈਂਸ਼ਨ ਨਾ

ਲਈਂ। ਮੰਮੀ, ਥੁਆਡੇ ਕੋਲ਼ ਰਹੂਗੀ।” ਬੰਤ, ਆਪਣੀ ਪਤਨੀ ਨਾਲ ਤੁਰਨ ਲਈ ਇਕਦਮ ਉੱਠ ਪਿਆ। ਕਾਹਲ਼ੀ ਨਾਲ ਤੁਰੇ ਜਾਂਦਿਆਂ ਉਸ, ਜੱਗੀ ਦਾ ਕਲ਼ਾਵਾ ਭਰ ਪਿੱਠ ਪਲੋਸੀ। ਹਸਪਤਾਲ ਵਿਚੋਂ ਨਿਕਲ ਸਿੱਧਾ ਉਹ ਆਪਣੀ ਗੱਡੀ ਵੱਲ ਨੂੰ ਦੌੜਿਆ।

"ਅੱਛਾ ਬਾਬਾ ਨਾਨਕਾ, ਮੇਰੇ ਬੰਦੇ ਨੂੰ ਤੰਦਰੁਸਤੀ ਬਖਸ਼ੀ। ਹੁਣ ਤੇਰੇ ਈ ਰੱਖਣ ਦੇ ਆਂ।” ਦੁਪਹਿਰ ਵੇਲੇ ਜਿੰਦਰੋ, ਬੰਤ ਦੀ ਮਾਂ ਨਾਲ ਸਮੈਦਿਕ ਦੇ ਗੁਰੂ ਨਾਨਕ ਗੁਰਦੁਆਰੇ ਗਈ। ਅੱਖਾਂ ਮੀਟੀਆਂ। ਹੱਥ ਜੋੜੇ । ਅਰਦਾਸ ਕੀਤੀ। ਸ਼ਰਧਾ ਨਾਲ ਝੁਕੀ। ਪ੍ਰਸ਼ਾਦ ਲਿਆ ਤੇ ਹਸਪਤਾਲ ਮੁੜ ਆਈ। ਪ੍ਰਸ਼ਾਦ ਦਾ ਕਿਰਾ ਜਗੀਰ ਦੇ ਮੂੰਹ ਲਾਇਆ। ਉਹਨੂੰ ਸਕੂਨ ਮਿਲਿਆ। ਤਸੱਲੀ ਹੋਈ। ਮਨ ਠਹਿਰ ਗਿਆ।

ਤਿੰਨ ਦਿਨ ਬਾਅਦ ਉਹਨਾਂ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ । ਘਰ ਆਏ। ਉਹ, ਜਗੀਰ ਨੂੰ ਅੱਪ-ਸਟੇਅਰ ਬੈੱਡ ਰੂਮ ਵਿਚ ਪੌੜੀਆਂ ਰਾਹੀਂ ਲਿਜਾਣ ਲੱਗੇ। ਜੱਗੀ, ਕਦੀ ਜਗੀਰ ਦੀਆਂ ਬਾਹਾਂ ਫੜਦਾ, ਕਦੀ ਲੱਤਾਂ। ਕਦੀ ਉਹਦਾ ਕਲ਼ਾਵਾ ਭਰਨ ਦਾ ਯਤਨ ਕਰਦਾ। ਪਰ ਪੌੜੀਆਂ ਚੜ੍ਹਾਉਂਣਾ ਬੜਾ ਮੁਸ਼ਕਲ ਹੋ ਰਿਹਾ ਸੀ। ਤਿੰਨੇ ਸਾਹੋ-ਸਾਹ ਹੋ ਗਏ। ਜਗੀਰ ਨੂੰ ਉਪਰ ਨਹੀਂ ਸੀ ਲਿਜਾਇਆ ਜਾ ਰਿਹਾ। ਇਕ ਵਾਰ ਤਾਂ ਸਾਰੇ ਪੌੜੀਆਂ ਵਿਚੋਂ ਡਿੱਗਦੇ-ਡਿੱਗਦੇ ਮਸਾਂ ਬਚੇ ਸਨ।

"ਮੰਮੀ, ਠਹਿਰੋ, ਡੈਡ ਨੂੰ ਥੱਲੇ ਲਾਹੋ, ਸੋਫ਼ੇ ’ਤੇ ਬਿਠਾਲ ਦਿਓ।” ਹਾਰ-ਹੰਭ ਕੇ ਤਿੰਨਾਂ ਪੌੜਿਆਂ ਤੋਂ ਜਗੀਰ ਨੂੰ ਲਾਹ ਫਰੰਟ ਰੂਮ ਦੇ ਸੋਫ਼ੇ ’ਤੇ ਬਿਠਾਲ ਦਿੱਤਾ ਗਿਆ। ਜਿੰਦਰੋ ਤੇ ਰਿਤੂ, ਸਾਹ ਟਿਕਾਣੇ ਕਰਨ ਲਈ ਕੋਲ ਬੈਠ ਗਈਆਂ।

"ਲਿਵਿੰਗ ਰੂਮ ਵਿਚ ਬੈੱਡ ਲਾ ਦਿੰਨੇ ਆ। ਮੈਂ ਫਰਨੀਚਰ ਸ਼ਾਪ ਤੋਂ ਹੁਣੇ ਬੈੱਡ ਲੈ ਕੇ ਆਉਂਨਾ।” ਜੱਗੀ ਗੱਡੀ ਲੈ ਬਾਹਰ ਨਿਕਲ ਗਿਆ।

ਜੱਗੀ ਨੇ ਲਿਵਿੰਗ ਰੂਮ ਨੂੰ ਬੈੱਡ ਰੂਮ ਵਿਚ ਤਬਦੀਲ ਕਰ ਦਿੱਤਾ। ਫਿਰ ਉਹਨਾ, ਜਗੀਰ ਨੂੰ ਸੋਫ਼ੇ ਤੋਂ ਉਠਾਲ ਕੇ ਬੈੱਡ ’ਤੇ ਪਾ ਦਿੱਤਾ। ਸਾਰਿਆਂ ਸੁਖਾਵਾਂ ਸਾਹ ਭਰਿਆ। ਜਗੀਰ, ਆਲੋ-ਵਾਲੀ ਤੁਰਨ ਤੋਂ ਆਵਾਜ਼ਾਰ ਸੀ। ਟੁਆਲਿਟ ਤੇ ਵਾਸ਼ਰੂਮ ਲਿਜਾਣ ਲਈ, ਸਟੈਂਡ ਦਾ ਸਹਾਰਾ ਵੀ ਦਿੰਦੇ ਤੇ ਆਪ ਵੀ ਉਹਦਾ ਕਲ਼ਾਵਾ ਭਰਦੇ। ਜਿੰਦਰੋ, ਡਾਕਟਰਾਂ ਦੀ ਹਿਦਾਇਤ ਅਨੁਸਾਰ ਤੇਲ ਨਾਲ ਜਗੀਰ ਦੇ ਮੂੰਹ ਦੀ ਉਪਰ ਵੱਲ ਨੂੰ ਮਾਲਸ਼ ਕਰਦੀ। ਬਾਹਾਂ ਤੇ ਲੱਤਾਂ ਦੀ ਮਾਲਸ਼ ਵੀ ਦਿਨ ਵਿਚ ਕਈ ਵਾਰੀ ਕਰਨ ਲੱਗੀ । ਜਗੀਰ ਜੋ ਬੋਲਦਾ ਕਿਸੇ ਨੂੰ  ਸਮਝ ਨਾ ਆਉਂਦਾ। ਉਹਦੇ ਵੱਲ ਦੇਖ, ਜਿੰਦਰੋ ਦੇ ਦਿਲ ਨੂੰ ਧੂਹ ਪੈਂਦੀ । ਉਹ ਅੰਦਰੇ-ਅੰਦਰ ਰੱਜ ਰੋਂਦੀ।

‘ਮੇਰੇ ਨਾਲ ਦਿਲ ਦੀਆਂ ਗੱਲਾਂ ਕਿੱਦਾਂ ਕਰੂ?’ ਸੋਚਦੀ ਤਾਂ ਜਿੰਦਰੋ ਦੀ ਭੁੱਬ ਨਿਕਲਦੀ। ਪਰ ਉਹ ਜਗੀਰ ਸਾਮ੍ਹਣੇ ਕਦੀ ਉਦਾਸ ਨਾ ਹੁੰਦੀ। ਮੂੰਹ ’ਤੇ ਬਨਾਉਟੀ ਮੁਸਕਾਨ ਲੈ ਆਉਂਦੀ ਤਾਂ ਕਿ ਜਗੀਰ ਕੋਈ ਸਟਰੈਸ ਨਾ ਲਵੇ।

ਮਾਰਚ ਮਹੀਨੇ ਦਾ ਤੀਜਾ ਹਫ਼ਤਾ ਸੀ। ਟੀ.ਵੀ. ’ਤੇ ਦੁਨੀਆਂ ਵਿਚ ਕਰੋਨਾ ਦੀ ਮਹਾਂਮਾਰੀ ਦੇ ਫੈਲਣ ਦੀਆਂ ਖ਼ਬਰਾਂ ਆਈਆਂ। ਲੌਕਡਾਊਨ ਲੱਗ ਗਿਆ। ਚੁਫ਼ੇਰੇ ਦਹਿਸ਼ਤ ਫੈਲ ਗਈ। ਸਭ ਤ੍ਰਾਹ-ਤ੍ਰਾਹ ਕਰਨ ਲੱਗੇ। ਅੰਤਰਰਾਸ਼ਟਰੀ ਉਡਾਣਾਂ ਬੰਦ ਹੋ ਗਈਆਂ ਸਨ। ਲੋਕਾਂ ਵਿਚ ਹਫੜਾ-ਦਫੜੀ ਮੱਚ ਗਈ ਸੀ।

ਸ਼ੇਰੇ ਨੂੰ ਜਗੀਰ ਦੀ ਬਿਮਾਰੀ ਦੀ ਭਿਣਕ ਬੰਤ ਦੇ ਮਾਮੇ, ਪਾਲੇ ਤੋਂ ਲੱਗ ਗਈ। ਸ਼ੇਰੇ ਨੇ ਉਸੇ ਵੇਲੇ ਵਲੈਤ ਨੂੰ ਫ਼ੋਨ ਲਾਇਆ। ਰਿਤੂ ਨੇ ਫ਼ੋਨ ਚੁੱਕਿਆ ਤੇ ਰੁਆਸੇ ਜਿਹੇ ਰੌਂਅ ਵਿਚ ਪਿਓ ਦੀ ਬਿਮਾਰੀ ਬਾਰੇ ਦੱਸਿਆ।

"ਰਿਤੂ ਪੁੱਤ, ਵੀਰਾ ਜੀ ਨਾਲ ਮੇਰੀ ਗੱਲ ਕਰਾ।" ਸ਼ੇਰੇ ਨੇ ਰੋਂਦਿਆਂ ਵਾਂਗ ਕਿਹਾ।

"ਚਾਚਾ ਜੀ, ਡੈਡ ਜੋ ਬੋਲਦੇ ਆ, ਸਮਝ ਨਹੀਂ ਲੱਗਦਾ।"

"ਕੋਈ ਨਾ ਪੁੱਤ, ਮੈਂ ਵੀਰਾ ਜੀ ਦੀ ਆਵਾਜ਼ ਤਾਂ ਸੁਣ ਲਊਂ। ਮੈਂ ਸੌਂਹ ਖਾ ਲਈ ਆ। ਵੀਰਾ ਜੀ ਦੇ ਬੋਲ ਸੁਣਨ ਤੋਂ ਬਿਨਾਂ, ਮੈਂ ਮੂੰਹ ਨੂੰ ਅੰਨ੍ਹ ਨ੍ਹੀਂ ਲਾਉਣਾ।"

ਸ਼ੇਰੇ ਦੀ ਗੱਲ ਸੁਣ ਰਿਤੂ ਦੀਆਂ ਅੱਖਾਂ ਛੱਲਕ ਪਈਆਂ।

ਰਿਤੂ ਅੱਖਾਂ ਪੂੰਝੀਆਂ। ਮੋਬਾਇਲ, ਸਪੀਕਰ ਮੋਡ 'ਤੇ ਲਾ ਕੇ ਜਗੀਰ ਕੋਲ ਕੀਤਾ। ਸ਼ੇਰੇ ਕਈ ਵਾਰ ਵੀਰਾ ਜੀ, ਵੀਰਾ ਜੀ, ਕਿਹਾ, ਪਰ ਜਗੀਰ ਦੇ ਨਾ ਸਮਝ ਆਉਣ ਵਾਲੇ ਬੋਲ ਸੁਣ, ਸ਼ੇਰੇ ਦੀ ਭੁੱਬ ਨਿਕਲ ਗਈ।

"ਰਿਤੂ ਪੁੱਤ, ਵੀਡਿਓ ਕਾਲ ਕਰਕੇ ਮੈਨੂੰ ਵੀਰਾ ਜੀ ਦਾ ਮੂੰਹ ਦਿਖਾਅ. . .।" ਸ਼ੇਰਾ ਆਪਣੀ ਭੁੱਬ ਰੋਕ ਮਸਾਂ ਬੋਲਿਆ।

ਰਿਤੂ ਨੇ ਵੀਡੀਓ ਕਾਲ ਕੀਤੀ।

ਜਗੀਰ ਦਾ ਵਿੰਗਾ ਮੂੰਹ ਦੇਖ ਸ਼ੇਰੇ ਦਾ ਰੋਣ ਥੰਮਿਆ ਨਹੀਂ ਸੀ ਜਾ ਰਿਹਾ। ਉਸ ਦੇ ਧਾਰੀਂ ਵੱਗਦੇ ਹੰਝੂਆਂ ਨੇ ਜਿੰਦਰੋ ਤੇ ਰਿਤੂ ਨੂੰ ਵੀ ਰੁਆ ਦਿੱਤਾ। ਆਪਣੀਆਂ ਅੱਖਾਂ ਪੂੰਝ, ਜਿੰਦਰੋ, ਜਗੀਰ ਦੀਆਂ ਅੱਖਾਂ ਪੂੰਝਣ ਲੱਗੀ। ਜਿੰਦਰੋ ਤੇ ਸ਼ੇਰਾ ਇਕ-ਦੂਜੇ ਨੂੰ ਤਸੱਲੀਆਂ ਦਿੰਦੇ ਰਹੇ। ਹਰਵੰਤ ਤੇ ਜਿੰਦਰੋ ਬੜੀ ਦੇਰ ਤੱਕ ਅਪਣੱਤ ਦੀਆਂ ਗੱਲਾਂ ਠਰ੍ਹੰਮੇ ਨਾਲ ਕਰਦੀਆਂ ਰਹੀਆਂ ਤੇ ਇਕ ਦੂਸਰੀ ਨੂੰ ਹੌਂਸਲਾ ਦਿੰਦੀਆਂ ਰਹੀਆਂ ਸਨ।

ਸ਼ੇਰੇ ਨੇ ਵਲੈਤ ਆ ਕੇ ਭਰਾ ਨੂੰ ਦੇਖਣ ਦੀ ਇੱਛਾ ਜਤਾਈ। ਰਿਤੂ ਨੇ ਅੰਤਰਰਾਸ਼ਟਰੀ ਉਡਾਣਾਂ ਬੰਦ ਹੋਣ ਦਾ ਦੱਸਿਆ। ਸ਼ੇਰੇ ਦਾ ਦਿੱਲ ਮਸੋਸਿਆ ਗਿਆ। ਜੱਗੀ ਨੇ ਸ਼ੇਰੇ ਦੀ ਕਾਲ ਤੋਂ ਦੂਰੀ ਬਣਾਈ ਹੋਈ ਸੀ। ਉਹਨੇ ਘਰ ਵਿਚ ਸਖ਼ਤ ਐਲਾਨ ਕਰ ਦਿੱਤਾ ਸੀ,

"ਮੈਂ ਇੰਡੀਆਂ ਕਿਸੇ ਨਾਲ ਗੱਲ ਨ੍ਹੀਂ ਕਰਨੀ। ਨਾ ਮੈਨੂੰ ਕਿਸੇ ਨਾਲ ਗੱਲ ਕਰਨ ਲਈ ਕੰਮਪੈੱਲ ਕਰਿਓ।"

ਜੱਗੀ ਦੀ ਗੱਲ ਸੁਣ ਜਿੰਦਰੋ ਦਾ ਕਾਲਜਾ ਨਿਕਲ ਗਿਆ।

ਸ਼ੇਰਾ ਜਦੋਂ ਫੋਨ ਕਰਦਾ ਤਾਂ ਜੱਗੀ ਨਾਲ ਗੱਲ ਕਰਾਉਣ ਲਈ ਆਖਦਾ। ਜਿੰਦਰੋ ਤੇ ਰਿਤੂ ਉਹਨੂੰ ਇਸ਼ਾਰੇ ਨਾਲ ਪੁੱਛਦੀਆਂ। ਜੱਗੀ ਨਾਂਹ ਵਿਚ ਸਿਰ ਫੇਰ ਆਪਣੇ ਕਮਰੇ ਵਿਚ ਚਲੇ ਜਾਂਦਾ। ਜਿੰਦਰੋ, ਜੱਗੀ ਦੇ ਗੁੱਸੇ ਭਰੇ ਸਖ਼ਤ ਫੈਸਲੇ ਨਾਲ ਸਾਰਖ਼ਰੀ ਮਸੋਸੀ ਗਈ ਸੀ।

ਕਰੋਨਾ ਮਹਾਂਮਾਰੀ ਕਰਕੇ ਸਾਰੇ ਕੰਮ ਬੰਦ ਹੋ ਗਏ। ਜੱਗੀ ਆਪਣਾ ਕੰਮ ਔਨ-ਲਾਈਨ ਘਰ ਤੋਂ ਹੀ ਕਰਨ ਲੱਗਾ। ਉਹ ਸਾਰਾ ਦਿਨ ਆਪਣੇ ਕਮਰੇ ਦਾ ਦਰਵਾਜਾ ਬੰਦ ਕਰਕੇ ਲੈਪ ਟੌਪ ਅੱਗੇ ਬੈਠਾ ਰਹਿੰਦਾ। ਜਦੋਂ ਥੱਕ ਜਾਂਦਾ ਤੇ ਬਾਹਰ ਨਿਕਲ ਜਾਂਦਾ। ਰਿਤੂ ਦੀ ਪੜ੍ਹਾਈ ਵੀ ਔਨ-ਲਾਈਨ ਹੀ ਚੱਲ ਰਹੀ ਸੀ।

ਸ਼ੇਰਾ ਹਰ ਰੋਜ਼ ਫੋਨ ਕਰਦਾ। ਜਗੀਰ ਵੱਲ ਦੇਖ ਉਹ, ਭੁੱਬੀਂ ਹੋ ਜਾਂਦਾ। ਜਗੀਰ ਛਾਤੀ 'ਤੇ ਰੱਖਿਆ ਸੱਜਾ ਹੱਥ ਚੁੱਕਦਾ, ਇਸ਼ਾਰਾ ਕਰਕੇ ਸ਼ੇਰੇ ਨੂੰ ਰੋਣ ਤੋਂ ਵਰਜਦਾ। ਸ਼ੇਰਾ, ਜਿੰਦਰੋ

ਨਾਲ ਗੱਲਾਂ ਕਰਦਾ ਦੇਸੀ ਟੋਟਕੇ ਦੱਸਦਾ ਰਹਿੰਦਾ।

ਇਕ ਦਿਨ ਸ਼ੇਰੇ ਦਾ ਫੋਨ ਆਇਆ। ਉਸ ਨੇ ਜਗੀਰ ਦੀ ਤੰਦਰੁਸਤੀ ਲਈ ਪਿੰਡੋਂ ਬਾਹਰ ਵੱਲ ਝਿੜੀ ਵਿਚ ਬਣੇ ਗੁਰਦੁਆਰੇ ਬਾਬਾ ਸੰਗੂਆਣਾ ਸਾਹਿਬ 'ਚ ਸੁਖਮਨੀ ਸਾਹਿਬ ਦਾ ਪਾਠ ਕਰੌਣ ਬਾਰੇ ਦੱਸਿਆ।

"ਸ਼ੇਰੇ, ਵੇਟ ਕਰ। ਮੈਂ ਫੋਨ ਤੇਰੇ ਵੀਰਾ ਜੀ ਦੇ ਸਾਮ੍ਹਣੇ ਕਰਦੀ ਆਂ। ਨਾਲ਼ੇ ਤੂੰ ਉਹਨੂੰ ਦੇਖ ਲੈ। ਨਾਲ਼ੇ ਉਹਨੂੰ ਦੱਸ ਦੇ . . .। ਭਰਾਵਾ, ਜੋ ਦੁੱਖ ਆ ਗਿਆ ਹੁਣ ਕੱਟਣਾ ਈ ਪੈਣਾ। ਕੀ ਕਰ ਸਕਦੇ ਆਂ? ਮੇਰਾ ਵੀਰ ਓਦਰਿਆ ਨਾ ਕਰ। ਆਪ ਵੀ ਹੌਂਸਲਾ ਕਰ, ਇਹਨਾਂ ਨੂੰ ਵੀ ਦੇ. . .।" ਜਿੰਦਰੋ ਨੇ ਹਉਕਾ ਲੈ ਕੇ ਬਹੁਤ ਦੁੱਖ ਵਿਚ ਕਿਹਾ।

"ਠੀਕ ਐ ਭਾਬੀ ਜੀ...।"

"ਸ਼ੇਰੇ, ਆਪਣੇ ਵੀਰਾ ਜੀ ਨਾਲ ਗੱਲ ਕਰ...।" ਜਿੰਦਰੋ ਨੇ ਫ਼ੋਨ ਜਗੀਰ ਦੇ ਸੱਜੇ ਹੱਥ ਫੜਾਇਆ।

"ਵੀਰਾ ਜੀ, ਥੁਆਡੀ ਬਾਬਾ ਸੰਗੂਆਣਾ ਸਾਹਿਬ ਗੁਰਦੁਆਰੇ 'ਚ ਬਹੁਤ ਸ਼ਰਧਾ ਆ ਨਾ। ਮੈਂ ਅਗਲੇ ਐਤਵਾਰ ਉਥੇ, ਥੁਆਡੀ ਤੰਦਰੁਸਤੀ ਲਈ ਸੁਖਮਨੀ ਸਾਹਿਬ ਦਾ ਪਾਠ ਕਰਵਾਉਣਾ ਆਂ। ਸਾਰੇ ਪਿੰਡ ਨੂੰ ਉਚੇਚਾ ਸੱਦੂੰਗਾ। ਅਸੀਂ ਸਾਰੇ ਰਲ਼ ਕੇ ਥੁਆਡੀ ਤੰਦਰੁਸਤੀ ਲਈ ਅਰਦਾਸ ਕਰਾਂਗੇ।" ਜਗੀਰ ਭਾਵੁਕ ਹੋ ਗਿਆ ਸੀ, ਅੱਖਾਂ 'ਚ ਹੰਝੂ ਭਰ, ਸਿਰ ਹਿਲਾਉਂਦਾ ਰਿਹਾ। ਸ਼ੇਰਾ ਨਿੱਘੇ ਮੋਹ ਨਾਲ ਫਿਰ ਬੋਲਿਆ, "ਵੀਰਾ ਜੀ, ਮੈਂ ਉੱਦਣ ਨੂੰ ਵੀਡੀਓ ਕਾਲ ਵੀ ਕਰੂੰਗਾ। ਮੈਨੂੰ ਭਰੋਸਾ ਆ, ਬਾਬਾ ਸਾਡੀ ਅਰਦਾਸ ਜ਼ਰੂਰ ਸਫ਼ਲੀ ਕਰੂਗਾ। ਦੇਖ ਲਿਓ, ਤੁਸੀਂ ਛੇਤੀਂ ਨੌਂ-ਬਰ ਨੌਂ ਹੋ ਜਾਣਾ। ਬੋਲਣ ਵੀ ਲੱਗ ਜਾਣਾ। ਠੀਕ ਹੋ ਕੇ ਫੇਅ ਇੰਡੀਆ ਆਇਓ। ਮੈਂ ਡੀਕੂੰਗਾ।"

ਜਿੰਦਰੋ, ਜਗੀਰ ਵੱਲ ਹਸਰਤ ਭਰੀਆਂ ਨਜ਼ਰਾਂ ਨਾਲ ਦੇਖ ਰਹੀ ਸੀ। ਜਗੀਰ ਦੇ ਬੁੱਲ੍ਹਾਂ 'ਤੇ ਮੁਸਕਰਾਹਟ ਸੀ। ਪਰ ਅੱਖਾਂ ਪਾਣੀ ਨਾਲ ਭਰੀਆਂ ਪਈਆਂ ਸਨ। ਉਹ ਬਿਨਾਂ ਅੱਖ ਝਮੱਕਿਆਂ ਮੋਬਾਇਲ ਸਕੀਰਨ 'ਤੇ ਸ਼ੇਰੇ ਦੀ ਤਸਵੀਰ ਵੱਲ ਟੇਰ ਲਾ ਝਾਕੀ ਜਾ ਰਿਹਾ ਸੀ। ਜਿੰਦਰੋ ਭਰਾਵਾਂ ਦੇ ਪਿਆਰ ਨੂੰ ਦੇਖਦੀ ਪਿਘਲੀ ਜਾ ਰਹੀ ਸੀ।

***

ਜੱਗੀ ਬਾਹਰੋਂ ਆ, ਥੋੜ੍ਹਾ ਸਮਾਂ ਜਗੀਰ ਕੋਲ ਜ਼ਰੂਰ ਬੈਠਦਾ। ਹਾਲ ਪੁੱਛਦਾ। ਮਿੱਟੀ ਬਣੀ, ਖੱਬੀ ਬਾਂਹ ਆਪਣੇ ਹੱਥਾਂ ਵਿਚ ਲੈ ਕੇ ਪਲੋਸਦਾ ਤੇ ਸਹਿਜ ਨਾਲ ਮਾਲਸ਼ ਕਰਨ ਵਾਂਗ ਹੱਥ ਫੇਰਦਾ ਰਹਿੰਦਾ। ਪਿਓ ਨਾਲ ਸਿਹਤ ਬਾਰੇ ਉਸਾਰੂ ਗੱਲਾਂ ਕਰਦਾ।

ਘਰ ਵਿਚ ਜ਼ਮੀਨ ਬਾਰੇ ਮੁੜ ਕਦੀ ਕੋਈ ਗੱਲ ਨਾ ਛਿੜੀ। ਇਸ ਚੈਪਟਰ ਨੂੰ ਸਭ ਨੇ ਇਕ ਤਰ੍ਹਾਂ ਠੱਪ ਕਰ ਦਿੱਤਾ ਸੀ। ਸ਼ੇਰੇ ਦਾ ਫ਼ੋਨ ਆਉਂਦਾ। ਉਹ ਜਗੀਰ ਨੂੰ ਖੇਤੀਬਾੜੀ, ਆਂਡ-ਗੁਆਂਢ ਅਤੇ ਪਿੰਡ ਦੀਆਂ ਲੰਬੀਆਂ ਗੱਲਾਂ ਦੱਸਦਾ ਫਿਰ ਫੋਨ ਹਰਵੰਤ ਨੂੰ ਫੜਾ ਦਿੰਦਾ। ਦਰਾਣੀ-ਜਠਾਣੀ ਬਹੁਤ ਦੇਰ ਤੱਕ ਗੱਲਾਂ ਕਰਦੀਆਂ ਰਹਿੰਦੀਆਂ।

ਜਗੀਰ ਛੇਤੀਂ ਹੀ ਸਟੈਂਡ ਦੇ ਸਹਾਰੇ ਨਾਲ ਤੁਰਨ-ਫਿਰਨ ਜੋਗਾ ਹੋ ਗਿਆ। ਪਰ ਬੋਲਣ ਵਿਚ ਕੋਈ ਸੁਧਾਰ ਨਾ ਹੋਇਆ। ਅਧਰੰਗ ਦੇ ਦੌਰੇ ਦਾ ਜ਼ਿਆਦਾ ਅਸਰ ਜ਼ੁਬਾਨ 'ਤੇ ਪੈ ਗਿਆ ਸੀ। ਜਗੀਰ ਦੇ ਸਾਫ਼ ਨਾ ਬੋਲਣ ਦਾ ਦੁੱਖ ਸਭ ਤੋਂ ਵੱਧ ਜਿੰਦਰੋ ਨੂੰ ਹੀ ਸੀ।

ਟੀ.ਵੀ. ਦੇ ਪੰਜਾਬੀ ਚੈਨਲਾਂ ਉਪਰ ਭਾਰਤੀ ਪੰਜਾਬ ਦੇ 'ਕਿਸਾਨੀ ਮੋਰਚੇ' ਦੀਆਂ ਖ਼ਬਰਾਂ ਦਾ ਜਲੌਅ ਸੀ। ਦੇਸ਼-ਵਿਦੇਸ਼ ਵਿਚ ਹਰ ਪੰਜਾਬੀ ਦੀ ਜ਼ੁਬਾਨ 'ਤੇ ਕਿਸਾਨ ਮੋਰਚੇ ਦੀ ਚਰਚਾ ਸੀ। ਜਗੀਰ ਬੈੱਡ-ਰੂਮ ਵਿਚ ਹੁੰਦਾ ਤਾਂ ਜਿੰਦਰੋ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਆਉਂਦਾ ਕੀਰਤਨ ਲਾਇਆ ਹੁੰਦਾ । ਜਗੀਰ ਬਿਸਤਰੇ ਵਿਚੋਂ ਉੱਠਦਾ, ਔਖਾ-ਸੌਖਾ ਹੋ ਆਪ ਹੀ ਬੁਰਸ਼ ਕਰਦਾ। ਹੱਥ-ਮੂੰਹ ਧੋਂਦਾ ਤੇ ਫਰੰਟ ਰੂਮ ਵਿਚ ਆ ਬੈਠਦਾ। ਰਿਮੋਟ ਸੱਜੇ ਹੱਥ ਵਿਚ ਫੜ ਲੈਂਦਾ । ਨਿੱਜੀ ਪੰਜਾਬੀ ਟੀ.ਵੀ. ਚੈਂਨਲਾਂ 'ਤੇ ਕਿਸਾਨੀ ਮੋਰਚੇ ਦੀਆਂ ਖ਼ਬਰਾਂ ਦੇਖਦਾ ਰਹਿੰਦਾ। ਚੈਂਨਲਾਂ 'ਤੇ ਕਿਸਾਨ ਵਿਰੋਧੀ ਕਾਨੂੰਨਾਂ ਦੀ ਚਰਚਾ ਹੁੰਦੀ। ਬਹਿਸਾਂ ਹੁੰਦੀਆਂ। ਧੂੰਆਂ-ਧਾਰ ਭਾਸ਼ਣ ਹੁੰਦੇ। ਮੁਜ਼ਾਰੇ ਹੁੰਦੇ। ਰੈਲੀਆਂ ਹੁੰਦੀਆਂ। ਹਰ ਪਾਸੇ ਕਾਲੇ ਕਾਨੂੰਨਾਂ ਦਾ ਜ਼ੋਰਦਾਰ ਵਿਰੋਧ ਹੁੰਦਾ ਦੇਖਦਾ, ਉਹ ਅੱਖ ਝਮਕਣੀ ਹੀ ਭੁੱਲ ਜਾਂਦਾ।

ਟੀ.ਵੀ. ਦੇਖਦਿਆਂ ਉਹਨੂੰ ਵੀ ਜੋਸ਼ ਚੜ੍ਹਦਾ। ਖ਼ਬਰਾਂ ਦੇਖਦਾ ਉਹ ਆਪਣੀ ਸੁੱਧ-ਬੁੱਧ ਭੁੱਲ ਜਾਂਦਾ। ਮੇਜ਼ 'ਤੇ ਪਈ ਰੋਟੀ ਠੰਢੀ ਹੋ ਜਾਂਦੀ। ਜਿੰਦਰੋ, ਉਹਦੇ ਮੋਢੇ ਨੂੰ ਹਿਲਾਅ ਕੇ ਰੋਟੀ ਠੰਡੀ ਹੋਣ ਦਾ ਯਾਦ ਕਰਾਉਂਦੀ।

ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਦਿੱਲੀ ਘੇਰਨ ਦਾ ਪ੍ਰੋਗਰਾਮ ਦੇ ਦਿੱਤਾ ਸੀ। ਜੋਸ਼ੀਲੇ ਰੌਂਅ ਵਿਚ ਕਿਸਾਨਾਂ ਦਿੱਲੀ ਵੱਲ ਚਾਲੇ ਪਾ ਦਿੱਤੇ ਸਨ। ਤਰਪਾਲਾਂ ਪਾਏ ਟ੍ਰੈਕਟਰ-ਟ੍ਰਾਲੀਆਂ ਦੀਆਂ ਹੇੜਾਂ ਪੰਜਾਬ ਤੋਂ ਦਿੱਲੀ ਤੱਕ ਜੀ. ਟੀ. ਰੋਡ 'ਤੇ ਨਜ਼ਰ ਆਉਣ ਲੱਗੀਆਂ। ਟ੍ਰਾਲੀਆਂ ਵਿਚ ਰਾਸ਼ਨ, ਲੱਕੜਾਂ, ਮੰਜੇ-ਬਿਸਤਰੇ ਅਤੇ ਹੋਰ ਘਰੇਲੂ ਵਰਤੋਂ ਦਾ ਸਮਾਨ ਲੱਦਿਆ ਹੋਇਆ ਸੀ। ਕਿਸਾਨਾਂ ਦੇ ਨਾਲ ਪੰਜਾਬ ਦਾ ਹਰ ਨੌਜਵਾਨ, ਬੁੱਧੀਜੀਵੀ, ਕਿਸਾਨ-ਮਜ਼ਦੂਰ ਅਤੇ ਹੋਰ ਲੋਕਾਂ ਨੇ ਦਿੱਲੀ ਵੱਲ ਵਹੀਰਾਂ ਘੱਤ ਦਿੱਤੀਆਂ ਸਨ।

ਸਿੰਘੂ ਵਾਡਰ 'ਤੇ ਜੋਸ਼ੀਲਾ ਮਾਹੌਲ ਬਣ ਗਿਆ ਸੀ। ਦੇਖ ਕੇ ਇਸ ਤਰ੍ਹਾਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਉਥੇ ਨਵਾਂ ਪੰਜਾਬ ਵੱਸ ਗਿਆ ਹੋਵੇ।

ਟੀ.ਵੀ. 'ਤੇ ਕਿਸਾਨ ਮੋਰਚੇ ਦੀਆਂ ਖ਼ਬਰਾਂ ਦੇਖਦਿਆਂ, ਜਗੀਰ ਨੂੰ ਆਪਣਾ ਦੁੱਖ ਭੁੱਲ ਗਿਆ ਸੀ। ਉਸ ਦੇ ਚਿਹਰੇ 'ਤੇ ਵੱਖਰੀ ਤਰ੍ਹਾਂ ਦੇ ਹਾਵ-ਭਾਵ ਦਿਖਾਈ ਦੇ ਰਹੇ ਸਨ। ਹੁਣ ਸਾਰਾ ਦਿਨ ਟੀ.ਵੀ. ਚਲਦਾ। ਜਗੀਰ, ਕਿਸਾਨ ਮੋਰਚੇ ਦੀਆਂ ਖ਼ਬਰਾਂ ਤੋਂ ਬਿਨਾਂ ਹੋਰ ਕੋਈ ਚੈਂਨਲ ਨਾ ਲਾਉਂਦਾ। ਰਾਤ ਨੂੰ ਸੌਂਣ ਵੇਲੇ ਹੀ ਟੀ.ਵੀ. ਬੰਦ ਕਰਦਾ।

ਇਕ ਦਿਨ ਜੱਗੀ ਬਾਹਰੋਂ ਆਇਆ। ਫਰੰਟ ਰੂਮ ਵਿਚ ਪੈਰ ਧਰਿਆ। ਉਸ ਮਾਂ-ਪਿਓ ਨੂੰ ਸੋਫ਼ੇ 'ਤੇ ਬਹੁਤ ਗਮਮੀਨ ਰੌਂਅ ਵਿਚ ਬੈਠਿਆਂ ਦੇਖਿਆ। ਦੋਹਾਂ ਦੀਆਂ ਅੱਖਾਂ ਗਿੱਲੀਆਂ ਹੋਈਆਂ ਪਈਆਂ ਸਨ, ਜਿਵੇਂ ਉਹ ਰੋ ਕੇ ਹਟੇ ਹੋਣ। ਦੋਹਾਂ ਦੇ ਚਿਹਰੇ ਗ਼ਮ ਵਿਚ ਡੁੱਬੇ ਪਏ ਸਨ। ਦੇਖ ਕੇ ਜੱਗੀ ਠਠੰਬਰ ਗਿਆ। ਉਸ ਹੈਰਾਨੀ ਤੇ ਨੀਝ ਨਾਲ ਦੋਹਾਂ ਵੱਲ ਦੇਖਿਆ। ਫਿਰ ਉਸ ਦੀ ਨਜ਼ਰ ਟੀ. ਵੀ. ਵੱਲ ਗਈ। ਸਾਰਾ ਦਿਨ ਕਿਸਾਨੀ ਖ਼ਬਰਾਂ ਦੱਸਣ ਵਾਲਾ ਟੀ. ਵੀ. ਅੱਜ ਮੁਰਦਾ ਚੁੱਪ ਵਿਚ ਸੀ। ਜੱਗੀ ਡਰ ਜਿਹਾ ਗਿਆ। ਕਦੀ ਉਹ ਮਾਂ-ਪਿਓ ਵੱਲ ਦੇਖੇ ਅਤੇ ਕਦੀ ਬੰਦ ਪਏ ਟੀ. ਵੀ. ਵੱਲ। ਕੁਝ ਵੀ ਸਮਝ ਨਾ ਲੱਗੀ ਤਾਂ ਉਹ ਬੇਚੈਨ ਜਿਹਾ ਹੋ ਗਿਆ।

"ਮੌਮ...। ਕੀ ਹੋਇਆ...? ਏਦਾਂ ਕਿਉਂ ਬੈਠੇ ਓਂ?" ਜੱਗੀ ਅੱਗੇ ਵਧਿਆ ਤੇ ਖੜ੍ਹੇ ਨੇ ਹੀ ਜਿੰਦਰੋ ਦੇ ਮੋਢੇ 'ਤੇ ਹੱਥ ਧਰਿਆ।

ਜੱਗੀ ਦੀਆਂ ਅੱਖਾਂ ਵਿਚ ਦੇਖ, ਜਿੰਦਰੋ ਦੀ ਚਿਰਾਂ ਤੋਂ ਰੋਕੀ ਭੁੱਬ ਨਿਕਲ ਗਈ। ਜਗੀਰ ਦਾ ਰੋਣ ਵੀ ਉੱਚੀ ਹੋਇਆ।

"ਮੌਮ...? ਵੱਟ ਹੈਪਨ...? ਟੈੱਲ ਮੀ...।" ਜੱਗੀ ਨੇ ਬੇਚੈਨੀ ਵਿਚ ਧਾਰੋ-ਧਾਰ ਰੋਂਦੀ ਮਾਂ ਦਾ ਮੋਢਾ ਹਲੂਣਿਆ।

"ਤੇਰੇ ਚਾਚੇ ਦਾ ਐਕਸੀਡੈਂਟ ਹੋ ਗਿਆ।" ਜਿੰਦਰੋ ਰੋਂਦਿਆਂ ਬੋਲੀ।

"ਉਹ ਕਿੱਦਾਂ...?" ਜੱਗੀ ਤ੍ਰਬਕ ਗਿਆ।

"ਤੇਰੀ ਚਾਚੀ ਦਾ ਰੋਂਦੀ ਦਾ ਫੂਨ ਆਇਆ ਸੀ।" ਜਿੰਦਰੋ ਅੱਖਾਂ ਪੂੰਝਦੀ ਬੋਲੀ। "ਕਹਿੰਦੀ, ਸ਼ੇਰਾ ਰਾਸ਼ਨ ਦੀ ਭਰੀ ਟ੍ਰਾਲੀ ਲੈ ਕੇ ਦਿੱਲੀ ਕਿਸਾਨ ਮੋਰਚੇ 'ਤੇ ਜਾ ਰਿਹਾ ਸੀ। ਪਾਣੀਪਤ ਕੋਲ਼ ਟ੍ਰਾਲੀ ਮੋਹਰੇ ਅਵਾਰਾ ਗਾਂ ਆ ਗਈ ।ਸੀਗਾ ਤੇਜ। ਗਾਂ ਨੂੰ ਬਚਾਉਂਦਿਆਂ ਟ੍ਰੈਕਟਰ-ਟ੍ਰਾਲੀ ਦੋਵੇਂ ਪਲਟ ਗਏ। ਚਾਚਾ ਤੇਰਾ ਟ੍ਰੈਕਟਰ ਦੇ ਥੱਲੇ ਆ ਗਿਆ। ਦੋਵੇਂ ਲੱਤਾਂ ਟੁੱਟ ਗਈਆਂ।"

"ਓ ਮਾਈ ਗਾੱਡ...।" ਜੱਗੀ ਦਾ ਆਪਾ ਭੁਚਾਲ ਵਾਂਗ ਕੰਬ ਗਿਆ। ਉਹਨੇ ਖੜ੍ਹੇ-ਖੜੌਤੇ ਨੇ ਅਸਹਿ ਦੁੱਖ ਨਾਲ ਆਪਣਾ ਸਿਰ ਦੋਹਾਂ ਹੱਥਾਂ ਵਿਚ ਲੈ ਲਿਆ।

ਜਿੰਦਰੋ ਅਤੇ ਜਗੀਰ ਦੀ ਇਕ ਵਾਰ ਫਿਰ ਭੁੱਬ ਨਿਕਲ ਗਈ ਸੀ।

ਜੱਗੀ ਔਹਲ ਕੇ ਜਗੀਰ ਦੇ ਨੇੜੇ ਆਇਆ। ਬੈਠ ਗਿਆ ਤੇ ਉਹਦਾ ਕਲ਼ਾਵਾ ਭਰ ਲਿਆ। ਹੁਬਕੀ ਰੋਂਦੇ ਜਗੀਰ ਨੇ ਜੱਗੀ ਦੇ ਮੋਢੇ ਨਾਲ ਸਿਰ ਲਾ ਲਿਆ ਤੇ ਉਹਦੀ ਬਾਂਹ ਘੁੱਟ ਕੇ ਫੜ ਲਈ। ਜੱਗੀ ਚੁੱਪ-ਚਾਪ ਬੈਠਾ ਸਾਮ੍ਹਣੇ ਬੰਦ ਪਏ ਟੀ.ਵੀ. ਵੱਲ ਦੇਖਦਾ ਸੋਚਾਂ ਵਿਚ ਡੁੱਬਿਆ ਰਿਹਾ। ਕਮਰੇ ਅੰਦਰ ਸਿਸਕੀਆਂ ਅਤੇ ਹਟਕੋਰਿਆਂ ਦਾ ਹੜ੍ਹ ਆਇਆ ਹੋਇਆ ਸੀ।

ਕੁਝ ਦੇਰ ਬਾਅਦ ਜੱਗੀ, ਬਿਨਾਂ ਬੋਲਿਆਂ ਉੱਠਿਆ। ਆਪਣੀ ਜੇਬ ਵਿਚੋਂ ਮੋਬਾਇਲ ਫੋਨ ਕੱਢਿਆ। ਉਹ ਅਪ-ਸਟੇਅਰ ਬੈੱਡ ਰੂਮ ਦੀਆਂ ਪੌੜੀਆਂ ਕਾਹਲ਼ੀ ਵਿਚ ਚੜ੍ਹਨ ਲੱਗਾ। ਜਗੀਰ ਤੇ ਜਿੰਦਰੋ ਨੇ ਉਹਨੂੰ ਜਾਂਦੇ ਨੂੰ ਪਿੱਛਿਓਂ ਦੇਖ ਗਹਿਰਾ ਹਉਕਾ ਭਰਿਆ। ਬੈੱਡ ਰੂਮ ਵਿਚ ਜਾ, ਜੱਗੀ ਨੇ ਜ਼ੋਰ ਨਾਲ ਡੋਰ ਬੰਦ ਕਰ ਲਈ ਸੀ।

"ਸ਼ੁਕਰ ਕਰੋ, ਸ਼ੇਰੇ ਦੀ ਜਾਨ ਬੱਚ ਗਈ ਆ। ਨਹੀਂ ਪੱਟੇ ਗਏ ਸੀ ਆਪਾਂ...?" ਜਿੰਦਰੋ ਨੇ ਹਉਕਾ ਖਿੱਚ, ਗਿੱਲੀਆਂ ਅੱਖਾਂ ਨਾਲ ਜਗੀਰ ਵੱਲ ਦੇਖਦਿਆਂ ਕਿਹਾ, "ਹਿੰਮਤ ਰੱਖੋ, ਇਥੇ ਬੈਠੇ ਕੀ ਕਰ ਸਕਦੇ ਆਂ ਆਪਾਂ...? ਪੁੱਤ ਮੇਰਾ ਤਾਂ ਇੰਡੀਆਂ ਦਾ ਨਾਮ ਤੱਕ ਨ੍ਹੀਂ ਲੈਂਦਾ। ਕੌਣ ਜਾ ਕੇ ਦੇਖੇ ਸ਼ੇਰੇ ਨੂੰ...?" ਜਿੰਦਰੋ ਲਾਚਾਰ ਅਤੇ ਬੇਵੱਸੀ ਵਿਚ ਦੁੱਖ ਨਾਲ ਬੋਲੀ, "ਥੁਆਡੇ ਭਰਾਵਾਂ ਦੇ ਪਿਆਰ ਨੂੰ ਪਤਾ ਨ੍ਹੀਂ ਕਿਸ ਚੰਦਰੇ ਦੀ ਨਜ਼ਰ ਲੱਗ ਗਈ ਆ...। ਰੱਬਾ, ਕਿਹੜੀ ਗ਼ਲਤੀ ਹੋ ਗਈ ਆ ਸਾਡੇ ਤੋਂ...?" ਉਸ ਨੇ ਹੱਥ ਜੋੜ ਪਲਕ ਮਾਤਰ ਟੀ.ਵੀ. ਦੇ ਉਪਰ ਕੰਧ ਨਾਲ ਟੰਗੀ ਦਰਬਾਰ ਸਾਹਿਬ ਦੀ ਤਸਵੀਰ ਵੱਲ ਦੇਖਿਆ।

ਕਾਫੀ ਦੇਰ ਤੱਕ ਉਹ ਦੋਵੇਂ ਚੁੱਪ ਸਾਧੀ ਸੋਚਾਂ ਨਾਲ ਘੁਲ਼ੀ ਜਾ ਰਹੇ ਸਨ। ਪਰ ਕੋਈ ਰਾਹ ਨਜ਼ਰ ਨਹੀਂ ਸੀ ਆ ਰਿਹਾ।

"ਥੁਆਨੂੰ ਛੱਡ ਕੇ ਮੈਂ ਜਾ ਨ੍ਹੀਂ ਸਕਦੀ। ਥੁਆਡਾ ਜਾਣਾ ਸੌਖਾ ਨ੍ਹੀਂ ।ਮੁੰਡਾ ਜਾਣ ਦਾ ਨਾਂ ਨ੍ਹੀਂ ਲੈਂਦਾ।" ਉਹ ਮਾਯੂਸੀ ਵਿਚ ਬੋਲੀ, "ਰੱਬ ਨੇ ਸਾਨੂੰ ਕਿੱਡੀ ਵੱਡੀ ਮੁਸੀਬਤ ਵਿਚ

ਪਾ ਦਿੱਤਾ। ਕਦੀ ਸੋਚਿਆ ਈ ਨ੍ਹੀਂ ਸੀ, ਪਈ ਐਡੀ ਵੱਡੀ ਬਿਪਤਾ ਪੈ ਜਊਗੀ।" ਜਿੰਦਰੋ ਤੜਫ਼ ਰਹੀ ਸੀ। ਉਹ ਵਾਰ-ਵਾਰ ਆਪਣੀਆਂ ਤੇ ਜਗੀਰ ਦੀਆਂ ਅੱਖਾਂ ਵਿਚੋਂ ਧਾਰੋ-ਧਾਰ ਵਗਦੇ ਹੰਝੂ ਪੂੰਝ ਰਹੀ ਸੀ।

"ਮੌਮ...?" ਆਪਣੇ ਬੈੱਡ ਰੂਮ ਵਿਚੋਂ ਨਿਕਲ, ਪੌੜੀਆਂ 'ਚ ਖੜ੍ਹ, ਜੱਗੀ ਵੱਡੀ ਸਾਰੀ ਆਵਾਜ਼ ਵਿਚ ਬੋਲਿਆ।

ਜਿੰਦਰੋ ਤੇ ਜਗੀਰ ਤ੍ਰਭਕ ਗਏ। ਜਦੋਂ ਉਹਨਾਂ ਜੱਗੀ ਵੱਲ ਮੂੰਹ ਕੀਤਾ ਉਦੋਂ ਤੱਕ ਉਹ ਹਨੇਰੀ ਵਾਂਗ ਪੌੜੀਆਂ ਉਤਰ ਦੋਹਾਂ ਕੋਲ਼ ਆ ਗਿਆ।

"ਮੌਮ.. .। ਮੈਂ ਪਰਸੋਂ ਨੂੰ ਇੰਡੀਆ ਜਾ ਰਿਹਾਂ। ਚਾਚਾ ਜੀ ਨੂੰ ਦੇਖਣ।" ਜੱਗੀ ਦੇ ਬੋਲਾਂ ਵਿਚੋਂ ਮੋਹ ਡੁੱਲ੍ਹ ਰਿਹਾ ਸੀ।

ਜਿੰਦਰੋ ਤੇ ਜਗੀਰ ਡੈਂਬਰਿਆਂ ਵਾਂਗ ਬਿਨਾਂ ਬੋਲਿਆ, ਉਸ ਵੱਲ ਦੇਖਣ ਲੱਗੇ। ਹੈਰਾਨੀ ਵਿਚ ਉਹਨਾਂ ਦੇ ਮੂੰਹ ਅੱਡੇ ਹੋਏ ਸਨ। ਜਿਵੇਂ ਉਹਨਾਂ ਨੂੰ ਇਹ ਝੂਠ ਲੱਗ ਰਿਹਾ ਹੋਵੇ। ਉਹਨਾਂ ਕੋਈ ਹੁੰਗਾਰਾ ਨਾ ਭਰਿਆ।

"ਡੈਡ...ਟ੍ਰੱਸਟ ਮਾਈਨ...। ਰੀਅਲੀ ਆਈ ਐਮ ਗੋਇੰਗ ਟੂ ਇੰਡੀਆ...।" ਜੱਗੀ ਨੇ ਮੋਹ ਨਾਲ ਜਗੀਰ ਦਾ ਚਿਹਰਾ ਆਪਣੇ ਦੋਹਾਂ ਹੱਥਾਂ ਵਿਚ ਲੈਂਦਿਆਂ ਇਕ ਵਾਰੀ ਫਿਰ ਆਪਣੀ ਗੱਲ 'ਤੇ ਜ਼ੋਰ ਦੇ ਕੇ ਕਿਹਾ, "ਹਾਂ ਡੈਡ, ਤੁਸੀਂ ਤਾਂ ਜਾ ਨ੍ਹੀਂ ਸਕਦੇ। ਮੈਂ ਸੋਚਦਾਂ, ਇਸ ਸਮੇਂ ਆਪਾਂ ਨੂੰ ਚਾਚਾ ਜੀ ਦੇ ਦੁੱਖ ਵਿਚ ਸਾਥ ਦੇਣਾ ਚਾਹੀਦਾ ਆ। ਤੁਸੀਂ ਕੋਈ ਟੈਂਸ਼ਨ ਨਾ ਲਓ। ਮੈਂ ਉਦੋਂ ਤੱਕ ਚਾਚਾ ਜੀ ਕੋਲ਼ ਰਹੂੰਗਾ, ਜਦੋਂ ਤੱਕ ਉਹ ਤੁਰਨ-ਫਿਰਨ ਜੋਗੇ ਨ੍ਹੀਂ ਹੋ ਜਾਂਦੇ।"

"ਸੱਚੀਂ. . .?" ਜਿੰਦਰੋ ਦੀਆਂ ਅੱਖਾਂ ਵਿਚ ਹੰਝੂ ਅਤੇ ਬੁੱਲ੍ਹਾਂ 'ਤੇ ਮੁਸਕਾਨ ਸੀ।

"ਹਾਂ, ਸੱਚੀਂ . . .। ਮੌਮ, ਮੇਰਾ ਯਕੀਨ ਕਰੋ, ਮੈਂ ਸੱਚ ਕਹਿ ਰਿਹਾਂ । ਆਹ ਵੇਖੋ ਔਨਲਾਈਨ ਮੇਰੀ ਟਿਕਟ ਬੁਕ ਹੋ ਗਈ ਆਂ. . .।" ਜੱਗੀ ਨੇ ਇਕਦਮ ਜੇਬ ਵਿਚੋਂ ਮੋਬਾਇਲ ਕੱਢਿਆ ਤੇ ਸਕਰੀਨ ਮਾਂ ਵੱਲ ਕਰਕੇ ਟਿਕਟ ਵਿਖਾਈ। "ਤੁਸੀਂ ਮੇਰੇ ਜਾਣ ਕੀ ਤਿਆਰੀ ਕਰੋ। ਚਾਚੀ ਹੁਣਾਂ ਲਈ ਜੋ ਭੇਜਣਾ, ਕੱਲ੍ਹ ਨੂੰ ਸ਼ੌਪਿੰਗ ਕਰ ਲਓ।"

"ਜੁੱਗ ਜੁੱਗ ਜੀਅ ਮੇਰਾ ਪੁੱਤ. . .।" ਜਿੰਦਰੋ ਨੇ ਮੋਹ ਭਰੇ ਉਛਾਲੇ ਨਾਲ ਜੱਗੀ ਨੂੰ ਬੁਕਲ ਵਿਚ ਲੈ ਕੇ ਘੁੱਟ ਲਿਆ, "ਮੁਦਤਾਂ ਬਾਅਦ ਤੇਰੇ ਮੂੰਹੋਂ ਮੋਹ ਆਲ਼ੇ ਬੋਲ ਸੁਣ ਕੇ ਸਾਡੀਆਂ ਮੁਰਦਾ ਦੇਹਾਂ ਵਿਚ ਜਾਨ ਪੈ ਗਈ ਆਂ।"

"ਮੌਮ, ਆਪਾਂ ਤੋਂ ਬਿਨਾਂ ਚਾਚਾ ਜੀ ਦਾ ਹੋਰ ਹੈ ਈ ਕੌਣ . . .?" ਜੱਗੀ ਨੇ ਸੰਜ਼ੀਦਾ ਜਿਹਾ ਆਖ, ਇਕ ਬਾਂਹ ਜਿੰਦਰੋ ਤੇ ਦੂਜੀ ਜਗੀਰ ਦੇ ਦੁਆਲ਼ੇ ਵਲ਼ ਲਈ ਸੀ।

ਜਗੀਰ ਤੇ ਜਿੰਦਰੋ ਦੀਆਂ ਅੱਖਾਂ ਭਾਂਵੇਂ ਹੰਝੂਆਂ ਨਾਲ ਭਰੀਆਂ ਪਈਆਂ ਸਨ। ਪਰ ਉਹਨਾਂ ਦੇ ਚਿਹਰਿਆਂ 'ਤੇ ਖੁਸ਼ੀਆਂ ਦਾ ਹੜ੍ਹ ਆ ਗਿਆ ਸੀ। ਖੁਸ਼ੀ ਉਹਨਾਂ ਦੇ ਅੰਦਰ ਸਾਂਭਿਆਂ ਵੀ ਬਾਹਰ ਨੂੰ ਆ ਰਹੀ ਸੀ।

***

(**ਸੰਪਰਕ** : 88728-54500)

ਕਹਾਣੀ

# ਜ਼ਾਬਤਾ

## ਚਰਨਜੀਤ ਸਿੰਘ ਪੰਨੂ



ਅੱਜ ਮੈੱਕਸਲ ਦਾ ਜਨਮ ਦਿਨ ਹੈ। ਇਸ ਸੰਬੰਧ ਵਿਚ ਖ਼ੂਬ ਜਸ਼ਨ ਮਨਾਏ ਜਾ ਰਹੇ ਹਨ। ਪਿਛਲੇ ਕਈ ਦਿਨਾਂ ਤੋਂ ਇਨ੍ਹਾਂ ਜਸ਼ਨਾਂ ਵਾਸਤੇ ਤਿਆਰੀ ਚੱਲ ਰਹੀ ਹੈ। ਹਰ ਰੋਜ਼ ਉਸ ਨੂੰ ਨੁਹਾ ਧੁਆ ਕੇ ਲਿਸ਼ਕਾਇਆ ਸ਼ਿੰਗਾਰਿਆ ਜਾਂਦਾ ਰਿਹਾ ਹੈ। ਉਸ ਦੇ ਦੰਦ ਫਲਾਸ ਕਰ ਕੇ ਲਿਸ਼ਕਾਏ ਜਾਂਦੇ ਹਨ। ਵਾਲ ਭਰਵੱਟੇ ਕੱਟ ਕੇ ਉਸ ਨੂੰ ਨਿਹਾਰਿਆ ਜਾਂਦਾ ਹੈ। ਪੈਰਾਂ ਵਾਸਤੇ ਮਖ਼ਮਲੀ ਮੌਜ਼ੇ ਬੁਟੀਕ ਕੋਲੋਂ ਸਪੈਸ਼ਲ ਸਾਈ ਦੇ ਬਣਵਾਏ ਗਏ ਹਨ।

ਇਸ ਘਰ ਪੈਰ ਪਾਇਆਂ ਅੱਜ ਉਸ ਨੂੰ ਇੱਕ ਸਾਲ ਹੋ ਗਿਆ ਹੈ। ਮੂੰਹ ਵਿਚੋਂ ਦਰਦ ਮਨਾਉਂਦਾ ਵੇਖ ਕੇ ਉਸ ਦੇ ਦੰਦ ਚੈੱਕ ਕਰਾਉਣ ਡਾਕਟਰ ਕੋਲ ਲੈ ਗਏ। ਵੈਟਰਨਰੀ ਡਾਕਟਰ ਨੇ ਮੁਆਇਨਾ ਕਰ ਕੇ ਫਲਾਸ ਕਰ ਦਿੱਤੀ ਤੇ ਦੱਸਿਆ ਕਿ ਪਿਛਲਾ ਇੱਕ ਦੰਦ ਹਿੱਲਦਾ ਹੈ, ਉਹ ਕੱਢਣਾ ਪਵੇਗਾ... ਬਾਕੀ ਦੰਦਾਂ ਦੀ ਵੀ ਡੀਪ-ਕਲੀਨਿੰਗ ਕਰਨ ਦੀ ਲੋੜ ਹੈ।

'ਇਸ ਦੀ ਧੌਣ ਵਿਚ ਜ਼ਖ਼ਮ ਹੈ! ਇਸ ਨੂੰ ਕਿਸੇ ਨੇ ਮਾਰਿਆ ਹੈ। ਇਸ ਤਰ੍ਹਾਂ 'ਐਨੀਮਲ ਕਰੂਅਲਟੀ ਐਕਟ' (ਬੇਰਹਿਮੀ ਕਾਨੂੰਨ) ਅਧੀਨ ਕੇਸ ਰਜਿਸਟਰ ਕਰਨਾ ਬਣਦਾ ਹੈ।' ਡਾਕਟਰ ਨੇ ਨਵਾਂ ਸੋਹਲਾ ਸੁਣਾ ਕੇ ਭੰਬਲਭੂਸਾ ਖੜ੍ਹਾ ਕਰ ਦਿੱਤਾ ਤੇ ਨਾਲ ਮੁਕੱਦਮੇ ਦੀ ਧਮਕੀ ਜਿਹੀ ਵੀ ਦੇ ਦਿੱਤੀ। ਬੇਨਤੀ ਕਰਨ ਤੇ ਉਸ ਨੇ ਗੂੰਦ ਵਰਗੀ ਇੱਕ ਲੇਸਦਾਰ ਦਵਾਈ ਉਸ ਦੇ ਜ਼ਖ਼ਮ 'ਤੇ ਲਗਾ ਦਿੱਤੀ।

'ਇਸ ਦਾ ਜ਼ਖ਼ਮ ਆਪੇ ਭਰ ਜਾਂਦਾ ਹੈ... ਇਸ ਨੂੰ ਖੁੱਲ੍ਹਾ ਰਹਿਣ ਦਿਓ। ਦੋ ਚਾਰ ਦਿਨ ਵਿਚ ਠੀਕ ਹੋ ਜਾਏਗਾ।' ਡਾਲਰਾਂ ਦੀ ਕਰਾਮਾਤ ਨੇ ਡਾਕਟਰ ਦਾ ਬਿਆਨ ਤੇ ਧਿਆਨ ਬਦਲ ਦਿੱਤਾ। ਮੈਨੂੰ ਇਸ ਗੱਲ ਦਾ ਭਲੀ ਭਾਂਤ ਪਤਾ ਹੈ ਕਿ ਕੁੱਤਾ ਆਪਣੀ ਜ਼ਬਾਨ ਨਾਲ ਚੱਟ ਕੇ ਆਪਣਾ ਘਾਉ ਆਪੇ ਠੀਕ ਕਰ ਲੈਂਦਾ ਹੈ ਤੇ ਡਾਕਟਰ ਨੇ ਇਸ ਦੀ ਪੁਸ਼ਟੀ ਕਰ ਦਿੱਤੀ ਸੀ।

'ਇਸ ਦੀ ਡਾਕਟਰੀ ਮੁਲਾਕਾਤ ਦਾ ਹੋਰ ਸਮਾਂ ਲੈ ਲਓ। ਅਗਲੇ ਹਫ਼ਤੇ ਇਸ ਨੂੰ ਸਾਰਾ ਦਿਨ ਹਸਪਤਾਲ ਭਰਤੀ ਕਰਾਉਣਾ ਪਵੇਗਾ। ਬੇਹੋਸ਼ੀ ਵਾਲਾ ਟੀਕਾ ਲਗਾ ਕੇ ਇਸ ਦਾ ਦੰਦ ਕੱਢਾਂਗੇ ਤੇ ਨਾਲ ਹੀ ਲੱਗਦੇ ਹੱਥ ਸਾਰੇ ਦੰਦਾਂ ਦੀ ਡੀਪ-ਕਲੀਨਿੰਗ ਕਰ ਦਿਆਂਗੇ।' ਡਾਕਟਰ ਨੇ ਆਪਣੀ ਸਾਮੀ ਪੱਕੀ ਕਰ ਲਈ।

ਨਿਰਧਾਰਿਤ ਸਮੇਂ ਉਸ ਨੂੰ ਦਾਖਲਾ ਮਿਲ ਗਿਆ। ਸਪੈਸ਼ਲ ਕਮਰਾ ਅਲਾਟ ਹੋ ਗਿਆ। ਉਨ੍ਹਾਂ ਨੇ ਆਪਣੀ ਕਾਰਜ ਪ੍ਰਣਾਲੀ ਕਰ ਕੇ ਸਾਡੇ ਤੇ ਅਹਿਸਾਨ ਚੜ੍ਹਾ ਦਿੱਤਾ। ਮੈੱਕਸਲ ਅਰਧ ਹੋਸ਼ ਅਵਸਥਾ ਵਿਚ ਲੜਖੜਾ ਰਿਹਾ ਸੀ। ਡਾਕਟਰ ਨੇ ਡਿਸਚਾਰਜ-ਸਲਿਪ ਦੇ ਕੇ ਕੁੱਝ ਹਦਾਇਤਾਂ ਨਾਲ ਉਸ ਨੂੰ ਸਾਡੇ ਸਪੁਰਦ ਕਰਦੇ ਦਵਾਈ ਦੇ ਦਿੱਤੀ।

'ਇਸ ਨੂੰ ਮੁਰਗ਼ੇ ਦੇ ਪਾਊਡਰ ਸੂਪ ਵਿਚ ਘੋਲ ਕੇ ਇਹ ਤਿੰਨ ਚਾਰ ਵੇਰਾਂ ਪਿਆਉਣੀ

ਹੈ। ਇਸ ਦੀ ਤਾਕਤ ਮੁੜ ਨਾਰਮਲ ਹੋ ਜਾਵੇਗੀ। ਜੇ ਦੋ ਘੰਟੇ ਵਿਚ ਨਾਰਮਲ ਨਾ ਹੋਇਆ ਤਾਂ ਸਾਨੂੰ ਕਾਲ ਕਰ ਲਿਉ... ਸਾਡਾ ਹਸਪਤਾਲ ਰਾਤ ਗਿਆਰਾਂ ਵਜੇ ਤੱਕ ਖੁੱਲ੍ਹਾ ਰਹਿੰਦਾ ਹੈ।' ਅਰਧ-ਹੋਸ਼ ਹਾਲਤ ਵਿਚ ਉਸ ਨੂੰ ਲੈ ਕੇ ਸ਼ਾਮ ਨੂੰ ਘਰ ਪਹੁੰਚ ਗਏ।


ਅਗਲੇ ਦਿਨ ਉਸ ਦਾ ਬਿਊਟੀ ਪਾਰਲਰ ਵਿਚ ਮੁਲਾਕਾਤ ਟਾਈਮ ਸੀ। ਉਸ ਨੂੰ ਸ਼ੀਸ਼ੇ ਸਾਹਮਣੇ ਇੱਕ ਸਜੀ ਹੋਈ ਕੁਰਸੀ ਤੇ ਬਿਠਾ ਦਿੱਤਾ ਗਿਆ। ਉਹ ਬੜੇ ਮਜ਼ੇ ਨਾਲ ਸ਼ੀਸ਼ੇ ਵਿਚ ਆਪਣਾ ਚਿਹਰਾ ਨਿਹਾਰਦਾ, ਲੰਬੀ ਜ਼ੁਬਾਨ ਬਾਹਰ ਕੱਢਦਾ ਸਬਰ ਸੰਤੋਖ ਨਾਲ ਬੈਠਾ ਅੱਖਾਂ ਮਟਕਾਉਂਦਾ ਰਿਹਾ। ਉਸ ਦੀਆਂ ਅੱਖਾਂ ਵਿਚ ਦਵਾਈ ਦੇ ਤੁਪਕੇ ਪਾਏ ਗਏ। ਦਵਾਈ ਭਿੱਜੇ ਰੂੰ ਦੇ ਫੰਭੇ ਨਾਲ ਸਾਫ਼ ਕੀਤੇ ਭਰਵੱਟੇ ਸ਼ਿੰਗਾਰੇ ਗਏ। ਕੰਨਾਂ ਦੀ ਮੈਲ ਕੱਢਣ ਵਾਸਤੇ ਖ਼ਾਸ ਕਿਸਮ ਦੇ ਯੰਤਰ ਨਾਲ ਕੰਨ ਸਾਫ਼ ਕੀਤੇ। ਦਵਾਈ ਪਾ ਕੇ ਨੱਕ ਦੇ ਚੂਹੇ ਤੇ ਸੀਂਢ ਪਹਿਲਾਂ ਸਰਿੰਜ ਨਾਲ ਖਿੱਚੇ ਤੇ ਫਿਰ ਦਸਤਾਨੇ ਪਾਈ ਤਕਨੀਕੀ ਮਾਹਿਰਾਂ ਨੇ ਉਂਗਲਾਂ ਫੇਰ ਕੇ ਚੰਗੀ ਤਰ੍ਹਾਂ ਸਾਫ਼ ਕੀਤੇ। ਉਸ ਨੇ ਨਸਵਾਰ ਲੈਣ ਵਾਂਗ ਬਾਰ ਬਾਰ ਨਿੱਛਾਂ ਮਾਰ ਕੇ ਹਵਾ ਵਿਚ ਹਲਚਲ ਪੈਦਾ ਕਰ ਦਿੱਤੀ।

'ਤੁਹਾਨੂੰ ਮੁਬਾਰਕ ਹੋਵੇ.. ਇਹ ਹੁਣ ਮੁਕੰਮਲ ਤੌਰ ਤੇ ਠੀਕ ਹੈ .. ਸਾਰੇ ਬੰਦ ਪਏ ਕਪਾਟ ਖੁੱਲ ਗਏ ਹਨ... ਨਹੀਂ ਤੇ ਸਾਨੂੰ ਇਨ੍ਹਾਂ ਦਾ ਵੀ ਓਪਰੇਸ਼ਨ ਕਰਨਾ ਪੈਣਾ ਸੀ।' ਉਨ੍ਹਾਂ ਖ਼ੁਸ਼ਖ਼ਬਰੀ ਦੇਣ ਵਾਂਗ ਅਹਿਸਾਨ ਜਤਾਇਆ।

ਉਸ ਦੇ ਨਹੁੰ ਕੱਟਣ ਦੀ ਵਾਰੀ ਆਈ। ਉਹ ਸਾਊ ਬੱਚੇ ਵਾਂਗ ਬੈਠਾ ਨਹੁੰ ਕਟਾਉਂਦਾ ਰਿਹਾ। ਨਹੁੰ ਕੱਟਣ ਤੋਂ ਬਾਅਦ ਉਸ ਦੇ ਵਾਲਾਂ ਨਾਲ ਮੇਚ ਕਰਦੀ ਬਰਾਊਨ ਰੰਗ ਦੀ ਨਹੁੰ-ਪਾਲਿਸ਼ ਲਗਾਈ ਗਈ। ਅੱਖਾਂ ਵਿਚ ਪਹਿਲਾਂ ਲੋਸ਼ਨ ਪਾਇਆ ਗਿਆ ਸੀ, ਹੁਣ ਕਾਲਾ ਕਜਲਾ ਪਾਇਆ ਗਿਆ। ਉਹ ਨਵੀਂ ਦੁਲਹਨ ਵਾਂਗ ਅੱਖਾਂ ਝਮਕਦਾ ਸੁਰਮਾ ਮਟਕਾਉਣ ਲੱਗਾ।

ਐਮਲੀ ਅੱਜ ਕੁੱਝ ਜ਼ਿਆਦਾ ਹੀ ਖ਼ੁਸ਼ ਸੀ। ਉਸੇ ਦੀ ਪਹਿਲਕਦਮੀ ਤੇ ਹੀ ਇਹ ਸਾਰਾ ਖਲਜਗਣ ਰਚਾਇਆ ਗਿਆ ਸੀ। ਸਕੂਲ ਵਿਚ ਆਪੋ-ਹਾਣੀ ਬੱਚੇ ਜਦ ਆਪਣੇ ਘਰ ਦੇ ਪਾਲਤੂ ਕੁੱਤਿਆਂ-ਬਿੱਲੀਆਂ ਦੀ ਗੱਲ ਕਰਦੇ ਤਾਂ ਐਮਲੀ ਦਾ ਮਨ ਵੀ ਲਲਚਾ ਉੱਠਦਾ। ਉਸ ਨੇ ਫ਼ੈਸਲਾ ਕਰ ਲਿਆ ਕਿ ਅਸੀਂ ਵੀ ਕੋਈ ਨਵਾਂ ਕਤੂਰਾ ਘਰ ਵਿਚ ਲਿਆਵਾਂਗੇ, ਉਸ ਨਾਲ ਖੇਡਿਆਂ ਕਰਾਂਗੇ, ਉਸ ਨੂੰ ਸੈਰ ਕਰਾਇਆ ਕਰਾਂਗੇ। ਇਹੀ ਸਿਫ਼ਾਰਿਸ਼ ਉਸ ਨੇ ਘਰ ਆ ਕੇ ਆਪਣੀ ਮੰਮੀ ਕੋਲ ਕੀਤੀ। ਮੰਮੀ ਨੇ ਅੱਗੇ ਪਾਪਾ ਕੋਲ ਫ਼ਰਮਾਇਸ਼ ਪਾ ਕੇ ਪੱਪ ਦੀ ਤਲਾਸ਼ ਸ਼ੁਰੂ ਕਰ ਦਿੱਤੀ। ਵਿਲਸਨ ਨੇ ਵੀ ਭੈਣ ਦੀ ਸਿਫ਼ਾਰਿਸ਼ ਤੇ ਸਹੀ ਮਾਰ ਦਿੱਤੀ। ਪਿਛਲੇ ਜਾਰਜ ਦੀ ਬੇਮੌਕਾ ਮੌਤ ਤੇ ਸਾਰਾ ਟੱਬਰ ਬਹੁਤ ਬੁਰੀ ਤਰ੍ਹਾਂ ਝੰਜੋੜਿਆ ਗਿਆ ਸੀ। ਉਸ ਨੂੰ ਕੋਈ ਅਵੱਲੀ ਅਸਾਧ ਬਿਮਾਰੀ ਹੋਣ ਕਰਨ ਬਚਣ ਦੀ ਉਮੀਦ ਬਾਕੀ ਨਹੀਂ ਸੀ। ਡਾਕਟਰ ਦੀ ਸਲਾਹ ਤੇ ਉਸ ਨੂੰ ਟੀਕਾ ਲਗਾ ਕੇ ਸਦਾ ਦੀ ਨੀਂਦ ਸਵਾ ਦਿੱਤਾ ਗਿਆ ਸੀ। ਉਸ ਦੇ ਆਖ਼ਰੀ ਸਵਾਸ ਨਿਕਲਣ ਦੀ ਪ੍ਰਕਿਰਿਆ ਉਨ੍ਹਾਂ ਆਪਣੀਆਂ ਅੱਖਾਂ ਨਾਲ ਵੇਖੀ ਸੀ। ਬਹੁਤ ਦੇਰ ਤੱਕ ਉਹ ਇਸ ਸਦਮੇ ਤੋਂ ਬਾਹਰ ਨਹੀਂ ਨਿਕਲ ਸਕੇ।

ਇੰਟਰਨੈੱਟ ਦੀ ਫੋਲਾ-ਫਾਲੀ ਕਰਦੇ 'ਐਨੀਮਲ ਸ਼ੈੱਲਟਰ' ਕੋਲ ਕਈ ਕੁੱਤੇ ਕੁੱਤੀਆਂ ਦੀ ਦੱਸ ਪੈ ਗਈ ਜੋ ਆਪਣੇ ਨਵੇਂ ਘਰਾਂ ਦੀ ਤਲਾਸ਼ ਵਿਚ ਸਨ। ਬਿਨਾਂ ਕਿਸੇ ਦੇਰੀ ਦੇ ਉੱਥੇ



ਪਹੁੰਚੇ। ਸਵੇਰੇ ਨੌਂ ਵਜੇ ਹੀ ਗੇਟ ਦੇ ਬਾਹਰ ਦਰਸ਼ਕਾਂ ਤੇ ਗਾਹਕਾਂ ਦੀ ਲੰਬੀ ਲਾਈਨ ਲੱਗੀ ਹੋਈ ਸੀ। ਅੰਦਰ ਦਾ ਨਜ਼ਾਰਾ ਬਹੁਤ ਹੈਰਾਨਕੁਨ ਸੀ। ਇਹ ਜਗ੍ਹਾ ਐਨੀਮਲ ਅਡਾਪਸ਼ਨ ਸੈਂਟਰ ਦੇ ਤੌਰ ਤੇ ਵੀ ਕੰਮ ਕਰਦਾ ਹੈ। ਮੇਲੇ ਵਾਂਗ ਕੁੱਤੇ ਬਿੱਲੀਆਂ ਦੀ ਮੰਡੀ ਲੱਗੀ ਹੋਈ ਸੀ। ਆਗਰਾ ਦੇ ਚੁਬਾਰਿਆਂ ਵਾਂਗ ਵੱਖ-ਵੱਖ ਪਿੰਜਰਿਆਂ, ਖ਼ਾਨਿਆਂ, ਕਮਰਿਆਂ ਵਿਚ ਬੰਦ ਵੱਖ-ਵੱਖ ਜਾਤ ਉਮਰ ਦੇ ਕੁੱਤੇ, ਕੁੱਤੀਆਂ, ਕਤੂਰੇ ਨੱਚ ਟੱਪ ਰਹੇ, ਸੀਖਾਂ ਵਾਲੀਆਂ ਕੰਧਾਂ ਨਾਲ ਲਟਕਦੇ ਆਪਣੇ ਗਾਹਕਾਂ ਨੂੰ ਆਕਰਸ਼ਿਕ ਕਰਨ ਦੀ ਪੂਰੀ ਵਾਹ ਲਾ ਰਹੇ ਸਨ। ਵੀਹ ਡਾਲਰ ਤੋਂ ਇੱਕ ਸੌ ਪੰਜਾਹ ਡਾਲਰ ਉਨ੍ਹਾਂ ਦੀ ਨਿਰਧਾਰਿਤ ਕੀਮਤ ਲਿਖੀ ਹੋਈ ਸੀ ਜੋ ਇਨ੍ਹਾਂ ਦੇ ਰੋਜ਼ਾਨਾ ਆਏ ਖ਼ਰਚ ਦਾ ਜੋੜ ਲਗਾ ਕੇ ਫਿਕਸ ਕੀਤੀ ਗਈ ਸੀ। ਅਸਲ ਵਿਚ ਇਹ ਸੜਕਾਂ, ਪਾਰਕਾਂ ਜਾਂ ਉਜਾੜ ਥਾਵਾਂ ਤੋਂ ਫੜੇ, ਘਰੋਂ ਦੌੜੇ ਜਾਂ ਗੁੰਮ ਹੋਏ ਜਾਨਵਰ ਸਨ ਜੋ ਚੰਗੀ ਕਿਸਮਤ ਨੂੰ ਲੋਕਾਂ ਨੇ ਫ਼ੋਨ ਕਰ ਕੇ ਇਸ ਸ਼ੈੱਲਟਰ ਹੋਮ ਨੂੰ ਸੂਚਿਤ ਕਰ ਦਿੱਤਾ ਤੇ ਇਨ੍ਹਾਂ ਦੇ ਵਲੰਟੀਅਰ ਫੜ ਕੇ ਇੱਥੇ ਲੈ ਆਏ।

ਦੋ ਸਾਲਾਂ ਦੀ ਉਮਰ ਦਾ ਤਸਦੀਕਸ਼ੁਦਾ 'ਜੈਕ' ਬੱਚਿਆਂ ਦੇ ਪਸੰਦ ਆ ਗਿਆ। ਡੱਬ-ਖੜੱਬਾ ਭੂਰਾ ਕਾਲਾ ਚਿੱਟਾ ਰੰਗ ਜਿਵੇਂ ਕੁਦਰਤ ਨੇ ਆਪ ਬੁਰਸ਼ ਫੜ ਕੇ ਚਿਤਰਿਆ ਹੋਵੇ। ਕਾਲੇ ਮੱਥੇ ਤੇ ਚਿੱਟਾ ਚਪਟਾ ਦਾਗ਼ ਤੇ ਵਿਚਕਾਰ ਕਾਲਾ ਤਿਲ... ਕਾਲੀ ਬਿੰਦੀ ਜਿਵੇਂ ਭੈੜੀਆਂ ਨਜ਼ਰਾਂ ਤੋਂ ਬਚਾ ਵਾਸਤੇ ਲਗਾਈ ਗਈ ਹੋਵੇ। ਪਿਛਲੇ ਸੱਤ ਦਿਨਾਂ ਤੋਂ ਉਹ ਇੱਥੇ ਤਾੜਿਆ ਹੋਇਆ ਆਪਣੇ ਪੁਰਾਣੇ ਜਾਂ ਨਵੇਂ ਮਾਲਕ ਦੀ ਤਲਾਸ਼ ਕਰ ਰਿਹਾ ਸੀ। ਇੱਥੇ ਕਈ ਬਦਕਿਸਮਤ ਜਾਨਵਰ ਜਿਨ੍ਹਾਂ ਦਾ ਪੰਦਰਾਂ ਦਿਨ ਵਾਸਤੇ ਕੋਈ ਵਾਲੀ ਵਾਰਸ ਨਹੀਂ ਬਹੁੜਦਾ ਜਾਂ ਕੋਈ ਖ਼ਰੀਦਦਾਰ ਕਦਰਦਾਨ ਨਹੀਂ ਬਣਦਾ, ਉਸ ਨੂੰ ਟੀਕਾ ਲਾ ਦਿੱਤਾ ਜਾਂਦਾ ਸੁਣਿਆ ਹੈ। ਪੜ੍ਹੇ ਲਿਖੇ ਜਾਪਦੇ ਕੁੱਝ ਦਰਸ਼ਕ ਆਪਣੀ ਵਾਕਫ਼ੀ ਵਟਾ ਰਹੇ ਸਨ ਕਿ ਆਵਾਰਾ ਜਾਨਵਰ ਏਨੀ ਜ਼ਿਆਦਾ ਗਿਣਤੀ ਵਿਚ ਆ ਰਹੇ ਹਨ ਕਿ ਇਨ੍ਹਾਂ ਨੂੰ ਜੇ ਨਾ ਫੜਿਆ ਜਾਵੇ ਤਾਂ ਇਹ ਸੜਕਾਂ ਤੇ ਭਟਕਦੇ ਟਰੈਫ਼ਿਕ ਦਾ ਬਹੁਤ ਨੁਕਸਾਨ ਕਰ ਦਿੰਦੇ ਹਨ। ਸਬੰਧਿਤ

ਏਜੰਸੀਆਂ ਸਰਕਾਰ ਨੂੰ ਕਈ ਵੇਰਾਂ ਸਿਫ਼ਾਰਿਸ਼ ਕਰ ਚੁੱਕੀਆਂ ਹਨ ਕਿ ਨਿਸ਼ਚਿਤ ਮਿਆਦ ਤੋਂ ਬਾਦ ਕਲੇਮ ਨਾ ਕੀਤਾ ਜਾਣ ਵਾਲਾ ਜਾਨਵਰ ਜਾਂ ਮਾਰਨ ਦੀ ਆਗਿਆ ਦਿੱਤੀ ਜਾਵੇ ਜਾਂ ਇਨ੍ਹਾਂ ਦੇ ਰੱਖਣ ਤੇ ਸਾਂਭ ਸੰਭਾਲ ਦਾ ਨਾ-ਝੱਲਣਯੋਗ ਖਰਚਾ ਸਰਕਾਰ ਬਰਦਾਸ਼ਤ ਕਰੇ ਪਰ ਸਰਕਾਰ ਅਜੇ ਚੁੱਪ ਹੈ। ਮਨੁੱਖੀ ਅਧਿਕਾਰਾਂ ਵਾਂਗ ਪਸ਼ੂ ਪੰਛੀਆਂ ਦੇ ਵੀ ਆਪਣੇ ਅਧਿਕਾਰ ਨਿਰਧਾਰਿਤ ਕੀਤੇ ਗਏ ਹਨ ਤੇ ਇਸ ਤਰ੍ਹਾਂ ਉਨ੍ਹਾਂ ਦੇ ਅਧਿਕਾਰਾਂ ਤੇ ਛਾਪਾ ਮਾਰਨ ਦਾ ਹੀਹਾਂ ਕੋਈ ਵੀ ਸਰਕਾਰ ਨਹੀਂ ਕਰ ਸਕਦੀ।

'ਏਦਾਂ ਜਾਪਦਾ ਹੈ ਇਹ ਆਪਣੇ ਮਾਲਕਾਂ ਦੀ ਬੇਰੁਖ਼ੀ ਜਾਂ ਕਰੋਪੀ ਦਾ ਸ਼ਿਕਾਰ ਹੋਇਆ ਹੈ। ਅਸੀਂ ਇਸ ਦਾ ਅੰਦਰ ਫਰੋਲਨ ਦੀ ਬੜੀ ਵਾਹ ਲਾਈ ਪਰ ਇਸ ਨੇ ਕੋਈ ਸਿਰਾ ਬੰਨਾ ਨਹੀਂ ਫੜਾਇਆ। ਸਾਨੂੰ ਇਹ ਸਮੁੰਦਰੀ ਬੀਚ ਕੰਢੇ ਤੋਂ ਮਿਲਿਆ ਸੀ। ਇਸ ਦੇ ਕੋਈ ਮਾਲਕ ਡੌਂਗ-ਬੀਚ ਤੇ ਘੁੰਮਣ ਆਏ, ਆਪਣੀਆਂ ਰੰਗ-ਰਲ਼ੀਆਂ ਵਿਚ ਏਨੇ ਮਸਤ ਹੋ ਗਏ ਕਿ ਇਸ ਨੂੰ ਵਿਸਾਰ ਕੇ ਉੱਥੇ ਛੱਡ ਗਏ।' ਉਸ ਦੀ ਸੇਵਾਦਾਰਨੀ ਪਿਛੋਕੜ ਦੱਸਣ ਦੀ ਤਾਕ ਵਿਚ ਹੈ।

'ਇਹ ਤਾਂ ਕੁੱਤਾ ਐ ਜੀ, ਕਈ ਤਾਂ ਇਸ਼ਕ-ਭੂਤ ਦੇ ਜ਼ਬਰ ਥੱਲੇ ਆਪਣੇ ਛੋਟੇ ਬੱਚੇ ਵੀ ਇੱਥੇ ਛੱਡ ਜਾਂਦੇ ਨੇ ਜੋ ਬਾਦ ਵਿਚ ਰੋਂਦੇ ਕੁਰਲਾਉਂਦੇ ਸਿਕਿਉਰਿਟੀ ਵਾਲਿਆਂ ਦੀ ਨਜ਼ਰੀਂ ਚੜ੍ਹਦੇ ਨੇ।' ਬਿਨ-ਬੁਲਾਈ ਇੱਕ ਔਰਤ ਨੇ ਮੱਲੋ-ਮੱਲੀ ਆ ਕੇ ਟੰਗ ਅੜਾ ਦਿੱਤੀ।

'ਵੈਸੇ ਇਨ੍ਹਾਂ ਰੱਬ ਦੇ ਜਾਇਆਂ ਬੇਜ਼ਬਾਨ ਕੁੱਤਿਆਂ ਬਿੱਲੀਆਂ ਨੂੰ ਕਈ ਤਾਂ ਆਪਣੇ ਢਿੱਡੋਂ ਜੰਮੇ ਬੱਚਿਆਂ ਨਾਲੋਂ ਵੀ ਜ਼ਿਆਦਾ ਤੇਹ ਕਰਦੇ ਹਿੱਕ ਨਾਲ ਲਾ ਕੇ ਰੱਖਦੇ ਨੇ।' ਇੱਕ ਹੋਰ ਗਾਹਕ ਨੇ ਗੱਲ ਮੁਕੰਮਲ ਕਰ ਦਿੱਤੀ। ਅਸੀਂ ਉਸ ਦੀ ਟੈਗ ਪਰਚੀ ਦਾ ਨੰਬਰ ਲਿਖ ਕੇ ਸਵਾਗਤੀ ਕਾਊਂਟਰ ਤੇ ਹਾਜ਼ਰੀ ਜਾ ਲਗਾਈ।

'ਮੁਬਾਰਕ ! ਬਹੁਤ ਸੁੰਦਰ ਸੁਚੱਜੀ ਚੋਣ ਹੈ ਤੁਹਾਡੀ। ਇਹ ਬਹੁਤ ਸਿਆਣਾ, ਸਭਿਅਕ ਤੇ ਸੀਲ ਨਸਲ ਦਾ ਜਾਨਵਰ ਹੈ। ਮਾਲਕਾਂ ਦੀਆਂ ਝਿੜਕਾਂ ਜਾਂ ਡੰਡਿਆਂ ਤੋਂ ਤੰਗ ਆ ਕੇ ਬਾਗ਼ੀ ਹੋਇਆ ਦੌੜਿਆ ਜਾਂ ਗੁੰਮ ਹੋਇਆ ਹੁਣ ਪਛਤਾਉਂਦਾ ਹੈ, ਨਾ ਪਿੱਛੇ ਜੋਗਾ ਨਾ ਅੱਗੇ ਜੋਗਾ। ਅਸੀਂ ਇਸ ਦੇ ਦੰਦ ਤੇ ਡੀਲ-ਡੌਲ ਜਾਚ ਕੇ ਇਸ ਦੀ ਉਮਰ ਦੋ ਸਾਲ ਆਂਕੀ ਹੈ। ਪਛਾਣ ਵਾਸਤੇ ਇਸ ਦਾ ਨਾਂ ਜੈਕ ਰੱਖਿਆ ਹੈ, ਤੁਸੀਂ ਜੋ ਮਰਜ਼ੀ ਰੱਖ ਲਿਉ। ਇਸ ਨੂੰ ਸਿਟੀ ਦਫ਼ਤਰ ਵਿਚ ਰਜਿਸਟਰੇਸ਼ਨ ਕਰਵਾ ਲਿਉ ਤੇ ਹਰ ਦੋ ਸਾਲ ਬਾਦ ਐਂਟੀ-ਰੇਬੀਜ਼ (ਹਲ਼ਕਾਅ) ਟੀਕੇ ਲਗਵਾਉਂਦੇ ਰਿਹਾ ਕਰਿਓ।' ਲੰਬੀ ਚੌੜੀ ਭੂਮਿਕਾ ਬੰਨ੍ਹ ਕੇ ਰੱਖਿਆ-ਸਥਾਨ ਦੇ ਗਾਰਡ ਨੇ ਉਸ ਦੀ ਕੁੱਝ ਤਾਰੀਫ਼ ਕੀਤੀ, ਉਸ ਦੀ ਹਿਸਟਰੀ ਦੇ ਕੁੱਝ ਪੋਤੜੇ ਉਧੇੜੇ ਤੇ ਸਾਨੂੰ ਅਗਾਊਂ ਹਦਾਇਤਾਂ ਦੇ ਕੇ ਸਤਰਕ ਕਰ ਦਿੱਤਾ। ਸਾਡੇ ਕੋਲੋਂ ਅਰਜ਼ੀ ਅਤੇ ਪਨਾਹਗਾਹ ਦੀਆਂ ਸ਼ਰਤਾਂ ਦਾ ਸਹਿਮਤੀ ਪੱਤਰ ਲੈ ਕੇ ਦਸ ਡਾਲਰ ਰੋਜ਼ ਦੇ ਖ਼ਰਚੇ ਦੇ ਹਿਸਾਬ 70 ਡਾਲਰ ਬਣਾਏ। ਐਂਟੀ-ਰੇਬੀਜ਼ ਅਤੇ ਨਿਪੁੰਸੀਕਰਨ ਦੇ ਟੀਕਿਆਂ ਦਾ ਮੁੱਲ ਪਾ ਕੇ ਉਸ ਦਾ ਭੁੱਗਾ ਮੁੱਲ ਟੋਟਲ ਇੱਕ ਸੌ ਬਣਿਆ ਜੋ ਭੁਗਤਾ ਦਿੱਤਾ ਗਿਆ। ਭੁੱਗੇ ਦੀ ਭਰਪਾਈ ਤੋਂ ਬਾਦ ਸੇਵਾਦਾਰ ਨੇ ਜੈਕ ਬਾਰੇ ਲੋੜੀਂਦੀ ਜਾਣਕਾਰੀ ਲਿਖ ਕੇ ਉਸ ਦੀ ਆਈ. ਡੀ. ਵਾਲਾ ਇਕ ਪਟਾ ਉਸ ਦੇ ਗਲ਼ ਪਾ ਦਿੱਤਾ।

'ਇਸ ਨੂੰ ਘਰ ਵਿਚ ਬੱਚਿਆਂ ਵਾਂਗ ਪ੍ਰੇਮ ਪਿਆਰ ਨਾਲ ਸਾਂਭ ਸੰਭਾਲ ਕਰਨੀ ਹੈ,

ਮਾਰਨਾ ਝਿੜਕਣਾ ਨਹੀਂ। ਜੇ ਅਜੇਹੀ ਕੋਈ ਸ਼ਿਕਾਇਤ ਆਈ ਤਾਂ ਤੁਹਾਡੇ ਤੇ ਕੇਸ ਚੱਲ ਸਕਦਾ ਹੈ।' ਇੱਕ ਸਰਟੀਫਿਕੇਟ ਸਾਨੂੰ ਦੇ ਕੇ ਗੁੱਡ ਲੱਕ ਕਹਿੰਦੇ ਉਹਨੇ ਵਾਰਨਿੰਗ ਵੀ ਦੇ ਦਿੱਤੀ।

'ਅਸੀਂ ਇਸ ਦਾ ਨਾਂ ਮੈੱਕਸਲ ਰੱਖਾਂਗੇ...।' ਐਮਲੀ ਪਹਿਲਾਂ ਹੀ ਧਾਰੀ ਬੈਠੀ ਸੀ, ਉਸ ਨੇ ਝਟਪਟ ਨਾਂ ਵਾਲੇ ਮਸਲੇ ਦਾ ਹੱਲ ਕੱਢ ਲਿਆ। ਵਿਲਸਨ ਨੇ ਵੀ ਉਸ ਦਾ ਸੁਝਾਅ ਨਹੀਂ ਮੋੜਿਆ। 'ਮੈੱਕਸਲ' ਨਾਂ ਪੱਕਾ ਹੋ ਗਿਆ। ਦੋਹਾਂ ਬੱਚਿਆਂ ਦੀ ਖ਼ੁਸ਼ੀ ਲਈ ਇਹ ਸਾਰਾ ਆਡੰਬਰ ਰਚਾਇਆ ਗਿਆ ਸੀ, ਇਸ ਲਈ ਹੋਰ ਕਿਸੇ ਵੱਲੋਂ ਇਸ ਬਾਰੇ ਉਜ਼ਰ ਇਤਰਾਜ਼ ਕਰਨ ਦੀ ਕੋਈ ਗੁੰਜਾਇਸ਼ ਨਹੀਂ ਸੀ।

'ਲੈ ਪਈ ਦੋਸਤ! ਅੱਜ ਤੋਂ ਤੇਰਾ ਨਾਂ ਮੈੱਕਸਲ ਹੈ.. ਯਾਦ ਰਹੇਗਾ ਨਾ?' ਵਿਲਸਨ ਦੇ ਇਸ਼ਾਰੇ ਤੇ ਜੈਕ ਨੇ ਪੂਛ ਹਿਲਾ ਕੇ ਆਪਣੇ ਨਵੇਂ ਨਾਂ ਦੀ ਰਜ਼ਾਮੰਦੀ ਦੇ ਦਿੱਤੀ। ਬੱਚਿਆਂ ਨੇ ਪੁਚਕਾਰ ਕੇ ਉਸ ਨੂੰ ਕਾਰ ਵਿਚ ਬਿਠਾ ਲਿਆ।

ਉਹ ਬੜੇ ਆਰਾਮ ਨਾਲ ਸੀਟ ਤੇ ਬੈਠਾ ਸਾਰੇ ਮੈਂਬਰਾਂ ਵੱਲ ਅੱਖਾਂ ਝਮਕਦਾ ਰਿਹਾ ਜਿਵੇਂ ਉਨ੍ਹਾਂ ਦੀ ਪਹਿਚਾਣ ਪੱਕੀ ਕਰ ਰਿਹਾ ਹੋਵੇ। ਨਵੀਂ ਵਹੁਟੀ ਵਾਂਗ ਉਹ ਆਪਣੇ ਨਵੇਂ ਘਰ ਜਾ ਰਿਹਾ ਸੀ। ਆਉਂਦੇ ਸਾਰ ਪਹਿਲਾਂ ਉਸ ਦਾ ਸ਼ਗਨਾਂ-ਰੱਤਾ ਰੀਬਨ ਕੱਟਿਆ ਗਿਆ। ਵਿਹੜੇ ਵੜਦਿਆਂ ਖੱਬੇ ਹੱਥ ਜਾਰਜ ਦੇ ਜਨਮ ਮਰਨ ਦੀ ਤਰੀਕ ਉੱਕਰਿਆ ਸਿਲ਼ ਪੱਥਰ ਤੇ ਨਾਲ ਖਿੜਦੇ ਸੁੰਦਰ ਸਫ਼ੇਦ ਫੁਲ ਵਾਲੇ ਗੁਲਾਬ ਬੂਟੇ ਕੋਲ ਖੜੋ ਕੇ ਉਸ ਨੂੰ ਮੱਥਾ ਟਿਕਾਇਆ ਗਿਆ। ਇਸ ਪੌਦੇ ਹੇਠਾਂ ਪਹਿਲੇ ਪਾਲਤੂ ਜਾਰਜ ਦੇ ਫੁਲ ਦਫ਼ਨ ਕੀਤੇ ਗਏ ਸਨ। ਮੈਂਬਰਾਂ ਦੀ ਖ਼ਾਮੋਸ਼ ਮੁਦਰਾ ਉਹ ਚੰਗੀ ਤਰ੍ਹਾਂ ਤਾੜਦਾ ਹੈ। ਅੰਦਰ ਦੁੜਕੀ ਮਾਰ ਕੇ ਉਸ ਨੇ ਸਾਰੇ ਬੈਕ-ਯਾਰਡ ਵਿਚ ਭਲਵਾਨੀ ਗੇੜਾ ਕੱਢਿਆ ਜਿਵੇਂ ਉਸ ਨੂੰ ਪਤਾ ਸੀ ਕਿ ਉਸ ਦਾ ਟਿਕਾਣਾ ਬੈਕ-ਯਾਰਡ ਵਿਚ ਹੀ ਬਣੇਗਾ। ਇੱਕ ਇੱਕ ਪੌਦੇ ਨੂੰ ਸੁੰਘਿਆ। ਇੱਕ ਇੱਕ ਚੀਜ਼ ਨੂੰ ਅੱਖਾਂ ਵਿਚ ਦੀ ਕੱਢਿਆ। ਪੂਲ ਦੇ ਚੁਫੇਰੇ ਗੇੜਾ ਲਾਇਆ ਜਿਵੇਂ ਨਹਾਉਣ ਵਾਸਤੇ ਛਾਲ ਮਾਰਨੀ ਚਾਹੁੰਦਾ ਹੋਵੇ। ਉਹ ਇੱਕ ਕੈਦ ਵਿਚੋਂ ਛੁੱਟ ਕੇ ਦੂਸਰੀ ਤੇ ਸ਼ਾਇਦ ਹੁਣ ਤੀਸਰੀ ਕੈਦ ਵਿਚ ਸੀ। ਉਹ ਬੇਜ਼ਬਾਨ ਸੀ ਪਰ ਬੇਜਾਨ ਨਹੀਂ ਸੀ ਜੋ ਉਸ ਦੇ ਮਾਨਸਿਕ ਹਾਵ-ਭਾਵ, ਉਸ ਦੀਆਂ ਅੱਖਾਂ ਦੀਆਂ ਹਿੱਲਦੀਆਂ ਪੁਤਲੀਆਂ ਤੇ ਸੁੰਘਣ ਦੀ ਚੇਸ਼ਟਾ ਤੋਂ ਸਪਸ਼ਟ ਹੋ ਰਿਹਾ ਸੀ।

ਲੱਕੜ ਬਾਲਿਆਂ ਦੀ ਕੰਧ (ਫੈਂਸ) ਪਾਰ ਤੋਂ ਗਵਾਂਢੀਆਂ ਦੀ ਕੋਕੋ ਨੇ ਸ਼ਾਇਦ ਡੌਗ-ਸਮੈੱਲ ਮਹਿਸੂਸ ਕੇ ਚਊਂ ਚਊਂ ਕੀਤੀ। ਉਸ ਨੇ ਉੱਚਾ ਮੂੰਹ ਚੁੱਕ ਕੇ ਫੈਂਸ ਦੀ ਹਾਥ ਲਗਾਈ ਤੇ ਬੜੇ ਸੁਘੜ ਸਲੀਕੇ ਨਾਲ ਹੌਲੀ ਜਿਹੀ 'ਬਹੂੰ ਚੂੰਅਅਅ' ਨਾਲ ਉਸ ਦਾ ਹੁੰਗਾਰਾ ਭਰਿਆ। ਇਸ ਨੇ ਬੁੱਲ੍ਹਾ ਤੇ ਜ਼ੁਬਾਨ ਫੇਰੀ ਜਿਵੇਂ ਕਹਿ ਰਿਹਾ ਹੋਵੇ,

'ਧੰਨਵਾਦ ਮੇਰੀ ਜਾਨ! ਮੈਂ ਤੈਨੂੰ ਹੀ ਲੱਭਦਾ ਸੀ... ਹੁਣ ਦਿਨ ਸੌਖੇ ਗੁਜ਼ਰ ਜਾਣਗੇ।'

ਅਸੀਂ ਉਸ ਦੀਆਂ ਹਰਕਤਾਂ ਵੇਖ ਕੇ ਹੱਸਣ ਲੱਗੇ ਕਿ ਇਹ ਇੱਥੇ ਵੀ ਪਹਿਲਾਂ ਹੀ ਵਾੜ ਟੱਪਣ ਤੇ ਦੌੜਨ ਦਾ ਰਸਤਾ ਜਾਂਚ ਰਿਹਾ ਹੈ।

'ਇਹ ਖਰੂਦ ਕਰੇਗਾ... ਪੌਦੇ ਪੁੱਟੇਗਾ, ਖਾਏਗਾ, ਖ਼ਰਾਬ ਕਰੇਗਾ! ਮੇਰੀ ਕੀਤੀ ਕਰਾਈ ਖੇਤੀ ਤੇ ਤਬਾਹੀ ਮਚਾਏਗਾ... ਗਵਾਂਢੀਆਂ ਤੋਂ ਉਲਾਂਭਾ ਦਿਵਾਏਗਾ।' ਮੇਰੇ ਮਨ ਵਿਚ ਸੁਭਾਵਿਕ ਤੌਖਲਾ ਉੱਭਰ ਆਇਆ ਪਰ ਇਹ ਬੱਚਿਆਂ ਦੀ ਖ਼ੁਸ਼ੀ ਦੇ ਓਹਲੇ ਦਫ਼ਨ ਹੋ

ਗਿਆ।

ਉਹ ਥੋੜ੍ਹੇ ਦਿਨਾਂ ਵਿਚ ਹੀ ਘਰ ਦੇ ਚੌਗਿਰਦੇ ਵਿਚ ਰਚ ਮਿਚ ਕੇ ਘਰ ਦਾ ਜ਼ਰੂਰੀ ਮੈਂਬਰ ਬਣ ਗਿਆ। ਉਸ ਵਾਸਤੇ ਨਵਾਂ ਮੋਬਾਈਲ-ਹੋਮ ਆ ਗਿਆ ਜਿਸ ਵਿਚ ਉਸ ਦਾ ਬੈੱਡ, ਗਦੇਲੇ ਸਿਰਹਾਣੇ, ਟੇਬਲ, ਕੁਰਸੀ, ਸ਼ੀਸ਼ਾ, ਸਿੰਗਾਰ ਬਕਸ, ਕੰਘੀਆਂ ਆਦਿ ਰੱਖੀਆਂ ਗਈਆਂ। ਰਬੜ ਦੇ ਖਿਡਾਉਣੇ ਤੇ ਬਣਾਉਟੀ ਹੱਡੀਆਂ ਰੱਖੀਆਂ ਗਈਆਂ ਜਿਨ੍ਹਾਂ ਨੂੰ ਚਿੱਥਦਾ ਚੱਬਦਾ ਉਹ ਆਪਣੇ ਦੰਦਾਂ ਦਾ ਅਭਿਆਸ ਕਰਦਾ ਰਹਿੰਦਾ ਤੇ ਉਨ੍ਹਾਂ 'ਚੋਂ ਨਿਕਲਦੇ ਸੰਗੀਤ ਨਾਲ ਖੇਡਦਾ ਆਪਣੇ ਆਪ ਨੂੰ ਉਲਝਾਈ ਰੱਖਦਾ। ਥੋੜ੍ਹੇ ਦਿਨਾਂ ਅੰਦਰ ਹੀ ਉਹ ਪੈੜਾਂ ਨੱਪਦਾ ਨੱਪਦਾ ਬੱਚਿਆਂ ਦੇ ਕਮਰੇ ਆ ਵੜਿਆ ਤੇ ਉਨ੍ਹਾਂ ਨਾਲ ਹੀ ਸੌਣ ਵਾਸਤੇ ਉਸ ਦਾ ਮਨ ਬੇਈਮਾਨ ਹੋ ਗਿਆ। ਉਸ ਦਾ ਰੌਂ ਤੇ ਬੱਚਿਆਂ ਦੀ ਰਿਹਾੜ ਵੇਖ ਕੇ ਇੱਕ ਵਾਧੂ ਗੱਦੇ ਦਾ ਪ੍ਰਬੰਧ ਵੀ ਬੱਚਿਆਂ ਦੇ ਨੇੜੇ ਹੀ ਕਰ ਕਰ ਦਿੱਤਾ ਗਿਆ। ਸਾਰੀ ਰਾਤ ਬਾਹਰ ਰੈਂਚ ਦੇ ਦੁਆਲੇ ਗਸ਼ਤ ਕਰਦਾ ਤੇ ਛੱਤ ਉੱਪਰ ਘੁੰਮਦਾ ਚੌਂਕੀਦਾਰੀ ਕਰਦਾ। ਦਿਨੇ ਬਰੇਕ ਫਾਸਟ ਲੈ ਕੇ ਘੋੜੇ ਵੇਚ ਕੇ ਆਏ ਸੌਦਾਗਰ ਵਾਂਗ ਰੱਜ ਕੇ ਗੂੜ੍ਹੀ ਘੂਕੀ ਨੀਂਦੇ ਸੌਂ ਜਾਂਦਾ।

'ਪੌਂਡ' ਦੀ ਸਿਫ਼ਾਰਿਸ਼ ਤੇ ਇੱਕ ਹਫ਼ਤੇ ਵਾਸਤੇ ਉਸ ਨੂੰ ਹਰ ਰੋਜ਼ ਦੋ ਘੰਟੇ ਸਿਖਲਾਈ ਸਕੂਲ ਭੇਜਿਆ ਜਾਂਦਾ ਰਿਹਾ। ਕਾਰ ਵਿਚ ਬੈਠਣ ਦੇ ਸਲੀਕੇ ਤੋਂ ਲੈ ਕੇ ਬੱਚਿਆਂ ਨਾਲ ਗੇਮ ਖੇਡਣੀ, ਘਰ ਦੇ ਤੇ ਬਾਹਰਲੇ ਮੈਂਬਰਾਂ ਦੀ ਜਾਣਕਾਰੀ, ਭਾਸ਼ਾ ਦੀ ਜਾਣਕਾਰੀ ਇਸ਼ਾਰੇ ਅਤੇ ਹੋਰ ਘਰ ਦੇ ਵਿਵਹਾਰਿਕ ਰੁਝੇਵਿਆਂ ਬਾਰੇ ਉਸ ਨੂੰ ਸਿੱਖਿਆ ਦਿਵਾਈ ਗਈ। ਉਸ ਦੀ ਵਿਸ਼ੇਸ਼ ਟਰੇਨਿੰਗ ਵਿਚ ਘਰ ਦੀ ਰਖਵਾਲੀ ਕਰਨੀ, ਬੱਚਿਆਂ ਨਾਲ ਦੋਸਤਾਨਾ ਮਾਹੌਲ ਵਿਚ ਗੇਂਦ-ਬਾਲ ਅਤੇ ਹੋਰ ਗੇਮਾਂ ਖੇਡਣਾ ਸ਼ਾਮਲ ਸੀ। ਪੋਟੀ ਸੁਸੂ ਵਾਸਤੇ ਵੀ ਉਹ ਟਰੇਂਡ ਹੋ ਗਿਆ। ਸਵੇਰ ਸ਼ਾਮ ਰੈਂਚ ਪਿਛਲੇ ਬੈਕ-ਯਾਰਡ ਦੀ ਇੱਕ ਨੁੱਕਰੇ ਉਸ ਨੇ ਆਪੇ ਹੀ ਨਿਵੇਕਲੀ ਜਗ੍ਹਾ ਨੀਯਤ ਕਰ ਲਈ। ਜਦ ਕਦੇ ਅੰਦਰ ਉਸ ਨੂੰ ਬੇਟੈਮੀ ਹਾਜਤ ਹੁੰਦੀ ਤਾਂ ਉਹ ਦਰਵਾਜ਼ੇ ਮੂਹਰੇ ਬੈਠ ਕੇ ਹਾਜ਼ਰ ਮੈਂਬਰਾਂ ਵੱਲ ਇਸ਼ਾਰਾ ਕਰ ਕੇ ਚੂੰ ਚੂੰ ਕਰਦਾ ਦਰਵਾਜ਼ੇ ਵਿਚ ਪੌਂਡੇ ਮਾਰਨ ਲੱਗ ਜਾਂਦਾ। ਉਹ ਭਾਵੇਂ ਬੋਲ ਨਹੀਂ ਸਕਦਾ ਸੀ ਪਰ ਉਸ ਦੀ ਬਾਡੀ-ਲੈਂਗੁਇਜ਼ ਉਸ ਦੀਆਂ ਸਾਰੀਆਂ ਹਰਕਤਾਂ ਦੀ ਚੰਗੀ ਤਰ੍ਹਾਂ ਤਰਜਮਾਨੀ ਕਰ ਦਿੰਦੀ ਸੀ। ਉਸ ਦੇ ਪੌਂਡ ਟਰੇਨਰ ਦੀ ਨਿਸ਼ਾਨਦੇਹੀ ਤੇ ਨੁੱਕਰ ਵਿਚ ਇੱਕ ਸੀਟ ਗ਼ਰਕੀ ਬਣਵਾ ਦਿੱਤੀ ਗਈ। ਹੁਣ ਇਸ ਦਾ ਨਿੱਤ ਨੇਮ ਬਣ ਗਿਆ ਕਿ ਸਵੇਰੇ ਉੱਠਦੇ ਪਹਿਲੇ ਪਾਲਤੂ ਜਾਰਜ ਜਗ੍ਹਾ ਸਿਰ ਨੀਵਾਂ ਕੇ ਮੱਥਾ ਟੇਕ ਕੇ ਫਿਰ ਹੋਰ ਪਾਸੇ ਜਾਣਾ ਹੈ। ਸਵੇਰੇ ਸ਼ਾਮ ਦੋ ਵੇਰਾਂ ਹਾਜ਼ਤ ਵੇਲੇ ਆਪਣੇ ਟਿਕਾਣੇ ਆ ਜਾਂਦਾ। ਆਪਣਾ ਬੁੱਤਾ ਸਾਰਨ ਤੋਂ ਬਾਦ ਹੇਠਾਂ ਰੇਤ ਵਿਚ ਘੀਸੀ ਕਰ ਕੇ ਸਾਫ਼ ਸੁਥਰਾ ਹੋ ਜਾਂਦਾ। ਖ਼ੁਸ਼ੀ ਵੇਲੇ ਉਸ ਦੀ ਆਵਾਜ਼ ਤੇ ਅੰਦਾਜ਼ ਹੋਰ ਹੁੰਦੀ ਪਰ ਮੁਸ਼ਕਲ ਵੇਲੇ ਉਸ ਦੀ ਕਰੁਣਾਮਈ ਆਵਾਜ਼ ਵਿਚ ਚੀਕਾਂ ਕੁਰਲਾਹਟਾਂ ਵਰਗੀਆਂ ਹੁੰਦੀਆਂ ਹਨ। ਬੱਚੇ ਸ਼ੌਕੀਆ ਉਸ ਦੇ ਦੰਦਾਂ ਨੂੰ ਬੁਰਸ਼ ਨਾਲ ਸਾਫ਼ ਕਰ ਦਿੰਦੇ, ਡਾਕਟਰ ਦੀ ਹਦਾਇਤ ਅਨੁਸਾਰ ਧਾਗੇ ਨਾਲ ਫਲਾਸ ਵੀ ਕਰ ਦਿੰਦੇ। ਚੰਗੇ ਉਸਤਾਦ ਦਾ ਚੰਡਿਆ ਉਹ ਬੜੇ ਬੀਬੇ ਬਾਲ ਵਾਂਗ ਬੈਠ ਕੇ ਇਹ ਸਾਰੀਆਂ ਸੇਵਾਵਾਂ ਆਪ ਕਰਵਾ ਲੈਂਦਾ।

ਬਾਗ਼ਬਾਨ ਹਫ਼ਤੇ ਵਿਚ ਇੱਕ ਵੇਰਾਂ ਆ ਕੇ ਸਾਰੇ ਬਗੀਚੇ ਦੀ ਸਫ਼ਾਈ ਕਰ ਕੇ ਕਾਂਟ ਛਾਂਟ ਕਰ ਜਾਂਦਾ। ਉਹ ਉਸ ਦੇ ਨਾਲ ਨਾਲ ਫਿਰਦਾ ਰਹਿੰਦਾ ਜਿਵੇਂ ਨਿਗਰਾਨੀ ਕਰਦਾ

ਹੋਵੇ। ਨਵੇਂ ਆਏ ਥਾਣੇਦਾਰ ਵਾਂਗ ਪੂਲ-ਮਾਸਟਰ ਨੂੰ ਪਹਿਲਾਂ ਬੜ੍ਹਕ ਮਾਰ ਕੇ ਉਸ ਦੀਆਂ ਦੌੜਾਂ ਕਢਾ ਦਿੱਤੀਆਂ ਪਰ ਜਲਦੀ ਹੀ ਉਨ੍ਹਾਂ ਦਾ ਬਹੁਤ ਗੂੜ੍ਹਾ ਪ੍ਰੇਮ ਪੈ ਗਿਆ। ਉਸ ਦੇ ਪਿਕਅਪ ਦੀ ਆਵਾਜ਼ ਪਛਾਣ ਕੇ ਦੂਰੋਂ ਹੀ ਜਿੱਥੇ ਵੀ ਅੰਦਰ ਬਾਹਰ ਮਰਜ਼ੀ ਹੋਵੇ ਭੱਜ ਕੇ ਪੂਛ ਹਿਲਾਉਂਦਾ ਉਸ ਨੂੰ ਜੀ ਆਇਆ ਕਹਿੰਦਾ। ਉਸ ਮੂਹਰੇ ਲੇਟਣ ਲੱਗ ਜਾਂਦਾ। ਹੁਣ ਪੂਲ ਵਾਲਾ ਵੀ ਆਉਂਦਾ ਕਰਿਸਪੀ-ਕਰੰਚ/ਕਿਬਲ ਆਪਣੇ ਨਾਲ ਲੈ ਕੇ ਆਉਂਦਾ ਤੇ ਇੱਕ ਦੋ ਟੁਕੜੇ ਉਸ ਦੇ ਮੂੰਹ ਵੱਲ ਵਧਾਉਂਦਾ ਸਿਰ ਪਲੋਸ ਦਿੰਦਾ। ਉਹ ਉਸ ਦੇ ਸਿਰ ਤੇ ਹੱਥ ਫੇਰਦਾ, ਪਿੱਠ ਤੇ ਹੱਥ ਫੇਰਦਾ ਉਸ ਦੀ ਮਨਭਾਉਂਦੀ ਖ਼ੁਰਾਕ ਦਿੰਦਾ ਹੈ ਤੇ ਉਹ ਉਸ ਦੁਆਲੇ ਫੂੰਮ੍ਹਣੀਆਂ ਪਾਉਂਦਾ ਰਹਿੰਦਾ ਹੈ। ਜਿੰਨਾ ਚਿਰ ਉਹ ਪੂਲ ਵਿਚੋਂ ਪੱਤੇ, ਜਿਲਬ, ਗਾਰ ਸਾਫ਼ ਕਰਦਾ ਹੈ, ਪਾਣੀ ਵਾਲਾ ਲੂਣ ਸੁੱਟਦਾ ਹੈ, ਹੋਰ ਕੈਮੀਕਲ ਪਾਉਂਦਾ ਉਸ ਨੂੰ ਹਫ਼ਤੇ ਜੋਗਾ ਕਰ ਦਿੰਦਾ ਹੈ, ਉਨ੍ਹਾਂ ਚਿਰ ਇਹ ਉਸ ਦੇ ਸੰਗ ਸਾਥ ਵਿਚਰਦਾ ਬਾਘੀਆਂ ਪਾਉਂਦਾ ਰਹਿੰਦਾ ਤੇ ਜਾਣ ਸਮੇਂ ਵੀ ਪੂਛ ਹਿਲਾ ਕੇ ਸੀ-ਆਫ਼ ਕਹਿੰਦਾ ਹੈ।

ਰੋਜ਼ਾਨਾ ਨਹਾਉਣ ਵੇਲੇ ਉਸ ਦਾ ਚਿਹਰਾ ਉਦਾਸਿਆ ਜਾਂਦਾ। ਉਹ ਲੁਕਦਾ ਫਿਰਦਾ ਕਤਰਾਉਂਦਾ ਰਹਿੰਦਾ ਤੇ ਜ਼ਬਰਦਸਤੀ ਹੀ ਟੂਟੀ ਥੱਲੇ ਕਰਨਾ ਪੈਂਦਾ। ਪੂਲ ਦੇ ਉਦਾਲੇ ਘੁੰਮਦਾ ਰਹਿੰਦਾ ਪਰ ਪੂਲ ਤੋਂ ਏਦਾਂ ਡਰਦਾ ਜਿਵੇਂ ਹਲਕਾਇਆ ਪ੍ਰਾਣੀ ਪਾਣੀ ਤੋਂ। ਇਕ ਦਿਨ ਚਾਂਭਲੇ ਬੱਚਿਆਂ ਨੇ ਵਸਾਹ ਕੇ ਕੰਢੇ ਤੋਂ ਉਸ ਨੂੰ ਜਬਰੀ ਧੱਕਾ ਦੇ ਕੇ ਪੂਲ ਵਿਚ ਸੁੱਟ ਦਿੱਤਾ। ਬੜੀ ਮੁਸ਼ਕਲ ਲੱਤਾਂ ਬਾਂਹਾਂ ਮਾਰਦਾ ਉਹ ਬਾਹਰ ਨਿਕਲ ਆਇਆ। ਉਸ ਦਿਨ ਤੋਂ ਬਾਦ ਏਨਾ ਗਿੱਝਾ ਕਿ ਬੱਚਿਆਂ ਦੇ ਨਾਲ ਹੀ ਛਾਲ ਮਾਰਨ ਨੂੰ ਤਿਆਰ ਹੋ ਜਾਂਦਾ। ਚੁੱਭੀ ਮਾਰ ਕੇ ਬੱਚਿਆਂ ਦੇ ਡਿੱਗੇ ਖਿਡਾਉਣੇ ਥੱਲਿਓਂ ਖਿੱਚ ਲਿਆਉਣ ਦਾ ਬਹਾਨਾ ਟੋਲਦਾ ਰਹਿੰਦਾ। ਬੱਚੇ ਕੋਈ ਵਸਤ ਜਾਂ ਗੇਂਦ ਥੱਲੇ ਸੁੱਟਦੇ, ਉਹ ਚੋਭੇ ਵਾਂਗ ਚੁੱਭੀ ਮਾਰ ਕੇ ਮੂੰਹ ਵਿਚ ਫੜ ਲਿਆਉਂਦਾ। ਸਵੇਰੇ ਬਾਹਰੋਂ ਅਖ਼ਬਾਰ ਚੁੱਕ ਕੇ ਲੈ ਆਉਂਦਾ ਘਰ ਦੇ ਮੈਂਬਰਾਂ ਨੂੰ ਜਗਾਉਣ ਲਈ ਖਰੂਦ ਕਰਨ ਲੱਗਦਾ।

ਘਰ ਦੀ ਪਿਛਲੀ ਨੁੱਕਰੇ ਗਟਾਰਾਂ ਦੀ ਘੈਂ ਘੈਂ ਸੁਣ ਕੇ ਮੈਂ ਇਕਦਮ ਉੱਧਰ ਦੌੜਿਆ ਕਿ ਇਹ ਤਾਂ ਸੱਪ ਹੋਣ ਦਾ ਸੰਕੇਤ ਹੈ। ਮੈੱਕਸਲ ਵਫ਼ਾਦਾਰ ਅਰਦਲੀ ਵਾਂਗ ਮੇਰੇ ਨਾਲ ਉਸ ਜਗ੍ਹਾ ਤੇ ਬੂਟੇ, ਪੱਤੇ ਸੁੰਘਦਾ ਰਿਹਾ ਪਰ ਕੁੱਝ ਨਹੀਂ ਮਿਲਿਆ। ਅਗਲੇ ਦਿਨ ਉਹ ਸਿਰ ਮਾਰਦਾ ਮੇਰੇ ਕੋਲ ਆ ਖੜ੍ਹਾ। ਮੈਂ ਸੋਚਿਆ ਜ਼ਰੂਰ ਕੋਈ ਗੱਲ ਹੈ ਜੋ ਮੈਨੂੰ ਇਹ ਸਮਝਾਉਣਾ ਦੱਸਣਾ ਚਾਹੁੰਦਾ ਹੈ।

'ਕੀ ਗੱਲ ਮੈਕਸਲ ! ਆਰ ਯੂ. ਓ. ਕੇ.?' ਮੇਰੇ ਪੁੱਛਣ ਤੇ ਉਹ ਸਿਰ ਹਿਲਾਉਂਦਾ ਮੇਰੇ ਅੱਗੇ ਚੱਲ ਪਿਆ। ਉਸੇ ਕੱਲ੍ਹ ਵਾਲੇ ਸਥਾਨ ਤੇ ਸੱਪ ਦਾ ਇੱਕ ਛੋਟਾ ਬੱਚਾ ਦੋ ਕੁ ਫੁੱਟ ਲੰਬਾ ਸਪੋਲੀਆ ਅੱਧਵਰਿੱਤਾ ਜ਼ਖ਼ਮੀ ਹੋਇਆ ਪਲਸੇਟੇ ਮਾਰਦਾ ਲੁੜ੍ਹਕ ਰਿਹਾ ਸੀ। ਮੈਂ ਦੋਚਿੱਤੀ ਵਿਚ ਸਾਂ ਕਿ ਇਸ ਦਾ ਧੰਨਵਾਦ ਕਰਾਂ ਕਿ ਰੋਕਾਂ ਕਿਉਂਕਿ ਉਹ ਵੀ ਤਾਂ ਵਿਚਾਰਾ ਕੁਦਰਤ ਦਾ ਬਣਾਇਆ ਘੜਿਆ ਜਾਨਵਰ ਹੈ ਜਿਸ ਨੂੰ ਇਸ ਜੰਗਲੀ ਇਲਾਕੇ ਵਿਚ ਜਿਊਣ ਦਾ ਪੂਰਾ ਹੱਕ ਹੈ ਪਰ ਮੈਂ ਉਸ ਨੂੰ ਰੋਕ ਨਹੀਂ ਸਕਿਆ। ਮੈੱਕਸਲ ਨੇ ਮੈਨੂੰ ਦਿਖਾ ਕੇ ਉਸ ਨੂੰ ਬੱਚਿਆਂ ਵਾਂਗ ਪੰਜੇ ਦੀ ਪਟੋਕੀ ਜਿਹੀ ਮਾਰੀ ਤੇ ਠੰਢਾ ਕਰ ਦਿੱਤਾ।

ਚੰਗਾ ਚੋਖਾ ਖਾ ਕੇ ਉਸ ਦਾ ਭਾਰ ਵਧ ਗਿਆ। ਡਾਕਟਰੀ ਮੁਆਇਨੇ ਤੋਂ ਡਾਕਟਰ ਨੇ

ਦੱਸਿਆ ਕਿ ਉਸ ਦਾ ਭਾਰ ਨਿਯਮਿਤ ਭਾਰ ਤੋਂ ਚਾਰ ਪੌਂਡ ਜ਼ਿਆਦਾ ਹੈ। ਉਸ ਵਾਸਤੇ ਇੱਕ ਘੰਟਾ ਰੋਜ਼ ਜਿੰਮ ਦੀ ਸਿਫ਼ਾਰਿਸ਼ ਕਰ ਕੇ ਘਰ ਦੇ ਮੈਂਬਰਾਂ ਵਾਸਤੇ ਵੀ ਰੁਝੇਵਾਂ ਵਧਾ ਦਿੱਤਾ।

ਉਹ ਮੇਰਾ ਮਜਾਜ਼ ਪਛਾਣ ਕੇ ਮੇਰੇ ਕੋਲ ਆ ਕੇ ਪੈਰ ਚੱਟਣ ਲੱਗ ਪੈਂਦਾ। ਮੂੰਹ ਨਾਲ ਛਿਛਕਾਰ ਕੇ ਉਸ ਦੇ ਸਿਰ ਨੂੰ ਪਲੋਸੋ ਤਾਂ ਉਹ ਹੱਥ ਚੱਟਣ ਲੱਗ ਜਾਂਦਾ ਉਂਗਲਾਂ ਚੱਟਦਾ... ਥੱਲੇ ਲੇਟ ਜਾਂਦਾ, ਲੱਤਾਂ ਉੱਪਰ ਕਰ ਕੇ ਪਲਸੇਟੇ ਮਾਰਦਾ। ਦਬਕਾ ਮਾਰੋ ਤਾਂ ਬਹੁਤ ਗ਼ੁੱਸਾ ਕਰਦਾ... ਚਊਂ ਚਊਂ ਕਰਦਾ ਕੁਰਸੀ ਮੇਜ਼ ਥੱਲੇ ਜਾ ਲੁਕਦਾ, ਜਿਵੇਂ ਰੁੱਸਿਆ ਹੋਵੇ। ਕਿਸੇ ਨੁੱਕਰ ਵਿਚ ਜਾਂ ਬਾਹਰ ਵਿਹੜੇ ਵਿਚ ਕਿਤੇ ਵੀ ਹੋਵੇ ਉਸ ਦਾ ਨਾਂ ਲੈ ਕੇ ਪੁਕਾਰੋ ਤਾਂ ਇਕਦਮ ਘੁੰਗਰੀਆਂ ਛਣਕਾਉਂਦਾ ਭੱਜਾ ਆਉਂਦਾ ਹੈ। ਜਦ ਕਦੇ ਬੱਚੇ ਖੇਲ੍ਹਣ ਦੇ ਮੂਡ ਨਾਲ ਪੁੱਚ ਪੁੱਚ ਕਰ ਕੇ ਉਸ ਦਾ ਧਿਆਨ ਖਿੱਚਦੇ ਤਾਂ ਇਹ ਦੂਰੋਂ ਹੀ ਪੂਛ ਹਿਲਾਉਂਦਾ ਅੱਖਾਂ ਵਿਚ ਸਵਾਲੀਆ ਨਿਸ਼ਾਨ ਲੈ ਕੇ ਆ ਖੜਦਾ ਹੈ। ਇਹ ਬੜਾ ਸੀਲ ਤੇ ਸਾਊ ਸੁਭਾ ਦਾ ਮਾਲਕ ਹੈ। ਬੱਚੇ ਪਲਾਕੀ ਮਾਰ ਕੇ ਘੋੜੇ ਵਾਂਗ ਉਸ ਤੇ ਸਵਾਰ ਹੋ ਕੇ ਕੰਨ ਖਿੱਚਣ ਲਗਦੇ ਪਰ ਉਹ ਕਸੀਸ ਵੱਟ ਕੇ ਸਹਿੰਦਾ ਰਹਿੰਦਾ ਤੇ ਜੇ ਅੱਤ ਹੋ ਜਾਂਦੀ ਤਾਂ ਮੱਠੀ ਜਿਹੀ ਚੀਕ ਮਾਰ ਕੇ ਆਪਣੇ ਦਰਦ ਦਾ ਇਜ਼ਹਾਰ ਕਰ ਦਿੰਦਾ। ਕਈ ਵੇਰਾਂ ਜਦ ਉਸ ਨੂੰ ਝਿੜਕ ਮਾਰੋ ਤਾਂ ਪੈਰਾਂ ਹੇਠ ਵਿਛ ਜਾਂਦਾ ਜਿਵੇਂ ਆਪਣੀ ਕੀਤੀ ਤੇ ਪਸ਼ਚਾਤਾਪ ਕਰ ਰਿਹਾ ਹੋਵੇ।

ਉਹ ਬਾਹਰ ਸੈਰ ਕਰਨ ਦਾ ਬਹੁਤ ਸ਼ੌਕੀਨ ਹੈ। ਬਾਹਰਲਾ ਦਰਵਾਜ਼ਾ ਖੁੱਲ੍ਹਣ ਦੀ ਬਿੜਕ ਨਾਲ ਬੈਕ-ਯਾਰਡ ਦੇ ਗੇਟ ਥੱਲਿਓਂ ਬੂਥੀ ਬਾਹਰ ਕਰ ਕੇ ਭਊਂ ਭਊਂ ਚੂੰ ਚੂੰ ਕਰਦਾ ਆਪਣੀ ਹੋਂਦ ਦਾ ਅਹਿਸਾਸ ਕਰਾਉਂਦਾ ਹੈ ਕਿ ਕਿਤੇ ਮੈਨੂੰ ਨਾ ਛੱਡ ਜਾਇਓ। ਪਟਾ ਹੱਥ ਵਿਚ ਫੜਨ ਦੀ ਦੇਰ ਕਿ ਉਸ ਨੂੰ ਬਾਹਰ ਜਾਣ ਦੀ ਖ਼ਬਰ ਹੋ ਜਾਂਦੀ ਹੈ ਤੇ ਬੜੇ ਪੋਜ਼ ਬਣਾਉਂਦਾ ਭੱਜਾ ਆਉਂਦਾ ਸਿਰ ਨਿਵਾ ਦਿੰਦਾ ਹੈ। ਕਾਰ ਵਿਚ ਜਾਣਾ ਹੋਵੇ ਤਾਂ ਝੱਟ ਛਾਲ ਮਾਰ ਕੇ ਆਪਣੀ ਪਿਛਲੀ ਸੀਟ ਮੱਲ ਲੈਂਦਾ ਹੈ।

'ਡੌਗ-ਚੋ' ਦੀ ਇੱਕ ਪਿਆਲੀ ਸਵੇਰੇ ਤੇ ਇੱਕ ਸ਼ਾਮ ਯਾਨੀ ਕਿ ਲੰਚ ਅਤੇ ਡਿਨਰ ਉਸ ਦੀ ਰੋਜ਼ਾਨਾ ਖ਼ੁਰਾਕ ਹੈ ਜੋ ਹਰ ਵੇਲੇ ਬੋਰੀ ਉਸ ਦੇ ਘੁਰਨੇ ਵਿਚ ਜਮਾਂ ਰਹਿੰਦੀ ਹੈ। ਬੜਾ ਸਬਰ ਸੰਤੋਖ ਵਾਲਾ ਹੈ। ਸਵੇਰ ਸ਼ਾਮ ਉਸ ਦਾ ਨਾਸ਼ਤਾ ਤੇ ਦੁਪਹਿਰ ਵੇਲੇ ਦਾ ਸਮਾਂ ਨੀਯਤ ਹੈ। ਹਰ ਤੀਜੇ ਦਿਨ ਇਕ ਮਲਟੀ-ਵਿਟਾਮਿਨ ਤੇ ਇਕ ਐਲਰਜੀ ਦੀ ਗੋਲੀ ਰੈਗੂਲਰ ਸਪਲੀਮੈਂਟ ਖ਼ੁਰਾਕ ਹੈ। ਦੂਜੇ ਤੀਜੇ ਦਿਨ ਚਾਕਲੇਟ-ਸਟਿੱਕ ਵੀ ਜੇ ਨਾ ਦਿੱਤੀ ਜਾਵੇ ਤਾਂ ਰੁੱਸਿਆਂ ਵਾਂਗ ਵਿਵਹਾਰ ਕਰਨ ਲਗਦਾ ਹੈ। ਗ਼ੈਰਤਮੰਦਾਂ ਵਾਂਗ ਖਾਣਾ ਬੜੇ ਮਜਾਜ਼ ਸਲੀਕੇ ਨਾਲ ਖਾਂਦਾ ਹੈ। ਜੇ ਪ੍ਰੇਮ ਨਾਲ ਆਵਾਜ਼ ਮਾਰ ਕੇ ਹੌਲੀ ਜਿਹੀ ਸਮਾਨ ਉਸ ਦੀ ਪਲੇਟ ਵਿਚ ਪਾਓ ਤਾਂ ਖਾਣ ਲਗਦਾ ਹੈ, ਪਰ ਜੇ ਨੌਕਰਾਂ ਦੇ ਹੱਥਾਂ 'ਚ ਸੁੱਟਣ ਵਾਂਗ ਭਵਾਂ ਕੇ ਸੁੱਟੋ ਤਾਂ ਮੂੰਹ ਵੱਲ ਵੇਖਦਾ ਬੇਇੱਜ਼ਤੀ ਸਮਝ ਕੇ ਪਰੇ ਹੋ ਜਾਂਦਾ ਹੈ ਤੇ ਫਿਰ ਪੁਚਕਾਰਨਾ ਪੈਂਦਾ ਹੈ। ਸਾਫ਼ ਨਿਰਮਲ ਪਾਣੀ ਪੀਂਦਾ ਹੈ, ਮਾੜਾ ਗੰਧਲਾ ਜਾਂ ਜੂਠੇ ਪਾਣੀ ਨੂੰ ਉਹ ਮੂੰਹ ਨਹੀਂ ਲਗਾਉਂਦਾ ਬੇਸ਼ੱਕ ਜਿੰਨਾ ਮਰਜ਼ੀ ਤਿਹਾਇਆ ਹੋਵੇ। ਪਾਣੀ ਉਹ ਭਾਂਡੇ ਵਿਚੋਂ ਨਹੀਂ, ਟੂਟੀ ਹੇਠੋਂ ਸਿੱਧਾ ਮੂੰਹ ਲਾ ਕੇ ਲੱਕਦਾ ਹੈ। ਕਦੇ ਕਦੇ ਘਾਹ ਦੀਆਂ ਤਿੜ੍ਹਾਂ ਤੋੜ ਕੇ ਖਾ ਲੈਂਦਾ, ਜੁਗਾਲੀ ਕਰੀਂ ਜਾਂਦਾ ਤੇ ਫਿਰ ਆਪੇ ਉਗਲੱਛ ਕੇ ਆਪਣਾ ਅੰਦਰ ਸਾਫ਼ ਕਰ ਲੈਂਦਾ ਹੈ।

ਇੱਕ ਦਿਨ ਘਰ ਆਏ ਮਹਿਮਾਨਾਂ ਦੇ ਨਾਲ ਉਨ੍ਹਾਂ ਦੀ ਛੁਲਕੀ ਜਿਹੀ ਲੂਸੀ ਵੀ ਆ

ਗਈ। ਉਹ ਉਸ ਨੂੰ ਸ਼ਰੀਕ ਸਮਝ ਕੇ ਬਹੁਤ ਦੇਰ ਘੂਰਦਾ ਰਿਹਾ। ਜਦ ਟੱਬਰ ਦੇ ਮੈਂਬਰਾਂ ਨੇ ਹੋਰ ਮਹਿਮਾਨਾਂ ਨੂੰ ਦਸਤ ਪੰਜਾ ਕਰਨ ਦੇ ਨਾਲ ਉਸ ਦਾ ਵੀ ਸਿਰ ਪਿੰਡਾ ਪਲੋਸਿਆ ਤਾਂ ਉਹ ਸਾੜੇ ਵਿਚ ਰੁੱਸਿਆਂ ਵਾਂਗਰ ਵਿਵਹਾਰ ਕਰਦਾ ਘੁਰ ਘੁਰ ਕਰਨ ਲੱਗਾ। ਉਸ ਨੂੰ ਨੇੜੇ ਕਰ ਕੇ ਲੂਸੀ ਦੀ ਮੁਲਾਕਾਤ ਕਰਵਾਈ ਗਈ ਤੇ ਦੱਸਿਆ ਗਿਆ ਕਿ ਇਹ ਆਪਣੀ ਮਹਿਮਾਨ ਤਿੰਨ ਚਾਰ ਦਿਨ ਤੇਰੇ ਕੋਲ ਘੁਰਨੇ ਵਿਚ ਰਹੇਗੀ। ਬੜੇ ਆਰਾਮ ਨਾਲ ਉਹ ਸੁਣਦਾ ਰਿਹਾ ਤੇ ਜਲਦੀ ਹੀ ਉਸ ਨੂੰ ਗਰਲ ਫਰੈਂਡ ਬਣਾ ਕੇ ਘੁਲ ਮਿਲ ਗਿਆ।

'ਵੇਖੋ ਸ਼ਾਇਦ ਇਨ੍ਹਾਂ ਦੀ ਮਿਲਣੀ ਕੁੱਝ ਵਾਧਾ ਕਰ ਦੇਵੇ!' ਮਾਲੀ ਮੁਸਕੜੀਆਂ ਵਿਚ ਹੱਸਿਆ।

'ਨਹੀਂ ਜੀ! ਇਨ੍ਹਾਂ ਦੇ ਹਥਿਆਰ ਜਮ੍ਹਾ ਕਰਵਾ ਛੱਡੇ ਹਨ। ਹੁਣ ਤਾਂ ਫੋਕੇ ਫਾਇਰ ਨੇ, ਜਿੰਨੇ ਮਰਜ਼ੀ ਕਰੀ ਜਾਣ। ਉਸ ਦੀ ਵੀ ਮਸ਼ੀਨਰੀ ਕਢਵਾ ਛੱਡੀ ਹੈ।' ਦੋਹਾਂ ਦੇ ਮਾਲਕ ਨਜ਼ਰਾਂ ਨਜ਼ਰਾਂ ਵਿਚ ਹੱਸਣ ਲੱਗੇ।

ਚਾਰ ਦਿਨ ਇਕੱਠੇ ਹੀ ਨੱਚਦੇ ਟੱਪਦੇ ਟਪੂਸੀਆਂ ਮਾਰਦੇ ਘਾਹ ਤੇ ਇੱਕ ਦੂਸਰੇ ਉੱਪਰ ਲਿਟਦੇ ਲਾਡੀਆਂ ਕਰਦੇ ਇੱਕ ਦੂਜੇ ਦੇ ਮੂੰਹ ਵਿਚ ਮੂੰਹ ਪਾ ਕੇ ਇਸ਼ਕ ਫ਼ਰਮਾਉਂਦੇ ਰਹੇ। ਮਹਿਮਾਨਾਂ ਦੇ ਜਾਣ ਦਾ ਟਾਈਮ ਹੋ ਗਿਆ। ਲੂਸੀ ਵੀ ਮਾਲਕਾਂ ਦੇ ਇਸ਼ਾਰੇ ਨਾਲ ਉਨ੍ਹਾਂ ਪਿੱਛੇ ਹੋ ਤੁਰੀ। ਮੈੱਕਸਲ ਦਾ ਪਸੀਨਾ ਛੁੱਟ ਗਿਆ। ਉਹ ਬਹੁਤ ਅਵਾਜ਼ਾਰ ਹੋਇਆ। ਗੇਟ ਨੂੰ ਪੌਂਚੇ ਪੰਜੇ ਮਾਰਦਾ ਉੱਪਰ ਝਪਟਣ ਲਈ ਕਲਵਲ ਹੁੰਦਾ ਰਿਹਾ ਕਿ ਮੈਨੂੰ ਵੀ ਨਾਲ ਲੈ ਜਾਇਓ। ਕੋਈ ਵਾਹ ਵਾਸਤਾ ਨਾ ਚੱਲਦਾ ਵੇਖ ਕੇ ਗੇਟ ਦੀ ਝੀਤ ਵਿਚ ਦੀ ਬੂਥੀ ਟਿਕਾ ਕੇ ਬੁਸਕਣ ਲੱਗਾ। ਪਰਾਹੁਣਿਆਂ ਦੀ ਕਾਰ ਵਿਚ ਨਾਲ ਬੈਠੀ ਲੂਸੀ ਵੀ ਛੜੱਪਾ ਮਾਰ ਕੇ ਉੱਤਰ ਆਈ ਤੇ ਚੂੰ ਚੂੰ ਕਰਦੀ ਬੁਸਕਦੇ ਮੈੱਕਸਲ ਕੋਲ ਪਹੁੰਚ ਗਈ। ਉਹ ਦਰਵਾਜ਼ੇ ਥੱਲਿਓਂ ਆਪਣੀ ਲੰਬੀ ਬੂਥੀ ਉਸ ਵੱਲ ਵਧਾ ਕੇ ਕੋਈ ਸੰਦੇਸ਼ ਦੇ ਗਈ ਜਿਵੇਂ ਕਹਿ ਰਹੀ ਹੋਵੇ, 'ਮੈਂ ਛੇਤੀ ਫੇਰ ਫੇਰਾ ਪਾਵਾਂਗੀ ਮੇਰੇ ਪਿਆਰੇ! ਤੂੰ ਐਵੇਂ ਚਿੱਤ ਨਾ ਹੌਲ਼ਾ ਕਰੀਂ।'

'ਇਨ੍ਹਾਂ ਦਾ ਵਿਆਹ ਕਰ ਦੇਈਏ, ਚੰਗੀ ਜੋੜੀ ਫਬੇਗੀ।' ਮਹਿਮਾਨ ਨੇ ਜਾਂਦੇ ਜਾਂਦੇ ਛੁਰਲੀ ਜਿਹੀ ਛੱਡ ਕੇ ਹਾਸੜ ਪਾ ਦਿੱਤੀ। ਮੈੱਕਸਲ ਰੱਬ ਦਾ ਭਾਣਾ ਮੰਨ ਕੇ ਜਾਂ ਲੂਸੀ ਦਾ ਇਕਰਾਰ ਸੁਣ ਕੇ ਪਿੱਛੇ ਆਪਣੇ ਬੈੱਡ ਤੇ ਜਾ ਪਿਆ।

ਕੁੱਝ ਖ਼ਾਸ ਰੁਝੇਵਿਆਂ ਕਾਰਨ ਕਈ ਦਿਨ ਉਸ ਨੂੰ ਸੈਰ ਲਈ ਸੁਲ੍ਹਾ ਨਾ ਮਾਰ ਹੋਈ। ਉਹ ਬਾਹਰ ਨਾ ਜਾ ਸਕਿਆ। ਅੰਦਰਲੇ ਚੌਗਿਰਦੇ ਵਿਚ ਉਸ ਦਾ ਦਿਲ ਘੁੱਟਣ ਲੱਗਾ। ਉੱਚੀ ਉੱਚੀ ਭੌਂਕ ਕੇ ਉਸ ਨੇ ਹਵਾਵਾਂ ਦਾ ਸੀਨਾ ਵੀ ਅਸ਼ਾਂਤ ਕਰ ਸੁੱਟਿਆ। ਕਦੇ ਕਦਾਈਂ ਵਾੜ ਤੋਂ ਪਾਰੋਂ ਇੱਕ ਮੱਧਮ ਜਿਹੀ ਆਵਾਜ਼ ਉਸ ਦਾ ਹੁੰਗਾਰਾ ਭਰਦੀ ਪਰ ਉਹ ਝਬਦੇ ਹੀ ਨਪੀੜੀ ਜਾਂਦੀ। ਇੱਕ ਦਿਨ ਮੌਕਾ ਤਾੜ ਕੇ ਗੇਟ ਦੀ ਮਾੜੀ ਜਿਹੀ ਝੀਤ ਨੂੰ ਪੈਰਾਂ ਨਾਲ ਪਾਸੇ ਖਿਸਕਾ ਕੇ ਗੋਲੀ ਵਾਂਗ ਬਾਹਰ ਛੂਟ ਵੱਟ ਗਿਆ।

ਕੈਦ ਤਾਂ ਕੈਦ ਹੀ ਹੈ। ਜਿੰਨੀ ਮਰਜ਼ੀ ਚੂਰੀ ਪਾਓ, ਪਿਆਰ ਕਰੋ, ਦੁੱਧ ਪਿਆਓ ਉਸ ਦੀ ਫੀਡ ਦਿਓ ਪਰ ਆਜ਼ਾਦੀ ਤਾਂ ਹਰੇਕ ਜੀਵ ਜੰਤੂ ਦੀ ਜਮਾਂਦਰੂ ਤਾਂਘ ਰਹਿੰਦੀ ਹੈ। ਉਸ ਨੇ ਆਪੇ ਹੀ ਆਪਣੀਆਂ ਬੰਦਿਸ਼ ਬੇੜੀਆਂ ਖੋਲ੍ਹਣ ਦੀ ਪਹਿਲ ਕਰ ਲਈ। ਉਸ ਦਿਨ ਗੁਸਤਾਖ਼ੀ ਨਾਲ ਘਰੋਂ ਦੌੜ ਗਿਆ। ਕਿਸੇ ਨੂੰ ਪਤਾ ਨਹੀਂ ਲੱਗਾ। ਰਾਤ ਖਾਓ ਪੀਓ ਵੇਲੇ ਉਸ ਨੂੰ ਡਿਨਰ

ਦੇਣ ਦਾ ਸਮਾਂ ਆਇਆ, ਆਸੇ ਪਾਸੇ ਟੋਲਿਆ, ਉਸ ਦੇ ਬੈੱਡ ਤੇ ਵੇਖਿਆ, ਬੈੱਡ ਖ਼ਾਲੀ ਸੀ। ਆਵਾਜ਼ ਮਾਰੀ... ਜੁਆਬ ਵਿਚ ਕੋਈ ਹੁੰਗਾਰਾ ਹੂਕਰ ਨਹੀਂ ਆਈ, ਨਾ ਹੀ ਉਸ ਦੀਆਂ ਘੁੰਗਰੀਆਂ ਛਣਕੀਆਂ। ਉਸ ਦੀਆਂ ਹਰਕਤਾਂ ਦੀ ਨਿਸ਼ਾਨਦੇਹੀ ਕਰਦਾ ਗਲ਼ ਦੇ ਪਟੇ ਵਿਚ ਪਿਆ ਆਈ. ਡੀ. ਦਾ ਜੀ. ਪੀ. ਐੱਫ. ਵੀ ਬੰਦ ਹੋ ਗਿਆ, ਬੈਟਰੀ ਮੁੱਕ ਗਈ ਜਾਂ ਕਿਸੇ ਨੇ ਗਲ਼ੋਂ ਲਾਹ ਲਿਆ, ਕੋਈ ਪ੍ਰਦਰਸ਼ਨ ਸੰਕੇਤ ਨਹੀਂ ਦੇ ਰਿਹਾ ਸੀ। ਉਸ ਦੇ ਦੌੜਨ ਦਾ ਅਲਾਰਮ ਜਾਂ ਬਿੜਕ ਘਰ ਦੇ ਕਿਸੇ ਮੈਂਬਰ ਦੇ ਫ਼ੋਨ ਵਿਚ ਨਹੀਂ ਆਈ ਜਿਵੇਂ ਤਵੱਕੋ ਕੀਤੀ ਜਾਂਦੀ ਹੈ।

ਗਵਾਂਢੀਆਂ ਨੂੰ ਪੁੱਛਣ ਤੇ ਉਨ੍ਹਾਂ ਅਗਿਆਨਤਾ ਵਿਚ ਨੰਨਾ ਧਰ ਦਿੱਤਾ। ਉਨ੍ਹਾਂ ਨਾਲ ਇਸ ਬਾਰੇ ਜਾਣਕਾਰੀ ਵਟਾਈ ਗਈ ਤਾਂ ਉਨ੍ਹਾਂ ਦੱਸਿਆ ਕਿ ਕਦੇ ਕਦਾਈਂ ਇਹ ਪਿਆਰੀ ਰੋਮਾਂਟਿਕ ਜਿਹੀ ਆਵਾਜ਼ ਮਾਰਦਾ ਸੀ ਤੇ ਉਨ੍ਹਾਂ ਦੀ 'ਕੋਕੋ' ਵੀ ਉਧਰੋਂ ਛਿਲਤਰ ਜਿਹੀ ਸੁੱਟ ਕੇ ਹੁੰਗਾਰਾ ਭਰ ਦਿੰਦੀ ਸੀ। ਇਹ ਇੱਧਰ ਉੱਧਰ ਸ਼ਰਾਰਤਾਂ ਵਾਲੀਆਂ ਹਰਕਤਾਂ ਕਰਦੇ ਵੇਖੇ ਸੁਣੇ ਗਏ ਸਨ ਪਰ ਉਨ੍ਹਾਂ ਨੂੰ ਡੇਟ ਕਰਨ ਦਾ ਕਦੇ ਸਮਾਂ ਨਹੀਂ ਲੱਗਾ। ਉਨ੍ਹਾਂ ਨੇ ਹੋਰ ਖ਼ਦਸ਼ਾ ਜ਼ਾਹਿਰ ਕੀਤਾ ਕਿ ਹੋ ਸਕਦਾ ਇਹ ਉਸ 'ਲੂਸੀ' ਦਾ ਪਿੱਛਾ ਕਰਦਾ ਉਸ ਦੀ ਤਲਾਸ਼ ਵਿਚ ਦੌੜਿਆ ਹੋਵੇ ਜੋ ਪਹਿਲਾਂ ਇਹਦੇ ਨਾਲ ਕੁੱਝ ਦਿਨ ਕੱਟ ਕੇ ਗਈ ਹੈ। ਗਵਾਂਢੀ ਦੀ ਖਚਰੀ ਜਿਹੀ ਮੁਸਕਾਨ ਤੋਂ ਪ੍ਰਭਾਵਿਤ ਹੋ ਕੇ ਅਸੀਂ ਇਸ ਪਾਸੇ ਸੋਚਣ ਲਈ ਮਜਬੂਰ ਹੋ ਗਏ। ਲੂਸੀ ਦੇ ਮਾਲਕਾਂ ਨੂੰ ਫ਼ੋਨ ਕਰਨ ਤੇ ਉਨ੍ਹਾਂ ਨੇ ਵੀ ਨਾਂਹ ਕਰਦੇ ਹੈਰਾਨੀ ਪ੍ਰਗਟਾਈ। ਮੈਨੂੰ ਵੀ ਇੱਕ ਮੁਹਾਵਰਾ 'ਇਸ਼ਕ ਦੀ ਮਾਰੀ ਕੁੱਤੀ ਸੌ ਮੀਲ ਚੱਲ ਕੇ ਲਾਹੌਰ ਚਲੀ ਗਈ ਸੀ' ਯਾਦ ਕਰ ਕੇ ਕੁੱਝ ਉਮੀਦਾਂ ਰੱਤੀ ਸੰਭਾਵਨਾ ਪੈਦਾ ਹੋ ਗਈ। ਨਾਲ ਇਹ ਪੂਰਾ ਯਕੀਨ ਵੀ ਸੀ ਕਿ ਉਹ ਟਰੈਫ਼ਿਕ ਭਰੇ ਹਜ਼ਾਰ ਬਾਰਾਂ ਸੌ ਮੀਲ ਹਾਈਵੇ ਤੇ ਚੱਲ ਕੇ ਉਸ ਪਿੱਛੇ ਤਾਂ ਨਹੀਂ ਪਹੁੰਚ ਸਕਦਾ ਪਰ ਇਹ ਸ਼ੰਕਾ ਪੈਦਾ ਹੋ ਗਈ ਕਿ ਉਸ ਨੂੰ ਲੱਭਦਾ ਦੌੜਿਆ ਅੰਨ੍ਹਾ ਹੋਇਆ ਉਹ ਕਿਤੇ ਖੂਹ ਟੋਭੇ ਵਿਚ ਨਾ ਜਾ ਡਿੱਗਾ ਹੋਵੇ।

ਸਭਨਾਂ ਦਾ ਫ਼ਿਕਰ ਹੱਦਾਂ ਬੰਨੇ ਟੱਪ ਗਿਆ। ਐਮਲੀ ਰੋਣਹਾਕੀ ਹੋ ਗਈ। ਉਹ ਉਸ ਦਾ ਬਹੁਤ ਨੇੜਲਾ ਹਮਜੋਲੀ ਸੀ ਤੇ ਦੋਹੇ ਦੋਸਤ ਇੱਕ ਦੂਸਰੇ ਨੂੰ ਬਹੁਤ ਵਫ਼ਾਦਾਰੀ ਨਾਲ ਪਿਆਰ ਕਰਦੇ ਸਨ। ਉਹ ਉਸ ਨੂੰ ਸਕੂਲ ਜਾਣ ਸਮੇਂ ਸ਼ੁੱਭ ਵਿਦਾਈ ਦਿੰਦਾ ਤੇ ਆਉਣ ਸਮੇਂ ਪੈਰਾਂ ਵਿਚ ਲੰਮੇ ਪੈ ਕੇ ਜੀ ਆਇਆਂ ਕਹਿੰਦਾ। ਉਹ ਕਸਰਤ ਇਕੱਠੇ ਕਰਦੇ। ਮੈੱਕਸਲ ਉਸ ਨਾਲ ਬਾਲ ਖੇਡਦਾ ਸੀ, ਉਹ ਗੇਂਦ ਸੁੱਟਦੀ... ਮੈੱਕਸਲ ਦੌੜ ਕੇ ਮੂੰਹ ਵਿਚ ਬਾਲ ਲੈ ਆਉਂਦਾ। ਉਹ ਫੇਰ ਸੁੱਟਦੀ... ਮੈੱਕਸਲ ਟਪੂਸੀ ਮਾਰ ਕੇ ਡਿਗਦੇ ਬਾਲ ਨੂੰ ਮੂੰਹ ਵਿਚ ਬੋਚ ਕੇ ਆਸੇ ਪਾਸੇ ਦੌੜਦਾ ਉਸ ਨੂੰ ਭੁਕਾਉਂਦਾ ਬਹੁਤ ਚਾਂਭਲ ਜਾਂਦਾ। ਉਹ ਪਿੱਛੇ ਪਿੱਛੇ ਆਵਾਜ਼ਾਂ ਮਾਰਦੀ ਦੌੜਦੀ... ਉਹ ਤਰਲੇ ਕਢਵਾ ਕੇ ਉਸ ਨੂੰ ਫੜਾ ਦਿੰਦਾ। ਉਹ ਝੂਲੇ ਵਿਚ ਇਕੱਠੇ ਭੁੜਕਦੇ ਆਪਣੀ ਮਾਮਾ ਨੂੰ ਹਸਾਈ ਜਾਂਦੇ। ਦੋਵੇਂ ਇੱਕ ਦੂਸਰੇ ਦਾ ਮਨੋਰੰਜਨ ਵੀ ਕਰਦੇ ਕਸਰਤ ਵੀ ਕਰਦੇ ਕਰਾਉਂਦੇ ਰਹਿੰਦੇ।

ਆਪਣੇ ਆਪ ਵਿਚ ਚਿੰਤਾਤੁਰ ਐਮਲੀ ਦੀ ਅੰਮਾ ਕਿਰਨ ਨੇ ਦੱਸਿਆ ਕਿ ਅੱਜ ਗੋਫਰਾਂ ਨੂੰ ਲੱਭਦੇ ਲੱਭਦੇ ਮੈੱਕਸਲ ਨੇ ਕਿਆਰੀਆਂ ਦੇ ਫ਼ੁਲ, ਬੂਟੇ, ਟਮਾਟਰ ਤੇ ਗੋਂਗਲੂ, ਮੂਲ਼ੀਆਂ ਪੁੱਟ ਕੇ ਖੇਹ-ਖ਼ਰਾਬ ਕਰ ਦਿੱਤੀਆਂ, ਇਸ ਲਈ ਉਸ ਨੇ ਉਸ ਨੂੰ ਝਿੜਕਿਆ ਤੇ ਦੋ ਪਟੋਕੀਆਂ ਵੀ ਲਗਾਈਆਂ ਸਨ। ਸ਼ਾਇਦ ਏਸੇ ਸ਼ਰਮਿੰਦਗੀ ਖ਼ਾਤਰ ਰੁੱਸ ਕੇ ਘਰੋਂ ਨਿਕਲ ਗਿਆ ਹੈ। ਫੈਂਸ

ਨੇੜੇ ਨਹੁੰਦਰਾਂ ਪੰਜਿਆਂ ਨਾਲ ਵੱਡਾ ਸਾਰਾ ਟੋਆ ਪੁੱਟਿਆ ਵੇਖ ਕੇ ਮੈਂ ਸਮਝ ਗਿਆ ਕਿ ਇਹ ਤਾਂ ਗੋਫਰਾਂ ਦੀ ਤਲਾਸ਼ ਵਿਚ ਉਨ੍ਹਾਂ ਦੀਆਂ ਖੁੱਡਾਂ ਪੁੱਟਦਾ ਹੋਵੇਗਾ ਜਾਂ ਇਹ ਵਿਚਾਰਾ ਫ਼ਰਹਾਦ ਆਪਣੀ ਅਣਦੇਖੀ ਗਵਾਂਢਣ ਸ਼ੀਰੀ ਨੂੰ ਕੰਧੋਂ ਪਾਰ ਮਿਲਣ ਵਾਸਤੇ ਸੁਰੰਗ ਪੁੱਟ ਰਿਹਾ ਹੋਵੇਗਾ ਪਰ ਚੋਰ ਸੰਨ੍ਹ ਤੋਂ ਫੜਿਆ ਗਿਆ।

ਉਸ ਦੀ ਗ਼ੈਰਹਾਜ਼ਰੀ ਨਾਲ ਸਾਰੇ ਘਰ ਵਿਚ ਤਰਥੱਲੀ ਮੱਚ ਗਈ। ਪਹਿਲਾਂ ਯਕਦਮ ਨੇਬਰਹੁੱਡ-ਸਿਸਟਮ ਵਿਚ ਈ-ਮੇਲ ਨਾਲ ਉਸ ਦੀ ਫ਼ੋਟੋ ਟੈਗ ਕਰ ਦਿੱਤੀ ਗਈ ਕਿ ਜੇ ਕਿਸੇ ਨੇ ਮੈਕਸਲ ਵੇਖਿਆ ਹੈ ਤਾਂ ਇਸ ਫ਼ੋਨ ਨੰਬਰ ਤੇ ਇਤਲਾਹ ਦੇਵੇ। ਸਿਟੀ ਕਲੀਨਿਕ ਜਿੱਥੋਂ ਉਸ ਦੀ ਹਰ ਮਹੀਨੇ ਚੈੱਕਅਪ ਹੁੰਦੀ ਹੈ, ਦਾ ਉਹ ਪੂਰਾ ਵਾਕਫ਼ ਹੈ ਤੇ ਡਾਕਟਰ ਵੀ ਉਸ ਨਾਲ ਬੜਾ ਤੇਹ ਤੇ ਪਿਆਰ ਜਤਾਉਂਦੀ ਹੈ। ਉਹ ਉਸ ਨੂੰ ਉਸ ਦੀ ਮਨਪਸੰਦ ਖ਼ੁਰਾਕ ਬਿਸਕੁਟ ਦੇ ਕੇ ਪਲੋਸਦੀ ਰਹਿੰਦੀ ਤੇ ਇਸੇ ਕਰ ਕੇ ਉਹ ਉਸ ਦਾ ਪੱਕਾ ਮਨਪਸੰਦ ਗਾਹਕ ਬਣ ਗਿਆ। ਪਿਛਲੀ ਵੇਰਾਂ ਵੀ ਜਦ ਉਹ ਇਸ ਤਰ੍ਹਾਂ ਗੁੰਮ ਹੋ ਗਿਆ ਸੀ ਤਾਂ ਹੋਰ ਸਾਰੇ ਤਲਾਸ਼ ਕਰ ਕੇ ਹਾਰ ਹੰਭ ਗਏ ਸਨ। ਅਖੀਰਲੀ ਵਾਰ ਉਸ ਕਲੀਨਿਕ ਨੂੰ ਖ਼ਬਰ ਦਿੱਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਤੁਹਾਡਾ ਮੈਕਸਲ ਸਾਡੇ ਗੇਮ-ਰੂਮ ਵਿਚ ਹੋਰਾਂ ਸਾਥੀਆਂ ਨਾਲ ਖੇਡ ਰਿਹਾ ਹੈ, ਤਾਂ ਜਾ ਕੇ ਸਾਰੇ ਟੱਬਰ ਦਾ ਸਾਹ ਵਿਚ ਸਾਹ ਆਇਆ ਤੇ ਧੰਨਵਾਦ ਸਹਿਤ ਉਸ ਨੂੰ ਉੱਥੋਂ ਲੈ ਕੇ ਆਏ ਸਨ। ਅੱਜ ਉੱਥੇ ਵੀ ਨਹੀਂ ਮਿਲਿਆ। ਸੈਰ ਕਰਨ ਦਾ ਰੂਟ ਜਿੱਥੇ ਉਹ ਹਰ ਰੋਜ਼ ਸਾਰੇ ਮੈਂਬਰਾਂ ਦੀ ਅਗਵਾਈ ਕਰਦਾ ਸੀ, ਵੀ ਫੋਲ ਮਾਰਿਆ। ਜਿੱਥੇ ਕਿਤੇ ਉਸ ਨੂੰ ਲੈ ਕੇ ਕਦੇ ਗਏ, ਹਰ ਥਾਂ ਵੇਖਿਆ ਪਰ ਪਤਾ ਨਹੀਂ ਲੱਗਾ ਕਿੱਥੇ ਛਿਪਣ ਹੋ ਗਿਆ।

ਸੂਰਜ ਦੀ ਰੌਸ਼ਨੀ ਵੀ ਅਲੋਪ ਹੋਣ ਪਿੱਛੋਂ ਚਾਰ ਚੁਫੇਰੇ ਬੱਤੀਆਂ ਜਗ ਪਈਆਂ ਸਨ। ਕੜਕਵੀਂ ਠੰਢ ਪੈਰੋ ਪੈਰ ਵਧ ਰਹੀ ਸੀ। ਸਾਰੇ ਮੈਂਬਰਾਂ ਨੂੰ ਫ਼ਿਕਰ ਸੀ ਕਿ ਗਦੇਲਿਆਂ ਤੇ ਮਖ਼ਮਲੀ ਰਜਾਈਆਂ ਵਿਚ ਸੌਣ ਵਾਲਾ ਮੈਕਸਲ ਕਿੱਥੇ ਜਾ ਕੇ ਠਰਦਾ ਪਛਤਾਉਂਦਾ ਹੋਵੇਗਾ... ਕਿਸੇ ਝਾੜੀ ਵਿਚ, ਜਾਂ ਕਿਸੇ ਘਰ ਦੇ ਬਾਹਰਲੇ ਵਾਧਰੇ ਜਾਂ ਡਿਉਢੀ ਦੀ ਓਟ ਵਿਚ। ਰਾਤ ਦਸ ਵਜੇ ਤੱਕ ਸਾਰੀ ਆਸ ਉਮੀਦ ਲਾਹ ਬੈਠੇ। ਐਨੀਮਲ ਸ਼ੈੱਲਟਰ ਨੂੰ ਵੀ ਖ਼ਬਰ ਕਰ ਦਿੱਤੀ ਗਈ ਪਰ ਉਧਰੋਂ ਨਾਂਹ ਵੀ ਆ ਗਈ ਤੇ ਉਨ੍ਹਾਂ ਨੇ ਸਾਡੀ ਲਾਪਰਵਾਹੀ ਵਾਸਤੇ ਸਾਨੂੰ ਖ਼ਬਰਦਾਰ ਵੀ ਕੀਤਾ।

'ਇਹ ਆਪਣੇ ਆਪ ਬਾਹਰ ਨਹੀਂ ਜਾਂਦਾ। ਜੇ ਜਾਊ ਤਾਂ ਆਪੇ ਵਾਪਸ ਆ ਜਾਊ। ਇਹ ਬੜਾ ਸਿਆਣਾ ਜਾਨਵਰ ਹੈ ਤੇ ਹੋ ਸਕਦਾ ਕਿਸੇ ਨੇ ਉਧਾਲ਼ ਲਿਆ ਹੋਵੇ। ਜੇ ਕੋਈ ਕਾਰ ਵਿਚ ਬਿਠਾ ਕੇ ਦੂਰ ਨੇੜੇ ਲੈ ਗਿਆ ਤਾਂ ਫਿਰ ਨਹੀਂ ਮਿਲਣਾ।' ਉਨ੍ਹਾਂ ਦੀ ਚੇਤਾਵਨੀ ਨਾਲ ਐਮਲੀ ਨੇ ਰੋਣਾ ਜਿਹਾ ਮੂੰਹ ਬਣਾ ਲਿਆ।

ਰਸਤੇ ਵਿਚ ਜਾਂਦੇ ਆਉਂਦੇ ਹਰ ਸੈਰ ਕਰਦੇ ਨੂੰ ਉਸ ਦਾ ਹੁਲੀਆ ਦੱਸ ਕੇ ਪੁੱਛਦੇ ਰਹੇ ਪਰ ਕਿਸੇ ਨੇ ਕੋਈ ਸੂਹ ਨਹੀਂ ਦਿੱਤੀ।

'ਕਿੰਨੀ ਕੁ ਉਮਰ ਸੀ ਤੁਹਾਡੇ ਡੌਗੀ ਦੀ?' ਫੁੱਟਪਾਥ ਤੇ ਚਲਦੇ ਇਕ ਰਾਹਗੀਰ ਨੇ ਚਾਲ ਮੱਧਮ ਕਰ ਕੇ ਫ਼ੋਨ ਕੱਢ ਲਿਆ। ਉਹ ਸਾਡੀ ਪ੍ਰੇਸ਼ਾਨੀ ਭਾਂਪ ਕੇ ਆਪੇ ਹੀ ਖੜੋ ਗਿਆ।

'ਸਾਨਫਰਾਂਸਿਸਕੋ ਵਿਖੇ ਮੱਟਵਿੱਲਾ ਨਾਂ ਦੀ ਇੱਕ ਸੰਸਥਾ ਹੈ ਜਿੱਥੇ ਪੁਰਾਣੇ ਬੁੱਢੇ ਹੋਏ ਜਾਨਵਰ ਖ਼ਾਸ ਕਰ ਕੇ ਕੁੱਤਿਆਂ ਬਿੱਲੀਆਂ ਨੂੰ ਰੱਖਿਆ ਜਾਂਦਾ ਹੈ। ਇਹ ਵਿਕਰਾਲ ਰੂਪ ਵਿਚ

ਲੰਙੇ ਲੂਲ੍ਹੇ ਬੇਆਸਰੇ ਜਾਨਵਰਾਂ ਦਾ ਸ਼ੈੱਲਟਰ ਸਥਲ ਹੈ। ਮਨੁੱਖਾਂ ਦੇ ਬਿਰਧ ਆਸ਼ਰਮ ਵਾਂਗ ਇਹ ਵੀ ਸੀਨੀਅਰ ਬੇਘਰੇ ਜਾਨਵਰਾਂ ਦਾ ਆਸ਼ਰਮ ਹੈ ਤੇ ਇਹ ਉਨ੍ਹਾਂ ਵਾਸਤੇ ਪੱਕੇ ਤੌਰ ਤੇ ਖਾਣ-ਪਾਣ ਤੇ ਰਹਿਣ ਵਾਸਤੇ ਘਰ ਦਾ ਬੰਦੋਬਸਤ ਕਰਦੀ ਹੈ। ਆਮ ਕਰ ਕੇ ਇਨ੍ਹਾਂ ਜਾਨਵਰਾਂ ਨੂੰ ਪਿਆਰ ਕਰਨ ਵਾਲੇ ਮਾਲਕ ਇਨ੍ਹਾਂ ਦੇ ਮਰਨ ਤੱਕ ਇਨ੍ਹਾਂ ਦੀ ਸਾਂਭ ਸੰਭਾਲ ਰੱਖਦੇ ਦਵਾਈ ਬੂਟੀ ਦਿੰਦੇ ਸੰਸਕਾਰ ਤੱਕ ਬੜੇ ਅਦਬ ਸਤਿਕਾਰ ਵਾਂਗ ਘਰ ਦੇ ਮੈਂਬਰ ਵਾਂਗ ਹੀ ਸਾਰੇ ਰਸਮ ਰਿਵਾਜ ਕਰਦੇ ਹਨ। ਕਈ ਬਹੁਤ ਘੱਟ ਪ੍ਰਤੀਸ਼ਤ ਇਹੋ ਜਿਹੇ ਵੀ ਮਿਲ ਜਾਂਦੇ ਹਨ ਜੋ ਇਨ੍ਹਾਂ ਦੇ ਅਸਾਧ ਬਿਮਾਰੀ ਦੇ ਸ਼ਿਕਾਰ ਹੋਣ ਜਾਂ ਬਿਰਧ ਹੋਣ ਤੇ ਘਰੋਂ ਬਾਹਰ ਦੂਰ ਛੱਡ ਆਉਂਦੇ ਹਨ। ਇਨ੍ਹਾਂ ਦੇ ਸਹਾਰੇ ਵਾਸਤੇ ਸਾਨਫਰਾਂਸਿਸਕੋ ਦੀ ਇਹ ਸਮਾਜ ਸੇਵੀ ਸੰਸਥਾ ਇਨ੍ਹਾਂ ਜਾਨਵਰਾਂ ਦੀ ਅਖੀਰ ਤੱਕ ਦੇਖ ਭਾਲ, ਇਲਾਜ਼ ਕਰਦੀ ਹੈ। ਚਿੰਤਾ ਨਾ ਕਰੋ... ਉੱਥੇ ਫ਼ੋਨ ਕਰ ਲਓ, ਹੋ ਸਕਦਾ ਕਿਸੇ ਨੇ ਉੱਥੇ ਪਹੁੰਚਾ ਦਿੱਤਾ ਹੋਵੇ।'

'ਧੰਨਵਾਦ ਤੁਹਾਡਾ ਹਮਦਰਦੀ ਦਾ... ਪਰ ਉਹ ਤਾਂ ਅਜੇ ਭਰ ਜੁਆਨੀ ਵਿਚ ਸੀ, ਦੋ ਸਾਲ ਦਾ ਬੜਾ ਕੋਮਲ ਚੰਚਲ ਜਿਹਾ ਸ਼ਰਾਰਤੀ... ਬੁੱਢਾ ਨਹੀਂ।'

'ਹਾਂ ਤੇ ਹੋਰ ਸੁਣੋ ! ਇੱਥੇ ਕਈ ਕੁੱਤਿਆਂ ਦੇ ਸ਼ਿਕਾਰੀ ਵੀ ਹੁੰਦੇ ਹਨ ਜੋ ਇਨ੍ਹਾਂ ਕੂਲ਼ੇ ਨਰਮ ਜਾਨਵਰਾਂ ਦਾ ਮੀਟ ਬੜੇ ਸ਼ੌਂਕ ਨਾਲ ਖਾਂਦੇ ਹਨ। ਜੇ ਕਿਤੇ ਉਨ੍ਹਾਂ ਕੁੱਤੇ-ਖਾਣਿਆਂ ਦੇ ਢਾਏ ਚੜ੍ਹ ਗਿਆ ਤਾਂ ਫਿਰ ਉਸ ਦੀ ਹੱਡੀ ਪੱਸਲੀ ਵੀ ਨਹੀਂ ਮਿਲਣੀ।' ਉਹ ਅਜੇ ਵੀ ਭਰਵੱਟੇ ਖਿਲਾਰੀ ਖੜ੍ਹਾ ਸੀ। ਅਸੀਂ ਉਸ ਨੂੰ ਅਣਗੌਲੇ ਹੋ ਕੇ ਵਿਸਾਰ ਦਿੱਤਾ ਤੇ ਚਾਰੇ ਕੰਨੀਆਂ ਝਾੜਦੇ ਘਰ ਮੁੜ ਆਏ।

ਆਖ਼ਰੀ ਕੋਸ਼ਿਸ਼ ! ਸਾਰੇ ਮੈਂਬਰ ਕਾਰ ਵਿਚ ਬੈਠ ਕੇ ਰੋਜ਼ਾਨਾ ਸੈਰ ਵਾਲੇ ਰਸਤੇ ਰਾਤ ਦੀ ਸ਼ਾਂਤ ਫ਼ਿਜ਼ਾ ਵਿਚ ਮੈਕਸਲ !... ਮੈਕਸਲ ! ... ਉੱਚੀ ਉੱਚੀ ਆਵਾਜ਼ਾਂ ਪੁਕਾਰਦੇ ਹੌਲੀ-ਹੌਲੀ ਚੱਕਰ ਕੱਟਣ ਲੱਗੇ। ਇੱਕ ਥਾਂ ਮੈਕਸਲ... ਮੈਕਸਲ... ਦੀ ਆਵਾਜ਼ ਦੇ ਪ੍ਰਤੀਕਰਮ ਵਜੋਂ 'ਬਹੂੰ... ਬਹੂੰ... ਚੌਂ ਚਊਂ...।' ਦੀ ਮੱਧਮ ਭਿੱਜੀ ਜਿਹੀ ਆਵਾਜ਼ ਸੁਣਾਈ ਦਿੱਤੀ ਜਿਵੇਂ ਕਿਸੇ ਮੁਸ਼ਕਲ ਵਿਚ ਫਸਿਆ ਉਹ ਮਦਦ ਲਈ ਗੁਹਾਰ ਲਗਾ ਰਿਹਾ ਹੋਵੇ।

'ਠਹਿਰੋ ਵੇਖੋ ਸੁਣੋ... ਮੈਕਸਲ ! ਹਾਂ ਮੈੱਕਸਲ ਦੀ ਆਵਾਜ਼ ਪਛਾਣ ਲਈ ਮੈਂ।' ਐਮਲੀ ਦੇ ਚਿਹਰੇ ਤੇ ਰੌਣਕ ਟਪਕ ਆਈ। ਏਦਾਂ ਜਾਪਿਆ ਜਿਵੇਂ ਕਿਸੇ ਝਾੜੀ ਵਿਚ ਫਸਿਆ ਹੋਇਆ ਮੈੱਕਸਲ ਹੁੰਗਾਰਾ ਭਰ ਰਿਹਾ ਹੈ। ਫੇਰ ਆਵਾਜ਼ ਦਿੱਤੀ, ਅੱਗੋਂ ਫੇਰ ਅਜੇਹੀ ਆਵਾਜ਼ ਆਈ। ਗੱਡੀ ਰੋਕ ਕੇ ਵੌੜ ਲੈਣ ਲੱਗੇ ਕਿ ਹੋ ਸਕਦਾ ਉਹ ਕਿਸੇ ਦੀ ਗਰਾਜ ਵਿਚ ਚੁਪਕੇ ਵੜ ਕੇ ਦੜਿਆ ਬੈਠਾ ਹੋਵੇ। ਫੇਰ ਆਵਾਜ਼ ਮਾਰੀ। ਅੱਗੋਂ ਹੁੰਗਾਰਾ ਆਇਆ ਪਰ ਨਾਲ ਨੇਬਰਹੁੱਡ ਵਿਚੋਂ 'ਬਹੂੰ... ਬਹੂੰ' ਕਰਦੀਆਂ ਕੁਤੀੜ-ਵਾਧੇ ਦੀਆਂ ਕਈ ਹੋਰ ਆਵਾਜ਼ਾਂ ਨੇ ਉਹ ਇੱਕ ਆਵਾਜ਼ ਰੋਲ਼ੇ-ਘਚੋਲੇ ਵਿਚ ਰੋਲ ਦਿੱਤੀ। ਇਹ ਆਵਾਜ਼ ਸੁਣ ਕੇ ਨੇੜਲੇ ਘਰਾਂ ਦੇ ਦੂਸਰੇ ਕੁੱਤੇ ਵੀ ਭੌਂਕਣ ਲੱਗ ਪਏ ਸਨ। ਕੁੱਝ ਹੱਥ ਪੱਲੇ ਨਾ ਪੈਂਦਾ ਵੇਖ ਕੇ ਅਸੀਂ ਹੌਸਲਾ ਹਾਰ ਕੇ ਘਰ ਪਰਤ ਆਏ।

'ਨਹੀਂ ਇਹ ਸਾਡਾ ਮੈੱਕਸਲ ਨਹੀਂ... ਹੋਰਨਾਂ ਘਰਾਂ ਵਾਲਿਆਂ ਦੇ ਕੁੱਤਿਆਂ ਦੀਆਂ ਆਵਾਜ਼ਾਂ ਹਨ ਜੋ ਸਾਡੀਆਂ ਆਵਾਜ਼ਾਂ ਦੇ ਪ੍ਰਤੀਕਰਮ ਕਾਰਨ ਭੌਂਕ ਰਹੇ ਹਨ।'

ਐਮਲੀ ਉੱਚੀ ਉੱਚੀ ਹੁਬਕੀਂ ਰੋਣ ਲੱਗ ਪਈ। ਉਸ ਦਾ ਬਹੁਤ ਬੁਰਾ ਹਾਲ ਹੋ ਰਿਹਾ ਸੀ।

ਡਿਨਰ ਕਿਸੇ ਨਹੀਂ ਕੀਤਾ। ਮੈਕਸਲ ਦੇ ਡਿਨਰ ਦਾ ਟਾਈਮ ਲੰਘ ਗਿਆ ਸੀ, ਉਸ ਨੇ ਡਿਨਰ ਕਿੱਥੋਂ ਕੀਤਾ ਹੋਊ ! ਨੀਂਦ ਕਿਸੇ ਨੂੰ ਨਹੀਂ ਆਈ। ਸੌਣ ਸਮੇਂ ਉਹ ਸਾਰੇ ਮੈਂਬਰਾਂ ਦੇ ਦਰ ਮੂਹਰੇ ਜਾ ਕੇ ਗੁੱਡ ਨਾਈਟ ਕਹਿੰਦਾ ਪੁਸ਼ਟੀ ਕਰਦਾ ਸੀ ਕਿ ਸਾਰੇ ਆਪਣੀ ਆਪਣੀ ਜਗ੍ਹਾ ਟਿਕ ਗਏ ਪਰ ਉਸ ਦੀ ਅਣਹੋਂਦ ਰੜਕਦੀ ਰਹੀ।

ਖਾੜਕੂਵਾਦ ਦਾ ਸਮਾਂ ਮੈਂ ਹੱਡਾਂ ਤੇ ਹੰਢਾਇਆ ਸੀ। ਅੱਜ ਉਸ ਕਾਲੇ ਦੌਰ ਦੀ ਯਾਦ ਆ ਗਈ। ਜਦ ਕਿਸੇ ਘਰ ਦਾ ਨੌਜੁਆਨ ਬੰਦਾ ਮੁੰਡਾ ਲਾਪਤਾ ਹੋ ਜਾਂਦਾ ਤਾਂ ਪਿੱਛੇ ਘਰ ਦੇ ਜੀਆਂ ਦੀ ਜਾਨ ਕਿਵੇਂ ਪੋਟਾ ਪੋਟਾ ਕੁੱਸਦੀ ਹੈ, ਉਸੀ ਰਾਤ ਅੱਜ ਅਸੀਂ ਆਪਣੇ ਹੱਡਾਂ ਤੇ ਹੰਢਾ ਰਹੇ ਸਾਂ। ਸਾਰੇ ਆਪਣੇ ਆਪਣੇ ਥਾਂ ਸੁਮਕੇ ਮਾਰ ਰਹੇ ਸਨ।

ਰਾਤ ਸਾਢੇ ਗਿਆਰਾਂ ਵਜੇ ਫ਼ੋਨ ਦੀ ਘੰਟੀ ਖੜਕੀ। ਕਿਰਨ ਨੇ ਫ਼ੋਨ ਉਠਾਇਆ।

'ਆਰ ਯੂ ਦੀ ਮਾਮ ਆਫ਼ ਮੈੱਕਸਲ?' ਲੇਡੀ ਆਵਾਜ਼ ਪਛਾਣ ਕੇ ਉਨ੍ਹਾਂ ਪੁੱਛਿਆ।

'ਯਾ ਯੈਸ ! ਵਿਅਰ ਹੀ ਇਜ਼?' ਕਿਰਨ ਜਜ਼ਬਾਤਾਂ ਦੇ ਹੜ੍ਹ ਵਿਚ ਅੱਧੀ ਕੁ ਰੋਈ ਤੇ ਅੱਧੀ ਕੁ ਹੱਸੀ।

'ਤੁਹਾਡਾ ਮੈੱਕਸਲ ਸਾਡਾ ਮਹਿਮਾਨ ਹੈ... ਸਾਡੇ ਕੋਲ ਬੈਠਾ ਮਸਤੀ ਮਾਰ ਰਿਹਾ ਹੈ। ਤੁਸੀਂ ਚਾਹੋ ਤਾਂ ਹੁਣੇ ਲੈ ਜਾ ਸਕਦੇ ਹੋ... ਨਹੀਂ ਤਾਂ ਸਵੇਰੇ ਆ ਜਾਣਾ। ਉਸ ਦੇ ਗਲ ਦੇ ਪਟੇ ਤੇ ਉਸ ਦਾ ਨਾਂ, ਥਾਂ ਟਿਕਾਣਾ, ਫ਼ੋਨ ਨੰਬਰ ਪੜ੍ਹ ਕੇ ਤੁਹਾਨੂੰ ਇਤਲਾਹ ਦੇ ਰਹੇ ਹਾਂ।'

'ਹਾਂ... ਯਾ... ਥੈਂਕ ਯੂ... ਵੁਈ ਮਿੱਸ ਹਿਮ... ਵੀ ਆਰ ਕਮਿੰਗ ਜਸਟ ਨਾਓ।'

ਸਾਰੇ ਮੈਂਬਰਾਂ ਦੇ ਬੁੱਝੇ ਹੋਏ ਚਿਹਰੇ ਖਿੜ ਉੱਠੇ। ਐਮਲੀ ਤੇ ਵਿਲਸਨ ਦੇ ਚਿਹਰੇ ਤੇ ਫੁਲਝੜੀਆਂ ਮੱਚ ਪਈਆਂ। ਸਵੇਰ ਹੋਣ ਤੱਕ ਕੌਣ ਉਡੀਕ ਕਰ ਸਕਦਾ ਸੀ ! ਇੰਟਰਨੈੱਟ ਤੇ ਫ਼ੋਨ ਦੇ ਦੱਸੇ ਮਕਾਨ ਦਾ ਸਿਰਨਾਵਾਂ ਪਾ ਕੇ ਵੇਖਿਆ, ਉਹ ਘਰ ਤੋਂ ਬਹੁਤੀ ਦੂਰ ਨਹੀਂ ਸੀ। ਸਿਰਫ਼ ਤੀਸਰੀ ਕੋਰਟ ਵਿਚ ਸੀ ਤੇ ਇਹ ਉਹੀ ਜਗ੍ਹਾ ਸੀ, ਜਿੱਥੋਂ ਸਾਡੀ ਆਵਾਜ਼ ਦਾ ਮੈੱਕਸਲ ਹੁੰਗਾਰਾ ਭਰ ਰਿਹਾ ਸੀ। ਅਸੀਂ ਪਹੁੰਚੇ। ਜਬਰੀ ਬਣਿਆ ਮਹਿਮਾਨ ਮੈੱਕਸਲ, ਦੇ ਹੋਸਟ ਤੀਵੀਂ ਆਦਮੀ ਦੋਵੇਂ ਉਸ ਨੂੰ ਵਿਸ਼ੇਸ਼ ਪ੍ਰਾਹੁਣੇ ਵਾਂਗ ਸੇਵਾ ਕਰਦੇ ਲਾਡ ਲਡਾ ਰਹੇ ਸਨ। ਉਹ ਉਨ੍ਹਾਂ ਨਾਲ ਬੜੀ ਜਲਦੀ ਆੜੀ ਪਾ ਬੈਠਾ ਸੀ। ਉਨ੍ਹਾਂ ਦੱਸਿਆ ਕਿ ਇਸ ਦਾ ਪਟਾ ਝਾੜੀਆਂ ਵਿਚ ਫਸਣ ਕਾਰਨ ਜਕੜਿਆ ਇਹ ਮਦਦ ਲਈ ਕੁਰਲਾਟ ਮਚਾ ਰਿਹਾ ਸੀ। ਆਵਾਜ਼ ਸਾਡੇ ਕੰਨੀਂ ਪੈਣ ਕਾਰਨ ਅਸੀਂ ਖ਼ਤਰਾ ਸਹੇੜ ਕੇ ਖੁੰਘੀ ਨਾਲ ਫਸਿਆ ਇਸ ਦਾ ਪਟਾ ਲਾਹ ਕੇ ਇਸ ਨੂੰ ਮੁਕਤ ਕਰਾਇਆ। ਤੁਹਾਡਾ ਫ਼ੋਨ ਮਿਲਣ ਦੀ ਤਾਕ ਵਿਚ ਇਹ ਵੀ ਬੜੀ ਸੰਜੀਦਗੀ ਨਾਲ ਸਾਡੀ ਗੁਫ਼ਤਗੂ ਸੁਣ ਰਿਹਾ ਸੀ ਤੇ ਤੁਹਾਡੀ ਆਵਾਜ਼ ਸੁਣ ਕੇ ਇਸ ਨੇ ਉਮੀਦਾਂ ਭਰੀ ਖ਼ੁਸ਼ੀ ਸੰਗ ਅੱਖਾਂ ਟਮਕਾਈਆਂ ਸਨ। ਮੈੱਕਸਲ ਸਾਨੂੰ ਵੇਖ ਕੇ ਸ਼ਰਮਿੰਦਿਆਂ ਦੇ ਤਾਣ ਲੇਟਣੀਆਂ ਲੈਂਦਾ ਪੈਰਾਂ ਹੇਠ ਆ ਡਿੱਗਾ।

ਵਿਲਸਨ ਨੇ ਕੁੱਛੜ ਚੁੱਕ ਕੇ ਦੋ ਚਾਰ ਪਿਆਰੀਆਂ ਜਿਹੀਆਂ ਪਟੋਕੀਆਂ ਜੜ ਦਿੱਤੀਆਂ ਤੇ ਘਰ ਲੈ ਆਏ। ਕੁੱਝ ਦਿਨਾਂ ਬਾਦ ਸੈਰ ਕਰਦੇ ਸਮੇਂ ਉਸ ਦੀ ਕੁੱਤੇ-ਝਾਕ ਨਹੀਂ ਮੁੱਕੀ। ਥਾਂ ਥਾਂ ਲੱਤ ਚੁੱਕ ਕੇ ਮੂਤੀਂ ਜਾਣਾ, ਥਾਂ-ਥਾਂ ਝਾੜੀਆਂ ਸੁੰਘਦੇ ਜਾਣਾ, ਉਸ ਦੀ ਕੁੱਤਿਆਂ ਵਰਗੀ ਆਦਤ ਸ਼ਾਇਦ ਫਿਰ ਜਾਗ ਪਈ ਸੀ। ਕਿਸੇ ਸਿਆਣੇ ਨੇ ਠੀਕ ਹੀ ਕਿਹਾ ਹੈ, 'ਕੁੱਤਾ ਰਾਜ ਬਹਾਲੀਏ ਮੁੜ ਚੱਕੀ ਚੱਟੇ।' ਇੱਕ ਦਿਨ ਹੱਡੀ ਵਰਗੀ ਕੋਈ ਸਖ਼ਤ ਚੀਜ਼ ਉਸ ਨੇ ਮੂੰਹ

ਵਿਚ ਪਾ ਲਈ। ਬਹੁਤ ਦੇਰ ਚੱਬਦਾ ਉਹ ਤੜਫ਼ਦਾ ਰਿਹਾ। ਉਹ ਉਸ ਦੇ ਸੰਘ ਵਿਚ ਫਸ ਗਈ। ਉਸ ਨੂੰ ਉਲਟੇ ਸਿੱਧੇ ਹੁੰਦੇ ਵੇਖ ਕੇ ਨਿਆਣੇ ਹਾਲ ਪਾਹਰਿਆ ਕਰਨ ਲੱਗੇ। ਮੈਂ ਇਕਦਮ ਫੜ ਕੇ ਉਸ ਦੇ ਸੰਘ ਵਿਚ ਉਂਗਲ ਪਾ ਕੇ ਕੱਢਣ ਦੀ ਕੋਸ਼ਿਸ਼ ਕੀਤੀ। ਕੂਲ਼ਾ ਜਿਹਾ ਨਵਾਂ ਮਾਸ ਸਮਝ ਕੇ ਉਸ ਨੇ ਪਲਕ ਝਪਕ ਵਿਚ ਮੇਰੀ ਉਂਗਲ ਵਿਚ ਵੀ ਦੰਦ ਖੁੱਭੋ ਦਿੱਤੇ ਤੇ ਚੱਬ ਸੁੱਟੀ। ਮੈਂ ਦੂਸਰੇ ਹੱਥ ਨਾਲ ਉਸ ਦਾ ਜਬਾੜਾ ਖੋਲ੍ਹ ਕੇ ਬੜੀ ਮੁਸ਼ਕਲ ਆਪਣੀ ਉਂਗਲੀ ਬਾਹਰ ਕੱਢੀ। ਉਂਗਲੀ ਦਾ ਪੋਟਾ ਤੋਰੀ ਵਾਂਗ ਨਾਲ ਲਟਕ ਰਿਹਾ ਖ਼ੂਨੋ-ਖ਼ੂਨ ਹੋ ਗਿਆ। ਉਸ ਦੇ ਮੂੰਹ ਵਿਚਲੀ ਪੱਥਰ-ਹੱਡੀ ਟੁੱਟ ਕੇ ਕੁੱਝ ਉਸ ਦੇ ਅੰਦਰ ਤੇ ਕੁੱਝ ਬਾਹਰ ਡਿਗ ਪਈ ਸੀ। ਜੇ ਮੈਂ ਦੂਸਰੇ ਹੱਥ ਨਾਲ ਉਸ ਦਾ ਜਬਾੜਾ ਘੁੱਟ ਕੇ ਨਾ ਖੋਲ੍ਹਦਾ ਤਾਂ ਉਸ ਨੇ ਮੇਰੀ ਉਂਗਲ ਨਿਗਲ ਜਾਣੀ ਸੀ। ਲਗਾਤਾਰ ਖ਼ੂਨ ਦੀ ਤਤੀਰ੍ਹੀ ਨਾਲ ਮੈਂ ਵੀ ਘਬਰਾ ਗਿਆ। ਐਮਲੀ ਤੇ ਵਿਲਸਨ ਮੇਰੇ ਤੋਂ ਵੱਧ ਮਸੋਸੇ ਗਏ। ਉਂਗਲ ਨੂੰ ਠਾਠੀ ਨਾਲ ਘੁੱਟਦੇ ਮੇਰਾ ਮਨ ਅੰਮ੍ਰਿਤਸਰ ਦੇ ਚੀਚਾ-ਭਕਨਾ ਵਾਲੇ ਠਾਕਰਾਂ ਦੀਆਂ ਪੌੜੀਆਂ ਚੜ੍ਹ ਗਿਆ ਜੋ ਕੁੱਤੇ ਵੱਢੇ ਦਾ ਇਲਾਜ ਘਰ ਦੇ ਪੱਕੇ ਰੋਟਾਂ ਦੇ ਟੁਕੜਿਆਂ ਨਾਲ ਕਰਦੇ ਸਨ।

ਘਰ ਪਹੁੰਚਣ ਤੱਕ ਖ਼ੂਨ ਚੋਣੋਂ ਨਹੀਂ ਹਟਿਆ। ਜੇਬ ਦੀ ਠਾਠੀ ਜਿਸ ਨਾਲ ਮੈਂ ਜ਼ਖ਼ਮ ਘੁੱਟਿਆ, ਖ਼ੂਨ ਨਾਲ ਲੱਥਪੱਥ ਹੋ ਗਈ। ਮੈਂ ਤਾਂ ਕੋਈ ਪ੍ਰਵਾਹ ਨਹੀਂ ਮੰਨੀ ਪਰ ਨੂੰਹ ਬੇਟੀ ਕਿਰਨ ਤੇ ਉਨ੍ਹਾਂ ਦੀ ਵੱਡੇ ਮੰਮਾ ਘਬਰਾ ਗਈਆਂ। ਕਿਰਨ ਨੇ ਤੁਰੰਤ ਚਾਬੀ ਫੜੀ ਤੇ ਮੈਨੂੰ ਗੱਡੀ ਵੱਲ ਇਸ਼ਾਰਾ ਕੀਤਾ। ਹੋਰ ਉਡੀਕਣ ਤੇ ਖ਼ਤਰਾ ਸਹੇੜਨ ਦੀ ਬਿਜਾਏ ਕਾਈਜ਼ਰ ਹਸਪਤਾਲ ਦਾ ਐਮਰਜੈਂਸੀ ਦਰਵਾਜ਼ਾ ਜਾ ਖੜਕਾਇਆ। ਮਾਈਨਰ ਅਪ੍ਰੇਸ਼ਨ ਥੀਏਟਰ ਵਿਚ ਉਨ੍ਹਾਂ ਮੇਰੀ ਉਗਲ ਸੁੰਨ ਕਰ ਕੇ ਲਟਕ ਰਿਹਾ ਪੋਟਾ ਸਿੱਧਾ ਕਰ ਕੇ ਕਈ ਟਾਂਕੇ ਲਾਏ ਤੇ ਜੋੜ ਕੇ ਬੰਨ੍ਹ ਦਿੱਤਾ। ਪੱਟੀ ਲਪੇਟ ਕੇ ਬਾਂਹ ਗਲ ਵਿਚ ਪਾ ਦਿੱਤੀ। ਬੜੀ ਬਰੀਕੀ ਨਾਲ ਮੇਰੀ ਹਿਸਟਰੀ ਤੇ ਨਾਲ ਕੁੱਤੇ ਦੀ ਹਿਸਟਰੀ ਪੁੱਛੀ। ਮੈਨੂੰ ਪਹਿਲਾਂ ਲੱਗੇ ਟੀਕੇ ਏ.ਟੀ.ਐੱਸ. ਵਗ਼ੈਰਾ ਤੇ ਮੈੱਕਸਲ ਦੇ ਲੱਗੇ ਟੀਕਿਆਂ ਦਾ ਪਿਛਲਾ ਰਿਕਾਰਡ ਉਨ੍ਹਾਂ ਘੋਖ ਲਿਆ। ਉਨ੍ਹਾਂ ਮੁਬਾਰਕ ਦਿੱਤੀ ਕਿ ਚੰਗੀ ਕਿਸਮਤ ਨੂੰ ਉਂਗਲ ਬਚ ਗਈ ਹੈ। ਕਿਉਂਕਿ ਜ਼ਖ਼ਮ ਬਹੁਤ ਡੂੰਘੇ ਸਨ ਤੇ ਇਨਫੈਕਸ਼ਨ ਹੋਣ ਦਾ ਖ਼ਤਰਾ ਸੀ ਇਸ ਲਈ ਰੋਗਾਣੂ-ਨਾਸ਼ਕ ਗੋਲੀਆਂ ਲਿਖ ਦਿੱਤੀਆਂ। ਕਈ ਹਦਾਇਤਾਂ ਨਾਲ ਬੈਂਡ-ਏਡ ਤੇ ਵਾਧੂ ਦਸਤਾਨੇ ਘਰ ਵਾਸਤੇ ਦੇ ਦਿੱਤੇ ਤਾਂ ਜੋ ਲੋੜ ਪੈਣ ਤੇ ਮੈਂ ਜ਼ਖ਼ਮ ਪੱਟੀ ਦੋਬਾਰਾ ਖੋਲ੍ਹ ਕੇ ਆਪੇ ਬੰਨ੍ਹਦਾ ਰਹਾਂ।

ਬਚਪਨ ਤੋਂ ਜਦ ਸਾਡਾ ਛੋਟਾ ਡੱਬੂ ਕਤੂਰਾ ਹਲਕਾ ਹੋ ਕੇ ਮਰਿਆ ਸੀ, ਮੈਂ ਕੁੱਤਾ ਘਰ ਵਿਚ ਨਾ ਰੱਖਣ ਦਾ ਅਹਿਦ ਲੈ ਲਿਆ ਸੀ ਪਰ ਇਸ ਮੈੱਕਸਲ ਦੇ ਚੱਕਰ ਵਿਚ ਐਮਲੀ ਦੀ ਰਿਹਾੜ ਅੱਗੇ ਗੋਡੇ ਟੇਕਣੇ ਪਏ। ਮੈਂ ਫਿਰ ਵੀ ਉਸ ਨੂੰ ਬਹੁਤਾ ਮੂੰਹ ਨਹੀਂ ਲਾਇਆ ਕਿ ਦੋ ਚਾਰ ਮਹੀਨੇ ਬੱਚਿਆਂ ਦਾ ਸ਼ੌਕ ਪੂਰਾ ਹੋਣ ਤੇ ਕੁੱਤਾ ਵਾਪਸ ਕਰ ਦਿਆਂਗੇ ਪਰ ਥੋੜ੍ਹੇ ਦਿਨਾਂ ਵਿਚ ਹੀ ਉਹ ਘਰ ਦੀ ਰੌਣਕ ਦਾ ਜ਼ਰੂਰੀ ਅੰਗ ਬਣ ਗਿਆ। ਉਸ ਦੇ ਗਲ ਪਈਆਂ ਛੋਟੀਆਂ ਘੁੰਗਰੀਆਂ ਸੰਗੀਤ ਛੇੜਦੀਆਂ ਘਰ ਦੇ ਚੁਗਿਰਦੇ ਨੂੰ ਟਣਕਾਈ ਰੱਖਦੀਆਂ। ਹੁਣ ਮੈਂ ਤਾਂ ਛੱਡਦਾ ਹਾਂ ਪਰ ਕੰਬਲੀ ਨਹੀਂ ਛੱਡਦੀ ਵਾਲੀ ਗੱਲ ਬਣ ਗਈ। ਸਵੇਰੇ ਉੱਠਦੇ ਹੀ ਫ਼ੌਜੀ ਸਿਪਾਹੀਆਂ ਵਾਂਗ ਉਹ ਅਗਲੇ ਦੋਵੇਂ ਪੈਰਾਂ ਤੇ ਭਾਰ ਪਾ ਕੇ ਅਕੜਾਅ ਕੇ ਨਮਸਕਾਰ ਕਰਦਾ। ਬੱਚਿਆਂ ਨੂੰ ਜਗਾਉਣ ਲਈ ਉਨ੍ਹਾਂ ਉੱਪਰੋਂ ਬਲੈਂਕਟ ਦੀ ਕੰਨੀ ਜਾ ਖਿੱਚਦਾ। ਉਸ ਦੀਆਂ

ਨਟਖਟ ਅਦਾਵਾਂ ਤੇ ਪਿਆਰ ਨੇ ਏਨਾ ਕ੍ਰਿਸ਼ਮਾ ਦਿਖਾਇਆ ਕਿ ਘਰ ਦੇ ਰੁਝੇਵਿਆਂ ਦਾ ਉਹ ਚੌਂਕੀਦਾਰ ਬਣ ਗਿਆ। ਮੇਰੇ ਹੱਥ ਆਪਮੁਹਾਰੇ ਉਸ ਦੀ ਕੰਡ ਤੇ ਜਾ ਟਿਕੇ ਤੇ ਉਹ ਮੇਰੇ ਪੈਰਾਂ ਤੇ ਵਿਛ ਗਿਆ। ਮੈਂ ਸੰਗਲੀ ਚੁੱਕੀ, ਉਸ ਨੇ ਧੌਣ ਅੱਗੇ ਕਰ ਦਿੱਤੀ। ਕਿਰਨ ਨੇ ਪਲਾਸਟਿਕ ਦਾ ਲਿਫ਼ਾਫ਼ਾ ਮੇਰੇ ਹੱਥ ਫੜਾ ਦਿੱਤਾ ਤੇ ਮੈਂ ਉਸ ਨੂੰ ਲੈ ਕੇ ਬਾਹਰ ਸੈਰ ਨੂੰ ਹੋ ਤੁਰਿਆ। ਇਸ ਤਰ੍ਹਾਂ ਉਹ ਸਵੇਰੇ ਸ਼ਾਮ ਮੇਰੀ ਰੋਜ਼ਾਨਾ ਸੈਰ ਦਾ ਸਾਥੀ ਬਣ ਗਿਆ।

ਜਨਮ ਦਿਨ ਦੇ ਨਜ਼ਰਾਨੇ ਵਜੋਂ ਪੁਰਾਣੀ ਜਾਕਟ ਲਾਹ ਕੇ ਨਵੀਂ ਜਾਕਟ ਉਸ ਦੇ ਗਲ ਪਾ ਦਿੱਤੀ ਗਈ। ਪਸ਼ਮੀਨੇ ਦੀ ਇਹ ਜਾਕਟ ਐਮਲੀ ਦੀ ਸਿਫ਼ਾਰਿਸ਼ ਤੇ 'ਵੱਡੇ ਮੰਮਾ' ਨੇ ਆਪਣੇ ਹੱਥੀਂ ਬੁਣੀ ਸੀ। ਸੋਨੇ ਦਾ ਲਾਕਟ ਉਸ ਨੂੰ ਜਨਮ ਦਿਨ ਦਾ ਤੋਹਫ਼ਾ ਮਿਲ ਗਿਆ, ਜੋ ਉਸ ਦੇ ਪਛਾਣ-ਪਟੇ ਦੇ ਨਾਲ ਲਟਕਾ ਦਿੱਤਾ ਗਿਆ। ਪੈਰੀਂ ਮੌਜ਼ੇ ਤੇ ਲੱਤਾਂ ਵਿਚ ਝਾਂਜਰਾਂ ਫਬ ਗਈਆਂ। ਸਿਰ ਤੇ 'ਹੈਪੀ ਬਰਥ ਡੇ' ਵਾਲਾ ਮੁਕਟ ਸਜਾ ਦਿੱਤਾ ਗਿਆ। ਕੇਕ ਕੱਟਿਆ ਗਿਆ। 'ਹੈਪੀ ਬਰਥ ਡੇ ਮੈੱਕਸਲ।' ਸੁਣ ਕੇ ਪੂਛ ਹਿਲਾ ਕੇ ਉਹ ਉਨ੍ਹਾਂ ਦਾ ਸਵਾਗਤ ਕਰ ਰਿਹਾ ਸੀ। ਉਸ ਦੀਆਂ ਫ਼ੋਟੋ ਖਿੱਚੀਆਂ ਗਈਆਂ। ਬੱਚਿਆਂ ਨੇ ਤਾੜੀਆਂ ਮਾਰੀਆਂ। ਐਮਲੀ ਤੇ ਵਿਲਸਨ ਨੇ ਉਸ ਦੇ ਮੂੰਹ ਚਮਚਾ ਪਾਉਂਦੇ ਨਿਵੇਕਲੇ ਅੰਦਾਜ਼ ਵਿਚ ਫ਼ੋਟੋ ਖਿਚਵਾਈਆਂ। ਪਲੇਟਾਂ ਵਿਚ ਕੇਕ ਪਾ ਕੇ ਸਾਰੇ ਮਹਿਮਾਨਾਂ ਵਾਸਤੇ ਟੇਬਲ ਤੇ ਸਜਾ ਦਿੱਤਾ ਗਿਆ। ਬੱਚੇ ਉਸ ਦੇ ਮੂੰਹ ਵਿਚ ਬਿਸਕੁਟ ਤੁੰਨ ਰਹੇ ਉਸ ਨੂੰ ਭਕਾ ਰਹੇ ਸਨ... ਫੀਡ ਦਿਖਾ ਕੇ ਉਸ ਅੱਗੇ ਦੌੜਦੇ ਉਸ ਨੂੰ ਦੁੜਾ ਰਹੇ ਸਨ... ਨਚਾ ਰਹੇ ਸਨ। ਉਨ੍ਹਾਂ ਦਾ ਧਿਆਨ ਖਾਣ ਪੀਣ ਨਾਲੋਂ ਉਸ ਨਾਲ ਖੇਡਣ ਵੱਲ ਜ਼ਿਆਦਾ ਸੀ। 'ਮੈੱਕਸਲ ਸਿੱਟ!' ਉਹ ਬਿਸਕੁਟ ਵੱਲ ਨੀਝ ਲਗਾਈ ਢੂਈ ਥੱਲੇ ਲਗਾ ਕੇ ਬੈਠ ਜਾਂਦਾ। 'ਮੈੱਕਸਲ ਸਟੈਂਡ।' ਉਹ ਖੜ੍ਹਾ ਹੋ ਜਾਂਦਾ। 'ਮੈੱਕਸਲ ਸ਼ੇਕ ਹੈਂਡ।' ਉਹ ਪੈਰ ਦਾ ਇੱਕ ਪੰਜਾ ਅੱਗੇ ਕਰ ਕੇ ਹੱਥ ਤੇ ਰੱਖ ਦਿੰਦਾ। 'ਮੈੱਕਸਲ ਰੋਲ ਓਵਰ।' ਉਹ ਉਲਟਾ ਲੋਟਣੀਆਂ ਲੈਣ ਲੱਗਦਾ। 'ਮੈੱਕਸਲ ਡੈਂਸ।' ਉਹ ਦੋਹਾਂ ਲੱਤਾਂ ਤੇ ਖੜੋ ਕੇ ਬਾਂਦਰ ਵਾਂਗ ਨੱਚਦਾ ਪੈਰਾਂ ਦੀਆਂ ਝਾਂਜਰਾਂ ਛਣਕਾਉਣ ਲੱਗਦਾ। ਹੀਰੋ ਵਾਂਗ ਉਹ ਆਪਣੇ ਦੁਆਲੇ ਝੁਰਮਟ ਪਾਈ, ਬਾਘੀਆਂ ਪਾਉਂਦੇ ਬੱਚੇ ਵੇਖ ਕੇ ਮੱਛਰਦਾ ਜਾ ਰਿਹਾ ਸੀ। ਬੱਚੇ ਉਸ ਨੂੰ ਤਰ੍ਹਾਂ ਤਰ੍ਹਾਂ ਦੇ ਪਦਾਰਥ ਦਿਖਾ ਰਹੇ ਸਨ। ਉਹ ਪਚਾਕੇ ਮਾਰਦਾ ਖ਼ਰਮਸਤੀਆਂ ਕਰ ਰਿਹਾ ਸੀ। ਬੱਚੇ ਉਸ ਨੂੰ ਬਾਰ ਬਾਰ 'ਹੈਪੀ ਬਰਥ ਡੇ' ਕਹਿ ਰਹੇ ਸਨ, ਤਾੜੀਆਂ ਮਾਰ ਰਹੇ ਸਨ, ਉਸ ਦਾ ਸਿਰ ਪਲੋਸ ਰਹੇ ਸਨ, ਉਸ ਦਾ ਪਿੰਡਾ ਪਲੋਸ ਰਹੇ ਸਨ। ਉਹ ਬੜਾ ਸ਼ਰੀਫ਼ ਬਣਿਆ ਸਾਰਿਆਂ ਦੇ ਹੱਥਾਂ ਦੀ ਛੋਹ ਸਵੀਕਾਰਦਾ ਲੱਤਾਂ ਵਿਚ ਵਿਛਦਾ ਜਾ ਰਿਹਾ ਸੀ। ਉਹ ਗੋਪੀਆਂ ਵਿਚ ਘਿਰਿਆ ਕਾਹਨ ਡਿਸਕੋ-ਡੈਂਸ ਕਰਦਾ ਨੱਚਦਾ ਟੱਪਦਾ ਵਿਚ-ਵਿਚਾਲੇ ਪੱਦ ਫੂਸੀਆਂ ਮਾਰੀ ਜਾ ਰਿਹਾ ਸੀ। ਨਿਆਣੇ ਹੱਸ ਹੱਸ ਲੋਟ ਪੋਟ ਹੋ ਰਹੇ ਸਨ। ਉਸ ਦੀ ਹਰੇਕ ਪਾਰੀ ਨਾਲ ਹਾਸੇ ਦਾ ਛਣਕਾਟਾ ਉੱਠਦਾ ਜਿਵੇਂ ਇਹ 'ਲਾਫਿੰਗ ਸ਼ੋ' ਹੋਵੇ। ਗੇਟ ਤੇ ਵੱਜੀ ਘੰਟੀ ਨੇ ਸਾਰਿਆਂ ਦੇ ਕੰਨਾਂ ਦੀ ਤਵੱਜੋ ਖਿੱਚੀ।

'ਮੇਰੀ ਫਰੈਂਡ ਹੋਵੇਗੀ।' ਐਮਲੀ ਦਾ ਯਕੀਨ ਸੀ। ਉਸ ਨੇ ਆਪਣੀਆਂ ਕਈ ਦੋਸਤਾਂ ਨੂੰ ਮੈੱਕਸਲ ਦੇ ਜਨਮ ਦਿਨ ਤੇ ਦਾਅਵਤ ਦੇ ਰੱਖੀ ਸੀ। ਉਨ੍ਹਾਂ ਦੀ ਵੱਡੇ ਮੰਮਾ ਦਰਵਾਜ਼ਾ ਖੋਲ੍ਹਣ ਲੱਗੀ। 'ਕੈਰਮ ਨੂੰ ਵੀ ਮੈਂ ਬਰਥ ਡੇ ਤੇ ਬੁਲਾਇਆ ਸੀ, ਉਹੀ ਹੋਵੇਗੀ... ਲੇਟ ਹੋ ਗਈ ਹੈ।' ਐਮਲੀ ਉਤਸੁਕ ਨਜ਼ਰਾਂ ਨਾਲ ਦਰਵਾਜ਼ੇ ਵੱਲ ਝਾਕੀ। ਦਰਵਾਜ਼ਾ ਖੋਲ੍ਹਣ ਤੇ ਸਾਹਮਣੇ

ਨੀਲੀ ਵਰਦੀ ਵਾਲੀ ਇੱਕ ਮੋਟੀ ਤਾਜ਼ੀ ਪੁਲਸੀਆ ਜਾਪਦੀ ਔਰਤ ਖੜ੍ਹੀ ਸੀ।

'ਹੈਲੋ ! ਗੁੱਡ ਨੂਨ।' ਉਸ ਨੇ ਮੁਸਕਰਾਹਟ ਸੁੱਟੀ। ਬੱਚਿਆਂ ਦੀ ਵੱਡੇ ਮੰਮਾ ਉਸ ਨੂੰ ਵੇਖ ਕੇ ਭਮੰਤਰ ਗਈ। ਇਸ ਤਰ੍ਹਾਂ ਅਚਾਨਕ ਆ ਕੇ ਕਿਸੇ ਪੁਲਸੀਏ ਦਾ ਰੰਗ ਵਿਚ ਭੰਗ ਪਾਉਣਾ ਉਸ ਨੂੰ ਬੇਸਗਨਾ ਜਿਹਾ ਲੱਗਾ। ਉੱਨੀ ਸੌ ਚੁਰਾਸੀ ਦੇ ਗੇੜ ਦੌਰਾਨ ਪੰਜਾਬ ਪੁਲੀਸ ਦੇ ਉਸ ਨੂੰ ਪਹਿਲਾਂ ਹੀ ਕਰਾਰੇ ਹੱਥ ਲੱਗੇ ਹੋਏ ਸਨ ਕਿਵੇਂ ਉਹ ਬਿਨ-ਬੁਲਾਏ ਜ਼ਬਰਦਸਤੀ ਘੁੱਸ ਕੇ ਲੋਕਾਂ ਦਾ ਨੱਕ ਵਿਚ ਦਮ ਕਰ ਕੇ ਉਨ੍ਹਾਂ ਨੂੰ ਲੁੱਟ ਪੁੱਟ ਕੇ ਲੈ ਜਾਂਦੇ ਸਨ। ਉਸ ਨੇ ਤੁਰੰਤ ਦਰਵਾਜ਼ਾ ਭੇੜ ਦਿੱਤਾ ਤੇ ਪਿੱਛੇ ਮੁੜ ਆਈ।

'ਪੁਲੀਸ ਆ ਗਈ ! ਹਾਏ ਪੁਲੀਸ !' ਘਬਰਾਹਟ ਨਾਲ ਉਸ ਦੇ ਮੂੰਹੋਂ ਗੱਲ ਨਹੀਂ ਨਿਕਲ ਰਹੀ ਸੀ।

'ਪਸ਼ੂਆਂ ਨਾਲ ਕਰੂਅਲ਼ਿਟੀ ਨਾਲ ਪੇਸ਼ ਆਉਣਾ ਇੱਕ ਗੰਭੀਰ ਜੁਰਮ ਹੈ। ਇੱਥੇ ਇਸ ਦੀ ਪਾਲਨਾ ਵੀ ਗੰਭੀਰਤਾ ਨਾਲ ਹੀ ਕੀਤੀ ਜਾਂਦੀ ਹੈ ਤੇ ਇਸ ਵਾਸਤੇ ਵੱਖਰਾ ਮਹਿਕਮਾ ਕੰਮ ਕਰਦਾ ਹੈ।' ਡਾਕਟਰ ਕਲੀਨਿਕ ਦੀ ਚੇਤਾਵਨੀ ਯਾਦ ਕਰ ਕੇ ਕਿਰਨ ਵੀ ਸਹਿਮ ਗਈ।

'ਜ਼ਰੂਰ ਉਸੇ ਕਮਜ਼ਾਤ ਨੇ ਪੁਲਸ ਨੂੰ ਇਤਲਾਹ ਦੇ ਦਿੱਤੀ ਹੋਵੇਗੀ।' ਉਸ ਦੇ ਮਨ ਵਿਚ ਡਾਕਟਰ ਦੀ ਕਹੀ ਚੇਤਾਵਨੀ ਖੋਰੂ ਪਾਉਣ ਲੱਗੀ।

ਭਾਰਤ ਵਿਚ ਵੀ ਪਿੰਡਾਂ ਤੋਂ ਸ਼ਹਿਰਾਂ ਵੱਲ ਖੋਤੇ, ਘੋੜੇ, ਰੇੜ੍ਹੇ ਤੇ ਜਿਨਸਾਂ ਲੈ ਕੇ ਜਾਂਦੇ ਘੁਮਿਆਰ ਅੱਗੇ 'ਬਰਮੀ' ਵਾਲਿਆਂ ਦਾ ਨਾਕਾ ਸੁਣ ਕੇ ਰਾਹ ਵਿਚ ਰੁਕ ਜਾਂਦੇ ਸਨ। ਟਾਂਗਿਆਂ ਵਾਲੇ ਆਪਣਾ ਰਸਤਾ ਬਦਲ ਲੈਂਦੇ ਸਨ।

'ਅੱਗੇ ਬਰ੍ਹਮੀ ਵਾਲੇ ਖੜੇ ਹਨ।' ਬਰਮੀ ਦਾ ਮਤਲਬ ਸੀ ਬੇਰਹਿਮੀ। ਉਹ ਜ਼ਖ਼ਮੀ ਹੋਏ ਜਾਂ ਕੰਨ੍ਹ ਪਏ ਪਸ਼ੂਆਂ ਘੋੜਿਆਂ ਨੂੰ ਢੋਆ-ਢੁਆਈ ਲਈ ਜੋਣ ਜਾਂ ਵਰਤਣ ਤੋਂ ਰੋਕਦੇ ਸਨ ਤੇ ਅਣਗਹਿਲੀ ਕਰਨ ਵਾਲੇ ਮਾਲਕਾਂ ਨੂੰ ਜੁਰਮਾਨਾ ਕਰਦੇ ਸਨ।

'ਅਮਰੀਕਾ ਵਿਚ ਵੀ ਤੁਸੀਂ ਬੱਚਿਆਂ ਵਾਂਗ ਪਸ਼ੂਆਂ ਨੂੰ ਵੀ ਨਹੀਂ ਮਾਰ ਸਕਦੇ, ਉਂਗਲ ਵੀ ਨਹੀਂ ਲਾ ਸਕਦੇ ਤੇ ਡਾਂਟ ਵੀ ਨਹੀਂ ਸਕਦੇ।' ਉਸ ਦਿਨ ਮੈੱਕਸਲ ਦੀ ਧੌਣ ਤੇ ਜ਼ਖ਼ਮ ਬਾਰੇ ਡਾਕਟਰ ਦੇ ਸ਼ਬਦ ਯਾਦ ਕਰ ਕੇ ਕੇਸ, ਕਚਹਿਰੀ, ਜੁਰਮਾਨਾ ਸਭਨਾਂ ਦੀਆਂ ਨਜ਼ਰਾਂ ਸਾਹਮਣੇ ਗੁਜ਼ਰ ਗਿਆ।

'ਇਸ ਦੀ ਧੌਣ ਵਿਚ ਜ਼ਖ਼ਮ ਹੈ ... ਇਸ ਨੂੰ ਕਿਸੇ ਨੇ ਮਾਰਿਆ ਹੈ। ਇਸ ਤਰ੍ਹਾਂ ਐਨੀਮਲ ਕਰੂਅਲ਼ਿਟੀ ਐਕਟ ਦੇ ਅਧੀਨ ਕੇਸ ਰਜਿਸਟਰ ਕਰਨਾ ਬਣਦਾ ਹੈ।' ਡਾਕਟਰ ਦੀ ਚੇਤਾਵਨੀ ਨੇ ਭੰਵਰ-ਤਾਰੇ ਦਿਖਾ ਦਿੱਤੇ।

ਮੈੱਕਸਲ ਦੇ ਜ਼ਿਆਦਾ ਭੌਂਕਣ ਦੀ ਆਦਤ ਕਾਰਨ ਗਵਾਂਢੀ ਵੀ ਉਕਤਾ ਗਏ ਸਨ ਤੇ ਪਿਛਲੇ ਦਿਨੀਂ ਉਨ੍ਹਾਂ ਨੇ ਵੀ ਉਲਾਂਭਾ ਦਿੱਤਾ ਸੀ 'ਇਸ ਨੂੰ ਚੁੱਪ ਕਰਾ ਕੇ ਰੱਖੋ, ਸਾਡੀ ਨੀਂਦ ਹਰਾਮ ਕਰ ਛੱਡਦਾ ਹੈ।'

'ਲੈ ਲਾ ਮਾਰੇ ਗਏ... ਉਸ ਡਾਕਟਰ ਨੇ ਜ਼ਖ਼ਮ ਦੀ ਸ਼ਿਕਾਇਤ ਕਰ ਦਿੱਤੀ ਜਾਂ ਗਵਾਂਢੀ ਨੇ ਮੂੰਹ ਮਾਰ ਦਿੱਤਾ ਹੈ !' ਚੋਰ ਦੀ ਦਾੜ੍ਹੀ ਤਿਣਕਾ। ਪਿਛਲੇ ਦਿਨਾਂ ਦੀ ਹੋਈ ਬੀਤੀ ਕਿਰਨ ਦੇ ਜ਼ਿਹਨ ਵਿਚ ਵੀ ਉੱਭਰ ਕੇ ਖ਼ਤਰੇ ਦੀ ਘੰਟੀ ਖੜਕਾ ਗਈ।

ਪੁਲਸ ਵਰਦੀ ਵਾਲੀ ਅਜਨਬੀ ਬੜੇ ਚੜ੍ਹਦੇ ਰੌਂ ਵਿਚ ਅੰਦਰ ਧੁੱਸ ਆਈ। ਉਸ ਨੂੰ ਅਚਾਨਕ ਵੇਖ ਕੇ ਬੱਚਿਆਂ ਦੇ ਹੱਥਾਂ ਵਿਚ ਫੜੀਆਂ ਪਲੇਟਾਂ ਥਿੜਕ ਗਈਆਂ। ਸਾਰਾ ਟੱਬਰ ਮੈਂਕਸਲ ਦੇ ਦੁਆਲੇ ਹੋਇਆ ਵੇਖ ਕੇ ਅਜਨਬੀ ਦਾ ਖਿੜਿਆ ਹੋਇਆ ਚਿਹਰਾ ਹੋਰ ਖਿੜ ਗਿਆ। ਮੈਂਕਸਲ ਦੀ ਤਿਆਰੀ ਤੇ ਲਟਕਦੀਆਂ ਤਖ਼ਤੀਆਂ, ਬਿੱਲੇ ਵੇਖ ਕੇ ਸਮਝ ਗਈ ਕਿ ਇਸ ਦਾ ਅੱਜ ਬਰਥ-ਡੇ ਹੈ। ਉਸ ਨੇ ਵੀ ਆਉਂਦੇ ਹੀ ਸਲੀਕੇ ਵਜੋਂ ਮੈਂਕਸਲ ਦਾ ਸਿਰ ਪਲੋਸਿਆ।

'ਵੈਰੀ ਕਿਊਟ!.. ਹੈਪੀ ਬਰਥ ਡੇ... ਮੈਕਸਲ!' ਮੈਂਕਸਲ ਨੂੰ ਸੰਬੋਧਨ ਕਰਦੇ ਅਣਚਾਹੀ ਮਹਿਮਾਨ ਨੇ ਸਾਰਿਆਂ ਦਾ ਉੱਖੜਿਆ ਹੋਇਆ ਧਿਆ' ਅਜਨਬੀ ਨੇ ਉਸ ਤੇ ਹੱਥ ਫੇਰਨਾ ਸ਼ੁਰੂ ਕਰ ਦਿੱਤਾ। ਆਪਣੀ ਤਾਰੀਫ਼ ਸੁਣ ਕੇ ਮੈਂਕਸਲ ਨੇ ਸਹਿਮਤੀ ਪ੍ਰਗਟਾਉਂਦੇ ਪੂਛ ਹਿਲਾਈ। ਕਿਰਨ ਤੇ ਹੋਰ ਸਾਰਿਆਂ ਦੇ ਜ਼ਿਹਨ ਵਿਚੋਂ ਡਰ ਦਾ ਪਰਦਾ ਚੁੱਕਿਆ ਗਿਆ ਪਰ ਅਜੇ ਵੀ ਅਣਕਿਆਸੀ ਸ਼ਸ਼ੋਪੰਜ ਬਰਕਰਾਰ ਸੀ।

'ਇਹ ਖਰੂਦੀ ਵੀ ਬਹੁਤ ਹੈ।' ਕਿਰਨ ਨੇ ਹਾਸੇ ਵਿਚ ਉਸ ਦਾ ਜੁਆਬ ਮੋੜਿਆ ਪਰ ਮੈਂਕਸਲ ਨੇ ਕੰਨ ਫਟਕ ਕੇ ਸਾਰੇ ਪਰੋਸੇ ਪਕਵਾਨ ਤੇ ਪੱਖਾ ਫੇਰ ਦਿੱਤਾ।

ਜੇ ਉਸ ਬਾਰੇ ਕੋਈ ਸ਼ਿਕਾਇਤ ਲਗਾਓ ਤਾਂ ਉਹ ਨਾਮਨਜ਼ੂਰੀ ਵਿਚ ਕੰਨ ਝਟਕ ਦਿੰਦਾ ਹੈ। ਹੁਣ ਵੀ ਮੈਂਕਸਲ ਨੇ ਕੰਨ ਫਟਕ ਕੇ ਸਾਰੇ ਪਰੋਸੇ ਹੋਏ ਖਾਣੇ ਦਾ ਮਜ਼ਾ ਕਿਰਕਿਰਾ ਕਰ ਕੇ ਜਿਵੇਂ ਉਦਘਾਟਨ ਕਰ ਦਿੱਤਾ। ਮੈਂ ਵੀ ਇਸ ਨੂੰ ਭ੍ਰਿਸ਼ਟ ਸਮਝ ਕੇ ਨੱਕ ਸੁਕੇੜਿਆ ਤੇ ਮੂੰਹ ਪਿੱਛੇ ਕਰ ਲਿਆ। ਉਸ ਬਿਨ-ਬੁਲਾਈ ਮਹਿਮਾਨ ਨੇ ਵੀ ਪਲੇਟ ਵਿਚੋਂ ਚਮਚਾ ਬੁੱਲ੍ਹਾਂ ਵੱਲ ਵਧਾਉਂਦੇ ਪਲ ਦੀ ਪਲ ਕਸੀਸ ਵੱਟੀਂ।

'ਥੈਂਕਸ ਮੈਕਸਲ! ਸ਼ੁਕਰੀਆ... ਚਲੋ ਜੀ ਖਾ ਲਓ ਹੁਣ... ਕਰ ਦਿੱਤਾ ਸ਼ੁੱਭ ਮਹੂਰਤ ਇਸ ਕੂਕਰ ਦਰਵੇਸ਼ ਨੇ।' ਉਹ ਕੱਚੀ ਜਿਹੀ ਹਾਸੀ ਬੁੱਲ੍ਹਾਂ ਤੇ ਲੈ ਆਈ ਤੇ ਚਮਚਾ ਮੂੰਹ ਅੰਦਰ ਉਲੱਦ ਕੇ ਪਚਾਕੇ ਮਾਰਨ ਲੱਗੀ।

'ਇਹ ਸ਼ਿਕਾਰੀ ਨਸਲ ਦਾ ਜਾਨਵਰ ਹੈ। ਇਹ ਬੜੀ ਨਟਖਟ ਤੇ ਸੰਗਾਊ ਨਸਲ ਹੈ। ਔਰਤਾਂ ਤੇ ਬੱਚਿਆਂ ਦੀ ਕੰਪਨੀ ਜ਼ਿਆਦਾ ਪਸੰਦ ਕਰਦਾ ਹੈ ਤੇ ਉਨ੍ਹਾਂ ਨਾਲ ਖ਼ਰਮਸਤੀਆਂ ਕਰ ਕੇ ਬਹੁਤ ਖ਼ੁਸ਼ ਹੁੰਦਾ ਹੈ।' ਉਹ ਉਸ ਨਸਲ ਬਾਰੇ ਵਿਖਿਆਨ ਕਰਦੀ ਉਸ ਦਾ ਸਿਰ ਪਲੋਸੀ ਜਾ ਰਹੀ ਸੀ।

'ਪਰ ਬੜਾ ਜ਼ਾਲਮ ਵੀ ਹੈ ਸ਼ਰਾਰਤੀ ਜਿਹਾ! ਘਰਦਿਆਂ ਦਾ ਵੀ ਲਿਹਾਜ਼ ਨਹੀਂ ਕਰਦਾ। ਇਸ ਨੇ ਕਿਸੇ ... ਨੂੰ ਵੱਢਿਆ ਸੀ?' ਤਫ਼ਤੀਸ਼ੀ ਥਾਣੇਦਾਰ ਵਾਂਗ ਉਸ ਨੇ ਚਾਰ ਚੁਫੇਰੇ ਅੱਖਾਂ ਘੁਮਾਈਆਂ।

'ਨਹੀਂ ਜੀ! ਇਸ ਨੇ ਨਹੀਂ ਵੱਢਿਆ, ਮੈਂ ਆਪ ਹੀ ਇਸ ਦੇ ਮੂੰਹ ਵਿਚ ਹੱਥ ਪਾ ਕੇ ਪੰਗਾ ਲਿਆ ਸੀ। ਇਸ ਦੇ ਮੂੰਹ ਵਿਚ ਕੋਈ ਚੀਜ਼ ਫਸ ਗਈ ਸੀ, ਉਸ ਨੂੰ ਕੱਢਣ ਵਾਸਤੇ ਮੈਂ ਆਪ ਇਸ ਦੇ ਮੂੰਹ ਵਿਚ ਹੱਥ ਪਾਇਆ ਸੀ।' ਮੈਂ ਹੱਸਦਾ ਹੱਸਦਾ ਨੇੜੇ ਹੋ ਕੇ ਉਂਗਲ ਉਸ ਦੇ ਮੂਹਰੇ ਕਰ ਦਿੱਤੀ।

'ਓਹੋ ਧੰਨਵਾਦ ... ਸੌਰੀ! ਤੁਸੀਂ ਇਸ ਦੀ ਮਦਦ ਕਰਦੇ ਆਪ ਖ਼ਤਰਾ ਸਹੇੜ ਲਿਆ।' ਉਹ ਮੇਰੇ ਵੱਲ ਹੱਥ ਵਧਾਉਂਦੀ ਮੇਰੀ ਪੱਟੀ ਵਾਲੀ ਉਂਗਲ ਫੜ ਕੇ ਟੋਹਣ ਲੱਗੀ।

ਮੈਂ ਜਲਦੀ ਸਮਝ ਗਿਆ ਕਿ ਹਸਪਤਾਲ ਵਾਲਿਆਂ ਨੇ ਜਿੱਥੋਂ ਮੈਂ ਪੱਟੀ ਕਰਵਾਈ ਸੀ, ਕਾਨੂੰਨੀ ਹਦਾਇਤਾਂ ਅਨੁਸਾਰ ਵੈਟਰਨਰੀ ਮਹਿਕਮੇ ਨੂੰ ਸੂਚਿਤ ਕਰ ਦਿੱਤਾ ਤੇ ਫਾਲੋ-ਅਪ ਵਾਸਤੇ ਸਲੋਤਰਖਾਨੇ ਵੱਲੋਂ ਉਹ ਆ ਪਹੁੰਚੀ ਹੈ। ਮੈਨੂੰ ਅਮਰੀਕੀ ਸਰਕਾਰ ਦੇ ਸੰਚਾਰ ਤਾਣੇ-ਬਾਣੇ ਤੇ ਹੈਰਾਨੀ ਹੋਈ ਕਿ ਕਿਵੇਂ ਸਾਰੇ ਮਹਿਕਮੇ ਇੱਕ ਦੂਜੇ ਦੇ ਸੰਪਰਕ ਵਿਚ ਜੁੜੇ ਹੋਏ ਹਨ।

'ਮੈਂ ਮਿਸਲ ਵਿਚੋਂ ਵੇਖ ਲਿਆ ਹੈ, ਇਸ ਨੂੰ ਐਂਟੀ-ਰੇਬੀਜ਼ ਟੀਕੇ ਲੱਗੇ ਹੋਏ ਹਨ ਤੇ ਤੁਹਾਨੂੰ ਵੀ ਏ. ਟੀ. ਐੱਸ. ਦਾ ਟੀਕਾ ਲੱਗਾ ਹੋਇਆ ਹੈ... ਇਹ ਚੰਗੀ ਸ਼ੁੱਭ ਖ਼ਬਰ ਹੈ।' ਉਸ ਨੇ ਆਪਣੀ ਲੈਪਟਾਪ ਖੋਲ੍ਹ ਲਈ।

'ਬੜੀ ਨਫ਼ੀਸ ਨਸਲ ਦਾ ਜਾਨਵਰ ਹੈ ਇਹ... ਇੰਗਲੈਂਡ ਦੀ ਮਹਾਰਾਣੀ ਐਲਿਜ਼ਾਬੈੱਥ ਨੇ ਇਹ ਨਸਲ ਆਪਣੇ ਸ਼ਾਹੀ ਮਹੱਲ ਵਿਚ ਪਾਲਤੂ ਰੱਖੀ ਹੋਈ ਸੀ। ਬੜਾ ਕਰਮਾਂ ਵਾਲਾ ਜੀਅ ਹੈ ਇਹ। ਮਲਕਾ ਦੇ ਬੈੱਡ ਤੇ ਸੌਣ ਦਾ ਮਾਣ ਪ੍ਰਾਪਤ ਹੈ ਇਸ ਨੂੰ।' ਉਸ ਨੇ ਚਾਪਲੂਸੀ ਵਜੋਂ ਆਪਣਾ ਸੁਨੇਹਾ ਦੇ ਕੇ ਸਾਰੇ ਪਰਿਵਾਰ ਨੂੰ ਮਲਕਾ ਦੇ ਬਰਾਬਰ ਟੀਸੀ ਤੇ ਚੜ੍ਹਾ ਦਿੱਤਾ।

'ਉਹ ਖੜ੍ਹੀ ਖੜ੍ਹੀ ਆਪਣੇ ਕੰਮ ਵਿਚ ਰੁੱਝ ਗਈ. ਆਪਣੀ ਚਲਾਨ ਬੁੱਕ ਤੇ ਕੁੱਝ ਲਿਖ ਕੇ ਇੱਕ ਪਰਚੀ ਮੇਰੇ ਹਵਾਲੇ ਕਰ ਦਿੱਤੀ। ਹੁਣ ਤੱਕ ਉਸ ਦੇ ਆਉਣ ਦਾ ਅਸਲੀ ਮਕਸਦ ਮੈਨੂੰ ਸਮਝ ਆ ਚੁੱਕਾ ਸੀ।

'ਇਸ ਨੂੰ ਤੇ ਤੁਹਾਨੂੰ ਵੀ ਪੰਦਰਾਂ ਦਿਨ ਤੱਕ ਯਾਨੀ ਕਿ 22 ਤਰੀਕ ਤੱਕ ਬਾਹਰ ਜਾਣ ਤੇ ਪਾਬੰਦੀ ਹੈ। ਸੈਰ ਵਾਸਤੇ ਇਸ ਨੂੰ ਕਿਤੇ ਲੈ ਕੇ ਬਾਹਰ ਨਹੀਂ ਜਾਣਾ ਤੇ ਆਪਣਾ ਖਿਆਲ ਰੱਖਣਾ ਹੈ। ਮੈਂ ਇਸ ਦੇ ਡਾਕਟਰ ਕੋਲੋਂ ਤਸਦੀਕ ਕਰ ਲਈ ਹੈ ਕਿ ਇਸ ਨੂੰ ਪੇਸ਼ ਬੰਦੀ ਟੀਕੇ ਲੱਗੇ ਹੋਏ ਹਨ ਪਰ ਫਿਰ ਵੀ ਤੁਸੀਂ ਪੰਦਰਾਂ ਦਿਨ ਇਸ ਦਾ ਵਸਾਹ ਨਹੀਂ ਖਾਣਾ। ਜੇ ਇਹ ਅਸੁਭਾਵਿਕ ਵਿਵਹਾਰ ਕਰੇ, ਮੂੰਹ ਵਿਚੋਂ ਲਾਰਾਂ ਸੁੱਟੇ ਜਾਂ ਝੱਗ ਕੇਰੇ ਤਾਂ ਇਸ ਨੂੰ ਵੱਖਰੇ ਕਮਰੇ ਵਿਚ ਬੰਦ ਕਰ ਕੇ ਸਾਨੂੰ ਸੂਚਿਤ ਕਰੋ।' ਮੈਨੂੰ ਮੁਖ਼ਾਤਬ ਹੁੰਦੇ ਉਸ ਨੇ ਆਪਣਾ ਪਛਾਣ ਕਾਰਡ ਮੇਰੇ ਵੱਲ ਵਧਾ ਦਿੱਤਾ।

'ਇਸ ਨੂੰ ਕੋਈ ਖ਼ਤਰਾ ਨਹੀਂ... ਇਹ ਠੀਕ ਠਾਕ ਤੰਦਰੁਸਤ ਹੈ, ਇਸ ਦੇ ਸਾਰੇ ਟੀਕੇ ਅਸੀਂ ਆਪ ਲਗਵਾਏ ਹੋਏ ਹਨ, ਸਾਨੂੰ ਯਕੀਨ ਹੈ, ਇਸ ਨੂੰ ਕੁੱਝ ਨਹੀਂ ਹੁੰਦਾ।' ਮੈਂ ਉਸ ਨੂੰ ਆਪਣਾ ਭਰੋਸਾ ਦਿਵਾਉਣ ਦੀ ਕੋਸ਼ਿਸ਼ ਕੀਤੀ।

'ਹਾਂ ਇਸ ਨੇ ਇਕ ਦਿਨ ਸੱਪ ਨੂੰ ਪੰਜੇ ਨਾਲ ਮਾਰਿਆ ਸੀ ਪਰ ਮੂੰਹ ਨਹੀਂ ਲਗਾਇਆ, ਖਾਧਾ ਨਹੀਂ।' ਰਵਨੀਤ ਨੇ ਉਸ ਦੀ ਤਾਰੀਫ਼ ਵਿਚ ਹੋਰ ਵਾਧਾ ਕਰ ਦਿੱਤਾ।

'ਠੀਕ ਐ ਜਨਾਬ! ਤੁਹਾਡਾ ਕਹਿਣਾ ਵੀ ਉਚਿੱਤ ਹੈ ਕਿ ਇਸ ਕੋਲੋਂ ਤੁਹਾਨੂੰ ਖ਼ਤਰਾ ਨਹੀਂ ਪਰ ਇਸ ਦੇ ਉਲਟ ਤੁਹਾਡੇ ਕੋਲੋਂ ਵੀ ਤਾਂ ਇਨਫੈਕਸ਼ਨ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਕੁੱਝ ਵੀ ਹੋ ਸਕਦਾ ਹੈ... ਤੁਸੀਂ ਆਪਣਾ ਵੀ ਪਰਹੇਜ਼ ਤੇ ਇਹਤਿਆਤ ਰੱਖਣਾ ਹੈ...ਤੁਹਾਡੇ ਕੋਲੋਂ ਇਸ ਨੂੰ ਤੇ ਹੋਰਾਂ ਨੂੰ ਵੀ ਲਾਗ ਲੱਗ ਸਕਦੀ ਹੈ।' ਤੀਰਾਂ ਵਰਗੀਆਂ ਉਸ ਦੀਆਂ ਅੱਖਾਂ ਮੇਰੀਆਂ ਨਜ਼ਰਾਂ ਵਿਚ ਖੁੱਭ ਗਈਆਂ।

'ਵੱਡੇ ਡੈਡੀ ਤੇ ਵੀ ਰੈਸਟਰਿੱਕਸ਼ਨ ਜ਼ਾਬਤਾ ਲੱਗ ਗਿਆ ਹੈ... ਆਹਾ ਜੀ।' ਬੱਚੇ ਹੱਸਣ ਲਗਦੇ ਹਨ। ਮੈਂ ਇੱਕ ਮੁਜਰਮ ਵਾਂਗ ਨੀਵੀਂ ਪਾ ਲੈਂਦਾ ਹਾਂ।

(**ਸੰਪਰਕ** : +1 (408) 608-4961)

ਕਹਾਣੀ

# ਉਹੀ ਅੰਜਨਾ !

**ਦੀਪਤੀ ਬਬੂਟਾ**



"ਕੁਲਵਿੰਦਰ, ਕੀ ਇਹ ਉਹੀ ਅੰਜਨਾ ਹੈ ?" ਤ੍ਰਿਪਤਾ ਦੇ ਬੋਲ ਮੇਰੀ ਸੋਚਾਂ ਦੀ ਸੂਈ ਘੁਮਾ ਕੇ ਯੂਨੀਵਰਸਿਟੀ ਐਡਮ ਬਲਾਕ ਲੈ ਪਹੁੰਚੇ।

ਧਰਨੇ ਦੇ ਦੂਜੇ ਭਖਵਾੜੇ ਦਾ ਆਖਰੀ ਦਿਨ ਹੈ। ਪ੍ਰਬੰਧਕੀ ਕੰਪਲੈਕਸ ਅੰਦਰ ਪ੍ਰਸ਼ਾਸਨਿਕ ਬੋਰਡ ਦੀ ਮੀਟਿੰਗ ਚੱਲ ਰਹੀ ਹੈ। ਕੁੜੀਆਂ ਦੇ ਹਜ਼ੂਮ ਦੀ ਅਗਵਾਈ ਕਰਦੀ ਅੰਜਨਾ ਬੋਲ ਰਹੀ ਹੈ,

"ਸਾਡਾ ਹੱਕ ਇੱਥੇ ਰੱਖ । ਅਸੀਂ ਇਸ ਨਾਅਰੇ ਦਾ ਬਾਈਕਾਟ ਕਰਦੇ ਹਾਂ। ਜਦੋਂ ਸ੍ਰਿਸ਼ਟੀ ਸਿਰਜਣਾ ਵਿੱਚ ਸਾਡੀ ਦੇਣ ਬਰਾਬਰ ਹੈ, ਫਿਰ ਸਾਨੂੰ ਸਾਡੇ ਹੱਕ ਕਿਉਂ ਮੰਗਣੇ ਪੈਣ? ਅਸੀਂ ਇੱਕ ਕਦਮ ਅੱਗੇ ਰੱਖਣਾ ਨਹੀਂ ਮੰਗਦੀਆਂ, ਪਰ ਅਸੀਂ ਪਿੱਛੇ ਵੀ ਕਿਉਂ ਰਹੀਏ? ਸੋ ਬੁਆਇਜ਼ ਹੋਸਟਲ ਲਈ ਜੋ ਨਿਯਮ ਲਾਗੂ ਹਨ, ਉਹੀ ਗਰਲਜ਼ ਹੋਸਟਲ ਲਈ ਵੀ ਹੋਣੇ ਚਾਹੀਦੇ ਨੇ। ਕੁੱਤੇ ਹਲਕ ਜਾਣ ਤਾਂ ਇਲਾਜ ਕੁੱਤਿਆਂ ਦਾ ਕੀਤਾ ਜਾਂਦੈ, ਨਾ ਕਿ ਲੋਕਾਂ ਨੂੰ ਘਰਾਂ ਅੰਦਰ ਤਾੜਿਆ ਜਾਂਦੈ। ਮੰਗ ਪੱਤਰ ਨਹੀਂ, ਸੂਚਨਾ ਪੱਤਰ ਰਾਹੀਂ ਦੱਸਿਆ ਜਾਂਦਾ ਹੈ ਕਿ ਅੱਜ ਤੋਂ ਕੁੜੀਆਂ ਨੇ ਆਪਣੇ ਹੋਸਟਲ ਲਈ ਉਹ ਨਿਯਮ ਮੁਕੱਰਰ ਕਰ ਲਏ ਹਨ ਜੋ ਮੁੰਡਿਆਂ ਵਾਸਤੇ ਲਾਗੂ ਹਨ। ਜੇ ਦੇਰ ਰਾਤ ਤੱਕ ਬਾਹਰ ਘੁੰਮ ਰਹੇ ਮੁੰਡਿਆਂ ਤੋਂ ਕੁੜੀਆਂ ਨੂੰ ਖਤਰਾ ਹੈ ਤਾਂ ਮੁੰਡਿਆਂ ਦੇ ਹੋਸਟਲ ਦਾ ਗੇਟ ਬੰਦ ਕਰਨ ਲਈ ਸਮਾਂ ਘਟਾਇਆ ਜਾਵੇ ਨਾ ਕਿ ਕੁੜੀਆਂ 'ਤੇ ਪਾਬੰਦੀਆਂ ਲਗਾਈਆਂ ਜਾਣ।"

ਯੂਨੀਵਰਸਿਟੀ ਪ੍ਰਬੰਧਨ ਕਮੇਟੀ ਦਾ ਮੈਂਬਰ ਹੋਣ ਕਾਰਣ ਪ੍ਰਬੰਧਕੀ ਕੰਪਲੈਕਸ ਦੇ ਅੰਦਰ ਬੈਠੇ ਹੋਰਨਾਂ ਮੈਂਬਰਾਂ ਨਾਲ ਮੰਚ ਤੋਂ ਆ ਰਹੀ ਆਵਾਜ਼ ਸੁਣ ਆਪ-ਮੁਹਾਰੇ ਮੇਰੇ ਦੋ ਹੱਥ ਤਾੜੀਆਂ ਦੀ ਗੂੰਜ ਬਣ ਗਏ ਹਨ। ਬੋਰਡ ਮੈਂਬਰ ਪ੍ਰੋ. ਨਿਰੰਜਨ ਦਾਸ ਨਾਂਹ 'ਚ ਸਿਰ ਮਾਰਦਾ ਨਾਸੀਂ ਧੂੰਆਂ ਕੱਢਣ ਲੱਗਿਆ ਹੈ,

"ਪ੍ਰੋ. ਸਾਬ੍ਹ ਜਿੱਦਣ ਧੀ ਦੇ ਬਾਪ ਬਣੇ ਉਦਣ ਪਤਾ ਲੱਗੂ ਧੀਆਂ ਜੰਮੀਆਂ ਦੇ ਲੱਡੂ ਵੰਡਣੇ ਕਿੰਨੇ ਕੁ ਸੌਖੇ ਹੁੰਦੇ ਨੇ। ਦੇਰ ਰਾਤ ਹੋਸਟਲ ਤੋਂ ਬਾਹਰ ਘੁੰਮਦੀਆਂ ਕੁੜੀਆਂ ਨਾਲ ਕੋਈ ਹਾਦਸਾ ਵਾਪਰ ਗਿਆ, ਤਾਂ ਜਿੰਮੇਵਾਰੀ ਕੌਣ ਲਵੇਗਾ ?"

ਉਸ ਦੀਆਂ ਮੇਰੇ ਵੱਲ ਉੱਠੀਆਂ ਨਿਗਾਹਾਂ 'ਚ ਅੱਖਾਂ ਪਾ ਪ੍ਰੋ. ਤ੍ਰਿਪਤਾ ਬੋਲੀ ਹੈ,

"ਤਰਕ ਦੇ ਆਧਾਰ 'ਤੇ ਕੀਤੀ ਗਈ ਕੁੜੀਆਂ ਦੀ ਗੱਲ ਦੀ ਮੈਂ ਹਿਮਾਇਤ ਕਰਦੀ ਹਾਂ। ਨਾ ਵਧਾਓ ਕੁੜੀਆਂ ਦਾ ਹੋਸਟਲ ਬੰਦ ਹੋਣ ਦਾ ਸਮਾਂ। ਮੁੰਡਿਆਂ ਦਾ ਘਟਾ ਦਿੰਦੇ ਹਾਂ।"

ਉਸ ਦੀ ਹਾਂ ਵਿੱਚ ਹਾਂ ਮਿਲਾਉਂਦੇ ਕਮੇਟੀ ਦੀ ਪ੍ਰਧਾਨਗੀ ਕਰ ਰਹੇ ਡਾ. ਹਰਪਾਲ

ਸਿੰਘ ਬੋਲੇ ਹਨ,

" ਮੈਨੂੰ ਲੱਗਦੈ ਪ੍ਰੋ. ਤ੍ਰਿਪਤਾ ਠੀਕ ਕਹਿ ਰਹੇ ਨੇ, ਬੁਆਇਜ਼ ਹੋਸਟਲ ਦਾ ਸਮਾਂ ਘਟਾ ਦੇਣ ਨਾਲ ਸਾਰਾ ਮਸਲਾ ਹੱਲ ਹੋ ਸਕਦੈ।"

ਸਾਡੇ ਦੋ ਜਣਿਆਂ ਦੀ ਸਹਿਮਤੀ 'ਚ ਤੀਜਾ ਹੁੰਗਾਰਾ ਡਾ. ਹਰਪਾਲ ਦੇ ਭਰਨ ਨਾਲ ਪੰਜ ਮੈਂਬਰੀ ਕਮੇਟੀ 'ਚੋਂ ਦੋ ਦੀ ਨਾਂਹ-ਨੁੱਕਰ ਆਪਾ ਗੁਆ ਬੈਠੀ ਤੇ ਕੁੜੀਆਂ ਦੇ ਹੱਕ 'ਚ ਫੈਸਲਾ ਲਾਗੂ ਹੋ ਗਿਆ।

***

ਕੁੱਝ ਦਿਨ ਪਏ, ਮੈਂ ਆਪਣੇ ਦਫ਼ਤਰ 'ਚ ਬੈਠਾ ਫਾਇਲਾਂ ਨਾਲ ਮੱਥਾਪੇਚੀ ਕਰ ਰਿਹਾ ਸੀ ਕਿ ਮੁਬਾਇਲ ਦੀ ਰਿੰਗ ਹੋਈ। ਟਰੂ-ਕਾਲਰ ਨੇ ਸਕ੍ਰੀਨ 'ਤੇ 'ਮਾਈ ਲਾਇਫ਼ ਮਾਈ ਰੂਲਜ਼' ਨਾਂ ਫਲੈਸ਼ ਕੀਤਾ। ਕਾਲ ਅਟੈਂਡ ਕਰਾਂ ਨਾ ਕਰਾਂ ਦੇ ਭੰਬਲਭੂਸੇ 'ਚ ਸਾਂ ਕਿ ਉਧਰੋਂ ਕਾਲ ਕੱਟ ਗਈ। ਦੁਬਾਰਾ ਉਸੇ ਨੰਬਰ ਤੋਂ ਰਿੰਗ ਆਈ ਤੇ ਨਾਲ ਦੇ ਨਾਲ ਬੰਦ ਹੋ ਗਈ। ਮੈਂ ਵਾਪਸ ਫ਼ਾਇਲ 'ਚ ਸਿਰ ਦੇਣ ਲੱਗਾ ਸੀ ਕਿ ਮੈਸੇਜ ਬਾਕਸ 'ਚ ਉਸੇ ਨੰਬਰ ਤੋਂ ਸੁਨੇਹਾ ਆ ਗਿਆ, "ਤੁਹਾਡੀਆਂ ਕਹਾਣੀਆਂ ਦੇ ਅਨੁਵਾਦ ਦੇ ਸਿਲਸਿਲੇ ਵਿੱਚ ਤੁਹਾਨੂੰ ਮਿਲਣਾ ਚਾਹੁੰਦੀ ਹਾਂ।"

ਮੈਸੇਜ ਪੜ੍ਹ ਕੇ ਮੈਂ ਵਾਪਸ ਫ਼ੋਨ ਕਰ ਲਿਆ। ਆਤਮ-ਵਿਸ਼ਵਾਸ ਭਰੀ ਆਵਾਜ਼ ਕੰਨੀਂ ਪਈ,

"ਸਰ ਮੈਂ ਲਿਟਰੇਚਰ ਜਰੀਏ ਵੱਖ-ਵੱਖ ਸਮਾਜਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦੀ ਹਾਂ। ਮੈਂ ਤੁਹਾਡੀਆਂ ਕਹਾਣੀਆਂ 'ਤੇ ਕੰਮ ਕਰਨਾ ਚਾਹੁੰਦੀ ਹਾਂ। ਇੱਥੇ ਯੂਨੀਵਰਸਿਟੀ 'ਚ ਹੀ ਸਾਸ਼ਿਆਲੌਜੀ ਰਿਸਰਚ ਸਕਾਲਰ ਹਾਂ।"

"ਉਹ ਸਭ ਤਾਂ ਠੀਕ ਹੈ ਮੈਡਮ ਜੀ, ਪਰ ਤੁਹਾਡਾ ਕੋਈ ਨਾਂ ਵੀ ਹੋਏਗਾ ?" ਇੱਕੋ ਸਾਹੇ ਬੋਲਦੀ ਨੂੰ ਮੈਂ ਟੋਕਿਆ ਹੈ।

"ਫੈਮਿਨਿਸਟ ਅੰਜਨਾ।"

ਸੁਣ ਕੇ 'ਮਾਈ ਲਾਇਫ਼ ਮਾਈ ਰੂਲਜ਼' ਨਾਂ ਮੇਰੇ ਦਿਮਾਗ਼ 'ਚ ਫ਼ਨ ਚੁੱਕ ਖਲੋਤਾ। ਮੈਂ ਕੁੱਝ ਬੋਲਦਾ ਕਿ ਉਹ ਬੋਲ ਪਈ,

"ਸਰ, ਪ੍ਰੋ. ਤ੍ਰਿਪਤਾ ਨਾਲ ਵੀ ਹੋਈ ਮੇਰੀ ਗੱਲ ਤੁਹਾਡੀਆਂ ਕਹਾਣੀਆਂ ਬਾਰੇ। ਤੁਹਾਡੇ ਆਫ਼ਿਸ ਦੇ ਬਾਹਰ ਹੀ ਹਾਂ।"

ਗੱਲ ਕਰਦੀ ਦਰਵਾਜ਼ੇ 'ਤੇ ਆ ਪਹੁੰਚੀ ਨੂੰ ਮੈਂ ਅੰਦਰ ਬੁਲਾ ਲਿਆ। ਕੁਰਸੀ 'ਤੇ ਸੈੱਟ ਹੋ ਕੇ ਬੈਠਦੀ ਨੇ ਪਾਣੀ ਦਾ ਘੁੱਟ ਭਰਿਆ ਤੇ ਮੁੱਦੇ ਵਾਲੀ ਗੱਲ 'ਤੇ ਆ ਗਈ,

"ਸਰ, ਤੁਹਾਡੀਆਂ ਕਹਾਣੀਆਂ ਦੀ ਔਰਤ ਪਾਤਰ ਨਾ ਦਬੀ ਕੁਚਲੀ ਹੈ ਨਾ ਦਬੰਗ। ਜਿੱਥੋਂ ਤੱਕ ਮੈਂ ਸਮਝ ਪਾਈ ਹਾਂ ਤੁਹਾਡੀਆਂ ਔਰਤ ਪਾਤਰ ਸਮਾਜ ਸੰਚਾਲਨ ਵਿੱਚ ਬੜਾ ਬੇਲੇਂਸਡ ਯੋਗਦਾਨ ਪਾਉਂਦੀਆਂ ਨੇ। ਇੱਕ ਅਜਿਹੀ ਔਰਤ ਜੋ ਵਿਰੋਧੀ ਹਾਲਤਾਂ ਵਿੱਚ ਡੋਲਦੀ ਨਹੀਂ ਬਲਕਿ ਹਿੰਮਤ ਨਾਲ ਨਵੇਂ ਰਾਹ ਉਲੀਕਦੀ ਇੱਕ ਵੱਖਰਾ ਪ੍ਰਭਾਵ ਸਿਰਜਦੀ ਹੈ। ਅਜਿਹੀਆਂ ਕਹਾਣੀਆਂ ਪੰਜਾਬੀ ਦੇ ਦਾਇਰੇ 'ਚੋਂ ਨਿਕਲ ਕੇ ਹੋਰਨਾਂ ਭਾਸ਼ਾਵਾਂ 'ਚ ਵੀ ਛਪਣੀਆਂ ਚਾਹੀਦੀਆਂ ਨੇ। ਸਹਿਮਤੀ ਦਿਉ ਤਾਂ ਤੁਹਾਡੀਆਂ ਕਹਾਣੀਆਂ ਦਾ

ਪੰਜਾਬੀ ਤੋਂ ਹੋਰਨਾਂ ਭਾਸ਼ਾਵਾਂ ਲਈ ਅਨੁਵਾਦ ਕਰਨਾ ਚਾਹਾਂਗੀ।''



''ਅੰਜਨਾ ਜੀ ਮੈਂ ਤੁਹਾਨੂੰ ਪਹਿਲਾਂ ਕਦੀ ਯੂਨੀਵਰਸਿਟੀ ਕੈਂਪਸ 'ਚ ਵੇਖਿਆ ਨਹੀਂ। ਨਾ ਹੀ ਕਦੀ ਅਕੈਡਮੀ ਦੇ ਕਿਸੇ ਸੈਮੀਨਾਰ 'ਚ ਹੀ ਦਰਸ਼ਨ ਹੋਏ ਨੇ ।''

''ਅਕੈਚੁਅਲੀ ਸਰ ਮੈਂ ਕੁੱਝ ਦਿਨ ਪਹਿਲਾਂ ਹੀ ਯੂਨੀਵਰਸਿਟੀ ਦਾਖ਼ਲਾ ਲਿਆ ਹੈ। ਆਉਂਦੇ ਹੀ ਗਰਲਜ਼ ਹੋਸਟਲ ਨੂੰ ਲੈ ਕੇ ਕੁੜੀਆਂ ਦੇ ਸੰਘਰਸ਼ ਦੀ ਅਗਵਾਈ ਕਰਨੀ ਪੈ ਗਈ।''

''ਓ .ਕੇ .! ਤਾਂ ਤੁਸੀਂ ਓਹੀ ਲੜਕੀ ਹੋ ਜੋ ਮੰਗ ਪੱਤਰ ਨਹੀਂ, ਸੂਚਨਾ ਪੱਤਰ ਦੇ ਕੇ ਆਪਣੇ ਹੱਕ ਲੈਣ ਦੀ ਗੱਲ ਕਰਦੀ ਹੈ।''

ਆਮ ਕੁੜੀਆਂ ਵਾਂਗ ਸ਼ਰਮਾ ਕੇ ਨੀਂਵੀਂ ਪਾਉਣ ਦੀ ਬਜਾਏ ਉਹ ਪਹਿਲਾਂ ਨਾਲੋਂ ਵੀ ਤਣ ਕੇ ਕੁਰਸੀ 'ਤੇ ਬੈਠਦੀ ਬੋਲੀ,

''ਯੈੱਸ ।''

ਉਸ ਦੀ ਯੈੱਸ ਨੂੰ ਮੈਂ ਆਪਣੀਆਂ ਕਹਾਣੀਆਂ ਦੇ ਅਨੁਵਾਦ ਦੀ ਇਜਾਜ਼ਤ ਦੇ ਕੇ ਹਾਂ ਆਖੀ।

ਕੁੱਝ ਦਿਨ ਪਏ। ਉਸ ਦਾ ਫ਼ੋਨ ਆਇਆ। ਕਹਿਣ ਲੱਗੀ,

''ਸਰ, ਮੈਂ ਤੁਹਾਡੀਆਂ ਕਹਾਣੀਆਂ ਦਾ ਗੁਜਰਾਤੀ ਭਾਸ਼ਾ ਵਿੱਚ ਅਨੁਵਾਦ ਸ਼ੁਰੂ ਕਰ ਦਿੱਤਾ ਹੈ।''

ਮੇਰੇ ਮੂੰਹੋਂ ਸੁੱਤੇ ਸਿੱਧ ਨਿਕਲ ਗਿਆ,

''ਗੁਜਰਾਤੀ ! ਗੁਜਰਾਤੀ 'ਚ ਕੌਣ ਅਨੁਵਾਦ ਕਰੇਗਾ? ਮੈਂ ਹਰ ਕਿਸੇ ਨੂੰ ਆਪਣੀਆਂ ਕਹਾਣੀਆਂ ਦਾ ਬੇੜਾ ਗਰਕ ।'' ਮੇਰੀ ਗੱਲ ਨੂੰ ਵਿਚਾਲਿਓਂ ਕੱਟਦਿਆਂ ਉਹ ਬੋਲੀ,

''ਘਬਰਾਓ ਨਾ ਸਰ ਤੁਹਾਡੀਆਂ ਕਹਾਣੀਆਂ ਦਾ ਗੁਜਰਾਤੀ ਵਿੱਚ ਝੰਡਾ ਮੈਂ ਹੀ ਗੱਡਾਂਗੀ। ਮੇਰੀ ਪੰਜਾਬੀ ਸੁਣ ਕੇ ਤੁਸੀਂ ਮੈਨੂੰ ਪੰਜਾਬਣ ਮੰਨ ਸਕਦੇ ਹੋ, ਪਰ ਮੇਰੀ ਮਾਂ ਸੂਰਤ ਦੀ ਜੰਮਪਲ ਸੀ। ਸੋ ਤੁਸੀਂ ਮੇਰੀ ਮਾਂ ਬੋਲੀ ਗੁਜਰਾਤੀ ਕਹਿ ਸਕਦੇ ਹੋ।''

''ਹੈਂ !'' ਹੈਰਾਨੀ 'ਚ ਮੇਰਾ ਮੂੰਹ ਖੁੱਲ੍ਹਾ ਰਹਿ ਗਿਆ। ਉਹ ਬੋਲੀ,

''ਸਰ ਹੈਰਾਨੀ-ਪਰੇਸ਼ਾਨੀ ਛੱਡੋ। ਅੱਗੇ-ਅੱਗੇ ਦੇਖਦੇ ਜਾਓ। ਛੇਤੀ ਹੀ ਹੋਰ ਭਾਸ਼ਾਵਾਂ 'ਚ ਵੀ ਟਰਾਂਸਲੇਟ ਹੋ ਕੇ ਤੁਹਾਡੀਆਂ ਕਹਾਣੀਆਂ ਔਰਤਾਂ ਨੂੰ ਜ਼ੁਬਾਨ ਦੇਣ ਜਾਂ ਨਾ

ਹਲੂਣਾ ਜ਼ਰੂਰ ਦੇਣਗੀਆਂ। ਬਸ ਤੁਸੀਂ ਆਪਣਾ ਕੰਸੇਂਟ ਲੇਟਰ ਮੇਲ ਕਰ ਦਿਉ। '' ਆਖ ਉਸ ਫ਼ੋਨ ਕੱਟ ਦਿੱਤਾ ਸੀ।

***

ਕਦੀ ਕਿਸੇ ਸ਼ਬਦ ਦਾ ਅਰਥ ਜਾਨਣ, ਕਦੀ ਕਿਸੇ ਕਹਾਣੀ ਦਾ ਵਿਸ਼ਾ ਵਿਚਾਰਨ ਲਈ ਉਸ ਦਾ ਫ਼ੋਨ ਆ ਜਾਂਦਾ। ਮੇਰੀਆਂ ਕਹਾਣੀਆਂ ਦਾ ਅਨੁਵਾਦ ਕਰਦੀ ਉਹ ਮੇਰੇ ਪਾਤਰਾਂ 'ਚੋਂ ਮੇਰੀ ਭਾਲ ਕਰਨ ਲੱਗੀ ਸੀ, ਜਾਂ ਸ਼ਾਇਦ ਉਸ 'ਚੋਂ ਕਿਸੇ ਪਾਤਰ ਦੀ ਤਲਾਸ਼ ਕਰਦਾ ਮੈਂ ਹੀ ਉਸ ਨੂੰ ਜਾਨਣ ਦੀ ਕੋਸ਼ਿਸ਼ ਕਰਨ ਲੱਗਿਆ ਸਾਂ। ਉਸ ਨਾਲ ਗੱਲਬਾਤ ਕਰਦਿਆਂ ਇੰਨੀ ਕੁ ਸਮਝ ਆਉਣ ਲੱਗੀ ਸੀ ਕਿ ਉਹ ਸੱਚਮੁੱਚ ਆਪਣੀਆਂ ਸ਼ਰਤਾਂ 'ਤੇ ਜ਼ਿੰਦਗੀ ਜੀਉਣ ਵਾਲੀ ਕੁੜੀ ਸੀ, ਜੋ ਜਾਣਦੀ ਸੀ ਆਪਣੇ ਹੱਕਾਂ ਦੀ ਆਵਾਜ਼ ਕਿਸੇ ਹੋਰ ਨੇ ਨਹੀਂ, ਖ਼ੁਦ ਹੀ ਉਠਾਉਣੀ ਹੁੰਦੀ ਹੈ।

ਪਟਿਆਲਾ ਵਾਸੀ ਕੱਪੜਾ ਵਪਾਰੀ ਅੰਜਨਾ ਦਾ ਪਿਤਾ ਮਾਲ ਲੈਣ ਅਕਸਰ ਸੂਰਤ ਜਾਂਦਾ ਰਹਿੰਦਾ। ਇੱਥੇ ਉਸ ਦੀ ਮੁਲਾਕਾਤ ਅੰਜਨਾ ਦੀ ਮਾਂ ਨਾਲ ਹੋਈ। ਦੋਹਾਂ ਨੂੰ ਇੱਕ-ਦੂਸਰੇ 'ਚੋਂ ਜੀਵਨ ਭਰ ਦਾ ਸਾਥ ਦਿਸਿਆ। ਅੰਜਨਾ ਦੀ ਮਾਂ ਨੇ ਮਾਪਿਆਂ ਦੀ ਇੱਛਾ ਵਿਰੁੱਧ ਜਾ ਕੇ ਅੰਜਨਾ ਦੇ ਪਿਤਾ ਨਾਲ ਕੋਰਟ ਮੈਰਿਜ ਕਰਵਾਈ। ਵਿਆਹ ਤੋਂ ਸਾਲ ਬਾਅਦ ਅੰਜਨਾ ਦਾ ਜਨਮ ਹੋਇਆ। ਧੀ ਦੀ ਅਣਭੋਲ ਮੁਸਕਾਨ ਵੇਖ ਬਾਪ ਦਾ ਚਿਹਰਾ ਖਿੜ ਜਾਂਦਾ। ਇਹ ਮਾਸੂਮ ਖੇੜੇ ਕਰੂਰਤਾ 'ਚ ਬਦਲ ਜਾਣਗੇ ਕੌਣ ਜਾਣੇ। ਅੰਜਨਾ ਦੋ ਕੁ ਵਰ੍ਹਿਆਂ ਦੀ ਸੀ ਜਦੋਂ ਉਸ ਦੀ ਮਾਂ ਦੁਬਾਰਾ ਕੁੱਖੋਂ ਹੋਈ। ਪਤੀ-ਪਤਨੀ ਧੀ ਨਾਲ ਖੇਡਣ ਲਈ ਆਉਣ ਵਾਲੇ ਜੀਅ ਦੇ ਸਵਾਗਤ ਲਈ ਪੱਬਾਂ ਭਾਰ ਕਿ ਅੰਜਨਾ ਦੀ ਇਕਲੌਤੀ ਭੂਆ ਆਪਣੇ ਪ੍ਰੇਮੀ ਨਾਲ ਫ਼ਰਾਰ ਹੋ ਗਈ। ਉਸ ਦੇ ਬਾਪ ਨੂੰ ਅਜਿਹਾ ਸਦਮਾ ਪਹੁੰਚਿਆ, ਉਹ ਮਨ 'ਚ ਕੁੜੀਆਂ ਲਈ ਨਫ਼ਰਤ ਪਾਲ਼ ਬੈਠਾ। ਉਸ ਅੰਜਨਾ ਦੀ ਮਾਂ ਨੂੰ ਇਹ ਕਹਿੰਦਿਆਂ ਭਰੂਣ ਟੈਸਟ ਕਰਵਾਉਣ ਦਾ ਹੁਕਮ ਚਾੜ੍ਹ ਦਿੱਤਾ ਕਿ ਕੁੱਖ 'ਚ ਪਲ ਰਿਹਾ ਬਾਲ ਪੁੱਤਰ ਹੋਇਆ ਤਾਂ ਜਨਮ ਦਿੱਤਾ ਜਾਏਗਾ, ਧੀ ਹੋਈ ਤਾਂ ਅੰਜਨਾ ਦੀ ਮਾਂ ਬਾਹਰੋ-ਬਾਹਰ ਉਸ ਦਾ ਫਾਸਤਾ ਵੱਢ ਕੇ ਘਰ ਵਾਪਸ ਮੁੜੇ। ਅੰਜਨਾ ਦੀ ਮਾਂ ਨੂੰ ਪਤੀ ਦਾ ਤਾਨਾਸ਼ਾਹੀ ਹੁਕਮ ਮਨਜ਼ੂਰ ਨਾ। ਉਸ ਬਿਨਾ ਟੈਸਟ ਕਰਵਾਏ ਗਰਭਪਾਤ ਕਰਵਾ ਦਿੱਤਾ, ਪਰ ਦੁਬਾਰਾ ਫਿਰ ਆਸ ਤੋਂ ਨਾ ਹੋਈ। ਨਿਰਾਸ਼ਾ 'ਚ ਲਹਿੰਦੇ ਉਸ ਦੇ ਬਾਪ ਦਾ ਉਹਨਾ ਮਾਂ-ਧੀ ਪ੍ਰਤੀ ਰਵੱਈਆ ਬਦਲਣ ਲੱਗਿਆ। ਨਿੱਕੀ-ਨਿੱਕੀ ਗੱਲ 'ਤੇ ਘਰ ਨੂੰ ਜੰਗ ਦਾ ਅਖਾੜਾ ਬਣਾ ਲੈਂਦਾ। ਗੁੱਸੇ 'ਚ ਆਇਆ ਅੰਜਨਾ ਦੀ ਮਾਂ ਦੀ ਕੁੱਟਮਾਰ ਕਰਦਾ ਸੋ ਕਰਦਾ, ਨਿੱਕੀ ਜਿਹੀ ਧੀ 'ਤੇ ਵੀ ਹੱਥ ਚੁੱਕਣੋਂ ਨਾ ਟਲਦਾ। ਡਰੀ-ਸਹਿਮੀ ਉਸ ਦੀ ਮਾਂ ਹਰ ਵੇਲੇ ਆਪਣਾ ਤੇ ਧੀ ਦਾ ਬਚਾਅ ਕਰਨ ਲਈ ਪਤੀ ਕੋਲੋਂ ਲੁਕਦੀ ਫਿਰਦੀ। ਜਿਉਂ-ਜਿਉਂ ਅੰਜਨਾ ਵੱਡੀ ਹੋਣ ਲੱਗੀ, ਉਸ ਦੇ ਬਾਪ ਨੂੰ ਧੀ 'ਚੋਂ ਉਸ ਦੀ ਮਾਂ ਤੇ ਆਪਣੀ ਭੈਣ ਵਾਲੇ ਦਾਗ਼ ਦਾ ਭੈਅ ਸਤਾਉਣ ਲੱਗਿਆ। ਗੱਲ-ਗੱਲ ਤੇ ਵੱਢੂ-ਖਾਊਂ ਕਰਦਾ ਛੇਤੀ ਤੋਂ ਛੇਤੀ ਉਸ ਨੂੰ ਵਿਆਹ ਕੇ ਤੋਰਨ ਲਈ ਤਰਲੋਮੱਛੀ ਹੋਇਆ ਰਹਿੰਦਾ। ਬੀ.ਏ. ਆਨਰਜ਼ ਇਨ ਸਾਸ਼ਿਆਲੌਜੀ ਡਿਗਰੀ ਪੂਰੀ ਹੋਈ ਸੀ ਕਿ ਸਨਕ ਮਾਰੇ ਪਿਉ ਨੇ ਆਪਣੀ ਪਸੰਦ ਦੇ ਇੱਕ ਅਮੀਰਜ਼ਾਦੇ ਨਾਲ ਧੀ ਦਾ ਵਿਆਹ ਕਰਵਾਉਣ ਦਾ ਫੈਸਲਾ ਸੁਣਾ

ਦਿੱਤਾ। ਹੁਣ ਤੱਕ ਚੁੱਪ ਅੰਜਨਾ ਦੇ ਅੰਦਰ ਦੀ ਵਿਰੋਧੀ ਕੁੜੀ ਬੋਲ ਪਈ,

''ਮੈਂ ਹਾਲੇ ਵਿਆਹ ਨਹੀਂ ਕਰਵਾਉਣਾ ਪਾਪਾ। ਪੜ੍ਹ-ਲਿਖ ਕੇ ਆਪਣੇ ਪੈਰਾਂ ਸਿਰ ਹੋਣਾ ਏਂ। ਫਿਰ ਜੋ ਮੇਰੀ ਸੋਚ ਦਾ ਹਾਣੀ ਹੋਇਆ ਉਸੇ ਨਾਲ ਵਿਆਹ ਕਰਾਂਵਾਂਗੀ।''

ਧੀ ਦੀਆਂ ਬਾਗੀ ਸੁਰਾਂ ਨੇ ਪਿਉ ਦਾ ਅਜਿਹਾ ਪਾਰਾ ਵਧਾਇਆ, ਉਸ ਅੰਜਨਾ ਨਾਲੋਂ ਵੱਧ ਕੁਟਾਪਾ ਉਸ ਦੀ ਮਾਂ ਨੂੰ ਚਾੜ੍ਹਿਆ ਸੀ। ਸਾਰੀ ਰਾਤ ਭੁੱਖੀਆਂ-ਭਾਣੀਆਂ ਮਾਂ-ਧੀ ਕਮਰੇ ਦੇ ਬੰਦ ਦਰਵਾਜ਼ੇ ਅੰਦਰੋਂ ਅੰਜਨਾ ਦੇ ਬਾਪ ਦੇ ਘੁਰਾੜੇ ਸੁਣ ਹਟਕੋਰੇ ਲੈਂਦੀਆਂ ਰਹੀਆਂ। ਸਵੇਰ ਹੋਈ। ਪਿਉ ਨੇ ਦਰਵਾਜ਼ਾ ਖੋਲ੍ਹਿਆ ਤੇ ਅੰਜਨਾ ਦੀ ਮਾਂ ਦੀ ਵੱਖੀ 'ਚ ਠੁੱਡ ਕੱਢ ਮਾਰਿਆ। ਅੰਜਨਾ ਦੇ ਅੰਦਰ ਦੀ ਜਵਾਲਾ ਭੜਕ ਗਈ। ਮਾਂ ਦੇ ਬਚਾਅ ਲਈ ਉਹ ਪਿਉ ਅੱਗੇ ਹਿੱਕ ਤਾਣ ਖਲੋਤੀ। ਧੀ ਦੀ ਪਿੱਠ ਥਾਪੜਨ ਦੀ ਬਜਾਏ ਮਾਂ ਨੇ ਉਸ ਦੇ ਚਪੇੜ ਕੱਢ ਮਾਰੀ ਤੇ ਬਾਪ ਕੋਲੋਂ ਮਾਫ਼ੀ ਮੰਗਣ ਲਈ ਦਬਾਅ ਪਾਉਣ ਲੱਗੀ। ਮਾਂ ਦਾ ਪਸਤ ਹੌਸਲਾ ਵੇਖ ਬਾਪ ਉਹਨਾ ਨੂੰ ਘਰੋਂ ਨਿਕਲ ਜਾਣ ਦੀਆਂ ਧਮਕੀਆਂ ਦੇਣ ਲੱਗਿਆ। ਲਾਵਾ ਬਣੀ ਅੰਜਨਾ ਨੇ ਸੱਚਮੁੱਚ ਸਮਾਨ ਬੰਨ੍ਹ ਲਿਆ। ਮਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਦਹਿਲੀਜ਼ ਦੀ ਇੱਜਤ ਦਾ ਵਾਸਤਾ ਪਾਉਂਦੀ ਮਾਂ ਉਸ ਨੂੰ ਪਿਉ ਦੀ ਜਿੱਦ ਅੱਗੇ ਗੋਡੇ ਟੇਕਣ ਲਈ ਹੱਥ ਜੋੜੇ, ਪਰ ਅੰਜਨਾ ਨੇ ਇੱਕ ਨਾ ਮੰਨੀ। ਆਪਣੀ ਹੋਂਦ ਦੀ ਲੜਾਈ ਆਪ ਲੜਨ ਦਾ ਫੈਸਲਾ ਸੁਣਾਉਂਦਿਆਂ ਉਸ ਮਾਂ ਨੂੰ ਵੀ ਰਾਕਸ਼ਸ ਰੂਪ ਪਤੀ ਦਾ ਦਰ ਛੱਡ ਕੇ ਆਪਣੇ ਨਾਲ ਚੱਲਣ ਲਈ ਜੋਰ ਮਾਰਿਆ। ਮਾਂ ਨੇ ਪਤੀ ਪਰਮੇਸ਼ਵਰ ਹੱਥੋਂ ਮਰ ਕੇ ਮੁਕਤ ਹੋਣ 'ਚ ਆਪਣੀ ਹੋਣੀ ਦੱਸੀ। ਅੰਜਨਾ ਨੇ ਮਾਂ ਦੇ ਜੁੜੇ ਹੱਥਾਂ ਅੱਗੇ ਹੱਥ ਜੋੜ ਦਹਿਲੀਜ਼ ਉਲੰਘ ਲਈ ਸੀ। ਸਥਿਤੀ ਹੱਥੋਂ ਨਿਕਲਦੀ ਵੇਖ ਪਿਉ ਨੇ ਉਸ ਨੂੰ ਵਾਲਾਂ ਤੋਂ ਫੜ ਘਰ ਦੇ ਅੰਦਰ ਧਰੀਕਿਆ। ਅੰਜਨਾ ਨੇ ਹੋਰ ਧੱਕਾ ਕਰਨ 'ਤੇ ਪੁਲਿਸ ਸ਼ਿਕਾਇਤ ਦੀ ਧਮਕੀ ਦੇ ਦਿੱਤੀ,



''ਪਾਪਾ ਮੈਂ ਦੁੱਧ ਪੀਂਦੀ ਬਾਲੜੀ ਨਹੀਂ, ਬਾਲਿਗ ਹੋ ਚੁੱਕੀ ਹਾਂ। ਇੱਕ ਉਂਗਲ ਵੀ ਲਗਾਈ ਨਾ।''

ਧੀ ਦੀਆਂ ਅੱਖਾਂ 'ਚ ਅੰਗਿਆਰ ਵੇਖ ਬਾਪ ਨੇ ਪੈਸੇ ਦੀ ਧੌਂਸ ਦਿੱਤੀ ਸੀ,

''ਕਰੋੜਾਂ ਦੀ ਚੌਖਟ ਨੂੰ ਛੱਡ ਕੇ ਜਾਣ ਦਾ ਜਿਹੜਾ ਭੂਤ ਸਵਾਰ ਹੋਇਐ ਨਾ। ਚਾਰ ਦਿਨਾਂ 'ਚ ਆਟੇ ਦਾਲ ਦਾ ਭਾਅ ਪਤਾ ਲੱਗ ਜੂ ਜਦੋਂ ਦੁਆਨੀ-ਦੁਆਨੀ ਲਈ ਲੋਕਾਂ

ਅੱਗੇ ਹੱਥ ਅੱਡਣੇ ਪਏ। ਯਾਦ ਰੱਖੀਂ, ਭੁੱਖੀ ਮਰਦੀ ਨੂੰ ਵੀ ਇਸ ਦਰ ਤੋਂ ਜੁੱਤੀ 'ਚ ਪਾਣੀ ਦੀ ਘੁੱਟ ਨਸੀਬ ਨਹੀਂ ਹੋਣੀ।"

"ਤੁਹਾਨੂੰ ਤੁਹਾਡੀ ਦੌਲਤ ਮੁਬਾਰਕ, ਮੈਨੂੰ ਮੇਰੇ ਸੁਪਨੇ।"

ਆਖ ਉਸ ਸਦਾ ਲਈ ਪਿਤਾ ਦੀ ਚੌਖਟ ਵੱਲੋਂ ਕੰਡ ਕਰ ਆਪਾ ਸੁਪਨਿਆਂ ਨੂੰ ਸਮਰਪਿਤ ਕਰ ਦਿੱਤਾ ਸੀ। ਸਾਹਿਤ ਜਰੀਏ ਹੋਰਾਂ ਸਮਾਜਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦੀ ਉਹ ਅਕਸਰ ਕਹਿੰਦੀ,

"ਹੋਸ਼ ਸੰਭਾਲਣ ਤੋਂ ਮੈਂ ਮਾਂ ਨੂੰ ਮੇਰੇ ਬਾਪ ਕੋਲੋਂ ਜ਼ਲੀਲ ਹੁੰਦੇ ਵੇਖਿਆ। ਹੁਣ ਤੱਕ ਜਿੰਨਾ ਸਾਹਿਤ ਵਿਚਾਰਿਆ ਹੈ, ਥੋੜ੍ਹੇ-ਬਹੁਤੇ ਹੇਰ-ਫੇਰ ਨਾਲ ਔਰਤਾਂ ਦੀ ਸਥਿਤੀ ਲਗਭਗ ਇੱਕੋ ਜਿਹੀ ਹੈ। ਜਿਸਮ 'ਤੇ ਪਈਆਂ ਸੱਟਾਂ ਝੱਲੀਆਂ ਜਾ ਸਕਦੀਆਂ ਨੇ, ਪਰ ਰੂਹ 'ਤੇ ਲੱਗੇ ਜ਼ਖ਼ਮਾਂ ਦੀ ਪੀੜ ਝੱਲਣੀ ! ਉਫ਼ ! ਕੱਪੜੇ ਉਤਾਰਨਾ ਨਹੀਂ ਅਸਲ ਫੈਮਿਨਿਜ਼ਮ ਔਰਤ ਦੀ ਆਪਣੀ ਹੋਂਦ ਦੇ ਘੋਲ ਤੋਂ ਮੁਕਤੀ ਹੈ? ਉਹ ਕੰਧ ਸਮਝ ਕੇ ਢਾਹੀ ਜਾਂਦੀ ਰਹੇਗੀ ਜਦੋਂ ਤੱਕ ਔਰਤ ਆਪਣੇ-ਆਪ ਨੂੰ ਕਮਜ਼ੋਰ, ਲਾਚਾਰ, ਵਿਚਾਰੀ ਸਮਝਣ ਦੀ ਮਾਨਸਿਕਤਾ ਤੋਂ ਨਹੀਂ ਉਭਰਦੀ। ਸ੍ਵੈ-ਹੋਂਦ ਦੀ ਜੰਗ ਸ੍ਵੈ-ਜਿੱਤ ਨਾਲ ਹੀ ਜਿੱਤੀ ਜਾ ਸਕਦੀ ਹੈ। ਅਰੇ ਯਾਰ, ਔਰਤ ਕਦੋਂ ਤੱਕ ਆਪਣੇ ਹਿੱਸੇ ਦੇ ਸਾਹ ਆਪਣੀ ਮਰਜ਼ੀ ਨਾਲ ਲੈਣ ਲਈ ਪਤੀ ਦੀ ਮੌਤ ਉਡੀਕਦੀ ਰਹੇਗੀ !"

ਗੱਲ ਕਰਦੀ ਉਹ ਇਸ ਕਦਰ ਤਿਲਮਿਲਾ ਜਾਂਦੀ, ਮੰਨੋ ਉਹ ਜੋਤਿਬਾ ਫੂਲੇ, ਤਾਰਾਬਾਈ ਸ਼ਿੰਡੇ ਤੇ ਰਮਾਬਾਈ ਰਾਨਾਡੇ ਦੀ ਵੰਸ਼ਜ ਹੋਵੇ ਜਿਹੜੀ ਔਰਤ ਨੂੰ ਉਸ ਦੀ ਹੋਂਦ ਦਾ ਪਤਾ ਲਗਵਾਏ ਬਗੈਰ ਸਾਹ ਲੈਣ ਵਾਲੀ ਨਹੀਂ ਸੀ।

ਮੈਂ ਗਰੀਬੀ ਤੋਂ ਖ਼ੌਫ਼ਜ਼ਦਾ ਸਾਂ, ਉਹ ਮਰਦ ਦੇ ਜ਼ਾਲ਼ਮ ਰਵੱਈਏ ਤੋਂ। ਕੁੱਝ ਤਾਂ ਸੀ, ਜੋ ਸਾਡੇ ਦਰਮਿਆਨ ਖਿੱਚ ਤੋਂ ਦਿਲ ਦੀਆਂ ਧੜਕਣਾਂ ਬਣਨ ਲੱਗਿਆ ਸੀ। ਉਸ ਨਾਲ ਜ਼ਿੰਦਗੀ ਦੀਆਂ ਪੈੜਾਂ ਤੈਅ ਕਰਨ ਦਾ ਖ਼ਿਆਲ ਮੈਂ ਬੜੀ ਸਾਫ਼ਗੋਈ ਨਾਲ ਉਸ ਨਾਲ ਸਾਂਝਾ ਕੀਤਾ ਸੀ,

"ਅੰਜਨਾ ਮੈਂ ਬੇਹੱਦ ਗਰੀਬੀ ਦੇ ਆਲਮ 'ਚੋਂ ਉੱਠ ਕੇ ਇੱਥੋਂ ਤੱਕ ਪਹੁੰਚਿਆ ਹਾਂ। ਖ਼ਵਾਹਿਸ਼ਾਂ ਦੇ ਕਤਲਾਂ ਦੀ ਪੀੜ ਕੀ ਹੁੰਦੀ ਏ। ਚੰਗੀ ਤਰ੍ਹਾਂ ਜਾਣਦਾ ਹੀ ਨਹੀਂ ਮਹਿਸੂਸ ਵੀ ਕਰਦਾਂ। ਜੇ ਤੂੰ ਹਾਂ ਕਰੇਂ ਤਾਂ ਅਸੀਂ ਦੋਵੇਂ ਇੱਕ ਚੰਗੀ ਜ਼ਿੰਦਗੀ ਦਾ ਆਗਾਜ਼ ਕਰ ਸਕਦੇ ਹਾਂ।" ਮੈਂ ਹੱਥ ਅੱਗੇ ਵਧਾਉਂਦਿਆਂ ਨਿਗਾਹਾਂ ਉਸ ਦੇ ਚਿਹਰੇ 'ਤੇ ਟਿਕਾ ਦਿੱਤੀਆਂ।

"ਪਰ ਮੈਂ ਆਪਣੀ ਜ਼ਿੰਦਗੀ ਦਾ ਸਟੇਅਰਿੰਗ ਕਿਸੇ ਹੋਰ ਨੂੰ ਨਹੀਂ ਫੜਾ ਸਕਦੀ। ਮੈਂ ਆਪਣੀਆਂ ਸ਼ਰਤਾਂ 'ਤੇ ਜੀਉਣ ਵਾਲਾ ਆਜ਼ਾਦ ਪੰਛੀ ਹਾਂ। ਕੁੜੀ ਚਿੜੀ ਨਹੀਂ ਨਿਰੀ ਚਿੜੀ, ਜੋ ਫੁਰ-ਫੁਰ ਉੱਡਣਾ ਜਾਣਦੀ ਹੈ।"

"ਤੂੰ ਨਾ ਫੜਾਈਂ ਆਪਣਾ ਸਟੇਅਰਿੰਗ, ਪਰ ਮੈਂ ਆਪਣਾ ਸਟੇਅਰਿੰਗ ਹੀ ਨਹੀਂ ਰੇਸ, ਬਰੇਕ ਸਭ ਤੇਰੇ ਹੱਥ ਦੇਣ ਲਈ ਤਿਆਰ ਹਾਂ। ਤੂੰ ਜਿਹੜੇ ਅਸਮਾਨਾਂ 'ਚ ਉੱਡੇਂਗੀ ਤੇਰੇ ਖੰਭਾਂ 'ਤੇ ਸਵਾਰ ਹੋਇਆ ਉੱਡਿਆ ਫਿਰੂੰ।" ਅੱਗੇ ਵਧਾਇਆ ਹੱਥ ਮੈਂ ਭੀਖ਼ ਮੰਗਣ ਵਾਂਗ ਉਸ ਅੱਗੇ ਫੈਲਾ ਦਿੱਤਾ।

ਮੇਰਾ ਹੱਥ ਆਪਣੇ ਹੱਥ 'ਚ ਲੈਂਦਿਆਂ ਉਹ ਬੋਲੀ,

"ਵਾਅਦਾ ਕਰ ਇਹ ਹੱਥ ਸਾਥ ਬਣਨਗੇ?"

ਉਸ ਦਾ ਹੱਥ ਆਪਣੇ ਹੱਥ ਵਿੱਚ ਘੁਟਦਿਆਂ ਮੈਂ ਪ੍ਰਣ ਕੀਤਾ, ਅੰਜਨਾ ਨੂੰ ਕਦੀ ਕਿਸੇ ਸ਼ੈਅ ਦੀ ਘਾਟ ਨਹੀਂ ਆਉਣ ਦਿਆਂਗਾ। ਆਪਣੀ ਆਰਥਿਕ ਹਾਲਤ ਦੇ ਸੁਧਾਰ ਲਈ ਜਿੱਥੇ ਮੌਕਾ ਮਿਲਦਾ ਮੈਂ ਪੰਜਾਬੀ ਦੇ ਪਸਾਰ ਤੇ ਆਪਣੇ ਵਿਸਥਾਰ ਲਈ ਸਦਾ ਹਾਜ਼ਰ ਰਹਿੰਦਾ, ਪਰ ਅੰਜਨਾ ਤੋਂ ਕੁੱਝ ਹੋਰ ਆਸਾਂ ਲਗਾਉਣ ਲੱਗਿਆ। ਜ਼ਿੰਦਗੀ ਦਾ ਸਫ਼ਰ ਸ਼ੁਰੂ ਕਰਦਿਆਂ ਅਸੀਂ ਦੋਹਾਂ ਨੇ ਤੈਅ ਕੀਤਾ ਸੀ, ਇੱਕ-ਦੂਜੇ ਨੂੰ ਸਲਾਹ ਜ਼ਰੂਰ ਦੇਵਾਂਗੇ, ਮੰਨਣਾ ਨਾ ਮੰਨਣਾ ਮਰਜ਼ੀ ਆਪੋ-ਆਪਣੀ।

ਵੱਖ-ਵੱਖ ਖਿੱਤਿਆਂ ਦੇ ਸਮਾਜਿਕ ਸਭਿਆਚਾਰ ਤੇ ਖ਼ਾਸ ਕਰਕੇ ਔਰਤ ਦੀ ਦਸ਼ਾ ਤੇ ਦਿਸ਼ਾ ਨੂੰ ਸਮਝਣ ਲਈ ਸਾਹਿਤ ਨੂੰ ਵਰਦਾਨ ਮੰਨਦੀ, ਰਿਸਰਚ ਸਕਾਲਰ ਇਨ ਸਾਸ਼ਿਆਲੌਜੀ ਅੰਜਨਾ ਸਾਸ਼ਿਆਲੌਜੀ ਵਿੱਚ ਕੈਰੀਅਰ ਬਣਾਉਣ ਦੀ ਇਛੁੱਕ ਸੀ। ਕਾਨਵੈਂਟ ਸਕੂਲ ਦੀ ਵਿਦਿਆਰਥਣ ਰਹੀ ਅੰਜਨਾ ਦੀ ਅੰਗਰੇਜ਼ੀ ਵਿੱਚ ਚੰਗੀ ਪਕੜ ਤੇ ਸਾਹਿੱਤ ਪ੍ਰਤੀ ਉਸ ਦੀ ਲਗਨ ਵੇਖ, ਮੈਂ ਉਸ ਨੂੰ ਸਾਸ਼ਿਆਲੌਜੀ ਦੇ ਨਾਲ-ਨਾਲ ਅੰਗਰੇਜ਼ੀ ਭਾਸ਼ਾ ਦਾ ਪੱਲਾ ਫੜਨ ਦੀ ਸਲਾਹ ਦਿੱਤੀ। ਮੇਰਾ ਮੰਨਣਾ ਸੀ ਲੈਂਗੁਅਜ਼ ਤੇ ਉਹ ਵੀ ਅੰਗਰੇਜ਼ੀ ਵਿੱਚ ਕੈਰੀਅਰ ਦੀਆਂ ਸੰਭਾਵਨਾਵਾਂ ਕਿਧਰੇ ਵੱਧ ਹਨ। ਅੱਗੇ ਚੱਲ ਕੇ ਅਸੀਂ ਦੋਵੇਂ ਮਿਲ ਕੇ ਲੈਂਗੁਐਜ਼ ਅਕੈਡਮੀ ਵੀ ਖੋਲ੍ਹ ਸਕਦੇ ਸੀ। ਮੇਰੀ ਸੋਚ 'ਤੇ ਫੁੱਲ ਚੜ੍ਹਾਉਂਦਿਆਂ ਉਸ ਐਮ.ਏ. ਅੰਗਰੇਜ਼ੀ 'ਚ ਦਾਖ਼ਲਾ ਲੈ ਲਿਆ। ਪਹਿਲੇ ਦਰਜੇ 'ਚ ਐਮ.ਏ. ਅੰਗਰੇਜ਼ੀ ਕਰਕੇ ਪਹਿਲੀ ਵਾਰੀ 'ਚ ਹੀ ਨੈੱਟ ਕਲੀਅਰ ਕਰ ਉਹ ਪ੍ਰੋ. ਅੰਜਨਾ ਬਣ ਗਈ।

ਹੁਣ ਤੱਕ ਸ਼ੌਂਕੀਆ ਅਨੁਵਾਦ ਕਰਦੀ ਆ ਰਹੀ ਅੰਜਨਾ ਨਾਲ ਅਨੁਵਾਦ ਦੇ ਖਿੱਤੇ ਬਾਰੇ ਗੱਲ ਕਰਦਿਆਂ ਮੇਰੀ ਰਾਏ ਸੀ, ਅਨੁਵਾਦ ਸਿਰਫ਼ ਗਿਆਨ ਦਾ ਸਾਧਨ ਨਾ ਹੋ ਕੇ ਕਮਾਈ ਦਾ ਵਧੀਆ ਸ੍ਰੋਤ ਵੀ ਹੋ ਸਕਦਾ ਹੈ। ਅੰਜਨਾ ਨੂੰ ਇਹ ਗੱਲ ਜਚ ਗਈ। ਪਬਲਿਸ਼ਰਾਂ ਨਾਲ ਟਾਈਅੱਪ ਕਰਕੇ ਪੰਜਾਬੀ ਸਾਹਿੱਤ ਨੂੰ ਹੋਰਨਾਂ ਭਾਸ਼ਾਵਾਂ 'ਚ ਅਨੁਵਾਦ ਕਰਨ ਦੇ ਨਾਲ-ਨਾਲ ਹੋਰਨਾਂ ਭਾਸ਼ਾਵਾਂ ਦਾ ਕਲਾਸਿਕ ਸਾਹਿਤ ਪੜ੍ਹਦੀ ਉਹ ਪੰਜਾਬੀ 'ਚ ਅਨੁਵਾਦ ਕਰਨ ਲੱਗੀ। ਸਾਹਿਤ ਜਗਤ 'ਚ ਮੇਰੀ ਪਹੁੰਚ ਅਕੈਡਮੀਆਂ ਤੱਕ ਹੋ ਚੁੱਕੀ ਸੀ। ਅੰਜਨਾ ਨੂੰ ਅਨੁਵਾਦ ਦੇ ਪ੍ਰੌਜੈਕਟ ਦੁਆਉਣੇ ਮੇਰੇ ਲਈ ਔਖੇ ਨਾ। ਇਹ ਗੱਲ ਹੋਰ ਹੈ ਕਿ ਉਸ ਨੂੰ ਕਦੀ ਮੇਰੀ ਸਿਫ਼ਾਰਿਸ਼ ਦੀ ਲੋੜ ਨਾ ਪਈ। ਉਸ ਨੂੰ ਵੱਖ-ਵੱਖ ਭਾਸ਼ਾਵਾਂ ਦਾ ਸਾਹਿਤ ਮੂਲ ਭਾਸ਼ਾ 'ਚ ਪੜ੍ਹਨ ਦੀ ਅਜਿਹੀ ਚੇਟਕ ਲੱਗੀ ! ਪੰਜਾਬੀ, ਗੁਜਰਾਤੀ, ਹਿੰਦੀ, ਅੰਗਰੇਜ਼ੀ ਹੀ ਨਹੀਂ ਬਹੁਤ ਸਾਰੀਆਂ ਅੰਤਰਾਸ਼ਟਰੀ ਤੇ ਭਾਰਤੀ ਖੇਤਰੀ ਭਾਸ਼ਾਵਾਂ ਇਨੀ ਸਰਲਤਾ ਤੇ ਸਹਿਜਤਾ ਨਾਲ ਬੋਲਣ, ਪੜ੍ਹਨ ਤੇ ਲਿਖਣ ਲੱਗੀ, ਮੰਨੋ ਉਹ ਗੁਜਰਾਤਣ, ਪੰਜਾਬਣ ਨਾ ਹੋ ਕੇ ਉਸੇ ਖੇਤਰ ਦੀ ਜੰਮਪਲ਼ ਹੋਵੇ ਜਿੱਥੋਂ ਦਾ ਸਾਹਿਤ ਪੜ੍ਹ ਤੇ ਅਨੁਵਾਦ ਕਰ ਰਹੀ ਹੋਵੇ।

ਕੰਮ ਦੇ ਖੰਭਾਂ 'ਤੇ ਸਵਾਰ ਹੋਏ ਅਸੀਂ ਦੋਵੇਂ ਆਪੋ-ਆਪਣੇ ਧਰਾਤਲ ਦੀ ਦੌੜ ਦੌੜਨ ਲੱਗੇ। ਰਿਸ਼ਤੇ-ਨਾਤਿਆਂ ਵੱਲੋਂ ਉਸ ਦਾ ਪਹਿਲਾ ਤੇ ਆਖਰੀ ਰਿਸ਼ਤੇਦਾਰ ਸਿਰਫ਼ ਮੈਂ। ਲੱਖ ਜ਼ੋਰ ਪਾਉਣ ਤੇ ਵੀ ਬੀਬੀ-ਭਾਪਾ ਪਿੰਡ ਛੱਡ ਕੇ ਪਟਿਆਲੇ ਆ ਵੱਸਣ ਨੂੰ ਰਾਜੀ ਨਾ।

ਉਸ ਦੇ ਮਾਪੇ ਹੋਏ ਨਾ ਹੋਏ ਇੱਕ ਬਰਾਬਰ। ਇੱਕ ਪ੍ਰੋ. ਤ੍ਰਿਪਤਾ ਸੀ ਸਾਡੀ ਸਾਂਝੀ ਦੋਸਤ ਜਿਹੜੀ ਦੇਰ-ਸਵੇਰ ਖਾਣ-ਪੀਣ ਦਾ ਸਾਮਾਨ ਚੁੱਕੀ ਸਾਡੇ ਦਰ 'ਤੇ ਦਸਤਕ ਆ ਦਿੰਦੀ।

"ਤੁਸੀਂ ਦੋਹਾਂ ਨੇ ਤਾਂ ਇੱਕ ਡੰਗ ਬਣਾਈ ਦਾਲ ਨਾਲ ਹਫ਼ਤਾ ਲੰਘਾ ਲੈਣਾ ਹੁੰਦੈ। ਸੋ ਆਪਣੇ ਖਾਣ-ਪੀਣ ਦਾ ਬੰਦੋਬਸਤ ਆਪਾਂ ਆਪ ਹੀ ਕਰ ਲਿਆਂਦਾ।"

ਹੱਸਦੀ ਲਿਫ਼ਾਫ਼ਾ ਮੇਰੇ ਹੱਥ ਦੇ ਅੰਜਨਾ ਨਾਲ ਗੱਲੀਂ ਪੈ ਜਾਂਦੀ। ਚਾਹ ਬਣਾਉਣ ਦੀ ਡਿਊਟੀ ਹਮੇਸ਼ਾਂ ਮੇਰੀ ਰਹਿੰਦੀ। ਵਿਆਹ ਤੋਂ ਕੁੱਝ ਚਿਰ ਬਾਅਦ ਦੀ ਗੱਲ। ਉਸ ਦੇ ਲਿਆਂਦੇ ਸਮੋਸੇ ਤੇ ਚਾਹ ਦੀ ਟਰੇਅ ਲੈ ਮੈਂ ਉਹਨਾ ਕੋਲ ਆਣ ਬੈਠਾ। ਸਮੋਸੇ ਦੀ ਪਲੇਟ ਮੇਰੇ ਹੱਥੋਂ ਫੜਦਿਆਂ ਤ੍ਰਿਪਤਾ ਬੋਲੀ,

"ਅੰਜਨਾ ਯਾਰ ਇਹ ਤਾਂ ਹੈ ਹੀ ਖ਼ੁਸ਼ਕ ਬੰਦਾ, ਡਰ ਲੱਗਦੈ ਕਿਧਰੇ ਤੂੰ ਇਹਦੀ ਖ਼ੁਸ਼ਕੀ ਪੱਲੇ ਪਾ ਕੇ ਸਿਕਰੀ ਨਾ ਬਣ ਜਾਵੇਂ।"

"ਕੀ ਤੈਨੂੰ ਲੱਗਦੈ ਕਿ ਇੰਝ ਹੋ ਸਕਦੈ?" ਹੈਰਾਨ ਹੁੰਦੀ ਅੰਜਨਾ ਨੇ ਚਾਹ ਦਾ ਵੱਡਾ ਘੁੱਟ ਭਰਿਆ।

"ਲੱਗਦਾ ਨਹੀਂ ਦਿਖਣ ਲੱਗਿਐ।"

"ਕੀ ਦਿਖਣ ਲੱਗਿਐ? ਮੈਨੂੰ ਵੀ ਤੇ ਪਤਾ ਲੱਗੇ।" ਚਾਹ ਦਾ ਘੁੱਟ ਭਰਦਿਆਂ ਅੰਜਨਾ ਨੇ ਨਿਗਾਹਾਂ ਤ੍ਰਿਪਤਾ ਦੇ ਚਿਹਰੇ 'ਤੇ ਟਿਕਾ ਦਿੱਤੀਆਂ।

" ਜਿੱਥੋਂ ਤੱਕ ਜਿਸ ਅੰਜਨਾ ਨੂੰ ਮੈਂ ਜਾਣਦੀ ਹਾਂ, ਉਹ ਜ਼ਿੰਦਗੀ ਦੇ ਹਰ ਪਲ਼ ਨੂੰ ਮਾਨਣ ਵਾਲੀ ਇੱਕ ਘੁਮੱਕੜ ਕੁੜੀ ਹੁੰਦੀ ਸੀ। ਇਹ ਜਿਸ ਅੰਜਨਾ ਨੂੰ ਮੈਂ ਮਿਲ ਰਹੀ ਹਾਂ ਉਹ ਪੈਸਿਆਂ ਦੀ ਦੌੜ 'ਚ ਗੁਆਚਣ ਲੱਗੀ ਹੈ। ਬਸ ਇੰਨਾ ਹੀ ਕਹਾਂਗੀ, ਕੁਲਵਿੰਦਰ ਤਾਂ ਹੈ ਹੀ ਡੈੱਡ ਪਰਸਨ, ਕਿਧਰੇ ਤੂੰ ਵੀ । ਓ.ਕੇ. ਮੈਂ ਚੱਲਦੀ ਹਾਂ। ਮੇਰੀ ਬਾਇਕ ਸਰਵਿਸ ਮੰਗ ਰਹੀ ਏ। ਵੈਸੇ ਥੋੜ੍ਹੀ ਸਰਵਿਸ ਮੇਰਾ ਪਤੀਦੇਵ ਵੀ ਮੰਗ ਰਿਹੈ। ਅੱਜ-ਕੱਲ ਇੰਜੀਨੀਅਰ ਕਮਲਜੀਤ ਸਿੰਘ ਜੀ ਦਾ ਧਿਆਨ ਇਮਾਰਤਸਾਜ਼ੀ ਵੱਲ ਘੱਟ ਤੇ ਮੂਰਤ ਫਸਾਈ ਕੁੱਝ ਵਧੇਰੇ ਹੀ ਹੋ ਗਿਐ। ਖ਼ੈਰ, ਬਾਇਕ ਸਰਵਿਸ ਸਟੇਸ਼ਨ 'ਤੇ ਲਗਾ ਕੇ ਇੱਕ ਮਹਿਲਾ ਮੋਰਚੇ 'ਚ ਸੰਬੋਧਨ ਕਰਨ ਜਾਣੈ। ਤੂੰ ਵੀ ਚੱਲ।"

"ਅੱਜ ਨਹੀਂ ਯਾਰ। ਨੈਕਸਟ ਟਾਇਮ ਪੱਕਾ।" ਆਖ ਕੇ ਅੰਜਨਾ ਟੇਬਲ 'ਤੇ ਰੱਖੇ ਪ੍ਰੋਜੇਕਟ ਵਰਕ ਵੱਲ ਵੇਖਣ ਲੱਗੀ। ਟੇਢੀ ਜਿਹੀ ਮੁਸਕਰਾਹਟ ਛੱਡਦੀ ਤ੍ਰਿਪਤਾ ਚਲੀ ਗਈ। ਅਸੀਂ ਆਪਣੇ ਕੰਮ 'ਚ ਰੁੱਝ ਗਏ।

***

ਅਗਲੇ ਦਿਨ ਸਵੇਰੇ ਕੰਮ 'ਤੇ ਨਿਕਲਣ ਲਈ ਤਿਆਰ ਹੁੰਦੀ ਅੰਜਨਾ ਮੈਨੂੰ ਪੁੱਛਣ ਲੱਗੀ,

"ਕੁਲਵਿੰਦਰ, ਕਿਹੜੀ ਸਾੜ੍ਹੀ ਪਾਵਾਂ? ਅਸਮਾਨੀ ਕਿ ਬੇਬੀ ਪਿੰਕ । ਮੈਂ ਪਹਿਲਾਂ ਕਦੀ ਅਜਿਹਾ ਸਟਾਇਲ ਕੈਰੀ ਨਹੀਂ ਕੀਤਾ। ਦੱਸੋ ।"

ਸਾੜ੍ਹੀਆਂ ਦੇ ਹੈਂਗਰ ਮੇਰੇ ਸਾਹਮਣੇ ਕਰਦੀ ਉਹ ਮੇਰੀ ਰਾਇ ਲੈ ਰਹੀ ਸੀ। ਮੈਂ ਬਿਨਾ ਉਸ ਵੱਲ ਵੇਖਿਆਂ ਕਹਿ ਦਿੱਤਾ,

"ਯਾਰ ਤੂੰ ਆਪ ਦੇਖ, ਤੈਨੂੰ ਕੀ ਚੰਗਾ ਲੱਗਦੈ । ਮੈਂ ਕਿਹੜਾ ਜਨਾਨੀਆਂ ਵੇਖਦਾ ਰਹਿੰਨਾ। ਮੈਨੂੰ ਤਾਂ ਆਪਣਾ ਪਤੈ। ਦੋ ਪੈਂਟਾਂ ਤਿੰਨ ਕਮੀਜ਼ਾਂ ਸੋਮਵਾਰ ਤੋਂ ਸ਼ਨੀਵਾਰ ਚਲਾਉਣੀਆਂ ਹੁੰਦੀਆਂ। ਦੋ ਸੂਟ ਬਾਹਰ-ਅੰਦਰ ।"

ਬੋਲਦਿਆਂ ਨਜ਼ਰਾਂ ਚੁੱਕ ਕੇ ਵੇਖਿਆ ! ਉਹ ਸਾਮਾਨ ਲਪੇਟ ਕੇ ਜਾ ਚੁੱਕੀ ਸੀ। ਉਸ ਤੋਂ ਬਾਅਦ ਉਸ ਨੇ ਕੀ ਪਾਇਆ ਕੀ ਨਹੀਂ ਮੈਨੂੰ ਪਤਾ ਨਹੀਂ। ਉਸ ਨੇ ਫਿਰ ਕਦੀ ਮੈਨੂੰ ਆਪਣੇ ਆਊਟਲੁੱਕ ਬਾਰੇ ਕਦੀ ਨਾ ਪੁੱਛਿਆ। ਕੁੱਝ ਦਿਨ ਪਏ ਕਹਿਣ ਲੱਗੀ,

"ਕੁਲਵਿੰਦਰ ਚੱਲੋ, ਕੁੱਝ ਦਿਨ ਕੰਮ ਤੋਂ ਛੁੱਟੀ ਲੈ ਕੇ ਕਿਧਰੇ ਘੁੰਮਣ ਚੱਲਦੇ ਆਂ। ਸਿਰਫ਼ ਤੂੰ ਤੇ ਮੈਂ ।" ਮਿੱਠੀ ਜਿਹੀ ਮੁਸਕਾਨ ਦਿੰਦਾ ਮੈਂ ਯੂਨੀਵਰਸਿਟੀ ਐਡਮਨਿਸਟਰੇਸ਼ਨ ਮੀਟਿੰਗ ਲਈ ਰਵਾਨਾ ਹੋ ਗਿਆ। ਘਰ ਵਾਪਸ ਪਹੁੰਚ ਮੈਂ ਅੰਜਨਾ ਨੂੰ ਖ਼ੁਸ਼ਖ਼ਬਰੀ ਸੁਣਾਈ,

"ਲੈ ਬਈ ਅੰਜਨਾ ਗੋਆ ਜਾਣ ਲਈ ਪੈਕਿੰਗ ਕਰ ਲੈ। ਨਾਲੇ ਪੁੰਨ ਤੇ ਨਾਲੇ ਫ਼ਲੀਆਂ। ਭਾਰਤੀ ਸਾਹਿੱਤ ਅਕੈਡਮੀ ਵੱਲੋਂ 'ਭਾਸ਼ਾ ਦਾ ਵਿਕਾਸ ਤੇ ਪਸਾਰ ਵਿਸ਼ੇ ਵਿੱਚ ਅਨੁਵਾਦ ਦੀ ਭੂਮਿਕਾ' ਲਈ ਆਯੋਜਿਤ ਕੀਤੇ ਜਾ ਰਹੇ ਸੈਮੀਨਾਰ ਲਈ ਮੈਂ ਆਪਣਾ ਦੋਹਾਂ ਦਾ ਨਾਂ ਪੁਆ ਲਿਐ।"

ਇੱਕੋ ਬੈਗ ਵਿੱਚ ਸਾਮਾਨ ਲੈ ਕੇ ਅਸੀਂ ਸੈਮੀਨਾਰ ਸਥਾਨ 'ਤੇ ਪਹੁੰਚੇ। ਦੋਹਾਂ ਦਾ ਸ਼ੈਡਿਊਲ ਸਵੇਰ ਤੇ ਸ਼ਾਮ ਵਾਂਗ ਜੁਦਾ। ਸਾਡਾ ਆਹਮੋ-ਸਾਹਮਣਾ ਲੰਚ ਜਾਂ ਟੀ ਬਰੈਕ ਦੌਰਾਨ ਹੁੰਦਾ। ਮੈਂ ਡਰਿਆ-ਡਰਿਆ ਅੰਜਨਾਂ ਵੱਲ ਵੇਖਦਾ। ਉਹ ਵੇਖ ਕੇ ਨਜ਼ਰਾਂ ਘੁਮਾ ਲੈਂਦੀ। ਇਸ ਲੁਕਣ-ਮੀਟੀ 'ਚ ਵੀ ਵੱਖਰੀ ਖਿੱਚ। ਮੈਂ ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਦੋ ਦਿਨ ਆਪਣੇ ਖਰਚ 'ਤੇ ਗੋਆ ਰੁਕਣ ਤੋਂ ਖ਼ੁਦ ਨੂੰ ਰੋਕ ਨਾ ਸਕਿਆ।

ਸਾਡੇ ਦੋਹਾਂ ਦੀ ਗੋਆ 'ਚ ਇਕੱਠਿਆਂ ਪਹਿਲੀ ਰਾਤ। ਮੇਰੀ ਛਾਤੀ 'ਤੇ ਸਿਰ ਰੱਖੀ ਅੰਜਨਾ ਜਿਸਮਾਂ ਤੋਂ ਰੂਹਾਂ ਦੇ ਪਾਰ ਉਤਰਨ ਲਈ ਉਤਾਵਲੀ। ਜਿਵੇਂ ਹੀ ਮੈਂ ਉਲਾਰ ਹੋਣ ਲੱਗਿਆ, ਉਹ ਬੋਲੀ, " ਮੇਰਾ ਮੂਡ ਨਹੀਂ।"

ਉਸ ਦੇ 'ਨਹੀਂ' ਕਹਿਣ ਦੀ ਦੇਰ ਸੀ। ਮੈਂ ਉਸ ਦਾ ਮੱਥਾ ਚੁੰਮਿਆ ਤੇ ਪਾਸਾ ਲੈ ਕੇ ਸੌਂ ਗਿਆ। ਅਗਲੀ ਸਵੇਰ ਉਸ ਦੀਆਂ ਅੱਖਾਂ ਰਾਤ ਦੇ ਉਨੀਂਦਰੇ ਦੀ ਗਵਾਹੀ ਭਰਨ। ਨੈਣੀਂ ਕੱਜਲਾ ਪਾਉਂਦੀ ਕਹਿਣ ਲੱਗੀ,

"ਪਾਸਾ ਲੈਂਦਿਆਂ ਹੀ ਸੌਂ ਗਏ ਤੁਸੀਂ?"

"ਹੁਕਮ ਸਰਕਾਰ ਦਾ ਸਿਰ ਮੱਥੇ।" ਮੈਂ ਉਸ ਦੀ ਬਾਂਹ 'ਚ ਬਾਂਹ ਪਾਈ ਤੇ ਘੁੰਮਣ ਲਈ ਨਿਕਲ ਗਏ। ਉਸ ਦੇ ਮੁੱਖੜੇ ਦੀ ਭਾਹ ਸਮਝ ਮੈਂ ਉਸ ਦੀ ਪਸੰਦ ਦੀ ਹਰ ਸ਼ੈਅ ਉਸ ਦੀ ਝੋਲੀ ਪਾਉਂਦਾ ਗਿਆ। ਦੋ ਦਿਨ ਤੀਆਂ ਵਰਗੇ ਕੱਢ ਅਸੀਂ ਵਾਪਸ ਪਟਿਆਲਾ ਪਹੁੰਚੇ। ਅੱਗੋਂ ਤ੍ਰਿਪਤਾ ਸਾਡਾ ਰਾਹ ਪਈ ਉਡੀਕੇ। ਉਹ ਖੁਸ਼ ਸੀ ਜਾਂ ਪਰੇਸ਼ਾਨ ਸਮਝ ਨਾ ਆਵੇ। ਅਖੇ,

"ਮੈਂ ਆਪਣੇ ਹਸਬੈਂਡ ਦਾ ਘਰ ਛੱਡ ਦਿੱਤਾ ਹੈ।"

"ਤ੍ਰਿਪਤਾ ਮਜ਼ਾਕ ਰਾਹ-ਰਾਹ ਦਾ ਚੰਗਾ ਲੱਗਦੈ।" ਮੈਂ ਗੱਲ ਨੂੰ ਸੁਭਾਵਿਕ ਲੈਂਦਾ ਬੋਲਿਆ।

"ਮਜ਼ਾਕ ਨਹੀਂ, ਇਹੀ ਸੱਚ ਹੈ। ਪਿਛਲੇ ਕੁੱਝ ਸਮੇਂ ਤੋਂ ਮੈਨੂੰ ਕਮਲ ਦਾ ਰਵੱਈਆ

ਬਦਲਿਆ ਲੱਗ ਰਿਹਾ ਸੀ। ਜੇ ਬੰਦਾ ਇਹ ਸੋਚਦੈ ਕਿ ਉਹ ਔਰਤ ਨੂੰ ਮੂਰਖ਼ ਬਣਾ ਕੇ ਬਾਹਰ ਕੁੱਝ ਵੀ ਕਰ ਸਕਦੈ, ਤਾਂ ਬੰਦੇ ਤੋਂ ਵੱਡਾ ਮੂਰਖ਼ ਕੋਈ ਨਹੀਂ। ਬੰਦਾ ਘਰੋਂ ਬਾਹਰ ਨਿਕਲਣ ਲਈ ਤਿਆਰ ਹੋਣ ਲੱਗਦੈ ਤੇ ਔਰਤ ਸਮਝ ਜਾਂਦੀ ਏ ਕਿ ਉਸ ਦਾ ਪਤੀ ਕਿੰਨਾ ਉਸ ਦਾ ਬਾਕੀ ਬਚਿਆ ਰਹਿ ਗਿਆ ਹੈ। ਫੈਮਿਨਿਜ਼ਮ ਦੀ ਹਿਮਾਇਤੀ ਮੈਂ ਇਸ ਗੱਲ ਲਈ ਤਿਆਰ ਸੀ ਕਿ ਫਿਜ਼ਿਕਲ ਰਿਲੇਸ਼ਨ ਬੰਦੇ ਦਾ ਨਿੱਜੀ ਮਾਮਲਾ ਹੋ ਸਕਦੈ, ਪਰ ਜਦੋਂ ਮਾਮਲਾ ਰੂਹਾਂ ਦਾ ਪੈਂਡਾ ਤੈਅ ਕਰ ਜਾਵੇ ਫਿਰ ਸੋਚਣਾ ਤਾਂ ਬਣਦੈ ਨਾ ਯਾਰ ! ਕਮਲ ਦੀ ਆਪਣੀ ਸਹਾਇਕ ਇੰਜੀਨੀਅਰ ਰਾਬੀਆ ਨਾਲ ਸ਼ੁਰੂ ਤੋਂ ਨੇੜਤਾ ਸੀ, ਪਰ ਉਹ ਜਿਸਮਾਂ ਤੋਂ ਪਾਰ ਰੂਹਾਂ ਦੇ ਹਾਣੀ ਹੋ ਜਾਣਗੇ "

"ਤੂੰ ਕਿਵੇਂ ਕਹਿ ਸਕਦੀ ਏਂ ਕਿ ਉਹ ਰੂਹਾਂ ਦੇ ਹਾਣੀ ਨੇ। ਨਾਲੇ ਫੈਮਿਨਿਜ਼ਮ ਇਹ ਨਹੀਂ ਕਹਿੰਦਾ ਬੰਦੇ ਨੂੰ ਕੁੱਝ ਵੀ ਕਰਨ ਦੀ ਖੁੱਲ੍ਹ ਦੇ ਦਿਉ। ਫੈਮਿਨਿਜ਼ਮ ਕਹਿੰਦੈ, ਬੰਦੇ ਨੂੰ ਬੰਦੇ ਦਾ ਪੁੱਤ ਬਣਾ ਕੇ ਸਾਹ ਲਵੋ।" ਅੰਜਨਾ ਤੈਸ਼ ਵਿੱਚ ਆ ਗਈ।

"ਓ ਠੰਡੀ ਪੈ ਯਾਰ। ਮੇਰਾ ਫੈਮਿਨਿਜ਼ਮ ਦਬੰਗ ਹੋਣਾ ਨਹੀਂ, ਆਪਣੇ ਹਿੱਸੇ ਦਾ ਆਸਮਾਨ ਆਪਣੀ ਬੁੱਕਲ 'ਚ ਸਮੇਟਣਾ ਹੁੰਦੈ। ਤੇ ਪਿਆਰ ! ਮੇਰੇ ਲਈ ਸਮਰਪਣ ਹੈ, ਬਲੀ ਨਹੀਂ।"

"ਇਸ ਦਾ ਮਤਲਬ ਤੂੰ ਹੱਥੀਂ ਸਿਰ ਕਲਮ ਕਰਨ ਦਾ ਧਾਰ ਲਿਐ?"

"ਕੁਰਬਾਨ ਹੋਣ ਲੱਗੀ ਆਂ ਯਾਰ। ਕਿਉਂ ਸਹਿਕਦਿਆਂ ਮਰਨਾ? ਕਿਸੇ ਨੂੰ ਤਾਂ ਕਿਸੇ ਦੇ ਹਿੱਸੇ ਦਾ ਮੁਕੰਮਲ ਜਹਾਨ ਮਿਲੇ। ਕੋਈ ਗਿਲਾ, ਸ਼ਿਕਵਾ ਨਹੀਂ। ਮੈਂ ਕਮਲ ਨੂੰ ਸੰਪੂਰਨ ਮੁਹੱਬਤ ਮਿਲਣ ਦੀ ਦੁਆ ਦੇ ਕੇ ਆਈ ਹਾਂ। ਯਾਰ ਮੇਰੀ ਵੀ ਆਖ਼ਿਰ ਕੋਈ ਲਾਇਫ਼ ਹੈ, ਨਿਗੀ ਮੈਂ ਵਾਇਫ਼ ਤੇ ਨਹੀਂ ।" ਉਹ ਅੱਖਾਂ 'ਚੋਂ ਟਪਕਦੇ ਹੰਝੂ ਲੁਕਾਉਂਦੀ ਹੱਸ ਕੇ ਬੋਲੀ ਹੈ।

"ਤ੍ਰਿਪਤਾ ਆਈ ਥਿੰਕ ਤੈਨੂੰ ਇੱਕ ਵਾਰੀ ਆਪਣੇ ਫੈਸਲੇ 'ਤੇ ਦੁਬਾਰਾ ਸੋਚ ਲੈਣਾ ਚਾਹੀਦੈ। ਤੂੰ ਆਪਣਾ ਘਰ, ਆਪਣਾ ਸੁੱਖ ਕਿਉਂ ਛੱਡੇਂ?"

"ਬਸ ਇਹ ਸੁੱਖ ਹੀ ਤਾਂ ਦੁੱਖ ਹੈ। ਇੱਕ ਗੱਲ ਹੋਰ, ਮੈਂ ਨੌਕਰੀ ਤੋਂ ਅਸਤੀਫ਼ੇ ਲਈ ਵੀ ਨੋਟਿਸ ਦੇ ਦਿੱਤੈ। ਨੌਕਰੀ ਮੈਨੂੰ ਸਦਾ ਤੋਂ ਭਾਰ ਲੱਗਦੀ ਸੀ। ਇਹ ਰੋਟੀ ਦਿੰਦੀ ਹੈ, ਬਦਲੇ ਵਿੱਚ ਸਾਰੇ ਸੁਪਨੇ ਖਾ ਜਾਂਦੀ ਏ। ਆਈ ਲਵ ਮਾਈ ਡ੍ਰੀਮਜ਼ ।"

"ਓ ਸੁਣੋ ਮੈਡਮ ਜੀ, ਕਿਹੜੇ ਸੁਪਨੇ ਨੇ ਜਿਹੜੇ ਬਿਨਾ ਪੈਸੇ ਤੋਂ ਪੂਰੇ ਹੁੰਦੇ ਨੇ?" ਅੰਜਨਾ ਤਣ ਕੇ ਬੋਲੀ ਹੈ।

"ਇਹੀ ਐਡਵੇਂਚਰ ਹੈ ਜਿਸ ਨੂੰ ਸਰ ਕਰਨ ਲਈ ਮੈਂ ਆਜ਼ਾਦ ਪੰਛੀ ਬਣ ਉੱਡਣ ਦਾ ਫੈਸਲਾ ਕੀਤੈ।" ਤ੍ਰਿਪਤਾ ਹੁਣ ਵੀ ਸ਼ਾਂਤ ਹੈ।

"ਤੇ ਬੱਚੇ ?

"ਬੱਚੇ ਇਕੱਲੀ ਮਾਂ ਦੀ ਨਹੀਂ, ਬਾਪ ਦੀ ਵੀ ਜ਼ਿੰਮੇਵਾਰੀ ਹੁੰਦੇ ਨੇ। ਫਿਰ ਮੈਂ ਘਰ ਛੱਡਿਐ, ਦੁਨੀਆਂ ਨਹੀਂ। ਜਿੰਨੀ ਉਹਨਾ ਨੂੰ ਮੇਰੀ ਲੋੜ ਹੋਈ ਉਨ੍ਹਾਂ ਨਾਲ ਜੁੜੀ ਰਹਾਂਗੀ। ਰਿਸ਼ਤਾ ਮਨ ਤੋਂ ਉਤਰਿਆ ਕੱਪੜਾ ਨਹੀਂ, ਕੀਮਤੀ ਜੇਵਰ ਹੁੰਦੈ ਜਿਹੜਾ ਟੁੱਟ ਵੀ ਜਾਵੇ ਤਾਂ ਸੰਭਾਲ ਕੇ ਰੱਖਿਆ ਜਾਂਦੈ। ਬਾਕੀ ਵੇਖਿਆ ਜਾਵੇ ਤਾਂ ਅਸੀਂ ਕਿੰਨਾ ਕੁ ਮਾਪਿਆਂ ਦੇ ਗੋਡੇ ਨਾਲ ਜੁੜੇ ਹੋਏ ਆਂ, ਜਿਹੜਾ ਸਾਡੇ ਬੱਚੇ ਜੁੜੇ ਰਹਿਣਗੇ।"

"ਇੱਕ ਵਾਰੀ ਫਿਰ।"

"ਓ ਬਸ ਕਰ ਯਾਰ। ਹੁਣ ਤੈਨੂੰ ਵੀ ਸਮਝਾਣਾ ਪਵੇਗਾ ਜਿਸ ਨੇ ਆਪਣੇ ਬਲਬੂਤੇ ਸੁਪਨਿਆਂ ਦਾ ਜਹਾਨ ਜਿੱਤਿਐ। ਰੱਬ ਕਰੇ ਮਾਪਿਆਂ ਨੂੰ ਸੋਝੀ ਆਵੇ ਪੰਛੀ ਹੋਣ ਦੀ। ਬਾਲਾਂ ਨੂੰ ਉਡਾਰ ਕਰਨ ਤੇ ਭਰਨ ਦੇਣ ਉਡਾਰੀਆਂ ਉਹਨਾ ਦੇ ਸੁਪਨਿਆਂ ਦੇ ਆਕਾਸ਼ 'ਚ। ਸੁੱਖ ਨਾਲ ਮੇਰੇ ਬੱਚੇ ਵੀ ਉਡਾਰ ਹੋ ਗਏ ਨੇ। ਮੈਂ ਉਹਨਾ ਨੂੰ ਤੇ ਉਹ ਮੈਨੂੰ ਸਮਝਦੇ ਨੇ। ਜਿੱਥੇ ਵੀ ਹੋਈ ਤੁਹਾਡੇ ਦੋਹਾਂ ਨਾਲ ਫ਼ੋਨ ਤੇ ਜੁੜੀ ਰਹਾਂਗੀ। ਮੇਰੀ ਰਾਇਡ ਮੇਰਾ ਰਾਹ ਉਡੀਕ ਰਹੀ ਹੈ।"

ਉਹ ਉਂਗਲੀ 'ਚ ਆਪਣੀ ਬਾਇਕ ਦੀ ਚਾਬੀ ਘੁਮਾਉਂਦੀ ਉੱਠ ਖਲੋਤੀ। ਅੰਜਨਾ ਨੇ ਅੱਗੇ ਹੋ ਉਸ ਨੂੰ ਗਲਵੱਕੜੀ 'ਚ ਲੈ ਸ਼ੁੱਭ ਇੱਛਾਵਾਂ ਦਿੱਤੀਆਂ। ਮੈਨੂੰ ਚੁੱਪ ਖੜ੍ਹਾ ਵੇਖ ਤ੍ਰਿਪਤਾ ਜਾਂਦੀ-ਜਾਂਦੀ ਬੋਲੀ ਹੈ,

"ਮੰਨਿਆ, ਚੁੱਪ ਸ਼ਾਂਤੀ ਹੁੰਦੀ ਏ ਪਰ ਚੁੱਪ ਮੌਤ ਵੀ ਬਣ ਜਾਂਦੀ ਏ ਕੁਲਵਿੰਦਰ। ਔਰਤ ਹਮੇਸ਼ਾਂ ਅਜਿਹਾ ਮਰਦ ਲੋਚਦੀ ਏ ਜੋ ਸ਼ੇਰ ਵਾਂਗ ਜੀਉਂਦਾ ਸ਼ਿਕਾਰ ਕਰਨਾ ਜਾਣਦਾ ਹੋਵੇ। ਕੋਸ਼ਿਸ਼ ਕਰੀਂ ਜੋ ਗੋਆ 'ਚ ਹੋਇਆ ਉਹ ਅੱਗੇ ਨਾ ਹੋਵੇ।"

"ਕੀ ? ਬੋਲਦਿਆਂ ਮੇਰੀ ਜ਼ੁਬਾਨ ਠਾਕੀ ਗਈ।

ਜਵਾਬ ਵਿੱਚ ਮੁਸਕਰਾ ਕੇ ਉਸ ਅੰਜਨਾ ਦਾ ਮੋਢਾ ਘੁੱਟਿਆ ਤੇ ਕਹਿਣ ਲੱਗੀ, "ਕਈ ਵਾਰ ਜਿਸ ਨੂੰ ਅਸੀਂ ਜ਼ਿੰਦਗੀ ਸਮਝ ਰਹੇ ਹੁੰਦੇ ਹਾਂ ਅਸਲ 'ਚ ਉਹ ਸਲੋਅ ਪੁਆਇਜ਼ਨ ਡੈੱਥ ਹੋ ਰਹੀ ਹੁੰਦੀ ਹੈ। ਟੇਕ ਕੇਅਰ ਪ੍ਰੋ. ਅੰਜਨਾ।" ਉਸ ਟੇਬਲ 'ਤੇ ਪਈ ਅੰਜਨਾ ਦੀ ਫਾਇਲ ਵੱਲ ਤਿਰਛੀ ਝਾਤ ਮਾਰੀ ਜਿਸ ਦੀ ਜਿਲਦ 'ਤੇ ਫੈਮਿਨਿਸਟ ਦੀ ਥਾਂ ਪ੍ਰੋ. ਨੇ ਲੈ ਲਈ ਸੀ।

***

ਅੰਜਨਾ ਮੈਨੂੰ ਆਪਣੇ ਨਾਲੋਂ ਵੱਧ ਮੁਹੱਬਤ ਕਰਦੀ ਸੀ ਕੋਈ ਸ਼ੱਕ ਨਹੀਂ, ਪਰ ਕੌੜਾ ਸੱਚ ਇਹ ਵੀ ਸੀ ਕਿ ਮੇਰੇ ਨਾਲੋਂ ਵੱਧ ਪਿਆਰ ਉਸ ਨੂੰ ਆਪਣੇ ਜੀਵਨ ਦੇ ਮਕਸਦ ਨਾਲ ਸੀ। ਤੇ ਇਹ ਮਕਸਦ ਸੀ, ਇੱਕੋ ਵੇਲੇ ਦੁਨੀਆਂ ਦੀ ਸਿਰਜਣਾਂ 'ਚ ਭਾਗੀਦਾਰ ਹੋਏ ਆਦਮ ਤੇ ਹਵਾ 'ਚੋਂ ਆਦਮ ਦੇ ਹਵਾ 'ਤੇ ਹਾਵੀ ਹੋ ਜਾਣ ਦੇ ਕਾਰਣਾਂ ਨੂੰ ਤਲਾਸ਼ਣਾਂ ਤੇ ਔਰਤ ਨੂੰ ਉਸ ਦੇ ਬਰਾਬਰੀ ਦੇ ਹੱਕਾਂ ਪ੍ਰਤੀ ਮਾਨਸਿਕ ਤੌਰ 'ਤੇ ਤਿਆਰ ਕਰਨਾ। ਉਸ ਦਾ ਮੰਨਣਾ ਸੀ,

"ਜੇ ਸਭ ਨੂੰ ਆਪਣੀ ਜ਼ਿੰਦਗੀ ਆਪਣੇ ਹਿਸਾਬ ਨਾਲ ਜੀਉਣ ਦਿੱਤੀ ਜਾਏ, ਤਾਂ ਇੱਕ ਵਰਗ ਨੂੰ ਸੰਘਰਸ਼ ਕਰਨਾ ਹੀ ਕਿਉਂ ਪਵੇ?"

ਉਸ ਦੇ ਵਿਚਾਰਾਂ ਦੀ ਹਾਮੀ ਮੈਂ 'ਕਰਤਾ' ਹੋ ਕੇ ਭਰੀ ਸੀ। ਦੋਹਾਂ ਦੀ ਦਿਨ-ਰਾਤ ਦੀ ਮਿਹਨਤ ਰੰਗ ਲਿਆਈ। ਵਿਆਹ ਦੀ ਚੌਥੇ ਵਰ੍ਹੇ ਗੰਢ ਆਪਣੀ ਡੇਢ ਸੌ ਗਜ ਦੀ ਕੋਠੀ 'ਚ ਸੈਲੀਬਰੇਟ ਕਰਦਿਆਂ ਸਾਡੀ ਅੱਡੀ ਭੌਂਇੰ ਨਾ ਲੱਗੇ। ਆਰਥਿਕ ਹਾਲਤ ਦਾ ਹਿਸਾਬ ਲਗਾਉਂਦਿਆਂ ਅੰਜਨਾ ਨੇ ਬੱਚੇ ਦੀ ਪਲਾਨਿੰਗ ਕੀਤੀ। ਕੋਠੀ 'ਚ ਆਇਆਂ ਨੂੰ ਸਾਲ ਵੀ ਨਹੀਂ ਸੀ ਹੋਇਆ ਧੀ ਨੰਦਿਨੀ ਦਾ ਜਨਮ ਹੋ ਗਿਆ। ਹੁਣ ਤੱਕ ਸਾਡੇ ਕੋਲ ਆਉਣ ਤੋਂ ਨਾਂਹ-ਨੁੱਕਰ ਕਰਦੇ ਰਹੇ ਬੀਬੀ-ਭਾਪਾ ਪੋਤੀ ਦਾ ਮੂੰਹ ਵੇਖਣ ਚਾਂਈਂ-ਚਾਂਈਂ ਸਾਡੇ ਕੋਲ

ਆਏ। ਅੰਜਨਾ ਨੇ ਆਪਣੇ ਬਾਪ ਵੱਲੋਂ ਭਾਵੇਂ ਸਦਾ ਲਈ ਮੂੰਹ ਮੋੜ ਲਿਆ ਸੀ, ਪਰ ਮਾਂ ਨੂੰ ਆਨੇ-ਬਹਾਨੇ ਯਾਦ ਕਰ ਲੈਂਦੀ। ਬੀਬੀ ਦੇ ਅੱਗੇ-ਪਿੱਛੇ ਹੁੰਦੀ ਕਹਿੰਦੀ,

"ਬਾਪ ਕੀ ਹੁੰਦੈ ਭਾਪਾ ਜੀ ਨੂੰ ਮਿਲ ਕੇ ਪਤਾ ਲੱਗਿਆ, ਪਰ ਮੇਰੀ ਮਾਂ ਜਮ੍ਹਾ ਤੁਹਾਡੇ ਵਰਗੀ। ਹਰ ਵੇਲੇ ਖਾਣੇ ਦੀ ਪਲੇਟ ਲਈ ਮੇਰੇ ਪਿੱਛੇ-ਪਿੱਛੇ ਘੁੰਮਦੀ ਰਹਿੰਦੀ। ਮੈਂ ਨਹੀਂ ਜਾਣ ਦੇਣਾ ਤੁਹਾਨੂੰ ਵਾਪਸ ਪਿੰਡ।"

ਮਾਪਿਆਂ ਦੇ ਪਿਆਰ ਤੋਂ ਵਿਰਵੀ ਅੰਜਨਾ ਉਹਨਾ ਨੂੰ ਕਿਸੇ ਸ਼ੈਅ ਦੀ ਘਾਟ ਨਾ ਆਉਣ ਦਿੰਦੀ। ਸਾਰੀ ਉਮਰ ਚਿੱਕੜ-ਗਾਰੇ 'ਚ ਰੁਲੇ ਬਾਪ ਮੇਰੇ ਨੂੰ ਸ਼ਹਿਰੀ ਹਵਾ-ਪਾਣੀ ਰਾਸ ਨਾ ਆਇਆ। ਪਤਾ ਨਹੀਂ ਕਿਹੜਾ ਹਾਉਕਾ ਲੈ ਬੈਠਾ। ਚੰਗਾ ਭਲਾ ਰਾਤੀਂ ਸੁੱਤਾ ਸਵੇਰੇ ਉੱਠਿਆ ਹੀ ਨਾ। ਭਾਪੇ ਦੀ ਲੋਥ ਲੈ ਕੇ ਪਿੰਡ ਮੁੜੀ ਬੀਬੀ ਨੇ ਸਾਡੇ ਨਾਲ ਵਾਪਸ ਆਉਣ ਤੋਂ ਕੋਰੀ ਨਾਂਹ ਕਰ ਦਿੱਤੀ। ਜ਼ਿੰਦਗੀ ਦੀ ਦੌੜ ਨਾਲ ਬੱਝੇ ਅਸੀਂ ਮੌਤ ਦੀਆਂ ਰਸਮਾਂ ਨਿਭਾਅ ਕੇ ਆਪਣੇ ਬਣਾਏ ਸੰਸਾਰ 'ਚ ਆ ਰੁੱਝੇ। ਭਾਪੇ ਤੋਂ ਬਾਅਦ ਬੀਬੀ ਨੇ ਵੀ ਥੋੜ੍ਹਾ ਚਿਰ ਹੀ ਕੱਟਿਆ। ਬੀਬੀ ਦੀ ਮਿੱਟੀ ਕਿਉਂਟਣ ਪਿੰਡ ਗਏ। ਅਫ਼ਸੋਸ ਕਰਦੇ ਆਂਢੀ-ਗੁਆਂਢੀ ਆਖਣ,

"ਜਦੋਂ ਦੀ ਮੁੜ ਕੇ ਆਈ ਸੀ ਇੱਕੋ ਗੱਲ ਆਖਦੀ, 'ਟੁੱਟ ਪੈਣੇ ਭੱਠੇਵਾਲੇ ਦੇ ਕਿੰਨੇ ਤਰਲੇ ਲਏ ਕੀ ਜਾਂਦਾ ਸੀ ਜੇ ਮੇਰੇ ਕੁਲਵਿੰਦਰ ਨੂੰ ਮੁਨੀਮ ਰੱਖ ਲੈਂਦਾ! ਨਾ ਸ਼ਹਿਰ ਜਾਂਦਾ, ਨਾ । ਅੱਗੋਂ ਉਸ ਤੋਂ ਬੋਲ ਨਾ ਹੁੰਦਾ। ਅੰਦਰੇ-ਅੰਦਰ ਰੋਂਦੀ ਦਿਨਾਂ 'ਚ ਕਰੁੰਡੀ ਗਈ।"

ਬੀਬੀ-ਭਾਪੇ ਦੀ ਆਤਮਿਕ ਸ਼ਾਂਤੀ ਲਈ ਸਹਿਜ ਪਾਠ ਦਾ ਭੋਗ ਪੁਆ ਕੇ ਪਿੰਡੋਂ ਮੁੜਦਿਆਂ ਮਨ 'ਚ ਆਇਆ, ਪਿੰਡ 'ਚ ਜ਼ਮੀਨ ਖਰੀਦ ਕੇ ਮਾਪਿਆਂ ਦੀ ਯਾਦ 'ਚ ਕੋਈ ਬੂਟਾ ਲਾ ਦੇਵਾਂ। ਅੱਲੇ ਜ਼ਖ਼ਮਾਂ 'ਤੇ ਬੰਦਾ ਕਈ ਫੰਬੇ ਰੱਖਣ ਦੀਆਂ ਯੋਜਨਾਵਾਂ ਘੜਦੈ, ਪਰ ਜਿਉਂ-ਜਿਉਂ ਜ਼ਖ਼ਮ ਸੁੱਕਣ ਲੱਗਦੇ ਨੇ ਹੋਰ ਦੀਆਂ ਹੋਰ ਤਦਬੀਰਾਂ ਬਣਨ ਲੱਗਦੀਆਂ ਨੇ।

ਨੰਦਿਨੀ ਨੂੰ ਕਰੈੱਚ ਛੱਡ ਅਸੀਂ ਆਪਣੀ ਦੌੜ ਅਗਲੇ ਗੇਅਰ 'ਚ ਪਾ ਦਿੱਤੀ। ਨੰਦਿਨੀ ਤੀਜੇ ਸਾਲ 'ਚ ਸੀ, ਜਦੋਂ ਪੁੱਤਰ ਰਾਘਵ ਦਾ ਜਨਮ ਹੋਇਆ। ਦੋਹਾਂ ਬਾਲਾਂ ਦੀ ਦੇਖਭਾਲ ਲਈ ਕੁਲ ਵਕਤੀ ਕੇਅਰ ਟੇਕਰ ਰੱਖ ਘਰ ਨੂੰ ਕੈਮਰਿਆਂ ਹਵਾਲੇ ਕਰ ਦਿੱਤਾ। ਦੋ ਵਕਤ ਦੀ ਰੋਟੀ ਤੋਂ ਤਰਸ ਕੇ ਪਲਿਆ ਮੈਂ ਬਾਲਾਂ ਨੂੰ ਚੰਗੀ ਜ਼ਿੰਦਗੀ ਦੇਣ ਲਈ ਪੈਸੇ ਕਮਾਉਣ ਦੀ ਅਜਿਹੀ ਮਸ਼ੀਨ ਬਣਿਆ, ਕਹਾਣੀ ਕੀ ਲਿਖਣੀ ਸੀ ਮੈਨੂੰ ਆਪਣੀ ਹੋਂਦ ਦਾ ਖ਼ਿਆਲ ਨਾ।

ਮੈਂ ਯੂਨੀਵਰਸਿਟੀ ਤੇ ਸਾਹਿੱਤ ਅਕੈਡਮੀ ਦੇ ਪ੍ਰੋਗ੍ਰਾਮਾਂ 'ਚ ਮਸਰੂਫ਼ ਸਾਂ, ਪਰ ਅੰਜਨਾ ਮੈਨੂੰ ਸੱਚਮੁੱਚ ਅਸ਼ਟਭੁਜੀ ਜਾਪਦੀ। ਘਰ-ਬੱਚੇ ਦੇਖਦੀ, ਨੌਕਰੀ ਕਰਦੀ, ਸਭ ਤੋਂ ਔਖਾ ਕੰਮ ਸਾਹਿਤਕ ਪੁਲ ਬਣ ਅਨੁਵਾਦ ਨਾਲ ਦਸਤ-ਪੰਜਾ ਲੈਂਦੀ ਰਾਸ਼ਟਰੀ-ਅੰਤਰਾਸ਼ਟਰੀ ਸੈਮੀਨਾਰਾਂ 'ਚ ਹਿੱਸਾ ਲੈਣ ਭੱਜੀ ਫਿਰਦੀ।

ਉਸ ਦੀ ਕਾਬਲੀਅਤ ਵੇਖ ਮੈਂ ਭਾਰਤ ਸਰਕਾਰ ਸੂਚਨਾ ਤਕਨਾਲੋਜੀ ਮੰਤਰਾਲਾ 'ਚ ਉਸ ਨੂੰ ਬਤੌਰ ਭਾਸ਼ਾ ਮਾਹਿਰ ਨਿਯੁਕਤੀ ਲਈ ਨਿਕਲੀ ਭਰਤੀ ਵਾਸਤੇ ਅਪਲਾਈ ਕਰਨ ਦੀ ਸਲਾਹ ਦਿੱਤੀ। ਮੈਨੂੰ ਸੀ ਮੇਰਾ ਹੱਥ ਪੈਂਦੈ। ਉਸ ਨੂੰ ਸੌਖਿਆਂ ਅਡਜਸਟ ਕਰਵਾ

ਲਵਾਂਗਾ, ਪਰ ਅੰਜਨਾ ਨੇ ਮੈਨੂੰ ਇੱਥੇ ਵੀ ਗ਼ਲਤ ਸਿੱਧ ਕਰ ਦਿਖਾਇਆ। ਆਪਣੀ ਕਾਬਲੀਅਤ ਬਲਬੂਤੇ ਉਹ ਭਾਸ਼ਾ ਮਾਹਿਰ ਵਜੋਂ ਨਿਯੁਕਤ ਹੋ ਗਈ। ਵੱਡੇ ਸਿਰ ਵੱਡੀਆਂ ਸਿਰਦਰਦੀਆਂ। ਕੰਮ ਦੀਆਂ ਮਸ਼ੀਨਾਂ ਬਣੇ ਸਾਡੇ ਦੋਹਾਂ ਕੋਲ ਇੱਕ-ਦੂਜੇ ਦਾ ਹਾਲ ਜਾਨਣ ਦੀ ਵਿਹਲ ਨਾ। ਪੈਸੇ ਨਾਲ ਪੈਸਾ ਕਮਾਉਣ ਦੀ ਅਜਿਹੀ ਚਟਕ ਲੱਗੀ, ਇੱਕ ਮਕਾਨ ਹੋਰ ਖਰੀਦ ਕੇ ਕਿਰਾਏ ’ਤੇ ਚੜ੍ਹਾ ਦਿੱਤਾ। ਚੰਗੇ ਸਕੂਲਾਂ ’ਚ ਪੜ੍ਹਦੇ ਬੱਚੇ ਪੜ੍ਹਾਈ ’ਚ ਮੇਰੇ ਤੇ ਅੰਜਨਾ ਨਾਲੋਂ ਵੀ ਦੋ ਕਦਮ ਅੱਗੇ ਨਿਕਲੇ। ਦੋਹਾਂ ਦੀ ਕਦੀ ਕੋਈ ਸ਼ਿਕਾਇਤ ਨਾ ਮਿਲੀ। ਸਮਾਂ ਖੰਭ ਲਾ ਕੇ ਉੱਡ ਰਿਹਾ ਸੀ। ਬੀ.ਟੈੱਕ ਦੌਰਾਨ ਰਾਘਵ ਦੀ ਪਲੇਸਮੇਂਟ ਮਲਟੀਨੈਸ਼ਨਲ ਕਾਰਪੋਰੇਸ਼ਨ ’ਚ ਹੋ ਗਈ। ਸੁਪਨਿਆਂ ਦਾ ਸੰਸਾਰ ਜਿੱਤਣ ਉਹ ਅਮਰੀਕਾ ਚਲਾ ਗਿਆ। ਨੰਦਿਨੀ ਨੇ ਫੈਸ਼ਨ ਡਿਜ਼ਾਇਨਿੰਗ ’ਚ ਕੈਰੀਅਰ ਬਣਾਉਣਾ ਚੁਣਿਆ ਸੀ। ਉਹ ਆਪਣੇ ਸੁਪਨਿਆਂ ਦੀਆਂ ਪੈੜਾਂ ਤੈਅ ਕਰਨ ਮੁੰਬਈ ਜਾ ਪਹੁੰਚੀ। ਕੰਮੀਂ ਰੁੱਝੇ ਬੱਚੇ ਘਰ ਆਉਣ ਨਾ ਆਉਣ, ਫ਼ੋਨ ਕਰਨ ਨਾ ਕਰਨ ਪਰ ਤ੍ਰਿਪਤਾ ਦਾ ਨਾ ਕੇਵਲ ਦੂਜੇ-ਚੌਥੇ ਦਿਨ ਫ਼ੋਨ ਆਉਂਦਾ, ਬਲਕਿ ਸਾਲ-ਛਿਮਾਹੀਂ ਜੋਗੀਆਂ ਵਾਲਾ ਗੇੜਾ ਵੀ ਚੱਲਦਾ ਰਹਿੰਦਾ। ਮੈਂ ਉਸ ਨੂੰ ਅਕਸਰ ਇੱਕ ਪੱਕਾ ਠਿਕਾਣਾ ਛੱਤ ਲੈਣ ਲਈ ਜੋਰ ਮਾਰਦਾ। ਉਹ ਆਜ਼ਾਦ ਪੰਛੀ ਕਿਲਕਾਰੀ ਮਾਰ ਆਖਦਾ,

“ਜਿੱਦਣ ਤੂੰ ਤੇ ਅੰਜਨਾ ਨੇ ਦਿਲ ਦੇ ਦਰਵਾਜ਼ੇ ਬੰਦ ਕਰ ਲਏ ਉਸ ਦਿਨ ਸੋਚਾਂਗੇ। ਫ਼ਿਲਹਾਲ ਹਵਾਵਾਂ ਰੁਮਕਦੀਆਂ। ਤੂੰ ਆਪਣੀ ਸੁਣਾ, ਕੀ ਪਲਾਨ ਨੇ ਜ਼ਿੰਦਗੀ ਦੇ?”

ਉਸ ਦੇ ਪੁੱਛਣ ਦੀ ਦੇਰ ਮੈਂ ਸ਼ੁਰੂ ਹੋ ਗਿਆ,

“ ਹੋਰ ਦੋ-ਚਹੁੰ ਸਾਲਾਂ ਦੇ ਵਕਫ਼ੇ ’ਚ ਮੇਰੀ ਤੇ ਅੰਜਨਾ ਦੀ ਰਿਟਾਇਰਮੈਂਟ ਹੋਣ ਵਾਲੀ ਏ। ਸਾਡੇ ਦੋਹਾਂ ਕੋਲ ਪੈਨਸ਼ਨ ਵਾਧੂ। ਫਿਰ ਜਿਸ ਕੰਮ ’ਚ ਅਸੀਂ ਉਮਰ ਭਰ ਦਾ ਸਿਰੜ ਲਾਇਐ, ਉਹ ਮਰਦੇ ਦਮ ਤੱਕ ਬੰਦੇ ਨੂੰ ਬੁੱਢਾ ਨਹੀਂ ਹੋਣ ਦਿੰਦਾ। ਬਿਜ਼ਨੈਸ ਸੈੱਟ ਕਰਨ ਲਈ ਨੰਦਿਨੀ ਨੂੰ ਤੇ ਅਮਰੀਕਾ ’ਚ ਘਰ ਬਣਾਉਣ ਲਈ ਰਾਘਵ ਨੂੰ ਪੈਸਿਆਂ ਦੀ ਲੋੜ ਏ। ਸੋਚਦਾਂ, ਥਾਂ-ਥਾਂ ਪਰੌਪਰਟੀ ’ਚ ਕੀਤੀਆਂ ਇਨਵੈਸਟਮੇਂਟ ਸਮੇਟ ਕੇ ਇੱਕ ਛੋਟਾ ਜਿਹਾ ਫਲੈਟ ਲੈ ਲਵਾਂ। ਵੱਧਦੇ ਪੈਸੇ ਬੱਚਿਆਂ ਦੇ ਕੰਮ ਆਉਣਗੇ।” ਉਹ ਥੋੜ੍ਹਾ ਗੰਭੀਰ ਹੁੰਦੀ ਬੋਲੀ,

“ਕੁਲਵਿੰਦਰ, ਹੱਡ-ਤੋੜਵੀਂ ਮਿਹਨਤ ਦੀ ਬੰਦੇ ਨੂੰ ਕਦਰ ਹੁੰਦੀ ਏ। ਜੇ ਬੱਚਿਆਂ ਨੂੰ ਸਾਰਾ ਕੁੱਝ ਥਾਲੀ ’ਚ ਪਰੋਸ ਕੇ ਕੋਈ ਜਾਵਾਂਗੇ ਤਾਂ ਉਹ ਆਪ ਕੀ ਕਰਨਗੇ? ਪੱਚੀ ਸਾਲ ਦੇ ਹੋਣ ਤੱਕ ਅਸੀਂ ਹੋਰ ਪੱਚੀ ਸਾਲ ਜੀਉਣ ਦੀ ਆਸ ਕਰ ਸਕਦੇ ਹਾਂ, ਪਰ ਪੰਜਾਹ ਸਾਲ ਦੇ ਹੋਣ ਤੇ ਹੋਰ ਪੰਜਾਹ ਸਾਲ ਜੀਉਣ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਛੱਡੋ ਇਹ ਪਤੀ-ਪਤਨੀ-ਬੱਚਿਆਂ ਦੀ ਖੇਡ। ਹਰ ਕਿਸੇ ਦੇ ਆਪੋ-ਆਪਣੇ ਲਾਇਫ਼ ਪਲਾਨਜ਼ ਹੁੰਦੇ ਨੇ। ਆਪ ਜੀਓ ਤੇ ਬਾਲਾਂ ਨੂੰ ਆਖੋ ਉਹ ਆਪਣਾ ਜੀਉਣ। ਕਦੋਂ ਤੱਕ ਮਰੂੰ-ਮਰੂੰ ਕਰਦੇ ਰਹੋਗੇ।”

ਉਸ ਦੀ ਆਖੀ ਨੂੰ ਹਉਂ ਪਰ੍ਹੇ ਕਰਦਿਆਂ ਮੈਂ ਪਰੌਪਰਟੀ ਵੇਚਣ ਲਈ ਆਨਲਾਇਨ ਸਾਇਟ ’ਤੇ ਐਡ ਅਪਡੇਟ ਕਰਨ ਲੱਗਿਆ ਕਿ ਡੋਰ ਬੈੱਲ ਹੋ ਗਈ। ਦਰਵਾਜ਼ਾ ਖੋਲ੍ਹਿਆ। ਸਾਹਮਣੇ ਹੱਡੀਆਂ ਦੀ ਮੁੱਠ ਕਮਜ਼ੋਰ ਜਿਹੀ ਬਿਰਧ ਮਹਿਲਾ ਖੜ੍ਹੀ। ਇਹ ਵੀ ਧਿਆਨ ਨਾ,

ਕੋਠੀ ਵੇਚਣ ਦਾ ਇਸ਼ਤਿਹਾਰ ਤਾਂ ਦਿੱਤਾ ਨਹੀਂ ਖਰੀਰਦਦਾਰ ਕਿਵੇਂ ਆ ਗਏ। ਮੈਂ ਮਹਿਲਾ ਨੂੰ ਅੰਦਰ ਬੁਲਾ ਘਰ ਦਿਖਾਉਣ ਲੱਗਿਆ। ਘਰ ਵੇਖਣ ਬਜਾਏ ਉਸ ਦੀਆਂ ਨਜ਼ਰਾਂ ਇੰਝ ਟੋਹ ਲੈਂਦੀਆਂ ਜਾਪਣ ਜਿਉਂ ਆਪਣੀ ਕੋਈ ਗੁਆਚੀ ਸ਼ੈਅ ਭਾਲ ਰਹੀਆਂ ਹੋਣ। ਇੰਨੇ ਨੂੰ ਅੰਜਨਾ ਵੀ ਸਾਡੇ ਕੋਲ ਆ ਪਹੁੰਚੀ। ਅੰਜਨਾ ਨੂੰ ਵੇਖਦੇ ਹੀ ਬਿਰਧ ਮਹਿਲਾ ਦੀਆਂ ਕਮਜ਼ੋਰ ਹੱਡੀਆਂ 'ਚ ਕੰਬਣੀ ਜਿਹੀ ਛਿੜ ਗਈ ਤੇ ਅੱਖਾਂ ਭਰ ਆਈਆਂ। ਬਿਰਧ ਮਹਿਲਾ ਦੀ ਸੱਜੀ ਬਾਂਹ 'ਤੇ ਪਏ ਗਰਮ ਸੀਖਾਂ ਦੇ ਪੱਕੇ ਨਿਸ਼ਾਨ ਵੇਖ ਅੰਜਨਾ ਬੋਲੀ, "ਮਾਤਾ।"

"ਮ੍ਹਾਰੀ ਡੀਕਰੀ।" ਬੋਲਦਿਆਂ ਮਹਿਲਾ ਫਫਕ ਪਈ।

"ਆਤਯਾ ਲਾਂਬਯਾ ਸਮਯਾ ਪਛੀ ਆਚਾਨਕ ?" ਬੋਲਦੀ ਅੰਜਨਾ ਉਸ ਦੇ ਗਲੇ ਲਿਪਟ ਗਈ।

"ਤੇਰਾ ਹਰ ਪਤਾ ਮੇਰੇ ਦਿਲ ਦੀ ਤਖਤੀ 'ਤੇ ਲਿਖਿਆ ਪਿਐ। ਬਸ, ਤੇਰੇ ਪਾਪਾ ਦੇ ਜੀਉਂਦੇ ਜੀਅ ਉਸ ਦੇ ਹੁਕਮ ਦੀ ਬੱਧੀ ਸੀ। ਉਸ ਦੀ ਮੌਤ ਨਾਲ ਸਾਰੇ ਬੰਧਨਾਂ ਤੋਂ ਮੁਕਤ ਹੋ ਕੇ ਤੇਰੇ ਕੋਲ ਆਈ ਹਾਂ। ਚੱਲ ਵਾਪਸ ਤੇ ਆਪਣਾ ਸਾਰਾ ਕੁੱਝ ਸਾਂਭ ਲੈ।" ਬੋਲਦੀ ਉਹ ਅੱਖਾਂ ਦੇ ਕੋਏ ਪੂੰਝਣ ਲੱਗੀ।

ਅੰਜਨਾ ਨੇ ਵਾਪਸੀ ਤੋਂ ਇਨਕਾਰ ਕਰਦਿਆਂ ਜੋਰ ਦੇ ਕੇ ਮਾਂ ਨੂੰ ਆਪਣੇ ਕੋਲ ਹੀ ਰੱਖ ਲਿਆ। ਘਰ 'ਚ ਮਾਂ ਦੀ ਛੱਤਰ ਛਾਇਆ ਆ ਜਾਣ 'ਤੇ ਘਰ ਭਰਿਆ-ਭਰਿਆ ਲੱਗਣ ਲੱਗਾ। ਸਭ ਕੁੱਝ ਠੀਕ ਚੱਲ ਰਿਹਾ ਸੀ। ਅਸੀਂ ਸਾਰੇ ਆਪੋ-ਆਪਣੇ ਮੁਹਾਜ 'ਤੇ ਡਟੇ ਹੋਏ ਸਾਂ ਕਿ ਨੰਦਿਨੀ ਦੇ ਇੱਕ ਮੈਸੇਜ ਨੇ ਵਿਸਫ਼ੋਟ ਕਰ ਦਿੱਤਾ। ਉਸ ਨੇ ਆਪਣੀ ਪਬਲਿਕ ਸੋਸ਼ਲ ਸਾਇਟ 'ਤੇ ਸਮਾਇਲੀ ਤੇ ਦਿਲ ਵਾਲੀ ਇਮੋਜੀ ਸ਼ੇਅਰ ਕਰਦਿਆਂ ਸੂਚਿਤ ਕੀਤਾ ਸੀ,

"ਹੈਪੀ ਟੂ ਸ਼ੇਅਰ, ਗੋਇੰਗ ਟੂ ਬੀ ਆ ਸਿੰਗਲ ਮਦਰ।"

ਮੇਰੇ ਜਿਹੇ 'ਹਾਂ ਵਾਚਕ' ਬੰਦੇ ਲਈ ਅਣਵਿਆਹੀ ਧੀ ਦਾ ਇਹ ਫ਼ੈਸਲਾ ਸਿਰ 'ਤੇ ਪਹਾੜ ਡਿੱਗਣ ਜਿਹਾ, ਪਰ ਨਾਰੀਵਾਦ ਦੀ ਝੰਡਾਬਰਦਾਰ ਅੰਜਨਾ ਲਈ ਇਹ ਸੂਚਨਾ ਅਸਹਿ ਹੋ ਜਾਵੇਗੀ ! ਅਣਵਿਆਹੀ ਧੀ ਦੇ ਮਾਂ ਬਣਨ ਦਾ ਸੁਣ ਉਹ ਗਸ਼ ਖਾ ਗਈ। ਅੰਜਨਾ ਨੂੰ ਹੌਸਲਾ ਦਿੰਦਾ ਮੈਂ ਧੀ ਨੂੰ ਵਿਆਹ ਕਰਵਾਉਣ ਲਈ ਜੋਰ ਪਾਉਣ ਲੱਗਿਆ। ਉਹ ਆਪਣਾ ਤਰਕ ਦੇਣ ਲੱਗੀ। ਅਖੇ,

"ਪਾਪਾ ਉਹ ਯੁਗ ਗੁਜ਼ਰ ਗਿਆ ਜਦੋਂ ਵਿਆਹ ਜਾਇਜ਼ ਬੱਚੇ ਪੈਦਾ ਕਰਨ ਦਾ ਸਰਟੀਫਿਕੇਟ ਹੁੰਦਾ ਸੀ। ਬੱਚਾ ਪੈਦਾ ਕਰਨ ਲਈ ਪਤੀ ਦੀ ਨਹੀਂ ਸ਼ੁਕਰਾਣੂਆਂ ਦੀ ਲੋੜ ਹੁੰਦੀ ਏ ਤੇ ਉਸ ਵਾਸਤੇ 'ਸਪਰਮ ਬੈਂਕ' ਤੋਂ ਮਨਚਾਹੇ ਜੀਨਜ਼ ਕੰਸੀਵ ਕੀਤੇ ਜਾ ਸਕਦੇ ਨੇ। ਵੈਸੇ ਵੀ ਮੈਂ ਪੋਸਟ ਪਰਮੀਸ਼ਨ ਲੈਣ ਲਈ ਨਹੀਂ ਆਪਣੀ ਜ਼ਿੰਦਗੀ ਦੇ ਅਗਲੇ ਕਦਮ ਦੀ ਸੂਚਨਾ ਦੇਣ ਲਈ ਅਪਡੇਟ ਕੀਤੀ ਸੀ।"

ਨੰਦਿਨੀ ਦੇ ਮੂੰਹੋਂ 'ਸੂਚਨਾ' ਸ਼ਬਦ ਸੁਣ ਮੇਰੇ ਮੱਥੇ 'ਚੋਂ 'ਮੰਗ ਪੱਤਰ ਨਹੀਂ, ਸੂਚਨਾ ਪੱਤਰ ਰਾਹੀਂ ਦੱਸਿਆ ਜਾਂਦਾ ਹੈ ।' ਅੰਜਨਾ ਦੇ ਬੋਲ ਬਿਜਲੀ ਦੀ ਨੰਗੀ ਤਾਰ ਬਣ ਕੇ ਫਿਰ ਗਏ। ਧੀ ਅੱਗੇ ਮੇਰੀ ਵਾਹ ਨਾ ਚੱਲਦੀ ਵੇਖ ਅੰਜਨਾ ਦੀ ਮੰਮੀ ਅੰਜਨਾ ਨੂੰ ਸਮਝਾਉਣ ਲੱਗੀ,

"ਤੂੰ ਆਪਣੀ ਮਰਜੀ ਦੀ ਜ਼ਿੰਦਗੀ ਜੀਉਣ ਦਾ ਸਖ਼ਤ ਫੈਸਲਾ ਲਿਆ, ਮੈਨੂੰ ਆਪਣੀ ਕੁੱਖ 'ਤੇ ਸ਼ਰਮਿੰਦਗੀ ਨਹੀਂ ਮਾਣ ਹੋਇਆ ਸੀ। ਭੇਤ ਦੀ ਗੱਲ ਦੱਸਾਂ ?"

ਅੰਜਨਾ ਮਾਂ ਦਾ ਚਿਹਰਾ ਤੱਕਣ ਲੱਗੀ। ਉਸ ਦੀਆਂ ਅੱਖਾਂ 'ਚ ਅੱਖਾਂ ਪਾ ਮਾਂ ਬੋਲੀ,

"ਤੇਰਾ ਪਿਤਾ ਮੇਰੇ ਕੋਲੋਂ ਧੀ ਨਹੀਂ ਸਿਰਫ਼ ਪੁੱਤਰ ਚਾਹੁੰਦਾ ਸੀ। ਉਸ ਦੀ ਇਹ ਚਾਹਤ ਪੂਰੀ ਕਰਨਾ ਨਾ ਕਰਨਾ ਮੇਰੇ ਹੱਥ ਸੀ। ਮੈਂ ਪੁੱਤਰ ਲੈਣ ਲਈ ਗਰਭ ਨਿਰਧਾਰਨ ਟੈਸਟ ਕਰਵਾਉਣ ਦੀ ਹਿਮਾਇਤੀ ਨਹੀਂ ਸੀ। ਬਿਨਾ ਲਿੰਗ ਜਾਣੇ ਮੈਂ ਇੱਕ ਆਬਾਰਸ਼ਨ ਕਰਵਾਇਆ, ਪਰ ਉਸ ਤੋਂ ਬਾਅਦ ਗਰਭ ਨਿਰੋਧਕ ਗੋਲੀਆਂ ਆਸਰੇ ਮੈਂ ਕਦੀ ਆਪਣੀ ਕੁੱਖ 'ਚ ਧੀ-ਪੁੱਤ 'ਚ ਫਰਕ ਕਰਨ ਵਾਲੇ ਤੇਰੇ ਬਾਪ ਦਾ ਅੰਸ਼ ਠਹਿਰਨ 'ਤੇ ਪੱਕੀ ਰੋਕ ਲਗਾ ਦਿੱਤੀ। ਇਸ ਤੋਂ ਵੱਡੀ ਨਾਰੀ ਸ਼ਕਤੀ ਹੋਰ ਕੀ ਹੋ ਸਕਦੀ ਏ। ਤੂੰ ਮੇਰੀ ਉਹ ਧੀ ਹੈਂ ਜੋ ਦੁਨੀਆਂ ਨਾਲ ਟੱਕਰ ਲੈਣ ਦਾ ਮਾਦਾ ਰੱਖਦੀ ਸੀ। ਮਾਂ ਬਣ ਕੇ ਤੇਰੇ ਅੰਦਰੋਂ ਮੇਰੀ ਧੀ ਕਿਧਰੇ ਗੁਆਚ ਗਈ ਏ। ਸੱਚ ਪੁੱਛੇਂ ਤਾਂ ਤੂੰ ਮੇਰੀ ਉਹ ਅੰਜਨਾ ਹੈ ਹੀ ਨਹੀਂ। ਇਸ ਤੋਂ ਪਹਿਲਾਂ ਕਿ ਨੰਦਿਨੀ ਅੰਜਨਾ ਦੀ ਮੌਤ ਮਰਨ ਲੱਗੇ, ਉਸ ਨੂੰ ਆਪਣੀ ਜ਼ਿੰਦਗੀ ਜੀਣ ਦੇ। ਲਾਸ਼ਾਂ ਦਾ ਸਫ਼ਰ ਕੀ ਹੁੰਦੈ, ਕੋਈ ਮੈਨੂੰ ਪੁੱਛੇ।"

ਮਾਂ ਨੂੰ ਗਲਿਓਂ ਘੁੱਟ ਲੰਘਾਉਂਦਾ ਵੇਖ ਅੰਜਨਾ ਚੁੱਪ ਵੱਟ ਗਈ। ਉਸ ਦੀ ਹਾਲਤ ਵੇਖ ਮੇਰੇ ਹੱਥ-ਪੈਰ ਫੁੱਲਣ ਲੱਗੇ। ਅਜਿਹੇ ਵਿੱਚ ਤ੍ਰਿਪਤਾ ਤੋਂ ਇਲਾਵਾ ਕੋਈ ਨਹੀਂ ਸੀ ਜਿਸ ਨਾਲ ਦਿਲ ਖੋਲ੍ਹਿਆ ਜਾਂਦਾ। ਮੈਂ ਫ਼ੋਨ ਕੀਤਾ। ਉਸ ਕਾਲ ਕੱਟ ਸੁਨੇਹਾ ਭੇਜ ਦਿੱਤਾ, 'ਲਾਹੌਲ ਸਪਿਤੀ। ਬਾਈਕ ਰਾਇਡਿੰਗ। ਰੁਕ ਕੇ ਫ਼ੋਨ ਕਰਦੀ ਹਾਂ।' ਕੁੱਝ ਦੇਰ ਬਾਅਦ ਉਸ ਨੇ ਆਪਣੀਆਂ ਫੋਟੋਆਂ ਭੇਜ ਦਿੱਤੀਆਂ। ਕੈਪਸ਼ਨ ਸੀ, 'ਮੁਸਾਫ਼ਿਰ ਹੂੰ ਮੈਂ ਯਾਰੋ, ਨਾ ਘਰ ਹੈ ਨਾ ਠਿਕਾਨਾ, ਮੁਝੇ ਚਲਤੇ ਜਾਨਾ ਹੈ। ਬਸ ।' ਮੈਂ ਗਹੁ ਨਾਲ ਉਸ ਦੀ ਤਸਵੀਰ ਵੇਖਣ ਲੱਗਿਆ, ਉਹ ਸੱਚਮੁੱਚ ਸੁਪਨਿਆਂ ਦੀ ਸੌਦਾਗਰ ਲੱਗ ਰਹੀ ਸੀ।

ਦੋ ਕੁ ਘੰਟੇ ਬਾਅਦ ਉਸ ਦਾ ਫ਼ੋਨ ਆ ਗਿਆ। ਮੈਂ ਸਾਰੀ ਗੱਲ ਉਸ ਨਾਲ ਸਾਂਝੀ ਕੀਤੀ। ਉਸ ਅਗਲੇ ਹੀ ਦਿਨ ਸਾਡੇ ਕੋਲ ਪਹੁੰਚਣ ਦੀ ਤਸੱਲੀ ਦਿੱਤੀ ਸੀ।

ਅਗਲੀ ਸਵੇਰ ਦੀ ਉਡੀਕ ਵਿਚਲੀ ਰਾਤ ਕਈ ਸਦੀਆਂ ਜਿੱਡੀ ਲੰਮੀ ਨਿਕਲੀ। ਤ੍ਰਿਪਤਾ ਦੇ ਆਉਣ 'ਤੇ ਮੈਨੂੰ ਕੁੱਝ ਸੁਖਾਲਾ ਸਾਹ ਆਉਣ ਲੱਗਿਆ। ਨਾਲ-ਨਾਲ ਰਹਿੰਦਿਆਂ ਵੀ ਅਸੀਂ ਇੱਕ-ਦੂਜੇ ਤੋਂ ਕਿਸ ਕਦਰ ਅਜਨਬੀ ਹੋ ਜਾਂਦੇ ਹਾਂ, ਪਤਾ ਲੱਗਿਆ ਜਦੋਂ ਤ੍ਰਿਪਤਾ ਨਾਲ ਗੱਲਬਾਤ ਕਰਦਿਆਂ ਅੰਜਨਾ ਨੇ ਦੱਸਿਆ, ਉਸ ਨੇ ਕਈ ਸਾਲਾਂ ਤੋਂ ਖ਼ੁਦ ਨੂੰ ਨਾਰੀਵਾਦੀ ਸੰਗਠਨਾਂ ਤੋਂ ਅਲੱਗ ਕਰ ਲਿਆ ਸੀ। ਕਦੋਂ ਵੱਖ ਕੀਤਾ? ਉਸ ਕੋਲ ਜਵਾਬ ਨਾ। ਉਹ ਨਹੀਂ ਸੀ ਜਾਣਦੀ, ਆਪਣੇ ਜੀਵਨ ਦੇ ਮੁੱਖ ਮਕਸਦ ਨਾਲੋਂ ਉਹ ਕਦੋਂ ਤੇ ਕਿਵੇਂ ਦੂਰ ਹੋ ਗਈ। ਉਸ ਨੂੰ ਉਸ ਦੇ ਵਜੂਦ ਦਾ ਅਹਿਸਾਸ ਕਰਵਾਉਂਦੀ ਤ੍ਰਿਪਤਾ ਨੇ ਪਹਿਲਾ ਸਵਾਲ ਦਾਗਿਆ,

"ਪਹਿਲਾਂ ਇੱਕ ਗੱਲ ਸਪੱਸ਼ਟ ਕਰ, ਤੂੰ ਆਪਣੀ ਧੀ ਦੇ ਫੈਸਲੇ ਤੋਂ ਦੁੱਖੀ ਹੈਂ ਜਾਂ ਆਪਣੇ ਉਸ ਮਰਨੇ ਤੋਂ ਜੋ ਪਿਛਲੇ ਸਾਲਾਂ ਦੌਰਾਨ ਹੋਇਐ?"

ਅੱਖਾਂ ਪਾੜ-ਪਾੜ ਆਪਣੇ ਵੱਲ ਤੱਕਦੀ ਅੰਜਨਾ ਦਾ ਹੱਥ ਪਲੋਸਦੀ ਤ੍ਰਿਪਤਾ ਕਹਿਣ ਲੱਗੀ,

“ ਦਬਾਅ ’ਚੋਂ ਵਿਰੋਧ ਪੈਦਾ ਹੁੰਦੈ ਤੇ ਵਿਰੋਧ ਸੰਘਰਸ਼ ਦਾ ਬਲ ਬਖ਼ਸ਼ਦਾ ਏ। ਜਦੋਂ ਸੰਘਰਸ਼ ਖ਼ਤਮ ਹੋ ਜਾਂਦੈ ਤਾਂ ਬੰਦਾ ਜੀਉਂਦੇ ਜੀਅ ਇਸ ਕਦਰ ਮਰਨ ਲੱਗਦੈ ਕਿ ਸਾਹਾਂ ਦੀ ਗਤੀ ਵੀ ਆਪਣਾ ਵਜੂਦ ਗੁਆ ਦਿੰਦੀ ਹੈ। ਬੰਦਾ ਇੱਕ ਦਿਨ ’ਚ ਨਹੀਂ, ਥੋੜ੍ਹਾ-ਥੋੜ੍ਹਾ ਕਰਕੇ ਹਰ ਪਲ਼ ਮਰਦਾ ਜਾਂਦਾ ਹੈ। ਇਹ ਮਰਨਾ ਕੁਦਰਤੀ ਨਹੀਂ । ਹੱਤਿਆ ਹੁੰਦੀ ਹੈ ਜਾਂ ਆਤਮ-ਹੱਤਿਆ ।” ਮੈਨੂੰ ਉਸ ਦੀਆਂ ਗੱਲਾਂ ਚੰਗੀਆਂ ਨਾ ਲੱਗੀਆਂ ਤੇ ਉਸ ਨੂੰ ਟੋਕ ਦਿੱਤਾ,

“ਕੀ ਕਹਿ ਰਹੀ ਏਂ ਤ੍ਰਿਪਤਾ? ਇਹ ਮਰਨਾ, ਮਾਰਨਾ, ਹੱਤਿਆ, ਆਤਮ ਹੱਤਿਆ। ਇਸ ਸਭ ਦਾ ਅੰਜਨਾ ਨਾਲ ਕੀ ਲੈਣਾ -ਦੇਣਾ?”

“ਲੈਣਾ-ਦੇਣਾ ਹੈ ਕੁਲਵਿੰਦਰ। ਪਿਤਾ ਦੇ ਸਖ਼ਤ ਵਤੀਰੇ ਨੇ ਇਸ ਨੂੰ ਬਾਗੀ ਬਣਾਇਆ। ਜੀਉਣ ਲਈ ਸੰਘਰਸ਼ ਕਰਦੀ ਇਹ ਵਿਕਾਸ ਵੱਲ ਵਧਣ ਲੱਗੀ। ਇਸ ਦੇ ਉਲਟ ਪਤੀ ਦੇ ਸਹਿਯੋਗੀ ਰਵੱਈਏ ਨੇ ਇਸ ਅੰਦਰੋਂ ਉਹ ਸ਼ਕਤੀ ਖੋਹ ਲਈ ਜੋ ਵਿਰੋਧ ਲਈ ਬਲ ਬਖ਼ਸ਼ਦੀ ਏ। ਸ਼ੀ ਇਜ਼ ਜਸਟ ਲਾਇਕ ਆ ਸਕੈਲਟੇਨ। ਯੁੱਗ ਪਰਿਵਰਤਨ ਸਾਰਥੀ ਬਣੀ ਧੀ ਦਾ ਫੈਸਲਾ ਇਸ ਜਿਹੀ ਔਰਤ ਲਈ ਫ਼ਖ਼ਰ ਹੋਣਾ ਚਾਹੀਦਾ ਸੀ ਪਰ ਸਦਮਾ ਬਣ ਗਿਆ। ਤਰਕ, ਜਿਸ ਦੇ ਬਲਬੂਤੇ ਖ਼ੁਦ ਨੂੰ ਸਾਬਤ ਕਰਨ ਲਈ ਦਮ ਲਾ ਦਿੰਦੀ ਸੀ, ਤੇਰੀਆਂ ਮਿੱਠੀਆਂ ਦਲੀਲਾਂ ਨਿਗਲ ਗਈਆਂ। ਦੁੱਖ ਜ਼ਿੰਦਗੀ ਲਈ ਦਾਰੂ ਬਣਿਆ ਸੀ, ਸੁੱਖ ਰੋਗ ਬਣ ਗਿਆ। ਕੁੱਝ ਸਮਝ ਆਇਆ, ਕਿਵੇਂ ਸ਼ੁਰੂ ਹੋਇਆ ਇਸ ਦੀ ਹੱਤਿਆ ਤੋਂ ਆਤਮ-ਹੱਤਿਆ ਦਾ ਸਫ਼ਰ ?”

ਦੁਨੀਆਂ ਭਰ ਦੇ ਸਾਹਿਤ ਨਾਲ ਦਸਤਪੰਜਾ ਲੈਂਦਾ ਆ ਰਿਹਾ ਮੈਂ ਤ੍ਰਿਪਤਾ ਦੀ ਗੱਲ ਨੂੰ ਨਾ ਸਮਝਦੇ ਹੋਏ ਸਵਾਲੀਆ ਚਿੰਨ੍ਹ ਬਣਿਆ ਉਸ ਦਾ ਚਿਹਰਾ ਤੱਕਣ ਲੱਗਿਆ। ਉਹ ਬੋਲੀ,

“ਜਾਣਦਾ ਹੈਂ ਅੰਜਨਾ ਦੀ ਇਸ ਹਾਲਤ ਦਾ ਜ਼ਿੰਮੇਵਾਰ ਕੌਣ ਹੈ?”

ਮੇਰੀਆਂ ਅੱਖਾਂ ਹੋਰ ਵੱਡੀਆਂ ਹੋ ਥਾਂਏਂ ਗੱਡੀਆਂ ਗਈਆਂ। ਉਹ ਮੇਰੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਬੋਲੀ,

“ਤੂੰ ।”

“ਮੈਂ ?” ਸਕਤੇ ’ਚ ਆ ਮੈਂ ਨਾਲ ਬੈਠੀ ਅੰਜਨਾ ਵੱਲ ਗਰਦਨ ਘੁਮਾਈ ਜੋ ਹੁਣ ਵੀ ਬੁੱਤ ਬਣੀ ਹੋਈ ਸੀ। ਆਪਣੇ ਬਚਾਅ ਵਿੱਚ ਮੈਂ ਸਿਰਫ਼ ਇਨਾ ਬੋਲਿਆ,

“ਕੀ ਕਹਿ ਰਹੀ ਏਂ ਤ੍ਰਿਪਤਾ?”

“ਸੱਚ ਕਹਿ ਰਹੀ ਹਾਂ ਕੁਲਵਿੰਦਰ। ਮਰ ਤਾਂ ਅੰਜਨਾ ਉਸ ਦਿਨ ਹੀ ਗਈ ਸੀ, ਜਿਸ ਦਿਨ ਉਸ ਆਪਣੀ ਤੋਰ ਛੱਡ ਤੇਰੇ ਦਿੱਤੇ ਅੰਗਰੇਜ਼ੀ ’ਚ ਕੈਰੀਅਰ ਬਣਾਉਣ ਦੇ ਬੂਟ ’ਚ ਪੈਰ ਫਸਾਇਆ ਸੀ। ਤੇਰੇ ਵੱਲੋਂ ਕਿਸੇ ਤਰ੍ਹਾਂ ਦਾ ਸਿੱਧਾ ਵਿਰੋਧ ਨਾ ਮਿਲਿਆ ਤੇ ਉਸ ਦਾ ਨਾਰੀਵਾਦੀ ਸੰਘਰਸ਼ ਮਰਦਾ, ਮਰਦਾ ਤੇਰੇ ਜਿਹੀ ਮਿੱਠੀ ਗੋਲੀ ਦੀ ਬੁੱਕਲ ’ਚ ਦਮ ਘੁੱਟ ਗਿਆ। ਗਹੁ ਨਾਲ ਵੇਖ, ਕੀ ਇਹ ਉਹੀ ਅੰਜਨਾ ਹੈ ਜਿਸ ਨਾਲ ਤੂੰ ਵਿਆਹ ਕੀਤਾ ਸੀ ? ਮੈਂ ਤੈਨੂੰ ਕਿਹਾ ਸੀ, ‘ਜੋ ਗੋਆ ਵਿੱਚ ਹੋਇਆ ਉਹ ਦੁਬਾਰਾ ਨਾ ਦੁਹਰਾਈਂ ।’ ਚੱਲ ਇਹ ਦੱਸ, ਤੁਹਾਨੂੰ ਇੱਕ ਦੂਜੇ ਨਾਲ ਪਿਆਰ ਦੀ ਗੱਲ ਕੀਤਿਆਂ ਕਿੰਨੀ ਦੇਰ ਹੋ ਗਈ?”

"ਇਹ ਵੀ ਕੋਈ ਗੱਲ ਏ ਕਰਨ ਵਾਲੀ। ਆਇਆ ਮੈਂ ਖਾਣਾ ਲੈ ਕੇ।" ਉੱਥੋਂ ਉੱਠ ਮੈਂ ਰਸੋਈ ਵੱਲ ਆ ਗਿਆ। ਤ੍ਰਿਪਤਾ ਅੰਜਨਾ ਨਾਲ ਗੱਲੀਂ ਪੈ ਗਈ।

"ਅੰਜਨਾ, ਆਈ ਥਿੰਕ ਨੰਦਿਨੀ ਨੇ ਕੋਈ ਜੱਗੋਂ ਤੇਰ੍ਹਵੀਂ ਨਹੀਂ ਕੀਤੀ। ਉਹ ਯੁੱਗ ਪਰਿਵਰਤਕ ਫੈਮਿਨਿਸਟ ਅੰਜ... ।" ਸੁਣ ਕੇ ਅੰਜਨਾ ਹੱਸੀ ਤੇ ਹੌਲੀ-ਹੌਲੀ ਜ਼ੁਬਾਨ ਖੋਲ੍ਹਣ ਲੱਗੀ,

"ਫੈਮਿਨਿਸਟ ਅੰਜਨਾ ! ਆਖਿਰ ਸੀ ਤਾਂ ਇੱਕ ਔਰਤ। ਉਸ ਦਾ ਵੀ ਦਿਲ ਕਰਦਾ ਸੀ, ਉਹ ਲਾਲ ਰੰਗ ਪਾਵੇ ਤੇ ਨੱਕ ਬੁੱਲ੍ਹ ਵੱਟਦਾ ਕੁਲਵਿੰਦਰ ਆਖੇ, 'ਇਹ ਕੀ ਜਲੂਸ ਕੱਢਿਐ। ਜਾ ਮੇਰੀ ਪਸੰਦ ਦਾ ਲਹਿਰੀਆ ਪਾ ਕੇ ਆ। ਉਸ ਨੇ ਤਾਂ ਇਸ ਗੱਲ 'ਤੇ ਵੀ ਕੋਈ ਇਤਰਾਜ਼ ਨਾ ਜਤਾਇਆ, ਜਦੋਂ ਮੈਂ ਉਸ ਨੂੰ ਦੱਸਿਆ ਸੀ, ਮੈਂ ਅਣਵਿਆਹੀ ਹਾਂ ਪਰ ਕੁਆਰੀ ਨਹੀਂ। ਉਸ ਨੇ ਕਦੀ ਇਹ ਤੱਕ ਨਾ ਪੁੱਛਿਆ ਤੂੰ ਕਈ-ਕਈ ਦਿਨ ਕੰਮ ਦੇ ਸਿਲਸਿਲੇ 'ਚ ਘਰ ਤੋਂ ਬਾਹਰ ਰਹਿੰਦੀ ਹੈਂ? ਤੂੰ ਮੇਰੇ ਬਗੈਰ ਇਨੇ ਦਿਨ ਕਿਵੇਂ ਰਹਿ ਲੈਨੀ ਏਂ? ਉਹ ਮੇਰੇ ਨਾਲ ਨਾ ਕਦੀ ਲੜਿਆ, ਨਾ ਰੁਸਿਆ, ਨਾ ਜਿਦਿਆ। ਜ਼ਿੰਦਗੀ ਬੌਝਲ ਹੋ ਗਈ ਏ ਯਾਰ। ਪਿਆਰ ਕਰਨਾ ਦੂਰ, ਅਸੀਂ ਤਾਂ ਪਿਆਰ ਦਾ ਅਹਿਸਾਸ ਵੀ ਗੁਆ ਬੈਠੇ ਹਾਂ। ਕਈ ਵਾਰੀ ਜੀਅ ਕਰਦੈ ਕੁਲਵਿੰਦਰ ਨੂੰ ਆਖਾਂ !"

ਖਾਣੇ ਦੀ ਟਰੇਅ ਲਈ ਮੈਨੂੰ ਕੋਲ ਆ ਖਲੋਤਾ ਵੇਖ ਅੰਜਨਾ ਚੁੱਪ ਕਰ ਗਈ।

"ਨੰਦਿਨੀ ਘਰ ਕਦੋਂ ਆ ਰਹੀ ਹੈ?" ਤ੍ਰਿਪਤਾ ਨੇ ਚੁੱਪ ਤੋੜੀ। ਜਵਾਬ ਵਿੱਚ ਮੈਂ ਬੋਲਿਆ,

"ਆਉਣ ਬਾਰੇ ਤਾਂ ਉਸ ਦਾ ਕੋਈ ਮੈਸੇਜ ਨਹੀਂ ਆਇਆ।"

"ਓ.ਕੇ ! ਤੁਸੀਂ ਕਦੋਂ ਗਏ ਸੀ ਉਸ ਕੋਲ ਮੁੰਬਈ?"

"ਬਸ ਜਾਣ, ਜਾਣ ਕਰਦਿਆਂ ਟਾਇਮ ਹੀ ਨਹੀਂ ਮਿਲਿਆ।" ਮੇਰਾ ਜਵਾਬ ਸੁਣ ਤ੍ਰਿਪਤਾ ਨੇ ਹੱਥ 'ਚ ਫੜੀ ਗਰਾਹੀ ਪਲੇਟ 'ਚ ਵਾਪਸ ਰੱਖ ਦਿੱਤੀ ਤੇ ਬੋਲੀ,

"ਸਾਡਾ ਵੀ ਸਾਡੇ ਮਾਪਿਆਂ ਨਾਲ ਜੈਨਰੇਸ਼ਨ ਗੈਪ ਸੀ, ਪਰ ਅਜਿਹਾ ! ਤੁਸੀਂ ਬੱਚਿਆਂ ਦੇ ਨਾਲ ਰਹਿ ਕੇ ਉਹਨਾ ਨੂੰ ਨਾ ਸਮਝ ਪਾਏ। ਮੈਂ ਦੂਰ ਹੋ ਕੇ ਵੀ ਹਰ ਪਲ਼ ਉਹਨਾਂ ਨਾਲ ਨੇੜਤਾ ਨਿਭਾਉਂਦੀ ਰਹੀ। ਫਿਰ ਵੀ ਜਿਸ ਨੇ ਜਿਸ ਗੱਲ ਦਾ ਪਰਦਾ ਰੱਖਣਾ ਹੁੰਦੈ ਰੱਖ ਹੀ ਜਾਂਦੈ। ਮੇਰੀ ਧੀ ਸੱਤ ਸਾਲ ਤੋਂ ਰਿਲੇਸ਼ਨਸ਼ਿਪ 'ਚ ਸੀ। ਹੁਣ ਜਦੋਂ ਧੀ ਮੇਰੀ ਨੇ ਰਿਲੇਸ਼ਨਸ਼ਿਪ ਨੂੰ ਵਿਆਹ 'ਚ ਬਦਲਣ ਲਈ ਆਖਿਐ। ਉਸ ਦੇ ਪਾਰਟਨਰ ਨੂੰ ਮੇਰੇ, ਕਮਲ ਤੇ ਰਾਬੀਆ ਦੇ ਤਿਕੌਣੇ ਰਿਸ਼ਤੇ ਦੀ ਬੂ ਆਉਣ ਲੱਗੀ ਏ। ਮੇਰੀ ਧੀ ਜਦੋਂ ਵੀ ਗੱਲ ਕਰੇਗੀ ਆਖੇਗੀ, ਮੈਨੂੰ ਤੁਹਾਡੇ ਕਰਕੇ ਆਪਣੇ ਰਿਸ਼ਤੇ ਲਈ ਸਫ਼ਾਈਆਂ ਦੇਣੀਆਂ ਪੈ ਰਹੀਆਂ ਨੇ। ਕਿਹੋ ਜਿਹੇ ਮਾਪੇ ਓ ਤੁਸੀਂ? ਨਹੀਂ ਪਾਪਾ ਨਾਲ ਰਹਿਣਾ ਸੀ ਤਾਂ ਤਲਾਕ ਲੈ ਲੈਂਦੇ। ਫਿਰ ਪਾਪਾ, ਉਹਨਾ ਨੂੰ ਆਸ਼ਕੀ ਦਾ ਇਨਾ ਭੂਤ ਸਵਾਰ ਹੋਇਆ ਸੀ ਤਾਂ ਤੁਹਾਡੇ ਨਾਲ ਵਿਆਹ ਕਰਵਾਉਣ ਦੀ ਕੀ ਲੋੜ ਸੀ? ਕਰਵਾ ਲਿਆ ਸੀ ਤਾਂ ਬੱਚੇ ਕਾਹਤੋਂ ਪੈਦਾ ਕੀਤੇ?"

ਮੈਂ ਹੱਥ 'ਚ ਫੜੀ ਬੁਰਕੀ ਮੂੰਹ 'ਚ ਪਾ ਲਈ ਪਰ ਅੰਜਨਾ ਨੇ ਅੱਧ-ਖਾਧੀ ਪਲੇਟ ਟੇਬਲ 'ਤੇ ਰੱਖ ਮੁੱਠੀਆਂ ਘੁੱਟ ਲਈਆਂ। ਗੰਭੀਰ ਜਿਹਾ ਮਾਹੌਲ ਛੱਡ ਥੋੜ੍ਹੀ ਦੇਰ 'ਚ ਵਾਪਸ

ਆਉਣ ਦਾ ਕਹਿ ਕੇ ਤ੍ਰਿਪਤਾ ਚਲੀ ਗਈ।

ਅੰਜਨਾ ਪਹਿਲਾਂ ਵਾਂਗ ਭਾਵੇਂ ਸੁੰਨ-ਮਸਾਨ ਨਹੀਂ ਸੀ, ਪਰ ਉਹ ਸ਼ਾਂਤ ਵੀ ਨਹੀਂ ਸੀ। ਮੈਨੂੰ ਸੁੱਝ ਨਹੀਂ ਸੀ ਰਿਹਾ, ਉਸ ਨਾਲ ਕੀ ਗੱਲ ਕਰਾਂ। ਉਹ ਇੱਧਰ-ਉੱਧਰ ਚੱਕਰ ਕੱਟਦੀ ਰਹੀ। ਫਿਰ ਆਪਣੇ ਕਮਰੇ ਅੰਦਰ ਚਲੀ ਗਈ। ਉਸ ਨੂੰ ਡਿਸਟਰਬ ਨਾ ਕਰਨ ਦਾ ਸੋਚ ਮੈਂ ਬਾਹਰ ਲੌਬੀ ਵਿੱਚ ਆ ਬੈਠਾ। ਧੀ-ਪੁੱਤਰ ਵੱਲੋਂ ਹਟ ਧਿਆਨ ਤ੍ਰਿਪਤਾ ਨਾਲ ਹੋਈ ਗੱਲਬਾਤ ਦੁਆਲੇ ਘੁੰਮਣਘੇਰੀਆਂ ਕੱਟਣ ਲੱਗਿਆ। ਜਿਉਂ-ਜਿਉਂ ਹੋਈ ਗੱਲਬਾਤ ਦਾ ਚਿੰਤਨ-ਮੰਥਨ ਕਰਨ ਲੱਗਿਆ, ਪਹਿਲੀ ਮੁਲਾਕਾਤ ਦੀ ਦਬੰਗ ਅੰਜਨਾ ਹੌਲੀ-ਹੌਲੀ ਪੈਸੇ ਦੀ ਮਸ਼ੀਨ 'ਚ ਤਬਦੀਲ ਹੋਣ ਲੱਗੀ। ਮੈਨੂੰ ਅੰਜਨਾ 'ਤੇ ਮੋਹ ਆਇਆ ਤੇ ਉਸ ਨੂੰ ਦੇਖਣ ਲਈ ਕਮਰੇ ਅੰਦਰ ਚਲਾ ਗਿਆ। ਸਿਰਹਾਣੇ ਹੇਠ ਮੂੰਹ ਦਿੱਤੀ ਉਹ ਸਿੱਧਾ ਲੇਟੀ ਹੋਈ। ਉਸ ਨੂੰ ਸੁੱਤੀ ਪਈ ਜਾਣ, ਮੈਂ ਉਸ ਦਾ ਸਿਰ ਪਲੋਸਿਆ। ਉਹ ਚਾਨਚੱਕ ਉੱਠ ਕੇ ਸਿੱਧੀ ਹੋ ਬੈਠੀ ਤੇ ਬੋਲੀ,

"ਕੁਲਵਿੰਦਰ ਮੈਂ ਤੁਹਾਡੇ ਤੋਂ ਵੱਖ ਹੋਣ ਦਾ ਫੈਸਲਾ ਲਿਆ ਹੈ।" ਮੇਰੇ ਲਈ ਇਹ ਸੁਣਨਾ ਮਰਨ ਬਰਾਬਰ, ਪਰ ਮੈਂ ਬੜੀ ਸਹਿਜਤਾ ਨਾਲ ਕਿਹਾ,

"ਜੋ ਤੂੰ ਚਾਹੇਂ ।" ਤੇ ਬੈੱਡ ਤੋਂ ਉੱਠ ਖਲੋਤਾ। ਅੰਜਨਾ ਹੱਸਦੀ ਹੋਈ ਬੋਲੀ,

"ਤੂੰ ਮੈਨੂੰ ਮਾਰ ਕੇ ਹੀ ਸਾਹ ਲਏਂਗਾ ਕੁਲਵਿੰਦਰ।"

ਇੰਨੇ ਨੂੰ ਖੁੱਲ੍ਹੇ ਦਰਵਾਜ਼ੇ ਤੋਂ ਅੰਜਨਾ ਦੀ ਮੰਮੀ ਤੇ ਤ੍ਰਿਪਤਾ ਅੰਦਰ ਲੰਘ ਆਈਆਂ। ਤ੍ਰਿਪਤਾ ਦੇ ਅੱਗੋਂ ਹੁੰਦੀ ਅੰਜਨਾ ਬੋਲੀ,

"ਚੰਗਾ ਹੋਇਆ ਤੂੰ ਆ ਗਈ। ਜਰਾ ਆਪਣੀ ਧੀ ਨੂੰ ਫ਼ੋਨ ਲਗਾ ਮੈਂ ਗੱਲ ਕਰਨੀ ਏ।"

ਤ੍ਰਿਪਤਾ ਨੇ ਫ਼ੋਨ ਡਾਇਲ ਕਰਕੇ ਸਪੀਕਰ 'ਤੇ ਲਗਾ ਦਿੱਤਾ। ਤ੍ਰਿਪਤਾ ਦੀ ਧੀ ਦੀ ਆਵਾਜ਼ ਸੁਣ ਅੰਜਨਾ ਬੋਲੀ ਹੈ,

"ਬੇਟੇ, ਆਪਣੇ ਪਾਰਟਨਰ ਨੂੰ ਸਿਰਫ਼ ਇੱਕ ਗੱਲ ਕਹਿਣਾ, ਜੇ ਤੈਨੂੰ ਮੇਰੇ ਪਰਿਵਾਰ ਦਾ ਸੱਚ ਮਨਜ਼ੂਰ ਨਹੀਂ, ਤਾਂ ਤੂੰ ਮੈਨੂੰ ਮਨਜ਼ੂਰ ਨਹੀਂ। ਰਿਸ਼ਤੇ ਸ਼ਰਤਾਂ ਦਾ ਨਹੀਂ ਭਰੋਸੇ ਦਾ ਪਾਣੀ ਭਰਦੇ ਨੇ। ਤੇ ਨਾ ਹੀ ਰਿਸ਼ਤਾ ਕੋਈ ਮਨ ਤੋਂ ਉਤਰਿਆ ਕੱਪੜਾ ਹੁੰਦੈ ।"

ਸੁਣ ਕੇ ਤ੍ਰਿਪਤਾ ਦੇ ਹੱਥ ਤਾੜੀਆਂ ਦੀ ਗੂੰਜ ਬਣ ਗਏ ਹਨ। ਮੇਰੇ ਮੁਬਾਇਲ 'ਤੇ ਰਿੰਗ ਹੋਈ ਹੈ। ਨੰਦਿਨੀ ਦਾ ਫ਼ੋਨ ਹੈ। ਮੁਬਾਇਲ ਆਨ ਕਰਕੇ ਮੈਂ ਕੰਨ ਨੂੰ ਲਾਉਂਦਾ ਕਿ ਅੰਜਨਾ ਨੇ ਮੇਰਾ ਮੁਬਾਇਲ ਫੜ ਲਿਆ। ਫ਼ੋਨ ਸਪੀਕਰ 'ਤੇ ਲਾ ਉਹ ਬੋਲੀ ਹੈ,

"ਹੈਲੋ ਨੰਦਿਨੀ ਬੇਟਾ। ਤੂੰ ਆਪਣੀਆਂ ਸ਼ਰਤਾਂ 'ਤੇ ਜ਼ਿੰਦਗੀ ਜੀਉਣ ਦੇ ਜੀਨਜ਼ ਮੇਰੇ ਤੇ ਆਪਣੇ ਪਾਪਾ ਕੋਲੋਂ ਪਾਏ ਨੇ। ਬੀਜ ਹੀ ਜੜ੍ਹ ਬਣਦੇ ਨੇ। ਸੋ ਦੁਆ ਹੈ, ਤੇਰੇ ਸਪਰਮ ਡੋਨਰ ਦੇ ਜੀਨਜ਼ ਵੀ ਕਿਸੇ ਜ਼ਿੰਦਗੀ ਦਾ ਪਾਣੀ ਭਰਨ ਵਾਲੇ ਦੇ ਹੋਣ ।"

ਨੰਦਿਨੀ ਨਾਲ ਗੱਲ ਕਰਦਿਆਂ ਜਿਉਂ-ਜਿਉਂ ਅੰਜਨਾ ਦੀ ਗਰਦਨ ਤਣ ਕੇ ਸਿੱਧੀ ਹੋਣ ਲੱਗੀ, ਤਿਉਂ-ਤਿਉਂ ਮੇਰੇ, ਤ੍ਰਿਪਤਾ ਤੇ ਅੰਜਨਾ ਦੀ ਮੰਮੀ ਦੇ ਹੱਥ ਇੱਕ ਤਾਲ 'ਚ ਤਾੜੀਆਂ ਦੀ ਗੂੰਜ ਬਣਨ ਲੱਗੇ ਹਨ।

(**ਸੰਪਰਕ: 98146-70707**)

ਕਹਾਣੀ

# ਬੇੜੀ ਦਾ ਮੇਲਾ

**ਹਰਕੀਰਤ ਕੌਰ ਚਹਿਲ**



ਕਈ ਦਿਨਾਂ ਤੋਂ ਲਾਹੌਰ ਸ਼ਹਿਰ ਵਿੱਚ ਮੁਨਿਆਦੀ ਕਰਦਾ ਢੋਲਚੀ ਸ਼ੇਰਾ ਖ਼ਲਕਤ ਨੂੰ ਜ਼ੁੰਮੇ ਦੀ ਰਾਤ ਨੂੰ ਰਾਵੀ ਦੇ ਪੱਤਣ ਤੇ ਆ ਕੇ "ਰਾਵੀ ਬਚਾਓ" ਦਾ ਹੋਕਾ ਦੇ ਰਿਹਾ ਸੀ

ਹੁੰਮ੍ਹਸ ਭਰੇ ਦਿਨ ਦਾ ਤਾਂਬੇ ਰੰਗਾ ਸੂਰਜ ਜਿਉਂ ਹੀ ਪੱਛਮ ਦੀ ਬੁੱਕਲ ਵਿੱਚ ਉੱਤਰਿਆ ਤਾਂ ਉਸ ਦੀ ਲਾਲੀ ਵੀ ਅੰਬਰ ਵਿੱਚੋਂ ਸਾਝਰੇ ਹੀ ਅਲੋਪ ਹੋ ਗਈ। ਲਾਹੌਰ ਸ਼ਹਿਰ ਅਤੇ ਲਾਗਲੇ ਪਿੰਡਾਂ ਅਤੇ ਕਸਬਿਆਂ ਤੋਂ ਲੋਕੀ ਕਾਫ਼ਲੇ ਬੰਨ੍ਹ ਰਾਵੀ ਦੇ ਪੱਤਣਾਂ ਵੱਲ ਵਹੀਰਾਂ ਘੱਤ ਤੁਰੇ। ਚੰਨ ਪੂਰੇ ਜਲੌ ਨਾਲ਼ ਚਾਨਣੀ ਰਾਤ ਲੈ ਕੇ ਬਹੁੜਿਆ ਅਤੇ ਤਾਰੇ ਵੀ ਜਿਵੇਂ ਨਿਉਂਦਾ ਪਾਉਣ ਆਏ ਲੱਗ ਰਹੇ ਸਨ। ਰੌਸ਼ਨੀ ਨਾਲ ਲੱਦਿਆ ਅੰਬਰ ਆਪਦੀ ਮਹਿਬੂਬ ਧਰਤ ਸੰਗ ਜਸ਼ਨ ਮਨਾਉਣ ਲਈ ਬੇਤਾਬ ਹੋਇਆ ਲੱਗ ਰਿਹਾ ਸੀ। ਪੱਤਣ ਤੇ ਖੜ੍ਹਾ ਢੋਲੀ ਸ਼ੇਰਾ ਰਾਵੀ ਦੀਆਂ ਲਹਿਰਾਂ ਨੂੰ ਤੱਕਦਾ ਮਿੱਠੀ-ਮਿੱਠੀ ਜਿਹੀ ਧੁਨ ਵਜਾ ਰਿਹਾ ਸੀ:

ਲੰਘ ਆ ਜਾ ਪੱਤਣ ਝਨਾਂ ਦਾ ਓਹ ਯਾਰ
ਲੰਘ ਆ ਜਾ ਪੱਤਣ ਝਨਾਂ ਦਾ ...

ਸ਼ਾਇਦ ਉਸ ਨੂੰ ਸੋਹਣੀ ਅਤੇ ਮਹੀਂਵਾਲ ਦੇ ਨਕਸ਼ ਪਾਣੀ ਦੀਆਂ ਛੱਲਾਂ ਬਣੇ ਵਸਲ ਦੇ ਵਾਸਤੇ ਪਾਉਂਦੇ ਲੱਗ ਰਹੇ ਸਨ।

ਏਨੇ ਨੂੰ ਲੋਕਾਂ ਦੀਆਂ ਟੋਲੀਆਂ ਅਤੇ ਕੁੱਝ ਕਾਰਾਂ ਅਤੇ ਵਾਹਨ ਮੈਦਾਨ ਵਿਚ ਲੱਗੇ ਤੰਬੂਆਂ ਵੱਲ ਨੂੰ ਆਉਂਦੇ ਤੱਕ ਕੇ ਸ਼ੇਰੇ ਦਾ ਜੋਸ਼ ਅਸਮਾਨੀਂ ਉੱਡਣ ਲੱਗਿਆ। ਜ਼ੋਰ-ਜ਼ੋਰ ਨਾਲ਼ ਢੋਲ ਤੇ ਥਾਪ ਮਾਰਦਾ ਉਹ ਆਪਦੇ ਵਾਲ਼ਾਂ ਨੂੰ ਹਿਲਾ-ਹਿਲਾ ਕੇ ਝੂਮ ਰਿਹਾ ਸੀ। ਚੁੱਪ-ਚੁਪੀਤੀ ਰਾਵੀ ਵੀ ਜਿਵੇਂ ਲੱਗਦੇ ਮੇਲੇ ਨੂੰ ਦੇਖ ਕੇ ਬਾਵਰੀ ਹੋਣ ਲੱਗੀ ਹੋਵੇ। ਉਸ ਦੀਆਂ ਲਹਿਰਾਂ ਕੰਢਿਆਂ ਨੂੰ ਚੁੰਮ-ਚੁੰਮ ਕੇ ਇੰਜ ਪਰਤ ਰਹੀਆਂ ਸਨ ਜਿਵੇਂ ਮੁੱਦਤ ਬਾਅਦ ਸਾਰ ਲੈਣ ਆਏ ਧੀਆਂ-ਪੁੱਤਰਾਂ ਨੂੰ ਮਾਂ ਆਪਣੇ ਗਲ਼ ਲਾ ਰਹੀ ਹੋਵੇ। ਜਿਵੇਂ ਉਸ ਦੀ ਰੂਹ ਵਿੱਚ ਵਸਿਆ ਫ਼ਕੀਰ ਬੁੱਲ੍ਹਾ ਪੈਰੀਂ ਘੁੰਗਰੂ ਪਾ ਕੇ ਧਮਾਲ ਪਾਉਣ ਲੱਗਿਆ ਹੋਵੇ। ਰਾਵੀ ਵਿਚਾਰੀ ਨੇ 1947 ਦੀ ਵੰਡ ਜਰੀ, ਕੁਦਰਤੀ ਆਫ਼ਤਾਂ ਝੱਲੀਆਂ, ਉਸ ਦਾ ਨੀਰ ਸੁੱਕਿਆ, ਅਤੇ ਉਸ ਦੀ ਹਿੱਕ ਵਿੱਚ ਰੇਤਲੇ ਟਾਪੂ ਉੱਸਰ ਆਏ। ਇਕਲਾਪੇ ਮਾਰੀ ਉਹ ਥੱਕੀ ਜ਼ਰੂਰ ਪਰ ਆਪਦੇ ਕੰਢੇ ਵਸੀ ਖ਼ਲਕਤ ਦੀ ਸਲਾਮਤੀ ਲਈ ਕਦੇ ਹਾਰ ਨਾ ਮੰਨੀ।

ਜਿਵੇਂ ਰਾਵੀ ਕਹਿ ਰਹੀ ਹੋਵੇ, "ਸ਼ੁਕਰ ਹੈ ਓਏ ਬੰਦਿਆ, ਧਰਤੀ ਨੂੰ ਮਾਂ ਕਹਿਣ ਵਾਲ਼ਿਆ, ਤੈਨੂੰ ਪਿਓ ਵਰਗੇ ਪਾਣੀਆਂ ਦਾ ਵੀ ਮੋਹ ਆਇਆ। ਧਰਤੀ ਮਾਂ, ਪਾਣੀ ਪਿਤਾ, ਪੌਣ ਗੁਰੂ, ਬੱਸ ਗੱਲ ਕੀ ਅਸੀਂ ਤਾਂ ਸਭ ਤੁਹਾਡੇ ਮਾਪੇ ਹਾਂ, ਖ਼ੈਰ-ਖੁਆਹ ਹਾਂ। ਮੈਂ ਰਾਵੀ, ਤੁਹਾਡੇ ਸਿਰਾਂ ਤੋਂ ਪਾਣੀ ਵਾਰਨੇ ਕਿਵੇਂ ਭੁੱਲ ਸਕਦੀ ਹਾਂ? ਆਓ ਮੇਰੇ ਲਾਡਲਿਓ,

ਤੁਹਾਨੂੰ ਹਿੱਕ ਨਾਲ ਲਾ ਕੇ ਪਿਆਰ ਦਿਆਂ।" ਰਾਵੀ ਅੱਜ ਸੁੱਤਾ ਦਰਿਆ ਬਣ ਕੇ ਨਹੀਂ ਵਹਿ ਰਹੀ ਸੀ ਬਲਕਿ ਖੀਵੀਆਂ ਹੋਈਆਂ ਉਸ ਦੀਆਂ ਛੱਲਾਂ ਜਾਣੋ ਖ਼ਲਕਤ ਤੋਂ ਕੁਰਬਾਨ ਹੋਣ ਜਾ ਰਹੀਆਂ ਹੋਵਣ।

ਹਜ਼ਾਰਾਂ ਵਰ੍ਹਿਆਂ ਤੋਂ ਰਾਵੀ ਦੀ ਹਿੱਕ ਤੇ ਵਸੇ ਸ਼ਹਿਰ ਲਾਹੌਰ ਨੇ ਵਕਤ ਨਾਲ਼ ਸੁਨਹਿਰੀ ਮੁਕਟ ਪਹਿਨੇ, ਤਾਜੋ-ਤਖ਼ਤ ਹੰਢਾਏ, ਅਬਦਾਲੀ ਦੀ ਲੁੱਟ-ਖਸੁੱਟ ਝੱਲੀ, ਬਟਵਾਰੇ ਦੀ ਪੀੜ ਜਰੀ ਪਰ ਹਰ ਔਖੇ-ਸੌਖੇ ਵੇਲੇ ਰਾਵੀ ਲੋਕਾਈ ਲਈ ਰੱਬ ਬਣ ਕੇ ਬਹੁੜੀ। ਉਸ ਦਾ ਸੀਤ ਨਿਰਮਲ ਪਾਣੀ ਤਿੱਖੜ ਦੁਪਹਿਰਿਆਂ ਦੀ ਪੌਣ ਵਿੱਚ ਘੁਲ਼-ਮਿਲ਼ ਕੇ ਦੋਜਕ ਚੂਸ ਲੈਂਦਾ ਅਤੇ ਠੰਢਕ ਵਰਤਾ ਛੱਡਦਾ।

ਬੇੜੀ ਦਾ ਮੇਲਾ ਹੌਲ਼ੀ-ਹੌਲ਼ੀ ਭਰਨ ਲੱਗਿਆ ਸੀ। ਪਲਾਂ ਵਿੱਚ ਹੀ ਬੱਚੇ, ਬੁੱਢੇ, ਜਵਾਨ ਮੁੰਡੇ-ਕੁੜੀਆਂ, ਅਤੇ ਔਰਤਾਂ ਦੀ ਭੀੜ ਰਾਵੀ ਕੰਢੇ ਜਮਾਂ ਹੋਣ ਲੱਗੀ। ਖੰਡ ਦੇ ਖਿਡੌਣੇ, ਪਾਪੜ, ਖਿੱਲਾਂ ਅਤੇ ਹੋਰ ਨਿੱਕ-ਸੁੱਕ ਵੇਚਣ ਵਾਲ਼ੇ ਨਿੱਕੇ ਬੱਚਿਆਂ ਦੇ ਝੁੰਡਾਂ ਨਾਲ਼ ਘਿਰੇ ਪਏ ਹੋਕੇ ਦੇ ਰਹੇ ਸਨ।

ਇਸ ਸਾਲ ਰਾਵੀ ਵਿੱਚ ਪਾਣੀ ਲੱਕ ਤੱਕ ਆ ਚੁੱਕਿਆ ਸੀ। ਲੱਕੜ ਦੀ ਫੁੱਲਾਂ ਨਾਲ਼ ਸਜੀ-ਸੰਵਾਰੀ ਬੇੜੀ ਵਿੱਚ ਬੱਚਿਆਂ ਦੀ ਟੋਲੀ ਸਵਾਰ ਸੀ ਜਿਸ ਨੂੰ ਜੁਆਨ ਮਰਦ ਚਲਾ ਰਹੇ ਸਨ ਅਤੇ ਖ਼ੁਸ਼ੀ ਦੇ ਗੀਤ ਗਾ ਰਹੇ ਸਨ।

ਕੁੱਝ ਬਜ਼ੁਰਗ ਲੋਕਾਂ ਨੇ ਪਹਿਲਾਂ ਦੇਸੀ ਘਿਉ ਦੇ ਸੱਤ ਦੀਵੇ ਰਾਵੀ ਦੇ ਪਾਣੀ ਵਿੱਚ ਅਦਬ ਨਾਲ਼ ਤਾਰੇ ਫੇਰ ਬੱਚੇ, ਬੁੱਢੇ, ਮਰਦ, ਅਤੇ ਸੁਆਣੀਆਂ ਕੱਚੀ ਥਾਂ ਤੇ ਦੇਸੀ ਘਿਉ ਦੇ ਦੀਵੇ ਬਾਲ਼ ਕੇ ਰਾਵੀ ਦੇ ਪੱਤਣ ਉੱਤੇ ਧਰ ਰਹੇ ਸਨ। ਰਾਵੀ ਦਾ ਹੁਸਨ ਦੀਵਿਆਂ ਦੀ ਲੋਅ ਨਾਲ਼ ਹੋਰ ਵੀ ਡੁੱਲ੍ਹ-ਡੁੱਲ੍ਹ ਪੈਣ ਲੱਗਿਆ ਜਿਵੇਂ ਉਸ ਦੇ ਸੂਹੇ ਸਾਲੂ ਉੱਤੇ ਕਿਸੇ ਨੇ ਗੋਟੇ ਦੀ ਕਿਨਾਰੀ ਲਾ ਦਿੱਤੀ ਹੋਵੇ। ਦੀਵਿਆਂ ਦੀ ਬਲ਼ਦੀ ਲੋਅ ਨਾ ਸਿਰਫ਼ ਇਨਸਾਨੀ ਚਿਹਰਿਆਂ ਨੂੰ ਲਾਲੀ ਵੰਡ ਰਹੀ ਸੀ ਬਲਕਿ ਉਹਨਾਂ ਦੇ ਮਨ-ਮਸਤਕ ਵਿੱਚ ਕੁਦਰਤ ਤੋਂ ਬਲਿਹਾਰੇ ਜਾਵਣ ਲਈ ਚਾਨਣ ਖਿਲਾਰ ਰਹੀ ਲੱਗਦੀ ਸੀ। ਰਾਤ ਵੇਲੇ ਠੰਢਕ ਵਰਤਣ ਲੱਗੀ ਸੀ। ਪੱਤਣਾਂ ਤੇ ਉੱਗੇ ਕਿੱਕਰ, ਸ਼ਹਿਤੂਤ ਅਤੇ ਪੇਂਦੂ ਬੇਰੀਆਂ ਦੀਆਂ ਝਾੜੀਆਂ ਵਗਦੇ ਪੁਰੇ ਨਾਲ਼ ਚੌਰ ਕਰਦੀਆਂ ਲੱਗ ਰਹੀਆਂ ਸਨ। ਪਲ ਕੁ ਭਰ ਲਈ ਢੋਲੀ ਸ਼ੇਰੇ ਨੇ ਦਮ ਲੈਣ ਲਈ ਢੋਲ ਗਲ਼ ਨਾਲ਼ੋਂ ਲਾਹ ਕੇ ਕਿੱਕਰ ਦੇ ਮੁੱਢ ਨਾਲ਼ ਟੰਗਿਆ ਤਾਂ ਲੋਕਾਂ ਦੀ ਕਾਂਵਾਂ-ਰੌਲ਼ੀ ਵਿੱਚੋਂ ਇੱਕ ਬੁੱਢੇ ਮਰਦ ਦੀ ਦਰਦ-ਪਰੁੰਨ੍ਹੀ ਆਵਾਜ਼ ਸੁਣੀ। ਉਹ ਝਾੜੀਆਂ ਵਿਚੋਂ ਦੀ ਥੱਲੇ ਉੱਤਰ ਕੇ ਰਾਵੀ ਦੇ ਪਾਣੀ ਵਿਚ ਪੈਰ ਡਬੋਈ ਮੰਤਰ-ਮੁਗਧ ਹੋਇਆ ਸਾਰੰਗੀ ਦੇ ਸੁਰ ਤੇ ਗਾ ਰਿਹਾ ਸੀ:

ਸਾਨੂੰ ਈਦਾਂ ਬਰ ਆਈਆਂ
ਰਾਵੀ ਤੇਰੇ ਪੱਤਣਾਂ ਤੇ
ਐਵੇਂ ਅੱਖੀਆਂ ਭਰ ਆਈਆਂ ...

ਕੋਈ ਦਰਵੇਸ਼ ਜਾਂ ਫ਼ਕੀਰ ਰੂਹ ਲੱਗਦੀ ਐ ਕਹਿੰਦੇ ਹੋਏ ਸਿਆਣੀ ਉਮਰ ਦੇ ਲੋਕ ਉਸ ਦਾ ਕਲਾਮ ਸੁਣਨ ਕੱਚੇ ਪਹੇ ਵੱਲ ਨੂੰ ਤੁਰ ਪਏ। ਦਰਿਆ ਰਾਵੀ ਦੀ ਇਬਾਦਤ ਲੋਕ ਆਪੋ-ਆਪਣੇ ਤਰੀਕੇ ਨਾਲ਼ ਕਰ ਰਹੇ ਸਨ। ਕਈ ਤਾਂ ਢੋਲ ਦੀ ਤਾਲ ਤੇ ਟੱਪੇ ਮਾਹੀਏ

ਗਾ ਰਹੇ ਸਨ। ਕਈ ਰਾਵੀ ਦੇ ਪਸਾਰ ਵੱਲ ਤੱਕਦੇ ਚੁੱਪ-ਚਾਪ ਕੁਦਰਤ ਦੇ ਰਹੱਸ ਨੂੰ ਸਮਝ ਰਹੇ ਸਨ।



ਲਟ-ਲਟ ਬਲ਼ਦੇ ਦੀਵਿਆਂ ਦੇ ਝੁੰਡ ਕੋਲ਼ ਚਿਰਾਂ ਤੋਂ ਰਾਵੀ ਵੱਲ ਨੀਝ ਨਾਲ਼ ਤੱਕਦੀਆਂ ਨੂਰਾਂ ਅਤੇ ਹਜ਼ੂਰਾਂ ਵੀ ਬੁੱਢੇ ਫ਼ਕੀਰ ਦੀ ਰੀਸ ਬੋਲ ਕੱਢਣ ਲੱਗ ਪਈਆਂ ਜਿਵੇਂ ਉਹਨਾਂ ਦੇ ਮਨ ਵਿਚਲੀਆਂ ਗੰਢਾਂ ਖੁੱਲ੍ਹਣ ਲੱਗੀਆਂ ਹੋਣ। ਨੂਰਾਂ ਨੇ ਗੜਵੀ ਵਜਾਉਣੀ ਸ਼ੁਰੂ ਕੀਤੀ ਅਤੇ ਹਜ਼ੂਰਾਂ ਦੀ ਤਾੜੀ ਦੀ ਗੂੰਜ ਨੇ ਲੋਕਾਂ ਦਾ ਧਿਆਨ ਖਿੱਚ ਲਿਆ :

ਵਗਦੀ ਸੀ ਰਾਵੀ ਵਿੱਚ
ਸੁੱਟਦੀ ਆਂ ਛੱਲੀ ਵੇ
ਦੁਨੀਆ ਲਈ ਮੇਲੇ ਗੇਲੇ
ਬਿਨ ਤੇਰੇ ਮੈਂ ਕੱਲੀ ਵੇ
ਮੁੜ ਕੇ ਤੂੰ ਆ ਵੇ ਰਾਂਝਣਾ ...

ਪਹਿਰਾਵੇ ਅਤੇ ਇੱਕੋ ਲੈਅ ਸੁਰਤਾਲ ਤੋਂ ਨੂਰਾਂ ਅਤੇ ਹਜ਼ੂਰਾਂ ਗਾਉਣ-ਵਜਾਉਣ ਦੇ ਪੇਸ਼ੇ ਵਾਲ਼ੀਆਂ ਲੱਗਦੀਆਂ ਸਨ। ਦੇਖ-ਸੁਣ ਕੇ ਦਾਦ ਦਿੰਦੇ ਲੋਕ ਉਹਨਾਂ ਕੋਲ਼ ਰੁਪਈਏ ਧਰ-ਧਰ ਜਾਣ ਲੱਗੇ। ਪਰ ਉਹ ਤਾਂ ਅੱਖਾਂ ਪੁੱਟ ਕੇ ਵੀ ਨਹੀਂ ਸੀ ਵੇਖ ਰਹੀਆਂ। ਬੱਸ ਵੈਰਾਗਣ ਹੋਈਆਂ ਜਿਵੇਂ ਕਿਸੇ ਹੋਰ ਹੀ ਜਹਾਨ ਦੀਆਂ ਵਾਸੀ ਹੋਈਆਂ ਹੋਣ।

"ਹਾਏ ਨੀ ਅੜੀਏ, ਆਹ ਤਾਂ ਬੜਾ ਹੀ ਧਰਮ-ਕਰਮ ਦਾ ਆਹਰ ਕੀਤਾ ਲੋਕਾਂ ਨੇ। ਅੱਲ੍ਹਾ ਦੀ ਕਸਮ, ਮੇਰੀ ਤਾਂ ਰੂਹ ਹੌਲ਼ੀ-ਫੁੱਲ ਵਰਗੀ ਹੋ ਗਈ ਹੈ। ਇਹ ਮੇਲਾ ਤਾਂ ਚਿਰਾਗ਼ਾਂ ਵਾਲ਼ੀ ਰਾਤ ਜਿੰਨਾ ਹੀ ਸੋਹਣਾ ਏ।" ਚੱਪਲਾਂ ਵਿੱਚ ਪਏ ਰੜਕਦੇ ਰੇਤੇ ਨੂੰ ਝਾੜ ਕੇ ਹੱਥ ਵਿੱਚ ਫੜਦੀ ਮਹਿਨੂਰ ਨੇ ਆਪਦੀ ਖ਼ਾਲਾ ਦੀ ਧੀ ਗੁਲਨਾਰ ਨੂੰ ਕਿਹਾ।

"ਆਹੋ ਪਾਣੀ ਨਾਲ਼ ਦੁੱਖ-ਸੁੱਖ ਤਾਂ ਸਾਡੇ ਵੱਡੇ-ਵਡੇਰੇ ਮੁੱਢੋਂ ਹੀ ਕਰਦੇ ਆਏ ਨੇ। ਇਹ ਸਾਂਝ ਤਾਂ ਬੰਦੇ ਦੀ ਹਯਾਤੀ ਨਾਲ਼ ਜੁੜੀ ਹੋਈ ਵੇ। ਪਰ ਅੱਜ-ਕੱਲ੍ਹ ਆਪਣੀ ਪੀੜ੍ਹੀ ਦਾ ਪਿਓ-ਦਾਦਾ ਤੇ ਪੀਰ-ਫ਼ਕੀਰ ਤਾਂ ਆਹ ਖ਼ਸਮਾਂ ਨੂੰ ਖਾਣਾ ਫ਼ੋਨ ਈ ਏ। ਕਿਸੇ ਨੂੰ ਕੀ ਆਖਾਂ, ਮੇਰਾ ਤਾਂ ਆਪ ਚੰਦਰਾ ਚਿੱਤ ਖੁੱਸਣ ਲੱਗ ਪੈਂਦਾ ਜੇ ਫ਼ੋਨ ਦੀ ਬੈਟਰੀ ਮੁੱਕਣ ਤੇ ਆ ਜਾਵੇ। ਫੇਰ ਤਾਂ ਮੈਂ ਅੰਨ੍ਹੀ ਹੋ ਕੇ ਘਰ ਨੂੰ ਨੱਸਦੀ ਹਾਂ। ਟੁੱਕਰ ਭਾਵੇਂ ਮਿਲ਼ੇ ਨਾ ਮਿਲ਼ੇ ਪਰ ਦੁਨੀਆ ਨਾਲ਼ੋਂ ਰਾਬਤਾ ਕਿਸੇ ਹਾਲ ਨਾ ਟੁੱਟੇ। ਪਤਾ ਨਹੀਂ ਕੇਹਾ ਨਹਿਸ਼ੀ ਨਸ਼ਾ ਏ।" ਗੁਲਨਾਰ ਬੋਲੀ।

"ਮਰਨੀਓਂ, ਹੌਲ਼ੀ ਟੁਰ ਪਓ, ਬੁੱਢੀ ਮਾਂ ਤੇ ਤਰਸ ਕਰੋ। ਏਸ ਉਮਰੇ ਟੁਰਨਾ ਕੋਈ ਸੌਖਾ

ਭਲਾ?" ਮਹਿਨੂਰ ਦੀ ਅੰਮੀ ਨਫ਼ੀਸਾਂ ਪਿੱਛੇ ਤੁਰੀ ਆਉਂਦੀ ਬੋਲੀ

ਦੋਨੋਂ ਕੁੜੀਆਂ ਦੇ ਕਦਮ ਰੁਕ ਗਏ ਅਤੇ ਉਹਨਾਂ ਦੀ ਸੁਰਤ ਨੂਰਾਂ ਅਤੇ ਹਜ਼ੂਰਾਂ ਦੇ ਗੀਤ ਵੱਲ ਜੁੜ ਗਈ:

ਵਗਦੀ ਸੀ ਰਾਵੀ ਵਿੱਚ
ਸੁੱਟਦੀ ਆਂ ਛਾਪੇ ਵੇ
ਉਦੋਂ ਨਾ ਬੋਲਿਆ ਚੰਨਾ ਵੇ ਜਦ
ਜਿਉਂਦੇ ਸੀ ਮਾਪੇ ਵੇ ...

"ਅੰਮੀ ਇਹ ਸੁਆਣੀਆਂ ਰੋ-ਰੋ ਕੇ ਕਿਉਂ ਗਾਉਂਦੀਆਂ ਪਈਆਂ ਨੇ?" ਗੀਤ ਸੁਣ ਕੇ ਮਹਿਨੂਰ ਨੇ ਮਾਂ ਨੂੰ ਪੁੱਛਿਆ।

"ਬੱਚੀਏ ਕੁਦਰਤ ਬੜੀ ਡਾਢੀ ਸ਼ੈਅ ਵੇ। ਬੰਦੇ ਨੂੰ ਅੰਦਰੋਂ-ਬਾਹਰੋਂ ਔਜ਼ਾਰ ਵਾਂਗ ਖੋਲ੍ਹ ਛੱਡਦੀ ਏ। ਹਯਾਤੀ ਦਾ ਖੂਹ ਗੇੜਨਾ ਕੋਈ ਸੌਖਾ ਕਰਮ ਨਹੀਂ ਏ। ਕੁਦਰਤ ਬੜੇ ਰੰਗ ਵਿਖਾਲਦੀ ਹੈ ਕੁੜੀਓ। ਹੱਸ ਖੇਡ ਲਓ, ਇਹ ਮੇਲਿਆਂ-ਗੇਲਿਆਂ ਦੇ ਦਿਨ ਮੁੜ ਨਹੀਉਂ ਆਵਣੇ। ਅੱਲ੍ਹਾ ਸੋਹਣਾ ਰਹਿਮ-ਕਰਮ ਫ਼ਰਮਾਏ।" ਸਾਹੋ-ਸਾਹ ਹੁੰਦੀ ਨਫ਼ੀਸਾਂ ਬੋਲੀ।

"ਕੀ ਗੱਲ ਐ ਖ਼ਾਲਾ? ਥੱਕ ਗਈ ਐਂ?" ਗੁਲਨਾਰ ਨੇ ਪੁੱਛਿਆ।

"ਉਮਰ ਦਾ ਤਕਾਜ਼ਾ ਏ। ਭੋਰਾ ਦਮ ਦਿਵਾਓ, ਨਹੀਂ ਤਾਂ ਏਥੇ ਹੀ ਡਿੱਗ ਸਾਂ।" ਸੱਚ-ਮੁਚ ਹਫ਼-ਹਫ਼ਾਈ ਨਫ਼ੀਸਾਂ ਮਸਾਂ ਬੋਲੀ।

"ਰਾਵੀ ਵੱਲ ਤੱਕ ਅੰਮੜੀਏ, ਹਜ਼ਾਰਾਂ ਵਰ੍ਹੇ ਹੋ ਗਏ ਨੇ ਵਗਦੀ ਨੂੰ। ਇਹ ਤਾਂ ਨਹੀਂ ਬੁੱਢੀ ਹੋਈ। ਅੱਜ ਵੀ ਪੂਰੀ ਮੜਕ ਨਾਲ ਵਹਿੰਦੀ ਪਈ ਐ। ਆ, ਪਲ ਭਰ ਉਸ ਵੱਡੇ ਪੱਥਰ ਤੇ ਬੈਠ ਕੇ ਆਰਾਮ ਕਰ ਲੈਂਦੀਆਂ ਹਾਂ।" ਮਹਿਨੂਰ ਅੰਮੀ ਨੂੰ ਧਰਵਾਸ ਦਿੰਦੀ ਬੋਲੀ।

"ਅੰਮੀ ਇਹ ਮੇਲਾ ਤੇ ਰੌਣਕ ਪਹਿਲਾਂ ਤਾਂ ਕਦੇ ਨਹੀਂ ਤੱਕੀ ਸੀ?" ਮਹਿਨੂਰ ਨੇ ਪੁੱਛਿਆ।

"ਇਸ ਮੇਲੇ ਨੂੰ 'ਬੇੜੀ ਦਾ ਮੇਲਾ' ਕਹਿੰਦੇ ਸਨ। ਸਾਵਣ ਦੇ ਮਹੀਨੇ ਬਰਸਾਤਾਂ ਦੇ ਪਾਣੀ ਨਾਲ਼ ਜਦੋਂ ਰਾਵੀ ਰੱਜ ਪੁੱਜ ਕੇ ਵਗਣ ਲੱਗਦੀ ਤਾਂ ਭਾਦਰੋਂ ਦੇ ਮਹੀਨੇ ਇਹ ਮੇਲਾ ਭਰਦਾ। ਪਹਿਲਾਂ-ਪਹਿਲ ਇਹ ਮੇਲਾ ਰਾਵੀ ਦੇ ਕੰਢੇ ਬਸਤੀਆਂ ਅਤੇ ਝੌਂਪੜੀਆਂ ਵਿੱਚ ਵਸਦੇ ਗੁੱਜਰ ਲੋਗ ਹੀ ਮਨਾਉਂਦੇ ਹੋਂਦੇ ਸਨ।ਅਸਲੋਂ ਇਹ ਸਾਰੇ ਰਸਮ-ਰਿਵਾਜ, ਤਿਉਹਾਰ, ਮੇਲੇ, ਛਿੰਝਾਂ ਸਾਡੀ ਲੋੜ ਵਿੱਚੋਂ ਹੀ ਉਪਜੇ ਨੇ। ਰਾਵੀ ਦੇ ਕੰਢੇ ਹਮੇਸ਼ ਹੀ ਸੰਘਣੀ ਵਸੇਬ ਪੈਦਾ ਕਰਦੇ ਆਏ ਨੇ। ਉਹ ਲੋਗ ਇਹਨਾਂ ਮੇਲਿਆਂ ਵਿੱਚ ਡੰਗਰਾਂ ਅਤੇ ਖਾਣ-ਪੀਣ ਵਾਲ਼ੀਆਂ ਵਸਤਾਂ ਦੇ ਨਾਲ਼ ਕੱਪੜੇ ਲੀੜੇ ਦਾ ਵਪਾਰ ਕਰ ਛੱਡਦੇ ਸੀ। ਹੌਲ਼ੀ-ਹੌਲ਼ੀ ਵਸੇਬ ਨੇ ਮੰਡੀ ਵਸਾ ਲਈ ਤੇ ਨਾਮ ਰੱਖ ਛੱਡਿਆ ਸ਼ਹਿਰ। ਸ਼ਹਿਰ ਦੀ ਭੀੜ ਵਿਚ ਬੰਦਾ ਗਵਾਚ ਗਿਆ ਅਤੇ ਸ਼ੈਵਾਂ ਪ੍ਰਧਾਨ ਹੋ ਗਈਆਂ। ਲੋਗ ਮੇਲੇ-ਗੇਲੇ ਕਰਨੇ ਹੀ ਭੁੱਲ ਬੈਠੇ।" ਨਫ਼ੀਸਾਂ ਡੂੰਘਾ ਹੌਕਾ ਭਰਦੀ ਬੋਲੀ।

"ਹੈਂ ਖ਼ਾਲਾ, ਤੁਸੀਂ ਨਿੱਕੀਆਂ ਹੋਂਦੀਆਂ ਆਵੰਦੀਆਂ ਹੋਂਦੀਆਂ ਸੀ ਇਸ ਮੇਲੇ ਵਿਚ?" ਗੁਲਨਾਰ ਨੇ ਪੁੱਛਿਆ।

"ਬਥੇਰੀ ਵਾਰ ਅਸੀਂ ਖ਼ੁਆਜਾ ਖਿਜ਼ਰ ਦੇ ਨਾਮ ਦਾ ਜ਼ਰਦਾ ਪ੍ਰਸ਼ਾਦ ਵੱਜੋਂ ਵੰਡਦੀਆਂ।

ਮਾਈ ਬੇੜੀਆਂ ਵਾਲ਼ੀ, ਜਿਸ ਨੇ ਵਰ੍ਹਿਆਂ ਤੀਕਰ ਇਸ ਇਬਾਦਤੀ ਰਵਾਇਤ ਨੂੰ ਕਾਇਮ ਰੱਖਿਆ ਸੀ, ਨੂੰ ਯਾਦ ਕਰਕੇ ਘਿਉ ਦੇ ਦੀਵੇ ਬਾਲ਼ਦੀਆ ਅਤੇ ਗੁਲਾਬ ਅਤੇ ਗੇਂਦੇ ਦੀਆਂ ਫੁੱਲ ਪੱਤੀਆਂ ਵੀ ਭੇਂਟ ਕਰਦੀਆਂ। ਲੋਗ ਕਾਗ਼ਜ਼ ਅਤੇ ਗੱਤੇ ਦੀਆਂ ਸ਼ਾਨਦਾਰ ਰੰਗ-ਬਰੰਗੀਆਂ ਬੇੜੀਆਂ ਬਣਾ ਕੇ ਰਾਵੀ ਵਿਚ ਤੇਰਦੇ ਅਤੇ ਸੁੱਖਾਂ ਬਰ ਆਉਣ ਲਈ ਮੰਨਤਾਂ ਮੰਗਦੇ। ਹੁਣ ਜ਼ਮਾਨਾ ਜ਼ਰਾ ਹੋਰ ਏ, ਲੋਗ ਮਿਠਾਈਆਂ ਵਰਤਾਉਂਦੇ ਨੇ। ” ਨਫ਼ੀਸਾਂ ਬੋਲੀ।



"ਪਰ ਆਹ ਬੇੜੀ ਨੂੰ ਰਾਵੀ ਨਾਲ਼ ਜੋੜਨ ਦਾ ਕੀ ਕਾਰਨ ਹੋਇਆ ਅੰਮੀ?" ਮਹਿਨੂਰ ਨੇ ਪੁੱਛਿਆ।

"ਬੇੜੀ ਪਾਰ ਲੰਘਾਉਂਦੀ ਏ ਪੁੱਤਰ ਇਹ ਪਾਣੀ ਵੀ ਸਾਡੇ ਪੀਰ ਹੋਂਦੇ ਨੇ। ਬੇੜੀ ਵਿੱਚ ਸਵਾਰ ਲੋਕ ਰਾਵੀ ਵਿੱਚੋਂ ਮੱਛੀਆਂ ਫੜ੍ਹ ਕੇ ਲਿਜਾਂਦੇ ਜੋ ਲਾਹੌਰ ਵਾਸੀਆਂ ਦੀ ਖ਼ੁਰਾਕ ਦਾ ਅਹਿਮ ਵਸੀਲਾ ਸੀ। ਆਉਣ-ਜਾਣ ਲਈ ਬੇੜੀਆਂ ਹੀ ਸਨ। ਵਕਤ ਨਾਲ਼ ਬਹੁਤ ਬਦਲਾਵ ਆ ਗਿਆ। ਕਈ ਵਰ੍ਹੇ ਤਾਂ ਇਹ ਮੇਲਾ-ਗੇਲਾ ਬੰਦ ਹੀ ਰਿਹਾ ਸੀ। ਹੁਣ ਫੇਰ ਇੱਕ ਫ਼ਕੀਰ, ਜਿਸ ਨੂੰ ਸ਼ਾਹ ਜੀ ਆਖਦੇ ਨੇ, ਸਦਕਾ ਲਾਹੌਰ ਸ਼ਹਿਰ ਜਾਗ ਪਿਆ ਏ। ਉਸ ਦੀ ਸੰਗਤ ਨਾਲ ਜੁੜੇ ਲੋਕਾਂ ਨੇ ਫੇਰ ਇਹ ਮੇਲਾ ਮਨਾਉਣ ਦਾ ਆਹਰ ਕੀਤਾ ਏ। ਪਰ ਆਹ ਜਿਹੜੀਆਂ ਰੋ-ਰੋ ਕੇ ਗਾਉਂਦੀਆਂ ਨੂਰਾਂ ਤੇ ਹਜ਼ੂਰਾਂ ਨੇ, ਇਹਨਾਂ ਕਦੇ ਵੀ ਨਹੀਂ ਰਾਵੀ ਦੇ ਪੱਤਣਾਂ ਤੇ ਆਉਣਾ ਛੋਡਿਆ। ”

"ਤੂੰ ਜਾਣਦੀ ਇਹਨਾਂ ਖ਼ਤੂਨਾਂ ਨੂੰ?" ਹੈਰਾਨੀ ਵੱਸ ਮਹਿਨੂਰ ਬੋਲੀ।

"ਆਹੋ ਇਹਨਾਂ ਨੂੰ ਕੌਣ ਨਹੀਂ ਜਾਣਦਾ? ਜਵਾਨੀ ਵੇਲੇ ਸਾਡੇ ਮੁਹੱਲੇ ਕਈ ਵਾਰੀ ਵਿਆਹ-ਮੁਕਲਾਵਿਆਂ ਤੇ ਅਤੇ ਖ਼ੁਸ਼ੀ ਦੇ ਹੋਰ ਮੌਕਿਆਂ ਤੇ ਗਾ ਕੇ ਮੰਗਣ ਆਉਂਦੀਆਂ ਹੋਂਦੀਆਂ ਸਨ। ਜ਼ਿੰਦਗੀ ਦੀਆਂ ਸਤਾਈਆਂ ਹੋਈਆਂ ਝੱਲੀਆਂ ਕਈ ਵਾਰੀ ਖ਼ੁਸ਼ੀ ਵੇਲੇ ਉਦਾਸ ਗੀਤ ਛੇੜ ਬਹਿੰਦੀਆਂ। ਇੰਞ ਹੀ ਕੀਤਾ ਇਹਨਾਂ ਜਦੋਂ ਤੇਰੇ ਮਾਮੇ ਦੇ ਜੁੜਵੇਂ ਪੁੱਤਰਾਂ ਦੇ ਨਕਾਹ ਦੀ ਵਧਾਈ ਲੈਣ ਆਈਆਂ ਸੀ। ਤੇਰੀ ਨਾਨੀ ਨੇ ਫਿਟਕਾਰ ਕੇ ਭਜਾ ਛੱਡੀਆਂ ਸਨ। ਉਸ ਦਿਨ ਮੈਂ ਸ਼ਗਨਾਂ ਮੌਕੇ ਗ਼ਰੀਬੜੀਆਂ ਨੂੰ ਘਰੋਂ ਖ਼ਾਲੀ ਤੋਰ ਕੇ ਸੱਚ ਨਾਲ਼ ਹੀ ਬੜੀ ਉਦਾਸ ਹੋਈ ਸਾਂ। ਗੁਨਾਹ ਵੱਸ ਮੇਰੇ ਦਿਲ ਵਿਚ ਹੀ ਆਣ ਬੈਠੀਆਂ। ਫੇਰ

ਇਹ ਮੈਨੂੰ ਕਈ ਵਰ੍ਹਿਆਂ ਮਗਰੋਂ ਰਾਵੀ ਦੇ ਕੰਢੇ ਉੱਤੇ ਹੀ ਗਾਉਂਦੀਆਂ ਮਿਲ਼ੀਆਂ। ਗੱਲਾਂ ਵਿੱਚ ਪਈ ਛੋਟੀ ਭੈਣ ਹਜ਼ੂਰਾਂ ਨੇ ਦੱਸਿਆ ਕਿ ਉਹ ਸਕੀਆਂ ਭੈਣਾਂ ਹਨ। ਮਾਪੇ ਨਿੱਕੀਆਂ ਹੁੰਦੀਆਂ ਦੇ ਫ਼ੌਤ ਹੋ ਗਏ ਸਨ। ਨੂਰਾਂ ਨੂੰ ਫੁੱਫੀ ਦੇ ਪੁੱਤਰ ਅਹਿਮਦ ਨਸੀਰ ਨਾਲ਼ ਵਿਆਹੁਣ ਦੀ ਜ਼ੁਬਾਨ ਅੰਮੀ ਇਹਦੇ ਜਨਮ ਵੇਲ਼ੇ ਹੀ ਦੇ ਗਏ ਸਨ। ਫੁੱਫੀ ਨੇ ਵੀ ਜ਼ੁਬਾਨ ਪੁਗਾਈ। ਚਾਵਾਂ ਨਾਲ਼ ਦੋਹਾਂ ਦਾ ਨਿਕਾਹ ਹੋਇਆ। ਯਤੀਮ ਭੈਣਾਂ ਨੂੰ ਸਹਾਰਾ ਮਿਲ਼ ਗਿਆ। ਅਹਿਮਦ ਨਸੀਰ ਇਹਦੇ ਸਿਰ ਦਾ ਸਾਈਂ ਸੀ ਤੇ ਮੇਰਾ ਭਰਾ ਸੀ। ਬੜੀ ਟੁੱਟ ਕੇ ਮੁਹੱਬਤ ਕਰਦੇ ਸਨ ਦੋਨੋਂ। ਨਿਰਾ ਘੁੱਗੀਆਂ ਦਾ ਜੋੜਾ ਲਗਦਾ ਹੋਂਦਾ ਸੀ। ਨਸੀਰ ਵੀ ਨੂਰਾਂ ਦੇ ਸਾਹਵਾਂ ਵਿੱਚ ਸਾਹ ਲੈਂਦਾ ਸੀ। ਇੱਕ ਵਾਰ ਯਾਰਾਂ ਬੇਲੀਆਂ ਤੋਂ ਸੁਣ-ਸੁਣਾ ਕੇ ਰੁਜ਼ਗਾਰ ਲਈ ਓਸ ਨੂੰ ਅਰਬ ਘਾਟੀ ਜਾਣ ਦਾ ਜਨੂਨ ਸਵਾਰ ਹੋ ਗਿਆ। ... ਜਦ ਹਜ਼ੂਰਾਂ ਸਾਨੂੰ ਆਪਣੀ ਹੱਡ-ਬੀਤੀ ਸੁਣਾ ਰਹੀ ਸੀ ਤਾਂ ਨੂਰਾਂ ਏਧਰ-ਓਧਰ ਝਾਕ ਰਹੀ ਸੀ ਜਿਵੇਂ ਉਹ ਸਾਡੇ ਕੋਲ ਹੀ ਨਾ ਹੋਵੇ। ਮੇਰੇ ਪੁੱਛਣ ਤੇ ਹਜ਼ੂਰਾਂ ਨੇ ਦੱਸਿਆ ਕਿ ਕਈ ਵਰ੍ਹੇ ਪਹਿਲਾਂ ਨੂਰਾਂ ਨੂੰ ਕੋਈ ਬੁਖ਼ਾਰ ਹੋਇਆ ਸੀ ਜੋ ਸਿਰ ਨੂੰ ਚੜ੍ਹ ਬੈਠਾ ਸੀ। ਉਸ ਤੋਂ ਬਾਅਦ ਇਹ ਅਸਲੋਂ ਹੀ ਬੋਲ਼ੀ ਹੋ ਗਈ ਸੀ। ਸ਼ੁਕਰ ਅੱਲਾਹ ਦਾ ਕਿ ਅੱਖਾਂ ਦੀ ਲੋਅ ਸਲਾਮਤ ਰਹੀ, ਨਹੀਂ ਤਾਂ ਜਹਾਨ ਕਿੱਦਾਂ ਤੱਕਦੀ।... ਹਾਂ ਸੱਚ ਅਹਿਮਦ ਨਸੀਰ ਦੀ ਰੁਖ਼ਸਤੀ ਤੋਂ ਇੱਕ ਦਿਨ ਪਹਿਲਾਂ ਬੇੜੀ ਦੇ ਮੇਲੇ ਦੀ ਰਾਤ ਸੀ। ਨੂਰਾਂ ਤੇ ਨਸੀਰ ਦੋਨੋਂ ਕਿਸੇ ਪੱਜ ਬੇੜੀ ਦਾ ਮੇਲਾ ਵੇਖਣ ਆ ਗਏ। ਦੋਹਾਂ ਖ਼ੂਬ ਮਸਤੀ ਕੀਤੀ ਅਤੇ ਫੇਰ ਅਹਿਮਦ ਨਸੀਰ ਨੂਰਾਂ ਨੂੰ ਰਾਵੀ ਦੇ ਪਰਲੇ ਕੰਢੇ ਲੈ ਗਿਆ ਅਤੇ ਬੋਲਿਆ, 'ਮੇਰੀ ਜਾਨ, ਮੈਂ ਤੇਰੇ ਕੁਰਬਾਨ! ਤੇਰੇ ਸਿਰ ਦਾ ਸਾਈਂ ਖ਼ੈਰ ਮੰਗ ਰਿਹਾ ਹੈ, ਤੈਨੂੰ ਅੱਲ੍ਹਾ ਦੀ ਕਸਮ, ਮੈਨੂੰ ਮਨ੍ਹਾ ਨਾ ਕਰੀਂ।' ਇਹ ਕਮਲ਼ੀ ਝੱਟ ਬੋਲੀ, 'ਜਾਨੀ, ਤੂੰ ਭਾਵੇਂ ਮੇਰੀ ਜਾਨ ਮੰਗ ਲੈ ਜਿਗਰ!' ਹੱਥ ਫੜ੍ਹ ਉਸ ਨੇ ਵਫ਼ਾ ਪਾਲਣ ਦਾ ਵਾਅਦਾ ਮੰਗਦਿਆਂ ਰਾਵੀ ਨੂੰ ਹਾਜ਼ਰ-ਨਾਜ਼ਰ ਸਮਝ ਕੇ ਗਵਾਹ ਬਣਾਇਆ ਅਤੇ ਪ੍ਰਦੇਸ ਜਾ ਕੇ ਕਮਾਈ ਕਰਕੇ ਪਰਤਣ ਦਾ ਆਪਦਾ ਫ਼ੈਸਲਾ ਸੁਣਾ ਦਿੱਤਾ।... ਉਨ੍ਹਾਂ ਰੋਂਦੀਆਂ ਕੁਰਲਾਉਂਦੀਆਂ ਨੇ ਅਹਿਮਦ ਨਸੀਰ ਨੂੰ ਚੰਗੇ ਭਵਿੱਖ ਲਈ ਵਿਦਾ ਕਰ ਦਿੱਤਾ ਕਿ ਉਹ ਜਾਣੇ, ਸੌਖਾ ਟੁੱਕਰ ਨਸੀਬ ਹੋ ਜਾਵੇ, ਚੰਗਾ ਘਰ-ਬਾਰ ਜੁੜ ਜਾਵੇ ਪਰ ਹੋਇਆ ਉਹ ਜੋ ਤਕਦੀਰ ਨੂੰ ਮਨਜ਼ੂਰ ਸੀ।... ਬੱਸ ਕਿਹੜੀਆਂ ਕਮਾਈਆਂ? ਕਿਹੜੇ ਚੰਗੇ ਭਵਿੱਖ? ਬਥੇਰੀਆਂ ਔਂਸੀਆਂ ਪਾਈਆਂ, ਖ਼ਤ ਲਿਖੇ ਪਰ ਕਿਹੜੇ ਪਰਤਾਵੇ ਆਉਣੇ ਸਨ। ਚਿਰਾਂ ਬਾਅਦ ਕਿਸੇ ਅਜਨਬੀ ਨੇ ਖ਼ਤ ਲਿਖ ਕੇ ਘੱਲਿਆ ਸੀ ਕਿ ਰਸਤੇ ਵਿੱਚ ਸਮੁੰਦਰੀ ਬੇੜਾ ਕਿਸੇ ਤੂਫ਼ਾਨ ਵਿਚ ਘਿਰ ਗਿਆ ਸੀ ਅਤੇ ਉਸ ਵਿਚ ਸਵਾਰ ਕਿਸੇ ਜੀਅ ਦੀ ਕੋਈ ਉੱਘ-ਸੁੱਘ ਨਹੀਂ ਸੀ ਆਈ।... ਅੱਲ੍ਹਾ ਜਾਣੇ ਕੇਹਾ ਭਾਣਾ ਵਰਤਿਆ। ਜ਼ਮੀਨ ਨਿਗਲ਼ ਗਈ ਜਾਂ ਅੰਬਰ! ... ਉਹ ਪਰਿੰਦਾ ਅਜ਼ਾਦ ਹੋ ਕੇ ਉਨ੍ਹਾਂ ਦੀ ਜ਼ਿੰਦਗੀ ਵਿੱਚੋਂ ਉੱਡ ਗਿਆ। ... ਹਜ਼ੂਰਾਂ ਦੀ ਅੰਮੀ ਜਾਈ ਨੂਰਾਂ ਹੀ ਉਸ ਦੀ ਇੱਕੋ-ਇਕ ਸਾਂਝ ਹੈ ਦੁਨੀਆ ਵਿਚ।... ਹਜ਼ੂਰਾਂ ਨੇ ਆਪਣੀ ਵੱਡੀ ਭੈਣ ਨੂਰਾਂ ਦੇ ਦੁੱਖ ਵਿੱਚ ਆਪਦਾ ਘਰ ਵੀ ਨਾ ਵਸਾਇਆ। ... ਉਸ ਨੇ ਨੂਰਾਂ ਦੇ ਲੇਖੇ ਆਪਦੀ ਸਾਰੀ ਹਯਾਤੀ ਲਿਖ ਛੱਡੀ।... ਨੂਰਾਂ ਇਸ਼ਕ ਵਿਚ ਝੱਲੀ ਹੋਈ ਕਹਿੰਦੀ ਹੈ ਕਿ ਅਹਿਮਦ ਨਸੀਰ ਇੱਕ ਦਿਨ ਜ਼ਰੂਰ ਪਰਤੇਗਾ।... ਪਾਣੀ ਵਿੱਚ ਤਰਦੀ ਓਸ ਬੇੜੀ ਨੂੰ ਹਰ ਸਾਲ ਹਾਕਾਂ ਮਾਰਨ ਆਉਂਦੀ ਹੈ। ਅਹਿਮਦ ਨਸੀਰ ਨੂੰ ਕੀਤਾ

ਕੌਲ ਯਾਦ ਕਰਾਉਣ ਆਉਂਦੀ ਹੈ। ਰਾਵੀ ਦੀ ਦਿੱਤੀ ਗਵਾਹੀ ਦਾ ਹਿਸਾਬ ਮੰਗਦੀ ਰਹਿੰਦੀ ਹੈ।... ਹਰ ਸਾਲ ਦੋਵੇਂ ਭੈਣਾਂ ਰਾਵੀ ਦੇ ਸਿਰਹਾਣੇ ਬੈਠ ਕੇ ਵਸਲ ਦੇ ਵਾਸਤੇ ਪਾ ਕੇ ਹਫ਼-ਟੁੱਟ ਕੇ ਘਰ ਪਰਤ ਜਾਂਦੀਆਂ ਹਨ।"

ਸਾਰੀ ਗਾਥਾ ਸੁਣ ਕੇ ਦੋਨੋਂ ਕੁੜੀਆਂ ਮਹਿਨੂਰ ਅਤੇ ਗੁਲਨਾਰ ਦੇ ਨੈਣ ਪਿਆਲੇ ਖਾਰੇ ਪਾਣੀਆਂ ਨਾਲ਼ ਭਰ-ਭਰ ਵਹਿ ਤੁਰੇ। ਗੁਲਨਾਰ ਦੇ ਬੁੱਲ੍ਹਾਂ ਤੇ ਹੇਠਲਾ ਗੀਤ ਮੱਲੋ-ਮੱਲੀ ਫ਼ੇਰੀ ਪਾ ਗਿਆ:

"ਕੱਚੀ ਟੁੱਟ ਗਈ ਜਿਨ੍ਹਾਂ ਦੀ ਯਾਰੀ
ਪੱਤਣਾਂ ਤੇ ਰੋਣ ਖੜ੍ਹੀਆਂ ..."

"ਰੋਵੋ ਨਾ ਭਾਗਾਂ-ਭਰੀਓ, ... ਪਾਣੀ ਤਾਂ ਹਯਾਤੀ ਦਾ ਰਖਵਾਲਾ ਹੈ, ਕਦੇ ਬੇਵਫ਼ਾਈ ਨਹੀਂ ਕਰਦਾ। ਜੇ ਬੰਦਾ ਪਾਣੀ ਵਰਗਾ ਹੋ ਜੇ, ਇਹਦੀ ਜਾਤ ਕਬੂਲ ਲਵੇ ਤਾਂ ਬੇੜੀਆਂ ਕਦੇ ਨਾ ਡੁੱਬਣ। ਅਸੀਂ ਤਾਂ ਪੱਥਰ ਹੋ ਗਏ ਹਾਂ ਲਾਡੋ ਰਾਣੀਓਂ। ਬੇੜੀ ਵਿਚ ਪਏ ਭਾਰੇ ਪੱਥਰ।... ਔਹ ਵੇਖੋ, ਰਾਵੀ ਵਿੱਚ ਤਰਦੀ ਬੇੜੀ ਸਭ ਜੀਆਂ ਨੂੰ ਪਾਰ ਲਾ ਰਹੀ ਹੈ।" ਨਫ਼ੀਸਾਂ ਨੇ ਕਿਹਾ।

ਦੂਰ ਰਾਵੀ ਦੀਆਂ ਲਹਿਰਾਂ ਵਿੱਚ ਤੈਰਦੀ ਬੇੜੀ ਕੰਢੇ ਵੱਲ ਨੂੰ ਆ ਰਹੀ ਸੀ। ਢੋਲੀ ਦੀ ਥਾਪ ਹਵਾ ਨਾਲ਼ ਘੁਲ਼-ਮਿਲ਼ ਸ਼ਹਿਰ ਵਿੱਚ ਵਸਦੀ ਖ਼ਲਕਤ ਨਾਲ ਬਾਤ ਪਾ ਰਹੀ ਲੱਗਦੀ ਸੀ। ਨੂਰਾਂ ਅਤੇ ਹਜ਼ੂਰਾਂ ਚੜ੍ਹਦੇ ਵੱਲੋਂ ਆਇਆ ਧਨੀ ਰਾਮ ਚਾਤ੍ਰਿਕ ਦਾ ਕਲਾਮ ਗਾ ਰਹੀਆਂ ਸਨ:

ਚਾਨਣ ਜੀ! ਤੁਸੀਂ ਲੰਘਦੇ-ਲੰਘਦੇ ਕੀ ਅੱਖੀਆਂ ਨੂੰ ਕਹਿਗੇ
ਖਿੱਚ-ਖਿੱਚੇ ਕਰ ਲੰਮੀਆਂ ਬਾਹੀਂ ਫੜਦੇ-ਫੜਦੇ ਰਹਿਗੇ
ਭਜ-ਭਜ ਮੋਏ ਹੱਥ ਨਾ ਆਏ ਘੁੱਟ ਕਲੇਜਾ ਬਹਿਗੇ
ਹਾੜੇ ਸਾਡੇ ਖੁੰਝ ਜ਼ਬਾਨੋਂ, ਅੱਖੀਆਂ ਥਾਣੀਂ ਵਹਿ ਗਏ
ਚਾਨਣ ਜੀ, ਤੁਸੀਂ ਲੰਘਦੇ ਲੰਘਦੇ ਕੀ ਅੱਖੀਆਂ ਨੂੰ ਕਹਿਗੇ।...

ਨਫ਼ੀਸਾਂ ਨੇ ਚੁੰਨੀ ਦੇ ਲੜ ਬੰਨ੍ਹੇ ਕੁੱਝ ਰੁਪਈਏ ਮਹਿਨੂਰ ਦੇ ਹੱਥ ਫੜਾਏ ਅਤੇ ਇਸ਼ਾਰਾ ਕਰ ਕੇ ਨੂਰਾਂ ਅਤੇ ਹਜ਼ੂਰਾਂ ਨੂੰ ਦੇਣ ਲਈ ਕਿਹਾ। ਗੁਲਨਾਰ ਵੀ ਉਸ ਦੇ ਨਾਲ ਤੁਰ ਪਈ। ਕੋਲ਼ ਜਾ ਕੇ ਉਹਨਾਂ ਨੇ ਨੂਰਾਂ ਅਤੇ ਹਜ਼ੂਰਾਂ ਦੇ ਚਿਹਰੇ-ਮੋਹਰੇ ਨਿਹਾਰੇ। ਦਰਦਾਂ ਮਾਰੀਆਂ ਨੂਰਾਂ ਅਤੇ ਹਜ਼ੂਰਾਂ ਜਿਵੇਂ ਆਪਦੇ ਹੰਝੂਆਂ ਨਾਲ਼ ਰਾਵੀ ਦਰਿਆ ਨੂੰ ਖੌਲ਼ਦਾ ਸਮੁੰਦਰ ਬਣਾਉਣ ਲੱਗੀਆਂ ਹੋਣ। ਬੇੜੀ ਵਿੱਚੋਂ ਸਵਾਰ ਬੱਚੇ ਕਿਲਕਾਰੀਆਂ ਮਾਰਦੇ ਪੱਤਣ ਉੱਤੇ ਆਣ ਉੱਤਰੇ ਅਤੇ ਆਪੋ-ਆਪਣੇ ਮਾਪਿਆਂ ਵੱਲੀਂ ਭੱਜ ਨਿਕਲ਼ੇ। ਅੱਧੀ ਰਾਤ ਹੋ ਚੁੱਕੀ ਸੀ। ਮੇਲਾ ਨਿੱਖੜ ਰਿਹਾ ਸੀ। ਰਾਵੀ ਵੀ ਸ਼ਾਂਤ ਹੋ ਕੇ ਵਗਣ ਲੱਗੀ।

ਚੁੱਪ-ਚਾਪ ਸਾਰੇ ਰਾਹ ਨਫ਼ੀਸਾਂ ਦੇ ਮਗਰ ਤੁਰੀਆਂ ਜਾਂਦੀਆਂ ਮਹਿਨੂਰ ਅਤੇ ਗੁਲਨਾਰ ਨੂੰ ਰਾਵੀ ਢੇਰ ਅਸੀਸਾਂ ਦਿੰਦੀ ਜਾਪੀ ਅਤੇ ਉਹਨਾਂ ਨੂੰ ਲੱਗਿਆ ਜਿਵੇਂ ਘਰ ਵਾਪਸੀ ਦਾ ਸਫ਼ਰ ਪੈਦਲ ਨਾ ਹੋਵੇ ਬਲਕਿ ਉਹ ਤਿੰਨੇਂ ਜਣੀਆਂ ਕਿਸੇ ਬੇੜੀ ਵਿਚ ਸਵਾਰ ਹੋਣ ਜਿਸ ਦਾ ਚੱਪੂ ਰਾਵੀ ਆਪ ਚਲਾ ਰਹੀ ਹੋਵੇ।

(**ਸੰਪਰਕ : 604-799-7978**)

ਕਹਾਣੀ

# ਭਰਮਜਾਲ਼

ਵਿਪਨ ਗਿੱਲ



ਅਰਬ ਸਾਗਰ ਦੇ ਬਲੌਰੀ ਪਾਣੀਆਂ ਵਿੱਚ ਅਕਵੇਰੀਅਮ ਦੀ ਮੱਛੀ ਤੈਰ ਰਹੀ ਸੀ। ਉਲਝੀਆਂ ਲਹਿਰਾਂ, ਆਪਣੀ ਬੇਚੈਨੀ ਤੋਂ ਨਿਜ਼ਾਤ ਪਾਉਣ ਲਈ, ਦੌੜਦੀਆਂ ਹੋਈਆਂ ਕਿਨਾਰੇ ਵੱਲ ਆਉਂਦੀਆਂ ਤੇ ਫਿਰ ਆਰਾਮ ਨਾਲ ਰੇਤ ’ਤੇ ਵਿਛ ਜਾਂਦੀਆਂ। ਉਲਝੀ ਹੋਈ ਨੀਰਜਾ ਵੀ ਇਹਨਾਂ ਲਹਿਰਾਂ ਸੰਗ ਤੈਰ ਰਹੀ ਸੀ...ਜਿਵੇਂ ਆਪਣੀਆਂ ਗੁੰਝਲਾਂ ਨੂੰ ਇਹਨਾਂ ਲਹਿਰਾਂ ਦੀ ਕਸ਼ਮਕਸ਼ ਸੰਗ ਘੋਲ ਰਹੀ ਹੋਵੇ।

ਬੀਚ ’ਤੇ ਦੂਰ-ਦੂਰ ਤਕ ਫ਼ੈਲੇ, ਹਰੇ ਕਚੂਰ ਨਾਰੀਅਲ ਦੇ ਰੁੱਖ... ਸਾਹਮਣੇ ਨੀਲੇ ਗੁੰਬਦ ਸੰਗ ਇੱਕਮਿਕ ਹੋ ਰਿਹਾ ਅੰਬਰ... ਸਮੁੰਦਰੀ ਚਿੜੀਆਂ ਦੀ ਚਹਿਚਹਾਟ... ਸਟੀਮ ਬੋਟ ਨੂੰ ਸਮੁੰਦਰ ਦੀ ਹਿੱਕ ’ਚ ਧੱਕਦਾ ਜਾ ਰਿਹਾ ਇੱਕ ਅੱਲ੍ਹੜ ਗੱਭਰੂ... ਕਿਸ਼ਤੀਆਂ ਨੂੰ ਲਹਿਰਾਂ ਵੱਲ ਧੱਕ ਕੇ ਲਿਜਾ ਰਹੇ ਮਛੇਰੇ... ਬੀਚ ’ਤੇ ਚਹਿਲਕਦਮੀਂ ਕਰ ਰਹੇ ਸੈਲਾਨੀ... ਲਹਿਰਾਂ ਸੰਗ ਸ਼ਰਾਰਤਾਂ ਕਰਦੇ ਬਾਲ... ਤੇ ਲੁਕਣ ਮੀਟੀ ਖੇਡ ਰਹੇ ਕੇਕੜੇ...

ਉਹ ਸਵਿਮਿੰਗ ਸੂਟ ਪਾਈ ਕਿਨਾਰੇ ਨਾਲ ਅਠਖੇਲੀਆਂ ਕਰ ਰਹੀਆਂ ਲਹਿਰਾਂ ਨਾਲ ਖੇਡਣ ਲੱਗੀ। ਪਿਛਾਂਹ ਨੂੰ ਜਾਂਦੀਆਂ ਲਹਿਰਾਂ ਸੰਗ, ਨੀਰਜਾ ਵੀ ਸਮੁੰਦਰ ਦਾ ਹਿੱਸਾ ਬਣ, ਉਸਦੇ ਅੰਦਰ ਵੜਦੀ ਗਈ। ਫਿਰ ਇੱਕ ਤਿੱਖੀ ਲਹਿਰ ਨੇ ਉਸਦੇ ਪੈਰ ਜ਼ਮੀਨ ਤੋਂ ਉਖਾੜ ਦਿੱਤੇ ਤੇ ਉਸਨੂੰ ਆਪਣੇ ਨਾਲ ਸਾਗਰ ਵੱਲ ਵਹਾ ਲਿਆ ਤੇ ਨੀਰਜਾ ਅੰਬਰ ਵੱਲ ਨਿਗਾਹ ਟਿਕਾਈ ਮੁਰਦਾ ਤਾਰੀ ਤਰਨ ਲੱਗੀ। ਕੁਝ ਚਿਰ ਬਾਅਦ ਉਹ ਤੈਰਦੀ ਹੋਈ ਵਾਪਸ ਕਿਨਾਰੇ ਵੱਲ ਆ ਗਈ ਤੇ ਸੁਨਹਿਰੀ ਰੇਤ ’ਤੇ ਆ ਕੇ ਲੇਟ ਗਈ।

ਚੜ੍ਹਦੀ ਸਵੇਰ ਦੀ ਕੋਸੀ-ਕੋਸੀ ਧੁੱਪ ’ਚ, ਨੀਲੇ-ਪੀਲੇ ਰੰਗੇ ਸਵਿਮਿੰਗ ਸੂਟ ’ਚ, ਸੁਨਹਿਰੀ ਰੇਤ ਤੇ ਊਂਧੀ ਲੇਟੀ ਨੀਰਜਾ ਸਮੁੰਦਰੀ ਮੱਛੀ ਵਾਂਗ ਜਾਪਦੀ ਸੀ।ਬੀਚ ਦੀ ਚਹਿਲ-ਪਹਿਲ ਤੋਂ ਬੇਖ਼ਬਰ ਉਹ ਅੱਖਾਂ ਮੁੰਦ ਕੇ ਸ਼ਾਂਤ ਅਵਸਥਾ ’ਚ ਲੇਟੀ ਹੋਈ ਸੀ। ਵਿਚ-ਵਿਚਾਲੇ, ਉਹ ਅੱਖਾਂ ਖੋਲ੍ਹਦੀ ਤੇ ਸ਼ੋਰ ਮਚਾਉਂਦੀਆਂ ਲਹਿਰਾਂ ਵੱਲ ਮੁੜ ਤੱਕਦੀ ਤੇ ਮੁਸਕਰਾ ਪੈਂਦੀ।

ਕਾਟੇਜ ਇੱਥੋਂ ਜਿਆਦਾ ਦੂਰ ਨਹੀਂ ਸੀ। ਉਸ ਦੀ ਪਿੱਠ ਦੇ ਐਨ ਪਿੱਛੇ... ਮਸਾਂ ਸੌ - ਡੇਢ ਸੌ ਕਦਮ ਦੂਰ। ‘ਸ਼ਾਇਦ ਉਹ ਜਾਗ ਗਿਆ ਹੋਵੇਗਾ।’ ਨੀਰਜਾ ਨੂੰ ਖ਼ਿਆਲ ਆਇਆ। ਅੱਜ ਸਵੇਰੇ ਜਦੋਂ ਉਹ ਕਾਟੇਜ ’ਚੋਂ ਬਾਹਰ ਨਿਕਲੀ ਸੀ ਤਾਂ ਪਵਨ ਬੈੱਡ ’ਤੇ ਸਕੂਨ ਨਾਲ ਸੁੱਤਾ ਪਿਆ ਸੀ... ਸਭ ਕਾਸੇ ਤੋਂ ਬੇਖਬਰ ...ਨਿਸ਼ਚਿੰਤ.., ਜਿਵੇਂ ਕੋਈ ਦਾਨਵ ਤਬਾਹੀ ਮਚਾਉਣ ਪਿੱਛੋਂ ਆਰਾਮ ਫ਼ਰਮਾ ਰਿਹਾ ਹੋਵੇ। ਉਸ ਨੂੰ ਆਪਣੀ ਮਾਂ ਦੇ ਬੋਲ ਯਾਦ ਆਏ,‘ਰਾਤ ਵੇਲੇ ਮਾੜੀਆਂ ਚੀਜ਼ਾਂ ਦਾ ਪਹਿਰਾ ਹੁੰਦਾ, ਭੂਤ...ਪ੍ਰੇਤ... ਪਿਸਾਚ।’ ਉਸਨੇ ਘੂਕ ਸੁੱਤੇ ਪਏ ਪਵਨ ਦੇ ਚਿਹਰੇ ਨੂੰ ਗਹੁ ਨਾਲ ਵੇਖਿਆ ਤੇ ਖਿਝ ਕੇ ਬੁੜਬੁੜਾਈ,

"ਭੋਲਾ ਸ਼ੈਤਾਨ।" ਅਚਾਨਕ ਉਸਦੇ ਅੰਦਰ ਅਪਰਾਧ ਬੋਧ ਗੋਲੇ ਵਾਂਗ ਉੱਠਿਆ ਤੇ ਉਸਨੇ ਤੁਰੰਤ ਆਪਣੇ ਸ਼ਬਦਾਂ ਨੂੰ ਦਰੁਸਤ ਕੀਤਾ..., "ਝੱਲਾ ਜਿਹਾ।" ਫਿਰ ਉਹ ਹੌਲੀ ਜਿਹੀ ਦਰਵਾਜ਼ਾ ਬੰਦ ਕਰਕੇ ਕਮਰੇ 'ਚੋਂ ਬਾਹਰ ਨਿਕਲ ਆਈ ਸੀ।



ਨੀਲੀ ਸਵੇਰ ਸਮੁੰਦਰ ਦੀਆਂ ਲਹਿਰਾਂ ਚ ਸਮਾਅ ਗਈ ਤੇ ਸੂਰਜ ਦੀਆਂ ਸੁਨਹਿਰੀ ਕਿਰਨਾਂ ਪਾਣੀ ਦੇ ਪਿੰਡੇ ਉੱਤੇ ਮੋਤੀਆਂ ਵਾਂਗ ਲਿਸ਼ਕਣ ਲੱਗੀਆਂ। ਨੀਰਜਾ ਨੇ ਆਪਣਾ ਗਾਊਨ ਪਾਇਆ, ਪਾਣੀ ਵਾਲੀ ਬੋਤਲ ਚੁੱਕੀ ਤੇ ਕਾਟੇਜ ਵੱਲ ਤੁਰ ਪਈ।

ਪਰਸੋਂ ਦੁਪਹਿਰ, ਜਦੋਂ ਉਹ ਕਾਟੇਜ 'ਚ ਦਾਖਲ ਹੋਏ ਸਨ ਤਾਂ ਕੁਝ ਮਹੀਨਿਆਂ ਤੋਂ ਆਸ਼ਾ ਤੇ ਨਿਰਾਸ਼ਾ ਸੰਗ ਅੱਡੀ-ਖੱਡਾ ਖੇਡਦੀ ਨੀਰਜਾ ਨੇ ਕਾਟੇਜ ਦੇ ਵਿਹੜੇ 'ਚ ਖਿੱਲਰੀ ਸੁਨਹਿਰੀ ਰੇਤ ਵਿੱਚ ਖਿੜੇ ਦਹਿਕਦੇ ਫੁੱਲਾਂ ਵੱਲ ਦੇਖ ਕੇ ਇੱਕ ਥੀਸਿਸ ਘੜਿਆ... 'ਰੇਤ ਵਿੱਚ ਵੀ ਫੁੱਲ ਖਿੜਾਏ ਜਾ ਸਕਦੇ ਨੇ.. ਥੋੜ੍ਹੀ ਨਹੀਂ, ਬਹੁਤ ਜਿਆਦਾ ਮੁਸ਼ੱਕਤ ਨਾਲ' ਪਰ ਕੱਲ੍ਹ ਸ਼ਾਮ ਉਸਨੇ ਕਾਟੇਜ ਦੇ ਪਿਛਵਾੜੇ 'ਚ ਇਕ ਮਰੀਅਲ ਜਿਹੀ ਲਕਵੇ ਦੀ ਮਾਰੀ ਬਿੱਲੀ ਨੂੰ ਦੇਖਿਆ। ਉਸ ਬਿੱਲੀ ਦੇ ਆਲੇ-ਦੁਆਲੇ ਪੰਜ-ਛੇ ਬਰੈੱਡ ਦੇ ਟੁਕੜੇ ਅਤੇ ਇੱਕ ਦੁੱਧ ਦੀ ਭਰੀ ਕਟੋਰੀ ਪਈ ਸੀ। ਨੀਰਜਾ ਨੂੰ ਬਿੱਲੀ ਬੜੀ ਬੇਜ਼ਾਰ ਦਿਸੀ।ਉਸ ਦੀਆਂ ਉੱਜੜੀਆਂ ਅੱਖਾਂ 'ਚ ਨੀਰਜਾ ਨੂੰ ਕਿਣਕਾ ਕੁ ਵੀ ਜ਼ਿੰਦਗੀ ਨਜ਼ਰ ਨਹੀਂ ਆਈ। ਉਸ ਵੱਲ ਦੇਖ ਕੇ ਨੀਰਜਾ ਦੇ ਮੂੰਹੋਂ ਅਚਾਨਕ ਨਿੱਕਲ ਗਿਆ... "ਜਾ ਮਰ ਪਰ੍ਹਾਂ" ਤੇ ਫਿਰ ਨੀਰਜਾ ਦੇ ਅੰਦਰੋਂ ਫਿਟਕਾਰ ਪਈ... "ਜ਼ਾਲਿਮ ਔਰਤ।"

ਤੇ ਅੱਜ ਜਦੋਂ ਉਹ ਬੀਚ ਤੋਂ ਮੁੜੀ ਤਾਂ ਕਾਟੇਜ ਦੇ ਪਿਛਵਾੜੇ ਵਿੱਚ ਬਿੱਲੀ ਉਸੇ ਥਾਂ ਲਿਟੀ ਹੋਈ ਸੀ ਉਸਦੇ ਆਸ-ਪਾਸ ਕੁਝ ਪੰਛੀ ਬਰੈੱਡ ਦੇ ਭੋਰੇ ਚੁਗ ਰਹੇ ਸਨ। ਨੀਰਜਾ ਨੂੰ ਬਿੱਲੀ ਤੇ ਪਿਆਰ ਆਇਆ। ਉਸਨੇ ਪਿਆਰ ਨਾਲ ਪੁਚਕਾਰਿਆ... "ਕੈਟੀ"। ਬਿੱਲੀ ਨੇ ਰਤਾ ਕੁ ਸਿਰ ਘੁਮਾਇਆ ਤੇ ਫਿਰ ਬਿਨਾਂ ਕੋਈ ਉਤਸੁਕਤਾ ਦਿਖਾਉਂਦਿਆਂ ਮੁੜ ਸਿਰ ਰੇਤ 'ਤੇ ਸੁੱਟ ਲਿਆ। ਉਸਨੂੰ ਦੇਖ ਕੇ ਨੀਰਜਾ ਵੀ ਬੇਜ਼ਾਰ ਜਿਹੀ ਹੋ ਗਈ ।

ਜਦੋਂ ਨੀਰਜਾ ਵਾਪਸ ਕਮਰੇ 'ਚ ਆਈ ਤਾਂ ਪਵਨ ਕਮਰੇ 'ਚ ਨਹੀਂ ਸੀ। ਕਮਰੇ ਦੀ

ਸਫ਼ਾਈ ਹੋ ਚੁੱਕੀ ਸੀ। ਮੇਜ਼ ਉੱਤੇ ਕੁਝ ਜੂਠੇ ਭਾਂਡੇ ਅਤੇ ਅੱਧ ਪਚੱਧਾ ਬਚਿਆ ਖਾਣਾ ਪਿਆ ਸੀ। ਇਸ ਦਾ ਮਤਲਬ ਸੀ ਕਿ ਪਵਨ ਖਾਣਾ ਖਾ ਚੁੱਕਾ ਸੀ। ਨੀਰਜਾ ਨੇ ਬਾਥਰੂਮ ਜਾ ਕੇ ਸ਼ਾਵਰ ਲਿਆ ਤੇ ਕਮਰੇ 'ਚ ਆ ਕੇ ਵਾਲਾਂ ਨੂੰ ਡਰਾਇਰ ਕੀਤਾ। ਫਿਰ ਉਹ ਬੈੱਡ ਉੱਤੇ ਲੇਟ ਗਈ। ਰਾਤ ਦੇ ਉਨੀਂਦਰੇ ਕਾਰਣ ਉਸਦੀਆਂ ਅੱਖਾਂ ਚ ਨੀਂਦਰ ਉਤਰਨ ਲੱਗੀ।

ਇਹ ਗੱਲ ਤਾਂ ਉਹ ਦੋਵੇਂ ਜਾਣਦੇ ਸਨ ਕਿ ਉਨਾਂ ਦੇ ਰਿਸ਼ਤੇ 'ਚ ਸਾਹ-ਸਤ ਮੁੱਕ ਚੁੱਕਾ ਸੀ। ਭਲਾ ਜ਼ਰਜ਼ਰ ਹੋ ਰਹੇ ਰਿਸ਼ਤੇ ਨੂੰ ਕਿੰਨੇ ਕੁ ਠੁੰਮਣੇ ਦੇ ਕੇ ਬਚਾਇਆ ਜਾ ਸਕਦਾ ਸੀ? ਜ਼ਿੰਦਗੀ ਦੀ ਤੋਰ ਸੰਗ ਹੌਲੀ-ਹੌਲੀ ਸਭ ਕੁਝ ਬਦਲਦਾ ਗਿਆ। ਉਹ ਨੀਰਜਾ ਗੁਪਤਾ ਤੋਂ ਐਂਕਰ ਲਾਈਬਾ ਭਾਟੀਆ ਬਣ ਗਈ ਤੇ ਆਉਣ ਵਾਲੇ ਸਮੇਂ ਚ ਐਕਟਰਸ ਲਾਈਬਾ ਭਾਟੀਆ ਬਣ ਜਾਏਗੀ ਪਰ ਪਵਨ ਤਾਂ ਪਵਨ ਸੀ।

ਉਸ ਵਕਤ ਜ਼ਿੰਦਗੀ ਦੀ ਬਿਸਾਤ 'ਤੇ ਕਿੰਨੇ ਹੀ ਸਾਰੇ ਮੋਹਰੇ ਸਨ! ਸ਼ਹਿਰ ਦਰਮਿਆਨਾ ਜਿਹਾ ਸੀ। ਕਸਬੇ ਤੋਂ ਵੱਡਾ ਪਰ ਵੱਡੇ ਸ਼ਹਿਰ ਤੋਂ ਕਾਫੀ ਛੋਟਾ। ਸ਼ਹਿਰ ਦਾ ਢਿੱਡ ਚੀਰ ਕੇ ਨਿਕਲਦਾ... ਸ਼ਾਹ ਮਾਰਗ ਤੇ ਇਸ ਉਸ ਸ਼ਾਹ ਮਾਰਗ 'ਤੇ ਵਸਿਆ ਘੁੱਗ ਸ਼ਹਿਰ... ਇੱਕ ਵੱਡਾ ਮਾਲ... ਬਹੁਤ ਸਾਰੀਆਂ ਛੋਟੀਆਂ -ਵੱਡੀਆਂ ਦੁਕਾਨਾਂ ਤੇ ਸ਼ੋਅ ਰੂਮ।ਮੁਹੱਲਿਆਂ ਚ ਖੁੱਲ੍ਹਦੀਆਂ ਛੋਟੀਆਂ ਗਲੀਆਂ ਮੇਨ ਬਾਜ਼ਾਰ ਨਾਲ ਇੰਝ ਜਾ ਜੁੜਦੀਆਂ ਜਿਵੇਂ ਦਿਲ ਸੰਗ ਧਮਣੀਆਂ। ਇਹਨਾਂ ਗਲੀਆਂ 'ਚ ਗੁਪਤਿਆਂ ਦੇ ਮੁਹੱਲੇ ਦੇ ਪਿਛਲੇ ਪਾਸੇ 'ਗਲੀ ਮੁਰੱਬਿਆਂ ਵਾਲੀ' ਸੀ, ਜਿੱਥੇ ਬਹੁਤੇ ਘਰ ਅਰੋੜਿਆਂ ਦੇ ਸਨ। ਇਹ ਅਰੋੜੇ ਵੰਡ ਵੇਲੇ ਸਰਗੋਧੇ ਤੋਂ ਆ ਕੇ ਇੱਥੇ ਵਸੇ ਸਨ। ਪਵਨ ਦੇ ਪੜਦਾਦੇ ਦੀ ਸਰਗੋਧੇ 'ਚ ਮਸ਼ਹੂਰ ਮਠਿਆਈਆਂ ਦੀ ਦੁਕਾਨ ਸੀ। ਸੰਤਾਲ਼ੀ ਦੀ ਵੰਡ ਤੋਂ ਬਾਅਦ,ਜਦੋਂ ਉਹ ਆਪਣੇ ਕੁਨਬੇ ਦੇ ਕੁਝ ਬੰਦਿਆਂ ਨਾਲ ਸਰਗੋਧੇ ਤੋਂ ਆ ਕੇ ਇਸ ਗਲੀ ਚ ਆ ਵੱਸਿਆ ਤਾਂ ਉਸਨੇ ਘਰ ਤੋਂ ਕੁਝ ਕਦਮ ਦੂਰ, ਚੌਂਕ 'ਚ ਮੁੜ ਪੁਰਾਣਾ ਕਾਰੋਬਾਰ ਸ਼ੁਰੂ ਕਰ ਲਿਆ ਸੀ ਤੇ ਇਨ੍ਹਾਂ ਨਕਸ਼ੇ ਕਦਮਾਂ 'ਤੇ ਤੁਰਦਿਆਂ ਪਵਨ ਦੇ ਪਿਓ ਨੇ ਇਸ ਕਾਰੋਬਾਰ ਨੂੰ ਇੰਨਾ ਅਗਾਂਹ ਵਧਾ ਲਿਆ ਕਿ ਪੂਰੇ ਇਲਾਕੇ ਦੇ ਲੋਕ ਉਹਨਾਂ ਦੀ ਦੁਕਾਨ ਦੇ ਕੜਾਹ ਕਤਲੰਮੇ, ਪਕੌੜੇ ਅਤੇ ਮਠਿਆਈਆਂ ਦਾ ਜ਼ਿਕਰ ਚਟਕਾਰੇ ਲਾ ਕੇ ਕਰਦੇ ਸਨ।

ਨੀਰਜਾ ਸ਼ਹਿਰ ਦੇ ਮਸ਼ਹੂਰ 'ਗੁਪਤਾ ਕਲਾਥ ਹਾਊਸ' ਵਾਲਿਆਂ ਦੀ ਲਾਡਲੀ ਧੀ ਸੀ ਉਸ ਦਾ ਛੋਟਾ ਭਰਾ ਅੰਕਿਤ, ਉਸ ਤੋਂ ਲੱਗਭਗ ਸਾਢੇ ਚਾਰ ਸਾਲ ਛੋਟਾ ਸੀ। ਨੀਰਜਾ ਦਾ ਪਿਉ ਸ਼ਾਮ ਗੁਪਤਾ ਪੱਕਾ ਬਾਣੀਆ ਸੀ। ਹਿਸਾਬ -ਕਿਤਾਬ ਤਾਂ ਉਸਦੇ ਡੀ.ਐਨ.ਏ 'ਤੇ ਪ੍ਰਿੰਟ ਸੀ। ਉਸ ਦਾ ਦਿਮਾਗੀ ਕੈਲਕੂਲੇਟਰ ਉਸਨੂੰ ਪੂਰਾ ਜੋੜ ਘਟਾਓ ਕਰਕੇ ਦੱਸਦਾ ਕਿ ਉਸਦੀ ਇਕਲੌਤੀ ਧੀ ਲਈ ਨੋਟਾਂ ਨਾਲ ਸੱਜੇ ਕਿੰਨੇ ਥਾਲ ਤੇ ਸ਼ਨੀਲ ਦੇ ਡੱਬਿਆਂ ਚ ਬੰਦ ਜੇਵਰਾਤਾਂ ਤੋਂ ਇਲਾਵਾ ਕਿਹੜੀ ਗੱਡੀ ਦਿੱਤੀ ਜਾਵੇਗੀ ਤੇ ਉਸਦੇ ਪੁੱਤਰ ਦੇ ਵਿਆਹ ਤੇ ਕਿੰਨਾ ਕੁ ਮੁੜ ਕੇ ਆਉਣਾ ਚਾਹੀਦਾ ਤਾਂ ਜੋ ਕਿਸੇ ਕਿਸਮ ਦਾ ਕੋਈ ਘਾਟਾ ਸਹਿਣਾ ਨਾ ਪਵੇ। ਹਿਸਾਬ-ਕਿਤਾਬ ਦੇ ਪੱਕੇ ਉਸ ਬਾਣੀਏ ਨੇ ਆਪਣੇ ਜਵਾਕਾਂ ਦੇ ਜੰਮਣ ਤੋਂ ਲੈ ਕੇ ਹੁਣ ਤਕ ਚੱਲਦੇ ਆ ਰਹੇ ਸਾਰੇ ਖਰਚੇ ਇੱਕ ਵੱਖਰੀ ਡਾਇਰੀ ਤੇ ਲਿਖੇ ਹੋਏ ਸਨ ਜਿਸ ਉੱਤੇ ਉਹ ਲੋੜ ਮੁਤਾਬਿਕ ਜੋੜ ਘਟਾਓ ਕਰਦਾ ਰਹਿੰਦਾ ਸੀ।

ਗਲੀਆਂ ਵੱਖ ਹੋਣ ਦੇ ਬਾਵਜੂਦ ਪਵਨ ਤੇ ਨੀਰਜਾ ਦੇ ਘਰਾਂ ਵਿਚਾਲੇ ਮਸਾਂ ਚਾਰ

ਕੁ ਘਰਾਂ ਦੀਆਂ ਛੱਤਾਂ ਹੋਰ ਸਨ। ਦੋਵੇਂ ਸ਼ਹਿਰ ਦੇ ਇੱਕੋ ਇੱਕ ਮਸ਼ਹੂਰ ਕਾਨਵੈਂਟ ਸਕੂਲ ਚ ਪੜ੍ਹਦੇ ਸਨ। ਅੱਲੜ੍ਹ ਵਰੇਸ ’ਚ ਜਦੋਂ ਪਵਨ ਆਪਣੇ ਮਿੱਤਰਾਂ ਨਾਲ ਘਰ ਦੀ ਪਹਿਲੀ ਮੰਜ਼ਿਲ ’ਤੇ ਗੁੱਡੀ ਉਡਾਉਂਦਾ ਤਾਂ ਚਾਰ ਛੱਤਾਂ ਅਗਾਂਹ ਸ਼ਰਾਰਤੀ ਨੀਰਜਾ ਆਪਣੇ ਘਰ ਦੀ ਤੀਜੀ ਮੰਜ਼ਿਲ ਤੇ ਢਾਂਗਾ ਚੁੱਕ ਕੇ ਗੁੱਡੀ ਲਾਉਣ ਦੀ ਤਾਕ ’ਚ ਖੜ੍ਹੀ ਹੁੰਦੀ। ਕਈ ਵਾਰ ਉਹਦਾ ਦਾਅ ਵੀ ਲੱਗ ਜਾਂਦਾ। ਖ਼ੈਰ ,ਪਤੰਗਬਾਜ਼ ਵੀ ਹਵਾਵਾਂ ਦੇ ਰੁਖ਼ ਨੂੰ ਚੰਗੀ ਤਰ੍ਹਾਂ ਪਛਾਣਦੇ ਨੇ। ਪਵਨ ਦੀ ਖਿਝ ਹੌਲ਼ੀ-ਹੌਲ਼ੀ ਦਿਲਚਸਪੀ ’ਚ ਬਦਲ ਗਈ, ਅੱਖਾਂ ਮਿਲੀਆਂ, ਦਿਲ ਖਿੜੇ ਤੇ ਫਿਰ ਗੂੜ੍ਹੇ ਪੇਚੇ ਪੈ ਗਏ।

ਸਕੂਲ ਪਾਸ ਕਰਨ ਮਗਰੋਂ ਉਹ ਦੋਵੇਂ ਸ਼ਹਿਰ ਦੇ ਇੱਕੋ ਇੱਕ ਪ੍ਰਾਈਵੇਟ ਕਾਲਜ, ਭਾਵ ‘ਮਾਡਰਨ ਕਾਲਜ’ ਵਿੱਚ ਦਾਖ਼ਲ ਹੋ ਗਏ। ਕਾਲਜ ਦੇ ਸਕੂਟਰ ਸਟੈਂਡ ਉੱਤੇ ਨੀਰਜਾ ਦੀ ਸਕੂਟੀ ਤੇ ਪਵਨ ਦਾ ਬਾਈਕ ਇਕੱਠੇ ਖੜ੍ਹੇ ਮਿਲਦੇ।

ਸ਼ਹਿਰ ਦੇ ਤੰਗ ਮਾਹੌਲ ਤੋਂ ਬਾਹਰ ਬਣਿਆ ‘ਮਾਡਰਨ ਕਾਲਜ’ ਨੌਜਵਾਨਾਂ ਨੂੰ ਖੁੱਲੀ ਫਜ਼ਾ ਪ੍ਰਦਾਨ ਕਰਦਾ ਸੀ। ਕਾਲਜ ਦੀ ਔਸਤ ਜਿਹੀ ਫੈਕੈਲਟੀ ’ਚ ਥਰੀ ਜੈੱਮਜ਼ ਵੀ ਸਨ। ਇਸ ਤਿੱਕੜੀ ਨੇ ਕਾਲਜ ਨੂੰ ਸਹੀ ਅਰਥਾਂ ਚ ‘ਮਾਡਰਨ ਕਾਲਜ’ ਬਣਾਇਆ ਹੋਇਆ ਸੀ। ਅੰਗਰੇਜ਼ੀ ਵਿਭਾਗ ਦਾ ਹਰਮੇਸ਼ ਸ਼ਰਮਾ, ਪੰਜਾਬੀ ਵਿਭਾਗ ਦਾ ਗੁਣਵੰਤ ਸਿੰਘ ਤੇ ਰਾਜਨੀਤੀ ਵਿਭਾਗ ਦੇ ਰਮੇਸ਼ ਚੰਦਰ ਦੀ ਤਿੱਕੜੀ ਵਿਦਿਆਰਥੀਆਂ ਨੂੰ ਆਧੁਨਿਕ ਵਿਚਾਰਾਂ ਨਾਲ ਜੋੜਦੀ ਸੀ। ਇਹ ਤਿੰਨੋਂ ਪ੍ਰੋਫੈਸਰ ਆਪਸ ਵਿੱਚ ਵੀ ਗੂੜ੍ਹੇ ਮਿੱਤਰ ਸਨ ਤੇ ਇੱਕ ਦੂਜੇ ਦੇ ਜ਼ਬਰਦਸਤ ਆਲੋਚਕ ਵੀ। ਅਗਾਂਹਵਧੂ ਵਿਚਾਰਾਂ ਵਾਲੇ ਵਿਦਿਆਰਥੀ ਇਸ ਤਿੱਕੜੀ ਨੂੰ ਹਮੇਸ਼ਾ ਘੇਰਾ ਪਾਈ ਰੱਖਦੇ ਸਨ। ਜਦੋਂ ਇਸ ਤਿੱਕੜੀ ਦੇ ਵਿਚਾਰਾਂ ਦਾ ਆਪਸ ’ਚ ਭੇੜ ਹੁੰਦਾ ਤਾਂ ਇਹਨਾਂ ਦੇ ਸ਼ਾਗਿਰਦ ਵਿਦਿਆਰਥੀ ਮੂੰਹ ’ਚ ਉਂਗਲਾਂ ਪਾਈ ਹੈਰਾਨੀ ਨਾਲ ਦੇਖਦੇ ਤੇ ਸੁਣਦੇ। ਕਾਲਜ ਦੀ ਇੱਕ ਰੂੜ੍ਹੀਵਾਦੀ ਵਿਚਾਰਾਂ ਵਾਲੀ ਮਹਿਲਾ ਅਧਿਆਪਕ ਅਕਸਰ ਇਸ ਤਿੱਕੜੀ ਪ੍ਰਤੀ ਆਪਣੀ ਭੜਾਸ ਕੱਢਦੀ ਹੋਈ ਕਹਿੰਦੀ, “ਇਹ ਤਿੰਨੇ ਤਾਂ ਆਪ ਉੱਜੜੇ ਫਿਰਦੇ ਨੇ...ਇੱਕ ਛੜਾ ਦੂਜਾ ਤਲਾਕਸ਼ੁਦਾ ਤੇ ਤੀਜਾ ਜਨਾਨੜਾ ਜਿਹਾ। ਇਹ ਜਵਾਕਾਂ ਨੂੰ ਸੁਆਹ ਅਕਲ ਦਿੰਦੇ ਹੋਣਗੇ?”

ਬਾਕੀ ਵਿਦਿਆਰਥੀਆਂ ਵਾਂਗ ਪਵਨ ਤੇ ਨੀਰਜਾ ਵੀ ਇਸ ਤਿੱਕੜੀ ਦੇ ਆਸ-ਪਾਸ ਮੰਡਰਾਉਣ ਲੱਗ ਪਏ। ਇਸ ਤਿੱਕੜੀ ਨੇ ਵਿਦਿਆਰਥੀਆਂ ਨੂੰ ਵਿਚਾਰਾਂ ਦੇ ਅਦਾਨ-ਪ੍ਰਦਾਨ ਲਈ ਇੱਕ ਵਧੀਆ ਪਲੇਟਫਾਰਮ ਦਿੱਤਾ ਹੋਇਆ ਸੀ... ਉਹ ਸੀ ਕਾਲਜ ਦਾ ਡਰਾਮਾ ਕਲੱਬ। ਪਵਨ ਤੇ ਨੀਰਜਾ ਵੀ ਇਸ ਡਰਾਮਾ ਕਲੱਬ ਦੇ ਮੈਂਬਰ ਬਣ ਗਏ ਸਨ। ਕਾਲਜ ਦੇ ਐਨ ਵਿਚਕਾਰ ਸੰਭਾਵਨਾਵਾਂ ਨਾਲ ਭਰਿਆ ਓਪਨ ਏਅਰ ਥਿਏਟਰ... ਜ਼ਿੰਦਗੀ ਨਾਲ ਦੋ ਚਾਰ ਹੋ ਰਹੇ ਪਾਤਰਾਂ ਲਈ ਰੌਸ਼ਨੀ ਦੀ ਗੀਲ੍ਹ ਜਿਹਾ... ਖੁੱਲ੍ਹੇ ਅੰਬਰ ਹੇਠ ਜੀਵੰਤ ਪੇਸ਼ਕਾਰੀ... ਮਾਰਕਸ ਡਾਰਵਿਨ... ਬੁੱਲ੍ਹਾ ...ਨਾਨਕ ...ਸਾਰਤਰ... ਫ਼ੈਜ਼ ... ਸਾਹਿਰ... ਅਰੁੰਧਿਤੀ...ਹੱਕ... ਆਜ਼ਾਦੀ...। ਪਵਨ ਛੋਟੇ- ਛੋਟੇ ਪ੍ਰੋਗਰੈਸਿਵ ਵਿਚਾਰਾਂ ਵਾਲੇ ਨਾਟਕਾਂ ਦੀਆਂ ਸਕ੍ਰਿਪਟ ਲਿਖਦਾ ਤੇ ਬੇਹੱਦ ਫੋਟੋਜੈਨਿਕ ਚਿਹਰੇ ਵਾਲੀ ਨੀਰਜਾ ਕਿਰਦਾਰ ਨਿਭਾਉਂਦੀ। ਦੋਵੇਂ ਇੱਕੋ ਕਿਸ਼ਤੀ ਦੇ ਸਵਾਰ।

ਖ਼ੈਰ, ਗਰੈਜੂਏਸ਼ਨ ਤੋਂ ਬਾਅਦ ਪੋਸਟ ਗ੍ਰੈਜੂਏਸ਼ਨ ਲਈ ਦੋਵੇਂ ਪੰਜਾਬ ਯੂਨੀਵਰਸਿਟੀ

ਚ ਦਾਖ਼ਲ ਹੋ ਗਏ... ਵਿਸ਼ਾ-ਅੰਗਰੇਜ਼ੀ ਲਿਟਰੇਚਰ। ਖੁਸ਼ਕ ਪਥਰੀਲੀ ਤਾਸੀਰ ਵਾਲ਼ੇ ਇਸ ਸ਼ਹਿਰ ਦੀਆਂ ਆਧੁਨਿਕ ਇਮਾਰਤਾਂ ਤੇ ਸੜਕਾਂ ਮਸਨੂਈ ਸੁਪਨਿਆਂ ਨਾਲ ਭਰੀਆਂ ਹੋਈਆਂ ਸਨ। ਛੋਟੇ ਸ਼ਹਿਰ 'ਚ ਜਿਹੜੇ ਸੁਪਨੇ ਪਾਉਣ ਲਈ ਬੰਦਾ ਤਾਣ ਲਾ ਦਿੰਦਾ, ਉਹ ਸੁਪਨੇ ਇਸ ਵੱਡੇ ਸ਼ਹਿਰ ਦੇ ਸ਼ੋਅ ਰੂਮਾਂ 'ਚ ਸਜੇ ਪੁਤਲਿਆਂ ਵਾਂਗ ਮੁਸਕਰਾਉਂਦੇ ਤੇ ਲੁਭਾਉਂਦੇ ਹੋਏ ਮਿਲਦੇ। ਯੂਨੀਵਰਸਿਟੀ ਦੀਆਂ ਕਲਾਸਾਂ ਤੋਂ ਬਾਅਦ, ਸ਼ਾਮ ਨੂੰ ਫੁਰਸਤ ਦੇ ਪਲਾਂ 'ਚ ਉਹ  ਸੜਕਾਂ 'ਤੇ ਭੌਂਦੇ, ਜਿਵੇਂ ਇਹਨਾਂ ਜਾਦੂਈ ਸੜਕਾਂ 'ਤੇ ਉਹ ਆਪਣੇ ਸੁਪਨਿਆਂ ਨੂੰ ਭਾਲ਼ ਰਹੇ ਹੋਣ। ਬੜੀ ਜਲਦ ਹੀ ਦੋਵਾਂ ਦੇ ਜ਼ਿਹਨ 'ਚ ਵਸੇ ਨਾਟਕ ਦੇ ਕੀੜੇ ਨੇ ਉਸਲਵੱਟੇ ਲੈਣੇ ਸ਼ੁਰੂ ਕਰ ਦਿੱਤੇ। ਦੂਜੇ ਸਮੈਸਟਰ ਚ ਆਉਂਦਿਆਂ ਪਵਨ ਸ਼ਹਿਰ ਦੇ ਇੱਕ ਮਸ਼ਹੂਰ ਖੱਬੇ ਪੱਖੀ ਨਾਟਕ ਗਰੁੱਪ 'ਕਦਮ' ਨਾਲ ਜੁੜ ਗਿਆ। ਉਸਨੇ ਨੀਰਜਾ ਨੂੰ ਵੀ ਆਪਣੇ ਗਰੁੱਪ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਪਰ ਨੀਰਜਾ ਨੇ ਇੱਕ ਦੋ ਨਾਟਕ ਕਰਨ ਤੋਂ ਬਾਅਦ ਹੀ ਇਸ ਗਰੁੱਪ ਤੋਂ ਕਿਨਾਰਾ ਕਰ ਲਿਆ। ਨੀਰਜਾ ਦੀ ਉਡਾਰੀ ਥੋੜ੍ਹੀ ਉੱਚੀ ਸੀ। ਇੱਥੇ ਉਹ ਛੇਤੀ ਹੀ ਤਿੱਕੜੀ ਪ੍ਰੋਫੈਸਰ ਮੰਡਲੀ ਦੇ ਵਿਚਾਰਾਂ ਤੋਂ ਮੁਕਤ ਹੋ ਕੇ ਸੈਕਟਰ ਸਤਾਰਾਂ ਦੀ ਚਮਕਦੀ ਧਾਰਾ 'ਚ ਸਮਾਉਣ ਲੱਗੀ। ਉਹ ਇੱਥੇ ਆ ਕੇ ਨਿਰੀ ਪੁਰੀ ਮਗ਼ਰਬੀ ਗੁੱਡੀ ਬਣ ਗਈ ਸੀ। ਪਵਨ ਉਸਦੇ ਬਦਲ ਰਹੇ ਸਰੂਪ 'ਤੇ ਹੈਰਾਨ ਹੁੰਦਾ ਪਰ ਉਹ ਨਿੱਜੀ ਆਜ਼ਾਦੀ ਦਾ ਧਾਰਨੀ ਸੀ। ਇਸ ਕਰਕੇ ਉਸਨੇ ਨੀਰਜਾ ਨੂੰ ਕਦੇ ਇਸ ਬਾਰੇ ਬਹੁਤਾ ਟੋਕਿਆ ਨਾ। ਜਦੋ ਹਫ਼ਤੇ ਦੇ ਅਖੀਰ 'ਚ ਉਹ ਦੋਵੇਂ ਸੁਖਨਾ ਦੇ ਕਿਨਾਰੇ ਲੰਮੀ ਸੈਰ ਤੇ ਨਿਕਲ਼ਦੇ ਤਾਂ ਪਵਨ ਉਸ ਨਾਲ਼ ਆਪਣੇ ਨਾਟਕ ਗਰੁੱਪ ਦੀਆਂ ਗਤੀਵਿਧੀਆਂ ਬਾਰੇ ਚਰਚਾ ਛੇੜਦਾ। ਨੀਰਜਾ ਛੇਤੀ ਉਕਤਾ ਜਾਂਦੀ ਤੇ ਗੱਲ ਨੂੰ ਹੋਰ ਪਾਸੇ ਮੋੜ ਜਾਂਦੀ।

ਤੇ ਇੱਕ ਦਿਨ ਇੰਝ ਹੀ ਵੀਕੈਂਡ ਤੇ ਹੋਈ ਮੁਲਾਕਾਤ ਵੇਲੇ ਨੀਰਜਾ ਨੇ ਸ਼ਹਿਰ 'ਚ ਹੋ ਰਹੇ 'ਮਿਸ ਸਿਟੀ ਬਿਊਟੀਫੁੱਲ' ਦਾ ਜ਼ਿਕਰ ਛੇੜ ਲਿਆ, ਜਿਸ ਚ ਉਹ ਭਾਗ ਲੈਣ ਜਾ ਰਹੀ ਸੀ ਤੇ ਜਿੱਤਣਾ ਚਾਹੁੰਦੀ ਸੀ। ਪਵਨ ਨੇ ਉਸਨੂੰ ਕੁਝ ਸਮਝਾਉਣਾ ਚਾਹਿਆ ਪਰ ਨੀਰਜਾ ਕੁਝ ਵੀ ਸਮਝਣ ਦੇ ਮੂਡ ਵਿੱਚ ਨਹੀਂ ਸੀ। ਪਵਨ ਨੇ ਮਹਿਸੂਸ ਕੀਤਾ ਕਿ ਨੀਰਜਾ ਉੱਤੇ ਪੱਥਰਾਂ ਦੇ ਸ਼ਹਿਰ ਦਾ ਰੰਗ ਗੂੜ੍ਹਾ ਹੁੰਦਾ ਜਾ ਰਿਹਾ ਸੀ। ਪਵਨ ਨੇ ਨੀਰਜਾ ਨੂੰ ਅਲਵਿਦਾ ਕਹਿਣ ਤੋਂ  ਪਹਿਲਾਂ ਉਸਦੇ ਹੱਥ ਨੂੰ ਘੁੱਟਿਆ ਤਾਂ ਜੋ ਉਹ ਨਵਿਆਂ ਰਾਹਾਂ ਦੀ ਪਾਂਧੀ ਉਸ ਕੁੜੀ ਦੇ ਅੰਦਰ ਬੈਠੀ ਨਿਰਛਲ ਨੀਰਜਾ ਨੂੰ ਮਹਿਸੂਸ ਕਰ ਸਕੇ।

ਖ਼ੈਰ, ਬਿਊਟੀ ਕਾਨਟੈਸਟ ਕੈਂਸਲ ਹੋ ਗਿਆ ਕਿਉਂਕਿ ਬਿਊਟੀ ਕਾਨਟੈਸਟ ਤੋਂ ਵੀ ਵੱਧ ਇੱਕ ਹੋਰ ਖ਼ਤਰਨਾਕ ਬਿਮਾਰੀ ਨੇ ਸਮੁੱਚੇ ਸੰਸਾਰ ਨੂੰ ਇੱਕਦਮ ਆਪਣੀ ਲਪੇਟ ਚ ਲੈ ਲਿਆ ਸੀ... ਉਹ ਸੀ ਕੋਵਿਡ। ਲੌਕਡਾਊਨ ਲੱਗਣ ਨਾਲ ਜ਼ਿੰਦਗੀ ਇੱਕਦਮ ਰੁਕ ਗਈ। ਲੋਕ ਘਰਾਂ ਚ ਕੈਦ ਹੋ ਗਏ। ਕੰਡਿਆਲੀ ਗੇਂਦ ਵਰਗੇ ਸਾਏ ਦਾ ਅਸਰ ਮਨੁੱਖਤਾ ਦੇ ਜ਼ਿਹਨ 'ਤੇ ਇਸ ਤਰ੍ਹਾਂ ਛਾਇਆ ਕਿ ਬੰਦਾ ਬੰਦੇ ਤੋਂ ਡਰਨ ਲੱਗਾ। ਗਰੀਬ ਤੇ ਬੇਰੁਜ਼ਗਾਰ ਲੋਕ ਇਸ ਦਾ ਸ਼ਿਕਾਰ ਹੋ ਕੇ ਭੁੱਖੇ ਮਰਨ ਲੱਗੇ । ਸ਼ੋਸ਼ਲ ਮੀਡੀਆ ਉੱਤੇ ਹੁੰਦੀਆਂ ਮੌਤਾਂ ਦੇ ਅੰਕੜਿਆਂ ਨਾਲ ਘਰਾਂ 'ਚ ਕੈਦ ਹੋਏ ਮਨੁੱਖ ਦਹਿਲ ਜਾਂਦੇ। ਪਵਨ ਤੇ ਨੀਰਜਾ ਵੀ ਆਪਣੇ ਛੋਟੇ ਜਿਹੇ ਸ਼ਹਿਰ ਦੇ ਘਰਾਂ ਚ ਕੈਦ ਸਨ ਉਹ ਯੂਨੀਵਰਸਿਟੀ ਬੰਦ ਹੋਣ ਕਰਕੇ ਆਪਣੇ ਸ਼ਹਿਰ  ਪਰਤ ਆਏ ਸਨ। ਉਨ੍ਹਾਂ  ਦੀਆਂ ਰੌਣਕਾਂ ਨਾਲ਼ ਭਰੀਆਂ

ਗਲ਼ੀਆਂ ਸੁੰਨਸਾਨ ਹੋ ਗਈਆਂ। ਆਪੋ ਆਪਣੇ ਘਰਾਂ 'ਚ ਕੈਦ ਉਹ ਦੋਵੇਂ ਫ਼ੋਨ ਜਾਂ ਲੰਬੇ ਮੈਸੇਜ਼ ਲਿਖ ਕੇ ਆਪਣੇ ਦਿਲਾਂ ਦੇ ਇਜ਼ਹਾਰ ਕਰਦੇ ਤੇ ਜੇ ਕਦੇ ਜਿਆਦਾ ਤਲਬ ਮਹਿਸੂਸ ਹੁੰਦੀ ਤਾਂ ਆਪੋ ਆਪਣੇ ਘਰਾਂ ਦੀਆਂ ਛੱਤਾਂ ਉੱਤੇ ਖੜ੍ਹੇ ਹੋ ਕੇ ਦੂਰੋਂ ਹੀ ਇੱਕ ਦੂਜੇ ਨੂੰ ਨਿਹਾਰਦੇ ਰਹਿੰਦੇ। ਖ਼ੈਰ, ਪਹਿਲੀ ਲਹਿਰ ਤੋਂ ਬਾਅਦ ਹੌਲੀ- ਹੌਲੀ ਲੋਕਾਂ ਨੇ ਇਸ ਸੰਗ ਜੀਣਾ ਸਿੱਖ ਲਿਆ। ਪਵਨ ਨੇ ਲੌਕਡਾਊਨ ਦਰਮਿਆਨ ਘਾਤਕ ਸਮੇਂ ਨਾਲ ਜੂਝਦੇ ਮਨੁੱਖ ਦੀ ਤਰਾਸਦੀ ਬਾਰੇ ਦੋ ਨਾਟਕ ਲਿਖੇ।

ਇਸ ਸਮੇਂ ਵਿੱਚ ਸੋਸ਼ਲ ਮੀਡੀਆ ਹੀ ਮਨੁੱਖੀ ਵਿਚਾਰਾਂ ਦੇ ਅਦਾਨ ਪ੍ਰਦਾਨ ਦਾ ਸਾਧਨ ਸੀ। ਖੁੰਭਾਂ ਵਾਂਗ ਉੱਗ ਰਹੇ ਸੋਸ਼ਲ ਮੀਡੀਆ ਸਟਾਰਾਂ 'ਚੋਂ ਨੀਰਜਾ ਵੀ ਇੱਕ ਸੀ। ਐਕਟਿੰਗ ਮਿਊਜਿਕ ਤੇ ਡਾਂਸ ਦੀ ਮੁਹਾਰਤ ਹਾਸਲ ਨੀਰਜਾ ਵੀ ਹਰ ਤੀਜੇ -ਚੌਥੇ ਦਿਨ ਆਪਣੀ ਰੀਲ੍ਹ ਬਣਾ ਕੇ ਸੋਸ਼ਲ ਮੀਡੀਆ 'ਤੇ ਅਪਲੋਡ ਕਰਨ ਲੱਗੀ। ਪਹਿਲਾਂ ਪਹਿਲ ਉਸਦਾ ਪਿਤਾ ਸ਼ਾਮ ਗੁਪਤਾ ਨੂੰ ਨੀਰਜਾ ਦੇ ਇਹ ਕੰਮ ਖਿਲਾਫ਼ ਸੀ ਪਰ ਜਦੋਂ ਨੀਰਜਾ ਨੇ ਸੋਸ਼ਲ ਮੀਡੀਆ ਤੇ ਲਾਈਵ ਹੋ ਕੇ ਸ਼ਾਮ ਗੁਪਤਾ ਦੇ ਸ਼ੋਅਰੂਮ ਦਾ ਵੀ ਬਿਜਨਸ ਸ਼ੁਰੂ ਕੀਤਾ ਤਾਂ ਉਹ ਪ੍ਰਸੰਨ ਹੋ ਗਿਆ। ਆਨਲਾਈਨ ਬਿਜਨਸ ਨਾਲ ਨੀਰਜਾ ਨੇ ਮੁਸ਼ਕਿਲ ਸਮੇਂ 'ਚ ਆਪਣੇ ਪਿਓ ਦੇ ਵਪਾਰ ਨੂੰ ਠੱਪ ਹੋਣੋਂ ਬਚਾ ਲਿਆ ਸੀ। ਉਹ ਲਾਈਵ ਹੋ ਕੇ ਆਪਣੇ ਪਿਓ ਦੇ ਕੋਵਿਡ ਕਾਰਣ ਬੰਦ ਪਏ ਸ਼ੋਅਰੂਮ 'ਚ ਪਏ ਕੱਪੜਿਆਂ ਨੂੰ ਆਨਲਾਈਨ ਵੇਚਣ ਲੱਗੀ। ਉਸਦੀ ਮਾਂ ਤੇ ਛੋਟਾ ਭਰਾ ਵੀ ਇਸ ਕੰਮ 'ਚ ਉਸਦਾ ਸਾਥ ਦਿੰਦੇ। ਆਖ਼ਰ ਉਹ ਵੀ ਬਾਣੀਆਂ ਦੀ ਧੀ ਸੀ ਤੇ ਵਪਾਰ ਉਸਦੇ ਡੀ.ਐਨ.ਏ. 'ਤੇ ਪ੍ਰਿੰਟ ਸੀ। ਉਹ ਸਪੈਸ਼ਲ ਆਫਰਾਂ ਨਾਲ ਗਾਹਕਾਂ ਨੂੰ ਲੁਭਾਉਣਾ ਜਾਣਦੀ ਸੀ। ਸਪੈਸ਼ਲ ਆਫਰ..ਵੈਡਨੈਸਡੇ ਬਾਜ਼ਾਰ ...ਬਾਏ ਥਰੀ ਗੈੱਟ ਵੰਨ ਫਰੀ... ਪੇਅ ਡੇ ਸੇਲ ... ਕਲੀਅਰੈਂਸ ਸੇਲ ਵਰਗੀਆਂ ਆਫਰਾਂ ਦੇ ਕੇ ਉਸਨੇ ਪਿਓ ਦੀ ਆਮਦਨੀ 'ਚ ਖ਼ੂਬ ਵਾਧਾ ਕੀਤਾ। ਨੀਰਜਾ ਦੀ ਕਾਬਲੀਅਤ ਕਾਰਨ ਉਸਦੇ ਫਾਲੋਅਰਜ਼ ਦੀ ਗਿਣਤੀ ਦਿਨੋ ਦਿਨ ਵਧ ਰਹੀ ਸੀ। ਲੋਕ ਉਸਦੇ ਚਿਹਰੇ ਨੂੰ ਪਛਾਣਨ ਲੱਗ ਪਏ ਸਨ ਤੇ ਫਿਰ ਕੋਵਿਡ ਤੋਂ ਬਾਅਦ ਉਸਨੂੰ ਦੋ ਤਿੰਨ ਐਡ ਫਿਲਮਾਂ ਮਿਲੀਆਂ ਜਿਹਨਾਂ ਚੋਂ ਇੱਕ ਰੀਅਲ ਅਸਟੇਟ ਕੰਪਨੀ ਦੀ, ਦੂਜੀ ਲੋਕਲ ਫਾਈਨਾਂਸ ਕੰਪਨੀ ਤੇ ਤੀਜੀ ਪੈਸਟੀਸਾਈਡ ਇਨਸੈਕਟੀਸਾਈਡ ਕੰਪਨੀ ਦੀ ਸੀ।

ਕੋਵਿਡ ਤੋਂ ਬਾਅਦ ਉਹ ਦੁਬਾਰਾ ਯੂਨੀਵਰਸਿਟੀ ਆ ਗਏ ਸਨ। ਪਰ ਨੀਰਜਾ ਪਹਿਲਾਂ ਵਰਗੀ ਨੀਰਜਾ ਨਹੀਂ ਸੀ ਰਹੀ। ਉਸਦੀ ਨੁਹਾਰ ਬਦਲ ਗਈ ਸੀ। ਕਈ ਵਾਰ ਨੀਰਜਾ ਦੇ ਸਾਹਮਣੇ ਬੈਠਾ ਪਵਨ ਉਸਨੂੰ ਨਿਹਾਰ ਰਿਹਾ ਹੁੰਦਾ ਤਾਂ ਉਹ ਉਸਦੇ ਚਿਹਰੇ ਚੋਂ ਉਸ ਨੀਰਜਾ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਜਿਸਦਾ ਹੱਥ ਫੜ ਕੇ ਉਸਨੇ ਜ਼ਿੰਦਗੀ 'ਚ ਕੁਝ ਵੱਖਰਾ ਕਰਨ ਦਾ ਸੁਪਨਾ ਲਿਆ ਸੀ। ਹੁਣ ਉਨ੍ਹਾਂ ਦੋਵਾਂ ਦੇ ਵਿਚਾਰਾਂ 'ਚ ਕਾਫੀ ਵਿਖਰੇਵਾਂ ਵੇਖਣ ਨੂੰ ਮਿਲਦਾ ਸੀ। ਇਸੇ ਗੱਲ ਤੋਂ ਉਹ ਕਈ ਵਾਰ ਖਹਿਬੜ ਵੀ ਪੈਂਦੇ। ਕਦੇ-ਕਦੇ ਪਵਨ ਨੂੰ ਲੱਗਦਾ ਜਿਵੇਂ ਹੁਣ ਉਹ ਨੀਰਜਾ ਲਈ 'ਖਾਸ' ਨਹੀਂ ਸੀ ਰਿਹਾ ਪਰ ਅਜਿਹਾ ਨਹੀਂ ਸੀ ਨੀਰਜਾ ਲਈ ਉਹ ਹਮੇਸ਼ਾ ਖਾਸ ਹੀ ਸੀ ਤੇ ਪਵਨ ਕਿਹੜਾ ਨੀਰਜਾ ਬਗ਼ੈਰ ਬਚਦਾ ਸੀ? ਉਹ ਲੜਦੇ ਝਗੜਦੇ ਤੇ ਕਈ ਵਾਰ ਗੁੱਸੇ 'ਚ ਇੱਕ ਦੂਜੇ ਨੂੰ ਫ਼ੋਨ 'ਤੇ ਬਲੋਕ ਕਰ ਦਿੰਦੇ ਪਰ ਬੜੀ ਛੇਤੀ ਹੀ ਉਹ ਇੱਕ ਦੂਜੇ ਲਈ ਤੜਫ ਉਠਦੇ ਸਨ। ਤੇ ਫਿਰ

ਉਹ ਇੱਕ ਦੂਜੇ ਦਾ ਸਾਥ ਲੱਭਦੇ ਤੇ ਉਨ੍ਹਾਂ 'ਚੋਂ ਇੱਕ ਪਹਿਲ ਕਰਦਾ ਤੇ ਮੁੜ ਉਹ ਘਿਓ ਖਿਚੜੀ ਹੋ ਜਾਂਦੇ । ਕੀ ਕਿ ਸੱਚ ਮੁੱਚ ਅਜਿਹਾ ਸੀ ਜਾਂ ਕੋਈ ਭਰਮ ਸੀ ਜੋ ਉਹਨਾਂ ਦੋਵਾਂ ਨੇ ਇੱਕ ਦੂਜੇ ਲਈ ਪਾਲ਼ਿਆ ਹੋਇਆ ਸੀ?

ਨੀਰਜਾ ਹਮੇਸ਼ਾ ਆਪਣੇ ਅਗਲੇਰੇ ਭਵਿੱਖ ਦੇ ਸੁਪਨਿਆਂ ਬਾਰੇ ਸੋਚਦੀ ਰਹਿੰਦੀ। ਕਈ ਵਾਰ ਪਵਨ ਖਿਝ ਜਾਂਦਾ। ਇੱਕ ਦਿਨ ਇਸਤਰ੍ਹਾਂ ਹੀ ਇੱਕ ਬਹਿਸ ਦੌਰਾਨ ਨੀਰਜਾ ਨੇ ਵਿਅੰਗ ਨਾਲ਼ ਕਿਹਾ-

"ਪਵਨ, ਤੈਨੂੰ ਤਾਂ ਗੱਲਾਂ ਆਉਂਦੀਆਂ, ਕਿਉਂਕਿ ਤੂੰ ਜੋ ਚਾਹੁੰਦਾ ਸੀ, ਉਹ ਤੈਨੂੰ ਮਿਲ ਗਿਆ... ਨਾਟਕ...ਤੇਰਾ ਪੈਸ਼ਨ...ਤੇਰਾ ਸੁਪਨਾ ਸੀ। ਮੈਂ ਵੀ ਤਾਂ ਆਪਣਾ ਸੁਪਨਾ ਪੂਰਾ ਕਰਨਾ।"

ਇਸਦੇ ਜੁਆਬ 'ਚ ਪਵਨ ਨੇ ਕਿਹਾ, "ਮੇਰੇ ਸੁਪਨੇ ਤੇਰੇ ਟੈੱਨ ਕੇ. ਲਾਈਕਸ ਵਰਗੇ ਥੋੜ੍ਹੀ ਨੇ। ਇਹ ਤਾਂ ਗਲੀ ਦੇ ਕਤੂਰਿਆਂ ਵਰਗੇ ਨੇ, ਜਿਨ੍ਹਾਂ ਨੂੰ ਰਤਾ ਕੁਝ ਕੋਈ ਪੁਚਕਾਰ ਲਵੇ ਤਾਂ ਇਹ ਤੁਹਾਡੇ ਪੈਰ ਚੱਟਦੇ ਫਿਰਦੇ ਨੇ। ਜਾਂ ਫਿਰ ਸਾਈਪ੍ਰਸ ਦੇ ਫੁੱਲਾਂ ਵਰਗੇ ...ਸੂਹੇ ਤਾਰਿਆਂ ਜਿਹੇ... ਜਿਨ੍ਹਾਂ ਨੂੰ ਮੈਂ ਪਲਾਸਟਿਕ ਦੇ ਖਾਲੀ ਡੱਬੇ 'ਚ ਵੀ ਉਗਾ ਸਕਦਾ ਹਾਂ ...ਜ਼ਿੰਦਗੀ ਦੀਆਂ ਕੰਧਾਂ 'ਤੇ ਤਾਰਿਆਂ ਵਾਂਗ ਚਮਕਦੇ ਸੂਹੇ ਸਿਤਾਰੇ।" ਫਿਰ ਉਹ ਚੁੱਪ ਕਰ ਗਿਆ ਤੇ ਥੋੜ੍ਹੇ ਚਿਰ ਬਾਅਦ ਬੋਲਿਆ, "ਨੀਰਜਾ ਤੂੰ ਕਦੇ ਰਾਤ ਦੀ ਚਾਨਣੀ 'ਚ ਸਾਈਪ੍ਰਸ ਦੇ ਸੂਹੇ ਤਾਰਿਆਂ ਨੂੰ ਨਿਹਾਰਿਆ?"

"ਨਹੀਂ ...ਨਾ...।" ਨੀਰਜਾ ਨੇ ਜੁਆਬ ਦਿੱਤਾ।

"ਜਾ ਝੱਲੀਏ, ਤੂੰ ਤਾਂ ਆਪਣੇ ਸੁਪਨਿਆਂ ਨੂੰ ਵੀ ਟੈਲੀਸਕੋਪ ਨਾਲ ਦੇਖਦੀ ਆਂ। ਪੂਰੀ ਇਕਾਗਰਤਾ ਨਾਲ... ਬਹੁਤ ਦੂਰ ਅੰਬਰ 'ਤੇ ਨੀਝ ਲਾ ਕੇ...ਤੇ ਕਿਵੇਂ ਥਰੀ ਕੇ ਲਾਈਕਸ ਟੈੱਨ ਕੇ ਲਾਈਕਸ ਵੱਲ ਜਾਂਦੇ ਨੇ।" ਪਵਨ ਨੇ ਵਿਅੰਗ ਨਾਲ਼ ਕਿਹਾ।

"ਪਵਨ ਤੂੰ ਮੇਰੀਆਂ ਪੋਸਟਾਂ ਲਾਈਕ ਕਿਉਂ ਨਹੀਂ ਕਰਦਾ।" ਨੀਰਜਾ ਗੱਲ ਨੂੰ ਦੂਜੇ ਪਾਸੇ ਲੈ ਗਈ।

"ਕਿਉਂਕਿ ਮੈਂ ਤੈਨੂੰ ਲਾਈਕ ਕਰਦਾ... ਜ਼ਿੰਦਗੀ ਵਾਂਗ ...ਰੀਲ੍ਹ ਵਾਂਗ ਨਹੀਂ ...ਲਵ ਯੂ ਬੇਬੀ।" ਪਵਨ ਦੀਆਂ ਅੱਖਾਂ 'ਚ ਮੁਹੱਬਤ ਨਾਲ ਸਰਾਬੋਰ ਹੋ ਗਈਆਂ।

ਮੁਹੱਬਤ ਦਾ ਕੂਲ਼ਾ ਬੂਟਾ ਤਾਂ ਖਾਸ ਤਵੱਜੋਂ ਮੰਗਦਾ। ਉਹ ਦੋਵੇਂ ਜ਼ਿੰਦਗੀ ਦੀ ਅੱਲੜ੍ਹ ਵਰੇਸ 'ਚ ਇੱਕ ਖਾਸ ਮੁਕਾਮ 'ਤੇ ਲਾਏ ਉਸ ਮੁਹੱਬਤੀ ਬੂਟੇ ਨੂੰ ਕਦੇ-ਕਦਾਈਂ ਭੁੱਲ ਜਾਂਦੇ। ਨਿੱਤ ਦੀ ਨਰਾਜ਼ਗੀ ਤੇ ਸੰਬੰਧਾਂ 'ਚ ਆ ਰਹੀ ਖੁਸ਼ਕੀ ਨੇ ਉਸ ਬੂਟੇ ਦੀਆਂ ਜੜ੍ਹਾਂ ਦੁਆਲੇ ਤਰੇੜਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ । ਉਂਝ ਦੋਵਾਂ 'ਚੋਂ ਜਦੋਂ ਕਿਸੇ ਨੂੰ ਉਸ ਬੂਟੇ ਦੇ ਸੁੱਕਣ ਬਾਰੇ ਖ਼ਿਆਲ ਆਉਂਦਾ ਤਾਂ ਉਹ ਆਪਣਾ ਫ਼ਰਜ਼ ਨਿਭਾਉਂਦਾ। ਪਵਨ ਸਿਆਣਪ ਕਰਦਾ... ਜਜ਼ਬਾਤਾਂ ਦੇ ਫੰਬੇ ਨਿਚੋੜਦਾ...ਲਾਡ-ਦੁਲਾਰ ਕਰਦਾ ਪਰ ਨਵੇਂ ਵਿਚਾਰਾਂ ਵਿਚਾਰਾਂ ਵਾਲੀ ਨੀਰਜਾ ਨੂੰ ਜਾਪਦਾ ਕਿ ਬਾਜ਼ਾਰ 'ਚੋਂ ਵਿਕਦੇ ਮਹਿੰਗੇ ਪ੍ਰੋਡਕਟਾਂ ਨਾਲ ਮੁਹੱਬਤ ਦੇ ਬੂਟੇ 'ਚ ਮਹਿਕ ਭਰੀ ਜਾ ਸਕਦੀ ...ਪੈਸੇ ਨਾਲ ਸਭ ਕੁਝ ਖਰੀਦਿਆ ਜਾ ਸਕਦਾ... ਮੁਹੱਬਤ...ਰਿਸ਼ਤੇ..ਖੁਸ਼ੀਆਂ... ਦੁਨੀਆਂ ਦੀ ਹਰ ਸ਼ੈਅ...।

ਨੀਰਜਾ ਨੂੰ ਆਪਣੀ ਪਰਵਾਜ਼ ਲਈ ਇੱਕ 'ਬ੍ਰੇਕ' ਦੀ ਲੋੜ ਸੀ। ਭਾਵੇਂ ਉਸਨੂੰ ਕੁਝ

ਐਡ ਫਿਲਮਾਂ ਮਿਲ ਗਈਆਂ ਸਨ ਪਰ ਉਹ  ਸੰਤੁਸ਼ਟ ਨਹੀਂ ਸੀ। ਭਾਵੇਂ ਪਵਨ ਵੀ ਨੀਰਜਾ ਦੀਆਂ ਇਹਨਾਂ ਐਡ ਫਿਲਮਾਂ ਦੇ ਖ਼ਿਲਾਫ਼ ਸੀ ਪਰ ਉਹ ਚੁੱਪ ਰਿਹਾ। ਤੇ ਫਿਰ ਇੱਕ ਦਿਨ ਨੀਰਜਾ ਨੂੰ ਲੋਕਲ ਐਫ.ਐਮ. ਰੇਡੀਓ ਤੋਂ ਕਾਲ ਆ ਗਈ। ਸ਼ਾਮ ਦੇ ਲਾਈਵ ਪ੍ਰੋਗਰਾਮ ਦੀ ਆਫ਼ਰ ਸੀ। ਰੇਡਿਓ ਵਾਲਿਆਂ ਨੂੰ ਨੀਰਜਾ ਦਾ ਨਾਂ ਪਸੰਦ ਨਹੀਂ ਆਇਆ ਤੇ ਇੰਝ ਨੀਰਜਾ ਗੁਪਤਾ, ਲਾਇਬਾ ਭਾਟੀਆ ਬਣ ਗਈ। ਫਿਰ ਇੱਕ ਸ਼ਾਮ ਐਫ.ਐਮ. ਰੇਡੀਓ ਦੇ ਸਰੋਤੇ ਨਵੀਂ ਐਂਕਰ ਨੂੰ ਸੁਣ ਰਹੇ ਸਨ

"ਗੁਡਡਡ ਈਵਨਿੰਗਗਗ ... ਦੋਸਤੋ... ਮੈਂ ਤੁਹਾਡੀ ਆਪਣੀ ਲਾਈਬਾ ਭਾਟੀਆ ...ਹਾਜ਼ਰ ਹਾਂ ਤੁਹਾਡੇ ਲਈ ਪ੍ਰੋਗਰਾਮ ...ਸਰਗਮ ਲੈ ਕੇ।" ਤੇ ਇੰਝ ਇੱਕ ਬਰੇਕ, ਜੋ ਨੀਰਜਾ ਤੋਂ ਅੱਗੇ-ਅੱਗੇ ਭੱਜਦੀ ਜਾ ਰਹੀ ਸੀ, ਹੁਣ ਲਾਇਬਾ ਭਾਟੀਆ ਦੇ ਪੈਰ ਥੱਲੇ ਆ ਗਈ ਸੀ।

ਪਵਨ ਨਾਖੁਸ਼ ਸੀ । ਉਹ ਜਦੋਂ ਵੀ ਨੀਰਜਾ ਉਰਫ਼ ਲਾਈਬਾ ਭਾਟੀਆ ਦਾ ਪ੍ਰੋਗਰਾਮ ਸੁਣਦਾ ਤਾਂ ਜੋ ਵਿਚਾਰ ਲਾਇਬਾ ਦੇ ਮੂੰਹ 'ਚੋਂ ਬੁਲਵਾਏ ਜਾਂਦੇ, ਉਹਨਾਂ ਨੂੰ ਸੁਣ ਕੇ ਉਹ ਬੇਚੈਨ ਹੋ ਉਠਦਾ ਸੀ। ਤੇ ਫਿਰ  ਇੱਕ ਦਿਨ ਵੀਕੈਂਡ ਮੁਲਾਕਾਤ ਵੇਲੇ ਹੋਈ ਪਵਨ ਨੇ ਨੀਰਜਾ ਨੂੰ ਸਮਝਾਉਣ ਦੇ ਮਕਸਦ ਨਾਲ ਗੱਲਬਾਤ ਸ਼ੁਰੂ ਕੀਤੀ

"ਅੱਗੇ ਕੀ ਇਰਾਦਾ ਤੇਰਾ ਐਮ. ਏ. 'ਚੋਂ ਤਾਂ ਸੱਤਰ ਪਰਸੈਂਟ ਲੈ ਕੇ ਬਾਜ਼ੀ ਮਾਰ ਲਈ ਏ। ਹੁਣ ਅੱਗੇ ਕੀ ਕਰਨਾ? ਮੇਰਾ ਮਤਲਬ... ਨੈੱਟ ਵਗੈਰਾ ਦਾ ਇਰਾਦਾ ਹੈ ਤੇਰਾ?" ਪਵਨ ਨੇ ਪੁੱਛਿਆ।

"ਆਪਣਾ ਇਰਾਦਾ  ਦੱਸ? ਤੇਰੇ ਕਿਹੜੇ ਘੱਟ ਆਏ ਨੇ? ਮੇਰੇ ਤੋਂ ਦੋ ਪਰਸੈਂਟ ਹੀ ਘੱਟ ਨੇ।" ਨੀਰਜਾ ਗੱਲ  ਘੁਮਾ ਕੇ ਪਵਨ ਵੱਲ ਲੈ ਗਈ ਸੀ।

"ਮੈਂ ਤਾਂ ਨੈੱਟ ਦੀ ਤਿਆਰੀ ਕਰਾਂਗਾ। ਨਾਟਕ ਅਕੈਡਮੀ ਦਾ ਕੰਮ ਵੀ ਨਾਲ-ਨਾਲ ਚੱਲੀ ਜਾਊਗਾ। ਯਾਰ ...ਚੱਲ ਦੋਵੇਂ ਨੈੱਟ ਦੀ ਤਿਆਰੀ ਕਰੀਏ ਤੇ ਆਪਣੇ ਪ੍ਰੋਫੈਸਰਾਂ ਵਾਂਗੂੰ ਬਣੀਏ.. ਗੁਣਵੰਤ ਸਰ ਵਾਂਗ ਹਰਮੇਸ਼ ਸਰ  ਵਾਂਗ... ਰਮੇਸ਼  ਸਰ ਵਾਂਗ, ਜਿਵੇਂ ਆਪਾਂ ਹਮੇਸ਼ਾ ਬਣਨਾ ਚਾਹੁੰਦੇ ਸਾਂ ਤੇ ਆਪਣੇ ਰਿਸ਼ਤੇ ਦੇ ਭਵਿੱਖ ਬਾਰੇ ਵੀ ਕੁਝ ਸੋਚੀਏ," ਪਵਨ ਨੇ ਗੰਭੀਰ ਹੋ ਕੇ ਕਿਹਾ।

"ਮਤਲਬ?" ਨੀਰਜਾ ਤੁਣਕੀ।

"ਯਾਰ ਕੁਛ ਬਣ ਕੇ ਵਿਆਹ ਵੀ ਕਰਾਉਣਾ ਕਿ ਨਹੀਂ?" ਪਵਨ ਨੇ ਪੁੱਛਿਆ।

"ਹਾਲੇ ਨਹੀਂ .., ਯਾਰ, ਨਵੀਂ-ਨਵੀਂ ਜੌਬ ਮਿਲੀ ਹੈ। ਹਾਲੇ ਤਾਂ ਮੈਨੂੰ ਕੁਝ ਹੋਰ ਸਕਰੀਨ ਟੈਸਟ ਦੇ ਵੀ ਕਾਲ ਆਏ ਨੇ। ਉਹਨਾਂ ਤੇ ਵੀ ਫੋਕਸ ਕਰਨਾ ...ਤੈਨੂੰ ਪਤਾ.... ਐਕਟਿੰਗ ਮੇਰੀ ਰੂਹ ਹੈ... ਜਾਨ ਹੈ... ਬਸ ਇੱਕ ਫਿਲਮ ਚ ਬ੍ਰੇਕ ਮਿਲ ਜਾਵੇ... ," ਨੀਰਜਾ ਦੀਆਂ ਅੱਖਾਂ ਅੰਬਰ ਵੱਲ ਲੱਗੀਆਂ ਹੋਈਆਂ ਸਨ।

"ਬ੍ਰੇਕ ਤਾਂ ਯਾਰ ਤੈਨੂੰ ਰੇਡੀਓ 'ਚ ਵੀ ਮਿਲ ਚੁੱਕੀ ਹੈ। ਪਰ ਤੂੰ ਮਹਿਜ਼ ਇੱਕ ਕਠਪੁਤਲੀ ਬਣ ਕੇ ਰਹਿ ਗਈ ਏਂ। ਤੈਨੂੰ ਪਤਾ ਤੇਰਾ ਰੇਡੀਓ ਨਿਜ਼ਾਮ ਦਾ ਦੱਲਾ ਆ। ਤੂੰ ਇੱਕ ਗੱਲ ਦੱਸ ਕਿ ਤੂੰ ਉਹਨਾਂ ਦੇ ਵਿਚਾਰਾਂ ਨਾਲ ਸਹਿਮਤ ਏਂ?" ਪਵਨ ਨੇ ਪੁੱਛਿਆ।

"ਇੰਨਾ ਕੁਝ ਵੀ ਨਹੀਂ ਏ, ਜਿੰਨਾ ਤੂੰ ਘੜ ਲੈਨਾ। ਤੂੰ ਲੋੜ ਤੋਂ ਕੁਝ ਜਿਆਦਾ ਹੀ

ਸੋਚ ਲੈਨਾ," ਨੀਰਜਾ ਨੇ ਜਵਾਬ ਦਿੱਤਾ।

"ਨੀਰਜਾ... ਅਸੀਂ ਨਫ਼ਰਤ ਦੇ ਨਹੀਂ, ਮੁਹੱਬਤ ਦੇ ਪਾਂਧੀ ਹਾਂ ਤੇ ਤੇਰਾ ਰੇਡੀਓ ਨਫ਼ਰਤ ਪਰੋਸ ਰਿਹਾ। ਯਾਦ ਕਰ, ਆਪਾਂ ਸਹੁੰ ਖਾਧੀ ਸੀ ਕਿ ਮੁਹੱਬਤ ਨਾਲ ਨਫ਼ਰਤ ਦੀ ਦੁਨੀਆ ਨੂੰ ਜਿੱਤਣਾ ... ਆਪਣੇ ਵਰਗੇ ਹੋਰ ਬੰਦਿਆਂ ਨੂੰ ਆਪਣੇ ਨਾਲ ਜੋੜਨਾ...ਪਰ ਅਫਸੋਸ, ਮੇਰੇ ਨਾਲ ਤਾਂ ਤੂੰ ਵੀ ਨਹੀਂ," ਪਵਨ ਉਦਾਸ ਹੋ ਗਿਆ ਸੀ।

"ਪਵਨ, ਸੱਚ ਤੈਨੂੰ ਚੰਗਾ ਨਹੀਂ ਲੱਗਣਾ... ਪਰ ਸੋਚ ਅੱਜ ਸਮੂਹ ਦੀ ਗੱਲ ਕੌਣ ਕਰਦਾ? ਦੇਸ਼ ਦੇ ਮੁਖੀ ਤੋਂ ਲੈ ਕੇ ਆਮ ਬੰਦੇ ਤੱਕ... ਹਰ ਕੋਈ ਨਿੱਜ 'ਤੇ ਖੜ੍ਹਾ। ਤੂੰ ਆਪਣੀ ਦੱਸ ...ਤੇਰੀਆਂ ਇਨਕਲਾਬੀ ਸਕ੍ਰਿਪਟਾਂ ਲਿਖਣ ਦਾ ਕੋਈ ਫਾਇਦਾ?" ਨੀਰਜਾ ਨੇ ਪੁੱਛਿਆ।

"ਨੀਰਜਾ ਤੂੰ ਸੱਚਮੁੱਚ ਬਦਲ ਗਈ ਏ," ਇਹ ਕਹਿ ਕੇ ਪਵਨ ਉੱਥੋਂ ਆਪਣੀ ਬਾਈਕ ਵੱਲ ਤੁਰ ਪਿਆ ਤੇ ਕਿੱਕ ਮਾਰਨ ਤੋਂ ਪਹਿਲਾਂ ਉਸਨੇ ਨੀਰਜਾ ਨੂੰ ਬਲੌਕ ਕਰ ਦਿੱਤਾ।

ਅਗਲੇ ਦਿਨ ਨੀਰਜਾ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਉਸਨੇ ਪਵਨ ਨੂੰ ਫ਼ੋਨ ਮਿਲਾਇਆ ਪਰ ਅੱਗਿਓਂ ਫੋਨ ਬਲੌਕ ਮਿਲਿਆ। ਨੀਰਜਾ ਪ੍ਰੇਸ਼ਾਨ ਹੋ ਗਈ। ਉਸ ਨੂੰ ਜਾਪਿਆ ਜਿਵੇਂ ਉਹ ਇਸ ਦੁਨੀਆ ਦੀ ਭੀੜ 'ਚ ਇਕੱਲੀ ਰਹਿ ਗਈ ਹੋਵੇ। ਉਸਨੂੰ ਆਪਣਾ ਆਪ ਖੁੱਸਦਾ ਜਾਪਿਆ ਤੇ ਉਹ ਪੱਥਰੀਲੇ ਮਾਰੂਥਲ ਸੱਸੀ ਵਾਂਗ ਆਪਣਾ ਪੁੰਨਣ ਲੱਭਣ ਤੁਰ ਪਈ। ਆਖ਼ਰ, ਉਸਨੂੰ ਪਵਨ ਆਪਣੇ ਇੱਕ ਦੋਸਤ ਦੇ ਕਮਰੇ 'ਚੋਂ ਮਿਲਿਆ। ਉਸੇ ਨੇ ਪਵਨ ਨੂੰ ਘੁੱਟ ਕੇ ਗਲਵੱਕੜੀ ਪਾ ਲਈ ਤੇ ਉੱਚੀ ਉੱਚੀ ਰੋਣ ਲੱਗ ਪਈ ।

"ਕਮਲ਼ੀਏ ਮੈਂ ਕਿਤੇ ਗੁਆਚ ਗਿਆ ਸਾਂ, ਜੋ ਤੂੰ ਏਨੀ ਬੇਤਾਬ ਹੋ ਕੇ ਲੱਭਣ ਤੁਰ ਪਈ... ਮੈਂ ਤੇਰੇ ਕੋਲ ਹੀ ਹਾਂ," ਪਵਨ ਵੀ ਭਾਵੁਕ ਹੋ ਗਿਆ ਸੀ।

ਪਰ ਇੰਜ ਨਾ ਤਾਂ ਪਹਿਲੀ ਵਾਰ ਹੋਇਆ ਸੀ ਤੇ ਨਾ ਹੀ ਇਹ ਆਖ਼ਰੀ ਵਾਰ ਸੀ। ਇਹ ਤਾਂ ਵਾਰ-ਵਾਰ ਵਾਪਰਦਾ ਸੀ।

ਕੀ ਕਿਸੇ ਰਿਸ਼ਤੇ ਦੀ ਇਮਾਰਤੀ ਨੀਂਹ 'ਚੋਂ ਇੰਜ ਵਾਰ ਖਿਸਕਾਉਣੇ ਠੀਕ ਸਨ?

ਇਸ ਟਰਿੱਪ ਤੋਂ ਇੱਕ ਮਹੀਨਾ ਪਹਿਲਾਂ ਵੀ ਉਹਨਾਂ ਵਿਚਕਾਰ ਜ਼ਬਰਦਸਤ ਯੁੱਧ ਹੋਇਆ ਸੀ। ਕਾਰਨ ਪਹਿਲਾਂ ਵਾਲੇ ਹੀ ਸਨ, ਭਾਵ ਵਿਚਾਰਾਂ ਦੇ ਮਤਭੇਦ ਤੇ ਫਿਰ ਪੂਰਾ ਇੱਕ ਮਹੀਨਾ ਉਹ ਇੱਕ- ਦੂਜੇ ਨਾਲ ਬੇਰਾਬਤਾ ਰਹੇ ਸਨ।

ਉਸਨੂੰ ਫਿਲਮ 'ਚ ਇੱਕ ਖਾਸ ਰੋਲ ਵਾਸਤੇ ਚੁਣ ਲਿਆ ਗਿਆ। ਨੀਰਜਾ ਲਈ ਇਹ ਪਲ ਬੜੇ ਅਹਿਮ ਸਨ ਤੇ ਉਹ ਇਹਨਾਂ ਖੁਸ਼ੀ ਦੇ ਪਲਾਂ ਨੂੰ ਸਭ ਤੋਂ ਪਹਿਲਾਂ ਪਵਨ ਨਾਲ ਸਾਂਝਾ ਕਰਨਾ ਚਾਹੁੰਦੀ ਸੀ। ਉਹ ਸਾਰੇ ਗਿਲੇ ਸ਼ਿਕਵੇ ਮਿਟਾ ਕੇ ਪਵਨ ਕੋਲ ਪਹੁੰਚ ਗਈ ਸੀ ਤੇ ਜਦੋਂ ਨੀਰਜਾ ਉਰਫ਼ ਲਾਇਬਾ ਭਾਟੀਆ ਨੂੰ ਸਾਈਨਿੰਗ ਅਮਾਊਂਟ ਵਜੋਂ ਪਹਿਲਾ ਚੈੱਕ ਮਿਲਿਆ ਤਾਂ ਉਨ੍ਹਾਂ ਦੋਵਾਂ ਨੇ ਇਸ ਟਰਿੱਪ ਦਾ ਪ੍ਰੋਗਰਾਮ ਬਣਾਇਆ ਤੇ ਪਰਸੋਂ ਸਵੇਰੇ ਉਹ ਆਪਣੇ ਘਰਾਂ ਤੋਂ ਸੈਂਕੜੇ ਮੀਲ ਦੂਰ, ਸਮੁੰਦਰ ਦੇ ਕੰਢੇ 'ਤੇ ਵੱਸੇ ਇਸ ਸ਼ਹਿਰ ਚ ਪਹੁੰਚ ਗਏ।

ਕੱਲ੍ਹ ਸਵੇਰੇ ਜਦੋਂ ਉਹ ਦੋਵ੍ਹੇਂ ਕਾਟੇਜ ’ਚੋਂ ਬਾਹਰ ਨਿਕਲੇ ਤਾਂ ਅਨੋਖੇ ਰੌਂਅ ’ਚ ਸਨ। ਸਮੁੰਦਰ ਕੰਢੇ ਕੋਸੀ ਰੇਤ ਉੱਤੇ ਬੈਠੇ, ਉਹ ਦੋਵੇਂ ਮਹਿਜ਼ ਦੋ ਬਿੰਦੂਆਂ ਵਾਂਗ ਸਨ। ਸਿਰ ਉੱਪਰ ਪੰਛੀ ਵਾਂਗ ਉੱਡਦਾ ਅਸਮਾਨ... ਪਿੱਠ ਪਿੱਛੇ ਪੱਤਿਆਂ ਵਾਂਗ ਰੁਮਕਦੇ ਨਾਰੀਅਲ ਦੇ ਰੁੱਖ.. ਸਾਹਮਣੇ ਮੱਛੀ ਵਾਂਗ ਤੈਰਦਾ ਸਮੁੰਦਰ। ਭਲਾ ਹੋਰ ਕੀ ਚਾਹੀਦਾ ਸੀ, ਮੁਹੱਬਤੀ ਡੋਰ ਦੀਆਂ ਤੰਦਾਂ ਫੜ੍ਹਨ ਲਈ? ਐਨ ਉਸੇ ਵੇਲੇ ਨੀਰਜਾ ਦਾ ਫ਼ੋਨ ਟੁਣਕਿਆ। ਉਸਨੇ ਪਵਨ ਦਾ ਹੱਥ ਛੱਡ ਕੇ ਮੋਬਾਇਲ ਤੇ ਥੰਬ ਪ੍ਰਿੰਟ ਲਾਇਆ। ਕੋਈ ਪੇਮੈਂਟ ਟਰਾਂਜੈਕਸ਼ਨ ਦਾ ਮੈਸੇਜ ਸੀ। ਨੀਰਜਾ ਐਪ ਖੋਲ੍ਹ ਕੇ ਡਿਟੇਲ ਚੈੱਕ ਕਰਨ ਲੱਗ ਪਈ । ਅੰਬਰ ਵਿਸ਼ਾਲ ਹੋ ਗਿਆ ... ਸਮੁੰਦਰ ਫ਼ੈਲ ਗਿਆ... ਤੇ ਨਾਰੀਅਲਾਂ ਦਾ ਜੰਗਲ ਹੋਰ ਸੰਘਣਾ ਹੋ ਗਿਆ ਤੇ ਉਹ ਇੱਕ ਪਲ ਵਿੱਚ ਹੀ ਇੱਕ ਦੂਜੇ ਤੋਂ ਬੜੀ ਦੂਰ ਚਲੇ ਗਏ । ਥੋੜ੍ਹੇ ਚਿਰ ਪਿੱਛੋਂ ਉਹ ਵਾਪਸ ਕਾਟੇਜ ’ਚ ਪਰਤ ਆਏ ਕਿਉਂਕਿ ਦੁਪਹਿਰ ਦੇ ਖਾਣੇ ਦਾ ਵੇਲਾ ਹੋ ਗਿਆ ਸੀ।

ਕੱਲ ਪੂਰਨਮਾਸ਼ੀ ਦੀ ਰਾਤ ਸੀ ਤੇ ਮੱਛਰੀਆਂ ਹੋਈਆਂ ਸਮੁੰਦਰੀ ਲਹਿਰਾਂ ਤੜਥੱਲੀ ਮਚਾਉਂਦੀਆਂ ਕਾਟੇਜ ਦੀ ਬਾਹਰਲੀ ਕੰਧ ਤਕ ਪਹੁੰਚ ਗਈਆਂ ਸਨ। ਕੱਲ ਸ਼ਾਮ, ਉਹ ਇੱਕ ਦੂਜੇ ਦੀਆਂ ਬਾਹਾਂ ’ਚ ਬਾਹਾਂ ਪਾਈ ਬੀਚ ’ਤੇ ਘੁੰਮਦੇ ਰਹੇ। ਕੁੱਲ ਦੁਨੀਆਂ ਤੋਂ ਬੇਖਬਰ, ਉਹ ਦੋਵੇਂ ਮੁਹੱਬਤ ਦੇ ਰੰਗ ਚ ਸਨ। ਮੁਹੱਬਤ ’ਚ ਡੁੱਬੀ ਨੀਰਜਾ ਨੇ ਉਂਗਲ ਨਾਲ ਗਿੱਲੀ ਰੇਤ ’ਤੇ ਪਵਨ ਦਾ ਨਾਂ ਲਿਖਿਆ ਤੇ ਤੇਜ਼ ਲਹਿਰਾਂ ਨੇ ਉਸ ਨਾਂ ਨੂੰ ਬੇਰਹਿਮੀ ਨਾਲ ਮਿਟਾ ਦਿੱਤਾ। ਉਹ ਉਦਾਸ ਹੋ ਗਈ ਤੇ ਉਸਨੇ ਪਵਨ ਨੂੰ ਕਿਹਾ, “ਪਵਨ, ਜੇ ਇਸ ਵਾਰੀ ਇਸ ਗਿੱਲੀ ਰੇਤ ’ਤੇ ਤੇਰਾ ਨਾਂ ਬਚਿਆ ਰਿਹਾ ਤਾਂ ਮੈਂ ਸਮਝਾਂਗੀ ਕਿ ਤੇਰੇ ਮੇਰੇ ਇਸ਼ਕ ਨੂੰ ਦੁਨੀਆਂ ਦੀ ਕੋਈ ਸ਼ੈਅ ਮਿਟਾ ਨਹੀਂ ਸਕਦੀ।” ਪਰ ਇਸ ਵਾਰ ਉਸਨੇ ਪਹਿਲਾਂ ਵਾਲੀ ਥਾਂ ਤੋਂ ਥੋੜ੍ਹਾ ਜਿਹਾ ਦੂਰ, ਬਿਲਕੁਲ ਸੁੱਕੀ ਰੇਤ ’ਤੇ ਦੁਬਾਰਾ ਪਵਨ ਦਾ ਨਾਂ ਲਿਖਿਆ। ਕੁਝ ਚਿਰ ਤਾਂ ਰੇਤ ’ਤੇ ਉੱਕਰਿਆ, ਪਵਨ ਦਾ ਨਾਂ ਬਚਿਆ ਰਿਹਾ। ਫਿਰ ਸਮੁੰਦਰ ਚੋਂ ਤੇਜ਼ ਲਹਿਰਾਂ ਦਾ ਉਛਾਲ ਉੱਠਿਆ ਰੇਤ ਤੇ ਲਿਖੇ ਪਵਨ ਦੇ ਨਾਂ ਨੂੰ ਆਪਣੇ ਨਾਲ ਧੂਹ ਕੇ ਲੈ ਗਿਆ।

ਨੀਰਜਾ ਉਦਾਸ ਹੋ ਗਈ। ਉਸਨੇ ਪਵਨ ਦਾ ਹੱਥ ਘੁੱਟ ਕੇ ਫੜ ਲਿਆ। ਪਵਨ ਸੰਜੇ ਜਿਹੇ ਨਾਲ਼ ਮੁਸਕਰਾਇਆ ਤੇ ਫਿਰ ਉਹ ਦੋਵੇਂ ਤੁਰਦੇ ਹੋਏ ਘਾਟ ਵੱਲ ਤੁਰ ਪਏ, ਜਿੱਥੇ ਬੀਚ ਫੈਸਟੀਵਲ ਲੱਗਾ ਹੋਇਆ ਸੀ। ਉੱਥੇ ਉਹ ਕਾਫ਼ੀ ਚਿਰ ਰੌਣਕ ਮੇਲਾ ਦੇਖਦੇ ਰਹੇ ਤੇ ਉੱਥੋਂ ਦੇ ਲੋਕਲ ਗਾਇਕਾਂ ਦੇ ਗਾਣਿਆਂ ਦੀਆਂ ਧੁਨਾਂ ’ਤੇ ਮੌਜ ਮਸਤੀ ਕਰਦੇ ਰਹੇ। ਰਾਤ ਦੇ ਨੌਂ ਕੁ ਵਜੇ ਉਹ ਦੋਵੇਂ ਖੁਸ਼ੀ ਦੇ ਰੌਂਅ ’ਚ ਵਾਪਸ ਕਾਟੇਜ ਪਰਤੇ। ਕਾਟੇਜ ਦੇ ਵਿਹੜੇ ਦੀ ਨਿੰਮੀ ਨਿੰਮੀ ਰੌਸ਼ਨੀ ’ਚ ਨਿੱਕੀ ਚਾਂਦਨੀ ਦੇ ਫੁੱਲ ਤਾਰਿਆਂ ਵਾਂਗ ਖਿੜੇ ਹੋਏ ਸਨ।

ਕਮਰੇ ’ਚ ਪਹੁੰਚ ਕੇ ਪਵਨ ਭਾਵੁਕ ਹੋ ਗਿਆ ਤੇ ਉਸਨੇ ਨੀਰਜਾ ਦਾ ਹੱਥ ਫੜ ਕੇ ਚੁੰਮ ਲਿਆ। ਫਿਰ ਉਹ ਨੀਰਜਾ ਦੇ ਬਿਲਕੁਲ ਸਾਹਮਣੇ ਇੱਕ ਖਾਸ ਅੰਦਾਜ਼ ’ਚ ਖਲੋ ਗਿਆ–“ਵਿੱਲ ਯੂ ਮੈਰੀ ਮੀ,” ਪਵਨ ਨੇ ਪੁੱਛਿਆ।

ਨੀਰਜਾ ਹੱਸ ਪਈ । ਉਸਨੇ ਸਮਝਿਆ ਕਿ ਪਵਨ ਸ਼ਾਇਦ ਮਜ਼ਾਕ ਕਰ ਰਿਹਾ ਹੈ। ਪਰ ਪਵਨ ਸੱਚਮੁੱਚ ਗੰਭੀਰ ਸੀ। ਪਵਨ ਨੇ ਦੁਬਾਰਾ ਪੁੱਛਿਆ ਤਾਂ ਨੀਰਜਾ ਸਕਤੇ ’ਚ ਆ ਗਈ। ਅਜੀਬ ਜਿਹੀ ਉਲਝਣ ’ਚ ਉਸਦੇ ਮੂੰਹੋਂ ਨਿਕਲਿਆ, “ਹਾਲੇ ਨਹੀਂ... ਥੋੜ੍ਹਾ

ਚਿਰ ਉਡੀਕਣਾ ਪਵੇਗਾ।"

"ਕਿੰਨਾ ਚਿਰ ..? ਨੀਰਜਾ ... ਮੈਂ ਨਹੀਂ ਰਹਿ ਸਕਦਾ ਤੇਰੇ ਬਗ਼ੈਰ... ਪਲੀਜ਼," ਪਵਨ ਦੇ ਚਿਹਰੇ 'ਤੇ ਅਜੀਬ ਜਿਹੀ ਬੇਤਾਬੀ ਸੀ।

"ਯਾਰ, ਤੂੰ ਤਾਂ ਜਾਣਦਾ... ਐਕਟਿੰਗ ਮੇਰੀ ਰੂਹ ਹੈ... ਕਿੰਨਾ ਖੱਜਲ ਹੋਈ ਹਾਂ ਮੈਂ ...ਮਸਾਂ ਤਾਂ ਇੱਕ ਛੋਟੀ ਜਿਹੀ ਬ੍ਰੇਕ ਮਿਲੀ ਹੈ ...ਰੋਲ ਭਾਵੇਂ ਛੋਟਾ ਹੈ ਪਰ ਇੰਪੋਰਟੈਂਟ ਹੈ," ਨੀਰਜਾ ਨੇ ਕਿਹਾ।

"ਹਾ ਹਾ ਹਾ...ਇੰਪੋਰਟੈਂਟ ? ਜਾਣਦਾ ਮੈਂ," ਪਵਨ ਨੇ ਮਜ਼ਾਕ ਉਡਾਉਂਦਿਆਂ ਕਿਹਾ ਤੇ ਫਿਰ ਉਸਨੇ ਨੀਰਜਾ ਦਾ ਮੋਢਾ ਝੰਜੋੜ ਕੇ ਪੁੱਛਿਆ।

"ਮੈਨੂੰ ਤੇਰੀ ਲੋੜ ਹੈ... ਮੈਂ ਨਹੀਂ ਰਹਿ ਸਕਦਾ... ਤੇਰੇ ਬਗ਼ੈਰ... ਆਪਣਾ ਪਹਿਲਾ ਵਾਅਦਾ ਯਾਦ ਕਰ... ਜਦ ਆਪਾਂ ਥੀਏਟਰ ਨਾਲ ਜੁੜਨ ਦਾ ਫ਼ੈਸਲਾ ਕੀਤਾ ਸੀ ਤੇ ਆਪਣੇ ਵਰਗੇ ਹੋਰ ਲੋਕਾਂ ਨੂੰ ਆਪਣੇ ਨਾਲ ਜੋੜਨ ਦਾ...।"

"ਪਵਨ, ਤੂੰ ਸਮਝਦਾ ਕਿਉਂ ਨਹੀਂ ? ਉਹ ਅੱਲੜ੍ਹ ਉਮਰ ਦੇ ਫ਼ੈਸਲੇ ਸਨ ਤੇ ਹੁਣ...।" ਨੀਰਜਾ ਨੇ ਝਿਜਕਦਿਆਂ ਝਿਜਕਦਿਆਂ ਕਿਹਾ।

ਨੀਰਜਾ ਦੇ ਇਸ ਜੁਆਬ ਨਾਲ਼ ਪਵਨ  ਬਹੁਤ ਭਾਵੁਕ ਹੋ ਗਿਆ। ਉਸਨੇ ਆਪਣੇ ਬੈਗ ਚੋਂ ਵਿਸਕੀ ਦੀ ਬੋਤਲ ਕੱਢੀ ਤੇ ਮੇਜ 'ਤੇ ਪਏ ਗਿਲਾਸ ਚ ਪਾ ਕੇ ਦੋ ਪੈੱਗ ਨੀਟ ਹੀ ਚਾੜ੍ਹ ਲਏ। ਕਮਰੇ ਦੇ ਬਾਹਰ ਬਰਾਂਡੇ 'ਚ ਬਹਿ ਕੇ ਸਿਗਰਟ ਦੇ ਕਸ਼ ਲਾਉਂਦਿਆਂ ਸਨਕ ਦੀ ਇੱਕ ਲਹਿਰ ਉਸਦੇ ਦਿਮਾਗ਼ ਨੂੰ ਚੜ੍ਹੀ ਤੇ ਉਸਨੇ ਵਾਪਸ ਕਮਰੇ 'ਚ ਆ ਕੇ ਨੀਰਜਾ ਦਾ ਮੁੜ ਮੋਢਾ ਝੰਜੋੜਿਆ, "ਜੇ ਐਕਟਿੰਗ ਤੇਰਾ ਪੈਸ਼ਨ ਹੈ ਤਾਂ ਮੈਂ ਕੀ ਆਂ?"

"ਕੀ ਦੱਸਾਂ...?" ਨੀਰਜਾ ਨੇ ਖਿਝ ਕੇ ਜਵਾਬ ਦਿੱਤਾ, "ਤੂੰ ਚਾਹੁੰਦਾ ਕੀ ਏਂ?"

"ਤੂੰ ਸਮਝਦੀ ਕੀ ਏਂ, ਖੁਦ ਨੂੰ ...ਵੱਡੀ ਐਕਟਰੈੱਸ ਸਮਝਣ ਲੱਗ ਪਈ ਏਂ? ਹਾ ਹਾ ਹਾ...।" ਪਵਨ ਨੇ ਤੈਸ਼ 'ਚ ਆ ਕੇ ਕਿਹਾ।

ਨੀਰਜਾ ਚੁੱਪ ਰਹੀ।

ਪਰ  ਪਵਨ ਤੋਂ ਨੀਰਜਾ ਦੀ ਚੁੱਪ ਬਰਦਾਸ਼ਤ ਨਹੀਂ ਸੀ ਹੋ ਰਹੀ। ਪਵਨ ਦੇ ਅੰਦਰ ਨੀਰਜਾ ਦੀ ਖੁੱਸ ਰਹੀ ਮੁਹੱਬਤ ਹੋਰ ਖੌਰੂ ਪਾਉਣ ਲੱਗੀ। ਉਸਨੇ ਮੇਜ ਉੱਤੇ ਪਿਆ ਖ਼ਾਲੀ ਗਿਲਾਸ ਚੁੱਕ ਕੇ ਕੰਧ 'ਚ ਮਾਰਿਆ।

ਨੀਰਜਾ ਨੇ ਚੀਕ ਮਾਰੀ ਤੇ ਫਿਰ ਉੱਚੀ ਉੱਚੀ ਰੋਣ ਲੱਗ ਪਈ, "ਤੂੰ ਸੜਦਾਂ... ਤੂੰ ਸੜਦਾਂ ਮੇਰੇ ਤੋਂ।"

"ਮੈਂ ਸੜਦਾਂ... ? ਮੈਂ ਸੜਦਾ...? ਕੋਈ ਇਲਜ਼ਾਮ ਰਹਿ ਗਿਆ ਤਾਂ ਉਹ ਵੀ ਲਾ ਦੇ ਮੇਰੇ ਤੇ।" ਪਵਨ ਲੱਗਭਗ ਰੋ ਹੀ ਪਿਆ ਸੀ।

ਫਿਰ ਉਹ ਅੱਧੀ ਰਾਤ ਤੱਕ ਮਿਹਣੋ-ਮਿਹਣੀ ਹੁੰਦੇ ਰਹੇ ਤੇ ਅਖ਼ੀਰ ਪਵਨ ਥੱਕ ਟੁੱਟ ਕੇ ਸੌਂ ਗਿਆ ਪਰ ਨੀਰਜਾ ਨੂੰ ਨੀਂਦ ਨਾ ਆਈ। ਸੁੱਤੇ ਪਏ ਪਵਨ ਵੱਲ ਵੇਖ ਕੇ ਨੀਰਜਾ ਦੀ ਖਿੱਝ ਹੋਰ ਵਧਣ ਲੱਗ ਪਈ। ਉਹ ਉੱਠ ਕੇ ਬਾਹਰ ਬਰਾਂਡੇ 'ਚ ਡੱਠੀ ਕੁਰਸੀ 'ਤੇ ਬੈਠ ਗਈ। ਉਸਨੇ ਸਿਗਰਟ ਸੁਲਗਾਈ ਤੇ ਚੰਨ ਦੀ ਚਾਨਣੀ 'ਚ ਚਾਂਦੀ ਦੀਆਂ ਤਾਰਾਂ ਵਾਂਗ ਚਮਕ ਰਹੀਆਂ ਲਹਿਰਾਂ ਵੱਲ ਵੇਖਦੀ ਰਹੀ। 'ਕਿੰਨੇ ਸੁਪਨੇ ਸਨ, ਉਹਦੀਆਂ ਅੱਖਾਂ 'ਚ।

ਉਹ ਤਾਂ ਅੱਜ ਦੀ ਰਾਤ ਆਪਣੇ ਚੰਨ ਸੰਗ... ਪੁੰਨਿਆਂ ਦੀ ਰਾਤ ਦੀ ਚਾਨਣੀ ਵਾਂਗ ਘੁਲ ਜਾਣਾ ਚਾਹੁੰਦੀ ਸੀ... ਖੰਡ 'ਚ ਸ਼ਰਬਤ ਵਾਂਗ.. ਜਿਵੇਂ ਲਹਿਰਾਂ ਘੁਲਮਿਲ ਰਹੀਆਂ। ਨੀਰਜਾ ਦਾ ਵਜ਼ੂਦ ਘੁਟਣ ਨਾਲ ਭਰ ਗਿਆ ਸੀ, ਜਿਵੇਂ ਉਸਦਾ ਸਾਹ ਰੁਕ ਗਿਆ ਹੋਵੇ। ਉਸਨੂੰ ਜਾਪਿਆ, ਜਿਵੇਂ ਇਹ ਘੁਟਨ ਉਸਦੀ ਜਾਨ ਲੈ ਲਵੇਗੀ। ਖ਼ੁਦ ਨੂੰ ਜਿਉਂਦਾ ਰੱਖਣ ਲਈ ਉਸਨੂੰ ਕਿਸੇ ਇੱਕ ਨੂੰ ਚੁਣਨਾ ਪਵੇਗਾ, ਪਵਨ ਨੂੰ ਜਾਂ ਉਸਦੇ ਖ਼ੁਦ ਦੇ ਸੁਪਨੇ ਨੂੰ...ਇਕ ਕਾਮਯਾਬ ਐਕਟਰਸ ਬਣਨ ਦਾ ਸੁਪਨਾ... ਉਸਨੂੰ ਆਪਣੇ ਵਜ਼ੂਦ ਦੇ ਖੋਲ 'ਚੋਂ ਖ਼ੁਦ ਨੂੰ ਨੀਰਜਾ ਤੋਂ ਮੁਕਤ ਹੋ ਕੇ ਲਾਇਬਾ ਭਾਟੀਆ ਦੇ ਰੂਪ ਵਿੱਚ ਇੱਕ ਨਵਾਂ ਰੂਪ ਘੜਨਾ ਪਵੇਗਾ...ਕੁਕਨੂਸ ਵਾਂਗ...ਹਾਂ, ਨੀਰਜਾ ਨੂੰ ਅੱਜ ਹੀ ਮੁਕਤ ਕਰ ਦੇਣਾ ਚਾਹੀਦਾ... ਸਿਰਫ...ਸਿਰਫ ਲਾਈਬਾ ਭਾਟੀਆ ਰਹੇਗੀ। ਤੇ ਕੱਲ੍ਹ ਰਾਤ ਇਸ ਫ਼ੈਸਲੇ ਤੋਂ ਬਾਅਦ, ਉਹ ਦਵੰਦ ਮੁਕਤ ਹੋ ਕੇ ਸੌਂ ਗਈ ਸੀ।

ਜਦੋਂ ਨੀਰਜਾ ਦੀ ਅੱਖ ਖੁੱਲ੍ਹੀ ਤਾਂ ਦੁਪਹਿਰ ਦਾ ਇੱਕ ਵੱਜ ਚੁੱਕਾ ਸੀ । ਪਵਨ ਹਾਲੇ ਵੀ ਨਹੀਂ ਸੀ ਪਰਤਿਆ। ਨੀਰਜਾ ਨੂੰ ਭੁੱਖ ਲੱਗੀ ਹੋਈ ਸੀ। ਉਸਨੇ ਰਿਸੈਪਸ਼ਨ 'ਤੇ ਕਾਲ ਕਰਕੇ ਦੋ ਸੈਂਡਵਿਚ ਤੇ ਇੱਕ ਕੱਪ ਕਾਫ਼ੀ ਆਰਡਰ ਕੀਤੀ। ਅੱਜ ਸ਼ਾਮ ਉਹਨਾਂ ਦੀ ਵਾਪਸੀ ਦੀ ਫਲਾਈਟ ਸੀ। ਉਸਨੇ ਆਪਣੇ ਕੱਪੜੇ ਸਮੇਟਣ ਲਈ ਜਦੋਂ ਅਲਮਾਰੀ ਨੂੰ ਖੋਲ੍ਹਿਆ ਤਾਂ ਉੱਥੇ ਪਵਨ ਦਾ ਬਰੀਫਕੇਸ ਗਾਇਬ ਸੀ ਤੇ ਉੱਥੇ ਇੱਕ ਕਾਗਜ਼ ਉੱਤੇ ਕੁਝ ਲਿਖਿਆ ਹੋਇਆ ਪਿਆ ਸੀ। ਨੀਰਜਾ ਨੇ ਕਾਗਜ਼ ਚੁੱਕਿਆ ਤੇ ਪੜ੍ਹਨਾ ਸ਼ੁਰੂ ਕੀਤਾ –

'ਆਜ਼ਾਦੀ' ਮੁਬਾਰਕ, ਨੀਰਜਾ। ਮੈਂ ਤੈਨੂੰ ਆਪਣੀ ਮੁਹੱਬਤ ਦੇ ਰਿਸ਼ਤੇ ਤੋਂ ਮੁਕਤ ਕਰ ਰਿਹਾ ਹਾਂ। ਆਜ਼ਾਦੀ ਰਿਸ਼ਤਿਆਂ ਦੀ ਕੁਰਬਾਨੀ ਮੰਗਦੀ ਹੈ ਤੇ ਮੈਂ ਇਹ ਕੁਰਬਾਨੀ ਦੇਣ 'ਚ ਪਹਿਲ ਕੀਤੀ ਹੈ। ਆਪਾਂ ਦੋਵੇਂ ਆਜ਼ਾਦੀ ਦੇ ਰਾਹ ਦੇ ਪਾਂਧੀ ਹਾਂ। ਆਖ਼ਰੀ ਅਲਵਿਦਾ।

ਕੋਈ ਹੈ ਸੀ... ਕਦੇ ਕਿਤੇ ...

ਨੀਰਜਾ ਰੁੱਕਾ ਪੜ੍ਹ ਕੇ ਚੁੱਪਚਾਪ ਬੈਠ ਗਈ। ਉਸਨੂੰ ਸਮਝ ਨਹੀਂ ਆ ਰਿਹਾ ਸੀ ਕਿ ਉਹ ਕੀ ਪ੍ਰਤੀਕਰਮ ਦੇਵੇ। ਉਸਨੇ ਫ਼ੋਨ ਚੁੱਕਿਆ ਤੇ ਪਵਨ ਨੂੰ ਫ਼ੋਨ ਮਿਲਾਉਣ ਬਾਰੇ ਸੋਚਿਆ। ਫਿਰ ਉਸਨੇ ਇਰਾਦਾ ਬਦਲ ਲਿਆ ਤੇ ਉਹ ਆਪਣਾ ਇੰਸਟਾਗਰਾਮ ਅਕਾਊਂਟ ਚੈੱਕ ਕਰਨ ਲੱਗ ਪਈ। ਉਸ ਦੀ ਨਵੀਂ ਪੋਸਟ ਤੇ ਚੌਵੀ ਕੇ ਲਾਈਕਸ ਆ ਚੁੱਕੇ ਸਨ। ਉਹ ਨਿਸ਼ਚਿੰਤ ਹੋ ਕੇ ਕੁਰਸੀ 'ਤੇ ਬੈਠ ਗਈ ਤੇ ਆਰਾਮ ਨਾਲ ਸਿਰ ਪਿਛਾਂਹ ਕਰ ਕੇ ਛੱਤ ਵੱਲ ਕਰਕੇ ਅੱਖਾਂ ਮੁੰਦ ਲਈਆਂ। 'ਟਵੈਂਟੀ ਫ਼ੋਰ ਕੇ ਲਾਈਕਸ', ਇਹ ਸੋਚ ਕੇ ਉਸਦੀ ਰੂਹ ਨਸ਼ਿਆ ਗਈ...ਜਿਵੇਂ ਉਹ ਕਿਸੇ ਹਰਿਆਲੀ ਪਗਡੰਡੀ 'ਤੇ ਤੁਰ ਰਹੀ ਹੋਵੇ...ਮੋਰ ਲਾਈਕ... ਮੋਰ ਮਨੀ... ਖੁਸ਼ਹਾਲੀ...ਹਰਿਆਲੀ ...ਸਭ ਕੁਝ।' ਭਲਾ ਹੋਰ ਕੀ ਚਾਹੀਦਾ,' ਉਸਨੇ ਸੋਚਿਆ। ਅਨੋਖੇ ਵਿਸਮਾਦ ਨੇ ਉਸਦੇ ਦਿਲ ਨੂੰ ਅਣਕਿਆਸੇ ਬੋਝ ਤੋਂ ਮੁਕਤ ਕਰ ਦਿੱਤਾ। ਉਸਦਾ ਖਾਣਾ ਆ ਚੁੱਕਾ ਸੀ। ਉਸਨੇ ਬੜੀ ਤਸੱਲੀ ਨਾਲ ਖਾਣਾ ਖਾਧਾ ਤੇ ਫਿਰ ਆਪਣਾ ਸਮਾਨ ਪੈਕ ਕਰਨ ਲੱਗੀ।

ਕੁਝ ਚਿਰ ਬਾਅਦ ਟੈਕਸੀ ਆ ਗਈ। ਏਅਰਪੋਰਟ ਨੂੰ ਤੁਰਨ ਤੋਂ ਪਹਿਲਾਂ ਉਸਨੇ ਸ਼ੀਸ਼ੇ 'ਚ ਖ਼ੁਦ ਨੂੰ ਨਿਹਾਰਿਆ। ਨੀਰਜਾ ਸੱਚਮੁੱਚ ਅਲੋਪ ਹੋ ਚੁੱਕੀ ਸੀ। ਉਹ ਮੁਸਕਰਾ ਪਈ ਤੇ ਆਪਣਾ ਬਰੀਫਕੇਸ ਚੁੱਕ ਕੇ ਟੈਕਸੀ ਵੱਲ ਤੁਰ ਪਈ। **(ਸੰਪਰਕ : 94632-23251)**

ਕਹਾਣੀ

# ਓਪਨ ਮੈਰਿਜ



**ਲਖਵਿੰਦਰ ਵਿਰਕ**

**(ਆਪਣੀ ਜਾਨਦਾਰ ਤੇ ਉਤਮ ਕਹਾਣੀ 'ਓਪਨ ਮੈਰਿਜ' ਨਾਲ ਲਖਵਿੰਦਰ ਵਿਰਕ 'ਕਹਾਣੀ ਧਾਰਾ' ਰਾਹੀ ਪੰਜਾਬੀ ਕਹਾਣੀ 'ਚ ਆਪਣਾ ਪਹਿਲਾ ਕਦਮ ਰੱਖ ਰਹੀ ਏ। ਸਵਾਗਤ ਏ। - ਸੰਪਾਦਕ)**

ਫੋਨ 'ਤੇ ਹੋਈ ਟਰਿੰਗ ਦੀ ਆਵਾਜ਼ ਨੇ ਉਹਨਾਂ ਦੋਹਾਂ ਦਾ ਧਿਆਨ ਖਿੱਚਿਆ। ਸ਼ਾਇਦ ਕੋਈ ਮੈਸੇਜ ਆਇਆ ਸੀ। ਫੋਨ ਸਿਧਾਰਥ ਦਾ ਸੀ। ਉਹ ਫੋਨ ਚੁੱਕ ਕੇ ਵੇਖਦਾ ਨਹੀਂ। ਤਾਨੀਆ ਵੀ ਆਪਣੀਆਂ ਨਜ਼ਰਾਂ ਟੀ ਵੀ ਸਕਰੀਨ ਵੱਲ ਹੀ ਰੱਖਦੀ ਹੈ। ਸੰਡੇ ਹੋਣ ਕਾਰਨ ਅੱਜ ਦੋਹਾਂ ਦੀ ਛੁੱਟੀ ਸੀ ਤੇ ਉਹਨਾਂ ਨੇ ਨੈਟ ਫਲਿਕਸ 'ਤੇ ਐਨੀਮਲ ਮੂਵੀ ਵੇਖਣ ਦਾ ਪ੍ਰੋਗਰਾਮ ਬਣਾਇਆ ਸੀ। ਖਾਣਾ ਬਾਹਰੋਂ ਆਰਡਰ ਕਰ ਲਿਆ ਸੀ ਤੇ ਦੋਵੇਂ ਫਿਲਮ ਵੇਖਣ ਲੱਗੇ।

ਸਕਰੀਨ 'ਤੇ ਦ੍ਰਿਸ਼ ਚੱਲ ਰਿਹਾ ਸੀ; ਹੀਰੋ ਪਤਨੀ ਨੂੰ ਝੂਠ ਬੋਲ ਕੇ ਦੂਜੀ ਕੁੜੀ ਨਾਲ ਸਰੀਰਕ ਸੰਬੰਧ ਬਣਾਉਂਦਾ ਹੈ। ਪਤਨੀ ਨੂੰ ਜਦ ਪਤਾ ਚੱਲਦਾ ਹੈ ਉਹ ਬਹੁਤ ਦੁਖੀ ਹੁੰਦੀ ਹੈ, ਰੋਂਦੀ ਹੈ ਅਤੇ ਬੱਚੇ ਲੈ ਕੇ ਘਰ ਛੱਡ ਕੇ ਨਿਕਲ ਜਾਂਦੀ ਹੈ।

ਸਿਧਾਰਥ ਫੋਨ ਚੁੱਕ ਕੇ ਬਾਥਰੂਮ ਚਲਾ ਜਾਂਦਾ ਹੈ ਪਰ ਫੋਨ ਤੇ ਆਏ ਮੈਸੇਜ ਦੀ ਟਰਿੰਗ ਤਾਨੀਆ ਦੇ ਦਿਮਾਗ ਵਿੱਚ ਬਾਰ-ਬਾਰ ਵੱਜ ਰਹੀ ਹੈ।

ਉਹ ਆਪਣਾ ਧਿਆਨ ਮੂਵੀ ਵੱਲ ਲਾਉਣ ਦੀ ਕੋਸ਼ਿਸ਼ ਕਰਦੀ ਹੈ। "ਕੀ ਪਤੀ ਦਾ ਦੂਜੀ ਔਰਤ ਦੇ ਨਾਲ ਇਨਵੋਲਵ ਹੋ ਜਾਣਾ ਏਨਾ ਵੱਡਾ ਮਸਲਾ ਹੈ? ਉਹ ਪਿਆਰ ਤਾਂ ਪਤਨੀ ਨੂੰ ਹੀ ਕਰਦਾ ਸੀ।" ਉਹ ਆਪਣੇ ਮਨ ਵਿੱਚ ਸੋਚਦੀ ਹੈ।

ਇਹ ਜੋ ਵਿਖਾਇਆ ਜਾ ਰਿਹਾ ਹੈ ਜੇ ਸਹੀ ਹੈ ਤਾਂ ਫਿਰ...?

ਉਹਨਾਂ ਦੇ ਵਿਆਹ ਨੂੰ ਦੋ ਸਾਲ ਹੋ ਗਏ ਸਨ। ਸਿਧਾਰਥ ਮੁੰਬਈ ਦੀ ਇੱਕ ਮਲਟੀ-ਨੈਸ਼ਨਲ ਕੰਪਨੀ ਵਿੱਚ ਸੀ ਈ ਓ ਦੀ ਪੋਸਟ ਤੇ ਸੀ ਅਤੇ ਤਾਨੀਆ ਐਸ ਬੀ ਆਈ ਬੈਂਕ ਵਿੱਚ ਜਨਰਲ ਮੈਨੇਜਰ ਸੀ। ਰਿਸ਼ਤੇ ਕਰਵਾਉਣ ਵਾਲੀ ਇੱਕ ਐਪ ਰਾਹੀਂ ਉਹਨਾਂ ਦੀ ਅਰੇਂਜਡ ਮੈਰਿਜ ਹੋਈ ਸੀ। ਵਿਆਹ ਤੋਂ ਬਾਅਦ ਪਤੀ ਪਤਨੀ ਮਿਲ ਕੇ ਹੀ ਕਿਚਨ ਦਾ ਅਤੇ ਹੋਰ ਸਾਰੇ ਕੰਮ ਕਰਦੇ ਸਨ। ਤਾਨੀਆ ਨੇ ਕਿਉਂਕਿ ਦਿੱਲੀ ਤੋਂ ਮੁੰਬਈ ਸ਼ਿਫਟ ਕੀਤਾ ਸੀ। ਇਸ ਲਈ ਨਵੀਂ ਥਾਂ ਅਤੇ ਮਾਹੌਲ ਨੂੰ ਸਮਝਣ ਲਈ ਉਸਨੂੰ ਕਾਫੀ ਮਿਹਨਤ ਕਰਨੀ ਪੈ ਰਹੀ ਸੀ। ਸਿਧਾਰਥ ਨੇ ਇਸ ਦੌਰਾਨ ਉਸ ਦੀ ਪੂਰੀ ਮਦਦ ਕੀਤੀ ।

"ਤਾਨੀਆ ਤੇਰਾ ਕੋਈ ਬਵਾਇ ਫਰੈਂਡ ਸੀ ਵਿਆਹ ਤੋਂ ਪਹਿਲਾਂ?" ਇੱਕ ਦਿਨ ਸਿਧਾਰਥ ਨੇ ਪੁੱਛਿਆ।

"ਨ... ਨ... ਨਹੀਂ ਤੇ।" ਅਚਾਨਕ ਪੁੱਛੇ ਸਵਾਲ ਨਾਲ ਸੋਨੀਆ ਘਬਰਾ ਗਈ।

"ਆਈ ਐਮ ਨਾਟ ਸੋ ਨੈਰੋ ਮਾਇੰਡਿਡ, ਡੋਂਟ ਵਰੀ, ਕਮ-ਆਨ ਟੈਲ ਮੀ"

"ਸੱਚੀ ਨਹੀਂ ਸੀ।" ਸੋਨੀਆ ਹੁਣ ਸੰਭਲ ਰਹੀ ਸੀ।

"ਐਵੇਂ ਨਹੀਂ ਹੋ ਸਕਦਾ ਡੀਅਰ, ਝੂਠ ਨਾ ਬੋਲ।"

"ਨਹੀਂ ਸਿਧਾਰਥ, ਸੱਚੀ।

"ਇਹਦਾ ਮਤਲਬ ਤੈਨੂੰ ਮੇਰੇ 'ਤੇ ਯਕੀਨ ਨਹੀਂ ਤਾਨੀਆ। ਅੱਜ ਦੇ ਸਮੇਂ ਰਿਲੇਸ਼ਨਸ਼ਿਪ ਵਿੱਚ ਹੋਣਾ ਕੋਈ ਮਾੜੀ ਗੱਲ ਨਹੀਂ। ਸਗੋਂ ਸਾਡੀ ਸੁਸਾਇਟੀ ਵਿੱਚ ਤਾਂ ਸਮਝਿਆ ਜਾਂਦਾ ਹੈ ਕਿ ਜੇ ਤੁਸੀਂ ਰਿਲੇਸ਼ਨਸ਼ਿਪ ਵਿੱਚ ਨਹੀਂ ਇਟ ਮੀਨਸ ਤੁਹਾਡੇ ਵਿੱਚ ਕੋਈ ਪ੍ਰੋਬਲਮ ਏ।" ਸਿਧਾਰਥ ਤਾਨੀਆ ਤਾਨੀਆ ਦੇ ਅਤੀਤ ਬਾਰੇ ਜਾਣਨਾ ਚਾਹੁੰਦਾ ਸੀ।



"ਕਦੀ ਫੁਰਸਤ ਹੀ ਨਹੀਂ ਮਿਲੀ ਸਿਧਾਰਥ ਬਸ ਪੂਰਾ ਧਿਆਨ ਪੜ੍ਹਾਈ ਤੇ ਕਰੀਅਰ ਵੱਲ ਹੀ ਸੀ, ਉਹਨੇ ਦੂਜੇ ਪਾਸੇ ਵੇਖਦੇ ਹੋਏ ਜਵਾਬ ਦਿੱਤਾ। ਉਹਨੂੰ ਡਰ ਸੀ ਸਿਧਾਰਥ ਉਹਦੇ ਭਾਵਾਂ ਨੂੰ ਫੜ ਨਾ ਲਵੇ ਕਿਤੇ।

"ਆਪਣੇ ਬਾਰੇ ਦੱਸੋ ਨਾ।" ਸੋਨੀਆ ਨੇ ਸਵਾਲ ਕੀਤਾ।

"ਯੈਸ ਆਈ ਹੈਡ ਮੈਨੀ। ਮੇਰੀ ਤਾਂ ਪਹਿਲੀ ਗਰਲਫਰੈਂਡ ਉਦੋਂ ਹੀ ਬਣ ਗਈ ਸੀ ਜਦੋਂ ਮੈਂ ਛੇਵੀਂ ਜਮਾਤ ਵਿੱਚ ਪੜ੍ਹਦਾ ਸੀ। ਵਿਆਹ ਤੋਂ ਪਹਿਲਾਂ ਤੱਕ ਤੇਰਾਂ ਗਰਲ ਫਰੈਂਡਸ ਸਨ ਮੇਰੀਆਂ।" ਸਿਧਾਰਥ ਨੇ ਉਂਗਲਾਂ ਤੇ ਗਿਣਦੇ ਹੋਏ ਬੜੇ ਫ਼ਖਰ ਨਾਲ ਜਵਾਬ ਦਿੱਤਾ।

ਓ ਮਾਈ ਗਾਡ!, ਏਨੀ ਛੋਟੀ ਉਮਰ 'ਚ" ਤਾਨੀਆ ਨੇ ਹੈਰਾਨੀ ਨਾਲ ਕਿਹਾ।

"ਛੋਟੀ ਉਮਰ! ਸਿਧਾਰਥ ਨੇ ਤਾਨੀਆ ਵੱਲ ਇੰਜ ਵੇਖਿਆ ਜਿਵੇਂ ਉਹ ਕਿਸੇ ਜੰਗਲ ਵਿੱਚੋਂ ਨਵੀਂ ਨਵੀਂ ਬਾਹਰ ਆਈ ਹੋਵੇ ਜਿਸ ਨੂੰ ਇਸ ਦੁਨੀਆ ਬਾਰੇ ਕੁਝ ਵੀ ਪਤਾ ਨਹੀਂ। "ਮੇਰੇ ਕੁਝ ਫਰੈਂਡਸ ਨੇ ਤਾਂ ਟੈਂਥ ਕਲਾਸ ਤੱਕ ਕਈ ਵਾਰੀ ਫਿਜੀਕਲ ਰਿਲੇਸ਼ਨਸ ਵੀ ਬਣਾ ਲਏ ਸੀ। ਈਵਨ ਮੇਰਾ ਇੱਕ ਫਰੈਂਡ ਤਾਂ ਸਕੂਲ ਦੀ ਟੋਇਲਟ ਵਿੱਚ ਆਪਣੀ ਗਰਲਫਰੈਂਡ ਨਾਲ ਫੜਿਆ ਵੀ ਗਿਆ ਸੀ। ਉਹਨਾਂ ਨੂੰ ਫਿਰ ਸਕੂਲ ਤੋਂ ਰੈਸਟੀਗੇਟ ਕਰ ਦਿੱਤਾ ਗਿਆ। ਮੈਂ ਤਾਂ ਬੜਾ ਪਿਛੜਿਆ ਹੋਇਆ ਸੀ ਇਸ ਮਾਮਲੇ ਵਿੱਚ। ਮੇਰੇ ਫਰੈਂਡਸ ਤਾਂ ਮੇਰਾ ਮਜ਼ਾਕ ਉਡਾਉਂਦੇ ਸੀ ਕਿ ਮੈਨੂੰ ਕੁਝ ਨਹੀਂ ਆਉਂਦਾ। ਦੌਨ ਕਿਤੇ ਜਾ ਕੇ ਮੈਂ ਗ੍ਰੈਜੂਏਸ਼ਨ ਵਿੱਚ ਹਿੰਮਤ ਵਿਖਾਈ ਆਪਣੀ ਫੋਰਥ ਗਰਲ ਫਰੈਂਡ ਨਾਲ। ਸਿਧਾਰਥ ਹੱਸਦਾ ਹੋਇਆ ਦੱਸ ਰਿਹਾ ਸੀ।

ਤਾਨੀਆ ਉਸ ਨੂੰ ਹੈਰਾਨੀ ਨਾਲ ਵੇਖ ਰਹੀ ਸੀ।

"ਡੈਹਲੀ ਵਿੱਚ ਵੀ ਤਾਂ ਇਨਾਂ ਹੀ ਓਪਨ ਮਾਹੌਲ ਹੈ ਐਵੇਂ ਕਿਵੇਂ ਹੋ ਸਕਦੈ ਕਿ ਤੇਰਾ ਕੋਈ ਬਵਾਇ ਫਰੈਂਡ ਹੀ ਨਾ ਬਣਿਆ ਹੋਵੇ। ਯਾਰ ਅੱਜ ਦੇ ਟਾਈਮ ਤਾਂ ਪੀਅਰ ਪ੍ਰੈਸ਼ਰ 'ਚ ਹੀ ਬਹੁਤ ਕੁਝ ਕਰਨਾ ਪੈਂਦੈ। ਸਾਡੇ ਤਾਂ ਕਿਸੇ ਫਰੈਂਡ ਦੀ ਜੇ ਗਰਲਫਰੈਂਡ ਨਹੀਂ ਹੁੰਦੀ ਸੀ ਤਾਂ ਉਹਨੂੰ ਗਰੁੱਪ ਵਿੱਚੋਂ ਬਾਹਰ ਕੱਢ ਦਿੰਦੇ ਸੀ। ਆਈ ਡੋਂਟ ਬਲੀਵ ਕਿ ਤੇਰਾ ਕੋਈ ਬਵਾਇ ਫਰੈਂਡ ਨਹੀਂ ਸੀ ਕਮ-ਆਨ ਟੈਲ ਮੀ ਬੇਬੀ।" ਸਿਧਾਰਥ ਨੇ ਜਿੱਦ ਕੀਤੀ।

"ਬਟ ਜ਼ਰੂਰੀ ਤਾਂ ਨਹੀਂ ਕਿ ਹਰ ਕੁੜੀ ਦਾ ਰਿਲੇਸ਼ਨ ਹੋਵੇ।

ਤਾਨੀਆ ਦੇ ਦੋ ਬਵਾਇ ਫਰੈਂਡਜ ਰਹੇ ਸੀ। ਇਕ ਪਲਸ ਟੂ ਵਿੱਚ, ਜਿਸ ਨੂੰ ਵੇਖਦਿਆਂ ਹੀ ਤਾਨੀਆ ਨੂੰ ਉਸ ਨਾਲ ਪਿਆਰ ਹੋ ਗਿਆ ਸੀ। ਪਰ ਇਹ ਬਚਪਨ ਦਾ ਕਰਸ਼ ਸੀ ਜਿਹੜਾ ਥੋੜੇ ਦਿਨ ਵਿੱਚ ਹੀ ਖਤਮ ਹੋ ਗਿਆ ਜਦੋਂ ਉਸਦੇ ਬਵਾਇ ਫਰੈਂਡ ਨੇ ਕਿਸੇ ਹੋਰ ਕੁੜੀ ਨਾਲ ਫਰੈਂਡਸ਼ਿਪ ਕਰ ਲਈ। ਦੂਜੀ ਵਾਰੀ ਉਸ ਨੂੰ ਗਰੈਜੂਏਸ਼ਨ ਤੋਂ ਬਾਅਦ ਐਮ ਬੀ ਏ ਕਰਦੇ ਹੋਏ ਆਪਣੇ ਕਲਾਸਮੇਟ ਨਾਲ ਪਿਆਰ ਹੋ ਗਿਆ ਉਹ ਇਸ ਰਿਲੇਸ਼ਨਸ਼ਿਪ ਵਿੱਚ ਕਾਫੀ ਸੀਰੀਅਸ ਸੀ। ਉਸ ਨਾਲ ਵਿਆਹ ਵੀ ਕਰਵਾਉਣਾ ਚਾਹੁੰਦੀ ਸੀ ਪਰ ਜਦ ਉਹਨੇ ਉਹਦੇ ਨਾਲ ਇਸ ਬਾਰੇ ਗੱਲ ਕੀਤੀ ਤਾਂ ਉਹ ਭੜਕ ਗਿਆ। ਉਸ ਨੂੰ ਤਾਨੀਆ ਆਊਟ ਡੇਟਿਡ ਲੱਗੀ।

ਉਹਨੇ ਕਿਹਾ ਮੈਂ ਤਾਂ ਕਦੀ ਸੋਚਿਆ ਹੀ ਨਹੀਂ ਇੰਜ, ਵਿਆਹ ਦਾ ਕੀ ਮਤਲਬ? ਉਹ ਫਿਰ ਕਦੀ ਵੀ ਨੋਰਮਲ ਨਾ ਹੋ ਸਕੇ ਅਤੇ ਉਹਨਾਂ 'ਚ ਬਰੇਕ ਅਪ ਹੋ ਗਿਆ।

ਇਹ ਸਭ ਤਾਨੀਆ ਦੱਸਣਾ ਚਾਹੁੰਦੀ ਸੀ ਸਿਧਾਰਥ ਨੂੰ ਪਰ ਉਹ ਡਰ ਰਹੀ ਸੀ। ਉਹਨੇ ਹਮੇਸ਼ਾ ਸੁਣਿਆ ਸੀ ਕਿ ਲੜਕਾ ਖੁਦ ਚਾਹੇ ਜੋ ਵੀ ਕਰ ਲਵੇ ਕਦੀ ਵੀ ਕੁੜੀ ਬਾਰੇ ਅਜਿਹਾ ਕੁਝ ਸੁਣ ਕੇ ਬਰਦਾਸ਼ਤ ਨਹੀਂ ਕਰ ਸਕਦਾ। ਉਸਦੀ ਮਾਂ ਨੇ ਕਿਹਾ ਸੀ ਕਿ ਅਜਿਹੀਆਂ ਗੱਲਾਂ ਤੇ ਤਾਂ ਤਲਾਕ ਵੀ ਹੋ ਜਾਂਦੇ ਹਨ। ਇਹ ਸਭ ਸੋਚ ਕੇ ਉਹ ਚੁਪ ਕਰ ਗਈ।

ਸਿਧਾਰਥ ਨੇ ਤਾਨੀਆ ਨੂੰ ਆਪਣੀ ਬੁੱਕਲ ਵਿੱਚ ਲੈ ਲਿਆ ਤੇ ਕਿਹਾ "ਇਹ ਨੋਰਮਲ ਹੈ ਤਾਨੀਆ ਅਸੀਂ ਘਰ ਤੋਂ ਬਾਹਰ ਜਾਂਦੇ ਹਾਂ ਨੈਚੁਰਲ ਹੈ ਕਿ ਓਪੋਜਿਟ ਸੈਕਸ ਵੱਲ ਅਟਰੈਕਟ ਹੋ ਜਾਈਏ। ਜੇ ਮੈਂ ਹੋ ਸਕਦਾ ਹਾਂ ਤਾਂ ਤੂੰ ਕਿਉਂ ਨਹੀਂ? ਮੈਂ ਓਲਡ ਸਕੂਲ ਟਾਈਪ ਨਹੀਂ ਹਾਂ।"

ਤਾਨੀਆ ਨਾ ਚਾਹੁੰਦਿਆਂ ਵੀ ਸੱਚ ਛੁਪਾ ਗਈ। ਉਸ ਤੋਂ ਬਾਦ ਸਿਧਾਰਥ ਨੇ ਵੀ ਇਸ ਬਾਰੇ ਕੋਈ ਗੱਲ ਨਹੀਂ ਕੀਤੀ। ਇੱਕ ਰਾਤ ਡਿਨਰ ਤੋਂ ਬਾਦ ਜਦੋਂ ਸਾਰੇ ਕੰਮ ਨਿਪਟਾ ਕੇ ਤਾਨੀਆ ਜਦੋਂ ਬੈੱਡਰੂਮ ਵਿੱਚ ਆਈ ਤਾਂ ਸਿਧਾਰਥ ਬੈੱਡ 'ਤੇ ਅਧਲੇਟਿਆ ਹੋਇਆ ਕੋਈ ਮੈਗਜੀਨ ਪੜ੍ਹ ਰਿਹਾ ਸੀ।

"ਤੂੰ ਓਪਨ ਮੈਰਿਜ ਬਾਰੇ ਜਾਣਦੀ ਹੈਂ?" ਸਿਧਾਰਥ ਨੇ ਉਹਨੂੰ ਨੇੜੇ ਆਉਣ ਦਾ ਇਸ਼ਾਰਾ ਕਰਦਿਆਂ ਪੁੱਛਿਆ।

"ਓਪਨ ਮੈਰਿਜ? ਉਸਦੇ ਕੋਲ ਬੈਠਦੇ ਹੋਏ ਤਾਨੀਆ ਨੇ ਬੜੀ ਉਤਸੁਕਤਾ ਨਾਲ ਪੁੱਛਿਆ।

"ਮੈਂ ਓਪਨ ਵਿਆਹ ਬਾਰੇ ਕੁਝ ਪੜ੍ਹ ਰਿਹਾ ਹਾਂ, ਅਤੇ ... ਖੈਰ, ਮੈਂ ਖੁਦ ਇਸ ਬਾਰੇ ਵਿਚਾਰ ਕਰ ਰਿਹਾ ਹਾਂ।" ਸਿਧਾਰਥ ਨੇ ਦੱਸਿਆ।

ਇੱਕ ਪਲ ਲਈ, ਉਹਨਾ ਵਿਚਕਾਰ ਚੁੱਪ ਛਾ ਗਈ।

"ਓਪਨ ਮੈਰਿਜ ਕੀ ਹੈ?" ਤਾਨੀਆ ਸਿਧਾਰਥ ਕੋਲੋਂ ਉੱਠ ਕੇ ਲੋਸ਼ਨ ਲਾਉਣ ਲੱਗੀ। ਉਸਨੇ ਅੱਜ ਸਿਧਾਰਥ ਦੇ ਫੇਵਰੇਟ ਕਲਰ ਦੀ ਨਾਇਟੀ ਪਾਈ ਸੀ ਪਰ ਸਿਧਾਰਥ ਦਾ ਇਸ ਵੱਲ ਕੋਈ ਧਿਆਨ ਨਹੀਂ ਸੀ।

"ਓਪਨ ਮੈਰਿਜ ਦਾ ਮਤਲਬ ਹੈ ਕਿ ਵਿਆਹ ਦੇ ਅੰਦਰ ਕੁਝ ਕਮਿਟਮੈਂਟਸ ਨੂੰ ਬਰਕਰਾਰ ਰੱਖਦੇ ਹੋਏ ਦੋਵੇਂ ਸਾਥੀ ਇੱਕ ਦੂਜੇ ਤੋਂ ਬਾਹਰ ਰਿਸ਼ਤਾ ਬਣਾ ਸਕਦੇ ਹਨ।" ਸਿਧਾਰਥ ਨੇ ਸਮਝਾਇਆ। "ਇਟਸ ਨੋਟ ਚੀਟਿੰਗ ਬਟ ਇੰਟੀਮੇਸੀ ਦੇ ਵੱਖ-ਵੱਖ ਪਹਿਲੂਆਂ ਨੂੰ ਜਾਨਣਾ ਹੈ । ਉਸ ਨੇ ਤਾਨੀਆ ਵੱਲ ਵੇਖਿਆ ਤੇ ਕਿਹਾ ਇੰਝ ਕਰਨ ਨਾਲ ਕੱਪਲ ਦਾ ਆਪਸੀ ਰਿਸ਼ਤਾ ਵੀ ਵਧੀਆ ਰਹਿੰਦਾ ਏ । ਕਦੀ ਅਕਾਉਪਨ ਨਹੀਂ ਆਉਂਦਾ।

ਕੋਈ ਵੀ ਜਵਾਬ ਦੇਣ ਤੋਂ ਪਹਿਲਾਂ ਤਾਨੀਆ ਨੇ ਕੁਝ ਪਲਾਂ ਲਈ ਉਸ 'ਤੇ ਗੌਰ ਕੀਤਾ। "ਇਹ ਇੰਟਰਸਟਿੰਗ ਲੱਗਦਾ ਹੈ ਪਰ...ਕੀ ਇਹ ਪ੍ਰੈਕਟੀਕਲ ਹੈ? ਇਸ ਨਾਲ ਕੱਪਲ ਵਿਚਕਾਰ ਬਹੁਤ ਸਟਰੈਸ ਆ ਸਕਦੀ ਹੈ। ਇਸ ਤਰ੍ਹਾਂ ਤਾਂ ਮੈਰਿਜ ਬਹੁਤ ਜਿਆਦਾ ਕੰਪਲੀਕੇਟਡ ਹੋ ਜਾਏਗੀ।"

ਸਿਧਾਰਥ ਨੇ ਸਿਰ ਹਿਲਾਇਆ। "ਹਾਂ, ਮੈਂ ਜਾਣਦਾ ਹਾਂ ਕਿ ਇਹ ਆਸਾਨ ਨਹੀਂ, ਪਰ ਜੇ ਇੱਕ ਦੂਜੇ ਨਾਲ ਖੁੱਲ੍ਹ ਕੇ ਅਤੇ ਇਮਾਨਦਾਰੀ ਨਾਲ ਗੱਲਬਾਤ ਹੋਵੇ, ਤਾਂ ਮੈਨੂੰ ਲੱਗਦਾ ਹੈ ਕਿ ਇੰਨਾ ਔਖਾ ਵੀ ਨਹੀਂ।"

"ਤਾਨੀਆ ਮੈਂ ਨਹੀਂ ਚਾਹੁੰਦਾ ਕਿ ਸਾਡਾ ਵਿਆਹ ਓਲਡ ਕਨਵੈਂਸ਼ਨਲ ਟਾਈਪ ਬਣ ਕੇ ਰਹਿ ਜਾਏ ਐਂਡ ਕੁਝ ਸਾਲਾਂ ਬਾਦ ਅਸੀਂ ਆਪਸ ਵਿੱਚ ਲੜ ਘੁਲ ਕੇ ਵੱਖ ਹੋ ਜਾਈਏ। ਮੇਰੇ ਬਹੁਤ ਸਾਰੇ ਫਰੈਂਡਸ ਓਪਨ ਮੈਰਿਜ ਜਾਂ ਵਾਈਫ਼ ਸਵੈਪਿੰਗ ਵਿੱਚ ਹੀ ਹਨ। ਮੈਂ ਤਾਂ ਐਕਚੁਅਲੀ ਵਿਆਹ ਹੀ ਨਹੀਂ ਕਰਵਾਉਣਾ ਚਾਹੁੰਦਾ ਸੀ ਬਟ ਮਾਮਾ-ਪਾਪਾ ਨੇ ਪ੍ਰੈਸ਼ਰਾਈਜ ਕੀਤਾ ਤਾਂ ਕਰਵਾਉਣਾ ਪਿਆ।"

"ਯੂ ਮੀਨ ਕਿ ਤੂੰ ਕੋਈ ਵੀ ਗਰਲ ਫਰੈਂਡ ਬਣਾ ਸਕਦਾ ਏਂ ਔਰ ਮੈਂ ਕੋਈ ਵੀ ਬੋਵਾਇ ਫਰੈਂਡ ਬਣਾ ਸਕਦੀ ਆਂ। ਰਾਈਟ?" ਤਾਨੀਆ ਨੇ ਹੈਰਾਨ ਹੁੰਦਿਆਂ ਹੋਇਆਂ ਪੁੱਛਿਆ।

"ਯੈਸ, ਆਪਣੇ ਵਿਆਹ ਨੂੰ ਹਮੇਸ਼ਾ ਜਿੰਦਾ ਰੱਖਣ ਲਈ ਜ਼ਰੂਰੀ ਏ।"

"ਪਰ ਏਦਾਂ ਕਿਵੇਂ? ਮੈਨੂੰ ਤਾਂ ਬਹੁਤ ਔਕਵਾਰਡ ਲੱਗੇਗਾ।" ਤਾਨੀਆ ਦੁਚਿੱਤੀ ਵਿਚ ਫਸ ਗਈ ਸੀ।

"ਗੋ ਬੈਕ ਡੀਪ ਇਨ ਹਿਸਟਰੀ, ਸਾਡੀ ਤਾਂ ਸੰਸਕ੍ਰਿਤੀ ਹੀ ਪੋਲੀਗਾਮੀ ਰਹੀ ਏ।" ਉਹ ਤਾਨੀਆ ਨੂੰ ਸਮਝਾਉਣ ਲੱਗਾ "ਸਾਡੇ ਦੇਸ਼ ਵਿੱਚ ਅਨੇਕਾਂ ਅਜਿਹੇ ਉਦਾਹਰਣ ਹਨ ਜਿਸ ਵਿੱਚ ਰਾਜਿਆਂ-ਮਹਾਰਾਜਿਆਂ ਨੇ ਕਈ-ਕਈ ਸੌ ਵਿਆਹ ਕਰਵਾਏ ਹੁੰਦੇ ਸੀ। ਉਸ ਤੋਂ ਬਾਹਰ ਵੀ ਉਹਨਾਂ ਦੇ ਕਈ ਸੰਬੰਧ ਹੁੰਦੇ ਸੀ। ਉਹਨਾਂ ਦੀਆਂ ਰਾਣੀਆਂ ਅਲੱਗ ਤੋਂ ਮਹਿਲ ਵਿੱਚ ਹੀ ਰਹਿਣ ਵਾਲੇ ਦਾਸਾਂ-ਦਾਸੀਆਂ ਨਾਲ ਸੰਬੰਧਾਂ ਵਿੱਚ ਹੁੰਦੀਆਂ ਸਨ। ਕੀ ਇਹ ਓਪਨ ਮੈਰਿਜ ਨਹੀਂ? ਸਾਡੇ ਤਾਂ ਭਗਵਾਨ ਵੀ ਇੱਕ ਪਾਰਟਨਰ ਤੱਕ ਸੀਮਤ ਨਹੀਂ ਸਨ। ਸੈਂਕੜੇ ਸਖੀਆਂ ਤੇ ਸੈਕੜੇ ਪਤਨੀਆਂ ਦੇ ਉਦਾਹਰਣ ਮਿਲਦੇ ਹਨ ਸਾਨੂੰ ਆਪਣੇ ਗ੍ਰੰਥਾਂ ਵਿਚ। ਆਪਣੀ ਉਸ ਸੰਸਕ੍ਰਿਤੀ ਦੇ ਤਾਂ ਅਸੀਂ ਬਹੁਤ ਗੁਣਗਾਨ ਕਰਦੇ ਆਂ। ਮੈਂ ਵੀ ਤਾਂ ਇਸੇ ਸੰਸਕ੍ਰਿਤੀ ਨੂੰ ਫੋਲੋ ਕਰਨਾ ਚਾਹੁੰਦਾ ਹਾਂ ਤਾਂ ਇਹ ਕੋਈ ਅਣਹੋਣੀ

ਤਾਂ ਨਹੀਂ।" ਸਿਧਾਰਥ ਉਸ ਨੂੰ ਕਿਸੇ ਵੀ ਤਰ੍ਹਾਂ ਰਾਜ਼ੀ ਕਰ ਲੈਣਾ ਚਾਹੁੰਦਾ ਸੀ।

ਤਾਨੀਆ ਹੈਰਾਨ ਹੋ ਕੇ ਚੁੱਪ ਚਾਪ ਉਸਦੀਆਂ ਗੱਲਾਂ ਸੁਣ ਰਹੀ ਸੀ।

"ਵੈਸੇ ਵੀ ਥੋੜੇ ਸਾਲਾਂ ਬਾਅਦ ਜਦੋਂ ਬੱਚੇ ਹੋ ਗਏ ਤਾਂ ਕੁਝ ਨਹੀਂ ਹੋ ਸਕਦਾ। ਘੱਟ ਤੋਂ ਘੱਟ ਉਨੀ ਦੇਰ ਤਾਂ ਆਪਾਂ ਲਾਈਫ ਇੰਜੋਏ ਕਰ ਲਈਏ ਆਪਣੀ ਮਰਜ਼ੀ ਨਾਲ।"

ਥੋੜੇ ਦਿਨ ਤਰਕ- ਵਿਤਰਕ ਕਰਨ ਤੋਂ ਬਾਦ ਤਾਨੀਆ ਵੀ ਸਿਧਾਰਥ ਨਾਲ ਸਹਿਮਤ ਹੋ ਗਈ ਤੇ ਉਹਨਾਂ ਨੇ ਓਪਨ ਮੈਰਿਜ ਦਾ ਫੈਸਲਾ ਲੈ ਲਿਆ।

ਸਿਧਾਰਥ ਜਦੋਂ ਵੀ ਕੋਈ ਨਵੀਂ ਗਰਲ ਫਰੈਂਡ ਬਣਾਉਂਦਾ ਤਾਂ ਉਹ ਉਸ ਬਾਰੇ ਤਾਨੀਆ ਨਾਲ ਗੱਲ ਕਰਦਾ। ਉਹ ਕਦੀ ਫਿਲਮ ਦੇਖਣ ਜਾਂਦਾ ਜਾਂ ਡੇਟਿੰਗ ਤੇ ਜਾਂਦਾ ਤਾਂ ਵੀ ਆ ਕੇ ਤਾਨੀਆ ਨੂੰ ਜ਼ਰੂਰ ਦੱਸਦਾ। ਸ਼ੁਰੂ ਵਿੱਚ ਤਾਨੀਆ ਨੂੰ ਕੁਝ ਬੁਰਾ ਵੀ ਲੱਗਦਾ ਸੀ। ਉਹ ਜੈਲੇਸ ਫੀਲ ਕਰਦੀ ਸੀ ਪਰ ਹੌਲੀ- ਹੌਲੀ ਇਹ ਭਾਵਨਾ ਉਸਦੇ ਅੰਦਰੋਂ ਖਤਮ ਹੋ ਗਈ। ਸਿਧਾਰਥ ਤਾਨੀਆ ਤੋਂ ਪੁੱਛਦਾ ਰਹਿੰਦਾ ਕਿ ਉਸ ਨੇ ਅਜੇ ਤੱਕ ਕੋਈ ਬਵਾਇ ਫਰੈਂਡ ਬਣਾਇਆ ਹੈ ਜਾਂ ਨਹੀਂ। ਤਾਨੀਆ ਇਹਨੀ ਦਿਨੀਂ ਦਫਤਰ ਦੇ ਕੰਮ ਵਿੱਚ ਬਹੁਤ ਮਸ਼ਰੂਫ ਸੀ। ਉਂਝ ਵੀ ਉਸ ਦੇ ਦਿਲ ਨੂੰ ਕੋਈ ਚੰਗਾ ਨਹੀਂ ਲੱਗਿਆ ।

"ਯੂ ਆਰ ਸੋ ਲੇਜੀ ਤਾਨੀਆ।" ਸਿਧਾਰਥ ਉਸ ਨੂੰ ਹੱਸ ਕੇ ਤਾਨ੍ਹਾ ਦਿੰਦਾ। "ਮੈਂ ਤੀਜੀ ਗਰਲ ਫਰੈਂਡ ਬਣਾ ਲਈ ਉਸ ਤੋਂ ਬਾਦ ਤੇ ਉਸ ਨਾਲ ਮੈਂ ਕੱਲ੍ਹ ਡੇਟਿੰਗ 'ਤੇ ਜਾ ਰਿਹਾ ਹਾਂ ।

"ਗੁਡ ਗੋਇੰਗ।" ਤਾਨੀਆ ਨੇ ਬੜੇ ਅੰਦਾਜ਼ ਨਾਲ ਕਿਹਾ ਤੇ ਦੋਵੇਂ ਹੱਸਣ ਲੱਗ ਪਏ ਅਗਲੇ ਦਿਨ ਤਾਨੀਆ ਆਪਣੇ ਨਾਲ ਕੰਮ ਕਰਨ ਵਾਲੇ ਸਾਰੇ ਮਰਦਾਂ ਨੂੰ ਬੜੇ ਧਿਆਨ ਨਾਲ ਵੇਖਦੀ ਰਹੀ।

ਕੁਝ ਦਿਨ ਤੋਂ ਤਾਨੀਆ ਨੇ ਯੋਗਾ ਕਲਾਸਿਸ ਲਾਉਣੀਆਂ ਸ਼ੁਰੂ ਕੀਤੀਆਂ ਸੀ। ਉਸ ਦਿਨ ਵੀ ਉਹ ਦਫਤਰ ਤੋਂ ਬਾਦ ਯੋਗਾ ਕਲਾਸ ਲਾਉਣ ਗਈ ਤਾਂ ਕਲਾਸ ਵਿੱਚ ਉਸ ਨੂੰ ਇੱਕ ਨਵਾਂ ਚਿਹਰਾ ਨਜ਼ਰ ਆਇਆ । ਉਹ 30 ਕੁ ਸਾਲ ਦਾ ਇਕ ਉੱਚਾ ਲੰਮਾ ਬਹੁਤ ਹੀ ਆਕਰਸ਼ਿਤ ਨੌਜਵਾਨ ਸੀ। ਤਾਨੀਆ ਦਾ ਧਿਆਨ ਬਾਰ- ਬਾਰ ਉਸ ਵੱਲ ਜਾ ਰਿਹਾ ਸੀ। ਜਿਵੇਂ ਹੀ ਸੈਸ਼ਨ ਖਤਮ ਹੋਇਆ ਸਭ ਆਪਣੇ- ਆਪਣੇ ਮੈਟ ਇਕੱਠੇ ਕਰਕੇ ਰੱਖਣ ਲੱਗੇ ।

"ਹਾਇ" ਤਾਨੀਆ ਜਿਹੜੇ ਬੈਂਚ ਤੇ ਬੈਠ ਕੇ ਆਪਣੇ ਜੁੱਤੇ ਪਾ ਰਹੀ ਸੀ ਉਸੇ ਬੈਂਚ ਤੇ ਬੈਠਦੇ ਹੋਏ ਉਸ ਮੁੰਡੇ ਨੇ ਤਾਨੀਆ ਨੂੰ ਕਿਹਾ।

"ਓ ਹਾਇ ਆਈ ਐਮ ਤਾਨੀਆ।" ਤਾਨੀਆ ਨੇ ਹੱਥ ਵਧਾਇਆ ਫਿਰ ਨਾਲ ਹੀ ਉਸਨੂੰ ਅਹਿਸਾਸ ਹੋਇਆ ਕਿ ਉਸ ਦੇ ਹੱਥ ਜੁੱਤਿਆਂ ਵਾਲੇ ਹਨ ਤੇ ਉਸ ਨੇ ਹੱਥ ਪਿੱਛੇ ਖਿੱਚ ਲਿਆ।

"ਗੈਵੀ, ਮੇਰੇ ਹੱਥ ਵੀ ਜੁੱਤਿਆਂ ਵਾਲੇ ਹੀ ਹਨ ਕੋਈ ਗੱਲ ਨਹੀਂ।" ਉਸ ਨੇ ਮੁਸਕਰਾਉਂਦੇ ਹੋਏ ਹੱਥ ਅੱਗੇ ਵਧਾ ਦਿੱਤਾ।

ਤਾਨੀਆ ਨੂੰ ਉਸ ਦਾ ਇਹ ਅੰਦਾਜ ਬਹੁਤ ਪਸੰਦ ਆਇਆ।

"ਪਹਿਲਾਂ ਕਦੀ ਨਹੀਂ ਦੇਖਿਆ ਤੁਹਾਨੂੰ । ਤਾਨੀਆ ਨੇ ਪੁੱਛਿਆ।

ਮੈਂ ਹੁਣੇ ਹੀ ਜੁਆਇਨ ਕੀਤਾ ਹੈ। ਐਕਚੁਲੀ ਮੈਂ 15 ਕੁ ਦਿਨ ਪਹਿਲਾਂ ਹੀ ਅਜੇ

ਚੰਡੀਗੜ੍ਹ ਤੋਂ ਇਥੇ ਸ਼ਿਫਟ ਕੀਤਾ ਹੈ।

"ਓ ਨਾਈਸ, ਚੰਡੀਗੜ੍ਹ ਇਜ ਹੈਪਨਿੰਗ ਪਲੇਸ। ਆਈ ਵੰਡਰ ਚੰਡੀਗੜ੍ਹ ਰਹਿਣ ਵਾਲੇ ਲੋਕ ਐਵੇਂ ਦੇ ਕੰਜਸਟਿਡ ਸ਼ਹਿਰ ਵਿਚ ਕਿਵੇਂ ਰਹਿ ਸਕਦੇ ਹਨ।" ਕਾਰ ਪਾਰਕਿੰਗ ਵੱਲ ਜਾਂਦੇ ਹੋਏ ਤਾਨੀਆ ਨੇ ਕਿਹਾ ।

ਯੂ ਆਰ ਰਾਈਟ ਪਰ ਮੇਰੀ ਫਸਟ ਪੋਸਟਿੰਗ ਹੈ ਜੋ ਸਟੇਟ ਤੋਂ ਬਾਹਰ ਹੀ ਹੋਣੀ ਸੀ। ਨੋ ਡਾਊਟ ਚੰਡੀਗੜ੍ਹ ਬਹੁਤ ਬਿਊਟੀਫੁਲ ਤੇ ਪੀਸਫੁਲ ਸਿਟੀ ਹੈ ਵਿਦ ਜ਼ੀਰੋ ਕਰਾਈਮ ਪਰ ਕਰੀਅਰ ਗਰੋਥ ਲਈ ਉਥੋਂ ਨਿਕਲਣਾ ਹੀ ਪੈਂਦਾ ਹੈ। ਚੰਡੀਗੜ੍ਹ ਰਿਟਾਇਰਡ ਲੋਕਾਂ ਦਾ ਸ਼ਹਿਰ ਹੈ। ਰਿਟਾਇਰਮੈਂਟ ਤੋਂ ਬਾਅਦ ਸ਼ੋਰਲੀ ਮੈਂ ਚੰਡੀਗੜ੍ਹ ਹੀ ਸ਼ਿਫਟ ਕਰਾਂਗਾ।" ਗੈਵੀ ਨੇ ਮੁਸਕਰਾਉਂਦਿਆਂ ਤਾਨੀਆ ਵੱਲ ਵੇਖਿਆ।

"ਕਿਸ ਡਿਪਾਰਟਮੈਂਟ ਚ ਹੋ ਤੁਸੀਂ।" ਤਾਨੀਆ ਨੇ ਪੁੱਛਿਆ।

"ਮੈਂ ਆਈ ਪੀ ਐਸ ਆਫਿਸਰ ਹਾਂ।"

ਓ ਵਾਓ।" ਤਾਨੀਆ ਨੇ ਖੁਸ਼ੀ ਨਾਲ ਕਿਹਾ।

"ਐਂਡ ਯੂ ?" ਗੈਵੀ ਵੀ ਉਸ ਬਾਰੇ ਜਾਨਣਾ ਚਾਹੁੰਦਾ ਸੀ।

"ਮੈਂ ਐਸ ਬੀ ਆਈ ਵਿੱਚ ਜਨਰਲ ਮੈਨੇਜਰ ਹਾਂ।"

"ਗੁਡ ਪੋਸਟ।"

"ਥੈਂਕਯੂ , ਮੇਰਾ ਫਲੈਟ ਇਥੇ ਨਾਲ ਹੀ ਏ ਐਂਡ ਵੇਅਰ ਡੂ ਯੂ ਲਿਵ?" ਤਾਨੀਆ ਨੇ ਗੱਡੀ ਦੀ ਤਾਕੀ ਖੋਲਦੇ ਹੋਏ ਪੁੱਛਿਆ।

"ਮੇਰਾ ਵੀ ਇਥੋਂ ਪੰਜ ਕੁ ਮਿਨਟ ਦੀ ਡਰਾਈਵ ਤੇ ਹੈ।"

ਨਾਈਸ ਟੂ ਮੀਟ ਯੂ, ਸੀ ਯੂ ਸੂਨ"ਕਹਿ ਕੇ ਤਾਨੀਆ ਗੱਡੀ ਵਿੱਚ ਬੈਠ ਗਈ।

"ਸੇਮ ਹੀਅਰ।" ਕਹਿੰਦਿਆਂ ਗੈਵੀ ਨੇ ਤਾਨੀਆ ਦੀ ਕਾਰ ਦਾ ਦਰਵਾਜਾ ਬੰਦ ਕੀਤਾ। ਕੁਝ ਦਿਨਾਂ ਵਿੱਚ ਹੀ ਤਾਨੀਆ ਤੇ ਗੈਵੀ ਚੰਗੇ ਦੋਸਤ ਬਣ ਗਏ। ਉਹ ਇਕੱਠੇ ਬੈਠ ਕੇ ਹੀ ਯੋਗਾ ਕਰਦੇ। ਯੋਗਾ ਕਲਾਸ ਤੋਂ ਬਾਦ ਕਈ ਵਾਰੀ ਉਹ ਔਰਗੈਨਿਕ ਜੂਸ ਪੀਣ ਲਈ ਬਾਹਰ ਰੁਕ ਜਾਂਦੇ ਤੇ ਛੋਟੀਆਂ ਛੋਟੀਆਂ ਗੱਲਾਂ ਕਰਦੇ ਰਹਿੰਦੇ। ਸ਼ਹਿਰ ਵਿੱਚ ਨਵਾਂ ਹੋਣ ਕਾਰਨ ਗੈਵੀ ਦਾ ਕੋਈ ਦੋਸਤ ਨਹੀਂ ਸੀ ਪਰ ਤਾਨੀਆ ਕਾਰਨ ਹੁਣ ਉਸ ਨੂੰ ਕਮੀ ਮਹਿਸੂਸ ਨਹੀਂ ਹੁੰਦੀ ਸੀ। ਤਾਨੀਆ ਨੂੰ ਵੀ ਗੈਵੀ ਨਾਲ ਬਹੁਤ ਆਪਣਾਪਣ ਮਹਿਸੂਸ ਹੁੰਦਾ ਸੀ। ਉਸ ਨੂੰ ਗੈਵੀ ਨਾਲ ਹੁੰਦਿਆਂ ਆਪਣਾ ਆਪ ਬਹੁਤ ਖਾਸ ਮਹਿਸੂਸ ਹੁੰਦਾ ਸੀ ਜੋ ਅਜੇ ਤੱਕ ਕਿਸੇ ਹੋਰ ਨਾਲ ਮਹਿਸੂਸ ਨਹੀਂ ਹੋਇਆ ਸੀ।

ਇਕ ਛੁੱਟੀ ਵਾਲੇ ਦਿਨ ਉਹਨਾਂ ਨੇ ਇਕੱਠੇ ਮੂਵੀ ਵੇਖਣ ਦਾ ਪਲਾਨ ਬਣਾਇਆ।

ਤਾਨੀਆ ਦੇ ਫੋਨ 'ਤੇ ਗੈਵੀ ਦਾ ਮੈਸੇਜ ਆਇਆ ਕਿ ਉਹ ਸਵੇਰੇ 10 ਵਜੇ ਘਰੋਂ ਨਿਕਲਣਗੇ। ਪਹਿਲਾਂ ਮੂਵੀ ਵੇਖਣਗੇ ਤੇ ਫਿਰ ਲੰਚ ਵੀ ਇਕੱਠੇ ਕਰਨਗੇ। ਇਹ ਮੈਸੇਜ ਸਿਧਾਰਥ ਨੇ ਪੜ੍ਹ ਲਿਆ।

"ਤੂੰ ਕਿਸੇ ਨੂੰ ਡੇਟਿੰਗ ਕਰ ਰਹੀ ਏਂ?"

"ਨਾਟ ਇਗਜੈਕਟਲੀ ਡੇਟਿੰਗ ਬਟ ਸਮਥਿੰਗ ਲਾਇਕ ਦੈਟ। ਕੁਝ ਏਦਾਂ ਦਾ ਨਹੀਂ। ਅਸੀਂ ਅੱਛੇ ਦੋਸਤ ਹਾਂ।"

"ਹ ...ਮ ਸੋ ਤੂੰ ਜਾ ਰਹੀ ਏਂ?"

“ਹਾਂ ਪਲਾਨ ਕੀਤਾ ਹੈ ਅਸੀਂ।”

“ਸੁਣ, ਮੈਨੂੰ ਇਹ ਠੀਕ ਨਹੀਂ ਲੱਗ ਰਿਹਾ।”

“ਕੀ?” ਤਾਨੀਆ ਨੇ ਪ੍ਰਸ਼ਨ ਸੂਚਕ ਨਜ਼ਰਾਂ ਨਾਲ ਵੇਖਦੇ ਹੋਏ ਪੁੱਛਿਆ।

“ ...ਦਿਸ ਓਪਨ ਮੈਰਿਜ। ਲੈਟਸ ਕਲੋਜ ਇਟ।” ਸਿਧਾਰਥ ਨੇ ਕਿਹਾ।

“ਲੈ .. ਆਪ ਤਾਂ ਤੂੰ ਉਦੋਂ ਦਾ ਓਪਨ ਮੈਰਿਜ ਇਨਜੋਏ ਕਰ ਰਿਹਾ ਏਂ। ਮੈਂ ਜਸਟ ਮੂਵੀ ਵੇਖਣ ਜਾ ਰਹੀ ਆਂ ਤਾਂ ਹੁਣ ਕਲੋਜ ਕਰਨਾ?” ਤਾਨੀਆ ਦੀ ਆਵਾਜ਼ ਤਲਖ ਹੋ ਗਈ ਸੀ।

“ਹਾਂ, ਮੈਂ ਕਲੋਜ ਕਰਨਾ ਚਾਹੁੰਦਾ ਹਾਂ। ਮੈਂ ਹੁਣ ਜਿਆਦਾ ਦੇਰ ਓਪਨ ਮੈਰਿਜ ਵਿੱਚ ਨਹੀਂ ਰਹਿ ਸਕਦਾ।” ਉਸ ਨੇ ਇੱਕ ਟੂਕ ਫੈਸਲਾ ਸੁਣਾ ਦਿੱਤਾ।

“ਆਪ ਹੀ ਤਾਂ ਤੂੰ ਕਹਿ ਰਹੀ ਸੀ ਕਿ ਮੈਰਿਜ ਬਹੁਤ ਕੰਪਲੀਕੇਟਡ ਹੋ ਜਾਏਗੀ । ਮੈਨੂੰ ਵੀ ਹੁਣ ਇਹੀ ਲੱਗਦਾ ਏ। ”

“ਓਕੇ, ਨੋ ਪ੍ਰੋਬਲਮ।” ਤਾਨੀਆ ਨੇ ਵੀ ਹਾਮੀ ਭਰ ਦਿੱਤੀ। “ਪਰ ਇਹ ਤੇਰੇ ਵੱਲੋਂ ਵੀ ਬੰਦ ਹੋਣਾ ਚਾਹੀਦਾ ਏ।”

“ਹਾਂ, ਡਨ।”

ਤਾਨੀਆ ਨੇ ਗੈਵੀ ਨੂੰ ਮੈਸੇਜ ਕਰ ਦਿੱਤਾ ਕਿ ਉਹ ਬਿਜ਼ੀ ਹੈ ਇਸ ਲਈ ਨਹੀਂ ਆ ਸਕਦੀ। ਉਸ ਤੋਂ ਬਾਦ ਵੀ ਕਈ ਵਾਰੀ ਗੈਵੀ ਨੇ ਉਸ ਨਾਲ ਕੋਈ ਪ੍ਰੋਗਰਾਮ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਤਾਨੀਆ ਨੇ ਟਾਲ ਦਿੱਤਾ। ਉਸਨੇ ਗੈਵੀ ਨੂੰ ਨਜ਼ਰਅੰਦਾਜ਼ ਕਰਨਾ ਸ਼ੁਰੂ ਕਰ ਦਿੱਤਾ।

ਸਿਧਾਰਥ ਕੁਝ ਦਿਨਾਂ ਤੋਂ ਵਰਕ ਫਰੋਮ ਹੋਮ ਕਰ ਰਿਹਾ ਸੀ। ਉਸ ਦਿਨ ਤਾਨੀਆ ਦਾ ਕੰਮ ਜਲਦੀ ਖਤਮ ਹੋ ਗਿਆ ਅਤੇ ਉਹ ਕਾਹਲ ਨਾਲ ਘਰ ਵਾਪਸ ਆ ਗਈ ਕਿ ਕੁਝ ਸਮਾਂ ਸਿਧਾਰਥ ਨਾਲ ਬਿਤਾਏਗੀ। ਆਪਣੇ ਪਰਸ ’ਚੋਂ ਡੁਪਲੀਕੇਟ ਚਾਬੀ ਕੱਢ ਕੇ ਉਸਨੇ ਤਾਲਾ ਖੋਲਿਆ ਤੇ ਅੰਦਰ ਚਲੀ ਗਈ।

ਅੰਦਰੋਂ ਕਿਸੇ ਕੁੜੀ ਦੀ ਗੁੱਸੇ ਭਰੀ ਆਵਾਜ਼ ਆ ਰਹੀਆਂ ਸੀ। “ਕਮੀਨੇ ਘਟੀਆ ਤੈਨੂੰ ਉਦੋਂ ਨਹੀਂ ਸ਼ਰਮ ਆਈ ਜਦੋਂ ਵਿਆਹੇ ਹੋਣ ਦੇ ਬਾਵਜੂਦ ਮੇਰੇ ਨਾਲ ਰਿਲੇਸ਼ਨ ਬਣਾਏ ਸੀ। ਕਦੀ ਦੱਸਿਆ ਸੀ ਤੂੰ ਮੈਨੂੰ ਕਿ ਤੂੰ ਸ਼ਾਦੀ ਸ਼ੁਦਾ ਏਂ । ਮੈਨੂੰ ਨਹੀਂ ਪਤਾ ਕੁਝ, ਜਾਂ ਤੇ ਆਪਣੀ ਵਾਈਫ ਨੂੰ ਤਲਾਕ ਦੇ ਤੇ ਮੇਰੇ ਨਾਲ ਵਿਆਹ ਕਰਾ ਜਾਂ ਫਿਰ ਮੈਨੂੰ ਦੋ ਕਰੋੜ ਰੁਪਿਆ ਦੇ। ਨਹੀਂ ਤਾਂ ਮੈਂ ਹੁਣੇ ਥਾਣੇ ਚੱਲੀ ਆਂ।”

ਤਾਨੀਆ ਸੁਣ ਕੇ ਹੈਰਾਨ ਰਹਿ ਗਈ।

ਉਹ ਬੈਡਰੂਮ ਵਿੱਚ ਚਲੀ ਗਈ ਜਿਧਰੋਂ ਆਵਾਜਾਂ ਆ ਰਹੀਆਂ ਸਨ। ਉਹਨੇ ਵੇਖਿਆ ਸਿਧਾਰਥ ਉਸ ਕੁੜੀ ਦੇ ਤਰਲੇ ਲੈ ਰਿਹਾ ਸੀ ਕਿ ਉਸਨੂੰ ਮਾਫ ਕਰ ਦੇਵੇ। ਤਾਨੀਆ ਨੂੰ ਕੁਝ ਸਮਝ ਨਹੀਂ ਆ ਰਹੀ ਸੀ ਉਹ ਕੀ ਕਰੇ ਉਸ ਨੂੰ ਸਿਧਾਰਥ ‘ਤੇ ਤਰਸ ਵੀ ਆ ਰਿਹਾ ਸੀ ਤੇ ਗੁੱਸਾ ਵੀ।

ਉਹਨੂੰ ਵੇਖਦਿਆਂ ਹੀ ਕੁੜੀ ਬਾਹਰ ਨਿਕਲ ਗਈ।

ਸਿਧਾਰਥ ਨੇ ਉਸ ਨੂੰ ਦੱਸਿਆ ਕਿ ਇਸ ਕੁੜੀ ਨਾਲ ਉਸ ਦੇ ਪਿਛਲੇ ਪੰਜ ਮਹੀਨਿਆਂ ਤੋਂ ਸੰਬੰਧ ਸਨ ਤੇ ਹੁਣ ਇਹ ਕੁੜੀ ਉਸ ਨੂੰ ਬਲੈਕ ਮੇਲ ਕਰ ਰਹੀ ਹੈ। ਉਸ ਨੇ

ਕੁਝ ਵੀਡੀਓ ਅਤੇ ਫੋਟੋਆਂ ਵੀ ਸੰਭਾਲ ਰੱਖੀਆਂ ਹਨ। ਜਿਨ੍ਹਾਂ ਨੂੰ ਉਹ ਵਾਇਰਲ ਕਰਨ ਦੀ ਧਮਕੀ ਦੇ ਰਹੀ ਹੈ।

ਤਾਨੀਆ ਨੂੰ ਕੁਝ ਸਮਝ ਨਹੀਂ ਆ ਰਹੀ ਸੀ ਕਿ ਉਹ ਸਿਧਾਰਥ ਦੀ ਕਿਵੇਂ ਮਦਦ ਕਰੇ। ਇਸੇ ਕਸ਼ਮਕਸ਼ ਵਿੱਚ ਹੀ ਉਹ ਉਸ ਦਿਨ ਸ਼ਾਮੀ ਯੋਗਾ ਕਲਾਸ ਵਿੱਚ ਗਈ ਤਾਂ ਗੈਵੀ ਨੇ ਕਲਾਸ ਖਤਮ ਹੋਣ ਤੋਂ ਬਾਦ ਉਸਨੂੰ ਉਦਾਸੀ ਦਾ ਕਾਰਨ ਪੁੱਛਿਆ "ਕੀ ਹੋਇਆ ਤੇਰੀ ਸਿਹਤ ਤਾਂ ਠੀਕ ਹੈ? ਰੰਗ ਬਿਲਕੁਲ ਪੀਲਾ ਕਿਵੇਂ ਹੋ ਗਿਆ?

ਤਾਨੀਆਂ ਨੂੰ ਇਸ ਸਮੇਂ ਕਿਸੇ ਦੋਸਤ ਦੀ ਲੋੜ ਸੀ। ਉਹ ਨਾਲ ਲੱਗਦੇ ਕੌਫੀ ਹਾਊਸ ਚਲੇ ਗਏ। ਕੌਫੀ ਪੀਂਦਿਆਂ ਉਹਨੇ ਸਾਰੀ ਗੱਲ ਗੈਵੀ ਨੂੰ ਦੱਸੀ। ਸੋਨੇ ਤੇ ਸੁਹਾਗਾ ਸੀ ਕੀ ਗੈਵੀ ਦੋਸਤ ਹੋਣ ਦੇ ਨਾਲ ਨਾਲ ਇਕ ਪੁਲਿਸ ਅਫਸਰ ਵੀ ਸੀ।

ਗੈਵੀ ਨੇ ਉਹਦੀ ਸਾਰੀ ਗੱਲ ਧਿਆਨ ਦੇ ਨਾਲ ਸੁਣੀ ਤੇ ਕਿਹਾ "ਡੋਂਟ ਵਰੀ ਤਾਨੀਆ ਐਵੇਂ ਦੇ ਬਹੁਤ ਜਿਆਦਾ ਗਰੋਹ ਸਰਗਰਮ ਨੇ ਅੱਜਕਲ ਜਿਹੜੇ ਪਹਿਲਾਂ ਲੋਕਾਂ ਨੂੰ ਫਸਾਉਂਦੇ ਹਨ। ਉਹਨਾਂ ਦੀਆਂ ਫੋਟੋਆਂ ਅਤੇ ਵੀਡੀਓ ਬਣਾਉਂਦੇ ਹਨ ਅਤੇ ਫਿਰ ਬਲੈਕਮੇਲ ਕਰਦੇ ਹਨ। ਈਵਨ ਕਈ ਵਾਰ ਤਾਂ ਅਜਿਹੇ ਲੋਕ ਵਿਕਟਿਮ ਨੂੰ ਪਰਸਨਲੀ ਮਿਲਦੇ ਵੀ ਨਹੀਂ ਫੋਨ ਤੇ ਹੀ ਸੈਕਸਟਿੰਗ ਵਗੈਰਾ ਕਰਦੇ ਹਨ ਤੇ ਫੋਨ ਸੈਕਸ ਦੀਆਂ ਵੀਡੀਓ ਕਾਲ ਰਿਕਾਰਡ ਕਰ ਲੈਂਦੇ ਹਨ। ਇਸਦੇ ਬੇਸ ਤੇ ਬਲੈਕਮੇਲ ਕਰਦੇ ਹਨ। ਇਹ ਤਾਂ ਪੂਰਾ ਇੱਕ ਵੱਡਾ ਜਾਲ ਫੈਲਿਆ ਹੋਇਆ ਹੈ। ਸਾਡਾ ਪੂਰਾ ਡਿਪਾਰਟਮੈਂਟ ਅਜਿਹੇ ਲੋਕਾਂ ਦੀ ਭਾਲ 'ਚ ਹੈ। ਤੂੰ ਫਿਕਰ ਨਾ ਕਰ। ਜਿੰਨਾ ਹੋ ਸਕਿਆ ਤੇਰੀ ਮਦਦ ਕਰਨ ਦੀ ਕੋਸ਼ਿਸ਼ ਕਰਾਂਗਾ।

"ਥੈਂਕਯੂ ਸੋ ਮੱਚ ਗੈਵੀ, ਮੈਨੂੰ ਬਿਲਕੁਲ ਸਮਝ ਨਹੀਂ ਆ ਰਹੀ ਸੀ ਮੈਂ ਕੀ ਕਰਾਂ।" ਤਾਨੀਆ ਨੂੰ ਲੱਗਿਆ ਜਿਵੇਂ ਉਹ ਭਾਰ ਮੁਕਤ ਹੋ ਗਈ ਹੋਵੇ।

ਅਗਲੇ ਦਿਨ ਹੀ ਗੈਵੀ ਨੇ ਤਾਨੀਆ ਅਤੇ ਸਿਧਾਰਥ ਨੂੰ ਪੁਲਿਸ ਸਟੇਸ਼ਨ ਬੁਲਾਇਆ। ਆਪਣੇ ਆਫਿਸ ਵਿੱਚ ਬਿਠਾ ਕੇ ਐਫ ਆਈ ਆਰ ਲਿਖਵਾਈ ਅਤੇ ਕਾਰਵਾਈ ਸ਼ੁਰੂ ਕਰ ਦਿੱਤੀ। ਉਹ ਕੁੜੀ ਸੱਚ ਹੀ ਅਜਿਹੇ ਇੱਕ ਗਰੋਹ ਦੀ ਮੈਂਬਰ ਨਿਕਲੀ। ਪੂਰੇ ਗਰੋਹ ਨੂੰ ਪੁਲਿਸ ਨੇ ਟੈਪ ਕੀਤਾ ਅਤੇ ਜਲਦ ਹੀ ਫੜ ਲਿਆ।

ਗੈਵੀ ਨੇ ਇਸ ਦੌਰਾਨ ਜਿਵੇਂ ਤਾਨੀਆ ਦਾ ਧਿਆਨ ਰੱਖਿਆ ਤਾਨੀਆ ਉਸ ਦੇ ਹੋਰ ਕਰੀਬ ਆ ਗਈ। ਉਹਨੂੰ ਐਵੇਂ ਮਹਿਸੂਸ ਹੋਇਆ ਜਿਵੇਂ ਸਦਾ ਤੋਂ ਉਹਨੂੰ ਅਜਿਹੇ ਹੀ ਸੁਲਝੇ ਹੋਏ ਸਾਥੀ ਦੀ ਲੋੜ ਸੀ। ਉਸ ਨੂੰ ਗੈਵੀ ਦੀਆਂ ਅੱਖਾਂ ਵਿੱਚ ਆਪਣੇ ਲਈ ਉਹ ਪਿਆਰ ਅਤੇ ਇੱਜਤ ਨਜ਼ਰ ਆਉਂਦਾ ਸੀ ਜੋ ਉਹ ਹਮੇਸ਼ਾ ਤੋਂ ਸਿਧਾਰਥ ਦੀਆਂ ਅੱਖਾਂ ਵਿੱਚ ਵੇਖਣਾ ਚਾਹੁੰਦੀ ਸੀ ਪਰ ਉਥੇ ਖਾਲੀਪਨ ਤੋਂ ਬਿਨਾਂ ਹੋਰ ਕੁਝ ਨਹੀਂ ਸੀ।

ਸਿਧਾਰਥ ਬਾਥਰੂਮ ਵਿੱਚੋਂ ਵਾਪਸ ਆ ਕੇ ਦੁਬਾਰਾ ਮੂਵੀ ਵੇਖਣ ਵਿੱਚ ਬਿਜੀ ਹੋ ਗਿਆ। ਸਿਧਾਰਥ ਦਾ ਫੋਨ ਲੈ ਕੇ ਬਾਥਰੂਮ ਵਿੱਚ ਚਲੇ ਜਾਣਾ ਉਸ ਨੂੰ ਬਹੁਤ ਚੁੱਭ ਰਿਹਾ ਸੀ। ਉਸ ਨੂੰ ਕਈ ਦਿਨਾਂ ਤੋਂ ਲੱਗ ਰਿਹਾ ਸੀ ਕਿ ਸਿਧਾਰਥ ਉਸ ਤੋਂ ਕੁਝ ਛੁਪਾ ਰਿਹਾ ਹੈ। ਜਦਕਿ ਉਹਨਾਂ ਦੋਹਾਂ ਨੇ ਫੈਸਲਾ ਕੀਤਾ ਸੀ ਕਿ ਉਹ ਇੱਕ ਦੂਜੇ ਤੋਂ ਕੁਝ ਵੀ ਨਹੀਂ ਛੁਪਾਉਣਗੇ।

ਮੈਂ ਇਸ ਨੂੰ ਸਿੱਧਾ ਪੁੱਛ ਲਵਾਂ ? ਉਹ ਆਪਣੇ ਮਨ 'ਚ ਹੀ ਸੋਚਦੀ ਹੈ ਪਰ ਥੋੜਾ

ਇੰਤਜ਼ਾਰ ਕਰ ਲੈਣਾ ਚਾਹੀਦਾ ਹੈ। ਹੋ ਸਕਦਾ ਹੈ ਆਪਣੇ ਆਪ ਹੀ ਦੱਸ ਦੇਵੇ।

ਕੀ ਇਹ ਅਜੇ ਵੀ?

"ਤਾਨੀਆ ਮੈਂ ਕੱਲ ਦੋ ਦਿਨ ਲਈ ਪੂਨਾ ਜਾ ਰਿਹਾ ਹਾਂ, ਵਰਕਸ਼ਾਪ ਹੈ ਇਕ।" ਉਸ ਨੇ ਸਕਰੀਨ ਵੱਲ ਵੇਖਦੇ ਹੋਏ ਹੀ ਤਾਨੀਆ ਨੂੰ ਕਿਹਾ।

"ਓਕੇ, ਇਕੱਲੇ?" ਤਾਨੀਆ ਨੇ ਪੁੱਛਿਆ।

"ਔਫਕੋਰਸ, ਵਰਕਸ਼ਾਪ ਲਈ ਹੁਣ ਫਰੈਂਡਜ਼ ਨੂੰ ਥੋੜਾ ਨਾਲ ਲੈ ਕੇ ਜਾਵਾਂਗਾ।" ਸਿਧਾਰਥ ਖਿਝ ਕੇ ਬੋਲਿਆ।

ਮੂਵੀ ਖਤਮ ਹੋ ਗਈ ਪਰ ਤਾਨੀਆ ਦੇ ਦਿਮਾਗ ਵਿੱਚ ਮੈਸੇਜ ਦੀ ਟਰਿੰਗ-ਟਰਿੰਗ ਵੱਜ ਰਹੀ ਸੀ। ਉਸ ਦਾ ਧਿਆਨ ਇਸ ਗੱਲ ਵੱਲੋਂ ਹਟ ਹੀ ਨਹੀਂ ਰਿਹਾ ਸੀ।

ਸ਼ਾਮੀ ਜਦ ਤਾਨੀਆ ਕਿਚਨ ਵਿੱਚ ਕੋਈ ਕੰਮ ਕਰ ਰਹੀ ਸੀ ਡਾਇਨਿੰਗ ਟੇਬਲ ਤੇ ਪਏ ਸਿਧਾਰਥ ਦੇ ਫੋਨ ਤੇ ਫਿਰ ਮੈਸੇਜ ਆਇਆ। ਤਾਨੀਆ ਨੇ ਵੇਖਿਆ ਸਿਧਾਰਥ ਅਲਮਾਰੀ ਵਿੱਚੋਂ ਕੱਪੜੇ ਕੱਢ ਕੇ ਬੈਗ ਵਿਚ ਪੈਕ ਕਰ ਰਿਹਾ ਸੀ।

ਤਾਨੀਆ ਨੇ ਫੋਨ ਚੁੱਕਿਆ ਫੋਨ ਲਾਕ ਸੀ। ਉਸ ਨੂੰ ਬਹੁਤ ਹੈਰਾਨੀ ਹੋਈ। ਪਹਿਲਾਂ ਕਦੀ ਸਿਧਾਰਥ ਨੇ ਫੋਨ ਲਾਕ ਨਹੀਂ ਕੀਤਾ ਸੀ। ਉਸਨੇ ਖੋਲਣ ਦੀ ਕੋਸ਼ਿਸ਼ ਕੀਤੀ। ਥੋੜੀ ਕੋਸ਼ਿਸ਼ ਕਰਨ ਤੋਂ ਬਾਦ ਉਸਨੇ ਫੋਨ ਖੋਲ ਲਿਆ। ਉਸਨੇ ਦੇਖਿਆ ਕਿ ਵਟਸਐਪ ਤੇ ਇੱਕ ਮੈਸੇਜ ਆਇਆ ਸੀ। ਉਸਨੇ ਜਦ ਮੈਸੇਜ ਖੋਲ ਲਿਆ ਤਾਂ ਇਹ ਟਰਾਂਸਪੇਰੈਂਟ ਨਾਈਟੀ ਵਿੱਚ ਇੱਕ ਕੁੜੀ ਦੀ ਫੋਟੋ ਸੀ। ਉਹ ਕੁੜੀ ਸਿਧਾਰਥ ਤੋਂ ਕਨਫਰਮ ਕਰਨਾ ਚਾਹੁੰਦੀ ਸੀ ਕਿ ਲੋਹਖੰਡਵਾਲਾ ਇਹ ਨਾਈਟੀ ਲੈ ਕੇ ਚਲੀ ਜਾਵੇ ਜੇ ਸਿਧਾਰਥ ਨੂੰ ਪਸੰਦ ਹੈ ਤਾਂ?

ਤਾਨੀਆ ਇਹ ਵੇਖ ਕੇ ਸੁੰਨ ਰਹਿ ਗਈ। ਉਹਨੇ ਗੈਵੀ ਨੂੰ ਮੈਸੇਜ ਕਰਕੇ ਪੁੱਛਿਆ ਕਿ ਕੀ ਉਹ ਅੱਜ ਰਾਤ ਲਈ ਉਸ ਕੋਲ ਰੁਕ ਸਕਦੀ ਹੈ?

"ਕਿਉਂ ਨਹੀਂ ਪਰ ਹੋਇਆ ਕੀ?" ਜਲਦ ਹੀ ਉਸ ਦਾ ਜਵਾਬ ਆ ਗਿਆ।

"ਆ ਕੇ ਦੱਸਦੀ ਹਾਂ।" ਗੈਵੀ ਨੂੰ ਜਵਾਬ ਦੇ ਕੇ ਉਹ ਆਪਣੀ ਅਲਮਾਰੀ ਵਿੱਚੋਂ ਕੱਪੜੇ ਤੇ ਜ਼ਰੂਰੀ ਡਾਕੂਮੈਂਟਸ ਬੈਗ ਵਿੱਚ ਰੱਖਣ ਲੱਗੀ।

ਉਹਨੂੰ ਅਜਿਹਾ ਕਰਦਾ ਵੇਖ ਕੇ ਸਿਧਾਰਥ ਬਾਰ-ਬਾਰ ਪੁੱਛ ਰਿਹਾ ਸੀ ਕਿ ਉਹ ਕਿੱਥੇ ਜਾ ਰਹੀ ਹੈ? ਪੈਕਿੰਗ ਕਿਉਂ ਕਰ ਰਹੀ ਹੈ?

ਤਾਨੀਆ ਨੇ ਕੋਈ ਜਵਾਬ ਨਹੀਂ ਦਿੱਤਾ। ਜਦੋਂ ਘਰੋਂ ਬਾਹਰ ਨਿਕਲਣ ਲੱਗਿਆਂ ਉਹਨੇ ਫਲੈਟ ਦੀਆਂ ਚਾਬੀਆਂ ਸ਼ੂ ਰੈਕ ਤੇ ਰੱਖ ਦਿੱਤੀਆਂ ਤਾਂ ਸਿਧਾਰਥ ਨੇ ਉਹਦੀ ਬਾਂਹ ਫੜ ਲਈ ।

"ਕਿੱਥੇ ਜਾ ਰਹੀ ਏਂ? ਹੋਇਆ ਕੀ ਏ ਤੈਨੂੰ? ਬੋਲ ਕਿਉਂ ਨਹੀਂ ਰਹੀ?" ਸਿਧਾਰਥ ਨੂੰ ਕੁਝ ਸਮਝ ਨਹੀਂ ਆ ਰਹੀ ਸੀ।

"ਕਿਤੇ ਵੀ ਜਾਵਾਂ ਪਰ ਲੋਹਖੰਡਵਾਲਾ ਤੇ ਨਹੀਂ ਜਾ ਰਹੀ।" ਉਸ ਨੇ ਸਿੱਧਾ ਸਿਧਾਰਥ ਦੀਆਂ ਅੱਖਾਂ ਵਿੱਚ ਝਾਕ ਕੇ ਕਿਹਾ। ਸੁਣਦਿਆਂ ਹੀ ਜਿਵੇਂ ਸਿਧਾਰਥ 'ਤੇ ਘੜਿਆਂ ਪਾਣੀ ਪੈ ਗਿਆ। ਉਹ ਕੁਝ ਨਹੀਂ ਬੋਲਿਆ ਤੇ ਉਹਦੀ ਪਕੜ ਢਿੱਲੀ ਪੈ ਗਈ।

ਤਾਨੀਆ ਆਪਣੇ ਪਿੱਛੇ ਦਰਵਾਜਾ ਬੰਦ ਕਰਦੀ ਹੋਈ ਬਾਹਰ ਨਿਕਲ ਗਈ।

(**ਸੰਪਰਕ** : **79867-86080**)

ਸ਼ਬਦ ਚਿੱਤਰ

# ਕੰਵਲ ਨੀ ਕਿਸੇ ਨੇ ਬਣ ਜਾਣਾ




## ਬੂਟਾ ਸਿੰਘ ਚੌਹਾਨ

ਜਸਵੰਤ ਸਿੰਘ ਕੰਵਲ ਮਲਵਈ ਜੀਵਨ ਨੂੰ ਨਾਵਲਾਂ 'ਚ ਚਿਤਰਣ ਵਾਲ਼ਾ ਪਹਿਲਾ ਨਾਵਲਕਾਰ ਸੀ, ਜਿਸ ਨੇ ਆਪਣੇ ਸਮੇਂ ਦੇ ਜਨ-ਜੀਵਨ ਨੂੰ ਸਾਹਿਤ ਦੀ ਸਾਣ 'ਤੇ ਲਾ ਕੇ ਉਸ ਸਮੇਂ ਦੇ ਹਾਣ ਦੇ ਨਾਵਲ ਲਿਖਣੇ ਸ਼ੁਰੂ ਕੀਤੇ। ਸਮਾਜ ਵਿਚ ਚੇਤਨਤਾ ਦੀਆਂ ਜੋ ਲਹਿਰਾਂ ਉੱਠ ਰਹੀਆਂ ਸਨ, ਆਪਣੇ ਨਾਵਲਾਂ ਵਿਚ ਸਮੋਈਆਂ। ਉਨ੍ਹਾਂ ਦੇ ਨਾਵਲ-ਖੇਤਰ 'ਚ ਪ੍ਰਵੇਸ਼ ਕਰਨ ਦਾ ਵਾਕਿਆਤ ਵੀ ਕੁਦਰਤੀ ਵਾਪਰਿਆ ਸੀ। ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ 'ਚ ਮੁਲਾਜ਼ਮ ਸਨ। ਉਨ੍ਹਾਂ ਦੀ ਕਵਿਤਾ ਦੀ ਕਿਤਾਬ 'ਜੀਵਨ ਕਣੀਆਂ' ਛਪ ਚੁੱਕੀ ਸੀ, ਜਿਸ ਵਿਚੋਂ ਚਿਹਨ ਵਿਖਾਈ ਦਿੰਦੇ ਸਨ ਕਿ ਉਨ੍ਹਾਂ ਵਿਚ ਵੱਡੇ ਲੇਖਕ ਬਣਨ ਦੇ ਗੁਣ ਹਨ। ਇਨ੍ਹਾਂ ਗੁਣਾਂ ਨੂੰ ਸਿੰਘ ਬ੍ਰਦਰਜ਼ ਅੰਮ੍ਰਿਤਸਰ ਦੇ ਬਾਨੀ ਸੇਵਾ ਸਿੰਘ ਨੇ ਪਛਾਣਿਆ। ਉਹ ਉਨ੍ਹਾਂ ਨੂੰ ਦਫ਼ਤਰ 'ਚ ਆ ਕੇ ਮਿਲੇ। ਕਿਹਾ ਕਿ ਉਹ ਨਾਵਲ ਲਿਖਣ।

ਉਨ੍ਹਾਂ ਸਮਿਆਂ 'ਚ ਨਾਨਕ ਸਿੰਘ ਦੇ ਨਾਵਲਾਂ ਦਾ ਬੋਲਬਾਲਾ ਸੀ। ਉਨ੍ਹਾਂ ਦੇ ਪਾਠਕਾਂ ਦਾ ਦਾਇਰਾ ਦਿਨੋ-ਦਿਨ ਵਿਸ਼ਾਲ ਹੁੰਦਾ ਜਾ ਰਿਹਾ ਸੀ। ਸੇਵਾ ਸਿੰਘ ਚਾਹੁੰਦੇ ਸਨ ਕਿ ਪੰਜਾਬੀ 'ਚ ਕੋਈ ਅਜਿਹਾ ਨਾਵਲਕਾਰ ਹੋਣਾ ਚਾਹੀਦਾ ਹੈ, ਜਿਸ ਦੇ ਨਾਵਲ ਨਾਨਕ ਸਿੰਘ ਵਾਂਗ ਵਿਕਣ। ਇਹ ਸੋਚਦਿਆਂ ਉਨ੍ਹਾਂ ਦੀ ਅੱਖ ਕੰਵਲ 'ਤੇ ਜਾ ਕੇ ਟਿਕੀ ਸੀ। ਉਨ੍ਹਾਂ ਦੀ ਗੱਲ ਸੁਣ ਕੇ ਕੰਵਲ ਅੰਦਰੂਨੀ ਤੌਰ 'ਤੇ ਹੈਰਾਨ ਹੋਏ ਤੇ ਕਿਹਾ ਕਿ ਨਾਵਲ ਲਿਖਣਾ ਮੇਰੇ ਵੱਸ ਦੀ ਗੱਲ ਨਹੀਂ ਲੱਗਦੀ। ਸੇਵਾ ਸਿੰਘ ਕਹਿਣ ਲੱਗੇ, "ਤੁਸੀਂ ਇਕ ਵਾਰ ਲਿਖਣਾ ਸ਼ੁਰੂ ਕਰ ਦਿਉ। ਆਪੇ ਪੂਰਾ ਹੋ ਜਾਵੇਗਾ। ਮੈਂ ਛਾਪਾਂਗਾ।"

ਸੇਵਾ ਸਿੰਘ ਆਪਣੀ ਗੱਲ ਛੱਡ ਕੇ ਚਲੇ ਗਏ। ਪਿੱਛੋਂ ਕੰਵਲ ਨਾਵਲ ਲਿਖਣ ਬਾਰੇ ਸੋਚਣ ਲੱਗੇ। ਕੰਵਲ ਦੇ ਨਾਨਕੇ ਇਕ ਬੇਕਸੂਰ ਆਦਮੀ ਨੂੰ ਫ਼ਾਂਸੀ ਲਾ ਦਿੱਤੀ ਗਈ ਸੀ। ਉਸ ਦੇ ਜੀਵਨ ਨੂੰ ਆਧਾਰ ਬਣਾ ਕੇ ਉਨ੍ਹਾਂ ਨੇ ਨਾਵਲ ਲਿਖਿਆ-'ਸੱਚ ਨੂੰ ਫ਼ਾਂਸੀ'। ਨਾਵਲ ਛਪਣ ਦੀ ਦੇਰ ਸੀ, ਜਿਵੇਂ ਖਿਡਾਰੀ ਵਿਰੋਧੀ ਖਿਡਾਰੀ ਦੀ ਸੁੱਟੀ ਹੋਈ ਗੇਂਦ ਬੁੱਚਦੇ ਹਨ, ਪਾਠਕਾਂ ਨੇ ਨਾਵਲ ਨੂੰ ਇਉਂ ਬੁੱਚ ਲਿਆ।



ਆਖਿਆ ਜਾਂਦਾ ਹੈ ਕਿ ਜਦੋਂ ਕਿਸੇ ਕੰਮ ਦੀ ਸ਼ੁਰੂਆਤ ਚੰਗੀ ਹੋ ਜਾਵੇ, ਉਸ ਦਾ ਭਵਿੱਖ ਵੀ ਚੰਗਾ ਹੁੰਦਾ ਹੈ। ਇਹ ਗੱਲ ਕੰਵਲ ਦੇ ਸਾਹਿਤਕ ਜੀਵਨ

ਵਿਚ ਸਾਰਥਿਕ ਸਿੱਧ ਹੋਈ। ਉਹ ਲਗਾਤਾਰ ਨਾਵਲ ਲਿਖਣ ਲੱਗੇ। 'ਪੂਰਨਮਾਸ਼ੀ' ਨਾਵਲ ਲਿਖ ਕੇ ਉਨ੍ਹਾਂ ਨੇ ਆਪਣੀ ਕਲਾ ਦਾ ਲੋਹਾ ਮਨਵਾਇਆ। ਨਕਸਲਵਾਦੀ ਲਹਿਰ ਬਾਰੇ 'ਲਹੂ ਦੀ ਲੋਅ' ਨੇ ਵਿਕਰੀ ਦੇ ਰਿਕਾਰਡ ਤੋੜ ਦਿੱਤੇ। ਕੰਵਲ ਮਾਲਵੇ ਦਾ ਪਹਿਲਾ ਨਾਵਲਕਾਰ ਸੀ, ਜਿਸ ਨੂੰ ਸੈਆਂ ਦੀ ਬਜਾਏ ਹਜ਼ਾਰਾਂ 'ਚ ਰਾਇਲਟੀ ਮਿਲਦੀ ਸੀ। ਕੰਵਲ ਪਹਿਲਾਂ ਵੀ ਪੜ੍ਹਿਆ ਜਾਂਦਾ ਸੀ। ਹੁਣ ਵੀ ਪੜ੍ਹਿਆ ਜਾ ਰਿਹਾ ਹੈ। ਪੜ੍ਹਿਆ ਜਾਂਦਾ ਵੀ ਰਹੇਗਾ।

ਮੈਂ ਪਿਛਲੇ ਵਰ੍ਹੇ ਭਾਸ਼ਾ ਵਿਭਾਗ ਪਟਿਆਲਾ 'ਚ ਲੱਗੇ ਪੁਸਤਕ ਮੇਲੇ 'ਚ ਗਿਆ। ਮੇਰੇ ਪ੍ਰਕਾਸ਼ਕ ਨੇ ਮੇਰੀ ਅਨੁਵਾਦਿਤ ਪੁਸਤਕ 'ਚੋਰ-ਉਚੱਕੇ' ਛਾਪੀ ਸੀ। ਉਹਦੇ ਨਾਲ਼ ਦੀ ਸਟਾਲ 'ਤੇ ਦੋ ਕੁੜੀਆਂ ਆਈਆਂ। ਉਨ੍ਹਾਂ ਨੇ 'ਪੂਰਨਮਾਸ਼ੀ' ਨਾਵਲ ਪੁੱਛਿਆ। ਸਟਾਲ 'ਤੇ ਨਾਵਲ ਸੀ। ਜਦੋਂ ਨਾਵਲ ਲੈ ਕੇ ਜਾਣ ਲੱਗੀਆਂ ਤਾਂ ਮੈਂ ਉਨ੍ਹਾਂ ਨੂੰ ਕੋਲ਼ ਬੁਲਾਇਆ। ਪੁੱਛਿਆ, "ਤੁਸੀਂ ਇਹ ਨਾਵਲ ਕਿਉਂ ਖ਼ਰੀਦਿਐ?"

ਉਨ੍ਹਾਂ 'ਚੋਂ ਇਕ ਕੁੜੀ ਬੋਲੀ, "ਅਸੀਂ ਪੁਰਾਣੇ ਪੰਜਾਬ ਬਾਰੇ ਜਾਣਨਾ ਚਾਹੁੰਦੀਆਂ ਸੀ। ਸਾਡੇ ਪ੍ਰੋਫੈਸਰ ਨੇ ਦੱਸਿਐ ਤੁਸੀਂ 'ਪੂਰਨਮਾਸ਼ੀ' ਪੜ੍ਹ ਲਵੋ, ਸਭ ਕੁਝ ਪਤਾ ਲੱਗ ਜਾਵੇਗਾ।"

ਉਨ੍ਹਾਂ ਦੇ ਇਸ ਫ਼ਿਕਰੇ 'ਚ ਕੰਵਲ ਦਾ ਭਵਿੱਖ ਸੀ। ਇੱਕੀਵੀਂ ਸਦੀ 'ਚ ਪਸਰੇ ਰਹਿਣ ਦਾ ਸੰਕੇਤ ਵੀ। ਮੈਂ ਆਪਣੇ ਸਾਹਿਤਕ ਜੀਵਨ ਦੇ ਸ਼ੁਰੂਆਤੀ ਦੌਰ 'ਚ ਕੰਵਲ ਦੇ ਬਹੁਤ ਸਾਰੇ ਨਾਵਲ ਪੜ੍ਹੇ। ਮੈਨੂੰ ਉਨ੍ਹਾਂ ਦਾ ਨਾਵਲ 'ਮਿੱਤਰ ਪਿਆਰੇ ਨੂੰ' ਬਹੁਤ ਪਸੰਦ ਆਇਆ ਸੀ। ਮੁਹੱਬਤ ਦੇ ਵੇਗ 'ਚ ਭਿੱਜ ਕੇ ਲਿਖਿਆ ਹੋਇਆ ਹੈ ਇਹ ਨਾਵਲ।

ਮੈਨੂੰ ਨਹੀਂ ਸੀ ਪਤਾ ਕਿ ਬਰਨਾਲ਼ੇ ਨੇੜਲੇ ਪਿੰਡ ਜਸਵੰਤ ਸਿੰਘ ਬਾਲੀਆਂ ਦੀ ਪਿਆਰ-ਕਥਾ 'ਤੇ ਇਹ ਨਾਵਲ ਅਧਾਰਿਤ ਹੈ। ਜਦੋਂ ਮੇਰੇ ਜੀਵਨ 'ਚ ਜਸਵੰਤ ਸਿੰਘ ਬਾਲੀਆਂ ਆਇਆ ਤਾਂ ਮੈਨੂੰ ਨਾਵਲ ਲਿਖੇ ਜਾਣ ਦੀ ਇਕੱਲੀ-ਇਕੱਲੀ ਗੱਲ ਦਾ ਪਤਾ ਲੱਗਿਆ। ਜਵਾਨੀ 'ਚ ਜਸਵੰਤ ਸਿੰਘ ਬਾਲੀਆਂ ਤੇ ਉਸ ਨੂੰ ਪਿਆਰ ਕਰਨ ਵਾਲ਼ੀ ਕੁੜੀ ਨੇ ਸਾਂਝੇ ਤੌਰ 'ਤੇ ਕੰਵਲ ਨੂੰ ਚਿੱਠੀ ਲਿਖੀ ਕਿ ਉਹ ਦੋਵੇਂ ਇਕ-ਦੂਜੇ ਨੂੰ ਪਿਆਰ ਕਰਦੇ ਨੇ ਪਰ ਉਨ੍ਹਾਂ ਦਾ ਵਿਆਹ ਨਹੀਂ ਹੋ ਸਕਣਾ। ਉਹ ਇਕ-ਦੂਜੇ ਬਿਨਾਂ ਰਹਿ ਨਹੀਂ ਸਕਣਗੇ। ਉਨ੍ਹਾਂ ਲਿਖਿਆ ਕਿ ਉਹ ਬਹੁਤ ਛੇਤੀ ਹਰੀਗੜ੍ਹ ਵਾਲ਼ੀ ਨਹਿਰ 'ਚ ਛਾਲ਼ ਮਾਰ ਕੇ ਖ਼ੁਦਕਸ਼ੀ ਕਰ ਲੈਣਗੇ।

ਕੰਵਲ ਨੇ ਚਿੱਠੀ ਮਿਲਦਿਆਂ ਹੀ ਉਨ੍ਹਾਂ ਨੂੰ ਜਵਾਬ ਦਿੱਤਾ ਕਿ ਉਹ ਇਉਂ ਨਾ ਕਰਨ। ਇਹ ਬੁਜ਼ਦਿਲੀ ਹੈ। ਮਨੁੱਖ ਨੂੰ ਵਿਰੋਧੀ ਹਵਾਵਾਂ ਨਾਲ਼ ਟਾਕਰਾ ਕਰਨਾ ਚਾਹੀਦਾ ਹੈ। ਜੀਵਨ ਨੂੰ ਭੰਗ ਦੇ ਭਾੜੇ ਨਹੀਂ ਗੰਵਾਉਣਾ ਚਾਹੀਦਾ। ਉਨ੍ਹਾਂ ਨੇ ਜਸਵੰਤ ਸਿੰਘ ਬਾਲੀਆਂ ਕੋਲ਼ ਜਾਣ ਦੀ ਇੱਛਾ ਪ੍ਰਗਟ ਕੀਤੀ। ਇਹ ਵੀ ਲਿਖ ਦਿੱਤਾ ਕਿ ਉਹ ਬਰਨਾਲ਼ੇ ਆਉਣਗੇ। ਉਹ ਉਨ੍ਹਾਂ ਨੂੰ ਬੱਸ ਅੱਡੇ 'ਚੋਂ ਲੈ ਜਾਵੇ।

ਕੰਵਲ ਆਇਆ। ਰਾਤ ਨੂੰ ਬਾਲ਼ੀਆਂ ਰਿਹਾ। ਤੈਅ ਹੋਇਆ ਕਿ ਉਹ ਕੁੜੀ ਸਮੇਤ ਸ਼ਿਮਲੇ ਪੰਜ-ਚਾਰ ਦਿਨ ਰਹਿਣਗੇ ਤੇ ਉਹ ਉਨ੍ਹਾਂ 'ਤੇ ਨਾਵਲ ਲਿਖੇਗਾ। ਇਹ ਸਭ ਕੁਝ ਹੋਣ ਪਿੱਛੋਂ ਜਦੋਂ ਨਾਵਲ ਛਪਿਆ ਤਾਂ ਅਧੂਰੀਆਂ ਮੁਹੱਬਤਾਂ ਵਾਲ਼ਿਆਂ ਨੇ ਨਾਵਲ ਨੂੰ

ਹੱਥਾਂ 'ਤੇ ਚੁੱਕ ਲਿਆ। ਸਮਾਜ ਵਿਚ ਮੁੰਡੇ-ਕੁੜੀਆਂ ਦੀਆਂ ਦੋਸਤੀਆਂ ਨੇ ਵਿਆਹ 'ਚ ਨਹੀਂ ਬਦਲਣਾ ਹੁੰਦਾ। ਜਿਉਣ-ਮਰਨ ਦੀਆਂ ਭਾਵਨਾਵਾਂ ਹੁੰਦੀਆਂ ਨੇ। ਆਰਥਿਕਤਾ ਦੇ ਵਾਧੇ-ਘਾਟੇ, ਜਾਤਾਂ ਦੇ ਪਾੜੇ ਦੋਵਾਂ ਨੂੰ ਇਕ ਨਹੀਂ ਹੋਣ ਦਿੰਦੇ।

ਇਹ ਨਾਵਲ ਵੱਡ-ਆਕਾਰੀ ਸੀ। ਰੌਚਕ ਵੀ ਬੜਾ ਸੀ। ਬਾਰੀਕੀ ਨਾਲ਼ ਲਿਖਿਆ ਗਿਆ ਸੀ। ਨਾਵਲ ਦੇ ਪੰਨਿਆਂ 'ਤੇ ਸਮਾਂ ਸਾਹ ਲੈਂਦਾ ਪ੍ਰਤੀਤ ਹੁੰਦਾ ਸੀ। ਸਵੇਰ ਹੁੰਦੀ, ਦੁਪਹਿਰ ਹੁੰਦੀ, ਛਿਪਦਾ ਹੋਇਆ ਦਿਨ, ਰਾਤਾਂ ਦੇ ਸੰਨਾਟੇ, ਤਾਰਿਆਂ ਭਰਿਆ ਆਕਾਸ਼, ਉਜਾੜ 'ਚ ਰਾਤ ਨੂੰ ਬੋਲਦੇ ਵੱਖਰੇ-ਵੱਖਰੇ ਪੰਛੀ, ਨਹਿਰ ਦਾ ਵਗਦਾ ਪਾਣੀ ਤੇ ਹੋਰ ਬਹੁਤ ਕੁਝ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦਾ ਸੀ। ਨਾਵਲ ਇਕ ਤੇਜ ਵਹਿਣ ਸੀ, ਜਿਸ ਵਿਚ ਪਾਠਕ ਦਾ ਮਨ ਫੁੱਲ ਵਾਂਗ ਤੈਰਨ ਲੱਗਦਾ।

ਕੰਵਲ ਦੇ ਪਾਠਕ ਹਰ ਵਰਗ 'ਚੋਂ ਸਨ। ਗੁਰੂ ਘਰਾਂ 'ਚ ਪਾਠ ਕਰਨ ਵਾਲ਼ੇ ਮੁੰਡੇ। ਕੀਰਤਨ ਕਰਨ ਵਾਲ਼ੇ ਵੀ ਉਨ੍ਹਾਂ ਦੇ ਪਾਠਕ ਸਨ। ਗੁਰਦੁਆਰਿਆਂ ਦੀ ਮਾਣ-ਮਰਿਆਦਾ ਦੇ ਉਲਟ ਉਹ ਰਾਤ ਨੂੰ ਚੋਰੀ-ਛਿਪੇ ਕੰਵਲ ਦੇ ਨਾਵਲ ਪੜ੍ਹਦੇ। ਇਸ ਤਰ੍ਹਾਂ ਚੋਰੀ-ਛਿਪੇ ਪੜ੍ਹਨ ਵਾਲ਼ਾ ਤਪਾ ਮੰਡੀ ਨੇੜਲੇ ਪਿੰਡ ਘੁੰਨਸ ਦੇ ਗੁਰਦੁਆਰਾ ਤਪ ਅਸਥਾਨ ਦਾ ਮੁਖੀ ਵੈਦ ਬਲਵੀਰ ਸਿੰਘ ਵੀ ਸੀ, ਜਿਹੜਾ ਪਿੱਛੋਂ ਜਾ ਕੇ 'ਸੰਤ ਬਲਵੀਰ ਸਿੰਘ ਘੁੰਨਸ' ਬਣਿਆ। ਮੇਰੇ ਕੋਲ਼ ਤਪੇ ਉਨ੍ਹਾਂ ਦੀ ਆਉਣੀ-ਜਾਣੀ ਸੀ। ਸਾਹਿਤਕ ਰੁਚੀਆਂ ਦੀ ਖਿੱਚ ਸੀ। ਅਸੀਂ ਪ੍ਰੇਮ-ਪਿਆਰ 'ਚ ਬੱਝ ਗਏ। ਸੰਤ ਘੁੰਨਸ ਬਹੁਤ ਵਧੀਆ ਕੀਰਤਨੀਏ ਸਨ। ਬੁਲਾਰੇ ਵੀ ਕਮਾਲ ਦੇ। ਉੱਪਰ ਉੱਠਣਾ ਚਾਹੁੰਦੇ ਸਨ। ਆਲ਼ੇ-ਦੁਆਲ਼ੇ 'ਚ ਚਰਚਿਤ ਹੋਣਾ ਵੀ। ਗੁਰਦੁਆਰੇ 'ਚ ਲਾਇਬਰੇਰੀ ਵੀ ਬਣਾਈ ਹੋਈ ਸੀ। ਪਿੰਡ ਦੇ ਲੋਕ ਪੜ੍ਹਨ ਲਈ ਕਿਤਾਬਾਂ ਲੈ ਕੇ ਜਾਂਦੇ। ਉਹ ਵੈਦਗੀ ਵੀ ਕਰਦੇ। ਦਿਨੋ-ਦਿਨ ਹਰਮਨ ਪਿਆਰੇ ਹੋ ਰਹੇ ਸਨ। ਉਨ੍ਹਾਂ ਨੇ ਮੇਰੇ ਕੋਲ਼ ਇੱਛਾ ਪ੍ਰਗਟ ਕੀਤੀ ਕਿ ਗੁਰੂ ਘਰ ਦੇ ਬਾਨੀ ਸੰਤ ਅਤਰ ਸਿੰਘ ਘੁੰਨਸ ਦੀ ਯਾਦ 'ਚ ਇਕ ਟਰੱਸਟ ਬਣਾਇਆ ਜਾਵੇ। ਹਰ ਸਾਲ ਦੁਸਹਿਰੇ ਵੇਲ਼ੇ ਉਨ੍ਹਾਂ ਦੀ ਬਰਸੀ 'ਤੇ ਪੰਜਾਬੀ ਦੇ ਇਕ ਪ੍ਰਸਿੱਧ ਲੇਖਕ ਨੂੰ ਸਨਮਾਨਿਤ ਕੀਤਾ ਜਾਵੇ।

1991 'ਚ ਇਹ ਟਰੱਸਟ ਬਣਿਆ। ਸਨਮਾਨ ਦੀ ਰਾਸ਼ੀ ਇਕੱਤੀ ਸੌ ਰੁਪਏ ਰੱਖੀ ਗਈ। ਮੈਨੂੰ ਜਨਰਲ ਸਕੱਤਰ ਬਣਾ ਦਿੱਤਾ ਗਿਆ। ਆਪ ਉਹ ਮੁਖੀ ਬਣੇ। ਉਨ੍ਹਾਂ ਨੇ ਇੱਛਾ ਜ਼ਾਹਿਰ ਕੀਤੀ ਕਿ ਸਭ ਤੋਂ ਪਹਿਲਾ ਇਨਾਮ ਜਸਵੰਤ ਸਿੰਘ ਕੰਵਲ ਨੂੰ ਦਿੱਤਾ ਜਾਵੇ। ਮੈਂ ਹਾਮੀ ਭਰ ਦਿੱਤੀ।

ਉਨ੍ਹਾਂ ਨੇ ਮੈਨੂੰ ਦੱਸਿਆ ਕਿ ਜਸਵੰਤ ਸਿੰਘ ਕੰਵਲ ਨੇ ਇਕ ਗ੍ਰੰਥੀ ਪਾਤਰ ਸਿਰਜਿਆ ਸੀ, ਜਿਸ ਦੀ ਆਪਣੇ ਪਿੰਡ 'ਚ ਇਕ ਕੁੜੀ ਨਾਲ਼ ਭਾਵੁਕ ਸਾਂਝ ਸੀ। ਸਮੇਂ ਦਾ ਗੇੜ ਕਿ ਉਹ ਕੁੜੀ ਦੇ ਅਨੰਦ ਕਾਰਜ ਵੀ ਉਸ ਗ੍ਰੰਥੀ ਨੂੰ ਕਰਨੇ ਪਏ। ਮਨ 'ਚ ਉਹਦੇ ਵਿਦਾ ਹੋਣ ਦਾ ਦੁੱਖ ਸੀ। ਅਨੰਦ ਕਾਰਜਾਂ ਦੀ ਰੀਤ ਵੀ ਨਿਭਾਉਣੀ ਪੈ ਰਹੀ ਸੀ। ਬੜੇ ਭਰੇ ਮਨ ਨਾਲ਼ ਗ੍ਰੰਥੀ ਨੇ ਕੀਤੇ ਸੀ ਉਸ ਕੁੜੀ ਦੇ ਅਨੰਦ ਕਾਰਜ।



ਦੁਸਹਿਰੇ ਤੋਂ ਪੰਦਰਾਂ ਕੁ ਦਿਨ ਪਹਿਲਾਂ ਮੈਂ, ਸੰਤ ਘੁੰਨਸ, ਮਿਸਤਰੀ ਨਾਹਰ ਸਿੰਘ ਤੇ ਸਾਬਕਾ ਸਰਪੰਚ ਦਲੀਪ ਸਿੰਘ ਢੁੱਡੀਕੇ ਚਲੇ ਗਏ। ਜਦੋਂ ਕੰਵਲ ਸਾਹਬ ਦੀ ਬਾਹਰਲੀ ਕੋਠੀ 'ਚ ਗਏ, ਜਿਹੜੀ ਉਨ੍ਹਾਂ ਨੇ ਆਪਣੀ ਦੂਸਰੀ ਪਤਨੀ ਡਾ. ਜਸਵੰਤ ਕੌਰ ਗਿੱਲ ਦੇ ਕਹਿਣ 'ਤੇ ਬਣਾਈ ਸੀ, ਉੱਥੇ ਉਨ੍ਹਾਂ ਦਾ ਪੁੱਤਰ ਸੀ। ਸਾਨੂੰ ਹਾਲ ਕਮਰੇ 'ਚ ਬਿਠਾ ਕੇ ਉਹ ਕਹਿ ਗਿਆ, "ਉਹ ਸੱਥ 'ਚ ਤਾਸ਼ ਖੇਡਦੇ ਹੋਣਗੇ। ਮੈਂ ਬੁਲਾ ਕੇ ਲਿਆਉਨਾਂ। ਉਹ ਇਕੱਲੇ ਆਉਣਗੇ। ਮੈਂ ਚਾਹ ਲੈ ਕੇ ਆਵਾਂਗਾ।"

ਦਸਾਂ ਕੁ ਮਿੰਟਾਂ ਬਾਅਦ ਕੰਵਲ ਸਾਹਬ ਆਏ। ਸਾਰਿਆਂ ਨੂੰ ਜੱਫੀ 'ਚ ਲੈ ਕੇ ਮਿਲੇ। ਫੇਰ ਕਹਿਣ ਲੱਗੇ, "ਦੱਸੋ ਕਿਵੇਂ ਆਉਣੇ ਹੋਏ? ਬੰਦਾ ਹਾਜ਼ਰ ਐ।" 'ਬੰਦਾ ਹਾਜ਼ਰ ਐ' ਉਨ੍ਹਾਂ ਦਾ ਤਕੀਆ ਕਲਾਮ ਸੀ। ਮੈਂ ਗੱਲ ਦਾ ਮੁੱਢ ਬੰਨ੍ਹਿਆ। ਸਾਰੀ ਗੱਲ ਪੱਲੇ ਪਾ ਦਿੱਤੀ। ਮੈਂ ਸੰਤ ਘੁੰਨਸ ਵੱਲ ਹੱਥ ਕਰਕੇ ਦੱਸਿਆ ਕਿ ਇਹ ਗੁਰੂ ਘਰ ਦੇ ਮੁਖੀ ਨੇ। ਇਨ੍ਹਾਂ ਦੀ ਇੱਛਾ ਹੈ ਕਿ ਦੁਸਹਿਰੇ ਦੇ ਮੌਕੇ 'ਤੇ ਤੁਹਾਨੂੰ ਸਨਮਾਨਿਤ ਕੀਤਾ ਜਾਵੇ। ਸੁਣ ਕੇ ਉਹ ਕਹਿੰਦੇ, "ਸੰਤ ਜੀ! ਮੈਨੂੰ ਸਨਮਾਨਿਤ ਕਰਕੇ ਕੀ ਲੈਣੈ ਤੁਸੀਂ? ਪਿੰਡ ਦੇ ਲੋਕ ਜਰਦੇ ਨ੍ਹੀਂ ਹੁੰਦੇ ਕਿ ਕੋਈ ਲੇਖਕ ਗੁਰਦੁਆਰੇ ਆਵੇ, ਬੋਲੇ। ਲੋਕ ਸਾਨੂੰ ਕਾਮਰੇਡ ਸਮਝਦੇ ਐ। ਮੈਨੂੰ ਸੱਦ ਕੇ ਕਿਤੇ ਠੂਠੇ ਲੱਤ ਨਾ ਮਰਵਾ ਬੈਠਿਓ।"

ਸੰਤ ਘੁੰਨਸ ਕਹਿਣ ਲੱਗੇ, "ਨਹੀਂ ਜੀ! ਤੁਸੀਂ ਫ਼ਿਕਰ ਨਾ ਕਰੋ। ਸਾਡੀ ਗੁਰਦੁਆਰੇ 'ਚ ਲਾਇਬਰੇਰੀ ਵੀ ਬਣਾਈ ਹੋਈ ਹੈ। ਤੁਹਾਡੀਆਂ ਵੀ ਕਿਤਾਬਾਂ ਲਾਇਬਰੇਰੀ 'ਚ ਨੇ।"

ਸੁਣ ਕੇ ਕੰਵਲ ਸਾਹਬ ਸਹਿਜ ਹੋਏ। ਫੇਰ ਉਹ ਸੰਤ ਘੁੰਨਸ ਦੀ ਘੋਖ-ਪੜਤਾਲ ਕਰਨ ਲੱਗੇ। ਪੁੱਛਿਆ, "ਸੰਤ ਜੀ ਆਉਣ ਵਾਲ਼ੇ ਸਮੇਂ 'ਚ ਕੀ ਕਰਨਾ ਚਾਹੁੰਦੇ ਹੋ?"

ਸੰਤ ਘੁੰਨਸ ਸ਼ਰਮਾਅ ਗਏ। ਕਹਿਣ ਲੱਗੇ, "ਧਾਰਮਿਕ ਕਾਰਜ ਕਰੀ ਜਾਨੇ ਆਂ। ਹੁਣ ਜੋ ਕੁਝ ਤੁਸੀਂ ਕਹੋਗੇ, ਉਹ ਵੀ ਕਰਲਾਂਗੇ।"

"ਮੈਂ ਤਾਂ ਕੀ ਕਹਿਣਾ ਸੀ ਪਰ ਜੋ ਤੁਸੀਂ ਕਰਨਾ ਚਾਹੁੰਨੇ ਓਂ, ਮੈਨੂੰ ਪਤੈ, ਮੈਂ ਚਾਹੁੰਨਾਂ ਤੁਹਾਡੀ ਇੱਛਾ ਪੂਰੀ ਹੋਵੇ। ਤੁਹਾਡੇ ਵਰਗੇ ਆਦਮੀ ਸਿੱਖਾਂ 'ਚ ਚਾਹੀਦੇ ਨੇ, ਜਿਨ੍ਹਾਂ ਨੂੰ ਥੋੜ੍ਹੀ-ਬਹੁਤੀ ਅਕਲ ਹੋਵੇ।"

ਕੰਵਲ ਸਾਹਬ ਨੇ ਸਹੀ ਥਾਂ ਨਿਸ਼ਾਨਾ ਲਾਇਆ ਸੀ। ਮੈਂ ਹੱਸਣ ਲੱਗਿਆ। ਸੰਤ ਘੁੰਨਸ ਵੀ ਹੱਸੇ। ਨਾਲ਼ ਗਏ ਦੋਵਾਂ ਜਣਿਆਂ ਦੇ ਸੰਕੇਤ ਪੱਲੇ ਨਹੀਂ ਸੀ ਪਿਆ। ਏਨੀ ਤੀਖਣ ਬੁੱਧੀ ਸੀ ਕੰਵਲ ਸਾਹਬ ਦੀ। ਇਹ 1991 ਦੀ ਗੱਲ ਸੀ। 1997 'ਚ ਸੰਤ ਘੁੰਨਸ ਵਿਧਾਇਕ ਬਣੇ।

ਜਦੋਂ ਉਹ ਸਨਮਾਨ ਵਾਲ਼ੇ ਦਿਨ ਆਏ, ਅਖ਼ਬਾਰਾਂ 'ਚ ਖ਼ਬਰਾਂ ਛਪ ਗਈਆਂ ਸੀ। ਆਲ਼ੇ-ਦੁਆਲ਼ੇ ਦੇ ਪਿੰਡਾਂ 'ਚੋਂ ਬਹੁਤ ਸਾਰੇ ਪਾਠਕ ਆਪਣੇ ਆਪ ਆ ਗਏ ਸੀ। ਪਿੰਡੋਂ ਵੀ ਲੋਕ ਵੱਧ ਆਏ। ਸਨਮਾਨਿਤ ਹੋਣ ਪਿੱਛੋਂ ਉਹ ਬੋਲੇ, "ਨਸ਼ਿਆਂ ਦਾ ਖਹਿੜਾ ਛੱਡੋ। ਇਹ ਖਾ ਜਾਣਗੇ ਥੋਨੂੰ। ਚੰਗੀ ਭਲੀ ਲੱਕੜ ਨੂੰ ਸਿਉਂਕ ਮਿੱਟੀ ਕਰ ਦਿੰਦੀ ਐ। ਸਭ ਨੂੰ ਕਿਰਤ ਕਰਨੀ ਚਾਹੀਦੀ ਐ। ਵਿਹਲੇ ਨਾ ਰਿਹਾ ਕਰੋ। ਵੰਡਣ ਨੂੰ ਜੇ ਕੁਛ ਨਹੀਂ, ਨਾ ਵੰਡੋ। ਪਰਿਵਾਰ ਦੇ ਸਾਰੇ ਜੀਅ ਕੰਮ ਕਰਿਆ ਕਰੋ। ਆਪਣੀ ਮਚਾ ਕੇ ਸੇਕੋ। ਆਗੂਆਂ 'ਤੇ ਝਾਕ ਨਾ ਰੱਖੋ। ਇਨ੍ਹਾਂ ਨੇ ਨਾ ਕੁਛ ਪਹਿਲਾਂ ਕੀਤੈ, ਨਾ ਕਰਨੈ। ਲਾਰਿਆਂ ਤੋਂ ਬਿਨਾਂ

ਇਨ੍ਹਾਂ ਕੋਲ਼ੇ ਕੁਝ ਨਹੀਂ। ਕਾਲ਼ਜੇ ਵੱਢ ਕੇ ਨਾ ਦਿਆ ਕਰੋ ਇਨ੍ਹਾਂ ਨੂੰ। ਇਨ੍ਹਾਂ ਦੀਆਂ ਕਾਰਾਂ ’ਚ ਤੇਲ ਨੀਂ ਮੱਚਦਾ, ਥੋਡਾ ਲਹੂ ਮੱਚਦੈ। ਸੰਭਲ਼ ਜੋ। ਬਰਬਾਦ ਹੋ ਕੇ ਵੀ ਸੰਭਲ਼ੋਂਗੇ ਈ।”

ਉਹ ਬੋਲ ਰਹੇ ਸੀ। ਸਨਮਾਨਿਤ ਕਰਨ ਲਈ ਵੱਡੇ ਥਾਲ਼ ਵਿਚ ਮੋਮੈਂਟੋ ਤੇ ਲੋਈ ਧਰ ਕੇ ਸਟੇਜ ’ਤੇ ਲਿਆਂਦੀ ਸੀ। ਸੰਗਤ ’ਚੋਂ ਬੁੜ੍ਹੀਆਂ-ਬੰਦੇ ਉੱਠ-ਉੱਠ ਕੇ ਆਉਂਦੇ ਸੀ। ਥਾਲ਼ ’ਚ ਕੋਈ ਰੁਪਿਆ ਧਰ ਜਾਂਦਾ, ਕੋਈ ਦੋ ਦਾ ਨੋਟ। ਕੋਈ ਪੰਜ, ਕੋਈ ਦਸ।

ਆਪਣੀ ਗੱਲ ਕਹਿ ਕੇ ਉਹ ਬਹਿ ਗਏ। ਕਾਰ ’ਤੇ ਨਹੀਂ ਸੀ ਆਏ। ਤਪੇ ਤੋਂ ਘੁੰਨਸਾਂ ਦੇ ਅੱਡੇ ਤੱਕ ਪਤਾ ਨਹੀਂ ਕਾਹਦੇ ’ਤੇ ਆਏ ਸੀ। ਸੰਤ ਘੁੰਨਸ ਨੇ ਥਾਲ਼ੀ ’ਚੋਂ ਪੈਸੇ ਚੁੱਕ ਕੇ ਉਨ੍ਹਾਂ ਨੂੰ ਦੇਣੇ ਚਾਹੇ। ਨਹੀਂ ਫੜੇ। ਕਹਿੰਦੇ ਲੰਗਰ ’ਚ ਪਾ ਲਵੋ।

ਮੇਰਾ ਜਦੋਂ ਪਹਿਲਾ ਗ਼ਜ਼ਲ ਸੰਗ੍ਰਹਿ ‘ਸਿਰ ਜੋਗੀ ਛਾਂ’ ਛਪਿਆ, ਮੈਂ ਉਨ੍ਹਾਂ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਦਿੱਤਾ। ਕੇਂਦਰੀ ਲੇਖਕ ਸਭਾ ਦੀ ਚੋਣ ਸੀ। ਹਫ਼ਤੇ ਕੁ ਬਾਅਦ ਮੈਨੂੰ ਉਨ੍ਹਾਂ ਦੀ ਚਿੱਠੀ ਮਿਲੀ। ਮੈਨੂੰ ਬੜਾ ਹੌਂਸਲਾ ਹੋਇਆ। ਚਿੱਠੀ ’ਚ ਲਿਖਿਆ ਸੀ-ਤੂੰ ਰੋਹੀਆਂ ’ਚ ਖੜੋਤਾ ਕੁਆਰਾ ਸਰੂ, ਜਿਹੜਾ ਤਪਦੀ ਰੂਹ ਜੋਗੀ ਛਾਂ ਦੇ ਰਿਹਾ ਹੈਂ। ਕਈ ਸ਼ੇਅਰਾਂ ਦਾ ਨਿੱਘ ਮਹਿਬੂਬ ਦਾ ਉਣਿਆ ਸਵੈਟਰ ਅਤੇ ਅਹਿਸਾਸ ਦੀ ਘੁੱਟ ਸ਼ਹਿਦ ਹੋ ਨਿੱਬੜੀ।

ਬੀਤੇ ਦੇ ਰੁੱਖ ਹੇਠਾਂ ਬਹਿਣਾ ਠੀਕ ਨਹੀਂ,
ਸਾਹਾਂ ਵਿਚੋਂ ਵੀ ਆਉਂਦਾ ਹੈ ਸੇਕ ਜਿਹਾ
ਅੱਗ ਅਤੇ ਪਾਣੀ ਨੂੰ ਅੱਜ ਮੈਂ ਇਕੋ ਥਾਂ ’ਤੇ ਵੇਖ ਲਿਆ,
ਦਿਲ ਹੈ ਤੇਰਾ ਪੱਥਰ ਵਰਗਾ ਫੁੱਲਾਂ ਵਰਗੀ ਕਾਇਆ ਹੈ

ਸ਼ਾਇਰੀ ਕੁਦਰਤ ਦੀ ਦਾਤ ਹੈ, ਪਰ ਨਿਵੇਕਲਾਪਣ ਤੇਰਾ ਆਪਣਾ ਸਰਮਾਇਆ ਹੈ। ਸ਼ਾਲਾ! ਇਹ ਸਦੀਵੀ ਕਾਇਮ ਰਹੇ। ਬਾਹਰਲਾ ਦਰਦ ਰੂਹ ਦੇ ਅਹਿਸਾਸ ਵਿਚ ਡੁੱਬ ਕੇ ਮਹਿਕ ਬਣਦਾ ਹੈ ਤੇ ਉਹੀ ਖ਼ੁਸ਼ਬੂ ਸਮਾਜ ਦੀ ਦੁਰਗੰਧ ਸਾਫ਼ ਕਰਨ ਵਿਚ ਜੁਟ ਜਾਂਦੀ ਹੈ।

ਮਹਿਕ ਤਾਂ ਦੂਰ ਵੀ ਜਾ ਸਕਦੀ ਸੀ, ਪੌਣ ਦਾ ਰੁਖ਼ ਹੀ ਕੁਝ ਸਹੀ ਨਾ ਸੀ।

ਬਈ ਵਾਹ! ਇਸ ਸੁਗੰਧ ਵਿਚ ਰੌਸ਼ਨੀ ਵੀ ਹੈ, ਜਿਸ ਨੂੰ ਹਵਾ ਦਾ ਰੁਖ਼ ਵੀ ਰੋਕ ਨਾ ਸਕੇਗਾ। ਤੂੰ ਸਾਧਾਰਨ ਬੂਟਾ ਨਹੀਂ, ਪੰਜਾਬ ਦਾ ਚੰਨਣ ਐਂ। ਤੇਰੀ ਮਹਿਕ ਮਾਨਸਿਕ ਰੋਗੀਆਂ ਲਈ ਸੰਜੀਵਨੀ ਹੈ। ਉਦਾਸ ਚਿਹਰਿਆਂ ਲਈ ਖੇੜੇਹਾਰ, ਵਿਚਰਦਾ ਰਹੇਂ।

ਹੇਠਾਂ ਤਾਰੀਖ਼ ਪਾ ਕੇ ਦਸਤਖ਼ਤ ਕੀਤੇ ਹੋਏ ਸਨ। ਮੈਂ ਉਨ੍ਹਾਂ ਦਾ ਇਹ ਪੱਤਰ 2006 ਵਿਚ ਛਪੇ ਆਪਣੇ ਦੂਜੇ ਗ਼ਜ਼ਲ ਸੰਗ੍ਰਹਿ ‘ਖ਼ਿਆਲ ਖ਼ੁਸ਼ਬੋ ਜਿਹਾ’ ਦੇ ਅਗਲੇ ਪੰਨੇ ’ਤੇ ਛਾਪਿਆ। ਮੈਂ, ਭੁਪਿੰਦਰ ਸਿੰਘ ਬੇਦੀ, ਭੋਲਾ ਸਿੰਘ ਸੰਘੇੜਾ ਤੇ ਹੋਰ ਇਕ-ਦੋ ਮਿੱਤਰ ਉਨ੍ਹਾਂ ਨੂੰ ਸੰਗ੍ਰਹਿ ਭੇਟ ਕਰਨ ਗਏ। ਸਾਡੇ ਜਾਂਦਿਆਂ ਨੂੰ ਉਹ ਬਾਹਰਲੀ ਕੋਠੀ ਵਿਚ ਹੀ ਸਨ।

ਮੈਂ ਉਨ੍ਹਾਂ ਨੂੰ ਨਵਾਂ ਗ਼ਜ਼ਲ ਸੰਗ੍ਰਹਿ ਭੇਟ ਕੀਤਾ। ਅਗਲੇ ਪੰਨੇ ਉਲਟਾ ਕੇ ਜਦੋਂ ਉਨ੍ਹਾਂ ਨੇ ਪੱਤਰ ਪੜ੍ਹਿਆ, ਬੋਲੇ, “ਵਾਹ ਬਈ! ਇਹ ਮੈਂ ਲਿਖਿਐ? ਏਨਾ ਵਧੀਆ ਮੈਥੋਂ ਕਿਵੇਂ ਲਿਖਿਆ ਗਿਆ?”

ਮੈਂ ਕਿਹਾ, “ਇਹ ਤੁਹਾਡਾ ਹੀ ਲਿਖਿਐ। ਯਕੀਨ ਨਹੀਂ ਆਉਂਦਾ, ਮੇਰੇ ਕੋਲ਼ ਪੱਤਰ ਵੀ ਪਿਐ।”

ਉਹ ਕਹਿੰਦੇ, "ਮੈਨੂੰ ਪਤੈ। ਸ਼ਬਦ ਤਾਂ ਮੇਰੇ ਈ ਨੇ।"

ਅਸੀਂ ਉਨ੍ਹਾਂ ਕੋਲ਼ ਬਹਿ ਕੇ ਗੱਲਾਂ ਕੀਤੀਆਂ। ਉਨ੍ਹਾਂ ਦੀਆਂ ਗੱਲਾਂ 'ਚ ਪੰਜਾਬ 'ਚ ਖ਼ਾਸਕਰ ਮਾਲਵੇ 'ਚ ਪ੍ਰਵਾਸੀ ਮਜ਼ਦੂਰਾਂ ਦੀ ਆਮਦ 'ਤੇ ਗ਼ਿਲਾ ਸੀ। ਉਹ ਕਹਿ ਰਹੇ ਸਨ, "ਜੱਟ ਕੰਮ ਛੱਡੀ ਜਾਂਦੇ ਨੇ। ਭਈਏ ਆਈ ਜਾਂਦੇ ਨੇ। ਪੰਜਾਬ ਦਾ ਸੱਤਿਆਨਾਸ ਕਰ ਦੇਣਗੇ। ਗੱਲਾਂ ਤੁਰੀਆਂ ਕਿੱਥੋਂ ਸੀ, ਜਾਈ ਕਿਸੇ ਹੋਰ ਪਾਸੇ ਜਾਂਦੀਆਂ ਨੇ। ਸਮਝ ਨ੍ਹੀਂ ਆਉਂਦੀ ਕੀ ਬਣੂ ਪੰਜਾਬ ਦਾ। ਜੱਟਾਂ ਨੂੰ ਕੰਮ ਨਹੀਂ ਛੱਡਣਾ ਚਾਹੀਦਾ।"

ਇਸ ਪਿੱਛੋਂ ਅਸੀਂ ਸਵਾਲ ਕਰਦੇ ਰਹੇ। ਉਹ ਜਵਾਬ ਦਿੰਦੇ ਰਹੇ। ਪਤਾ ਹੀ ਨਾ ਲੱਗਿਆ, ਡੇਢ-ਦੋ ਘੰਟੇ ਕਦੋਂ ਲੰਘ ਗਏ। ਅਸੀਂ ਆਉਣ ਦਾ ਸੰਕੇਤ ਦਿੱਤਾ। ਉਹ ਕਹਿਣ ਲੱਗੇ, "ਜਿਹੜਾ ਕੰਮ ਰਾਹ 'ਚ ਕਰੋਂਗੇ, ਐਥੇ ਹੀ ਕਰ ਲਉ। ਬੰਦਾ ਹਾਜ਼ਰ ਐ।"

ਇਹ ਕਹਿ ਕੇ ਉਨ੍ਹਾਂ ਨੇ ਆਪਣੀ ਛਾਤੀ 'ਤੇ ਹੱਥ ਮਾਰਿਆ। ਨਾਲ਼ ਗਏ ਚੁੱਪ ਰਹੇ। ਮੈਂ ਕਿਹਾ, "ਤੁਹਾਡੀ ਗੱਲ ਠੀਕ ਹੈ। ਰਾਹ 'ਚ ਤਾਂ ਕੰਮ ਕਰਾਂਗੇ। ਅੱਜ ਤੁਹਾਨੂੰ ਮਿਲ਼ ਕੇ ਗਏ ਹਾਂ। ਖ਼ੁਸ਼ੀ ਤਾਂ ਮਨਾਉਣੀ ਪਊ ਪਰ ਇੱਥੇ ਨਹੀਂ।"

"ਕਿਉਂ?" ਉਨ੍ਹਾਂ ਨੇ ਅੱਖਾਂ ਚੜ੍ਹਾਈਆਂ।

ਮੈਂ ਕਿਹਾ, "ਨਹੀਂ।"

ਉਹ ਕਹਿੰਦੇ, "ਕੀ ਗੱਲ?"

"ਗੱਲ ਤਾਂ ਕੋਈ ਨਹੀਂ। ਅੱਖ ਸ਼ਰਮ ਵੀ ਕੋਈ ਚੀਜ਼ ਐ। ਤੁਸੀਂ ਸਾਡੇ ਤੋਂ ਵੱਡੇ ਓਂ। ਗੁਰੂਆਂ ਸਮਾਨ ਵੀ। ਤੁਹਾਡੇ ਅੱਗੇ ਅਸੀਂ ਕਮਲ਼ੇ ਹੁੰਦੇ ਚੰਗੇ ਨੀ ਲੱਗਦੇ।"

ਫੇਰ ਉਹ ਅੱਗੇ ਨਹੀਂ ਬੋਲੇ। ਮੇਜ਼ 'ਤੇ ਪਏ ਦੋਵੇਂ ਫ਼ਰੂਟਾਂ ਦੇ ਲਿਫ਼ਾਫ਼ਿਆਂ ਵੱਲ ਵੇਖ ਕੇ ਕਹਿੰਦੇ, "ਇਨ੍ਹਾਂ ਦੀ ਕੀ ਲੋੜ ਸੀ?"

ਮੈਂ ਕਿਹਾ, "ਜੀ ਤੁਹਾਡੇ ਸਤਿਕਾਰ 'ਚ। ਦਾਸਾਂ ਦੀ ਸੇਵਾ ਪ੍ਰਵਾਨ ਕਰੋ।"

ਉਹ ਖੁੱਲ੍ਹ ਕੇ ਕਹਿੰਦੇ, "ਸੇਵਾ ਪ੍ਰਵਾਨ ਐ। ਹੌਲ਼ੀ ਜਾਇਓ। ਸੜਕਾਂ ਟੁੱਟੀਆਂ ਨੇ।"

ਇਸ ਪਿੱਛੋਂ ਮੈਂ ਇਕ ਵਾਰ ਉਨ੍ਹਾਂ ਕੋਲ਼ ਫੇਰ ਗਿਆ। ਮੈਂ ਬੱਚਿਆਂ ਨਾਲ਼ ਅੰਮ੍ਰਿਤਸਰ ਜਾਣਾ ਸੀ। ਕਾਫ਼ੀ ਚਿਰ ਦੇ ਉਹ ਜ਼ਿੱਦ ਕਰ ਰਹੇ ਸੀ। ਮੈਂ ਮੋਗੇ ਵਿਚਦੀ ਜਾਣਾ ਸੀ। ਗੱਡੀ ਢੁੱਡੀਕੇ ਵਿਚ ਦੀ ਕੱਢ ਦਿੱਤੀ।

ਉਹ ਬਾਹਰਲੀ ਕੋਠੀ 'ਚ ਨਹੀਂ ਸਨ। ਉਨ੍ਹਾਂ ਦਾ ਲੜਕਾ ਹੀ ਸੀ। ਉਹ ਬੁਲਾ ਲਿਆਇਆ। ਜਦੋਂ ਆਏ ਤਾਂ ਵੇਖ ਕੇ ਬਹੁਤੇ ਖ਼ੁਸ਼ ਨਹੀਂ ਸੀ ਹੋਏ। ਮੈਂ ਹੈਰਾਨ ਹੋਇਆ। ਇਨ੍ਹਾਂ ਨੂੰ ਅੱਜ ਹੋਇਆ ਕੀ ਐ? ਮੈਨੂੰ ਲੱਗਿਆ ਜਿਵੇਂ ਪਛਾਣਿਆ ਨਾ ਹੋਵੇ। ਗੱਲ ਸਹੀ ਸੀ। ਪਛਾਣਿਆ ਨਹੀਂ ਸੀ।

ਮੈਨੂੰ ਕਹਿਣ ਲੱਗੇ, "ਤੁਸੀਂ ਕਿਹੜੇ ਕਾਲਜ 'ਚ ਪੜ੍ਹਾਉਨੇ ਓਂ?"

ਮੈਂ ਆਪਣੇ ਬਾਰੇ ਦੱਸਿਆ। ਉਨ੍ਹਾਂ ਨੇ ਮੈਨੂੰ ਕੋਈ ਹੋਰ ਸਮਝ ਲਿਆ ਸੀ। ਮੇਰੀ ਘਰਵਾਲ਼ੀ ਨਾਲ਼ ਵੀ ਕੋਈ ਗੱਲ ਨਹੀਂ ਕੀਤੀ। ਬੱਚਿਆਂ ਨੂੰ ਵੀ ਨਹੀਂ ਬੁਲਾਇਆ।

ਉਨ੍ਹਾਂ ਦੀ ਯਾਦਾਸ਼ਤ ਘਟ ਗਈ ਸੀ। ਘਟੀ ਯਾਦਾਸ਼ਤ ਦਾ ਦੋ ਕੁ ਸਾਲ ਪਹਿਲਾਂ ਛਪੀ ਡਾ. ਜਸਵੰਤ ਕੌਰ ਗਿੱਲ ਬਾਰੇ ਲਿਖੀ ਪੁਸਤਕ 'ਪੁੰਨਿਆਂ ਦਾ ਚਾਨਣ' ਵਿਚੋਂ ਵੀ ਪਤਾ ਲੱਗਦਾ ਸੀ। ਪੁਸਤਕ ਦੇ ਮੁੱਢ 'ਚ ਇਕ ਵਰਣਨ ਆਉਂਦਾ ਹੈ। ਉਹ ਕਹਿੰਦੇ ਹਨ,

"ਮੇਰੇ ਪਿੰਡ 'ਚ ਕਤਲ ਹੋ ਰਹੇ ਸੀ। ਮੈਨੂੰ ਲੋਕਾਂ ਨੇ ਸਰਪੰਚ ਬਣਾ ਦਿੱਤਾ। ਮੈਂ ਲੋਕਾਂ ਨੂੰ ਸਮਝਾਇਆ। ਲਾਲਾ ਲਾਜਪਤ ਰਾਏ ਦਾ ਜਨਮ ਦਿਨ ਪਿੰਡ ਮਨਾਇਆ। ਮੰਤਰੀ ਬੁਲਾਇਆ। ਪਿੰਡ ਦੀਆਂ ਮੰਗਾਂ ਮੰਨਵਾਈਆਂ।"

ਇਹ ਵਰਣਨ ਉਸ ਪੁਸਤਕ 'ਚ ਤਿੰਨ ਥਾਂ 'ਤੇ ਆਉਂਦਾ ਹੈ। ਥੋੜ੍ਹੇ-ਥੋੜ੍ਹੇ ਫ਼ਰਕ ਨਾਲ਼ ਪਰ ਉਸ ਪੁਸਤਕ 'ਚ ਵਿਲੱਖਣ ਜਾਣਕਾਰੀ ਸੀ। ਜਦੋਂ ਉਨ੍ਹਾਂ ਦਾ ਡਾ. ਜਸਵੰਤ ਕੌਰ ਗਿੱਲ ਨਾਲ਼ ਰਾਬਤਾ ਪੈਦਾ ਹੁੰਦਾ ਹੈ, ਉਹ ਤਾਂ ਵਰਣਨ ਸੀ ਹੀ, ਉਨ੍ਹਾਂ ਨੇ ਇਹ ਵੀ ਦੱਸਿਆ ਕਿ ਜਦੋਂ ਮੈਂ ਵਿਆਹ ਦੀ ਗੱਲ ਕਰਨ ਲਈ ਡਾ. ਜਸਵੰਤ ਕੌਰ ਗਿੱਲ ਦੇ ਘਰ ਗਿਆ ਸੀ ਤਾਂ ਉੱਥੇ ਉਹਦੀ ਮਾਂ ਵੀ ਸੀ। ਉੱਥੇ ਜਗਜੀਤ ਸਿੰਘ ਆਨੰਦ ਵੀ ਆਇਆ ਸੀ। ਮੈਂ ਅੰਦਰ ਚਲਿਆ ਗਿਆ। ਪਿੱਛੋਂ ਪਤਾ ਲੱਗਿਆ ਕਿ ਇਹ ਪ੍ਰੀਤਲੜੀਆ (ਜਗਜੀਤ ਸਿੰਘ ਆਨੰਦ) ਡਾ. ਸਾਧੂ ਸਿੰਘ ਹਮਦਰਦ ਦਾ ਵਿਚੋਲਾ ਬਣਨ ਆਇਆ ਸੀ। ਉਹ ਚਾਹੁੰਦਾ ਸੀ ਕਿ ਡਾ. ਜਸਵੰਤ ਕੌਰ ਗਿੱਲ ਦਾ ਵਿਆਹ ਡਾ. ਸਾਧੂ ਸਿੰਘ ਹਮਦਰਦ ਨਾਲ਼ ਹੋ ਜਾਵੇ।

ਇਹ 'ਪੁੰਨਿਆਂ ਦਾ ਚਾਨਣ' ਪੁਸਤਕ ਵੱਡ-ਆਕਾਰੀ ਸੀ। ਜਿਸ 'ਚ ਉਨ੍ਹਾਂ ਦੇ ਪਿਆਰ ਦੀ ਸ਼ੁਰੂਆਤ ਤੋਂ ਲੈ ਕੇ ਅੰਤ ਤੱਕ ਦੀ ਕਹਾਣੀ ਸੀ।

ਉਨ੍ਹਾਂ ਦਾ ਸੁਭਾਅ ਰਾਜਨੀਤਕ ਵੀ ਸੀ। ਅਕਾਲੀਆਂ ਨੂੰ ਉਹ ਪੰਜਾਬ ਦੇ ਭਲੇ ਲਈ ਯੋਗ ਨਹੀਂ ਸੀ ਸਮਝਦੇ। ਜਗਮੀਤ ਸਿੰਘ ਬਰਾੜ ਨੇ ਜਦੋਂ ਆਪਣੀ ਵੱਖਰੀ ਕਾਂਗਰਸ ਪਾਰਟੀ ਬਣਾਈ ਤਾਂ ਬਠਿੰਡੇ ਬਹੁਤ ਵੱਡੀ ਕਾਨਫਰੰਸ ਕੀਤੀ। ਮੈਂ ਸੀ. ਮਾਰਕੰਡਾ ਨਾਲ਼ ਗਿਆ ਸੀ। ਮੰਚ 'ਤੇ ਬੋਲਿਆ ਗਿਆ, "ਅੱਜ ਦੀ ਕਾਨਫਰੰਸ ਵਿਚ ਪ੍ਰਸਿੱਧ ਨਾਵਲਕਾਰ ਜਸਵੰਤ ਸਿੰਘ ਕੰਵਲ ਵੀ ਆਏ ਹੋਏ ਨੇ।"

ਉਹ ਚਾਹੁੰਦੇ ਸਨ ਕਿ ਪੰਜਾਬ 'ਚ ਜਗਮੀਤ ਸਿੰਘ ਬਰਾੜ ਅੱਗੇ ਆਵੇ। ਪੰਜਾਬ ਦਾ ਮੂੰਹ-ਮੱਥਾ ਸੰਵਾਰੇ। ਉਸ ਦੀ ਅਗਵਾਈ ਉਨ੍ਹਾਂ ਨੂੰ ਪੰਜਾਬ ਦਾ ਕਲਿਆਣ ਕਰਨ ਵਾਲ਼ੀ ਲੱਗਦੀ ਸੀ। ਉਨ੍ਹਾਂ ਨੇ ਅਖ਼ਬਾਰਾਂ 'ਚ ਜਗਮੀਤ ਸਿੰਘ ਬਰਾੜ ਦੀ ਕਾਂਗਰਸ ਪਾਰਟੀ ਬਾਰੇ ਲੇਖ ਵੀ ਲਿਖੇ ਪਰ ਅਖ਼ਬਾਰਾਂ ਦੀਆਂ ਆਪਣੀਆਂ ਗਿਣਤੀਆਂ-ਮਿਣਤੀਆਂ ਹੁੰਦੀਆਂ ਨੇ। ਕਿਹੜੀ ਰਾਜਸੀ ਧਿਰ ਨੂੰ ਅੱਗੇ ਲਿਆਉਣਾ ਹੈ ਜਾਂ ਪਿੱਛੇ ਧੱਕਣਾ ਹੈ? ਇਸ ਨੁਕਤੇ 'ਤੇ ਆ ਕੇ ਉਨ੍ਹਾਂ ਦੇ ਅਖ਼ਬਾਰਾਂ ਨਾਲ਼ ਗ਼ਿਲੇ-ਸ਼ਿਕਵੇ ਵੀ ਵਧੇ। ਉਹ ਗੁੱਸੇ ਹੋਏ। ਮੁੜ ਕੇ ਕੋਈ ਲੇਖ ਬਰਾੜ ਦੀ ਕਾਂਗਰਸ ਬਾਰੇ ਨਹੀਂ ਛਪਿਆ ਜਾਂ ਅਖ਼ਬਾਰਾਂ ਨੇ ਭੇਜੇ ਹੋਏ ਲੇਖ ਛਾਪੇ ਨਹੀਂ।

ਜਦੋਂ ਤੱਕ ਪੰਜਾਬ 'ਚ ਖਾੜਕੂ ਲਹਿਰ ਦਾ ਬੋਲਬਾਲਾ ਨਹੀਂ ਸੀ ਹੋਇਆ, ਉਦੋਂ ਤੱਕ ਅਗਾਂਹਵਧੂ ਨੌਜਵਾਨ ਉਨ੍ਹਾਂ ਦੇ ਨਾਵਲ ਤੇ ਲੇਖਾਂ ਦੀਆਂ ਪੁਸਤਕਾਂ ਪੜ੍ਹਦੇ ਰਹੇ। ਜਦੋਂ 'ਲਹੂ ਦੀ ਲੋਅ' ਨਾਵਲ ਲਿਖਿਆ ਸੀ ਤਾਂ ਸੀ.ਪੀ.ਆਈ. ਤੇ ਸੀ.ਪੀ.ਐੱਮ. ਦੇ ਕਾਰਕੁਨ ਪਿੱਛੇ ਹਟ ਗਏ। ਨਕਸਲਵਾਦੀ ਸੋਚ ਨਾਲ਼ ਸਬੰਧਿਤ ਮੁੰਡੇ ਉਨ੍ਹਾਂ ਨੂੰ ਭਾਰੀ ਗਿਣਤੀ 'ਚ ਪੜ੍ਹਨ ਲੱਗੇ। ਫੇਰ ਜਦੋਂ ਉਨ੍ਹਾਂ ਦਾ ਨਾਵਲ ਖਾੜਕੂਵਾਦ ਲਹਿਰ ਨਾਲ਼ ਸਬੰਧਿਤ 'ਐਨਿਆਂ 'ਚੋਂ ਉੱਠੋ ਸੂਰਮਾ' ਛਪਿਆ ਤਾਂ ਨਕਸਲਵਾਦੀ ਪਾਠਕ ਪਿੱਛੇ ਹਟ ਗਏ। ਇਸ ਬਾਰੇ ਉਹ ਸਾਹਿਤ ਸਭਾਵਾਂ 'ਚ ਕਹਿੰਦੇ ਸੀ ਕਿ ਉਹ ਤਾਂ ਜਦੋਂ ਵੀ ਕੋਈ ਧਿਰ ਪੰਜਾਬ 'ਚ ਹੱਕ

ਮੰਗਣ ਲਈ ਅੱਗੇ ਆਉਂਦੀ ਹੈ, ਉਸ ਦਾ ਸਾਥ ਦਿੰਦੇ ਨੇ ਪਰ ਪਾਠਕ ਉਨ੍ਹਾਂ ਤੋਂ ਪ੍ਰਤੀਬੱਧਤਾ ਚਾਹੁੰਦੇ ਸਨ। ਉਹ ਖ਼ੁਦ ਵਿਚਾਰਾਂ ਦੀ ਖੁੱਲ੍ਹੀ ਖੇਡ ਖੇਡਣਾ ਚਾਹੁੰਦੇ ਸੀ।

ਉਨ੍ਹਾਂ ਦੇ ਨਾਵਲ 'ਲਹੂ ਦੀ ਲੋਅ' ਨੂੰ ਭਾਸ਼ਾ ਵਿਭਾਗ ਪੰਜਾਬ ਨੇ ਇਨਾਮ ਲਈ ਚੁਣਿਆ। ਉਨ੍ਹਾਂ ਨੇ ਇਹ ਕਹਿ ਕੇ ਇਨਾਮ ਵਾਪਿਸ ਕਰਨ ਦਾ ਐਲਾਨ ਕੀਤਾ ਕਿ ਮੈਂ ਇਹ ਇਨਾਮ ਨਹੀਂ ਲਵਾਂਗਾ। ਪਹਿਲਾਂ ਨਕਸਲਵਾੜੀ ਲਹਿਰ 'ਚ ਸ਼ਹੀਦ ਹੋਏ ਨੌਜਵਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਮਿਲਣਾ ਚਾਹੀਦਾ ਹੈ ਪਰ ਪਿੱਛੋਂ ਭਾਸ਼ਾ ਵਿਭਾਗ ਪੰਜਾਬ ਦਾ ਡਾਇਰੈਕਟਰ ਅਜੀਤ ਸਿੰਘ ਕੱਕੜ ਮਿੰਨਤਾਂ-ਤਰਲੇ ਕਰਕੇ ਇਨਾਮ ਦੀ ਰਾਸ਼ੀ ਦੇ ਆਇਆ। ਜਦੋਂ ਇਹ ਗੱਲ ਬਾਹਰ ਨਿੱਕਲ਼ੀ ਤਾਂ ਉਹ ਨੁਕਤਾਚੀਨੀ ਦੇ ਘੇਰੇ 'ਚ ਆਏ। ਭਾਸ਼ਾ ਵਿਭਾਗ ਪੰਜਾਬ ਦੇ ਮਾਮਲੇ 'ਚ ਉਹ ਇਕ ਵਾਰ ਫੇਰ ਚਰਚਾ 'ਚ ਆਏ। ਉਨ੍ਹਾਂ ਖ਼ਿਲਾਫ਼ ਨਾਂਹ-ਪੱਖੀ ਹਵਾ ਚੱਲੀ, ਉਹ ਭਾਸ਼ਾ ਵਿਭਾਗ ਦੀ ਇਨਾਮ ਕਮੇਟੀ ਦੇ ਮੈਂਬਰ ਸਨ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 'ਪੰਜਾਬ ਸ਼੍ਰੋਮਣੀ ਸਾਹਿਤਕਾਰ' ਦਾ ਐਵਾਰਡ ਪੰਜ ਲੱਖ ਦਾ ਕਰ ਦਿੱਤਾ ਸੀ। ਦੋ ਸਾਲਾਂ ਦੇ ਇਕੱਠੇ ਇਨਾਮ ਦੇਣੇ ਸਨ। ਮੀਟਿੰਗ ਹੋ ਰਹੀ ਸੀ। ਉਹ ਸ਼ਾਮਿਲ ਸਨ। ਦਲੀਪ ਕੌਰ ਟਿਵਾਣਾ ਵੀ ਮੈਂਬਰ ਸੀ। ਵਿਚੋਂ ਹੀ ਗੱਲ ਚੱਲ ਪਈ ਜਾਂ ਚਲਾਈ ਗਈ ਸੀ। ਕਿਸੇ ਨੇ ਕਿਹਾ, "ਇਹ ਦੋ ਸਾਲ ਦੇ ਐਵਾਰਡ ਜਸਵੰਤ ਸਿੰਘ ਕੰਵਲ ਤੇ ਦਲੀਪ ਕੌਰ ਟਿਵਾਣਾ ਨੂੰ ਮਿਲਣੇ ਚਾਹੀਦੇ ਨੇ"।


ਉਦੋਂ ਇਹ ਦੋਵੇਂ ਚੁੱਪ ਰਹੇ। ਉਨ੍ਹਾਂ ਦੀ ਧਾਰੀ ਹੋਈ ਚੁੱਪ ਵੀ ਨੁਕਤਾਚੀਨੀ ਦੇ ਘੇਰੇ 'ਚ ਆਈ ਤੇ ਇਹ ਮਾਮਲਾ ਪੰਜਾਬ-ਹਰਿਆਣਾ ਹਾਈਕੋਰਟ 'ਚ ਵੀ ਗਿਆ ਕਿਉਂਕਿ ਇਸ ਤੋਂ ਪਹਿਲਾਂ ਕਿਸੇ ਵੀ ਕਮੇਟੀ ਮੈਂਬਰ ਨੇ ਮੈਂਬਰ ਹੋਣ ਵੇਲ਼ੇ ਖ਼ੁਦ ਨੂੰ ਐਵਾਰਡ ਨਹੀਂ ਸੀ ਲਿਆ। ਹਾਈਕੋਰਟ ਨੇ ਇਹ ਕਹਿ ਕੇ ਕੇਸ 'ਤੇ ਸੁਣਵਾਈ ਨਹੀਂ ਸੀ ਕੀਤੀ ਕਿ ਇਹ ਮਾਮਲਾ ਕੋਰਟ ਦਾ ਨਹੀਂ। ਇਹ ਭਾਸ਼ਾ ਵਿਭਾਗ ਨੂੰ ਦੇਖਣਾ ਚਾਹੀਦਾ ਹੈ ਕਿ ਇਹ ਇਨਾਮ ਯੋਗ ਮਿਲਿਆ ਹੈ ਜਾਂ ਅਯੋਗ। ਅਖ਼ਬਾਰਾਂ 'ਚ ਵੀ ਇਸ ਗੱਲ ਦਾ ਰੌਲ਼ਾ ਪਿਆ ਸੀ ਪਰ ਦੋਵਾਂ ਲੇਖਕਾਂ ਨੇ ਐਵਾਰਡ ਲੈ ਲਏ ਸੀ। ਨੈਤਿਕਤਾ ਦੇ ਆਧਾਰ 'ਤੇ ਵਾਪਿਸ ਨਹੀਂ ਸੀ ਕੀਤੇ। ਜਸਵੰਤ ਸਿੰਘ ਕੰਵਲ ਨੇ ਮਲਵਈ ਬੋਲੀ 'ਚ ਲਿਖ ਕੇ ਬੜਾ ਨਾਮਣਾ ਖੱਟਿਆ। ਢੁੱਡੀਕੇ ਪਿੰਡ ਦਾ ਨਾਂਅ ਹਰ ਪਿੰਡ 'ਚ ਪਹੁੰਚਾਇਆ। ਦੇਸ਼ਾਂ-ਵਿਦੇਸ਼ਾਂ ਤੱਕ ਵੀ। ਉਨ੍ਹਾਂ ਦੇ ਨਾਵਲ 'ਤੋਸ਼ਾਲੀ ਦੀ ਹੰਸੋ' 'ਤੇ ਭਾਰਤੀ ਸਾਹਿਤ ਅਕੈਡਮੀ ਦਾ ਇਨਾਮ ਵੀ ਮਿਲਿਆ।

ਜਸਵੰਤ ਸਿੰਘ ਕੰਵਲ ਦੇ ਨਾਵਲਾਂ 'ਚ ਨੌਂਵੇਂ ਦਹਾਕੇ ਤੱਕ ਦਾ ਪੰਜਾਬ ਧੜਕਦਾ ਹੈ। ਜਦੋਂ ਕਿਸੇ ਨੇ ਆਪਣੇ ਬੀਤੇ ਸਮੇਂ 'ਚ ਪਰਤਣਾ ਹੁੰਦੈ, ਉਹ ਉਨ੍ਹਾਂ ਦੇ ਨਾਵਲ ਪੜ੍ਹਦਾ ਹੈ। ਪੰਜਾਬੀ ਸਾਹਿਤ ਦੇ ਵਿਹੜੇ 'ਚ ਪਾਈਆਂ ਹੋਈਆਂ ਉਨ੍ਹਾਂ ਦੀਆਂ ਪੈੜਾਂ ਅਮਿੱਟ ਰਹਿਣਗੀਆਂ। ਜਦੋਂ ਲੇਖਕ ਜਿਉਂਦਾ ਹੁੰਦਾ ਹੈ, ਉਸ ਦੇ ਜਿਉਂਦੇ-ਜੀਅ ਉਸ ਦੀ ਕਾਰਜ-ਸ਼ੈਲੀ ਨੂੰ ਲੈ ਕੇ ਵਿਰੋਧੀ ਹਵਾਵਾਂ ਵੀ ਚਲਦੀਆਂ ਰਹਿੰਦੀਆਂ ਨੇ ਪਰ ਜਦੋਂ ਸਰੀਰਕ ਰੂਪ 'ਚ ਨਹੀਂ ਰਹਿੰਦਾ ਤਾਂ ਵਿਰੋਧੀ ਗੱਲਾਂ ਲੋਕ ਭੁੱਲ-ਭੁਲਾ ਜਾਂਦੇ ਨੇ। ਪਿੱਛੇ ਰਹਿ ਜਾਂਦੀਆਂ ਨੇ ਉਹਦੀਆਂ ਰਚੀਆਂ ਹੋਈਆਂ ਕਿਰਤਾਂ, ਜਿਹੜੀਆਂ ਉਸ ਨੂੰ ਜੀਵਤ ਰੱਖਦੀਆਂ ਨੇ। ਜਸਵੰਤ ਸਿੰਘ ਕੰਵਲ ਨਾਵਲ ਦੇ ਖੇਤਰ 'ਚ ਅਮਿੱਟ ਪੈੜਾਂ ਕਰਕੇ ਗਏ ਨੇ, ਜਿਹੜੀਆਂ ਸੰਜੀਵ ਰਹਿਣਗੀਆਂ। (**ਸੰਪਰਕ 98143-80749**)

*ਸਮੀਖਿਆ :*

# ਸਮਕਾਲ ਨੂੰ ਨਸ਼ਰ ਕਰਦਾ ਕਥਾ-ਬਿਰਤਾਂਤ : ਡਲਿਵਰੀ ਮੈਨ

**- ਡਾ. ਗੁਰਮੇਲ ਸਿੰਘ**




ਭਗਵੰਤ ਰਸੂਲਪੁਰੀ ਸਮਕਾਲੀ ਪੰਜਾਬੀ ਕਹਾਣੀ ਵਿਚ ਜਾਣਿਆ ਪਛਾਣਿਆ ਨਾਂ ਹੈ। ਉਹ ਇਕੱਲਾ ਸ਼ਬਦ ਸਿਰਜਕ ਹੀ ਨਹੀਂ ਸਗੋਂ ਸਾਹਿਤ ਦੇ ਪ੍ਰਸਾਰ ਨਾਲ ਜੁੜਿਆ ਕਾਮਾ ਹੈ ਜੋ ਨਿਰੰਤਰ ਸਾਹਿਤ ਦੇ ਨਵੇਂ ਆਯਾਮ ਤੇ ਚੁਣੌਤੀਆਂ ਪ੍ਰਤੀ ਵੀ ਪਾਰਖੂ ਦ੍ਰਿਸ਼ਟੀ ਰੱਖਦਾ ਹੈ ਤੇ ਉਸਦੀ ਦਸ਼ਾ ਤੇ ਦਿਸ਼ਾ ਨੂੰ ਲੈ ਕੇ ਕਹਾਣੀ ਧਾਰਾ ਦੇ ਜ਼ਰੀਏ ਸੰਵਾਦ ਤੋਰੀਂ ਰੱਖਦਾ ਹੈ। **'ਡਲਿਵਰੀ ਮੈਨ'** (**ਪ੍ਰਕਾਸ਼ਕ : ਵਾਇਟ ਕਰੋਅ ਪਬਲੀਕੇਸ਼ਨ, ਮਾਨਸਾ, ਮੁੱਲ : 295 ਰੁਪਏ, ਪੰਨੇ :192, ਸਾਲ : 2024**) ਉਸਦਾ ਸੱਜਰਾ ਕਹਾਣੀ ਸੰਗ੍ਰਹਿ ਹੈ। ਇਸ ਵਿਚ ਕੁੱਲ 8 ਕਹਾਣੀਆਂ ਹਨ। ਇਨ੍ਹਾਂ ਕਹਾਣੀਆਂ ਦੀ ਸਿਰਜਣਾ ਸਮਕਾਲ ਦੇ ਮਸਲਿਆਂ ਨੂੰ ਉਠਾਉਣ ਦੀ ਤਰਜ਼ਮਾਨੀ ਕਰਦੀ ਹੈ। ਸਮਕਾਲ ਅਜੋਕੇ ਦੌਰ ਦਾ ਉਹ ਸਮਾਂ ਹੈ ਜੋ ਨਵੀਂ ਤਰਜ਼ੇ ਜ਼ਿੰਦਗੀ ਦੇ ਗਾਡੀ ਰਾਹ ਪੈ ਚੁੱਕਾ ਹੈ। ਜਿਸ ਵਿਚ ਖਪਤਵਾਦੀ ਸਭਿਆਚਾਰ ਦੀ ਉਸਾਰੀ ਹੋ ਰਹੀ ਹੈ। ਮਾਰਕੀਟਿੰਗ ਦਾ ਨਵਾਂ ਤੌਰ ਤਰੀਕਾ ਆਪਣੇ ਪੈਰ ਪਸਾਰ ਰਿਹਾ ਹੈ। ਨਵੇਂ ਕੰਮ ਧੰਦੇ ਸਾਡੇ ਰੁਜ਼ਗਾਰ ਦਾ ਵਸੀਲਾ ਬਣ ਰਹੇ ਹਨ। ਇਹ ਸਮਕਾਲ ਇਕ ਨਵੇਂ ਮਨੁੱਖ ਦੀ ਉਸਾਰੀ ਕਰ ਰਿਹਾ ਹੈ। ਦੇਖਣਾ ਬਣਦਾ ਹੈ ਕਿ ਇਹ ਮਨੁੱਖ ਕਿਹੋ ਜਿਹਾ ਹੈ? ਕੀ ਇਸ ਵਿਚ ਪਹਿਲੇ ਵਾਲੇ ਮਨੁੱਖ ਦੇ ਗੁਣ-ਔਗੁਣਾਂ ਦੀ ਰਹਿੰਦ-ਖੂੰਹਦ ਹੀ ਹੈ ਜਾਂ ਇਹ ਸਮਕਾਲ ਦੇ ਵਸਤੂ ਸੰਸਾਰ ਵਾਂਗ ਪੂਰਾ ਬਦਲ ਗਿਆ ਹੈ। ਇਸ ਸਭ ਕੁਝ ਨੂੰ ਕਹਾਣੀਕਾਰ ਇਨ੍ਹਾਂ ਕਹਾਣੀਆਂ ਰਾਹੀਂ ਉਜਾਗਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਇਸ ਸੰਗ੍ਰਹਿ ਦੀ ਮਹੱਤਵਪੂਰਨ ਕਹਾਣੀ **'ਡਲਿਵਰੀ ਮੈਨ'** ਹੈ। ਜਿਹਾ ਕਿ ਇਸ ਸਿਰਲੇਖ ਤੋਂ ਆਭਾਸ ਹੁੰਦਾ ਹੈ ਕਿ ਅਜੋਕਾ ਦੌਰ ਵਸਤਾਂ ਦੇ ਉਪਭੋਗ ਦਾ ਦੌਰ ਹੈ ਜਿਸ ਵਿਚ ਤੁਸੀਂ ਘਰ ਬੈਠਿਆਂ ਆਪਣੀ ਮਨ ਪਸੰਦ ਦੀਆਂ ਵਸਤਾਂ ਨੂੰ ਪ੍ਰਾਪਤ ਕਰ ਸਕਦੇ ਹੋ ਸਿਰਫ ਤੁਹਾਡੀ ਜੇਬ ਵਿਚ ਪੈਸਾ ਹੋਣਾ ਚਾਹੀਦਾ ਹੈ। ਇਸ ਕਹਾਣੀ ਵਿਚ ਗੀਤਾ ਇਕ ਕੇਂਦਰੀ ਪਾਤਰ ਹੈ ਜੋ ਇਕ ਪ੍ਰਾਧਿਆਪਕ ਹੈ ਤੇ ਬਿਨਾ ਵਿਆਹ ਕਰਵਾਇਆਂ ਇਕੱਲੀ ਰਹਿੰਦੀ ਹੈ। ਜ਼ਿੰਦਗੀ ਜੀਣ ਦਾ ਇਹ ਰਾਹ ਉਸਨੇ ਖੁਦ ਚੁਣਿਆ ਹੈ। ਉਹ ਨਹੀਂ ਚਾਹੁੰਦੀ ਕਿ ਕੋਈ ਮਰਦ ਉਸ ਦੀ ਆਜ਼ਾਦ ਜ਼ਿੰਦਗੀ ਵਿਚ ਖਲ਼ਲ ਪਾਵੇ। ਸਮਕਾਲ ਨੇ ਖਾਸ ਕਰਕੇ ਪੈਸੇ ਵਾਲੇ ਮੱਧਵਰਗੀ ਮਨੁੱਖ ਨੂੰ ਜੀਣ ਦੀ ਇਕ ਨਵੀਂ ਸਪੇਸ ਪ੍ਰਦਾਨ ਕੀਤੀ ਹੈ ਜਿਸ ਵਿਚ ਉਸਨੂੰ ਕਿਸੇ ਮਨੁੱਖੀ ਸਾਥ ਦੀ ਕੋਈ ਲੋੜ ਨਹੀਂ। ਸਮਕਾਲ ਦਾ ਦੌਰ ਉਪਭੋਗਤਾ ਦੇ ਲਿਹਾਜ਼ ਨਾਲ ਏਨਾ ਲਚਕੀਲਾ ਹੈ ਕਿ ਉਹ ਉਪਭੋਗੀ ਮਨੁੱਖ ਨੂੰ ਹੀ

ਗਰਿਫ਼ਤ ਵਿਚ ਨਹੀਂ ਲੈਂਦਾ ਹੈ ਬਲਕਿ ਉਸ ਕੋਲ ਪੈਸੇ ਤੋਂ ਸਖਣੇ ਬੰਦੇ ਲਈ ਵੀ ਸਪੇਸ ਹੈ। ਉਹ ਜੇ ਵਸਤਾਂ ਦੀ ਖਰੀਦ ਸ਼ਕਤੀ ਨਹੀਂ ਬਣ ਸਕਦਾ ਤਾਂ ਉਸ ਮਸ਼ੀਨ ਦਾ ਕਲ-ਪੁਰਜਾ ਤਾਂ ਬਣ ਸਕਦਾ ਹੈ ਜਿਸ ਨਾਲ ਹਰ ਵਸਤ ਉਪਭੋਗਤਾ ਤੱਕ ਪਹੁੰਚਣ ਦਾ ਜ਼ਰੀਆ ਬਣਦੀ ਹੈ। ਕ੍ਰਿਸ਼ਨ ਨਾਂ ਦਾ ਪਾਤਰ ਅਜਿਹੇ ਮਨੁੱਖ ਦੀ ਹੀ ਤਰਜ਼ਮਾਨੀ ਕਰਦਾ ਹੈ। ਉਹ ਪਿੰਡ ਤੋਂ ਰੁਜ਼ਗਾਰ ਦੀ ਭਾਲ ਵਿਚ ਆਇਆ ਉਹ ਮਨੁੱਖ ਹੈ ਜਿਸ ਦੇ ਸਿਰ ਤੇ ਜ਼ਿੰਮੇਵਾਰੀਆਂ ਦੀ ਪੰਡ ਹੈ। ਉਸਨੂੰ ਜਾਪਦਾ ਹੈ ਕਿ ਅਜੋਕਾ ਸਰਮਾਏਦਾਰੀ ਪ੍ਰਬੰਧ ਉਸਦੇ ਦੁੱਖਾਂ ਦੀ ਦਾਰੂ ਬਣ ਸਕਦਾ ਹੈ ਪਰ ਸ਼ਹਿਰ ਵਿਚ ਉਸ ਲਈ ਸਿਰਫ ਡਲਿਵਰੀ ਮੈਨ ਦੀ ਨੌਕਰੀ ਹੀ ਹੈ। ਸ਼ਹਿਰ ਵਿਚ ਗੁਜ਼ਰ-ਬਸਰ ਦੀਆਂ ਲੋੜਾਂ ਤੇ ਘਰ ਦੀਆਂ ਨਿੱਕੀਆਂ ਮੋਟੀਆਂ ਜ਼ਰੂਰਤਾਂ ਦੀ ਪੂਰਤੀ ਲਈ ਉਹ ਵਸਤਾਂ ਦੀ ਡਲਿਵਰੀ ਕਰਦਾ ਕਰਦਾ ਜਿਸਮ ਦੀ ਡਲਿਵਰੀ ਤੱਕ ਪਹੁੰਚ ਜਾਂਦਾ ਹੈ। ਭਾਵੇਂ ਇਹ ਰੁਜ਼ਗਾਰ ਉਸਦੀ ਪੈਸੇ ਦੀ ਲੋੜ ਦੀ ਪੂਰਤੀ ਕਰਦਾ ਹੈ ਪਰ ਉਸਨੂੰ ਸਰੀਰਕ ਤੇ ਮਾਨਸਿਕ ਥਕਾਨ ਨਾਲ ਤੋੜ ਦਿੰਦਾ ਹੈ। ਉਸ ਕੋਲ ਆਪਣੇ ਆਪ ਤੇ ਆਪਣੇ ਘਰਵਾਲਿਆਂ ਲਈ ਕੋਈ ਸਮਾਂ ਨਹੀਂ ਬਚਦਾ। ਇੰਜ ਉਹ ਮਾਰਕੀਟਿੰਗ ਦੇ ਅਜੋਕੇ ਤੰਤਰ ਦਾ ਪੁਰਜਾ ਬਣਕੇ ਰਹਿ ਜਾਂਦਾ ਹੈ। ਦੂਜੇ ਪਾਸੇ ਗੀਤਾ ਦੇ ਨਾਲ ਨਾਲ ਕੁਝ ਹੋਰ ਇਸਤਰੀ ਪਾਤਰ ਹਨ ਜੋ ਪੈਸੇ ਦੇ ਸਿਰ ਤੇ ਵਸਤਾਂ ਦੇ ਬਜ਼ਾਰ ਵਿਚ ਉਪਭੋਗਤਾ ਦੇ ਆਸਰੇ ਆਪਣੀ ਜ਼ਿੰਦਗੀ ਨੂੰ ਠੁੰਮਣਾ ਦਿੰਦੀਆਂ ਹਨ। ਉਹਨਾਂ ਕੋਲ ਜੀਵਨ ਦੀ ਇਕੱਲਤਾ ਦੇ ਨਾਲ ਨਾਲ ਸਰੀਰਕ ਤੇ ਮਾਨਸਿਕ ਤ੍ਰਿਪਤੀ ਲਈ ਵਸਤਾਂ ਦਾ ਬਾਜ਼ਾਰ ਹੈ ਜੋ ਅੱਜ ਘਰ ਵਿਚ ਹੀ ਮੁਹੱਈਆ ਹੋ ਰਿਹਾ ਹੈ। ਇੰਜ ਕਹਾਣੀਕਾਰ ਸਮਕਾਲ ਵਿਚ ਬਾਜ਼ਾਰ ਦੇ ਡਲਿਵਰੀ ਕਲਚਰ ਨੂੰ ਪੂਰੇ ਭਰਵੇਂ ਰੂਪ ਵਿਚ ਚਿਤਰਦਾ ਹੈ ਜਿਸ ਵਿਚ ਔਰਤ ਪੂਰੀ ਖੁੱਲ੍ਹ ਤੇ ਆਜ਼ਾਦ ਜੀਵਨ ਜੀਣ ਦਾ ਰਾਹ ਤਲਾਸ਼ਦੀ ਹੈ ਪਰ ਇਹ ਰਾਹ ਅਤ੍ਰਿਪਤੀ, ਭਾਵਹੀਣਤਾ ਤੇ ਭਟਕਣ ਭਰਿਆ ਹੈ। ਦਰਅਸਲ ਸਮਕਾਲ ਵਿਚ ਬਾਜ਼ਾਰ ਨੂੰ ਅਜਿਹੇ ਮਨੁੱਖ ਦੀ ਹੀ ਤਲਾਸ਼ ਹੈ ਜੋ ਅਤ੍ਰਿਪਤ ਹੋਵੇ, ਮਨੁੱਖੀ ਭਾਵ ਸੰਸਾਰ ਦੀ ਕੈਦ ਤੋਂ ਮੁਕਤ ਹੋਵੇ ਤੇ ਭਟਕਣ ਨੂੰ ਵਸਤਾਂ ਦੀ ਪੂਰਤੀ ਨਾਲ ਸ਼ਾਂਤ ਕਰਨ ਵਾਲਾ ਹੋਵੇ। ਇੰਜ ਲੇਖਕ ਇਸ ਕਹਾਣੀ ਜ਼ਰੀਏ ਅਜੋਕੇ ਪੂੰਜੀਵਾਦੀ ਬਾਜ਼ਾਰ ਤੰਤਰ ਦਾ ਪਰਦਾ ਚਾਕ ਕਰਦਾ ਹੈ ਜਿਸਨੇ ਮਨੁੱਖ ਨੂੰ ਸਾਧਕੇ ਉਪਭੋਗੀ ਜੀਵ ਵਿਚ ਤਬਦੀਲ ਕਰ ਲਿਆ ਹੈ।

ਅਛੂਤਾ ਬਿਰਤਾਂਤ ਸਿਰਜਣ ਵਾਲੀ ਕਹਾਣੀ **'ਰਵੀ ਡਿਫੈਂਡਰ'** ਹੈ। ਇਹ ਕਹਾਣੀ ਅਜੋਕੇ ਭ੍ਰਿਸ਼ਟ ਤੰਤਰ ਦੀ ਪਿੱਠਭੂਮੀ ਵਿਚੋਂ ਉਗਦੀ ਹੈ ਜਿਸ ਵਿਚ ਪ੍ਰਤਿਭਾ ਦਾ ਘਾਣ ਹੁੰਦਾ ਹੈ ਤੇ ਭਾਈ ਭਤੀਜਾਵਾਦ ਦੀ ਜਿੱਤ ਹੁੰਦੀ ਹੈ। ਇਹ ਕਹਾਣੀ ਸਾਡੇ ਖੇਡ ਜਗਤ ਵਿਚ ਪਸਰੇ ਭਰਿਸ਼ਟ ਤੰਤਰ ਦੇ ਹੀਜ-ਪਿਆਜ਼ ਨੂੰ ਦਿਖਾਉਂਦੀ ਹੈ ਜਿਸ ਵਿਚ 'ਪ੍ਰਤਿਭਾ' ਦਾ ਕੋਈ ਮੁੱਲ ਨਹੀਂ। ਇਸ ਕਹਾਣੀ ਵਿਚ ਰਵੀ ਡਿਫੈਂਡਰ ਜੋ ਖੁਦ ਰਾਸ਼ਟਰੀ ਫੁੱਟਬਾਲ ਖਿਡਾਰੀ ਰਹਿ ਚੁੱਕਾ ਹੈ ਪਰ ਖੇਡ ਜਗਤ ਦੇ ਭਰਿਸ਼ਟਾਚਾਰ ਕਾਰਨ ਆਪਣੇ ਲਈ ਸੁਨਹਿਰੀ ਮੌਕੇ ਤੋਂ ਵਾਂਝਾ ਰਹਿ ਜਾਂਦਾ ਹੈ। ਉਸਦੀ ਇੱਛਾ ਹੁੰਦੀ ਹੈ ਕਿ ਉਸਦਾ ਪੁੱਤਰ ਚੰਗਾ ਖਿਡਾਰੀ ਬਣ ਕੇ ਰਾਸ਼ਟਰੀ ਟੀਮ ਵਿਚ ਖੇਡੇ। ਪਰ ਇਥੇ ਵੀ ਤੌਰ ਤਰੀਕੇ ਪਹਿਲਾਂ ਵਾਲੇ ਹੀ ਰਹਿੰਦੇ ਹਨ ਤੇ ਲੱਖ ਕੋਸ਼ਿਸ਼ਾਂ ਕਰ ਕੇ ਵੀ ਆਪਣੇ ਪੁੱਤਰ ਨੂੰ ਰਾਸ਼ਟਰੀ ਟੀਮ ਵਿਚ ਸਥਾਨ ਨਹੀਂ ਦਿਵਾ ਸਕਦਾ। ਇੰਜ ਇਹ ਕਹਾਣੀ ਸਾਡੇ ਖੇਡ ਜਗਤ ਵਿਚ ਥਾਂ-ਥਾਂ ਤੇ ਹੁੰਦੀ ਬੇਈਮਾਨੀ

ਤੇ ਅਧਿਕਾਰੀਆਂ ਦੀਆਂ ਲੂੰਬੜ ਚਾਲਾਂ ਦਾ ਨੰਗ ਦਿਖਾਉਂਦੀ ਹੈ ਜਿਸ ਕਾਰਨ ਹੋਣਹਾਰ ਖਿਡਾਰੀ ਪਿੱਛੇ ਰਹਿ ਜਾਂਦੇ ਹਨ। ਇਸ ਕਹਾਣੀ ਦੀ ਕਥਾ ਸ਼ੈਲੀ ਦੀ ਖ਼ੂਬਸੂਰਤੀ ਇਹ ਹੈ ਕਿ ਲੇਖਕ ਫੁੱਟਬਾਲ ਦੇ ਮੈਚਾਂ ਨੂੰ ਆਪਣੀ ਸ਼ਿਲਪ ਕਲਾ ਨਾਲ ਅੱਖੀਂ ਡਿੱਠੇ ਹਾਲ ਵਾਂਗੂੰ ਦਿਖਾ ਦਿੰਦਾ ਹੈ। ਕਿਹੜਾ ਖਿਡਾਰੀ ਕਿਸ ਪੁਜੀਸ਼ਨ ਤੇ ਕਿਵੇਂ ਖੇਡ ਰਿਹਾ ਹੈ ਤੇ ਦੂਜਾ ਕਿਵੇਂ ਉਸਦਾ ਪਿੱਛਾ ਕਰਕੇ ਚੁਸਤੀ ਫੁਰਤੀ ਤੇ ਖੇਡ ਕੌਸ਼ਲਤਾ ਦੇ ਨਾਲ ਅੱਗੇ ਵੱਧਦਾ ਹੈ ਇਹ ਦ੍ਰਿਸ਼ ਉਸਦੀ ਕਥਾ ਸ਼ੈਲੀ ਵਿਚ ਸਜੀਵ ਬਣ ਜਾਂਦਾ ਹੈ।

ਬਹੁ-ਪਰਤੀ ਅਤੇ ਮਨੋਵਿਗਿਆਨਕ ਛੋਹਾਂ ਵਾਲੇ ਬਿਰਤਾਂਤ ਨੂੰ ਪੇਸ਼ ਕਰਦੀ ਕਹਾਣੀ **'ਰੰਗਾਂ ਦੀ ਸਾਂਝ @ ਸਮਾਜ ਵਿਗਿਆਨ'** ਹੈ। ਇਹ ਕਹਾਣੀ ਨਵੇਂ ਧਰਾਤਲ ਤੇ ਉਸਰੀ ਪੰਜਾਬੀ ਕਥਾ ਜਗਤ ਵਿਚ ਅਸਲੋਂ ਵੱਖਰੀ ਕਹਾਣੀ ਹੈ। ਇਸ ਕਹਾਣੀ ਦਾ ਕਥਾ ਵਸਤੂ ਪਤੀ ਪਤਨੀ ਰਿਸ਼ਤੇ ਵਿਚ ਬੱਝੇ ਦੋ ਪ੍ਰਾਧਿਆਪਕਾਂ ਦੀ ਪ੍ਰੋਫੈਸ਼ਨਲ ਜ਼ਿੰਦਗੀ ਵਿਚੋਂ ਉਭਰਦੀ ਹੈ। ਨਰਿੰਦਰ ਨਾਗ ਫਾਈਨ ਆਰਟ ਦਾ ਪ੍ਰੋਫੈਸਰ ਹੈ ਜਿਸ ਦੀ ਆਪਣੇ ਆਰਟ ਵਿਚ ਪ੍ਰਸਿੱਧੀ ਹੈ। ਉਸਦੇ ਆਰਟ ਵਰਕ ਦਾ ਆਧਾਰ ਉਸਦੀ ਆਪਣੀ ਤੇ ਆਪਣੇ ਲੋਕਾਂ ਦੀ ਜ਼ਿੰਦਗੀ ਹੈ। ਉਸਦੀ ਸ਼ਾਗਿਰਦ ਪੂਜਾ ਇਸ ਖੇਤਰ ਵਿਚ ਚੰਗੀ ਮੁਹਾਰਤ ਰੱਖਣ ਵਾਲੀ ਖੋਜਾਰਥਣ ਹੈ ਜੋ ਨਰਿੰਦਰ ਨਾਗ ਤੋਂ ਗੁਰ-ਗਿਆਨ ਲੈ ਕੇ ਅੱਗੇ ਵਧਣਾ ਚਾਹੁੰਦੀ ਹੈ। ਸਿੱਖਣ ਜਾਨਣ ਦੀਆਂ ਇਹ ਮਿਲਣੀਆਂ ਪਿਆਰ ਦੇ ਰਿਸ਼ਤੇ ਤੋਂ ਤੁਰਦੀਆਂ ਪ੍ਰੇਮ ਵਿਆਹ ਤੱਕ ਪਹੁੰਚ ਜਾਂਦੀਆਂ ਹਨ। ਪਰ ਇਹ ਵਿਆਹ ਸਮਾਜ ਤੇ ਘਰਦਿਆਂ ਦੀ ਇੱਛਾ ਦੇ ਵਿਰੁੱਧ ਹੈ ਕਿਉਂ ਜੋ ਨਰਿੰਦਰ ਨਾਗ ਨਿਮਨ ਜਾਤੀ ਨਾਲ ਸਬੰਧਤ ਹੈ ਤੇ ਪੂਜਾ ਸਵਰਨ ਜਾਤੀ ਨਾਲ। ਇਹ ਵਿਆਹ ਹੌਲੀ-ਹੌਲੀ ਘਰਦਿਆਂ ਦੀ ਪ੍ਰਵਾਨਗੀ ਪ੍ਰਾਪਤ ਕਰ ਲੈਂਦਾ ਹੈ। ਪੂਜਾ ਦਾ ਆਰਟ ਵਰਕ ਆਪਣੇ ਧਰਮ ਸੰਸਕਾਰਾਂ ਦੇ ਇਰਦ ਗਿਰਦ ਰਹਿੰਦਾ ਹੈ। ਉਸ ਕੋਲ ਰੰਗਾਂ ਦੀ ਆਪਣੀ ਵਿਆਕਰਨ ਹੈ ਤੇ ਨਰਿੰਦਰ ਨਾਗ ਕੋਲ ਆਪਣੀ ਜਿਸ ਵਿਚ ਗੂੜ੍ਹੇ ਕਾਲੇ ਰੰਗਾਂ ਦੀ ਬਹੁਤਾਤ ਹੈ। ਪੂਜਾ ਉਸਦੇ ਰੰਗਾਂ ਤੇ ਆਕਾਰਾਂ ਤੋਂ ਅਣਜਾਣ ਹੈ ਉਹ ਕਹਿੰਦੀ ਹੈ, ਸਰ ਤੁਸੀਂ ਕਲਰ ਬਹੁਤ ਡਾਰਕ ਵਰਤੇ ਨੇ। ਮਸਲਨ ਕਾਲੇ, ਲਾਲ,ਕਿਤੇ-ਕਿਤੇ ਭੂਰਾ ਜਿਹਾ... ਟਾਇਟਲ 'ਟਰੈਜਡੀ" ਦੇ ਕੇ ਤੁਸੀਂ ਪੇਂਟਿੰਗ ਨੂੰ ਅਰਥਵਾਨ ਬਣਾ ਦਿੱਤਾ ਏ। ਕੁਝ ਚਿਹਰੇ ਨੇ ਜਾਂ ਕਹਿ ਲਵੋ ਪੂਰੇ ਮਨੁੱਖੀ ਸਰੀਰ ਜਿਨ੍ਹਾਂ ਦੇ ਪੈਰ ਨੰਗੇ ਨੇ ਇਹ ਕਿੱਧਰ ਨੂੰ ਜਾ ਰਹੇ ਨੇ?...ਹਨੇਰੇ ਤੋਂ ਰੌਸ਼ਨੀ ਵੱਲ ਨੂੰ ਪੈਰਾਂ ਚ ਸੰਗਲ ਨੇ ਜੰਜ਼ੀਰਾਂ ਨੇ ਉਨ੍ਹਾਂ ਦੇ ਬਦਨ ਤੇ ਕੱਪੜੇ ਵੀ ਨਾ ਮਾਤਰ ਨੇ, ਬੇਤਰਤੀਬੇ ਵਾਲ਼ ਨੇ, ਕੁਝ ਸਰੀਰ ਝੁਕੇ ਹੋਏ ਨੇ..ਇਕ ਦੀ ਗਰਦਨ ਚ ਕੋਈ ਰੱਸੀ ਬੰਨ੍ਹਿਆ ਭਾਂਡਾ ਲਟਕਦਾ ਏ ਜਿਸ ਰਸਤੇ ਉਹ ਤੁਰੇ ਜਾ ਰਹੇ ਨੇ ਉਸ ਰਸਤੇ ਦੀ ਇਕ ਨੁੱਕਰੇ ਕੁਝ ਮਨੁੱਖੀ ਪਿੰਜਰ ਨੇ। ਇਥੇ ਬਲੈਕ ਕਲਰ ਏ ਉੱਪਰ ਰੈੱਡ ਕਲਰ ਏ..ਨੁੱਕਰ ਤੇ ਇਕ ਅੱਧਿਓਂ ਵੀ ਅੱਧਾ ਮਨੁੱਖੀ ਆਕਰ ਏ..'ਇੰਜ ਪੂਜਾ ਨਰਿੰਦਰ ਦੇ ਆਰਟ ਵਰਕ ਨੂੰ ਜਾਨਣ ਦੀ ਕੋਸ਼ਿਸ਼ ਕਰਦੀ ਹੈ ਪਰ ਹਾਲੇ ਉਸਨੂੰ ਕੁਝ ਸਮਝ ਨਹੀਂ ਲੱਗਦੀ। ਦੂਜੇ ਪਾਸੇ ਪੂਜਾ ਆਪਣੀ ਪੇਂਟਿੰਗ ਵਿਚ ਹਿੰਦੂ ਧਰਮ ਸੰਸਕਾਰਾਂ ਤੇ ਆਧਾਰਿਤ 'ਪੂਜਾ ਸੀਰੀਜ਼' ਤੇ ਕੰਮ ਕਰਦੀ ਹੈ। ਹੌਲੀ-ਹੌਲੀ ਉਸਦੀਆਂ ਤਸਵੀਰਾਂ ਦੀ ਮੰਗ ਵਧਣ ਲੱਗਦੀ ਹੈ। ਆਰਟ ਦੇ ਅਦਾਰੇ ਉਸ ਨੂੰ ਆਪਣੇ ਪ੍ਰਸ਼ਾਸ਼ਨਿਕ ਅਹੁਦਿਆਂ ਤੇ ਲੈਣ ਲੱਗਦੇ ਹਨ। ਇਥੇ ਆਕੇ ਪੂਜਾ ਦੇ ਮਨ ਵਿਚ ਆਪਣੇ ਆਰਟ ਦੀ ਕੀਮਤ ਤੇ

ਆਪਣੇ ਪਤੀ ਦੇ ਆਰਟ ਦੀ ਕੀਮਤ ਵਰਗੇ ਸਵਾਲ ਖੜ੍ਹੇ ਹੋਣ ਲੱਗਦੇ ਹਨ। ਕਥਾ ਟਰਨਿੰਗ ਪੁਆਇੰਟ ਉਦੋਂ ਲੈਂਦੀ ਹੈ ਜਦੋਂ ਨਰਿੰਦਰ ਨਾਗ ਦੀ ਜਾਣਕਾਰ ਪ੍ਰੋ.ਕਿਰਨ ਉਸਦੇ ਘਰ ਕਿਸੇ ਪੇਂਟਿੰਗ ਸੈਮੀਨਾਰ ਲਈ ਉਸਦੇ ਘਰ ਕੁਝ ਦਿਨ ਰੁਕਣ ਵਾਸਤੇ ਆਉਂਦੀ ਹੈ। ਪੇਂਟਿੰਗ ਵਿਚ ਨਰਿੰਦਰ ਤੇ ਕਿਰਨ ਦੀ ਆਪਣੀ ਸਾਂਝ ਹੈ ਕਿਉਂਕਿ ਕਿਰਨ ਆਦਿਵਾਸੀ ਲੋਕਾਂ ਤੇ ਕੰਮ ਕਰਦੀ ਹੈ। ਦਲਿਤ ਤੇ ਆਦਿਵਾਸੀ ਜ਼ਿੰਦਗੀ ਦੇ ਤਜ਼ਰਬੇ ਵਿਚੋਂ ਆਏ ਆਰਟ ਵਰਕ ਉਤੇ ਉਹ ਬੌਧਿਕ ਵਿਚਾਰਾਂ ਵਿਚ ਲੱਗੇ ਰਹਿੰਦੇ ਹਨ ਜਿਸਨੂੰ ਲੈ ਕੇ ਪੂਜਾ ਬੇਚੈਨ ਰਹਿਣ ਲੱਗਦੀ ਹੈ। ਪੂਜਾ ਨੂੰ ਉਨ੍ਹਾਂ ਦੀ ਇਹ ਸਾਂਝ ਤੇ ਅਪਣੱਤ ਏਨਾ ਬੇਚੈਨ ਕਰ ਦਿੰਦੀ ਹੈ ਕਿ ਉਹ ਡਿਪਰੈਸ਼ਨ ਦਾ ਸ਼ਿਕਾਰ ਹੋ ਕੇ ਅਜਬ ਹਰਕਤਾਂ ਕਰਨ ਲੱਗ ਜਾਂਦੀ ਹੈ। ਰੰਗਾਂ ਦੀ ਸਾਂਝ ਦੀ ਦੁਹਾਈ ਪਾਉਂਦਾ ਨਰਿੰਦਰ ਉਸਨੂੰ ਸੰਭਾਲਣ ਦਾ ਯਤਨ ਕਰਦਾ ਹੈ। ਇੰਜ ਇਹ ਕਹਾਣੀ ਵੱਡੇ ਸਵਾਲਾਂ ਨੂੰ ਮੁਖਾਤਿਬ ਹੁੰਦੀ ਹੋਈ ਵੱਡੇ ਕੈਨਵਸ ਤੇ ਫੈਲੀ ਹੋਈ ਹੈ। ਇਥੇ ਕੁਝ ਕੁ ਸਵਾਲਾਂ ਨੂੰ ਜਾਨਣਾ-ਸਮਝਣਾ ਬਣਦਾ ਹੈ। ਪਹਿਲਾ:ਕੀ ਰੰਗਾਂ ਦੀ ਸਾਂਝ ਪੈ ਸਕਦੀ ਹੈ? ਕੀ ਇਸ ਵਿਚ ਸਮਾਜਿਕ ਪਰਿਵੇਸ਼ ਕੋਈ ਅੜਿਕੇ ਤਾਂ ਨਹੀਂ ਖੜ੍ਹੇ ਕਰਦਾ? ਵਿਰੋਧ ਦੀ ਸੂਰਤ ਵਿਚ ਕੀ ਇਸ ਦਾ ਕੋਈ ਸਮਾਧਾਨ ਨਜ਼ਰ ਆਉਂਦਾ ਹੈ? ਇਸ ਕਹਾਣੀ ਦਾ ਬਿਰਤਾਂਤਕ ਆਗਾਜ਼ ਹੀ ਰੰਗਾਂ ਦੀ ਸਾਂਝ ਪਾਉਣ ਨਾਲ ਹੁੰਦਾ ਹੈ। ਕਹਾਣੀਕਾਰ ਨੇ ਬਹੁਤ ਖੂਬਸੂਰਤੀ ਨਾਲ ਦੋ ਧਰਾਤਲਾਂ ਤੇ ਖੜ੍ਹੇ ਪਾਤਰਾਂ ਨੂੰ ਰੰਗਾਂ ਦੀ ਸਮਝ ਵਿਚੋਂ ਨੇੜੇ ਲਿਆਂਦਾ ਹੈ। ਨਰਿੰਦਰ ਨੂੰ ਪਤਾ ਹੈ ਕਿ ਪੂਜਾ ਇਕ ਉਚ ਬ੍ਰਾਹਮਣ ਪਰਿਵਾਰ ਵਿਚੋਂ ਹੈ ਤੇ ਉਸਦਾ ਆਰਟ ਵਰਕ ਉਸਦੇ ਧਾਰਮਿਕ ਸੰਸਕਾਰਾਂ ਵਿਚੋਂ ਹੀ ਉਭਰਦਾ ਹੈ ਜੋ ਕਿ ਇਕ ਸਹਿਜ ਵਰਤਾਰਾ ਹੈ। ਕਲਾ ਦੀ ਸਿਰਜਣਾ ਵਿਚ ਸਿਰਜਕ ਦੇ ਚੇਤ-ਅਚੇਤ ਦਾ ਬਹੁਤ ਗੂੜ੍ਹਾ ਅਸਰ ਹੁੰਦਾ ਹੈ। ਇਸ ਕਰਕੇ ਨਰਿੰਦਰ ਉਸਦੇ ਸਿਰਜਣਾ ਸੰਸਾਰ ਨੂੰ ਕਿਸੇ ਓਪਰੇ ਪ੍ਰਭਾਵ ਤੋਂ ਮੁਕਤ,ਫੈਲਦੇ ਦੇਖਣਾ ਚਾਹੁੰਦਾ ਹੈ। ਉਸਨੂੰ ਇਸ ਗੱਲ ਦਾ ਵੀ ਪਤਾ ਹੈ ਕਿ ਉਨ੍ਹਾਂ ਦੇ ਰਿਸ਼ਤੇ ਨੂੰ ਪੂਜਾ ਦੇ ਘਰਵਾਲੇ ਮਨਜ਼ੂਰ ਨਹੀਂ ਕਰਨਗੇ ਪਰ ਫਿਰ ਵੀ ਇਥੇ ਪਿਆਰ ਜਿੱਤਦਾ ਹੈ ਤੇ ਹੌਲੀ ਹੌਲੀ ਪਰਿਵਾਰ ਦੀ ਸਵੀਕ੍ਰਿਤੀ ਰੰਗਾਂ ਦੀ ਸਾਂਝ ਨੂੰ ਮਜਬੂਤ ਕਰ ਦਿੰਦੀ ਹੈ। ਪਰੰਤੂ ਲੇਖਕ ਨੇ ਬਹੁਤ ਸੂਖ਼ਮ ਤੇ ਸੁਚੇਤ ਢੰਗ ਨਾਲ ਇਸ ਕਹਾਣੀ ਦੇ ਸਿਰਲੇਖ ਨੂੰ ਰੰਗਾਂ ਦੀ ਸਾਂਝ @ ਸਮਾਜ ਵਿਗਿਆਨ ਬਣਾ ਦਿੱਤਾ ਹੈ। ਇਹ ਭਾਰਤੀ ਸਮਾਜ ਵਿਗਿਆਨ ਵਿਅਕਤੀ ਦੇ ਮਨ ਵਿਚ ਏਨਾ ਗਹਿਰਾ ਅਸਰ ਕਰ ਚੁੱਕਾ ਹੈ ਕਿ ਇਹ ਵਿਰੋਧ ਦੇ ਥੋੜੀ ਜਿੰਨੀ ਗੁੰਜਾਇਸ਼ ਦੀ ਸੂਰਤ ਵਿਚ ਵਿਸਫੋਟਕ ਹੋ ਸਕਦਾ ਹੈ। ਲੇਖਕ ਪੂਜਾ ਦੇ ਕਰੈਕਟਰ ਨੂੰ ਸਿਰਜਦਿਆਂ ਇਸੇ ਨੁਕਤੇ ਤੇ ਕੇਂਦਰਿਤ ਕਰਦਾ ਹੈ ਕਿ ਸਭ ਕੁਝ ਠੀਕ ਠਾਕ ਚਲਦੇ ਹੋਏ ਵੀ ਪੂਜਾ ਕਿਤੇ ਨਾ ਕਿਤੇ ਆਪਣੇ ਸੰਸਕਾਰਾਂ ਦੀ ਉੱਚਤਾ ਨੂੰ ਆਪਣੇ ਪਤੀ ਤੇ ਉਸਦੀ ਦੋਸਤ ਦੀ ਸੰਗਤੀ ਵਿਚ ਨੀਵਾਂ ਨਹੀਂ ਹੋਣ ਦੇਣਾ ਚਾਹੁੰਦੀ। ਉਹ ਆਪਣੇ ਘਰ ਵਿਚ ਆਪਣੇ ਉੱਚ ਕੁਲ ਦੇ ਸਵੈ ਨੂੰ ਕਿਸੇ ਵੀ ਸੂਰਤ ਵਿਚ ਆਦਿ ਵਾਸੀਆਂ ਤੇ ਦਲਿਤ ਲੋਕਾਂ ਦੇ ਆਰਟ ਵਰਕ ਦੇ ਪ੍ਰਦਰਸ਼ਨ ਨਾਲ ਕਲੰਕਿਤ ਨਹੀਂ ਹੋਣ ਦੇਣਾ ਚਾਹੁੰਦੀ। ਇੰਜ ਲੇਖਕ ਉਨ੍ਹਾਂ ਮਨੋ ਗੰਢਾਂ ਨੂੰ ਫੜ ਕੇ ਕਥਾ ਸ਼ਿਲਪ ਵਿਚ ਲੈ ਆਉਂਦਾ ਹੈ ਜੋ ਸ਼ਾਇਦ ਸਾਡੀ ਉਚ ਵਿਦਿਆ ਜਾਂ ਗਿਆਨ ਦੀ ਰੌਸ਼ਨੀ ਵੀ ਨਸ਼ਟ ਨਹੀਂ ਕਰ ਸਕੀ। ਇਸ ਕਰਕੇ ਇਹ ਕਹਾਣੀ ਜਾਤੀ ਸੰਸਕਾਰਾਂ ਦੇ ਤਾਣੇ ਬਾਣੇ ਨੂੰ ਨਵੇਂ

ਜਾਵੀਏ ਤੋਂ ਸਾਹਮਣੇ ਲਿਆਉਣ ਵਾਲੀ ਬਾਕਮਾਲ ਕਹਾਣੀ ਹੈ।

**‘ਪਰਛਾਵਿਆਂ ਦੇ ਆਰ ਪਾਰ’** ਨਵੇ ਪਸਾਰਾਂ ਵਾਲੀ ਤੇ ਨਾਰੀ ਦੀਆਂ ਅੰਦਰੂਨੀ ਪਰਤਾਂ ਨੂੰ ਉਭਾਰਨ ਵਾਲੀ ਕਹਾਣੀ ਹੈ। ਇਹ ਕਹਾਣੀ ਸਾਡੇ ਸਮਾਜ ਵਿਚ ਨਿਮਨ ਵਰਗ ਦੇ ਪਰਿਵਾਰਾਂ ਵਿਚ ਲੜਕੀਆਂ ਦੇ ਸਮਾਜਿਕ ਤ੍ਰਿਸਕਾਰ ਤੇ ਸ਼ੋਸ਼ਣ ਨੂੰ ਲੈ ਕੇ ਅੱਗੇ ਤੁਰਦੀ ਹੈ। ਇਹ ਤ੍ਰਿਸਕਾਰ ਸਾਧਨਹੀਣ ਮਨੁੱਖ ਦੀ ਸੋਚਣੀ ਦਾ ਸੁਭਾਵਿਕ ਵਰਤਾਰਾ ਹੈ ਜਿਥੇ ਉਹ ਲੜਕੀ ਨੂੰ ਭਾਰ ਸਮਝਦਾ ਹੋਇਆ ਛੇਤੀ ਤੋਂ ਛੇਤੀ ਵਿਆਹ ਕੇ ਆਪਣਾ ਸਮਾਜਿਕ ਤੇ ਮਾਨਸਿਕ ਬੋਝ ਹਲਕਾ ਕਰਨਾ ਚਾਹੁੰਦਾ ਹੈ। ਇਸ ਵਿਚ ਲੜਕੀ ਦੀ ਇੱਛਾ ਤੇ ਉਸਦੇ ਸੁਪਨਿਆਂ ਨੂੰ ਕੋਈ ਸਪੇਸ ਨਹੀਂ ਮਿਲਦੀ। ਖਾਸ ਤੌਰ ਤੇ ਬਾਪ ਦੀ ਤਰਜੀਹ ਚਾਰ ਪੈਸੇ ਕਮਾਉਣ ਵਾਲੇ ਬੰਦੇ ਦੇ ਨਾਲ ਆਪਣੀ ਧੀ ਨੂੰ ਤੋਰਨਾ ਹੁੰਦਾ ਹੈ ਤਾਂ ਜੋ ਉਹ ਘੱਟ ਤੋਂ ਘੱਟ ਆਪਣਾ ਜੀਵਨ ਨਿਰਬਾਹ ਤਾਂ ਕਰ ਸਕਦੀ ਹੋਵੇ। ਇਸ ਕਹਾਣੀ ਦੀ ਪਾਤਰ ਸੁਮਨਜੀਤ ਨਾਲ ਅਜਿਹਾ ਹੀ ਵਾਪਰਦਾ ਦਿਖਾਇਆ ਗਿਆ ਹੈ। ਉਸਦਾ ਘਰਵਾਲਾ ਰਾਜ ਮਿਸਤਰੀ ਹੈ ਜੋ ਸਵੇਰੇ ਕੰਮ ਤੇ ਨਿਕਲ ਜਾਂਦਾ ਹੈ ਤੇ ਸੁਮਨਜੀਤ ਆਪਣੀਆਂ ਯਾਦਾਂ ਤੇ ਸੁਪਨਿਆਂ ਨੂੰ ਗੀਤਾਂ ਦੇ ਰੂਪ ਵਿਚ ਲਿਖਣ ਲੱਗ ਜਾਂਦੀ ਹੈ। ਇਥੋਂ ਕਥਾ ਬਿਰਤਾਂਤ ਵਿਚ ਅਗਲਾ ਮੋੜ ਆਉਂਦਾ ਹੈ ਜਿਥੇ ਅੱਜ ਦਾ ਸ਼ੋਸ਼ਲ ਪਲੇਟਫਾਰਮ ਉਸ ਨੂੰ ਘਰ ਦੀ ਚਾਰਦਿਵਾਰੀ ਤੋਂ ਕੱਢ ਕੇ ਬਾਹਰਲੇ ਜਗਤ ਵਿਚ ਲੈ ਤੁਰਦਾ ਹੈ। ਕਥਾਨਕ ਦੀ ਤੋਰ ਨੂੰ ਸੁਭਾਵਿਕ ਬਣਾਉਣ ਲਈ ਲੇਖਕ ਇਸ ਮੁੱਦੇ ਤੇ ਉਸਦੇ ਘਰਵਾਲੇ ਨਾਲ ਟਕਰਾਅ, ਘਰ ਦੇ ਆਸ-ਪਾਸ ਦੇ ਵਿਅਕਤੀਆਂ ਨਾਲ ਮੇਲ ਜੋਲ, ਸ਼ੋਸ਼ਲ ਮੀਡੀਏ ਰਾਹੀਂ ਪ੍ਰੋਫੈਸ਼ਨਲ ਬੰਦਿਆਂ ਨਾਲ ਮਿਲਣੀਆਂ ਆਦਿ ਘਟਨਾਵਾਂ ਨੂੰ ਸਿਰਜਿਆ ਗਿਆ ਹੈ। ਕਹਾਣੀ ਨੂੰ ਉਸਦੇ ਸ਼ਿਖਰ ਤੇ ਲਿਜਾਣ ਲਈ ਲੇਖਕ ਸੁਮਨਜੀਤ ਨੂੰ ਪ੍ਰੋਫੈਸ਼ਨਲ ਬੰਦੇ ਵਾਗੂੰ ਵਿਵਹਾਰ ਕਰਨ ਦੇ ਰਾਹ ਤੋਰਦਾ ਹੈ। ਇਥੇ ਲੇਖਕ ਨਵੇਂ ਯੁੱਗ ਜਾਂ ਸਮਕਾਲ ਵਿਚ ਉਸ ਮਿੱਥ ਨੂੰ ਵੀ ਤੋੜਨਾ ਚਾਹੁੰਦਾ ਹੈ ਜਿਸ ਵਿਚ ਸਮਝਿਆ ਜਾਂਦਾ ਹੈ ਕਿ ਮਰਦ ਕੋਲ ਮਰਦਾਨਗੀ, ਪੈਸਾ ਤੇ ਪ੍ਰੋਫੈਸ਼ਨਲ ਤਾਕਤ ਹੈ ਜਿਸ ਦੇ ਬਲਬੂਤੇ ਉਹ ਕਿਸੇ ਵੀ ਔਰਤ ਨੂੰ ਸਹਿਜੇ ਹੀ ਆਪਣਾ ਸ਼ਿਕਾਰ ਬਣਾ ਸਕਦਾ ਹੈ। ਕਹਾਣੀਕਾਰ ਆਪਣੀ ਪਾਤਰ ਸੁਮਨਜੀਤ ਨੂੰ ਜ਼ਿੰਦਗੀ ਦੇ ਕਾਲੇ ਪਰਛਾਵਿਆਂ ਤੋਂ ਪਾਰ ਲੈ ਕੇ ਜਾਣਾ ਚਾਹੁੰਦਾ ਹੈ ਜਿਥੇ ਉਸ ਦੀ ਕਲਾ ਦਾ ਮੁੱਲ ਪਵੇ ਤੇ ਉਹ ਆਪਣੀ ਆਜ਼ਾਦ ਹੈਸੀਅਤ ਨੂੰ ਖੁੱਲ੍ਹ ਕੇ ਮਾਣ ਸਕੇ। ਇੰਜ ਇਹ ਕਹਾਣੀ ਸਮਕਾਲ ਵਿਚ ਕਲਾ ਕੌਸ਼ਲਤਾ ਦੇ ਸਿਰ ਤੇ ਕਾਮਯਾਬ ਹੋਣ ਦੇ ਸਪੇਸ ਨੂੰ ਦਿਖਾਉਂਦੀ ਹੈ। ਇਸ ਸਪੇਸ ਲਈ ਅਖੌਤੀ ਸਮਾਜਿਕ ਮਰਿਆਦਾ ਨੂੰ ਦਰਕਿਨਾਰ ਕਰਨਾ ਪੈਂਦਾ ਹੈ। ਸਮਕਾਲ ਇਨ੍ਹਾਂ ਸਭ ਰਵਾਇਤਾਂ ਦਾ ਭੰਜਨ ਚਾਹੁੰਦਾ ਹੈ। ਇਸੇ ਕਰਕੇ ਉਸਨੂੰ ਜੈਕ ਆਖਦਾ ਹੈ: ‘ਇਹ ਕੀ ਨਾਂ ਹੋਇਆ ਭਲਾ ਰਮਨਜੀਤ ਜੀਤੋ ਹੁਣ ਤੂੰ ਆਪਣਾ ਨਾਂ ਵੀ ਮਾਡਲ ਕੁੜੀਆਂ ਵਾਲਾ ਰੱਖ ਲੈ ਹੁਣ ਤੂੰ ਹਰਮਨ ਬਣ ਜਾਣਾ ਏਂ। ਅੱਜ ਤੋਂ ਤੇਰਾ ਸਭ ਕੁਝ ਬਦਲ ਦੇਣਾ। ਇਸ ਫੀਲਡ ਵਿਚ ਆ ਕੇ ਬੰਦੇ ਨੂੰ ਆਪਣਾ ਗਲਿਆ-ਸੜਿਆ ਅਤੀਤ ਲਾਹ ਕੇ ਆਉਣਾ ਪੈਂਦਾ। ਤੂੰ ਸਮਝ ਲੈ ਪੁਰਾਣੇ ਬੰਦੇ ਨੂੰ ਮਾਰ ਕੇ ਪੁਨਰ-ਸੁਰਜੀਤ ਹੋਣਾ ਪੈਂਦਾ।’ ਇੰਜ ਕਹਾਣੀਕਾਰ ਔਰਤ ਦੀ ਸੁਤੰਤਰਤਾ ਦੇ ਮਾਮਲੇ ਨੂੰ ਲੈ ਕੇ ਸਮਾਜਿਕ ਮਰਿਆਦਾ ਤੇ ਅਤੀਤ ਦੇ ਅਖੌਤੀ ਮਾਣ ਸਨਮਾਨ ਨੂੰ ਅੜਿਕਾ ਨਹੀਂ ਬਣਨ ਦੇਣਾ

ਚਾਹੁੰਦਾ। ਕਿਉਂਕਿ ਨਵਾਂ ਸੰਸਾਰ ਔਰਤ ਨੂੰ ਘਰ ਦੀ ਵਲਗਣ ਵਿਚ ਰੱਖਣ ਦਾ ਹਮਾਇਤੀ ਨਹੀਂ ਹੈ। ਉਸ ਲਈ ਔਰਤ ਦਾ ਹੁਸਨ ਤੇ ਉਸਦੀ ਪ੍ਰਤਿਭਾ ਵੱਡਾ ਖਜ਼ਾਨਾ ਹਨ। ਮਰਦ ਇਸ ਖਜ਼ਾਨੇ ਨੂੰ ਆਪਣੀ ਮਰਜ਼ੀ ਨਾਲ ਵਰਤਣ ਦਾ ਆਦੀ ਹੈ ਪਰ ਸਮਕਾਲ ਵਿਚ ਮਰਦ ਦੀ ਇਹ ਸਰਦਾਰੀ ਟੁੱਟ ਰਹੀ ਹੈ। ਇਸੇ ਕਰਕੇ ਕਥਾ ਬਿਰਤਾਂਤ ਵਿਚ ਸੁਮਨ ਹੁਣ ਆਪਣੀ ਪ੍ਰਤਿਭਾ ਦਾ ਮੁੱਲ ਪ੍ਰਾਪਤ ਕਰਨ ਲਈ ਜੈਕ ਦੀ ਮਰਜ਼ੀ ਦੇ ਵਿਰੁੱਧ ਖ਼ੁਦਮੁਖਤਾਰ ਹੋ ਕੇ ਤੁਰਨਾ ਚਾਹੁੰਦੀ ਹੈ। ਇੰਜ ਕਹਾਣੀਕਾਰ ਸਮਕਾਲ ਵਿਚ ਘਰ ਤੇ ਬਾਜ਼ਾਰ ਦੀ ਮਰਿਆਦਾ ਵਿਚ ਔਰਤ ਨੂੰ ਇਕ ਨਵੀਂ ਸਪੇਸ ਪ੍ਰਦਾਨ ਕਰਨ ਵਾਲੇ ਕਥਾ ਬਿਰਤਾਂਤ ਨੂੰ ਸਾਹਮਣੇ ਲਿਆਉਂਦਾ ਹੈ।

**'ਮੁੱਠੀ ਵਿਚੋਂ ਕਿਰਦੀ ਰੇਤ'** ਪਾਠਕ ਦੀ ਸੰਵੇਦਨਾ ਨੂੰ ਸੁੰਨ ਕਰਨ ਵਾਲੀ ਕਹਾਣੀ ਹੈ। ਇਹ ਕਹਾਣੀ ਸਮਕਾਲ ਵਿਚ ਰਿਸ਼ਤਿਆਂ ਵਿਚ ਪੈਦਾ ਹੋ ਰਹੀ ਅਸੰਵੇਦਨਸ਼ੀਲਤਾ ਤੇ ਇਖਲਾਕ ਦੀ ਨਿੱਘਰਦੀ ਜਾ ਰਹੀ ਸਥਿਤੀ ਦੀ ਇਕ ਦਿਲਵਿੰਨਵੀਂ ਕਥਾ ਹੈ। ਇਸ ਕਥਾ ਬਿਰਤਾਂਤ ਦੇ ਕੇਂਦਰ ਵਿਚ ਰਿਸ਼ਤਿਆਂ ਦੇ ਨਿੱਘ ਨੂੰ ਲੋਚਦੇ ਪੰਜਾਬੀ ਮਾਂ ਪਿਓ ਦੀ ਜੀਵਨ ਗਾਥਾ ਹੈ। ਇਸ ਬਦਲੇ ਕੀਤਾ ਉਨ੍ਹਾਂ ਦਾ ਹਰ ਕਿਸਮ ਦਾ ਤਿਆਗ ਵੀ ਸਰਾਪ ਵਿਚ ਬਦਲ ਜਾਂਦਾ ਹੈ। ਮਾਂ ਪਿਓ ਦੀ ਲੋਚਾ ਰਹਿੰਦੀ ਹੈ ਕਿ ਉਹ ਆਪਣੀ ਜਮ੍ਹਾਂ ਪੂੰਜੀ ਬੱਚਿਆਂ ਦੇ ਨਾਂ ਕਰਵਾ ਕੇ ਉਨ੍ਹਾਂ ਨਾਲ ਰਹਿਣ ਦਾ ਸੁਖ ਮਾਣ ਸਕਣ। ਭਾਵੇਂ ਇਹ ਭਾਰਤੀ ਸਮਾਜਿਕ ਸੰਸਕਾਰ ਹਨ ਫਿਰ ਵੀ ਇਹ ਵਡੇਰੇ ਮਾਨਵੀ ਹਿੱਤਾਂ ਦੇ ਅਨੁਕੂਲ ਵੀ ਹਨ। ਇਸੇ ਨੁਕਤੇ ਉਤੇ ਕਹਾਣੀਕਾਰ ਕਥਾ ਦੀ ਉਸਾਰੀ ਕਰਦਾ ਹੈ। ਕਿਵੇਂ ਇਕ ਪੰਜਾਬੀ ਜੋੜਾ ਆਪਣੀ ਇਕਲੌਤੀ ਧੀ ਜੋ ਕੈਨੇਡਾ ਵਿਚ ਪੀ ਆਰ ਹਾਸਲ ਕਰ ਲੈਂਦੀ ਹੈ ਨੂੰ ਸਭ ਕੁਝ ਦੇ ਕੇ ਉਸ ਨਾਲ ਕੈਨੇਡਾ ਜਾ ਵਸਦੇ ਹਨ। ਧੀ ਦੇ ਵਿਆਹ ਦੇ ਨਾਲ ਸੁਖੀ ਜੀਵਨ ਦਾ ਆਨੰਦ ਮਾਣਦਾ ਇਹ ਜੋੜਾ ਉਦੋਂ ਟੁੱਟ ਜਾਂਦਾ ਹੈ ਜਦੋਂ ਉਨ੍ਹਾਂ ਦੇ ਜਵਾਈ ਦੀ ਸੜਕ ਹਾਦਸੇ ਵਿਚ ਮੌਤ ਹੋ ਜਾਂਦੀ ਹੈ। ਧੀ ਨੂੰ ਸਦਮੇਂ ਵਿਚੋਂ ਕੱਢਣ ਲਈ ਦੂਜੇ ਵਿਆਹ ਦਾ ਸਹਾਰਾ ਵੀ ਉਨ੍ਹਾਂ ਨੂੰ ਰਾਸ ਨਹੀਂ ਆਉਂਦਾ ਤੇ ਇਕ ਦਿਨ ਪਿੱਛੇ ਪੋਤੀ ਨੂੰ ਛੱਡ ਕੇ ਉਹ ਵੀ ਤੁਰ ਜਾਂਦੀ ਹੈ। ਇਥੇ ਕਹਾਣੀ ਸ਼ਿਖਰ ਵੱਲ ਵਧਦੀ ਹੈ ਜਦੋਂ ਉਨ੍ਹਾਂ ਦਾ ਜਵਾਈ ਉਨ੍ਹਾਂ ਨੂੰ ਕੋਠੀ ਦੀ ਬੇਸਮੈਂਟ ਵਿਚ ਰਹਿਣ ਲਈ ਮਜਬੂਰ ਕਰ ਦਿੰਦਾ ਹੈ ਕਿਉਂਕਿ ਇਹ ਬੰਦਾ ਉਨ੍ਹਾਂ ਦੀ ਧੀ ਨੂੰ ਮੋਹ ਵੱਸ ਕਰਕੇ ਕੋਠੀ ਆਪਣੇ ਨਾਂ ਕਰਵਾ ਲੈਂਦਾ ਹੈ। ਕਹਾਣੀ ਦਾ ਟਰਨਿੰਗ ਪੁਆਇੰਟ ਉਦੋਂ ਵਾਪਰਦਾ ਹੈ ਜਦੋਂ ਉਨ੍ਹਾਂ ਦੀ ਪੋਤੀ ਜਿਸਨੂੰ ਉਹ ਮੁਸ਼ਕਿਲਾਂ ਨਾਲ ਪਾਲ ਪੋਸ ਕੇ ਵੱਡਾ ਕਰਦੇ ਹਨ ਵੀ ਇਕ ਮੋੜ ਤੇ ਉਨ੍ਹਾਂ ਤੋਂ ਕਿਨਾਰਾ ਕਰਨ ਲੱਗ ਜਾਂਦੀ ਹੈ। ਇਥੇ ਆ ਕੇ ਕਹਾਣੀ ਦਾ ਸਿਰਲੇਖ ਉਜਾਗਰ ਹੋ ਜਾਂਦਾ ਹੈ। ਭਾਵੇਂ ਇਹ ਕਹਾਣੀ ਮੌਕਾ ਮੇਲ ਜਾਂ ਵਿਧਾਤਾ ਦੇ ਵਿਧੀ ਵਿਧਾਨ ਦੇ ਆਸ-ਪਾਸ ਰਹਿੰਦੀ ਹੈ ਪਰ ਫਿਰ ਵੀ ਲੇਖਕ ਸਮਕਾਲੀ ਦੌਰ ਵਿਚ ਰਿਸ਼ਤਿਆਂ ਅੰਦਰ ਸਫ਼ੈਦ ਖ਼ੂਨ ਨੂੰ ਪ੍ਰਵਾਹਿਤ ਕਰਨ ਵਿਚ ਕਾਮਯਾਬ ਹੁੰਦਾ ਹੈ। ਇਹ ਕਹਾਣੀ ਅੰਦਰ ਲੇਖਕ ਲੁਕਵੇਂ ਰੂਪ ਵਿਚ ਇਕ ਸਵਾਲ ਖੜ੍ਹਾ ਕਰਨ ਵਾਲੇ ਪਾਸੇ ਵੀ ਤੁਰਦਾ ਹੈ ਕਿ ਸਮਕਾਲ ਵਿਚ ਰਿਸ਼ਤਿਆਂ ਅੰਦਰਲੇ ਸੱਚ ਨੂੰ ਜਾਣ ਲੈਣਾ ਜ਼ਰੂਰੀ ਹੈ ਜਾਂ ਸਿਰਫ ਮਾਨਵੀ ਵਿਹਾਰ ਤੇ ਅਪਣੱਤ ਦੇ ਸਿਰ ਤੇ ਜੀਵਿਆ ਜਾ ਸਕਦਾ ਹੈ? ਕੀ ਇਸਦਾ ਇਹ ਮਤਲਬ ਇਹ ਤਾਂ ਨਹੀਂ ਕਿ ਸਮਕਾਲ ਵਿਚ ਜੀਣ ਲਈ

ਮਾਨਵੀ ਮੁੱਲਾਂ ਦੀ ਬੁਨਿਆਦ ਤੇ ਜੀਣ ਵਾਲੇ ਮਨੁੱਖ ਦੀ ਇਹੀ ਹੋਣੀ ਹੋਵੇਗੀ? ਇਹ ਵੱਡੇ ਸਵਾਲ ਹਨ ਜਿਨ੍ਹਾਂ ਦੇ ਰੂਬਰੂ ਕਰਦੀ ਇਹ ਕਹਾਣੀ ਮਨੁੱਖੀ ਰਿਸ਼ਤਿਆਂ ਦੇ ਤਾਣੇ-ਬਾਣੇ ਉਤੇ ਵੱਡਾ ਸਵਾਲੀਆ ਚਿੰਨ੍ਹ ਲਾਉਂਦੀ ਹੈ।

**'ਛਣ ਛਣ'** ਇਸ ਕਹਾਣੀ ਸੰਗ੍ਰਹਿ ਦੀ ਅਗਲੀ ਮਹੱਤਵਪੂਰਨ ਕਹਾਣੀ ਹੈ। ਇਹ ਕਹਾਣੀ ਸਮਕਾਲ ਦੇ ਇਕ ਹੋਰ ਵਰਤਾਰੇ ਨੂੰ ਰੂਪਮਾਨ ਕਰਦੀ ਹੈ। ਇਹ ਵਰਤਾਰਾ ਸ਼ੋਸ਼ਲ ਸਾਈਟਸ ਉਤੇ ਪ੍ਰਾਪਤ ਹੋ ਰਹੀ ਭਰਮਾਊ ਸਮੱਗਰੀ ਤੇ ਦੋਸਤੀ ਦੇ ਨੈਟਵਰਕ ਉਤੇ ਉਸਰਦੀ ਹੈ। ਸਮਕਾਲ ਵਿਚ ਸੂਚਨਾ ਸਮੱਗਰੀ ਦੇ ਨਾਲ-ਨਾਲ ਮਨੁੱਖ ਨੂੰ ਭਰਮਾਉਣ ਦਾ ਬਾਜ਼ਾਰ ਪੂਰੀ ਤਰ੍ਹਾਂ ਗਰਮ ਹੈ। ਇਸ ਬਾਜ਼ਾਰ ਦੀ ਗਰਮਾਇਸ਼ ਏਨੀ ਲੁਭਾਵਣੀ ਹੈ ਕਿ ਭੋਲਾ ਮਨ ਸਹਿਜੇ ਹੀ ਇਸਦੀ ਗਰਿਫ਼ਤ ਵਿਚ ਆ ਜਾਂਦਾ ਹੈ। ਇਸ ਵਰਤਾਰੇ ਨੂੰ ਕਥਾ ਬਿਰਤਾਂਤ ਵਿਚ ਪ੍ਰਸਤੁਤ ਕਰਨ ਲਈ ਲੇਖਕ ਦੋ ਅਧਖੜ ਪਾਤਰਾਂ ਦੀ ਚੋਣ ਕਰਦਾ ਹੈ ਜੋ ਔਰਤ ਦੀ ਮੁਹੱਬਤੀ ਛਣ-ਛਣ ਨੂੰ ਤਰਸਦੇ ਉਮਰ ਦੇ ਤੀਜੇ ਪੜਾਅ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਇਸ ਬਿਰਤਾਂਤ ਦੀ ਯਥਾਰਥਕ ਗਤੀ ਨੂੰ ਬਰਕਰਾਰ ਰੱਖਣ ਦੇ ਲਈ ਲੇਖਕ ਮੁੱਖ ਪਾਤਰਾਂ ਨੂੰ ਫ਼ੌਜੀ ਪਰਿਵੇਸ਼ ਵਿਚੋਂ ਲੈਂਦਾ ਹੈ ਜਿਥੇ ਔਰਤ ਦੀ ਛਣ-ਛਣ ਨੂੰ ਸੁਣਨ ਲਈ ਬੰਦਾ ਤਰਸਿਆ ਰਹਿੰਦਾ ਹੈ। ਉਮਰ ਦੇ ਇਸ ਮੁਕਾਮ ਤੇ ਪਹੁੰਚ ਕੇ ਆਪਣੀ ਜੀਵਨ ਸਾਥਣ ਕੋਲੋਂ ਮਨ ਵਿਚ ਵਸੀ ਛਣ ਛਣ ਦੀ ਸਿੱਕ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਇਸੇ ਕਰਕੇ ਸੋਹਣ ਸਨਕੀ ਆਪਣੀ ਪਤਨੀ ਕੌਸ਼ੱਲਿਆ ਦੀ ਡਿੱਗਦੀ ਜਾ ਰਹੀ ਸਿਹਤ ਦਾ ਬਦਲ ਤਲਾਸ਼ ਲੈਂਦਾ ਹੈ। ਉਹ ਹੁਣ ਸ਼ੋਸ਼ਲ ਸਾਈਟਸ ਦੇ ਉਤੇ ਲੀਜ਼ਾ ਨਾਂ ਦੀ ਔਰਤ ਦੀ ਛਣ-ਛਣ ਸੁਣਨ ਲਈ ਵਿਆਕੁਲ ਰਹਿੰਦਾ ਹੈ। ਇਥੇ ਕਹਾਣੀ ਦਾ ਟਰਨਿੰਗ ਪੁਆਂਇਟ ਦਿਖਾਈ ਦਿੰਦਾ ਹੈ। ਹੁਣ ਉਹ ਆਪਣੀ ਖ਼ੂਬਸੂਰਤੀ ਦੀਆਂ ਨਕਲੀ ਤਸਵੀਰਾਂ ਨਹੀਂ ਭੇਜਦੀ। ਇਸ ਦੇ ਬਦਲੇ ਵਿਚ ਸੋਹਣ ਵੀ ਆਪਣੀ ਜਵਾਨ ਦਿੱਖ ਰਾਹੀਂ ਲੀਜ਼ਾ ਨੂੰ ਭਰਮਾਉਣ ਦੀ ਕੋਸ਼ਿਸ਼ ਕਰਦਾ ਹੈ। ਪਰ ਸਥਿਤੀ ਦੀ ਵਿਡੰਬਨਾ ਹੈ ਕਿ ਹੁਣ ਲੀਜ਼ਾ ਆਪਣੇ ਰੱਕਾ ਸ਼ਹਿਰ ਵਿਚ ਹੋ ਰਹੀ ਗੋਲਾਬਾਰੀ ਦੀਆਂ ਤਸਵੀਰਾਂ ਭੇਜਦੀ ਹੈ ਜਿਥੇ ਮਨੁੱਖੀ ਸਰੀਰਾਂ ਦੇ ਤੂੰਬੇ ਉਡਦੇ ਦਿਖਾਈ ਦਿੰਦੇ ਹਨ। ਉਹ ਚਾਹੁੰਦੀ ਹੈ ਕਿ ਸੋਹਣ ਸਨਕੀ ਉਸਨੂੰ ਆਪਣੇ ਮੁਲਕ ਵਿਚ ਠਾਹਰ ਦੇਣ ਦਾ ਉਪਰਾਲਾ ਕਰੇ ਤਾਂ ਜੋ ਉਸਨੂੰ ਜੰਗ ਦੇ ਭਿਆਨਕ ਖ਼ੌਫ਼ ਤੋਂ ਨਿਜਾਤ ਮਿਲ ਸਕੇ। ਲੀਜ਼ਾ ਦੀ ਇਹ ਇੱਛਾ ਉਸਨੂੰ ਸਕਤੇ ਵਿਚ ਪਹੁੰਚਾ ਦਿੰਦੀ ਹੈ। ਕਿਉਂਕਿ ਉਸਨੇ ਆਪਣੇ ਆਪ ਨੂੰ ਨੌਜੁਆਨ ਦਿਖਾ ਕੇ ਹੀ ਤਾਂ ਲੀਜ਼ਾ ਨਾਲ ਦੋਸਤੀ ਪਾਈ ਸੀ। ਇੰਜ ਇਹ ਕਹਾਣੀ ਸਮਕਾਲ ਅੰਦਰ ਸ਼ੋਸ਼ਲ ਨੈਟਵਰਕ ਰਾਹੀਂ ਦੋਸਤੀ ਦੇ ਭਰਮ ਜਾਲ ਦੇ ਵਰਤਾਰੇ ਨੂੰ ਉਭਾਰਦੀ ਹੈ। ਸ਼ੋਸ਼ਲ ਨੈਟਵਰਕ ਦੁਆਰਾ ਪਰੋਸੇ ਜਾ ਰਹੇ ਮਸਨੂਈ ਰਿਸ਼ਤਿਆਂ ਤੇ ਸੁਹੱਪਣ ਦੀ ਚਕਾਚੌਂਧ ਵਿਚ ਮਨੁੱਖ ਹਕੀਕੀ ਰਿਸ਼ਤਿਆਂ ਤੋਂ ਉਕਤਾਉਣ ਲੱਗਦਾ ਹੈ। ਮਨੁੱਖ ਨੂੰ ਹਕੀਕੀ ਰਿਸ਼ਤਿਆਂ ਤੋਂ ਤੇ ਹਕੀਕੀ ਜ਼ਿੰਦਗੀ ਤੋਂ ਹੋੜ ਕੇ ਮਸਨੂਈ ਰਿਸ਼ਤਿਆਂ ਦੀ ਖ਼ਬਤ ਪੈਦਾ ਕਰਨੀ ਸ਼ੋਸ਼ਲ ਮੀਡੀਆ ਦੀ ਮਾਰਕੀਟਿੰਗ ਦਾ ਦਾਅ ਪੇਚ ਹੈ ਜਿਸ ਪ੍ਰਤੀ ਕਥਾ ਤੋਂ ਸੰਕੇਤ ਮਿਲ ਸਕਦਾ ਹੈ। ਪਰ ਕਹਾਣੀਕਾਰ ਦਾ ਮੰਤਵ ਹੋਰ ਹੈ। ਉਹ ਸ਼ੋਸ਼ਲ ਮੀਡੀਏ ਦੀ ਉਸ ਤਾਕਤ ਨੂੰ ਵੀ ਬਲ ਦਿੰਦਾ ਹੈ ਜਿਸ ਵਿਚ ਸਾਮਰਾਜੀ ਤਾਕਤਾਂ ਦੀ ਮਾਰ ਦੇ ਝੰਬੇ ਉਸ ਮਨੁੱਖ ਦਾ ਚਿਤਰ ਵੀ ਦੇਖਿਆ ਜਾ ਸਕਦਾ ਹੈ ਤੇ ਉਸ

ਪ੍ਰਤੀ ਸੰਵੇਦਨਾ ਵਿਅਕਤ ਕਰਨ ਦੀ ਸੰਭਾਵਨਾ ਵੀ ਰਹਿੰਦੀ ਹੈ। ਇਸੇ ਕਰਕੇ ਕਥਾ ਬਿਰਤਾਂਤ ਵਿਚ ਸੋਹਣ ਸਨਕੀ ਲੀਜ਼ਾ ਨੂੰ ਮਾਨਵੀ ਆਧਾਰ ਤੇ ਕੁਝ ਮਾਲੀ ਇਮਦਾਦ ਵੀ ਕਰਦਾ ਹੈ। ਇਸ ਕਹਾਣੀ ਵਿਚੋਂ ਕੁਝ ਹੋਰ ਮਹੱਤਵਪੂਰਨ ਨੁਕਤਿਆਂ ਨੂੰ ਵਿਚਾਰ ਹੇਠ ਲਿਆਂਦਾ ਜਾ ਸਕਦਾ ਹੈ ਮਸਲਨ ਕੀ ਮਨੁੱਖ ਨੇ ਇਸ ਸ਼ੋਸ਼ਲ ਮੀਡੀਏ ਦੁਆਰਾ ਪ੍ਰਸਾਰਿਤ ਪਾਪੂਲਰ/ ਮਸਨੂਈ ਭਰਮਾਊ ਸਮੱਗਰੀ ਦਾ ਮੁਰੀਦ ਬਣੇ ਰਹਿਣਾ ਹੈ ਜਾਂ ਇਸਦੇ ਮਾਨਵੀ ਪਹਿਲੂਆਂ ਦੀ ਨਿਸ਼ਾਨਦੇਹੀ ਕਰਕੇ ਸੰਵੇਦਨਾ ਤੋਂ ਸਮਾਧਾਨ ਵਾਲੇ ਪਾਸੇ ਵੀ ਤੁਰਨਾ ਹੈ? ਕੀ ਇਸ ਪਲੇਟਫਾਰਮ ਤੇ ਨਸ਼ਰ ਹੋਣ ਵਾਲੀ ਸੂਚਨਾ ਤੇ ਵਿਅਕਤੀਆਂ ਦੇ ਸੁਨੇਹੇ ਉੱਤੇ ਵਿਸ਼ਵਾਸ ਕੀਤਾ ਜਾ ਸਕਦਾ ਹੈ? ਕਿਉਂਕਿ ਅੱਜ ਦੇ ਯੁੱਗ ਵਿਚ ਜਿਥੇ ਆਨਲਾਈਨ ਠੱਗੀ ਲਈ ਨਿੱਤ ਨਵੇਂ ਤੌਰ ਤਰੀਕੇ ਆ ਰਹੇ ਹਨ।ਸਾਈਬਰ ਸੈਂਟਰਾਂ ਰਾਹੀਂ ਕਿੰਨੇ ਹੀ ਲੋਕਾਂ ਨੂੰ ਠੱਗੀ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ ਅਤੇ ਇਸ ਧੰਦੇ ਨੂੰ ਆਪਣੇ ਰੁਜ਼ਗਾਰ ਦੇ ਰੂਪ ਵਿਚ ਦੇਖਣ ਵਾਲੇ ਕਿੰਨੇ ਹੀ ਬੇਰੁਜ਼ਗਾਰ ਇਹ ਕੰਮ ਕਰਨ ਲੱਗੇ ਹੋਏ ਹਨ। ਇਸ ਸਥਿਤੀ ਵਿਚ ਕਿਸੇ ਵਿਅਕਤੀ ਤੇ ਵਿਸ਼ਵਾਸ ਕਰਨਾ ਖਤਰੇ ਤੋਂ ਘੱਟ ਨਹੀਂ ਰਿਹਾ। ਇਹ ਕਹਾਣੀ ਸਮਕਾਲ ਵਿਚ ਸਾਹਮਣੇ ਆ ਰਹੇ ਅਜਿਹੇ ਸਵਾਲਾਂ ਨੂੰ ਦਰਕਿਨਾਰ ਕਰਕੇ ਮਾਨਵੀ ਧਰਾਤਲ ਤੇ ਸਮੱਸਿਆ ਨੂੰ ਇਕ ਨਵੇਂ ਧਰਾਤਲ ਤੋਂ ਸਮਝਣ ਤੇ ਨਜਿੱਠਣ ਦਾ ਤਰੀਕਾ ਸੁਝਾਉਂਦੀ ਹੈ।

ਹਾਸ਼ੀਆਗਤ ਧਿਰਾਂ ਦੀ ਨਵੀਂ ਦਰਜਾਬੰਦੀ ਦਾ ਬਿਰਤਾਂਤ ਸਿਰਜਣ ਵਾਲੀ ਕਹਾਣੀ **'ਠੇਡਾ'** ਹੈ। ਇਹ ਕਹਾਣੀ ਵੀ ਸਮਕਾਲ ਦੇ ਇਕ ਅਹਿਮ ਮੁੱਦੇ ਨੂੰ ਉਠਾਉਂਦੀ ਹੈ। ਇਹ ਮੁੱਦਾ ਪੰਜਾਬ ਵਿਚ ਡੇਰਾਵਾਦ ਦੇ ਫੈਲਾਅ ਨਾਲ ਸਬੰਧਤ ਹੈ।ਅੱਜ ਨਿਮਨ ਦਲਿਤ ਵਰਗ ਜੋ ਸਾਧਨਾਂ ਤੋਂ ਵਿਰਵਾ ਤੰਗੀ ਤੁਰਸ਼ੀ ਦੀ ਜ਼ਿੰਦਗੀ ਬਤੀਤ ਕਰ ਰਿਹਾ ਹੈ,ਅੱਜ ਸਭ ਤੋਂ ਵੱਧ ਡੇਰਾਵਾਦ ਦੇ ਲੁਭਾਊ ਨਿਸ਼ਾਨੇ ਤੇ ਹੈ। ਇਸਦਾ ਸਭ ਤੋਂ ਵੱਡਾ ਨੁਕਸਾਨ ਉਸ ਦੀ ਸੰਗਠਨਾਤਮਿਕ ਸ਼ਕਤੀ ਨੂੰ ਖਿੰਡਾ ਕੇ ਰੱਖਣ ਵਿਚ ਹੈ। ਇਹ ਕਹਾਣੀ ਸੰਖੇਪ ਪਰ ਭਾਵਪੂਰਤ ਢੰਗ ਨਾਲ ਇਸ ਮਸਲੇ ਨੂੰ ਛੂੰਹਦੀ ਹੈ। ਭਾਵੇਂ ਇਸ ਕਹਾਣੀ ਦਾ ਕਥਾਨਕ ਇਕ ਪਰਿਵਾਰ ਦੇ ਜੀਆਂ ਦੇ ਆਪਸੀ ਸਬੰਧਾਂ ਤੇ ਵਿਹਾਰਕ ਗੱਲਬਾਤ ਤੇ ਆਧਾਰਿਤ ਹੈ। ਜਿਸ ਵਿਚ ਉਹਨਾਂ ਨੇ ਆਪਣੇ ਆਪਣੇ ਧਾਰਮਿਕ ਰਾਹ ਚੁਣ ਲਏ ਹਨ। ਇਨ੍ਹਾਂ ਦੀਆਂ ਮਾਨਤਾਵਾਂ ਤੇ ਵਿਸ਼ਵਾਸ ਬਦਲ ਗਏ ਹਨ।ਲੇਖਕ ਜਿਸ ਨੁਕਤੇ ਨੂੰ ਉਠਾਉਣਾ ਚਾਹੁੰਦਾ ਹੈ ਉਹ ਇਹ ਹੈ ਕਿ ਵੱਖੋ ਵੱਖਰੇ ਮੱਤਾਂ ਤੇ ਮੱਠਾਂ ਨੇ ਇਨ੍ਹਾਂ ਦੇ ਅਕੀਦੇ ਨੂੰ ਹੀ ਨਹੀਂ ਬਦਲਿਆ ਸਗੋਂ ਇਨ੍ਹਾਂ ਦੀ ਸਾਂਝ, ਭਾਈਚਾਰਾ ਤੇ ਮਿਲਵਰਤਣ ਨੂੰ ਵੀ ਤਹਿਸ ਨਹਿਸ ਕਰ ਦਿੱਤਾ ਹੈ। ਕਹਾਣੀ ਦਾ ਕਥਾਨਕ ਦਲਿਤ ਟੱਬਰ ਦੇ ਜੀਆਂ ਦੀ ਗੱਲਬਾਤ ਉਤੇ ਉਸਰਦਾ ਹੈ।ਮਿੰਦਰੀ ਆਪਣੀ ਕੁੜੀ ਦੇ ਵਿਆਹ ਦੀ ਭੇਲੀ ਲੈ ਕੇ ਆਪਣੇ ਪੇਕੇ ਆਉਂਦੀ ਹੈ। ਵਿਆਹੇ ਵਰ੍ਹੇ ਤਿੰਨੇ ਭਰਾ ਜਿਨ੍ਹਾਂ ਨੇ ਹੁਣ ਆਪ ਆਪਣੇ-ਆਪਣੇ ਡੇਰੇ ਚੁਣ ਲਏ ਹਨ ਆਪਣੀ ਭਤੀਜੀ ਦੇ ਵਿਆਹ ਨੂੰ ਵੀ ਇਨ੍ਹਾਂ ਡੇਰਿਆਂ ਦੇ ਧਰਮ ਗੁਰੂਆਂ ਦੇ ਦਿੱਤੇ ਨਿਰਦੇਸ਼ਾਂ ਵਿਚੋਂ ਹੀ ਦੇਖ ਰਹੇ ਹਨ। ਇਥੇ ਇਹ ਬਿਰਤਾਂਤ ਦੇਖਿਆ ਜਾ ਸਕਦਾ ਹੈ:ਨਾਲੇ ਅਸੀਂ ਥੋਡੇ ਚਰਚ 'ਚ ਕਿਉਂ ਜਾਈਏ। ਤੁਸੀਂ ਕੁੜੀ ਦਾ ਵਿਆਹ ਇਕ ਵਾਰੀ ਛੱਡ ਸੌ ਵਾਰੀ ਕਰੋ। ਪਰ ਭੈਣੇ ਗੱਲ ਸੁਣ ਲੈ ਮੈਂ ਅੰਮ੍ਰਿਤਧਾਰੀ ਗੁਰੂ ਦਾ ਬੰਦਾ ਆਂ ਮੈਂ ਤਾਂ ਜਾਂਦਾ

ਨੀ..ਮੇਰੀ ਤਾਂ ਪੱਥਰ ਤੇ ਲੀਕ ਐ..ਮੇਰੇ ਹਿੱਸੇ ਭਾਪੇ ਹੁਣੀ ਜੋ ਡੰਨ ਲਾਉਣਗੇ, ਉਹ ਦੇ ਦਊਂ। ਲੰਘਦਾ ਵੜਦਾ ਕੁੜੀ ਨੂੰ ਸ਼ਗਨ ਵੀ ਦੇ ਜਾਊਂ। ਐਵੇਂ ਬਾਅਦ 'ਚ ਕਹੇਂ ਬੀ ਦੱਸਿਆ ਨੀਂ।' ਇੰਜ ਇਹ ਕਹਾਣੀ ਸਮਕਾਲ ਅੰਦਰ ਦਲਿਤ ਵਿਸ਼ੇ ਦੇ ਨਵੇਂ ਪਾਸਾਰ ਨੂੰ ਫੜਦੀ ਹੈ। ਇਹ ਪਾਸਾਰ ਨਾ ਤਾਂ ਸਮਾਜਿਕ ਤ੍ਰਿਸਕਾਰ ਵਾਲਾ ਹੈ ਤੇ ਨਾ ਹੀ ਦਲਿਤ ਅਸਮਿਤਾ ਦਾ ਹੈ ਤੇ ਨਾ ਹੀ ਪਰੰਪਰਾ ਵਿਚੋਂ ਦਲਿਤ ਉਤਪੀੜਨ ਦੇ ਇਤਿਹਾਸ ਮਿਥਿਹਾਸ ਦਾ ਹੈ। ਇਥੇ ਕਹਾਣੀਕਾਰ ਨਵੇਂ ਧਰਾਤਲ ਤੋਂ ਦਲਿਤ ਵਰਗ ਦੇ ਸਾਹਮਣੇ ਆ ਰਹੇ ਸੰਕਟ ਤੇ ਚੁਣੌਤੀਆਂ ਪ੍ਰਤੀ ਸੰਕੇਤ ਕਰ ਰਿਹਾ ਹੈ।

ਨਾਰੀ ਦੇ ਅਸਤਿਤਵ ਨੂੰ ਉਭਾਰਨ ਵਾਲੀ ਕਹਾਣੀ **'ਤ੍ਰੇੜ'** ਹੈ। ਇਹ ਕਹਾਣੀ ਵੀ ਸਮਕਾਲ ਵਿਚ ਪੈਦਾ ਹੋ ਰਹੇ ਮਸਲਿਆਂ ਨੂੰ ਉਭਾਰਦੀ ਹੈ। ਅੱਜ ਦਾ ਯੁੱਗ ਪੈਸੇ ਦਾ ਯੁੱਗ ਹੈ। ਸਾਡਾ ਜੀਵਨ ਨਿਰਬਾਹ ਪੈਸੇ ਤੇ ਆ ਖੜ੍ਹਾ ਹੋ ਗਿਆ ਹੈ। ਸ਼ਹਿਰੀਕਰਣ ਦਾ ਫੈਲਾਅ ਹੋ ਰਿਹਾ ਹੈ। ਰੁਜ਼ਗਾਰ ਦੀ ਭਾਲ ਵਿਚ ਲੋਕ ਪਿੰਡਾਂ ਤੋਂ ਉੱਠ ਕੇ ਸ਼ਹਿਰਾਂ/ਕਸਬਿਆਂ ਵਿਚ ਆ ਕੇ ਵੱਸ ਰਹੇ ਹਨ। ਘਰ ਤੇ ਘਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਾਰੇ ਜੀਆਂ ਖਾਸ ਕਰਕੇ ਪਤੀ ਪਤਨੀ ਨੂੰ ਕਮਾ ਕੇ ਲਿਆਉਣਾ ਪੈਂਦਾ ਹੈ। ਦੂਜੇ ਪਾਸੇ ਰੁਜ਼ਗਾਰ ਦਾ ਕਿਧਰੇ ਕੋਈ ਪੱਕਾ ਟਿਕਾਣਾ ਨਹੀਂ। ਇਸ ਤਰ੍ਹਾਂ ਦੀ ਸਥਿਤੀ ਵਿਚ ਬਹੁਤੀ ਟੇਕ ਘਰ ਦੀ ਔਰਤ ਤੇ ਰਹਿੰਦੀ ਹੈ। ਕਿਉਂਕਿ ਮਰਦ ਬਹੁਤੀ ਵਾਰੀ ਆਪਣੀ ਕਮਾਈ ਦਾ ਹਿਸਾਬ ਕਿਤਾਬ ਦੇਣ ਤੋਂ ਸੁਤੰਤਰ ਹੁੰਦਾ ਹੈ। ਉਹ ਕੀ ਕਰਦਾ ਹੈ ਕੀ ਕਮਾਉਂਦਾ ਹੈ ਅਜਿਹੀ ਬੰਦਿਸ਼ ਘਰਵਾਲੀ ਦੇ ਮੁਕਾਬਲੇ ਤੇ ਉਸ ਉਤੇ ਨਹੀਂ ਹੁੰਦੀ। ਇਨ੍ਹਾਂ ਸਮਿਆਂ ਵਿਚ ਬੰਦੇ ਵਿਹਲੜ ਰਹਿ ਕੇ ਡੰਗ ਟਪਾਉਣ ਦੇ ਆਦੀ ਹੋ ਰਹੇ ਹਨ। ਅਜਿਹੀ ਸੂਰਤ ਵਿਚ ਤਲਾਕ ਦੀ ਨੌਬਤ ਆਉਣੀ ਸੁਭਾਵਿਕ ਹੈ। ਇਹ ਕਹਾਣੀ ਅਜਿਹੇ ਵਸਤੂ-ਜਗਤ ਦੀ ਤਰਜ਼ਮਾਨੀ ਕਰਦੀ ਹੈ। ਇਸ ਕਹਾਣੀ ਦੀ ਔਰਤ ਪਾਤਰ 'ਮੋਨਿਕਾ' ਅਧਿਆਪਿਕਾ ਹੈ ਜੋ ਸਹੁਰਿਆਂ ਵੱਲੋਂ ਮੁੰਡੇ ਬਾਰੇ ਤੇ ਘਰਘਾਟ ਬਾਰੇ ਕਈ ਓਹਲੇ / ਝੂਠ ਰੱਖ ਕੇ 'ਮੰਗੀ' ਨਾਲ ਵਿਆਹ ਦਿੱਤੀ ਜਾਂਦੀ ਹੈ। ਸਹੁਰੇ ਘਰ ਦੀ ਜ਼ਿੰਮੇਵਾਰੀ ਅਤੇ ਘਰਵਾਲੇ ਦੀ ਸਤਾਈ ਉਹ ਤਲਾਕ ਦਾ ਕੇਸ ਫਾਇਲ ਕਰ ਦਿੰਦੀ ਹੈ। ਕੋਰਟ ਕਚਹਿਰੀਆਂ ਵਿਚ ਇਹ ਕੇਸ ਲੜਨ ਲਈ ਵੱਡੇ ਜਿਗਰੇ ਦੀ ਲੋੜ ਪੈਂਦੀ ਹੈ। ਮਜਬੂਰੀ ਵੱਸ ਬੇਗਾਨੇ ਹਮਦਰਦ ਮਰਦਾਂ ਦਾ ਸਹਾਰਾ ਲੈਣਾ ਵੀ ਆਪਣੇ ਆਪ ਵਿਚ ਵੱਡਾ ਸੰਕਟ ਬਣ ਜਾਂਦਾ ਹੈ। ਇਹ ਕਹਾਣੀ ਦਾ ਕਥਾਨਕ ਅਜਿਹੇ ਵਸਤੂ-ਜਗਤ ਵਿਚੋਂ ਲਿਆ ਗਿਆ ਹੈ। ਇਥੇ ਕਹਾਣੀਕਾਰ ਸਮਕਾਲ ਦੀਆਂ ਨਵੀਆਂ ਚੁਣੌਤੀਆਂ ਵਿਚ ਘਰਾਂ ਵਿਚ ਆ ਰਹੀ ਤ੍ਰੇੜ ਦੀ ਗੱਲ ਤਾਂ ਕਰਦਾ ਹੈ ਪਰ ਇਨ੍ਹਾਂ ਸਥਿਤੀਆਂ ਵਿਚ ਉਹ ਅੱਜ ਦੀ ਔਰਤ ਨੂੰ ਹਾਰਦੇ ਹੋਏ ਨਹੀਂ ਦਿਖਾਉਣਾ ਚਾਹੁੰਦਾ। ਕਿਉਂਕਿ ਉਹ ਆਪਣੇ ਆਪੇ ਨੂੰ ਜਾਣ ਚੁੱਕੀ ਹੈ। ਉਹ ਮਰਿਆਦਾ ਪੂਜਕ ਨਹੀਂ ਰਹੀ ਸਗੋਂ ਆਪਣੀ ਜ਼ਿੰਦਗੀ ਨੂੰ ਆਪਣੇ ਤਰੀਕੇ ਨਾਲ ਜੀਣ ਦੀ ਲੋਚਾ ਰੱਖਦੀ ਹੈ। ਇਹ ਰਸਤਾ ਕਠੋਰ ਜ਼ਰੂਰ ਹੈ ਕਿਉਂਕਿ ਘਰ ਤੋਂ ਬਾਹਰ ਵੀ ਉਸ ਨੂੰ ਦੋਸਤ / ਹਮਦਰਦ ਮਰਦਾਂ ਦਾ ਸਹਾਰਾ ਲੈਣਾ ਪੈਂਦਾ ਹੈ, ਪਰ ਉਸਦੀ ਸੂਝ ਤੇ ਸਿਆਣਪ ਅਸਲ ਦੋਸਤ ਦੀ ਪਛਾਣ ਤੇ ਚੋਣ ਕਰਨੀ ਸਿਖਾ ਦਿੰਦੀ ਹੈ। ਮੰਗੀ ਨਾਲ ਤਲਾਕ ਦਾ ਕੇਸ ਭੁਗਤਦੀ ਉਹ ਅਵਤਾਰ ਨੂਰਪੁਰੀਏ ਦੇ ਸੰਪਰਕ ਵਿਚ ਆਉਂਦੀ ਹੈ। ਜਿਸ ਦੀ ਮੱਦਦ ਨਾਲ ਉਸਦੇ ਮਨ ਦਾ ਬੋਝ


ਹਲਕਾ ਹੋਣ ਲੱਗਦਾ ਹੈ ਪਰ ਨੂਰਪੁਰੀਆ ਉਸਤੋਂ ਦੋਸਤੀ ਦੀ ਇਕ ਤਮੰਨਾ ਰੱਖਦਾ ਹੈ। ਇਸ ਕਥਾਨਕ ਨੂੰ ਕਹਾਣੀਕਾਰ ਪੂਰੀ ਸਾਵਧਾਨੀ ਨਾਲ ਹੈਂਡਲ ਕਰਦਾ ਦਿਖਾਈ ਦਿੰਦਾ ਹੈ। ਇਸ ਸਥਿਤੀ ਦਾ ਮੋਨੋਲਾਗ ਦੇਖੋ:

'ਅਵਤਾਰ ਨੂਰਪੁਰੀਆ ਮੇਰੀ ਕਮਜ਼ੋਰੀ ਬਣ ਗਿਆ ਸੀ। ਮੈਂ ਵੀ ਚਾਹੁੰਦੀ ਉਹ ਮੇਰਾ ਪਰਛਾਵਾਂ ਬਣ ਕੇ ਰਹੇ। ਦੂਜਾ ਉਹਨੂੰ ਮੈਂ ਇਕ ਵਾਰ ਸਪਸ਼ਟ ਕਹਿ ਵੀ ਦਿੱਤਾ ਕਿ ਹੁਣ ਮੇਰਾ ਵਿਆਹ ਕਰਵਾਉਣ ਦਾ ਕੋਈ ਇਰਾਦਾ ਨਹੀਂ। ਮੈਂ ਵਿਆਹ ਦੇ ਜਾਲ਼ ਤੋਂ ਤੰਗ ਆ ਗਈ ਆਂ। ਆਪਾਂ ਏਦਾਂ ਈ ਇਕੱਠੇ ਰਹਿ ਸਕਦੇ ਹਾਂ। ਮੈਂ ਨੀਂ ਚਾਹੁੰਦੀ ਕਿ ਮੰਗੀ ਦਾ ਪਰਛਾਵਾਂ ਮੇਰੇ 'ਤੇ ਪਵੇ। ਨਾ ਹੀ ਮੈਂ ਤੇਰੇ ਨਾਲ ਹਾਲ ਦੀ ਘੜੀ ਕਿਸੇ ਰਿਸ਼ਤੇ ਵਿਚ ਬੱਝਣਾ ਆ। ਦੇਖ ਲੈ ਜੇ ਤੇਰਾ ਦਿਲ ਕਰਦਾ ਤਾਂ।' ਇੰਜ ਕਹਾਣੀਕਾਰ ਔਰਤ ਦੇ ਫੈਸਲਿਆਂ ਵਿਚ ਉਨ੍ਹਾਂ ਰਸਮਾਂ ਨੂੰ ਕਿਨਾਰੇ ਲਾ ਦਿੰਦਾ ਹੈ ਜਿਹੜੇ ਕਿਵੇਂ ਨਾ ਕਿਵੇਂ ਹੁਣ ਤੱਕ ਔਰਤ ਦੀ ਜ਼ਿੰਦਗੀ ਦੇ ਨਿਰਣਿਆਂ ਵਿਚ ਦਖਲ ਦਿੰਦੇ ਰਹੇ। ਕਹਾਣੀਕਾਰ ਇਥੋਂ ਤੱਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਉਹ ਰਿਸ਼ਤਿਆਂ ਦੀ ਚੋਣ ਵਿਚ ਔਰਤ ਦੀਆਂ ਭਾਵਨਾਤਮਕ ਚੁਣੌਤੀਆਂ ਨੂੰ ਵੀ ਫੜਨ ਦੀ ਕੋਸ਼ਿਸ਼ ਕਰਦਾ ਹੈ। ਜਿਵੇਂ ਇਸ ਕਹਾਣੀ ਵਿਚ ਮੋਨਿਕਾ ਦੀ ਜ਼ਿੰਦਗੀ ਵਿਚ ਵਿਸ਼ਾਲ ਨਾਂ ਦਾ ਸਖਸ਼ ਆਉਂਦਾ ਹੈ ਜੋ ਉਸ ਵਰਗੇ ਹਾਲਾਤ ਦਾ ਸਾਹਮਣਾ ਕਰ ਰਿਹਾ ਹੈ। ਇਸ ਸਖਸ਼ ਪ੍ਰਤੀ ਵੀ ਮੋਨਿਕਾ ਭਾਵੁਕ ਰਹਿੰਦੀ ਹੈ ਪਰ ਆਖਰ ਵਿਚ ਉਹ ਅਵਤਾਰ ਨੂਰਪੁਰੀਏ ਨੂੰ ਇਸ ਕਰਕੇ ਚੁਣਦੀ ਦਿਖਾਈ ਦਿੰਦੀ ਹੈ ਕਿਉਂਕਿ ਅਵਤਾਰ ਉਸਦੀ ਜ਼ਿੰਦਗੀ ਵਿਚ ਕਿਸੇ ਕਿਸਮ ਦੀ ਦਾਬੇ ਜਾਂ ਕਬਜੇ ਵਾਲੀ ਦਖਲਅੰਦਾਜ਼ੀ ਤੋਂ ਦੂਰ ਹੈ। ਇੰਜ ਕਹਾਣੀਕਾਰ ਮੋਨਿਕਾ ਦੇ ਮਨ ਵਿਚ ਆਏ ਇਕ ਮਹੀਨ ਜਿਹੇ ਬਦਲਾਅ ਨੂੰ ਮੋਨੋਲਾਗ ਵਿਧੀ ਨਾਲ ਦਿਖਾ ਕੇ ਸਮਕਾਲ ਵਿਚ ਆਜ਼ਾਦ ਫਿਜ਼ਾ ਲੋਚਦੀ ਔਰਤ ਦੀ ਬਾਤ ਪਾਉਂਦਾ ਹੈ।

ਇੰਜ ਕਹਾਣੀਕਾਰ **'ਡਲਿਵਰੀ ਮੈਨ'** ਦੇ ਜ਼ਰੀਏ ਆਪਣੀ ਕਹਾਣੀ ਨੂੰ ਸਮਕਾਲ ਦੇ ਮਸਲਿਆਂ ਨਾਲ ਇਕ ਨਵੀਂ ਨੁਹਾਰ ਦੇਣ ਦੀ ਕੋਸ਼ਿਸ਼ ਕਰਦਾ ਹੈ। ਸਾਡੀ ਅਜੋਕੀ ਪੰਜਾਬੀ ਕਹਾਣੀ ਸਮਕਾਲ ਨੂੰ ਸਿਰਫ ਰਿਸ਼ਤਿਆਂ ਦੀ ਖੁੱਲ੍ਹ-ਖੇਡ ਵਿਚੋਂ ਤਲਾਸ਼ ਕਰਨ ਦੀ ਕੋਸ਼ਿਸ਼ ਕਰਦੀ ਹੈ ਜਾਂ ਪੂੰਜੀਵਾਦੀ ਖਪਤ ਸਭਿਆਚਾਰ ਵਿਚ ਮਨੁੱਖ ਦੀ ਹੋਂਦ ਦੇ ਮਸਲਿਆਂ ਨੂੰ ਛੂਹਣ ਦੀ ਕੋਸ਼ਿਸ਼ ਵਿਚ ਹੈ ਪਰ ਭਗਵੰਤ ਰਸੂਲਪੁਰੀ ਪੰਜਾਬੀ ਕਹਾਣੀ ਨੂੰ ਉਨ੍ਹਾਂ ਮਸਲਿਆਂ ਤੇ ਸੰਭਾਵਨਾਵਾਂ ਦੇ ਰਾਹੇ ਪਾਉਂਦਾ ਹੈ ਜੋ ਸਮਕਾਲ ਦੀ ਫਿਜ਼ਾ ਵਿਚ ਆਪਣਾ ਆਕਾਰ ਲੈ ਰਹੇ ਹਨ। ਇੰਜ ਕਹਾਣੀਕਾਰ ਸਮਕਾਲ ਨੂੰ ਸਿਰਫ ਆਚੰਭਿਤ ਕਰਨ ਵਾਲੇ ਬਿਰਤਾਂਤ ਵਿਚ ਢਾਲ਼ ਕੇ ਨਹੀਂ ਦਿਖਾਉਣਾ ਚਾਹੁੰਦਾ ਬਲਕਿ ਸਮਕਾਲ ਜੋ ਆਪਣੇ ਭਵਿੱਖ ਦੀ ਨਿਸ਼ਾਨਦੇਹੀ ਕਰ ਰਿਹਾ ਹੈ ਉਸ ਦੀ ਆਹਟ ਨੂੰ 'ਡਲਿਵਰੀ ਮੈਨ' ਰਾਹੀਂ ਪ੍ਰਸਤੁਤ ਕਰ ਰਿਹਾ ਹੈ। ਇਸ ਪੁਸਤਕ ਦੀਆਂ ਕਹਾਣੀਆਂ ਰਾਹੀਂ ਭਗਵੰਤ ਆਪਣੀ ਨਿਵੇਕਲੀ ਸ਼ੈਲੀ ਵੀ ਵਿਕਸਤ ਕਰ ਰਿਹਾ ਹੈ। ਉਹ ਮਿਥ ਤੇ ਆਰਟੀਫ਼ੀਸ਼ੀਅਲ ਟੂਲਜ ਦੇ ਚਿਹਨਾਂ ਨੂੰ ਵਰਤ ਕੇ ਕਹਾਣੀ ਦੇ ਬਿਰਤਾਂਤ ਵਿੱਚ ਗਹਿਰੇ ਅਰਥ ਭਰ ਦਿੰਦਾ ਹੈ। ਮੈਨੂੰ 'ਡਲਿਵਰੀ ਮੈਨ' ਦੀਆਂ ਕਹਾਣੀਆਂ ਸਮਕਾਲੀ ਪੰਜਾਬੀ ਕਹਾਣੀ 'ਚ ਵੱਖਰੀਆਂ ਖੜੀਆਂ ਦਿਸਦੀਆਂ ਹਨ। (**ਸੰਪਰਕ**-97817-82474)

## ਪ੍ਰਤੀਕਾਤਮਕ ਪੜ੍ਹਤ : ਮੋਰ ਪੈਲ਼ ਕਿਉਂ ਨਹੀਂ ਪਾਉਂਦੇ

**-ਡਾ. ਸੰਦੀਪ ਰਾਣਾ**




ਬਹੁ ਵਿਧਾਵੀ ਸਾਹਿਤਕਾਰ ਗੁਰਮੀਤ ਕੜਿਆਲਵੀ ਦਾ ਛੇਵਾਂ ਕਹਾਣੀ-ਸੰਗ੍ਰਹਿ **'ਮੋਰ ਪੈਲ਼ ਕਿਉਂ ਨਹੀਂ ਪਾਉਂਦੇ'** (**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ, ਮੁੱਲ: 300, ਪੰਨੇ: 196, ਸਾਲ: 2023**) ਮਨੁੱਖੀ ਜੀਵਨ ਦੀਆਂ ਵਿਭਿੰਨ ਸਮੱਸਿਆਵਾਂ ਅਤੇ ਸਰੋਕਾਰਾਂ ਨੂੰ ਆਪਣੀਆਂ ਕਹਾਣੀਆਂ ਵਿੱਚ ਸਮੋਈ ਪਾਠਕਾਂ ਦੇ ਹੱਥਾਂ ਵਿੱਚ ਪਹੁੰਚਿਆ ਹੈ। ਇਹ ਕਹਾਣੀਆਂ ਲਿਖਣ ਲਈ ਉਸ ਦੁਆਰਾ ਚੁਣੇ ਗਏ ਵਿਸ਼ੇ ਉਸ ਦੀ ਸੋਚ, ਵਿਚਾਰਧਾਰਾ ਅਤੇ ਜੀਵਨ ਅਨੁਭਵਾਂ ਦੀ ਤਰਜੁਮਾਨੀ ਕਰਦੇ ਹਨ। ਇਹਨਾਂ ਅਨੁਭਵਾਂ ਦੀ ਬਦੌਲਤ ਉਹ ਜ਼ਿੰਦਗੀ ਦੇ ਕਈ ਸਰੋਕਾਰਾਂ ਨੂੰ ਆਪਣੀਆਂ ਕਹਾਣੀਆਂ ਵਿੱਚ ਨਾਲ਼ ਲੈ ਕੇ ਚੱਲਦਾ ਹੈ। ਉਸ ਦੀ ਵਿਲੱਖਣਤਾ ਇਸ ਗੱਲ ਵਿੱਚ ਹੈ ਕਿ ਉਹ ਆਪਣੇ ਜ਼ਿਹਨ ਵਿੱਚਲੇ ਖਿਆਲਾਂ ਨੂੰ ਆਪਣੇ ਪਸੰਦ ਦੇ ਵਿਧਾ ਰੂਪ ਵਿੱਚ ਢਾਲਣ ਦੀ ਸਮਰੱਥਾ ਰੱਖਦਾ ਹੈ। ਉਸ ਦੇ ਕਥਾ ਜਗਤ ਵਿੱਚ ਵਿਦੇਸ਼ ਜਾਣ ਦੀ ਲਾਲਸਾ, ਵਿਦੇਸ਼ੀ ਜ਼ਿੰਦਗੀ ਵਿੱਚ ਢਲਦੇ ਪੰਜਾਬੀ, ਅਵਚੇਤਨ ਮਨ ਵਿੱਚ ਘਰ ਕਰ ਚੁੱਕੀ ਜ਼ਾਤ-ਪਾਤ ਅਤੇ ਪਿੱਤਰੀਸੱਤਾ ਸਬੰਧੀ ਸੋਚ, ਪੇਂਡੂ ਜੀਵਨ ਵਿੱਚ ਅਮੀਰੀ ਗ਼ਰੀਬੀ ਦਾ ਪਾੜਾ, ਕਰੋਨਾ ਮਹਾਂਮਾਰੀ ਅਤੇ ਦੂਸ਼ਿਤ ਹੋ ਚੁੱਕੀ ਸਾਡੀ ਸਿਖਿਆ ਪ੍ਰਣਾਲੀ ਆਦਿ ਕਈ ਸਮੱਸਿਆਵਾਂ ਹਰਜੀਤ, ਪਰਮਜੀਤ, ਜਗਮੀਤ, ਰੱਬ ਜੀ, ਮਨਦੀਪ, ਓਅਨਾ ਓਡਵਾਈਰ, ਪ੍ਰੋਫ਼ੈਸਰਨੀ, ਲੱਛੂ ਟਾਂਗੇ ਵਾਲਾ ਅਤੇ ਹੀਰੇ ਵਰਗੇ ਪਾਤਰਾਂ ਦੀ ਮਦਦ ਨਾਲ਼ ਪੇਸ਼ ਹੋਈਆਂ ਹਨ। ਉਸ ਵੱਲੋਂ ਕਥਾ ਜਗਤ ਯਥਾਰਥ ਦੇ ਇੰਨਾ ਨੇੜੇ ਅਤੇ ਅਸਲ ਸਿਰਜਿਆ ਗਿਆ ਹੈ ਕਿ ਸਭ ਕਹਾਣੀਆਂ ਉਸ ਦੇ ਆਲੇ ਦੁਆਲੇ ਦੇ ਵਾਤਾਵਰਣ ਵਿੱਚੋਂ ਪ੍ਰਾਪਤ ਅਨੁਭਵਾਂ ਵਿੱਚੋਂ ਉਤਪੰਨ ਹੋਈਆਂ ਪ੍ਰਤੀਤ ਹੁੰਦੀਆਂ ਹਨ ਅਰਥਾਤ ਇਸ ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਉਸ ਪੇਂਡੂ ਰਹਿਤਲ ਵਿੱਚ ਵੱਸਦੇ ਪਾਤਰਾਂ ਦੇ ਇਰਦ-ਗਿਰਦ ਘੁੰਮਦੀਆਂ ਹਨ ਜਿਸ ਵਿੱਚ ਉਹ ਆਪ ਵੱਸਦਾ ਹੈ। ਉਥੋਂ ਅਨੁਭਵ ਇਕੱਠੇ ਕਰਕੇ ਯਥਾਰਥ ਨੂੰ ਉਸੇ ਤਰ੍ਹਾਂ ਬਿਆਨ ਕਰਨਾ ਉਸ ਦੀ ਵਿਲੱਖਣ ਸ਼ੈਲੀ ਦੀ ਗਵਾਹੀ ਹੈ। ਇਸੇ ਵਿਲੱਖਣਤਾ ਕਰਕੇ ਉਹ ਕਹਾਣੀਆਂ ਦਾ ਕਥਾਨਕ ਸਿਰਜਣ ਵੇਲੇ ਕੁਝ ਪ੍ਰਤੀਕਾਂ ਦੀ ਵਰਤੋਂ ਜ਼ਰੂਰ ਕਰਦਾ ਹੈ। ਇਹ ਪ੍ਰਤੀਕ ਸਾਧਾਰਣ ਪਰ ਸਟੀਕ ਹਨ ਜੋ ਪਾਠਕ ਦੇ ਜ਼ਿਹਨ 'ਤੇ ਸਿੱਧਾ ਪ੍ਰਭਾਵ ਪਾਉਂਦੇ ਹਨ ਅਤੇ ਕਹਾਣੀ ਪੜ੍ਹਨ ਤੋਂ ਬਾਅਦ ਵੀ ਉਹ ਕਥਾਨਕ ਪਾਠਕ ਦੇ ਜ਼ਿਹਨ ਵਿੱਚ ਇਹਨਾਂ ਪ੍ਰਤੀਕਾਂ ਦੇ ਦੁਆਲੇ ਘੁੰਮਦਾ ਰਹਿੰਦਾ

ਹੈ। ਇਸ ਕਹਾਣੀ-ਸੰਗ੍ਰਹਿ ਤੋਂ ਪਹਿਲਾਂ ਪ੍ਰਕਾਸ਼ਿਤ ਹੋ ਚੁੱਕੇ ਉਸ ਦੇ ਕਹਾਣੀ-ਸੰਗ੍ਰਹਿ ਊਣੇ, ਅੱਕ ਦਾ ਬੂਟਾ, ਆਤੂ ਖੋਜੀ, ਢਾਲ ਅਤੇ ਹਾਰੀਂ ਨਾ ਬਚਨਿਆਂ ਵਾਂਗ ਹੀ ਇਹਨਾਂ ਕਹਾਣੀਆਂ ਦਾ ਕਥਾਨਕ ਵੀ ਸਮਾਜਿਕ ਵਰਤਾਰਿਆਂ ਵਿੱਚ ਵਿਚਰਦਿਆਂ ਮਨੁੱਖੀ ਜ਼ਿਹਨ ਦੀ ਮਾਨਸਿਕ ਟੁੱਟ-ਭੱਜ ਦਾ ਬਿਆਨ ਕਰਦਾ ਹੈ। 2024 ਵਿੱਚ ਪ੍ਰਕਾਸ਼ਿਤ ਹੋਏ ਇਸ ਸੰਗ੍ਰਹਿ ਵਿੱਚ 12 ਕਹਾਣੀਆਂ ਹਨ ਜਿਨ੍ਹਾਂ ਦੇ ਵਿਸ਼ੇ ਭਾਵੇਂ ਸਾਧਾਰਨ ਹਨ ਪਰ ਕਹਾਣੀਕਾਰ ਦੁਆਰਾ ਬਹੁਪਰਤੀ ਘਟਨਾਵੀਂ ਵਿਉਂਤ ਰਾਹੀਂ ਅਤੇ ਪ੍ਰਤੀਕਾਂ ਦੀ ਮਦਦ ਨਾਲ਼ ਉੱਤਮ ਬਿਰਤਾਂਤ ਸਿਰਜਿਆ ਗਿਆ ਹੈ। ਪ੍ਰਤੀਕ ਅਸਲ ਵਿੱਚ ਕਿਸੇ ਚੀਜ਼, ਚਿੱਤਰ, ਲਿਖਤੀ ਸ਼ਬਦ, ਆਵਾਜ਼ ਜਾਂ ਵਿਸ਼ੇਸ਼ ਚਿੰਨ੍ਹ ਨੂੰ ਕਹਿੰਦੇ ਹਨ ਜੋ ਸਬੰਧ, ਸੁਮੇਲ ਜਾਂ ਪਰੰਪਰਾ ਦੁਆਰਾ ਕਿਸੇ ਹੋਰ ਚੀਜ਼ ਦੀ ਤਰਜੁਮਾਨੀ ਕਰਦਾ ਹੈ। [1] ਸਾਹਿਤ ਵਿੱਚ ਪ੍ਰਤੀਕ ਵਰਤਣਾ ਆਪਣੇ ਗੱਲ ਨੂੰ ਜ਼ਿਆਦਾ ਵਧੀਆ ਢੰਗ ਨਾਲ਼ ਕਹਿਣਾ ਹੈ। ਪੰਜਾਬੀ ਪੀਡੀਆ ਅਨੁਸਾਰ ਪ੍ਰਤੀਕ ਕਿਸੇ ਅਦ੍ਰਿਸ਼ ਜਾਂ ਅਵਿਅਕਤ ਸੱਤਾ ਦਾ ਦ੍ਰਿਸ਼ ਜਾਂ ਵਿਅਕਤ ਰੂਪ ਹੈ। ਇਹ ਇਕ ਪ੍ਰਗਟਾ ਢੰਗ ਹੈ ਜਿਸ ਵਿੱਚ ਪ੍ਰਤੀਕਾਂ ਰਾਹੀਂ ਜੀਵਨ ਦੇ ਬੌਧਿਕ, ਸਦਾਚਾਰਕ ਅਤੇ ਭਾਵੁਕ ਅਰਥ ਪ੍ਰਗਟ ਕੀਤੇ ਹੁੰਦੇ ਹਨ। [2] ਕਿਸੇ ਵੀ ਕਹਾਣੀ ਦਾ ਪ੍ਰਤੀਕਾਤਮਕ ਅਧਿਐਨ ਕਰਦਿਆਂ ਉਸ ਕਹਾਣੀ ਵਿੱਚ ਵਰਤੇ ਪ੍ਰਤੀਕ ਲੱਭੇ ਜਾਂਦੇ ਹਨ ਅਤੇ ਇਹਨਾਂ ਪ੍ਰਤੀਕਾਂ ਪਿੱਛੇ ਲੁਕੇ ਡੂੰਘੇ ਅਰਥਾਂ ਵਿੱਚ ਹਾਜ਼ਰ ਭਾਵਨਾਤਮਕ ਪ੍ਰਭਾਵਾਂ ਨੂੰ ਘੋਖਿਆ ਜਾਂਦਾ ਹੈ। ਇਸ ਸਮੀਖਿਆ ਲਈ ਕਿਸੇ ਵੀ ਕਹਾਣੀ ਵਿੱਚ ਵਰਤੇ ਗਏ ਪ੍ਰਤੀਕਾਂ ਦੀ ਪਹਿਚਾਣ ਕਰਨ ਸਮੇਂ ਜੋ ਵਰਗ ਸਾਹਮਣੇ ਆਉਂਦੇ ਹਨ ਉਹਨਾਂ ਵਿੱਚ ਵਸਤੂ, ਕਿਰਦਾਰਾਂ, ਸਥਾਨ, ਘਟਨਾਵਾਂ ਅਤੇ ਸਮੇਂ ਨਾਲ਼ ਸਬੰਧਤ ਪ੍ਰਤੀਕ ਪ੍ਰਮੁੱਖ ਹਨ। ਪ੍ਰਤੀਕਾਂ ਦੀ ਪਹਿਚਾਣ ਕਰਨ ਦੀ ਇਹ ਪ੍ਰਕਿਰਿਆ ਪਾਠਕਾਂ ਅਤੇ ਆਲੋਚਕਾਂ ਨੂੰ ਕਹਾਣੀ ਦੇ ਡੂੰਘੇ ਅਰਥ ਨੂੰ ਸਮਝਣ ਵਿੱਚ ਮਦਦ ਕਰਦੀ ਹੈ। ਇਸ ਪਹਿਚਾਣ ਲਈ ਕਹਾਣੀ ਵਿੱਚ ਵਾਰ-ਵਾਰ ਦੁਹਰਾਏ ਜਾਂਦੇ ਤੱਤਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ ਤੇ ਜਾਂ ਫਿਰ ਕਿਸੇ ਵਸਤੂ ਜਾਂ ਵਿਚਾਰ ਆਧਾਰਿਤ ਬਿਰਤਾਂਤ ਸਿਰਜਣ ਦੇ ਪ੍ਰਯੋਜਨ ਸਬੰਧੀ ਵਿਚਾਰ ਕੀਤਾ ਜਾਂਦਾ ਹੈ। ਕਈ ਵਾਰ ਕਹਾਣੀ ਵਿੱਚ ਮੌਜੂਦ ਵਿਰੋਧਾਭਾਸਾਂ ਜਾਂ ਵਿਰੋਧੀ ਤੱਤਾਂ ਦੀ ਭਾਲ ਨਾਲ਼ ਵੀ ਕਹਾਣੀਕਾਰ ਵੱਲੋਂ ਵਰਤੇ ਪ੍ਰਤੀਕਾਂ ਦੀ ਪਹਿਚਾਣ ਕੀਤੀ ਜਾ ਸਕਦੀ ਹੈ। ਬਹੁਤੀ ਵਾਰ ਪ੍ਰਤੀਕ ਕਹਾਣੀ ਦੇ ਸਿਰਲੇਖ ਵਿੱਚ ਹੀ ਲੁਕਿਆ ਹੁੰਦਾ ਹੈ ਅਤੇ ਕਈ ਵਾਰ ਸਭਿਆਚਾਰਕ ਜਾਂ ਮਿਥਿਹਾਸਕ ਕਿਰਦਾਰਾਂ ਨੂੰ ਪ੍ਰਤੀਕ ਵਜੋਂ ਵਰਤਿਆ ਜਾਂਦਾ ਹੈ। ਇਸ ਢੰਗ ਦੀ ਸਮੀਖਿਆ ਨਾਲ਼ ਵਿਚਾਰ ਅਧੀਨ ਕਹਾਣੀ-ਸੰਗ੍ਰਹਿ 'ਮੋਰ ਪੈਲ਼ ਕਿਉਂ ਨਹੀਂ ਪਾਉਂਦੇ' ਵਿਚਲੀਆਂ ਕਹਾਣੀਆਂ ਵਿਚਲੇ ਪ੍ਰਤੀਕਾਂ ਦੀ ਪਹਿਚਾਣ ਕੀਤੀ ਜਾਵੇਗੀ। ਇਹਨਾਂ ਕਹਾਣੀਆਂ ਵਿੱਚੋਂ ਸਭ ਤੋਂ ਪਹਿਲਾਂ ਵਸਤੂ ਰੂਪੀ ਪ੍ਰਤੀਕਾਂ ਨੂੰ ਚਰਚਾ ਦਾ ਵਿਸ਼ਾ ਬਣਾਇਆ ਜਾਵੇਗਾ।

ਇਸ ਕਹਾਣੀ-ਸੰਗ੍ਰਹਿ ਦਾ ਸਿਰਲੇਖ ਜਿਸ ਕਹਾਣੀ ਤੋਂ ਲਿਆ ਗਿਆ ਹੈ ਉਹ ਹੈ **'ਮੋਰ ਪੈਲ਼ ਕਿਉਂ ਨਹੀਂ ਪਾਉਂਦੇ'** ਜਿਸ ਵਿੱਚ ਮੋਰਾਂ ਦੀਆਂ ਪੈਲ਼ਾਂ ਨੂੰ ਖ਼ੁਸ਼ੀ ਦੇ ਪ੍ਰਤੀਕ ਵਜੋਂ ਵਰਤਿਆ ਗਿਆ ਹੈ। ਅਸਲ ਵਿੱਚ ਇਹ ਕਹਾਣੀ ਸਾਡੇ ਸਮਾਜ ਵਿੱਚ ਪ੍ਰਚਲਿਤ ਜ਼ਾਤ-ਪਾਤ ਦੇ ਪਾੜੇ ਨੂੰ ਚਿਤਰਤ ਕਰਦੀ ਹੈ। ਇਸ ਕਹਾਣੀ ਦਾ ਮੈਂ ਪਾਤਰ ਪ੍ਰਿੰਸੀਪਲ ਜਗਦੇਵ

ਸਿੰਘ ਉੱਚੀ ਜ਼ਾਤ ਦਾ ਜ਼ਮੀਨ ਵਾਲੇ ਕਿਸਾਨ ਦਾ ਪੁੱਤ ਹੋਣ ਕਾਰਨ ਪੜ੍ਹ-ਲਿਖ ਕੇ ਅਧਿਆਪਕ ਤੇ ਫਿਰ ਪ੍ਰਿੰਸੀਪਲ ਬਣ ਜਾਂਦਾ ਹੈ। ਪਰ ਉਸ ਦਾ ਦੋਸਤ ਨਿੱਕਾ ਪੜ੍ਹਾਈ ’ਚ ਹੁਸ਼ਿਆਰ ਹੋਣ ਦੇ ਬਾਵਜੂਦ ਛੋਟੀ ਜ਼ਾਤ ਦਾ ਹੋਣ ਕਾਰਨ ਅੱਗੇ ਨਹੀਂ ਪੜ੍ਹਦਾ। ਉਹਨਾਂ ਦੀ ਦੋਸਤੀ ਅਤੇ ਫਿਰ ਨਿੱਕੇ ਦੀ ਭੈਣ ਪਾਰੋ ਨੂੰ ਚਾਹੁਣਾ ਇਸੇ ਜ਼ਾਤ ਬਰਾਦਰੀ ਦੇ ਰਾਖ਼ਸ਼ਸ ਦੀ ਭੇਂਟ ਚੜ੍ਹਦਾ ਹੈ। ਕਹਾਣੀਕਾਰ ਨੇ ਮੋਰਾਂ ਦੀਆਂ ਪੈਲ਼ਾਂ ਨੂੰ ਕੇਂਦਰ ਵਿੱਚ ਰੱਖ ਕੇ ਗ਼ਰੀਬਾਂ ਅਤੇ ਅਮੀਰਾਂ ਦੇ ਜੀਵਨ ਅਤੇ ਵਸੀਲਿਆਂ ਦੀ ਤੁਲਨਾ ਕੀਤੀ ਗਈ ਹੈ। ਇਸ ਕਹਾਣੀ ਵਿੱਚ ਪਾਰੋ ਦਾ ਸੰਵਾਦ ਹੈ, ‘ਨਾਲ਼ੇ ਸਾਡੇ ਗ਼ਰੀਬਾਂ ਦੇ ਮੋਰ ਤਾਂ ਮੀਂਹ ਨਾਲ਼ ਵੀ ਖੁਰ ਜਾਂਦੇ, ਥੋਡੀ ਹਵੇਲੀ ਵਾਲਾ ਮੋਰ ਤਾਂ ਪੱਕਾ ਐ- ਲੋਹੇ ਦਾ ਮੀਂਹ ਕਣੀ ਦਾ ਵੀ ਅਸਰ ਨ੍ਹੀਂ ਉਹਦੇ ’ਤੇ।’ [3] ਇਸ ਕਹਾਣੀ ਦੇ ਅੰਤਲੇ ਪਾਸਾਰ ਵਿੱਚ ਜਗਦੇਵ ਆਪਣੇ ਖ਼ੁਦ ਦੇ ਅਵਚੇਤਨ ਅੱਗੇ ਮਜਬੂਰ ਅਤੇ ਸ਼ਰਮਸਾਰ ਵੀ ਹੁੰਦਾ ਹੈ ਜੋ ਉਹਨਾਂ ਮਾਨਤਾਵਾਂ ਨੂੰ ਆਪ ਵੀ ਮੰਨ ਰਿਹਾ ਹੈ। ਕਹਾਣੀ ‘ਅਲੇਹਾ’ ਵਿੱਚ ਸਿਰਲੇਖ ਪੜ੍ਹਦਿਆਂ ਪਾਠਕ ਦੇ ਤਸੱਵਰ ਵਿੱਚ ਇਕ ਅਜਿਹੇ ਜੰਗਲੀ ਘਾਹ ਦਾ ਦ੍ਰਿਸ਼ ਸਿਰਜਿਆ ਜਾਂਦਾ ਹੈ ਜੋ ਸਉਣੀ ਦੀ ਫ਼ਸਲਾਂ ਵਿੱਚ ਨਦੀਨ ਵਜੋਂ ਉੱਗਿਆ ਹੁੰਦਾ ਹੈ। ਇਸ ਘਾਹ ਦੇ ਸਿਰਿਆਂ ’ਤੇ ਬਹੁਤ ਬਰੀਕ ਜਿਹੇ ਪਰ ਕੰਢਿਆਲੇ ਫੁੱਲ ਲੱਗਦੇ ਹਨ ਜੋ ਜੇ ਲੰਘਣ ਵਾਲੇ ਦੇ ਕੱਪੜਿਆਂ ਨੂੰ ਲੱਗ ਜਾਣ ਤਾਂ ਛੇਤੀ ਉਤਰਦੇ ਨਹੀਂ। ਪਾਠਕ ਦੀ ਉਤਸੁਕਤਾ ਕਹਾਣੀ ਦੇ ਵਿਸ਼ੇ ਪ੍ਰਤਿ ਵੱਧਦੀ ਹੈ ਕਿ ਕਹਾਣੀਕਾਰ ਨੇ ਇਸ ਘਾਹ ਨੂੰ ਕਿਹੜੇ ਅਰਥਾਂ ਵਿੱਚ ਵਰਤਿਆ ਹੋਵੇਗਾ। ਪੜ੍ਹਤ ਵੱਲ ਅੱਗੇ ਵੱਧਦਿਆਂ ਕਹਾਣੀਕਾਰ ਦੀ ਕਲਾ ਦੇ ਦਰਸ਼ਨ ਹੁੰਦੇ ਹਨ ਜਿਸ ਨੇ ਇਸ ਪ੍ਰਤੀਕ ਨੂੰ ਪਿੱਤਰੀਸੱਤੀ ਜ਼ਾਤੀਵਾਦੀ ਬਿਮਾਰ ਮਾਨਸਿਕਤਾ ਨੂੰ ਦਰਸਾਉਣ ਲਈ ਵਰਤਿਆ ਹੈ ਜੋ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਵਿਅਕਤੀ ਦੇ ਅਵਚੇਤਨ ਵਿੱਚ ਹਾਜ਼ਰ ਰਹਿੰਦੀ ਹੈ। ਇਸ ਕਹਾਣੀ ਵਿੱਚ ਮੈਂ ਪਾਤਰ ਕੁਮਾਰ ਸਰ ਇਕ ਸ਼ਾਇਰ ਅਤੇ ਕਹਾਣੀਕਾਰ ਹੈ ਜਿਸ ਦੀ ਵਿਦੇਸ਼ ਜਾ ਵੱਸੀ ਪ੍ਰਸ਼ੰਸ਼ਕ ਮਨਦੀਪ ਦਾ ਵਿਆਹ ਉਸ ਤੋਂ ਦੁਗਣੀ ਉਮਰ ਦਾ NRI ਵਿਅਕਤੀ ਨਾਲ਼ ਕਰ ਦਿੱਤਾ ਜਾਂਦਾ ਹੈ। ਉਸ ਦਾ ਆਪਣੇ ਪ੍ਰੇਮੀ ਨਾਲ਼ ਵਿਆਹੇ ਜਾਣ ਦਾ ਸੁਪਨਾ ਪੂਰਾ ਨਹੀਂ ਹੁੰਦਾ ਕਿਉਂਕਿ ਉਹ ਛੋਟੀ ਜ਼ਾਤ ਦਾ ਸੀ ਅਤੇ ਉਸ ਦੇ ਮੁਕਾਬਲੇ NRI ਅਮੀਰ ਵੀ ਸੀ। ਵਿਆਹ ਤੋਂ ਬਾਅਦ ਔਲਾਦ ਤੋਂ ਮਹਿਰੂਮ ਮਨਦੀਪ ਵਿਦੇਸ਼ ਵਿੱਚ ਆਪਣੀ ਗੁਆਂਢਣ ਲਿੰਡਾ ਦੀ ਆਜ਼ਾਦ ਜੀਵਨ ਸ਼ੈਲੀ ਤੋਂ ਬਹੁਤ ਪ੍ਰਭਾਵਿਤ ਹੁੰਦੀ ਹੈ। ਉਸ ਦੀ ਕਿਤਾਬਾਂ ਪੜ੍ਹਨ ਅਤੇ ਵੱਖਰੇ ਵੱਖਰੇ ਦੇਸ਼ਾਂ ਵਿੱਚ ਘੁੰਮਣ ਫਿਰਨ ਦੀ ਆਦਤ ਮਨਦੀਪ ਹਮੇਸ਼ਾ ਸਲਾਹੁੰਦੀ ਹੈ। ਲਿੰਡਾ ਦੁਆਰਾ ਅਫ਼ਰੀਕਨ ਬੱਚੀ ਨੂੰ ਗੋਦ ਲੈਣਾ ਵੀ ਉਸ ਨੂੰ ਬਹੁਤ ਚੰਗਾ ਲੱਗਦਾ ਹੈ ਤੇ ਉਹ ਉਸ ਬੱਚੀ ਦੀ ਕਿਸਮਤ ’ਤੇ ਰਸ਼ਕ ਵੀ ਕਰਦੀ ਹੈ। ਪਰ ਇਹੀ ਜ਼ਾਤਪਾਤ ਵਿਰੋਧੀ ਸੋਚ ਉਹ ਆਪ ਅਪਣਾਉਣ ਤੋਂ ਮੁਨਕਰ ਹੈ। ਉਸ ਦੇ ਅਵਚੇਤਨ ਵਿੱਚੋਂ ਪਿੱਤਰੀਸੱਤੀ ਸੋਚ ਅਲੇਹੇ ਵਾਂਗ ਲਾਹ ਸੁਟਣੀ ਅਸੰਭਵ ਹੈ। ਇਸ ਕਹਾਣੀ-ਸੰਗ੍ਰਹਿ ਦੀ ਕਹਾਣੀ **‘ਧੂੰਆਂ’** ਦਾ ਸਿਰਲੇਖ ਵੀ ਇਕ ਪ੍ਰਤੀਕ ਦੇ ਰੂਪ ਵਿੱਚ ਵਰਤਿਆ ਗਿਆ ਹੈ। ਇਹ ਕਹਾਣੀ ਟਾਂਗੇ ਵਾਲੇ ਲੱਛੂ ਦੀ ਕਹਾਣੀ ਹੈ ਜੋ ਆਪਣੇ ਭਰਾ ਦੇ ਪੋਤੇ ਵੱਲੋਂ ਫੈਲਾਏ ਦੌਲਤ ਅਤੇ ਸ਼ੁਹਰਤ ਦੇ ਸਾਹ-ਘੋਟੂ ਧੂੰਏਂ ਵਿੱਚ ਸਾਹ ਲੈਣ ਤੋਂ ਆਪਣੇ ਆਪ ਨੂੰ ਬਚਾਅ ਲੈਂਦਾ ਹੈ। ਉਹ ਯਾਦ ਕਰਦਾ ਹੈ ਕਿ

ਆਪਣੇ ਪਿਉ ਅਤੇ ਭਰਾਵਾਂ ਵਾਂਗ ਹੱਟੀ ਜਾਂ ਆੜਤ ਦੇ ਕਾਰੋਬਾਰ ਨੂੰ ਨਾ ਅਪਣਾ ਕੇ ਟਾਂਗਾ ਚਲਾਉਣ ਦੇ ਕੰਮ ਨੂੰ ਅਪਣਾਉਣ ਵਾਲਾ ਉਹ ਪੰਡਿਤ ਸਬਰ ਸੰਤੋਖ ਨਾਲ਼ ਜੀਵਨ ਬਤੀਤ ਕਰਨ ਨੂੰ ਤਰਜੀਹ ਦਿੰਦਾ ਸੀ। ਉਸ ਨੂੰ ਕੇਵਲ ਸੌਖੀ ਜ਼ਿੰਦਗੀ ਬਤੀਤ ਕਰਨ ਜਿੰਨੀ ਦੌਲਤ ਹੀ ਲੋੜੀਂਦੀ ਸੀ। ਹੁਣ ਜਦ ਉਹ ਆਪਣੇ ਭਰਾ ਦੇ ਪੋਤੇ ਵੱਲੋਂ ਮਿਲੇ ਸੱਦੇ ’ਤੇ ਇਕ ਬਰਸੀ ਸਮਾਗਮ ਵਿੱਚ ਸ਼ਿਰਕਤ ਕਰਦਾ ਹੈ ਤਾਂ ਉਸ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਦੌਲਤ ਦੇ ਮਾਇਆਜਾਲ ਵਿੱਚ ਨਾ ਫਸ ਕੇ ਉਸ ਨੇ ਆਪਣੀ ਜ਼ਿੰਦਗੀ ਕਿੰਨੀ ਸੁਖਾਲੀ ਰੱਖੀ ਹੈ। ਜਦ ਉਸ ਨੂੰ ਇਹ ਪਤਾ ਲੱਗਦਾ ਹੈ ਕਿ ਉਸ ਦੇ ਭਰਾ ਦਾ ਪੋਤਾ ਆਪਣੀ ਦੌਲਤ ਨੂੰ ਵਧਾਉਣ ਲਈ ਗ਼ਰੀਬਾਂ ਦੇ ਹੱਕ ਮਾਰਨ ਤੋਂ ਵੀ ਗ਼ੁਰੇਜ਼ ਨਹੀਂ ਕਰਦਾ ਅਤੇ ਕਿਸੇ ਨਾ ਕਿਸੇ ਤਰ੍ਹਾਂ ਉਹਨਾਂ ਦੀ ਜ਼ਮੀਨ ਵੀ ਖੋਹ ਲੈਣਾ ਚਾਹੁੰਦਾ ਹੈ ਤਾਂ ਉਸ ਦੌਲਤਮੰਦ ਦੂਸ਼ਿਤ ਮਾਹੌਲ ਵਿੱਚ ਉਸ ਦਾ ਦਮ ਘੁੱਟਣ ਲੱਗਦਾ ਹੈ।

ਇਸ ਕਹਾਣੀ-ਸੰਗ੍ਰਹਿ ਵਿੱਚ ਕਹਾਣੀਕਾਰ ਵੱਲੋਂ ਜ਼ਿਆਦਾਤਰ ਕਹਾਣੀਆਂ ਵਿੱਚ ਕਿਰਦਾਰ ਰੂਪੀ ਪ੍ਰਤੀਕ ਸਿਰਜੇ ਗਏ ਹਨ। ਇਸ ਸਬੰਧੀ ਸਭ ਤੋਂ ਪਹਿਲਾਂ **‘ਰੱਬ ਜੀ’** ਕਹਾਣੀ ਵੇਖੀ ਜਾ ਸਕਦੀ ਹੈ ਜਿਸ ਵਿੱਚ ਕਹਾਣੀਕਾਰ ਨੇ ਰੱਬ ਵਰਗੇ ਬੰਦੇ ਨੂੰ ਪ੍ਰਤੀਕ ਬਣਾ ਕੇ ਕਹਾਣੀਕਾਰ ਨੇ ਧੋਖਾ ਦੇਣ ਵਾਲੇ ਬੇਸ਼ਰਮ ਵਿਅਕਤੀਆਂ ਦੇ ਵਿਰੁੱਧ ਵਰਤਿਆ ਹੈ। ਇਸ ਕਹਾਣੀ ਵਿੱਚ ਰੱਬ ਜੀ ਨਾਮਕ ਇਸ ਪਾਤਰ ਦੇ ਮੁਕਾਬਲੇ ਸਰਬਾ ਨਾਮ ਦਾ ਧੋਖੇਬਾਜ਼ ਪਾਤਰ ਹੈ ਜੋ ਆਪਣੀ ਅਮੀਰੀ ਦੀ ਧੌਂਸ ਜਮਾਉਂਦੇ ਹੋਏ ਰੱਬ ਜੀ ਨਾਮਕ ਪਾਤਰ ਦੀ ਪਤਨੀ ਨਾਲ਼ ਨਾਜਾਇਜ਼ ਸਬੰਧ ਬਣਾਉਂਦਾ ਹੈ। ਰੱਬ ਜੀ ਗ਼ਰੀਬ ਹੋਣ ਕਾਰਨ ਚਾਹ ਕੇ ਵੀ ਉਸ ਦਾ ਕੁਝ ਨਹੀਂ ਵਿਗਾੜ ਸਕਦਾ। ਇਸ ਕਹਾਣੀ ਦੇ ਅੰਤ ਵਿੱਚ ਰੱਬ ਜੀ ਪਾਤਰ ਇਕ ਰੁਮਾਲ ਨੂੰ ਪ੍ਰਤੀਕ ਬਣਾ ਸਰਬੇ ਤੋਂ ਉਸ ਦੀ ਇਸ ਬੇਸ਼ਰਮੀ ਦਾ ਬਦਲਾ ਲੈਂਦਾ ਹੈ। ਇਸ ਅਮੀਰ ਪਾਤਰ ਨੂੰ ਸਥਾਪਤ ਕਰਨ ਲਈ ਕਹਾਣੀਕਾਰ ਅਮਰੀਕਾ ਦੇਸ਼ ਦਾ ਪ੍ਰਤੀਕ ਵਰਤਦਾ ਹੈ ਜੋ ਹਰ ਗ਼ਰੀਬ ਦੇਸ਼ ’ਤੇ ਧੌਂਸ ਜਮਾਉਂਦਾ ਹੈ। ਇਸ ਕਹਾਣੀ ਵਿੱਚ ਰੱਬ ਜੀ ਪਾਤਰ ਦਾ ਇਕ ਸੰਵਾਦ ਹੈ, ‘ਅਪਸਰਾ! ਡਾਹਡੇ ਦਾ ਸੱਤੀ ਵੀਹੀਂ ਸੌ ਹੁੰਦਾ। ਭਮੇ ਬੰਦਾ ਹੋਵੇ ਚਾਹੇ ਮੁਲਖ਼, ਮਾੜੇ ਨੂੰ ਦਬਾਉਂਦਾ ਈ ਦਬਾਉਂਦਾ। ਗ਼ਰੀਬ ਦੀ ਜ਼ਨਾਨੀ ਨੂੰ ਤਾਂ ਸ਼ਾਮਲਾਟ ਈ ਸਮਝਦੈ। ਹਰੇਕ ਈ ਕੋਠਾ ਛੱਤਣ ਨੂੰ ਫਿਰਦਾ ਹੁੰਦਾ। ਆਹ ਸ਼ਾਡੇ ਆਲਾ ਸਰਦਾਰ ਸਰਬ ਸਿੰਹੁ ਕਿਹੜਾ ’ਮਰੀਕਾ ਨਾਲ਼ੋਂ ਘੱਟ ਐ। ਸ਼ਰੇਆਮ ਧੱਕਾ ਕਰਦਾ। ਤੈਨੂੰ ਕਿਹੜਾ ਭੁੱਲ ਐ...?’[4] ਇਸ ਕਿਰਦਾਰ ਵਰਗਾ ਇਕ ਹੋਰ ਪ੍ਰਤੀਕ **‘ਸਿੱਧਾ ਬੰਦਾ’** ਨਾਮਕ ਕਿਰਦਾਰ ਪ੍ਰਧਾਨ ਕਹਾਣੀ ਵਿੱਚ ਵੀ ਚਿਤਰਤ ਕੀਤਾ ਗਿਆ ਹੈ। ਇਸ ਕਹਾਣੀ ਦਾ ਮੈਂ ਪਾਤਰ ਹਰਜੀਤ ਆਪਣੀ ਪਤਨੀ ਲਈ ਵਿਸ਼ਵਾਸ ਕਰਨ ਯੋਗ ਪਾਤਰ ਸਿੱਧ ਨਹੀਂ ਹੋ ਰਿਹਾ ਕਿਉਂਕਿ ਉਹ ਹੋਰ ਕਈ ਔਰਤਾਂ ਨਾਲ਼ ਸਬੰਧ ਬਣਾ ਰਿਹਾ ਹੈ ਅਤੇ ਇਸ ਪਾਤਰ ਦੀ ਤੁਲਨਾ ਵਿੱਚ ਕਹਾਣੀਕਾਰ ਨੇ ਸਿੱਧਾ ਬੰਦਾ ਪ੍ਰਤੀਕ ਵਰਤ ਕੇ ਇਕ ਕਿਰਦਾਰ ਘੜਿਆ ਹੈ ਜੋ ਹੱਦ ਦਰਜੇ ਦਾ ਸਿੱਧਾ ਸਾਦਾ ਹੈ ਕਿ ਕਿਸੇ ਹਾਲਤ ਵਿੱਚ ਵੀ ਆਪਣੀ ਪਤਨੀ ’ਤੇ ਸ਼ੱਕ ਨਹੀਂ ਕਰਦਾ। ਅਸਲ ਵਿੱਚ ਉਸ ਸਿੱਧੇ ਬੰਦੇ ਰਾਹੀਂ ਕਹਾਣੀਕਾਰ ਪਤੀ-ਪਤਨੀ ਦੇ ਰਿਸ਼ਤੇ ਦੀ ਪਵਿੱਤਰਤਾ ਸਮਝਾਉਣੀ ਚਾਹੁੰਦਾ ਹੈ। ਉਹ ਅਣਪੜ੍ਹ ਵਿਅਕਤੀ ਹਰ ਹਾਲ ਵਿੱਚ ਆਪਣੀ ਪਤਨੀ ਦਾ ਫ਼ਿਕਰ ਕਰਦਾ ਹੈ ਜਦੋਂ ਕਿ ਉਸੇ ਸਮੇਂ ਮੈਂ ਪਾਤਰ

ਕਿਸੇ ਹੋਰ ਔਰਤ ਨਾਲ਼ ਮਿਲਣ ਜਾਣ ਲਈ ਆਪਣੀ ਪਤਨੀ ਨਾਲ਼ ਝੂਠ ਬੋਲ ਰਿਹਾ ਹੁੰਦਾ ਹੈ।

ਕਿਰਦਾਰ ਰੂਪੀ ਪ੍ਰਤੀਕਾਂ ਦੀ ਲੜੀ ਵਿੱਚ ਇਕ ਹੋਰ ਕਹਾਣੀ '**ਓਅਨਾ ਓਡਵਾਈਰ**' ਜ਼ਿਕਰ ਯੋਗ ਹੈ ਜਿਸ ਵਿੱਚ ਇਤਿਹਾਸਕ ਘਟਨਾ ਨੂੰ ਵਿਸ਼ਾ ਬਣਾ ਕੇ ਦੋ ਕਿਰਦਾਰਾਂ ਅਰਥਾਤ ਮਾਈਕਲ ਫਰਾਂਸਿਸ ਓਡਵਾਇਰ ਅਤੇ ਸ਼ਹੀਦ ਊਧਮ ਸਿੰਘ ਦੇ ਵਿਅਕਤਿਤਵਾਂ ਦੀ ਤੁਲਨਾ ਕੀਤੀ ਗਈ ਹੈ। ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ ਨੂੰ ਆਧਾਰ ਬਣਾ ਕੇ ਕਹਾਣੀਕਾਰ ਨੇ ਜਿਥੇ ਇਸ ਸਾਰੀ ਘਟਨਾ ਦਾ ਇਕ ਵੱਖਰਾ ਪੱਖ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਉਥੇ ਮਾਈਕਲ ਫਰਾਂਸਿਸ ਓਡਵਾਇਰ ਦੀ ਪਤਨੀ ਓਅਨਾ ਓਡਵਾਇਰ ਨੂੰ ਇਕ ਚਿੰਤਕ ਦੇ ਰੂਪ ਵਿੱਚ ਚਿਤਰਿਆ ਹੈ। ਕਹਾਣੀ ਵਿੱਚ ਇਕ ਜਗਹ ਓਅਨਾ ਊਧਮ ਸਿੰਘ ਦੀ ਫਾਂਸੀ ਦੀ ਖ਼ਬਰ ਦੀ ਪ੍ਰਤਿਕ੍ਰਿਆ ਵਿੱਚ ਕਹਿੰਦੀ ਹੈ, 'ਮਿਸਟਰ ਰੌਲਿੰਗਜ਼! ਹੈਰਾਨ ਹੋਣ ਦੀ ਲੋੜ ਨਹੀਂ ਹੈ। ਹਰ ਕੌਮ ਦੇ ਆਪਣੇ ਸ਼ਹੀਦ ਹੁੰਦੇ ਹਨ। ਜਿਵੇਂ ਅੰਗਰੇਜ਼ ਕੌਮ ਲਈ ਮਾਈਕਲ ਸ਼ਹੀਦ ਹੋ ਸਕਦਾ ਹੈ ਪਰ ਹਿੰਦੋਸਤਾਨੀਆਂ ਲਈ ਇਕ ਬੁੱਚੜ ਪ੍ਰਸ਼ਾਸ਼ਕ ਤੋਂ ਵੱਧ ਕੁਝ ਵੀ ਨਹੀਂ। ਇਵੇਂ ਮੁਹੰਮਦ ਸਿੰਘ ਆਜ਼ਾਦ ਜਾਂ ਜਿਵੇਂ ਤੁਸੀਂ ਦੱਸਿਆ ਹੈ ਊਧਮ ਸਿੰਘ ਸਾਡੇ ਲਈ ਕਾਤਲ ਹੈ ਪਰ ਆਪਣੇ ਲੋਕਾਂ ਲਈ ਸ਼ਹੀਦ ਬਣ ਜਾਵੇਗਾ। ਤੁਹਾਡੀਆਂ ਅਦਾਲਤਾਂ ਇੱਕ ਨਾ ਇੱਕ ਦਿਨ ਉਸ ਨੂੰ ਫਾਂਸੀ ਦੇ ਤਖ਼ਤੇ ਤੱਕ ਲੈ ਹੀ ਜਾਣਗੀਆਂ।'[5] ਇਸ ਕਹਾਣੀ-ਸੰਗ੍ਰਹਿ ਵਿੱਚ ਕਹਾਣੀਕਾਰ ਨੇ ਇਕ ਕਹਾਣੀ ਮਿਥਿਹਾਸਕ ਕਿਰਦਾਰ ਦੇ ਪ੍ਰਤੀਕ ਨੂੰ ਲੈ ਕੇ ਵੀ ਲਿਖੀ ਹੈ ਜਿਸ ਦਾ ਸਿਰਲੇਖ '**ਦਰੋਣਾਚਾਰੀਆ**' ਹੈ। ਇਸ ਕਹਾਣੀ ਵਿੱਚ ਕਹਾਣੀਕਾਰ ਨੇ ਸਿਖਿਆ ਖੇਤਰ ਵਿੱਚ ਜ਼ਾਤਪਾਤ ਕਾਰਨ ਅਧਿਆਪਕਾਂ ਵਿੱਚ ਦੀਆਂ ਆਪਸੀ ਰੰਜ਼ਿਸ਼ਾਂ ਨੂੰ ਵਿਸ਼ਾ ਬਣਾਇਆ ਹੈ। ਮਹਾਂਭਾਰਤ ਮਹਾਂਕਾਵਿ ਵਿੱਚ ਦਰੋਣਾਚਾਰੀਆ ਨੇ ਛੋਟੀ ਜ਼ਾਤ ਦਾ ਹੋਣ ਕਾਰਨ ਏਕਲਵਿਆ ਦਾ ਅੰਗੂਠਾ ਗੁਰੂ ਦੱਖਣਾ 'ਚ ਮੰਗ ਲਿਆ ਸੀ ਤਾਂ ਕਿ ਉਹ ਅਰਜੁਨ ਤੋਂ ਵੱਡਾ ਤੀਰਅੰਦਾਜ਼ ਨਾ ਬਣ ਸਕੇ। ਉਸੇ ਮਾਨਸਿਕਤਾ ਅਧੀਨ ਮਾਸਟਰ ਕਰਨੈਲ ਸਿੰਘ ਉੱਚੀ ਜ਼ਾਤ ਦਾ ਹੋਣ ਕਾਰਨ ਆਪਣੇ ਛੋਟੀ ਜ਼ਾਤ ਦੇ ਆਪਣੇ ਸਾਥੀ ਅਧਿਆਪਕਾਂ ਨਾਲ਼ ਵਿਤਕਰਾ ਕਰਦਾ ਹੈ। ਇਥੋਂ ਤਕ ਸਕੂਲ ਅਤੇ ਵਿਦਿਆਰਥੀਆਂ ਲਈ ਕੁਝ ਵੀ ਨਾ ਕਰਨ ਦੇ ਬਾਵਜੂਦ ਸਿਫ਼ਾਰਸ਼ ਨਾਲ਼ ਐਵਾਰਡ ਵੀ ਪ੍ਰਾਪਤ ਕਰਦਾ ਹੈ।

ਕੁਝ ਕਹਾਣੀਆਂ ਵਿੱਚ ਕਹਾਣੀਕਾਰ ਨੇ ਸਥਾਨ ਅਤੇ ਸੋਚ ਨੂੰ ਵੀ ਪ੍ਰਤੀਕ ਵਜੋਂ ਵਰਤਿਆ ਹੈ। ਕਹਾਣੀ '**ਨਿੱਕੇ ਅੰਬਰ 'ਤੇ ਵੱਡੀ ਉਡਾਰੀ**' ਵਿੱਚ ਕਹਾਣੀਕਾਰ ਨੇ ਨਿੱਕੇ ਅੰਬਰ ਕਿਸੇ ਹਯਾਤੀ ਦੇ ਸੀਮਿਤ ਸ੍ਰੋਤਾਂ ਨੂੰ ਕਿਹਾ ਹੈ ਅਤੇ ਮਨੁੱਖ ਦੇ ਆਪਣੀ ਜ਼ਿੰਦਗੀ ਤੋਂ ਸੰਤੁਸ਼ਟ ਹੋਣ ਦੀ ਬਾਤ ਪਾਈ ਹੈ। ਇਸ ਕਹਾਣੀ ਦਾ ਮੈਂ ਪਾਤਰ ਅਮਰ ਆਪਣੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਦੋ ਇਸਤਰੀ ਪਾਤਰਾਂ ਹਰਜੀਤ ਅਤੇ ਜੈਸਿਕਾ ਦੀਆਂ ਇਛਾਵਾਂ ਦੀ ਤੁਲਨਾ ਕਰਦਾ ਹੈ। ਇਕ ਪਾਸੇ ਉਸਦੀ ਪਤਨੀ ਹਰਜੀਤ ਦੀ ਬਾਹਰਲੇ ਦੇਸ਼ ਜਾ ਵੱਸਣ ਦੀ ਲਾਲਸਾ ਕਾਰਨ ਉਹਨਾਂ ਦਾ ਜੀਵਨ ਆਜ਼ਾਬ ਬਣ ਜਾਂਦਾ ਹੈ ਅਤੇ ਦੂਜੇ ਪਾਸੇ ਥਾਈਲੈਂਡ ਵਿੱਚ ਜਿਸਮ ਫ਼ਰੋਸ਼ੀ ਦਾ ਧੰਦਾ ਕਰਦੀ ਜੈਸਿਕਾ ਹੈ ਜੋ ਇਸੇ ਲਈ ਇਸ ਕੰਮ ਰਾਹੀਂ ਰਕਮ ਇਕੱਠੀ ਕਰ ਰਹੀ ਹੈ ਕਿ ਆਪਣੇ ਪਿੰਡ ਆਪਣੇ ਪ੍ਰੇਮੀ ਨਾਲ਼ ਵਿਆਹ

ਕਰਵਾ ਕੇ ਸੈੱਟ ਹੋ ਸਕੇ। ਇਸੇ ਕਹਾਣੀ-ਸੰਗ੍ਰਹਿ ਦੀ ਇਕ ਹੋਰ ਮਹੱਤਵਪੂਰਨ ਕਹਾਣੀ ਹੈ **'ਚੱਲ ਟਿਮ ਹੌਰਟਨ ਚੱਲੀਏ'** ਜੋ ਇੰਜੀ. ਬਲਦੇਵ ਸਿੰਘ ਅਤੇ ਉਸ ਦੀ ਪਤਨੀ ਹਰਬੰਸ ਕੌਰ ਦੀ ਹੀ ਕਹਾਣੀ ਨਹੀਂ ਸਗੋਂ ਅੱਜ ਦੇ ਸਮੇਂ ਵਿੱਚ ਹਰ ਉਸ ਪੰਜਾਬੀ ਦੀ ਕਹਾਣੀ ਹੈ ਜੋ ਆਪਣੀ ਔਲਾਦ ਦੇ ਪਿੱਛੇ ਵਿਦੇਸ਼ ਜਾ ਵੱਸਦਾ ਹੈ। ਸਭਿਆਚਾਰਕ ਅਤੇ ਪਰਿਵਾਰਕ ਸੰਰਚਨਾ ਦੇ ਵੱਖਰੇਂਵੇਂ ਕਾਰਨ ਇਹ ਪਰਵਾਸੀ ਪੰਜਾਬੀ ਕਈ ਤਰ੍ਹਾਂ ਦੇ ਮਾਨਸਿਕ ਸੰਤਾਪ ਹੰਢਾਉਂਦੇ ਹਨ। ਦੂਜੇ ਪਾਸੇ ਪੱਛਮੀ ਦੇਸ਼ਾਂ ਦੇ ਰੰਗ-ਢੰਗ ਨੂੰ ਅਪਣਾ ਚੁੱਕੀ ਆਪਣੀ ਔਲਾਦ ਲਈ ਇਹ ਬੋਝ ਬਣ ਜਾਂਦੇ ਹਨ। ਇਸ ਕਹਾਣੀ ਵਿੱਚ ਵੀ ਇਹ ਬਜ਼ੁਰਗ ਜੋੜੀ ਇਸੇ ਸੰਤਾਪ ਨੂੰ ਝੱਲ ਰਹੀ ਹੈ। ਕਹਾਣੀਕਾਰ ਨੇ ਇਥੇ ਟਿਮ ਹੌਰਟਨ ਨੂੰ ਇਕ ਅਜਿਹੇ ਪ੍ਰਤੀਕ ਸਥਾਨ ਵਜੋਂ ਵਰਤਿਆ ਹੈ ਜੋ ਇਸ ਬਜ਼ੁਰਗ ਜੋੜੀ ਲਈ ਇਸ ਸੰਤਾਪ ਨੂੰ ਖ਼ਤਮ ਕਰਨ ਦਾ ਕਾਰਨ ਸਿੱਧ ਹੁੰਦਾ ਹੈ। ਆਪਣੇ ਦੇਸ਼ ਵਰਗੀਆਂ ਖਾਣ-ਪੀਣ ਦੀਆਂ ਵਸਤਾਂ ਉਥੇ ਮਿਲਣ ਕਾਰਨ ਉਹ ਉਥੇ ਜਾ ਕੇ ਚਿੰਤਾ ਮੁਕਤ ਮਹਿਸੂਸ ਕਰਦੇ ਹਨ।

ਇਸ ਸੰਗ੍ਰਹਿ ਵਿੱਚ ਕਹਾਣੀਕਾਰ ਗੁਰਮੀਤ ਕੜਿਆਲਵੀ ਨੇ ਮਲਵਈ ਭਾਸ਼ਾ ਵਰਤੀ ਹੈ। ਉਸ ਦੇ ਸੰਵਾਦ ਸਰਲ ਅਤੇ ਰੌਚਕ ਹਨ ਜੋ ਪਾਤਰਾਂ ਅਤੇ ਸਥਿਤੀ ਦੇ ਅਨੁਸਾਰੀ ਹਨ। ਇਹ ਕਹਾਣੀਆਂ ਪ੍ਰਤੀਕਾਤਮਕ ਸ਼ੈਲੀ ਵਿੱਚ ਲਿਖੀਆਂ ਗਈਆਂ ਹਨ ਅਤੇ ਪੰਜਾਬੀ ਜਨਜੀਵਨ ਦੇ ਯਥਾਰਥ ਦੁਆਲੇ ਘੁੰਮਦੀਆਂ ਹਨ। ਜੀਵਨ ਦੀਆਂ ਮੁਸੀਬਤਾਂ ਅਤੇ ਮਸਲਿਆਂ ਦਾ ਚਿੱਤਰਣ ਮਨੋਵਿਗਿਆਨਕ ਸੂਝ ਨਾਲ਼ ਕੀਤਾ ਗਿਆ ਹੈ ਅਤੇ ਲੋੜੀਂਦੇ ਕਲਾਤਮਕ ਢੰਗ ਕਾਰਨ ਇਹ ਕਹਾਣੀਆਂ ਸੰਪੂਰਨ ਹੁੰਦੀਆਂ ਹਨ। ਇਹੀ ਕਲਾਤਮਕਤਾ ਇਹਨਾਂ ਕਹਾਣੀਆਂ ਨੂੰ ਵਿਲੱਖਣਤਾ ਪ੍ਰਦਾਨ ਕਰਦੀ ਹੈ। ਪਾਠਕਾਂ ਅਤੇ ਚਿੰਤਕਾਂ ਵੱਲੋਂ ਭਰਪੂਰ ਸਵਾਗ਼ਤ ਦੀ ਆਸ ਕੀਤੀ ਜਾਂਦੀ ਹੈ।

**ਹਵਾਲੇ**


1. Wikipedia.org dated 07-09-2024

2. punjabipedia.org dated 07-09-2024


3. ਗੁਰਮੀਤ ਕੜਿਆਲਵੀ, ਮੋਰ ਪੈਲ਼ ਕਿਉਂ ਨਹੀਂ ਪਾਉਂਦੇ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2023, ਪੰਨਾ 99

4. ਉਹੀ, ਪੰਨਾ 72

5. ਉਹੀ, ਪੰਨਾ 155

# ਉੱਤਮ ਵਾਰਤਕ ਦਾ ਨਮੂਨਾ : ਨਿੱਕੀਆਂ-ਵੱਡੀਆਂ ਗੱਲਾਂ

**- ਡਾ. ਸੁਖਪਾਲ ਕੌਰ ਸਮਰਾਲਾ**




ਪ੍ਰੇਮ ਮਾਨ ਪੜ੍ਹਿਆ ਲਿਖਿਆ ਵਿਦਵਾਨ ਲੇਖਕ ਹੈ। ਮੁੱਖ ਤੌਰ ਤੇ ਉਹ ਕਹਾਣੀ ਅਤੇ ਵਿਚਾਰਾਂ ਦਾ ਚਿੰਤਨ-ਮੰਥਨ ਕਰਨ ਵਾਲੀ ਵਾਰਤਕ ਲਿਖਦਾ ਹੈ। ਪੜ੍ਹਿਆ ਉਹ ਅਰਥ ਸ਼ਾਸਤਰ ਹੈ ਅਤੇ ਇਸੇ ਵਿਸ਼ੇ ਨਾਲ ਸੰਬੰਧਤ ਉਸ ਨੇ ਵਿਦਿਆਰਥੀਆਂ ਲਈ ਅਨੇਕਾਂ ਕਿਤਾਬਾਂ ਲਿਖੀਆਂ ਹਨ। ਤਕਰੀਬਨ ਤਿੰਨ ਦਹਾਕੇ ਉਸ ਨੇ ਅਮਰੀਕਾ ਵਿਖੇ ਪੜ੍ਹਾਇਆ। ਇਸ ਦੌਰਾਨ ਉਸ ਨੇ ਬਹੁਤ ਸਾਰਾ ਅਨੁਭਵ ਪ੍ਰਾਪਤ ਕੀਤਾ। ਉਸ ਨੇ ਭਾਰਤ ਅਤੇ ਅਮਰੀਕਾ ਦੇ ਸਭਿਆਚਾਰ, ਲੋਕਾਂ ਦੇ ਵਿਹਾਰ ਅਤੇ ਅੰਤਰ ਵਿਰੋਧਾਂ ਨੂੰ ਵੀ ਸਮਝਿਆ। ਇਨ੍ਹਾਂ ਸਾਰੇ ਅਨੁਭਵਾਂ ਵਿੱਚੋਂ ਉਸ ਦੀ ਹੱਥਲੀ ਪੁਸਤਕ ਦੀ ਵਾਰਤਕ ਸਿਰਜੀ ਗਈ ਹੈ। ਇਸ ਪੁਸਤਕ ਦੀ ਮੁੱਖ ਸੁਰ ਵਿਸ਼ਲੇਸ਼ਣ ਵਾਲੀ ਹੈ। ਉਸ ਨੇ ਵੱਖ-ਵੱਖ ਸਮਕਾਲ ਦੇ ਮਸਲਿਆਂ ਉੱਤੇ ਚਿੰਤਾ ਜ਼ਾਹਰ ਕੀਤੀ ਹੈ। ਅਤੇ ਪਾਠਕਾਂ ਨੂੰ ਸਹੀ ਦਿਸ਼ਾ ਦੇਣ ਲਈ ਆਪਣੀਆਂ ਕੁਝ ਧਾਰਨਾਵਾਂ ਦਿੱਤੀਆਂ ਹਨ, ਜਿਹੜੀਆਂ ਕਾਫੀ ਮੁੱਲਵਾਨ ਹਨ। ਪੂਰੀ ਪੁਸਤਕ ਪੜ੍ਹਦਿਆਂ ਮੈਨੂੰ ਇਕ ਹੋਰ ਖੂਬੀ ਜੋ ਲੱਗੀ ਕਿ ਪ੍ਰੇਮ ਮਾਨ ਵਾਕ ਲਿਖਣ ਲੱਗਿਆਂ ਗੱਲ ਨੂੰ ਐਵੇਂ ਲੰਮੀ ਨਹੀਂ ਖਿੱਚਦਾ ਬਲਕਿ ਉਸ ਦੀ ਵਾਕ ਬਣਤਰ ਅਸਰਦਾਰ ਹੁੰਦੀ ਹੈ। ਆਪਣੇ ਲਿਖੇ ਮੁੱਢਲੇ ਸ਼ਬਦ ਵਿੱਚ ਉਹ ਲਿਖਦਾ ਹੈ ਕਿ 'ਇਨ੍ਹਾਂ ਸਾਰੇ ਲੇਖਾਂ ਵਿਚੋਂ ਜੋ ਮੈਂ 2007 ਤੋਂ ਹੁਣ ਤੱਕ ਲਿਖੇ ਹਨ, ਉਹ ਲੇਖ ਜਿਨ੍ਹਾਂ ਦੀ ਮਹੱਤਤਾ ਅੱਜ ਵੀ ਹੈ ਅਤੇ ਭਵਿੱਖ ਵਿਚ ਵੀ ਰਹੇਗੀ ਇਸ ਸੰਗ੍ਰਹਿ ਵਿਚ ਸ਼ਾਮਲ ਕਰ ਰਿਹਾ ਹਾਂ। ਕੁਝ ਲੇਖ ਜੋ ਉਸ ਸਮੇਂ ਦੇ ਆਰਜ਼ੀ ਵਿਸ਼ਿਆਂ ਬਾਰੇ ਲਿਖੇ ਸਨ, ਉਹ ਲੇਖ ਮੈਂ ਇਸ ਪੁਸਤਕ ਵਿੱਚ ਸ਼ਾਮਲ ਨਹੀਂ ਕੀਤੇ।'

ਪ੍ਰੇਮ ਮਾਨ ਦਾ ਵਾਰਤਕ ਸੰਗ੍ਰਹਿ **'ਨਿੱਕੀਆਂ-ਵੱਡੀਆਂ ਗੱਲਾਂ'** (**ਪ੍ਰਕਾਸ਼ਕ: ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, ਮੁੱਲ : 220 ਰੁਪਏ, ਪੰਨੇ: 135, ਸਾਲ: 2024**) ਸੱਚਮੁੱਚ ਜ਼ਿੰਦਗੀ ਦੀਆਂ ਉਹਨਾਂ ਗੱਲਾਂ ਵੱਲ ਝਾਤ ਪਾਉਂਦਾ ਹੈ, ਜਿਹੜੀਆਂ ਨਿੱਕੀਆਂ ਜਾਪਦੀਆਂ ਹਨ ਪਰ ਅਸਲ ਵਿੱਚ ਵੱਡੀਆਂ ਹੁੰਦੀਆਂ ਹਨ। ਕਹਿੰਦੇ ਹਨ ਜੇ ਅਸੀਂ ਨਿੱਕੀਆਂ ਗੱਲਾਂ ਵੱਲ ਧਿਆਨ ਦੇਣਾ ਸ਼ੁਰੂ ਕਰ ਦੇਈਏ ਤਾਂ ਵੱਡੀਆਂ ਗੱਲਾਂ ਆਪਣੇ ਆਪ ਹੀ ਸਹੀ ਹੋ ਜਾਂਦੀਆਂ ਹਨ। ਲੇਖਕ ਨੇ ਇਸ ਵਾਰਤਕ ਸੰਗ੍ਰਹਿ ਵਿੱਚ ਜਿੰਨੇ ਲੇਖ ਸ਼ਾਮਿਲ ਕੀਤੇ ਹਨ, ਉਹਨਾਂ ਸਾਰਿਆਂ ਦਾ ਤੱਤ ਸਾਰ ਇਹ ਹੈ ਕਿ ਅਸੀਂ ਨਿੱਕੀਆਂ ਗੱਲਾਂ ਵੱਲ ਧਿਆਨ ਨਹੀਂ ਦਿੰਦੇ। ਪੁਸਤਕ ਦਾ ਪਹਿਲਾ ਲੇਖ **'ਸਾਡਾ ਵਿਹਾਰ'** ਇਸ ਗੱਲ ਵੱਲ ਖਾਸ ਧਿਆਨ ਦੇਣ ਦੀ ਮੰਗ ਕਰਦਾ ਹੈ ਕਿ ਅਸੀਂ ਜੋ ਬੋਲਦੇ ਹਾਂ ਲਿਖਦੇ ਹਾਂ ਉਹ ਅਜਿਹਾ ਹੋਣਾ ਚਾਹੀਦਾ ਹੈ ਜਿਸ ਨਾਲ ਕਿਸੇ ਨੂੰ ਰੱਤੀ ਭਰ ਵੀ ਤਕਲੀਫ਼ ਨਾ ਹੋਵੇ ਪਰ ਅਕਸਰ ਅਸੀਂ ਇਸ ਗੱਲ

ਵੱਲ ਬਿਲਕੁਲ ਵੀ ਧਿਆਨ ਨਹੀਂ ਦਿੰਦੇ ਤੇ ਜੋ ਵੀ ਦਿਲ ਕਰਦਾ ਹੈ ਜਿਵੇਂ ਦਿਲ ਕਰਦਾ ਹੈ, ਉਸੇ ਤਰ੍ਹਾਂ ਕਿਸੇ ਨੂੰ ਕੁਝ ਵੀ ਬੋਲ ਦਿੰਦੇ ਹਾਂ। ਲੇਖਕ ਅਨੁਸਾਰ ਕੋਈ ਵੀ ਸ਼ਬਦ ਜਾਂ ਵਾਕ ਅਜਿਹਾ ਨਹੀਂ ਹੋਣਾ ਚਾਹੀਦਾ ਜਿਸ ਨੂੰ ਅਸੀਂ ਆਪਣੇ ਲਈ ਸਹੀ ਨਹੀਂ ਸਮਝਦੇ ਅਤੇ ਲੇਖਕ ਦਾ ਇਹ ਸ਼ਿਕਵਾ ਵੀ ਹੈ ਕਿ ਪੰਜਾਬੀ ਇਸ ਗੱਲ ਵੱਲ ਅਕਸਰ ਬੇਧਿਆਨੀ ਵਰਤਦੇ ਹਨ।

ਬੇਈਮਾਨੀ, ਚੋਰ-ਬਜ਼ਾਰੀ ਅਤੇ ਹੇਰਾ-ਫੇਰੀ ਦੇ ਪ੍ਰਸੰਗ ਵਿੱਚ 'ਆਦਤਾਂ ਸਾਡੇ ਸੁਭਾਅ' ਸਿਰਲੇਖ ਦੇ ਅਧੀਨ ਲੇਖਕ ਅਸੂਲ, ਈਰਖ਼ਾ, ਚਾਪਲੂਸੀ ਤੇ ਖ਼ੁਸ਼ਾਮਦ, ਸੱਭਿਆਚਾਰ, ਸਾਡਾ ਪੰਜਾਬੀ ਵਿਰਸਾ ਆਦਿ ਦੀ ਗੱਲ ਕਰਦਿਆਂ ਜ਼ਿੰਦਗੀ ਵਿੱਚ ਅਸੂਲ ਬਣਾਉਣ ਅਤੇ ਉਹਨਾਂ ਤੇ ਅਮਲ ਕਰਨ ਦੀ ਜਾਚ ਸਿੱਖਣ ਦੀ ਗੱਲ ਕਰਦਾ ਹੈ ਤੇ ਇਸ ਦੇ ਨਾਲ ਨਾਲ ਉਹ ਚਾਪਲੂਸੀ ਤੇ ਖੁਸ਼ਾਮਦ ਦੇ ਨਾਲ ਕੀਤੇ ਜਾਂਦੇ ਕੰਮਾਂ ਦੇ ਪੱਧਰ ਦੀ ਚਰਚਾ ਵੀ ਕਰਦਾ ਹੈ। ਸਾਡਾ ਸੱਭਿਆਚਾਰ ਦੁਨੀਆਂ ਵਿੱਚ ਵੱਖਰੀ ਮਿਸਾਲ ਰੱਖਦਾ ਹੈ ਪਰ ਅਸੀਂ ਕੰਮ ਦੇ ਸੱਭਿਆਚਾਰ ਨੂੰ ਅਜੇ ਵੀ ਅਪਣਾ ਨਹੀਂ ਸਕੇ, ਇਸ ਗੱਲ ਦਾ ਸ਼ਿਕਵਾ ਲੇਖਕ ਆਪਣੇ ਲੇਖ 'ਸੱਭਿਆਚਾਰ' ਦੇ ਅਧੀਨ ਕਰਦਾ ਨਜ਼ਰ ਆਉਂਦਾ ਹੈ। ਆਪਣੇ ਵਿਰਸੇ ਨੂੰ ਭੁੱਲ ਕੇ ਪੈਸੇ ਨੂੰ ਮਹੱਤਵ ਦੇ ਰਹੇ ਪੰਜਾਬੀਆਂ ਪ੍ਰਤੀ ਲੇਖਕ ਦੀ ਚਿੰਤਾ ਉਸਦੇ ਸ਼ਬਦਾਂ ਵਿੱਚ ਝਲਕਦੀ ਹੈ। **'ਖ਼ੁਦਕੁਸ਼ੀਆਂ ਦੀ ਸਮੱਸਿਆ'** ਦੇ ਪ੍ਰਸੰਗ ਵਿੱਚ ਖੁਦਕੁਸ਼ੀਆਂ ਕਰਨ ਵਾਲਿਆਂ ਪ੍ਰਤੀ ਉਹ ਸੰਵੇਦਨਸ਼ੀਲਤਾ ਮਹਿਸੂਸ ਕਰਦਾ ਹੈ। ਉਹਨਾਂ ਦੀ ਕਾਉਂਸਲਿੰਗ ਕਰਨ ਲਈ ਪ੍ਰੇਰਿਤ ਕਰਦਾ ਹੈ। ਸਮਕਾਲ ਦੇ ਸਮੇਂ ਵਿੱਚ ਪੰਜਾਬੀ ਸਾਹਿਤ ਵਿੱਚ ਮਾਣ-ਸਨਮਾਨ, ਐਵਾਰਡ ਭਖਵਾਂ ਮੁੱਦਾ ਹੈ। ਮੁੱਦਾ ਇਸ ਲਈ ਕਿਉਂਕਿ ਇਹ ਕਈ ਵਾਰ ਗੈਰ-ਗੰਭੀਰ ਵੀ ਹੋ ਜਾਂਦਾ ਹੈ। **'ਪੰਜਾਬੀ ਸਾਹਿਤ ਵਿੱਚ ਮਾਨ ਸਨਮਾਨ ਅਤੇ ਪੁਰਸਕਾਰ'** ਦੇ ਸੰਦਰਭ 'ਚ ਇਨਾਮਾਂ ਦੀ ਗੱਲ ਕਰਦਿਆਂ ਉਸ ਨੂੰ ਲੱਗਦਾ ਹੈ ਕਿ ਇਹ ਨਿਰਪੱਖ ਨਹੀਂ ਸਗੋਂ ਕਿਤੇ ਨਾ ਕਿਤੇ ਅੰਨਾਂ ਵੰਡੇ ਰਿਓੜੀਆਂ ਵਾਲੀ ਗੱਲ ਸੱਚੀ ਸਾਬਿਤ ਕਰਦੇ ਨਜ਼ਰ ਆਉਂਦੇ ਹਨ। ਅਸਲ ਸਨਮਾਨ ਉਹੀ ਹੁੰਦਾ ਹੈ, ਜਿੱਥੇ ਨੈਤਿਕਤਾ ਅਤੇ ਇਮਾਨਦਾਰੀ ਨੂੰ ਸਭ ਤੋਂ ਉੱਪਰ ਰੱਖਦਿਆਂ ਫ਼ੈਸਲਾ ਕੀਤਾ ਗਿਆ ਹੋਵੇ। ਖ਼ੈਰ ਇਹ ਪੰਜਾਬੀ ਸਾਹਿਤ ਵਿੱਚ ਬੜਾ ਭੱਖਦਾ ਮਸਲਾ ਹੈ ਜੋ ਹਰ ਇਨਾਮ ਤੋਂ ਬਾਅਦ ਸੁਲਗਦਾ ਰਹਿੰਦਾ ਹੈ।

**'ਹਿੰਦੁਸਤਾਨ ਦੀਆਂ ਸਮੱਸਿਆਵਾਂ'** ਲੇਖ ਆਪਣੇ ਹਿੰਦੁਸਤਾਨੀ ਹੋਣ ਦੀ ਗੱਲ ਕਰਦੇ ਹੋਏ ਲੇਖਕ ਅਜੋਕੇ ਹਿੰਦੁਸਤਾਨ ਦੇ ਬਦਲਾਵ ਦੀ ਸ਼ਿੱਦਤ ਨਾਲ ਉਮੀਦ ਕਰਦਾ ਹੈ ਕਿਉਂਕਿ ਉਸਨੂੰ ਲੱਗਦਾ ਹੈ ਕਿ ਦੇਸ਼ ਭਗਤਾਂ ਦੇ ਨਾਂ ਤੇ ਸਿਰਫ ਨਾਅਰੇ ਲਾਉਣਾ ਦੇਸ਼ ਨੂੰ ਤਰੱਕੀ ਦੇ ਰਾਹ ਵੱਲ ਨਹੀਂ ਲਿਜਾ ਸਕਦਾ। ਉਸ ਲਈ ਸਭ ਨੂੰ ਮਿਲ ਕੇ ਸਹੀ ਅਰਥਾਂ ਵਿੱਚ ਕੰਮ ਕਰਨ ਦੀ ਜ਼ਰੂਰਤ ਹੈ। ਉਹ ਜ਼ਰੂਰਤ ਮਹਿਸੂਸ ਕਰਦਾ ਹੈ।

ਅਜੋਕੇ ਸਮਾਜ ਵਿੱਚ ਔਰਤ ਦੇ ਮਾਨ ਸਨਮਾਨ ਦੇ ਅਤੇ ਔਰਤਾਂ ਦੇ ਵਿੱਚ ਬਦਲਾਵ ਦਾ ਬਿਰਤਾਂਤ ਸਿਰਜਦਾ ਹੈ ਤਾਂ ਕਿ ਉਹ ਵੀ ਦੇਸ਼ ਦੀ ਤਰੱਕੀ ਵਿੱਚ, ਸਮਾਜ ਵਿੱਚ ਆਪਣਾ ਬਣਦਾ ਯੋਗਦਾਨ ਪਾ ਸਕਣ ਅਤੇ ਆਧੁਨਿਕ ਸਮਾਜ ਦੇ ਵਿੱਚ ਉਹਨਾਂ ਦਾ ਰੁਤਬਾ ਸਹੀ ਅਰਥਾਂ ਵਿੱਚ ਬਰਾਬਰੀ ਦਾ ਹੋ ਸਕੇ। ਇਨਸਾਨ ਆਪਣੀ ਪੂਰੀ ਜ਼ਿੰਦਗੀ ਸਿੱਖਦਾ ਰਹਿੰਦਾ ਹੈ ਬਸ਼ਰਤੇ ਉਸ ਵਿੱਚ ਸਿੱਖਣ ਦਾ ਜਜ਼ਬਾ ਹੋਵੇ ਅਤੇ ਸਿੱਖੀਆਂ ਗੱਲਾਂ ਨੂੰ

ਅਪਣਾਉਣ ਦੀ ਇੱਛਾ।

ਰੱਬ ਦੀ ਹੋਂਦ ਜਾਂ ਅਣਹੋਂਦ, ਇਨਸਾਨ ਅਤੇ ਇਨਸਾਨੀਅਤ, ਆਪਣੇ ਤੋਂ ਹੇਠਲੇ ਲੋਕਾਂ ਨਾਲ ਵਰਤਾਓ ਆਦਿ ਲੇਖਾਂ ਵਿਚ ਲੇਖਕ ਨੈਤਿਕ ਵਿਹਾਰ ਤੇ ਉੱਚੀਆਂ ਕਦਰਾਂ-ਕੀਮਤਾਂ ਦੀ ਗੱਲ ਕਰਦਾ ਹੈ। ਇਨ੍ਹਾਂ ਲੇਖਾਂ ਵਿੱਚ ਇਹੀ ਗੱਲ ਪਾਠਕਾਂ ਨਾਲ ਸਾਂਝੀ ਕੀਤੀ ਗਈ ਹੈ ਕਿ ਜ਼ਿੰਦਗੀ ਵਿੱਚ ਹਰ ਇਨਸਾਨ ਤੋਂ ਸਿੱਖਿਆ ਜਾ ਸਕਦਾ ਹੈ ਪਰ ਸਿੱਖ ਅਸੀਂ ਉਦੋਂ ਹੀ ਸਕਦੇ ਹਾਂ ਜਦੋਂ ਸਿੱਖਣ ਦੀ ਇੱਛਾ ਰੱਖੀਏ। ਆਲੋਚਨਾ ਵੀ ਸਿੱਖਣ ਦਾ ਇੱਕ ਹਿੱਸਾ ਹੈ ਜਿਸ ਰਾਹੀਂ ਅਸੀਂ ਆਪਣੀ ਜ਼ਿੰਦਗੀ ਵਿੱਚ ਹੋਰ ਬਿਹਤਰ ਕਰਨ ਵਿੱਚ ਕਾਮਯਾਬ ਹੁੰਦੇ ਹਾਂ। ਲੇਖਕ ਨੇ ਆਪਣੇ ਪਹਿਲਾਂ ਲਿਖੇ ਲੇਖਾਂ ਨੂੰ ਮੌਜੂਦਾ ਸਮੇਂ ਦੇ ਨਾਲ ਮੇਚਦਿਆਂ ਉਹਨਾਂ ਵਿੱਚ ਬਦਲਾਵ ਕਰਕੇ ਦੁਬਾਰਾ ਸੋਧ ਕੇ ਲਿਖਦਿਆਂ ਇਸ ਵਾਰਤਿਕ ਸੰਗ੍ਰਹਿ ਵਿੱਚ ਪੇਸ਼ ਕੀਤਾ ਹੈ।


ਮਨੁੱਖ ਦਾ ਇਖ਼ਲਾਕ ਅਤੇ ਕਦਰਾਂ-ਕੀਮਤਾਂ ਅਹਿਮ ਪੱਖ ਹੈ। ਲੇਖਕ ਆਪਣੇ ਨਾਲ ਘਟੇ ਕੁਝ ਪ੍ਰਸੰਗ ਦਿੰਦਾ ਹੋਇਆ ਆਪਣੀ ਧਾਰਨਾ ਨੂੰ ਦ੍ਰਿੜ ਕਰਦਾ ਹੈ। 'ਔਰਤ ਦਾ ਸੰਤਾਪ' ਲੇਖ ਵਿੱਚ ਲੇਖਕ ਦੀ ਦ੍ਰਿਸ਼ਟੀ ਨਾਰੀਵਾਦੀ ਰਹਿੰਦੀ ਹੈ। ਨਾਰੀ ਦਮਨ ਲਈ ਮਰਦ ਹਮੇਸ਼ਾ ਜ਼ਿੰਮੇਵਾਰ ਹੁੰਦਾ ਹੈ। ਇਸ ਮਸਲੇ ਉੱਤੇ ਲੇਖਕ ਭਾਰਤੀ ਅਤੇ ਪੱਛਮੀ ਕਲਚਰ ਦਾ ਤੁਲਨਾਤਮਿਕ ਅਧਿਐਨ ਕਰਨ ਲਈ ਮਿਸਾਲਾਂ ਦਿੰਦਾ ਹੈ।

ਅਮਰੀਕਾ ਵਿੱਚ ਰਹਿਣ ਕਰਕੇ ਉਸ ਦੇ ਵਿਚਾਰਾਂ ਵਿੱਚ ਉੱਥੋਂ ਦੇ ਸਮਾਜਿਕ ਸੱਭਿਆਚਾਰਕ ਪ੍ਰਭਾਵ ਦਾ ਹੋਣਾ ਅਤੇ ਉਸ ਦੀ ਤਰਜ਼ੇ ਜ਼ਿੰਦਗੀ ਦਾ ਝਲਕਾਰਾ ਇਹਨਾਂ ਲੇਖਾਂ ਵਿੱਚ ਮਿਲਦਾ ਹੈ ਪਰ ਬਹੁਤੀ ਜਗ੍ਹਾ ਉਸ ਨੂੰ ਇਹ ਸ਼ਿਕਾਇਤ ਹੈ ਕਿ ਹਿੰਦੁਸਤਾਨੀ ਉਹਨਾਂ ਚੀਜ਼ਾਂ ਵੱਲ ਧਿਆਨ ਨਹੀਂ ਦਿੰਦੇ ਜੋ ਖਾਸ ਧਿਆਨ ਦੀ ਮੰਗ ਕਰਦੀਆਂ ਹਨ। ਆਪਣੇ ਸਾਰੇ ਲੇਖਾਂ ਦੇ ਬਿਰਤਾਂਤ ਵਿੱਚ ਹੀ ਉਹ ਘਟਨਾਵਾਂ ਦਾ ਤੁਲਨਾਤਮਕ ਅਧਿਐਨ ਕਰਦਾ ਨਜ਼ਰ ਆਉਂਦਾ ਹੈ। ਜਿੱਥੇ ਇੱਕ ਪਾਸੇ ਉਹ ਅਮਰੀਕੀ ਸਮਾਜ ਦੀ ਉਦਾਹਰਨ ਦਿੰਦਾ ਹੈ ਅਤੇ ਦੂਸਰੇ ਪਾਸੇ ਹਿੰਦੁਸਤਾਨ ਦੀ ਜੋ ਕਿ ਉਸਦੀ ਜਨਮ ਭੂਮੀ ਹੈ ਪਰ ਉਸ ਦੀ ਕਰਮ ਭੂਮੀ ਅਮਰੀਕਾ ਹੋਣ ਕਰਕੇ ਉਹ ਜਨਮ ਭੂਮੀ ਲਈ ਭਾਵਨਾਤਮਕ ਤੌਰ ਤੇ ਜੁੜਿਆ ਤਾਂ ਹੋਇਆ ਹੈ ਪਰ ਅਸਲ ਵਿੱਚ ਇਥੋਂ ਦੇ ਸਮਾਜਿਕ ਵਾਤਾਵਰਣ ਵਿੱਚ ਮਿਲਦੀਆਂ ਕਮੀਆਂ ਉਸ ਦੇ ਮਨ ਅੰਦਰ ਇੱਕ ਖਲਾਅ ਪੈਦਾ ਕਰਦੀਆਂ ਹਨ। ਇਸ ਸੰਗ੍ਰਹਿ ਦੇ ਬਹੁਤ ਸਾਰੇ ਲੇਖ ਗੰਭੀਰ ਮੁੱਦਿਆਂ ਤੇ ਚਰਚਾ ਕਰਦੇ ਹਨ ਚਾਹੇ ਉਹ ਰਿਸ਼ਤਿਆਂ ਦੀ ਗੱਲ ਹੋਵੇ ਜਾਂ ਫਿਰ ਪੰਜਾਬ ਦੇ ਭਵਿੱਖ ਦੀ, ਸਮਾਜਿਕ ਸੰਚਾਰ ਦੇ ਨਵੇਂ ਸਾਧਨਾਂ ਦੀ ਵਰਤੋਂ ਦਾ ਮਸਲਾ ਹੋਵੇ ਜਾਂ ਫਿਰ ਔਰਤ ਦੁਆਰਾ ਭੋਗਿਆ ਜਾ ਰਿਹਾ ਸੰਤਾਪ। ਲੇਖਕ ਹਰ ਮਸਲੇ 'ਤੇ ਆਪਣੀ ਗੰਭੀਰ ਚਰਚਾ ਕਰਦਿਆਂ ਮਸਲਿਆਂ ਦਾ ਹੱਲ ਸੁਝਾਉਣ ਦੀ ਕੋਸ਼ਿਸ਼ ਕਰਦਾ ਵੀ ਨਜ਼ਰ ਆਉਂਦਾ ਹੈ। ਜਦੋਂ ਤੁਸੀਂ ਇਸ ਵਾਰਤਕ ਸੰਗਹਿ ਨੂੰ ਪੜਦੇ ਹੋ ਤਾਂ 27 ਲੇਖ ਤੁਹਾਨੂੰ ਕਿਤੇ ਨਾ ਕਿਤੇ ਸੋਚਣ ਲਈ ਮਜ਼ਬੂਰ ਕਰਦੇ ਹਨ ਕਿ ਅਸੀਂ ਜਿਸ ਸਮਾਜ ਵਿੱਚ ਰਹਿ ਰਹੇ ਹਾਂ ਉਸਨੂੰ ਕੀ ਦੇ ਰਹੇ ਹਾਂ ਅਤੇ ਸਾਡੀਆਂ ਆਉਣ ਵਾਲੀਆਂ ਨਸਲਾਂ ਦਾ ਭਵਿੱਖ ਕਿਸ ਤਰ੍ਹਾਂ ਦਾ ਹੋਵੇਗਾ? ਕੀ ਅਸੀਂ ਠੀਕ ਰਾਹ ਤੇ ਜਾ ਰਹੇ ਹਾਂ?

(**ਸੰਪਰਕ** 83606-83823)

# ਦਲਿਤ ਔਰਤ ਦੇ ਨਾਇਕਤਵ ਦਾ ਬਿਰਤਾਂਤ : ਧਰਤ ਵਿਹੂਣੇ

**- ਡਾ. ਕੁਲਵਿੰਦਰ ਸਿੰਘ**




ਪੰਜਾਬੀ ਸਾਹਿਤ ਵਿਚ ਸੁਖਵਿੰਦਰ ਪੱਪੀ ਨਾਵਲੀ ਵਿਧਾ ਵਿਚ ਨਵੇਂ ਨਾਵਲਕਾਰ ਵਜੋਂ ਪ੍ਰਵੇਸ਼ ਕਰਦਾ ਹੈ। **'ਧਰਤ ਵਿਹੂਣੇ'** (**ਪ੍ਰਕਾਸ਼ਕ : ਚਿੰਤਨ ਪ੍ਰਕਾਸ਼ਨ, ਲੁਧਿਆਣਾ, ਸਾਲ**: 2023, **ਮੁੱਲ**: 160, **ਪੰਨੇ**: 160) ਉਸਦਾ ਪਲੇਠਾ ਨਾਵਲ ਹੈ। ਇਹ ਨਾਵਲ ਰਾਹੀਂ ਨਾਵਲਕਾਰ ਦਲਿਤ ਔਰਤ ਦੇ ਸਵੈ-ਮਾਣ, ਉਸਦੇ ਨਾਇਕਤਵ ਨੂੰ ਸਿਰਜਣ ਦੇ ਨਾਲ-ਨਾਲ ਜ਼ਮੀਨੀ ਸੰਘਰਸ਼ ਦੀ ਨਿਸ਼ਾਨਦੇਹੀ ਵੀ ਕਰਦਾ ਹੈ।

ਇਹ ਦਲਿਤ ਸਮਾਜ ਦੀ ਪੰਚਾਇਤੀ ਜ਼ਮੀਨ ਵਿਚ ਬਣਦੀ ਹਿੱਸੇਦਾਰੀ ਦੀ ਪ੍ਰਾਪਤੀ ਲਈ ਕੀਤੇ ਘੋਲ ਦੀ ਬਿਰਤਾਂਤਕ ਪੇਸ਼ਕਾਰੀ ਹੈ। ਲੇਖਕ ਉਨ੍ਹਾਂ ਦਮਿਤ ਧਿਰਾਂ ਨੂੰ ਸਾਹਮਣੇ ਲਿਆਉਂਦਾ ਹੈ ਜਿਨ੍ਹਾਂ ਨੂੰ ਭਾਰਤੀ ਸਮਾਜ ਹਮੇਸ਼ਾ ਹਾਸ਼ੀਆਕ੍ਰਿਤ ਕਰਦਾ ਰਿਹਾ ਹੈ। ਜਿਨ੍ਹਾਂ ਵਿੱਚੋਂ ਉਹ ਦਲਿਤ ਔਰਤ ਨੂੰ ਨਾਇਕਾ ਬਣਾ ਕੇ ਨਵੀਆਂ ਪੈੜਾਂ ਸਿਰਜਣ ਦਾ ਕਾਰਜ ਕਰਦਾ ਹੈ ਜਿਹੜਾ ਕਿ ਪੰਜਾਬੀ ਸਾਹਿਤ ਜਗਤ ਵਿਚ ਪਹਿਲਾਂ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ। ਦੂਸਰਾ ਉਸ ਪ੍ਰਤੀ ਬਣੀਆਂ ਮਿੱਥਾਂ ਨੂੰ ਤੋੜ ਕੇ ਉਸ ਦੇ ਸਵੈ-ਮਾਣ, ਨਾਇਕਤਵ, ਆਬਰੂ, ਹਿੰਮਤ, ਦਲੇਰੀ ਆਦਿ ਨੂੰ ਉੱਚਤਾ ਤੇ ਸੁੱਚਤਾ ਪ੍ਰਦਾਨ ਕਰਦਾ ਹੈ। ਰਚਨਾਕਾਰ ਨਾਵਲ ਦੀ ਮੁੱਖ ਪਾਤਰ ਵੀਰਾਂ ਨੂੰ ਕਿਤੇ ਵੀ ਡੋਲਣ ਨਹੀਂ ਦਿੰਦਾ ਸਗੋਂ ਉਸ ਦੇ ਕਿਰਦਾਰ ਰਾਹੀਂ ਉਹ ਸਮੁੱਚੀ ਭਾਰਤੀ ਦਲਿਤ ਔਰਤ ਨੂੰ ਆਪਣੇ ਹੱਕਾਂ ਤੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਕੇ ਸੰਘਰਸ਼ ਕਰਨ ਲਈ ਪ੍ਰੇਰਦਾ ਹੈ। ਜਿਸ ਨੂੰ ਇਸ ਨਾਵਲ ਦੀ ਪ੍ਰਾਪਤੀ ਕਿਹਾ ਜਾ ਸਕਦਾ ਹੈ।

ਨਾਵਲ ਸਮਕਾਲ ਵਿਚ ਦਲਿਤ ਸਮਾਜ ਦੀਆਂ ਕਰੂਰ ਯਥਾਰਥਕ ਪ੍ਰਸਥਿਤੀਆਂ ਵੀ ਉਜਾਗਰ ਕਰਦਾ ਹੈ। ਉਹ ਵੀਰਾਂ, ਸੋਨੀ, ਭਜਨੋ, ਬੀਰੂ ਆਦਿ ਪਾਤਰਾਂ ਦੀ ਆਰਥਿਕ ਥੁੜ੍ਹਾਂ ਮਾਰੀ ਜ਼ਿੰਦਗੀ ਰਾਹੀਂ ਸਮੁੱਚੇ ਦਲਿਤ ਵਰਗ ਦੀਆਂ ਸਮੱਸਿਆਵਾਂ ਨੂੰ ਚਿਤਰਦਾ ਹੈ। ਸੋਨੀ ਤੇ ਵੀਰਾਂ ਵਰਗੀਆਂ ਮੁਟਿਆਰਾਂ ਨੂੰ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਵਧੇਰੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬੇਜ਼ਮੀਨੇ ਦਲਿਤ ਆਪਣੇ ਬੱਚਿਆਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨੋਂ ਵੀ ਅਸਮਰਥ ਹਨ। ਨਾਵਲਕਾਰ ਇਸ ਵਰਗ ਦੀਆਂ ਤੰਗੀਆਂ-ਤੁਰਸ਼ੀਆਂ ਨੂੰ ਵਾਸਤਵਿਕ ਰੂਪ ਵਿਚ ਉਭਾਰਨ ਵਿਚ ਸਫ਼ਲ ਰਿਹਾ ਹੈ। ਇੱਕੀਵੀਂ ਸਦੀ ਦਾ ਦਲਿਤ ਵੀ ਉਨ੍ਹਾਂ ਸਮੱਸਿਆਵਾਂ ਨੂੰ ਸਹਿਣ ਲਈ ਮਜ਼ਬੂਰ ਹੈ ਜਿਹੜੀਆਂ ਉਨ੍ਹਾਂ ਦੇ ਪੂਰਵਜ ਸਦੀਆਂ ਤੋਂ ਸਹਿੰਦੇ ਆਏ ਹਨ। ਇਸ ਵਰਗ ਦੇ ਆਰਥਿਕ ਤੇ ਸਮਾਜਿਕ ਜੀਵਨ ਵਿਚ ਕੋਈ ਬਹੁਤਾ ਫ਼ਰਕ ਨਹੀਂ ਪਿਆ। ਬੀਰੂ, ਜੰਗੀਰ ਤੇ ਲੀਲੇ

ਵਰਗੇ ਪਾਤਰ ਅੱਜ ਵੀ ਆਪਣੇ ਜੀਵਨ ਨਿਰਬਾਹ ਲਈ ਚਿੰਤਤ ਰਹਿੰਦੇ ਹਨ। ਬੀਰੂ ਵਰਗਾ ਪਾਤਰ ਆਪਣੇ ਹਿੱਸੇ ਦੀ ਜ਼ਮੀਨ ਹਾਸਿਲ ਕਰਕੇ ਉਸ ਵਿਚ ਆਪਣੀਆਂ ਸਬਜ਼ੀਆਂ ਉਗਾਉਣ ਦਾ ਸੁਪਨਾ ਸਿਰਜਦਾ ਹੈ ਜਿਸਦੀ ਪੂਰਤੀ ਹਿੱਤ ਉਹ ਸੰਘਰਸ਼ਮਈ ਰਾਹ ਚੁਣਦਾ ਹੈ। ਇਸ ਜ਼ਮੀਨੀ ਘੋਲ ਵਿਚ ਸ਼ਹੀਦੀ ਪ੍ਰਾਪਤ ਕਰਕੇ ਉਹ ਦਲਿਤ ਵਰਗ ਨੂੰ ਆਪਣੇ ਹੱਕਾਂ ਤੇ ਅਧਿਕਾਰਾਂ ਲਈ ਕੁਰਬਾਨ ਹੋਣ ਲਈ ਪ੍ਰੇਰਦਾ ਹੈ।

ਨਾਵਲ ਦਲਿਤਾਂ ਤੇ ਧਨਾਢਾਂ ਦੇ ਆਪਸੀ ਟਕਰਾਅ ਵਿਚ ਜਮਾਤੀ ਏਕਤਾ ਨੂੰ ਵੀ ਚਿਤਰਦਾ ਹੈ। ਪੁਲਿਸ ਇਸ ਸੰਘਰਸ਼ ਨੂੰ ਦਲਿਤ ਬਨਾਮ ਜੱਟਾਂ ਦੇ ਆਪਸੀ ਟਕਰਾਅ ਵਜੋਂ ਵੇਖਦੀ ਹੋਈ ਸੱਤਾ ਲਈ ਲਾਹੇਵੰਦ ਸਮਝਦੀ ਹੈ। ਦੂਸਰੇ ਪਾਸੇ ਜਿਲ੍ਹੇ ਦਾ ਡੀ. ਸੀ. ਸਰਪੰਚ ਬੱਬਰ ਨੂੰ ਚੇਤੰਨ ਕਰਦਾ ਹੋਇਆ ਦਲਿਤਾਂ ਦੇ ਪੱਖ 'ਚ ਭੁਗਤਦਾ ਹੈ। ਲਾਠੀਚਾਰਜ ਹੋਣ ਦੇ ਬਾਵਜੂਦ ਦੀ ਸੰਘਰਸ਼ ਦਾ ਜੋਸ਼ ਕਾਇਮ ਰਹਿੰਦਾ ਹੈ ਜੋ ਲੋਕ ਘੋਲ ਦੀ ਬਿਹਤਰੀ ਅਤਿ ਮਹੱਤਵਪੂਰਨ ਹੈ। ਮਾਸਟਰ ਅਜੈਬ ਸਿੰਘ ਇਸ ਸੰਘਰਸ਼ ਦੀ ਹਮਾਇਤ ਤਾਂ ਕਰਦਾ ਹੈ ਪਰੰਤੂ ਇਕੱਠ ਵਾਲੀ ਥਾਂ ਪਹੁੰਚਣ ਲਈ ਦਲਿਤਾਂ ਨਾਲ ਟਰੱਕ ਵਿਚ ਬੈਠਣ ਲਈ ਸਹਿਮਤ ਨਹੀਂ ਹੁੰਦਾ। ਪੇਂਡੂ ਜੱਟਾਂ ਦੀ 'ਕਰੀਮੀ ਲੇਅਰ' ਨਾਲ ਸੰਬੰਧਿਤ ਧਨਵੰਤ, ਭਾਲਇੰਦਰ ਤੇ ਵਿਕਰਮਜੀਤ ਵਰਗੇ ਪੱਚੀ ਏਕੜ ਦੀ ਮਾਲਿਕੀ ਵਾਲਿਆਂ ਨੂੰ 1972 ਦੇ ਸਰਪਲੱਸ ਲੈਂਡ ਸੀਲਿੰਗ ਐਕਟ ਰਾਹੀਂ ਆਪਣੀ 17 ਏਕੜ ਤੋਂ ਵਾਧੂ ਜ਼ਮੀਨ ਦਾ ਖ਼ਤਰਾ ਮੰਡਰਾਉਂਦਾ ਹੈ। ਲੇਖਕ ਕੰਢੀ ਏਰੀਏ 'ਚ ਪਈ ਜੰਗਲਾਤ ਦੀ ਸੈਂਕੜੇ ਏਕੜ ਜ਼ਮੀਨ, ਧਾਰਮਿਕ ਸੰਸਥਾਵਾਂ, ਡੇਰਿਆਂ ਆਦਿ ਦੀ ਹਜ਼ਾਰਾਂ ਏਕੜ ਜ਼ਮੀਨ ਨੂੰ ਇਸ ਅੰਦਲਨ ਦੁਆਰਾ ਆਪਣੇ ਸੰਘਰਸ਼ ਵਿਚ ਸ਼ਾਮਿਲ ਕਰਨ ਦੇ ਮਹੱਤਵ ਨੂੰ ਵੀ ਪ੍ਰਗਟਾਉਂਦਾ ਹੈ।

ਨਾਵਲਕਾਰ ਨਾਵਲ ਦੀ ਨਾਇਕਾ ਵੀਰਾਂ ਅਤੇ ਨਾਇਕ ਸੰਦੀਪ ਸੰਧੂ ਦੇ ਪਿਆਰ ਨੂੰ ਵਾਸਤਵਿਕ ਰੂਪ ਵਿਚ ਪ੍ਰਗਟਾਉਂਦਾ ਹੈ। ਉਹ ਵੀਰਾਂ ਦੇ ਕਾਲਜ ਪੜ੍ਹਨ ਤੋਂ ਲੈ ਕੇ ਉਸਦੇ ਜਥੇਬੰਦੀ ਨਾਲ ਜੁੜਨ ਤੇ ਮੁੱਖ ਆਗੂਆਂ ਦੀ ਕਤਾਰ ਵਿਚ ਆਪਣੀ ਥਾਂ ਬਣਾਉਣ ਨੂੰ ਬਾਖ਼ੂਬੀ ਸਿਰਜਦਾ ਹੈ। ਨਾਵਲਕਾਰ ਇਕ ਪਾਸੇ ਦੀਪਕ ਤੇ ਮੋਹਕਮ ਵਰਗੇ ਆਗੂਆਂ ਦੇ ਕਿਰਦਾਰ ਨੂੰ ਉਜਾਗਰ ਕਰਦਾ ਹੈ। ਜਿਹੜੇ ਬਿਨਾਂ ਕਿਸੇ ਲੋਭ ਲਾਲਚ ਦੇ ਲੋਕ ਪੱਖੀ ਕਾਰਜਾਂ ਲਈ ਆਪਣਾ ਸਾਰਾ ਜੀਵਨ ਲਗਾਉਣ ਲਈ ਕਾਰਜਸ਼ੀਲ ਰਹਿੰਦੇ ਹਨ। ਦੂਸਰੇ ਪਾਸੇ ਉਹ ਸੰਦੀਪ ਸੰਧੂ ਵਰਗੇ ਅਖੌਤੀ ਉੱਚ ਜਾਤੀ ਆਗੂਆਂ ਨੂੰ ਵੀ ਬੇਪਰਦ ਕਰਦਾ ਹੈ ਜਿਹੜੇ ਦੁਵਿਧਾ ਵਿਚ ਫਸੇ ਆਪਣੇ ਨਿੱਜ ਨੂੰ ਪ੍ਰਮੁੱਖਤਾ ਦਿੰਦੇ ਹੋਏ ਜ਼ਮੀਨੀ ਸੰਘਰਸ਼ ਤੋਂ ਕਿਨਾਰਾਕਸ਼ੀ ਕਰਦੇ ਹਨ।

ਲੇਖਕ ਹਰ ਵਰਗ ਦੀ ਪ੍ਰਤੀਨਿਧਤਾ ਕਰਨ ਵਾਲੇ ਪਾਤਰਾਂ ਨੂੰ ਚਿਤਰਦਾ ਹੈ ਕਿਉਂਕ ਉਸਨੇ ਇਹ ਨਾਵਲ ਵਿਚਾਰਧਾਰਕ ਤੌਰ 'ਤੇ ਬਹੁਤ ਹੀ ਸੁਚੇਤ ਹੋ ਕੇ ਲਿਖਿਆ ਹੈ। ਨਾਵਲ ਵਿੱਚੋਂ ਉਸ ਦੀ ਵਿਚਾਰਧਾਰਕ ਪਰਪੱਕਤਾ ਬਾਖ਼ੂਬੀ ਝਲਕਦੀ ਹੈ। ਨਾਵਲ ਦੀ ਨਾਇਕਾ ਕਿਤੇ ਵੀ ਡੋਲਦੀ ਨਹੀਂ ਉਹ ਹਰ ਸਮੱਸਿਆ ਨੂੰ ਬੜੀ ਸੂਝ-ਬੂਝ ਤੇ ਤਰਕ ਨਾਲ ਸੁਲਝਾਉਂਦੀ ਹੈ। ਉਹ ਕਿਤੇ ਵੀ ਆਪਣੀ ਨਿੱਜੀ ਜ਼ਿੰਦਗੀ ਦਾ ਰੋਣਾ ਨਹੀਂ ਰੋਂਦੀ ਸਗੋਂ ਸਮੂਹਿਕ ਭਲਾਈ ਨੂੰ ਹੀ ਆਪਣਾ ਪ੍ਰਮੁੱਖ ਉਦੇਸ਼ ਮੰਨਦੀ ਹੈ। ਨਾਵਲਕਾਰ ਉਸਦੇ ਨਾਇਕਤਵ ਨੂੰ ਉਭਾਰਦਾ ਹੋਇਆ ਉਸ ਨੂੰ ਦਲੇਰ ਤੇ ਸਮਝਦਾਰ ਪਾਤਰ ਵਜੋਂ ਸਿਰਜਦਾ ਹੈ ਜਿਹੜੀ

ਸੰਦੀਪ ਦੇ ਛਲਾਵੇ ਵਿਚ ਨਹੀਂ ਆਉਂਦੀ। ਉਸ ਦੇ ਪਾਤਰ ਆਪਣੇ ਸੰਬੰਧਿਤ ਵਰਗ ਦੀ ਪ੍ਰਤਿਨਿਧਤਾ ਕਰਦੇ ਹੋਏ ਜਿਉਂਦੇ ਜਾਗਦੇ ਪ੍ਰਤੀਤ ਹੁੰਦੇ ਹਨ।

ਲੇਖਕ ਭਾਰਤੀ ਲੋਕਾਂ ਨੂੰ ਆਪਣੇ ਨਾਇਕਾਂ ਨੂੰ ਸੰਭਾਲਣ ਲਈ ਵੀ ਸੁਚੇਤ ਕਰਦਾ ਹੈ। ਨਾਵਲ ਡੇਰਾਵਾਦ ਦੇ ਲੋਕ ਪੱਖੀ ਸਰੂਪ ਨੂੰ ਵੀ ਚਿਤਰਦਾ ਹੈ। ਡੇਰੇ ਦਾ ਮੁਖੀ ਸੰਤ ਸਚਿੱਦਾ ਨੰਦ ਧਰਮ, ਗਿਆਨ, ਇਤਿਹਾਸ, ਭਾਰਤੀ ਲੋਕ-ਮਨ ਆਦਿ ਬਾਰੇ ਵਧੇਰੇ ਚੇਤੰਨ ਹੈ ਜਿਹੜਾ ਵਹਿਮਾਂ-ਭਰਮਾਂ ਨੂੰ ਲੋਕ ਮਨਾਂ 'ਚੋਂ ਖਾਰਜ ਕਰਕੇ ਤਰਕਵਾਦੀ ਢੰਗ ਦਾ ਪ੍ਰਸਾਰ ਕਰਦਾ ਹੈ। ਜਿਸਦੀ ਕਨਸੋਅ ਨਾਵਲੀ ਬਿਰਤਾਂਤ ਵਿੱਚੋਂ ਉਸਦੇ ਮਾਸਟਰ ਅਜੈਬ ਸਿੰਘ ਅਤੇ ਵੀਰਾਂ ਨਾਲ ਰਚਾਏ ਸੰਵਾਦ ਵਿੱਚੋਂ ਬਾਖ਼ੂਬੀ ਮਿਲਦੀ ਹੈ।

ਲੇਖਕ ਜਿਸ ਸਮੱਸਿਆ ਨੂੰ ਲੈ ਕੇ ਨਾਵਲ ਸਿਰਜਦਾ ਹੈ ਉਸ ਤੋਂ ਲਾਂਭੇ ਨਹੀਂ ਜਾਂਦਾ ਸਗੋਂ ਉਸ ਨੂੰ ਕੇਂਦਰ ਵਿਚ ਰੱਖਦਾ ਹੈ ਜਿਹੜੀ ਉਸ ਦੀ ਵਿਚਾਰਧਾਰਕ ਪਰਪੱਕਤਾ ਦਾ ਪ੍ਰਤੀਕ ਹੈ। ਉਹ ਜ਼ਮੀਨੀ ਸੰਘਰਸ਼ ਦੇ ਰਾਹੀਂ ਧਰਤ ਵਿਹੂਣਿਆਂ ਨੂੰ ਕੇਂਦਰਿਤ ਕਰਕੇ ਉਨ੍ਹਾਂ ਦੀਆਂ ਤੰਗੀਆਂ-ਤੁਰਸ਼ੀਆਂ ਨੂੰ ਵੀ ਉਭਾਰਦਾ ਹੈ।


ਨਾਵਲ ਮੁੱਖ ਵਿਸ਼ੇ ਤੋਂ ਬਿਨਾਂ ਸਮਾਜ ਵਿਚ ਵਾਪਰਦੇ ਵਿਭਿੰਨ ਮਸਲਿਆਂ ਨੂੰ ਵੀ ਸਨਮੁਖ ਕਰਦਾ ਹੈ। ਬਿੰਦਰ ਕੋਲ ਚੰਗੀ ਜਾਇਦਾਦ ਹੋਣ ਕਾਰਨ ਉਸ ਦਾ ਰਿਸ਼ਤਾ ਸੁੰਦਰ ਮੁਟਿਆਰ ਨਾਲ ਹੋਣ ਕਾਰਨ ਅਨਜੋੜ ਰਿਸ਼ਤਿਆਂ ਨੂੰ ਸਿਰਜਣਾ, ਦਲਿਤਾਂ ਦੇ ਜੀਵਨ ਨਿਰਬਾਹ ਲਈ ਪਸ਼ੂ ਧਨ ਦੀ ਮਹੱਤਤਾ, ਜ਼ਮੀਨੀ ਸੰਘਰਸ਼ ਵਿਚ ਔਰਤਾਂ ਦੀ ਘਾਟ ਨੂੰ ਉਭਾਰਨਾ, ਲੋਕ ਲਹਿਰ ਦੀ ਖੜੋਤ ਕਾਰਨ ਵਿਦਵਾਨਾਂ ਦੀ ਭਾਸ਼ਾ ਦਾ ਅੜਿੱਕਾ ਬਣਨਾ, ਕਿਸਾਨੀ ਦੀ ਨਵੀਂ ਪੀੜ੍ਹੀ ਦਾ ਸੰਘਰਸ਼ ਤੋਂ ਪਾਸਾ ਵੱਟਣਾ ਤੇ ਪਰਵਾਸ ਧਾਰਨ ਦੀ ਅੰਨ੍ਹੇਵਾਹ ਦੌੜ ਵਿਚ ਸ਼ਾਮਿਲ ਹੋਣਾ, ਵਿਦਿਆਰਥੀਆਂ ਜਥੇਬੰਦੀਆਂ ਦੀਆਂ ਸਿਧਾਂਤਕ ਤੇ ਵਿਵਹਾਰਿਕ ਘਾਟਾਂ ਨੂੰ ਸੁਚੇਤ ਕਰਨਾ ਆਦਿ ਸਮਕਾਲੀਨ ਵਰਤਾਰਿਆਂ ਨੂੰ ਆਪਣੇ ਨਾਵਲੀ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੋਇਆ ਪਾਠਕਾਂ ਅੰਦਰ ਇਨ੍ਹਾਂ ਮਸਲਿਆਂ ਨੂੰ ਸਮਝਣ ਤੇ ਸਮਝਾਉਣ ਦੀ ਚੇਤਨਾ ਪੈਦਾ ਕਰਦਾ ਹੈ।

ਲੇਖਕ ਆਪਣੇ ਜੀਵਨ ਵਿਚ ਵਿਦਿਆਰਥੀ, ਸਮਾਜਿਕ ਤੇ ਸਾਹਿਤਕ ਕਾਰਕੁਨ ਹੋਣ ਕਾਰਨ ਸਮਾਜਿਕ ਵਰਤਾਰਿਆਂ ਦੀਆਂ ਬਾਰੀਕੀਆਂ ਨੂੰ ਚੰਗੀ ਤਰ੍ਹਾਂ ਪਕੜਦਾ ਹੈ। ਉਸਦੀ ਇਹ ਖ਼ੂਬੀ ਨਾਵਲ ਦੀ ਕਲਾਤਮਿਕ ਪੇਸ਼ਕਾਰੀ ਲਈ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਨਾਵਲ, ਨਾਟਕੀ ਵਿਧੀ ਨਾਲ ਅੱਗੇ ਵੱਧਦਾ ਹੈ, ਪਾਠਕ ਦੀ ਉਤਸੁਕਤਾ ਬਣੀ ਰਹਿੰਦੀ ਹੈ ਕਿ ਅੱਗੇ ਕੀ ਹੋਵੇਗਾ? ਅਧਿਆਏ ਸੰਖੇਪ ਹੋਣ ਕਾਰਨ ਪਾਠਕ ਅਕੇਵਾਂ ਮਹਿਸੂਸ ਨਹੀਂ ਕਰਦਾ। ਨਾਵਲ ਵਿਚਾਰਧਾਰਕ ਤੌਰ ਤੇ ਜਿਸ ਉਦੇਸ਼ ਨੂੰ ਸਾਹਮਣੇ ਰੱਖ ਕੇ ਲਿਖਿਆ ਗਿਆ ਹੈ ਉਸ ਵਿਚ ਲੇਖਕ ਵਧੇਰੇ ਸਫ਼ਲ ਰਿਹਾ ਹੈ। ਲੇਖਕ ਕਾਵਿਕ ਬਿੰਬ ਵੀ ਵਰਤਦਾ ਹੈ ਅਤੇ ਵੱਖਰੀ ਸ਼ਬਦਾਵਲੀ ਨੂੰ ਸਾਂਭਣ ਤੇ ਵਰਤਣ ਪ੍ਰਤੀ ਵੀ ਸੁਚੇਤ ਰਹਿੰਦਾ ਹੈ। ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਨਾਵਲਕਾਰ ਇਕ ਨਪੀੜੀ, ਦਮਿਤ ਤੇ ਹਾਸ਼ੀਆਗਤ ਧਿਰ ਦੀ ਔਰਤ ਨੂੰ ਨਾਇਕਾ ਦੇ ਰੂਪ ਵਿਚ ਸਿਰਜਦਾ ਹੋਇਆ ਉਸ ਦੀ ਹੋਂਦ, ਸਵੈ-ਮਾਣ, ਹਿੰਮਤ, ਦਲੇਰੀ ਆਦਿ ਗੁਣਾਂ ਦੀ ਧਾਰਨੀ ਵਜੋਂ ਵੀ ਪੇਸ਼ ਕਰਦਾ ਹੈ।

(**ਸੰਪਰਕ : 95012-45290**)

# ਕਿਰਦਾਰਾਂ ਦੇ ਅਨਿਸ਼ਚਿਤ ਭਵਿੱਖ ਦੀ ਦਾਸਤਾਨ : 'ਗੁੰਮਰਾਹ'

**- ਡਾ. ਸੰਦੀਪ ਰਾਣਾ**




ਨਾਮਵਰ ਸਾਹਿਤਕਾਰ, ਰੰਗਕਰਮੀ, ਸਮਾਜ ਸੇਵਕ ਅਤੇ ਫੁਟਬਾਲ ਖਿਡਾਰੀ ਭੁਪਿੰਦਰ ਸਿੰਘ ਮਾਨ ਦਾ ਤੀਜਾ ਨਾਵਲ ਹੈ। ਇਸ ਤੋਂ ਪਹਿਲਾਂ 'ਜਾਂਬਾਜ਼' ਤੇ 'ਆਸ਼ਰਮ' ਨਾਵਲਾਂ ਰਾਹੀਂ ਉਹ ਨਾਵਲ ਜਗਤ ਵਿੱਚ ਆਪਣੀ ਹੋਂਦ ਸਥਾਪਤ ਕਰ ਚੁੱਕਾ ਹੈ। ਅਜੋਕੇ ਪੰਜਾਬੀ ਸਮਾਜ ਦੀਆਂ ਸਮਾਜਕ, ਰਾਜਨੀਤਕ ਅਤੇ ਭਾਈਚਾਰਕ ਪਰਤਾਂ ਨੂੰ ਫਰੋਲਦੇ ਇਹ ਨਾਵਲ ਇਸ ਨਿਜਾਮ ਦੀ ਅਸਲੀਅਤ ਬਿਆਨਦੇ ਹਨ। ਇਸੇ ਲਈ ਉਸਦਾ ਤੀਜਾ ਨਾਵਲ **'ਗੁੰਮਰਾਹ'** (**ਪ੍ਰਕਾਸ਼ਕ : ਵਰਡ ਲਾਈਟ ਪਬਲੀਕੇਸ਼ਨ**, **ਮੂਸਾ**, **ਮੁੱਲ** : 270, **ਪੰਨੇ**: 184, **ਸਾਲ** : 2024) ਇਸ ਸਬੰਧ ਵਿੱਚ ਮਹੱਤਵਪੂਰਨ ਕ੍ਰਿਤ ਸਿੱਧ ਹੁੰਦਾ ਹੈ। ਇਹ ਨਾਵਲ ਉਹਨਾਂ ਸਮਾਜਿਕ ਸਮੱਸਿਆਵਾਂ ਨੂੰ ਚਿਤਰਤ ਕਰਦਾ ਹੈ ਜੋ ਨੌਜਵਾਨਾਂ ਦੇ ਗੁੰਮਰਾਹ ਹੋਣ ਦੇ ਕਾਰਨ ਬਣਦੀਆਂ ਹਨ। ਨਾਵਲਕਾਰ ਦੀ ਕਲਾ ਇਸ ਵਿੱਚ ਸਿੱਧ ਹੁੰਦੀ ਹੈ ਕਿ ਉਸ ਨੇ ਸਮੱਸਿਆਵਾਂ ਦੀਆਂ ਜੜਾਂ ਤਕ ਬਹੁਤ ਕਲਾਤਮਕ ਢੰਗ ਨਾਲ਼ ਪਹੁੰਚ ਕੀਤੀ ਹੈ ਅਤੇ ਉਹਨਾਂ ਨੂੰ ਵਿਸਥਾਰਿਤ ਢੰਗ ਨਾਲ਼ ਬਿਆਨ ਕੀਤਾ ਹੈ। ਅਸਲ ਵਿੱਚ ਇਸ ਨਾਵਲ ਦੇ ਮਾਧਿਅਮ ਨਾਲ ਲੇਖਕ ਨੇ ਸਮਾਜਿਕ ਬਦਲਾਅ ਲਿਆਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਪਾਠਕਾਂ ਨੂੰ ਇਸ ਬਦਲਾਅ ਲਈ ਪ੍ਰੇਰਿਤ ਵੀ ਕੀਤਾ ਹੈ। ਪਾਠਕ ਨਾਵਲ ਦੀ ਪਹਿਲੀ ਝਲਕ ਨਾਲ ਹੀ ਇਸ ਨੂੰ ਪੜ੍ਹਨ ਲਈ ਉਤਸੁਕਤ ਹੁੰਦਾ ਹੈ ਕਿਉਂਕਿ ਸਰਵਰਕ 'ਤੇ ਇਕ ਮਨੁੱਖੀ ਸਰੀਰ ਵਿਖਾਈ ਦਿੰਦਾ ਹੈ ਜਿਸ ਦੀਆਂ ਅੱਖਾਂ 'ਤੇ ਪੱਟੀ ਬੱਝੀ ਹੋਈ ਹੈ। ਇਹ ਅੱਖਾਂ 'ਤੇ ਪੱਟੀ ਵਾਲੀ ਇਸ ਨਾਵਲ ਦੇ ਸਿਰਲੇਖ ਨੂੰ ਬਿਆਨਦੀ ਹੈ ਅਤੇ ਉਹ ਪਾਠਕ ਇਕ ਕਿਰਦਾਰ ਪ੍ਰਧਾਨ ਨਾਵਲ ਪੜ੍ਹਨ ਲਈ ਹੋਰ ਜ਼ਿਆਦਾ ਵਿਆਕੁਲ ਹੋ ਜਾਂਦਾ ਹੈ। ਨਾਵਲਕਾਰ ਦੀ ਉਚਤਾ ਇਸ ਗੱਲ ਵਿੱਚ ਸਿੱਧ ਹੁੰਦੀ ਹੈ ਕਿ ਉਹ ਕਲਾਤਮਕ ਢੰਗ ਨਾਲ਼ ਚੋਣਵੇਂ ਅਨੁਭਵਾਂ ਦੇ ਪ੍ਰਭਾਵ ਹੇਠ ਮਨੁੱਖੀ ਸ਼ਖ਼ਸੀਅਤ ਦੀਆਂ ਉਲਝਣਾਂ ਨੂੰ ਚਿੱਤਰਦਾ ਹੈ। ਅਜਿਹੇ ਚਿੱਤਰਣ ਨਾਲ਼ ਉਹ ਨਿਪੁੰਨ ਨਾਵਲਕਾਰ ਬਣ ਕਿਰਦਾਰਾਂ ਦਾ ਨਿਰਮਾਤਾ ਬਣਦਾ ਹੈ ਕਿਉਂਕਿ ਆਧੁਨਿਕ ਆਲੋਚਨਾ ਸਿਧਾਤਾਂ ਅਨੁਸਾਰ ਕਿਸੇ ਨਾਵਲਕਾਰ ਦਾ ਮੁਲਾਂਕਣ ਉਸਦੇ ਕਿਰਦਾਰਾਂ ਦੇ ਚਿੱਤਰਣ ਦੁਆਰਾ ਵੀ ਸੰਭਵ ਹੈ। ਕਿਰਦਾਰ ਪ੍ਰਧਾਨ ਬਿਰਤਾਂਤਕ ਵਿਧੀਆਂ ਇਹਨਾਂ ਕਿਰਦਾਰਾਂ ਦੇ ਮਾਨਵੀਕਰਨ ਨਾਲ਼ ਸਬੰਧਿਤ ਹੁੰਦੀਆਂ ਹਨ ਅਤੇ ਇਹ ਕਿਰਦਾਰ ਵਾਤਾਵਰਣ ਦਾ ਪ੍ਰਭਾਵ ਕਬੂਲਦੇ ਹੋਏ ਆਪਣੀ ਵਿਅਕਤੀਗਤ ਗਤੀਸ਼ੀਲਤਾ ਬਣਾਈ ਰੱਖਦੇ ਹਨ। ਮੁਨਸ਼ੀ ਪ੍ਰੇਮ ਚੰਦ ਦੇ ਸ਼ਬਦਾਂ

ਵਿੱਚ, ਨਾਵਲ ਦੇ ਕਿਰਦਾਰਾਂ ਦਾ ਚਿਤਰਣ ਜਿੰਨਾ ਸਪੱਸ਼ਟ, ਡੂੰਘਾ ਤੇ ਵਿਕਾਸਪੂਰਣ ਹੋਵੇਗਾ, ਪਾਠਕਾਂ 'ਤੇ ਉਸਦਾ ਉਨਾਂ ਹੀ ਡੂੰਘਾ ਅਸਰ ਪਵੇਗਾ। ਇਸੇ ਕਾਰਨ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਕਿਰਦਾਰ ਉਸਾਰੀ ਅਸਲ ਅਨੁਭਵਾਂ 'ਤੇ ਆਧਾਰਿਤ ਹੋਵੇ। ਕਿਸੇ ਕਿਰਦਾਰ ਦੀ ਪਿਛਲੀ ਜ਼ਿੰਦਗੀ ਵੀ ਉਸ ਦੇ ਚਰਿੱਤਰ ਨੂੰ ਨਿਰਧਾਰਤ ਕਰਨ ਵਿੱਚ ਬਹੁਤ ਮਹੱਤਵਪੂਰਨ ਹੁੰਦੀ ਹੈ ਅਤੇ ਬਿਰਤਾਂਤ ਵਿੱਚ ਉਸ ਕਿਰਦਾਰ ਦੇ ਕੰਮਾਂ, ਪ੍ਰੇਰਨਾਵਾਂ, ਸੰਦਰਭਾਂ ਅਤੇ ਭਾਵਨਾਤਮਕ ਇਛਾਵਾਂ ਨੂੰ ਦਿਸ਼ਾ ਪ੍ਰਦਾਨ ਕਰਦੀ ਹੈ। ਇਸੇ ਸੇਧ ਦੇ ਕਾਰਨ ਨਾਵਲ 'ਗੁੰਮਰਾਹ' ਵਿੱਚ ਅੱਜ ਦਾ ਨੌਜਵਾਨ ਦੀਪੀ ਦੇ ਰੂਪ ਵਿੱਚ ਗ਼ਲਤ ਰਾਹ ਪੈ ਕੇ ਜੁਰਮ ਦੀ ਦਲਦਲ ਵਿੱਚ ਫਸ ਜਾਂਦਾ ਹੈ ਜਾਂ ਹੈਰੀ ਦੇ ਰੂਪ ਵਿੱਚ ਬਾਹਰਲੇ ਦੇਸ਼ਾਂ ਵਿੱਚ ਜਾ ਕੇ ਵੱਸਣ ਦੀ ਲਾਲਸਾ ਕਾਰਨ ਗ਼ਲਤ ਢੰਗਾਂ ਨਾਲ਼ ਬਾਹਰਲੇ ਦੇਸ਼ ਪਹੁੰਚਣ ਦੇ ਤਰੀਕੇ ਵਰਤਦਾ ਹੈ ਤੇ ਇਸੇ ਕਾਰਨ ਆਪਣੀ ਜ਼ਿੰਦਗੀ ਖ਼ਰਾਬ ਕਰ ਲੈਂਦਾ ਹੈ ਜਾਂ ਕੀਪੇ ਵਾਂਗ ਨਸ਼ਿਆਂ ਵਿੱਚ ਗ਼ਲਤਾਨ ਹੋ ਕੇ ਜ਼ਿੰਦਗੀ ਖ਼ਰਾਬ ਕਰ ਲੈਂਦਾ ਹੈ ਅਤੇ ਜਾਂ ਫਿਰ ਗੋਰੇ ਵਾਂਗ ਮਿਹਨਤ ਦਾ ਪੂਰਾ ਮੁੱਲ ਨਾ ਮਿਲਣ ਕਾਰਨ ਮਾਯੂਸੀ ਵਿੱਚ ਪੈ ਜਾਂਦਾ ਹੈ।

ਨਾਵਲ ਅਸਲ ਵਿੱਚ ਕਿਰਦਾਰਾਂ ਅਤੇ ਘਟਨਾਵਾਂ ਦਾ ਚਿੱਤਰਨ ਹੀ ਹੁੰਦਾ ਹੈ। ਨਾਵਲ ਦੇ ਕਿਰਦਾਰਾਂ 'ਤੇ ਕਥਾਨਕ ਦਾ ਪ੍ਰਭਾਵ ਕਈ ਢੰਗਾਂ ਨਾਲ਼ ਪੈਂਦਾ ਹੈ। ਘਟਨਾਵਾਂ ਦੀਆਂ ਕ੍ਰਿਆਵਾਂ ਤੇ ਪ੍ਰਤਿਕ੍ਰਿਆਵਾਂ ਹੀ ਇਹਨਾਂ ਕਿਰਦਾਰਾਂ ਦੇ ਉਤਪੰਨ ਅਤੇ ਪਤਨ ਦਾ ਕਾਰਨ ਬਣਦੀਆਂ ਹਨ। ਇਸੇ ਕਾਰਨ ਕਿਸੇ ਵੀ ਕਥਾਨਕ ਵਿੱਚ ਅਹਿਮੀਅਤ ਦੇ ਆਧਾਰ 'ਤੇ ਕਿਰਦਾਰਾਂ ਨੂੰ ਤਿੰਨ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ ਮੁੱਖ ਕਿਰਦਾਰ, ਸਹਾਇਕ ਕਿਰਦਾਰ ਅਤੇ ਫੁਟਕਲ ਕਿਰਦਾਰ। ਇਸ ਨਾਵਲ ਵਿੱਚ ਮੁੱਖ ਕਿਰਦਾਰ ਦੀਪੀ ਹੈ ਜੋ ਇਕ ਗੈਂਗਸਟਰ ਬਣ ਚੁੱਕਾ ਹੈ। ਇਸ ਨਾਵਲ ਵਿੱਚ ਨਾਵਲਕਾਰ ਭੁਪਿੰਦਰ ਸਿੰਘ ਮਾਨ ਨੇ ਕਿਰਦਾਰਾਂ ਦੀ ਚਿੱਤਰਣ ਪਿਛਲ ਝਾਤ ਵਿਧੀ ਨਾਲ਼ ਕੀਤਾ ਹੈ। ਨਾਵਲ ਦੀ ਸ਼ੁਰੂਆਤ ਵਿੱਚ ਹੀ ਮੁੱਖ ਕਿਰਦਾਰ ਦੀਪੀ ਨੂੰ ਪੁਲਿਸ ਮੁਕਾਬਲੇ ਦੌਰਾਨ ਗੋਲੀ ਲੱਗ ਜਾਂਦੀ ਹੈ। ਉਹ ਮਰ ਰਿਹਾ ਹੈ ਤੇ ਆਪਣੇ ਆਖ਼ਰੀ ਸਾਹ ਪੂਰੇ ਹੋਣ ਤੋਂ ਪਹਿਲਾਂ ਸਮੇਂ ਉਸਨੂੰ ਆਪਣਾ ਸਾਰਾ ਜੀਵਨ ਯਾਦ ਆਉਂਦਾ ਹੈ। ਉਸ ਨੂੰ ਯਾਦ ਆਇਆ ਕਿਉਸ ਦਾ ਪੂਰਾ ਨਾਮ ਘਰਦਿਆਂ ਨੇ ਸੁਖਦੀਪ ਸਿੰਘ ਰੱਖਿਆ ਸੀ। ਉਹ ਪਿੰਡ ਦੇ ਸਰਕਾਰੀ ਪ੍ਰਾਇਮਰੀ ਵਿੱਚ ਪੜ੍ਹਦਾ ਸੀ। ਪੰਜਵੀਂ ਪਾਸ ਕਰਕੇ ਨੇੜਲੇ ਪਿੰਡ ਨੂਰਪੁਰ ਦੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਦਾਖ਼ਲਾ ਲੈ ਲੈਂਦਾ ਹੈ। ਉਸ ਸਕੂਲ ਵਿੱਚ ਉਹ ਆਪਣੇ ਦੋਸਤ ਹੈਰੀ ਨੂੰ ਅਧਿਆਪਕਾ ਦੀ ਕੁੱਟ ਤੋਂ ਬਚਾਉਣ ਲਈ ਉਸ ਅਧਿਆਪਕਾ ਦੇ ਸਿਰ ਵਿੱਚ ਵੱਟਾ ਮਾਰਦਾ ਹੈ ਜਿਸ ਕਾਰਨ ਉਸ ਨੂੰ ਪੁਲਿਸ ਥਾਣੇ ਜਾਣਾ ਪੈਂਦਾ ਹੈ। ਇਸ ਸਾਰੇ ਘਟਨਾਕ੍ਰਮ ਨੂੰ ਨਾਵਲਕਾਰ ਨੇ ਉਸ ਦੇ ਚਰਿੱਤਰ ਦਾ ਬਗ਼ਾਵਤੀ ਸੁਰ ਪੇਸ਼ ਕਰਨ ਲਈ ਵਰਤਿਆ ਹੈ। ਉਹ ਬਚਪਨ ਤੋਂ ਹੀ ਕੁਝ ਵੀ ਗ਼ਲਤ ਹੁੰਦਾ ਵੇਖ ਕੇ ਚੁੱਪ ਬੈਠਣ ਵਾਲਿਆਂ ਵਿੱਚੋਂ ਨਹੀਂ ਸੀ। ਇਸ ਘਟਨਾ ਦੇ ਪ੍ਰਭਾਵ ਹੇਠ ਸਕੂਲ ਦੇ ਹੋਰ ਵਿਦਿਆਰਥੀ ਉਸ ਤੋਂ ਡਰਨ ਲੱਗ ਪਏ ਸਨ। ਨਾਵਲਕਾਰ ਇਕ ਥਾਈਂ ਲਿਖਦਾ ਹੈ, ਉਹ ਪੰਗਾ ਲੈਣ ਵੇਲੇ ਭੁੱਲ ਗਿਆ ਕਿ ਦੀਪੀ ਨਾਲ਼ ਹੈ। ਦੀਪੀ ਦਾ ਸੁਭਾਅ ਤਾਂ ਸ਼ੁਰੂ ਤੋਂ ਹੀ ਲੜਾਕੂ ਸੀ। ਉਸ ਨੇ ਹੈਰੀ ਲਈ ਮੈਡਮ ਦਾ ਸਿਰ ਪਾੜ ਦਿੱਤਾ ਸੀ। ਨਿੱਪੀ ਉਸ ਲਈ ਕਿਹੜੇ ਖੇਤ ਦੀ ਮੂਲੀ ਸੀ।

ਇਸ ਢੰਗ ਨਾਲ਼ ਨਾਵਲਕਾਰ ਨੇ ਦੀਪੀ ਨੂੰ ਇਕ ਚੰਗੇ ਪਰਿਵਾਰ ਦੇ ਫ਼ਰਜ਼ੰਦ ਵਜੋਂ ਚਿਤਰਤ ਕੀਤਾ ਹੈ ਜੋ ਪੜ੍ਹਾਈ-ਲਿਖਾਈ ਵਿੱਚ ਵੀ ਚੰਗਾ ਹੈ ਤੇ ਖੇਡਣ ਵਿੱਚ ਵੀ। ਉਹ ਆਪਣੇ ਪਿਉ ਦਾਦੇ ਵਾਂਗ ਕਬੱਡੀ ਖਿਡਾਰੀ ਹੈ ਜੋ ਆਪਣੀ ਮਿਹਨਤ ਦੇ ਸਿਰ 'ਤੇ ਖੇਡ ਵਿੱਚ ਆਪਣਾ ਨਾਂ ਬਣਾਉਂਦਾ ਹੈ। ਬਾਰਵੀਂ ਤੋਂ ਬਾਅਦ ਸਪੋਰਟਸ ਕਾਲਜ ਪਹੁੰਚ ਕੇ ਵੀ ਦੀਪੀ ਆਪਣੀ ਖੇਡ ਕਬੱਡੀ ਜਾਰੀ ਰੱਖਦਾ ਹੈ। ਉਸ ਦਾ ਰੁਟੀਨ ਹੀ ਅਜਿਹਾ ਬਣ ਜਾਂਦਾ ਹੈ ਕਿ ਉਹ ਸਵੇਰੇ ਜਲਦੀ ਉੱਠ ਕੇ ਕਸਰਤ ਕਰੇ, ਰੱਜ ਕੇ ਦੁੱਧ ਪੀਵੇ, ਬਾਦਾਮ ਖਾਵੇ, ਜਿੰਮ ਜਾ ਕੇ ਖ਼ੂਬ ਕਸਰਤ ਕਰੇ, ਚੰਗੀ ਖ਼ੁਰਾਕ ਖਾਵੇ ਤੇ ਕਬੱਡੀ ਦੇ ਨਵੇਂ ਨਵੇਂ ਗੁਰ ਸਿੱਖੇ। ਉਹ ਦਿਨ-ਬ-ਦਿਨ ਤਰੱਕੀ ਹੀ ਕਰ ਰਿਹਾ ਸੀ। ਇਕ ਖੇਡ ਮੇਲੇ 'ਚ ਉਹ ਮੋਟਰ ਸਾਈਕਲ ਵੀ ਜਿੱਤਦਾ ਹੈ। ਇਸੇ ਮਿਹਨਤ ਕਾਰਨ ਉਹ ਇੰਗਲੈਂਡ ਜਾਣ ਵਾਲੀ ਕਬੱਡੀ ਟੀਮ ਵਿੱਚ ਵੀ ਚੁਣ ਲਿਆ ਜਾਂਦਾ ਹੈ। ਪਰ ਉਹ ਕਿਸੇ ਵੱਡੇ ਲੀਡਰ ਦੀ ਕਿਸੇ ਚਾਲ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਉਸਦਾ ਵੀਜ਼ਾ ਨਹੀਂ ਲੱਗਦਾ। ਉਸ ਦੀ ਥਾਂ ਕੋਈ ਨੌਸਿਖਿਆ ਟੀਮ ਵਿੱਚ ਸ਼ਾਮਲ ਕਰ ਲਿਆ ਜਾਂਦਾ ਹੈ। ਉਸ 'ਤੇ ਹਮਲਾ ਵੀ ਹੁੰਦਾ ਹੈ ਤੇ ਉਹ ਜ਼ਖ਼ਮੀ ਹੋ ਜਾਂਦਾ ਹੈ। ਅਜਿਹੇ ਹਾਲਾਤ ਪੈਦਾ ਕਰ ਦਿੱਤੇ ਜਾਂਦੇ ਹਨ ਕਿ ਉਹ ਖੇਡ ਤੋਂ ਦੂਰ ਹੁੰਦਾ ਜਾਂਦਾ ਹੈ ਅਤੇ ਲੀਡਰਾਂ, ਮੰਤਰੀਆਂ ਅਤੇ ਕੁਝ ਮਾੜੇ ਦੋਸਤਾਂ ਦੁਆਰਾ ਖੇਡੀਆਂ ਚਾਲਾਂ ਕਾਰਨ ਜੁਰਮ ਦੀ ਦੁਨੀਆਂ ਵਿੱਚ ਧਸਦਾ ਚਲਿਆ ਜਾਂਦਾ ਹੈ। ਉਸ ਦੀ ਇਸ ਜੁਰਮ ਦੀ ਦੁਨੀਆਂ ਦਾ ਅੰਤ ਉਸ ਦੀ ਮੌਤ ਨਾਲ਼ ਹੀ ਹੁੰਦਾ ਹੈ। ਉਹ ਬਹੁਤ ਵਾਰ ਕੋਸ਼ਿਸ਼ ਕਰਦਾ ਹੈ ਕਿ ਇਸ ਜੁਰਮ ਦੀ ਦਲਦਲ ਵਿੱਚੋਂ ਨਿਕਲ ਜਾਵੇ, ਦੁਬਾਰਾ ਯੂਨੀਵਰਸਿਟੀ ਵਿੱਚ ਦਾਖ਼ਲਾ ਲਵੇ ਅਤੇ ਆਪਣੀ ਖੇਡ ਫਿਰ ਤੋਂ ਸ਼ੁਰੂ ਕਰੇ ਪਰੰਤੂ ਅਜਿਹਾ ਸੰਭਵ ਨਹੀਂ ਹੁੰਦਾ। ਨਾਵਲਕਾਰ ਭੁਪਿੰਦਰ ਸਿੰਘ ਮਾਨ ਨੇ ਦੀਪੀ ਦੇ ਰੂਪ ਵਿੱਚ ਇਕ ਅਜਿਹਾ ਕਿਰਦਾਰ ਘੜਿਆ ਹੈ ਜੋ ਅਨੇਕ ਪਰੇਸ਼ਾਨੀਆਂ ਅਤੇ ਜ਼ਿੰਦਗੀ 'ਚ ਮਿਲਣ ਵਾਲੇ ਧੋਖਿਆਂ ਕਾਰਨ ਜ਼ਿੰਦਗੀ ਤੋਂ ਹਾਰ ਜਾਂਦਾ ਹੈ। ਲੇਖਕ ਇਹ ਦਰਸਾਉਣ ਵਿੱਚ ਪੂਰਾ ਸਫ਼ਲ ਰਿਹਾ ਹੈ ਕਿ ਕੋਈ ਵੀ ਮਨੁੱਖ ਜਦ ਜੁਰਮ ਦੀ ਦੁਨੀਆਂ ਵਿੱਚ ਪੈਰ ਰੱਖਦਾ ਹੈ ਤਾਂ ਇਹ ਵਰਤਾਰਾ ਪਲ-ਛਿਣ ਵਿੱਚ ਨਹੀਂ ਵਾਪਰਦਾ ਸਗੋਂ ਉਸਦੀਆਂ ਜੜਾਂ ਉਸਦੇ ਬਚਪਨ ਵਿੱਚ ਹੀ ਪਈਆਂ ਹੁੰਦੀਆਂ ਹਨ, ਜਵਾਨੀ ਦੇ ਜੋਸ਼ ਵਿੱਚ ਉਸ ਦੀ ਸਮਾਜ ਤੋਂ ਬਗ਼ਾਵਤ ਨੂੰ ਰਾਜਨੀਤਿਕ ਨੇਤਾ ਲੋਕ ਆਪਣੇ ਘਟੀਆ ਵੰਗਾਰਾਂ ਲਈ ਵਰਤਦੇ ਹਨ ਅਤੇ ਨੌਜਵਾਨਾਂ ਨੂੰ ਵਰਗਲਾ ਕੇ ਇਕ ਹਥਿਆਰ ਵਾਂਗ ਵਰਤ ਕੇ ਖ਼ਤਮ ਕਰ ਦਿੰਦੇ ਹਨ। ਨਾਵਲਕਾਰ ਨੇ ਰਾਜਨੀਤਕ ਨੇਤਾਵਾਂ,ਪ੍ਰਸ਼ਾਸ਼ਨ, ਜੁਰਮ ਦੀ ਦੁਨੀਆਂ ਅਤੇ ਨਸ਼ੇ ਦੇ ਜਾਲ਼ ਦਾ ਪਰਦਾਫਾਸ਼ ਕੀਤਾ ਗਿਆ ਹੈ।

ਲੇਖਕ ਨੇ ਜੁਰਮ ਅਤੇ ਨਸ਼ੇ ਦੀ ਸਮੱਸਿਆ ਦੇ ਨਾਲ-ਨਾਲ ਵਧ ਰਹੇ ਪ੍ਰਵਾਸ ਅਤੇ ਉਸਦੇ ਕਾਰਨ, ਸਮੱਸਿਆਵਾਂ ਨੂੰ ਸਜੀਵ ਰੂਪ ਵਿਚ ਚਿਤਰਿਆ ਹੈ। ਲੇਖਕ ਨੇ ਬੜੇ ਖ਼ੂਬਸੂਰਤ ਢੰਗ ਨਾਲ ਸੁਨੇਹਾ ਦਿੱਤਾ ਹੈ ਕਿ ਪੰਜਾਬ ਦੀ ਜਵਾਨੀ ਨੂੰ ਸੰਭਾਲ ਕੇ ਹੀ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ। ਮੁੱਖ ਕਿਰਦਾਰ ਦੀਪੀ ਨਾਲ਼ ਕੁਝ ਸਹਾਇਕ ਕਿਰਦਾਰ ਵੀ ਇਸ ਨਾਵਲ ਵਿੱਚ ਨਾਵਲਕਾਰ ਦੁਆਰਾ ਘੜੇ ਗਏ ਹਨ ਜਿਨ੍ਹਾਂ ਵਿੱਚੋਂ ਦੀਪੀ ਦੇ ਦੋਸਤ ਹੈਰੀ, ਗੋਰਾ, ਕੀਪਾ ਅਤੇ ਚੰਨੀ ਪ੍ਰਮੁੱਖ ਹਨ ਜਿਨ੍ਹਾਂ ਬਾਰੇ

ਇਕ ਇਕ ਕਰਕੇ ਵਿਚਾਰ ਚਰਚਾ ਕੀਤੀ ਜਾਵੇਗੀ। ਇਸ ਨਾਵਲ ਵਿੱਚ ਦੀਪੀ ਦਾ ਇਕ ਦੋਸਤ ਹੈਰੀ ਹੈ ਜਿਸ ਨੂੰ ਬਚਾਉਣ ਕਾਰਨ ਦੀਪੀ ਆਪਣੀ ਅਧਿਆਪਕਾ 'ਤੇ ਵੀ ਹਮਲਾ ਕਰ ਦਿੰਦਾ ਹੈ। ਹੈਰੀ ਬਾਹਰ ਦੇਸ਼ ਜਾ ਕੇ ਵੱਸਣਾ ਚਾਹੁੰਦਾ ਹੈ। ਨਾਵਲਕਾਰ ਬਹੁਤ ਸੁੰਦਰ ਢੰਗ ਨਾਲ਼ ਉਸ ਦੀ ਬਾਹਰਲੇ ਦੇਸ਼ ਵਿੱਚ ਜਾ ਵੱਸਣ ਦੀ ਲਾਲਸਾ ਦਾ ਕਾਰਨ ਲਿਖਦਾ ਹੈ, ਹੈਰੀ ਤਾਂ ਬਚਪਨ ਤੋਂ ਹੀ ਜਹਾਜ਼ 'ਤੇ ਚੜ੍ਹਨ ਦਾ ਸੁਪਨਾ ਲੈਂਦਾ ਸੀ। ਉਨ੍ਹਾਂ ਦੀ ਰਿਸ਼ਤੇਦਾਰੀ ਵਿੱਚੋਂ ਇਕ ਮੁੰਡਾ ਅਮਰੀਕਾ ਗਿਆ ਹੋਇਆ ਸੀ। ਜਦੋਂ ਉਹ ਤਿੰਨ ਚਾਰ ਸਾਲ ਬਾਅਦ ਆਉਂਦਾ ਤਾਂ ਉਸ ਦੇ ਗਲ਼ ਵਿੱਚ ਮੋਟੀ ਸੰਗਲੀ ਵਰਗੀ ਚੈਨ ਪਾਈ ਹੁੰਦੀ। ਵੱਡੀ ਗੱਡੀ ਉਸ ਦੇ ਹੇਠਾਂ ਹੁੰਦੀ ਤੇ ਉਹ ਸ਼ਾਹੀ ਖ਼ਰਚ ਕਰਦਾ। ਹੈਰੀ ਲਈ ਤਾਂ ਉਹ ਕਿਸੇ ਰਾਜੇ ਮਹਾਰਾਜੇ ਤੋਂ ਘੱਟ ਨਹੀਂ ਸੀ। 10+2 ਪਾਸ ਕਰਨ ਤੋਂ ਬਾਅਦ ਉਹ ਆਈਲਸ ਸੈਂਟਰ ਵਿੱਚ ਦਾਖ਼ਲਾ ਲੈ ਲੈਂਦਾ ਹੈ ਪਰ ਕਾਫ਼ੀ ਮਿਹਨਤ ਤੋਂ ਬਾਅਦ ਵੀ ਪਾਸ ਨਹੀਂ ਕਰ ਪਾਉਂਦਾ। ਉਥੋਂ ਨਿਰਾਸ਼ ਹੋ ਕੇ ਉਹ ਗ਼ੈਰਕਾਨੂੰਨੀ ਢੰਗ ਨਾਲ਼ ਏਜੰਟਾਂ ਦੇ ਜ਼ਰੀਏ ਬਾਹਰਲੇ ਦੇਸ਼ ਜਾਣ ਦੇ ਉਪਰਾਲੇ ਵੀ ਕਰਦਾ ਹੈ ਪਰ ਉਹ ਮਲੇਸ਼ੀਆ ਵਿੱਚ ਫਸ ਜਾਂਦਾ ਹੈ ਤੇ ਇੰਗਲੈਂਡ ਨਹੀਂ ਪਹੁੰਚਦਾ। ਇਸ ਸਾਰੇ ਮਾਮਲੇ 'ਚ ਉਹ ਆਪਣੀ ਜ਼ਿੰਦਗੀ ਤਾਂ ਖ਼ਰਾਬ ਕਰਦਾ ਹੈ ਨਾਲ਼ ਹੀ ਉਸ ਦੀ ਪਤਨੀ ਅਤੇ ਮਾਂ-ਬਾਪ ਦੀ ਜ਼ਿੰਦਗੀ ਵੀ ਦਾਅ 'ਤੇ ਲੱਗੀ ਰਹਿੰਦੀ ਹੈ।

ਹੈਰੀ ਵਾਂਗ ਗੋਰਾ ਵੀ ਦੀਪੀ ਦਾ ਦੋਸਤ ਹੈ। ਇਕੱਠੇ ਪੜ੍ਹੇ ਹੋਣ ਦੇ ਬਾਵਜੂਦ ਉਹ ਆਪਣੇ ਦੇਸ਼ ਵਿੱਚ ਹੀ ਰਹਿਣਾ ਚਾਹੁੰਦਾ ਹੈ ਅਤੇ ਮਿਹਨਤ ਦੇ ਸਿਰ ਕੁਝ ਬਣਨ ਦਾ ਸੁਫ਼ਨਾ ਵੇਖਦਾ ਹੈ। ਬਾਰਵੀਂ ਪਾਸ ਕਰਨ ਤੋਂ ਬਾਅਦ ਉਹ ਖੇਤੀ ਵਿੱਚ ਹੀ ਜੁਟ ਜਾਂਦਾ ਹੈ ਤੇ ਚੰਗੀ ਮਿਹਨਤ ਕਰਕੇ ਘਰ ਦੇ ਹਾਲਾਤ ਬਦਲਣਾ ਚਾਹੁੰਦਾ ਹੈ। ਜਦ ਮਿਹਨਤ ਦੇ ਬਾਵਜੂਦ ਖੇਤੀ ਕੁਝ ਪੱਲੇ ਨਹੀਂ ਪਾਉਂਦੀ ਤਾਂ ਉਹ ਆਪਣੇ ਬਾਪ ਨਾਲ਼ ਸਲਾਹ ਕਰਕੇ ਸ਼ਹਿਰ ਚਲਿਆ ਜਾਂਦਾ ਹੈ ਅਤੇ ਕਿਸੇ ਰੈਸਟੋਰੈਂਟ ਵਿੱਚ ਕੰਮ ਕਰਨ ਲੱਗ ਜਾਂਦਾ ਹੈ। ਉਹ ਮਿਹਨਤ ਕਾਰਨ ਉਸ ਰੈਸਟੋਰੈਂਟ ਵਿੱਚ ਖਾਣੇ ਬਣਾਉਣ ਵਿੱਚ ਮੁਹਾਰਤ ਹਾਸਲ ਕਰਦਾ ਹੈ ਅਤੇ ਜਿਸ ਕਾਰਨ ਉਹ ਕਮਾਈ ਵੀ ਚੰਗੀ ਕਰਨ ਲੱਗ ਪੈਂਦਾ ਹੈ। ਇਸ ਨਾਲ਼ ਹੀ ਘਰ ਦੇ ਹਾਲਾਤਾਂ ਵਿੱਚ ਵੀ ਸੁਧਾਰ ਆਉਣ ਲੱਗਦਾ ਹੈ। ਦੂਜੇ ਪਾਸੇ ਉਸ ਦਾ ਭਰਾ ਕਾਲਾ ਹੈਰੀ ਵਾਂਗ ਬਾਹਰ ਦੇਸ਼ ਜਾਣਾ ਚਾਹੁੰਦਾ ਹੈ ਤੇ ਇਸ ਲਾਲਸਾ ਕਾਰਨ ਹੀ ਆਈਲਸ ਪਾਸ ਲੜਕੀ ਨਾਲ਼ ਵਿਆਹ ਕਰਵਾਉਂਦਾ ਹੈ, ਸਾਰਾ ਖ਼ਰਚਾ ਮੁੰਡੇ ਵਾਲੇ ਹੀ ਕਰਦੇ ਹਨ ਕੈਨੇਡਾ ਪਹੁੰਚ ਕੇ ਉਹ ਕੁੜੀ ਧੋਖਾ ਦਿੰਦੀ ਹੈ ਅਤੇ ਉਸ ਨੂੰ ਸਪਾਂਨਸਰ ਹੀ ਨਹੀਂ ਕਰਦੀ। ਇਸੇ ਬੋਝ ਹੇਠ ਉਸ ਦੇ ਦਿਮਾਗ਼ 'ਤੇ ਬੋਝ ਪੈ ਜਾਣ ਕਾਰਨ ਉਹ ਆਪਣਾ ਮਾਨਸਿਕ ਤਵਾਜ਼ਨ ਗਵਾ ਬੈਠਦਾ ਹੈ। ਇਸ ਨਾਵਲ ਵਿੱਚ ਇਹਨਾਂ ਦੋਸਤਾਂ ਤੋਂ ਇਲਾਵਾ ਇਕ ਹੋਰ ਮਹੱਤਵਪੂਰਨ ਸਹਾਇਕ ਕਿਰਦਾਰ ਹੈ ਜਿਸ ਦਾ ਨਾਮ ਕੀਪਾ ਹੈ। ਉਹ ਪੜ੍ਹਾਈ ਵਿੱਚ ਵੀ ਚੰਗਾ ਨਹੀਂ ਹੈ, ਉਸਦੀ ਖੇਡਾਂ ਵਿੱਚ ਵੀ ਕੋਈ ਦਿਲਚਸਪੀ ਨਹੀਂ। ਆਰਥਕ ਤੌਰ 'ਤੇ ਚੰਗੇ ਘਰੋਂ ਹੋਣ ਕਾਰਨ ਉਸ ਨੂੰ ਬਚਪਨ ਤੋਂ ਜ਼ਿਆਦਾ ਹੀ ਲਾਡਲਾ ਰੱਖਿਆ ਗਿਆ ਜਿਸ ਕਾਰਨ ਉਹ ਇਕ ਸੰਤੁਲਿਤ ਸ਼ਖ਼ਸੀਅਤ ਦਾ ਮਾਲਕ ਨਾ ਬਣ ਸਕਿਆ। ਪਹਿਲਾਂ ਤਾਂ ਉਹ ਅੱਠਵੀਂ ਵਿੱਚੋਂ ਹੀ ਫ਼ੇਲ ਹੋ ਜਾਂਦਾ ਹੈ, ਇਸੇ ਕਾਰਨ ਉਹ ਆਪਣੇ ਦੋਸਤਾਂ ਤੋਂ

ਪਿੱਛੇ ਰਹਿ ਜਾਂਦਾ ਹੈ। ਟਿਊਸ਼ਨਾਂ ਦੇ ਸਿਰ ’ਤੇ ਕਿਸੇ ਨਾ ਕਿਸੇ ਤਰ੍ਹਾਂ ਉਹ ਦਸਵੀਂ ਪਾਸ ਕਰ ਲੈਂਦਾ ਹੈ ਪਰ ਬਾਰਵੀਂ ਜਮਾਤ ਉਸ ਤੋਂ ਪਾਸ ਨਹੀਂ ਕੀਤੀ ਜਾਂਦੀ ਜਿਸ ਕਾਰਨ ਉਹ ਸ਼ਹਿਰ ਦੇ ਕੋਚਿੰਗ ਸੈਂਟਰ ਵਿੱਚ ਦਾਖ਼ਲਾ ਲੈ ਲੈਂਦਾ ਹੈ। ਉਥੇ ਉਹ ਨਵੇਂ ਦੋਸਤਾਂ ਨਾਲ਼ ਤੁਰਨਾ ਫਿਰਨਾ ਸ਼ੁਰੂ ਕਰ ਦਿੰਦਾ ਹੈ। ਫ਼ੁਕਰੇਪਨ ਵਿੱਚ ਉਹ ਵੱਧ ਤੋਂ ਵੱਧ ਖ਼ਰਚ ਕਰਦਾ ਅਤੇ ਜ਼ਿਦ ਕਰ ਕੇ ਉਸ ਬੁਲਟ ਮੋਟਰਸਾਈਕਲ ਵੀ ਲੈ ਲੈਂਦਾ ਹੈ। ਸ਼ਾਮ ਦੇ ਪੈੱਗ ਤੋਂ ਸ਼ੁਰੂ ਕਰ ਕੇ ਸਿਗਰਟ ਪੀਣ ਦੀ ਆਦਤ ਪੈ ਜਾਂਦੀ ਹੈ, ਉਸ ਤੋਂ ਵੀ ਅੱਗੇ ਵੱਧ ਉਹ ਹੌਲੀ ਹੌਲੀ ਖ਼ਤਰਨਾਕ ਨਸ਼ਿਆਂ ਵਿੱਚ ਪੈ ਜਾਂਦਾ ਹੈ ਤੇ ਸਮੈਕ ਪੀਣ ਲੱਗ ਜਾਂਦਾ ਹੈ। ਉਸ ਦੇ ਮਾਂ-ਬਾਪ ਉਸ ਦਾ ਵਿਆਹ ਕਰ ਦਿੰਦੇ ਹਨ ਪਰ ਫਿਰ ਵੀ ਉਸ ਦੀ ਨਸ਼ਿਆਂ ਦੀ ਆਦਤ ਨਹੀਂ ਛੁੱਟਦੀ। ਸਮਾਂ ਬੀਤਣ ਨਾਲ਼ ਉਸ ਦੀਆਂ ਦੋ ਕੁੜੀਆਂ ਵੀ ਪੈਦਾ ਹੋ ਜਾਂਦੀਆਂ ਹਨ ਪਰ ਕੀਪੇ ਦੀ ਆਦਤ ਨਹੀਂ ਸੁਧਰਦੀ। ਉਸ ਦੀ ਹਾਲਤ ਵਿਗੜਦੀ ਜਾਂਦੀ ਹੈ ਅਤੇ ਉਹ ਨਸ਼ੇ ਦੇ ਟੀਕਿਆਂ ਨਾਲ਼ ਵਿੰਨਿਆ ਜਾਂਦਾ ਹੈ। ਉਹ ਮਰਨ ਕਿਨਾਰੇ ਪਿਆ ਜਿਸ ਨੂੰ ਆਪਣੇ ਮਾਪੇ, ਪਤਨੀ ਅਤੇ ਬੱਚੀਆਂ ਕਿਸੇ ਨਾਲ਼ ਵੀ ਕੋਈ ਮੋਹ ਨਹੀਂ ਰਹਿੰਦਾ। ਸਹਾਇਕ ਕਿਰਦਾਰਾਂ ਦੀ ਫ਼ੇਹਰਿਸਤ ਵਿੱਚ ਇਕ ਨਾਮ ਚੰਨੀ ਦਾ ਵੀ ਆਉਂਦਾ ਹੈ ਜੋ ਦੀਪੀ ਨੂੰ ਪਿਆਰ ਕਰਦੀ ਹੈ ਅਤੇ ਉਸ ਨਾਲ਼ ਵਿਆਹ ਕਰਾਉਣ ਲਈ ਲੰਮਾ ਸਮਾਂ ਇੰਤਜ਼ਾਰ ਵੀ ਕਰਦੀ ਹੈ। ਪਰੰਤੂ ਦੀਪੀ ਦੇ ਗ਼ਲਤ ਰਸਤੇ ’ਤੇ ਚੱਲਣ ਕਾਰਨ ਉਹਨਾਂ ਦਾ ਵਿਆਹ ਕਰਾਉਣ ਦਾ ਸੁਫ਼ਨਾ ਪੂਰਾ ਨਹੀਂ ਹੁੰਦਾ। ਉਸਦੇ ਮਾਪੇ ਵੀ ਉਸ ਦੇ ਫ਼ੈਸਲੇ ਤੋਂ ਦੁੱਖੀ ਹੁੰਦੇ ਹਨ ਕਿਉਂ ਕਿ ਕਿਸੇ ਗ਼ਲਤ ਵਿਅਕਤੀ ਕਾਰਨ ਉਹਨਾਂ ਦੀ ਧੀ ਦੀ ਜ਼ਿੰਦਗੀ ਖ਼ਰਾਬ ਹੋ ਰਹੀ ਸੀ। ਇਸ ਢੰਗ ਨਾਲ਼ ਨਾਵਲਕਾਰ ਨੇ ਸਹਾਇਕ ਕਿਰਦਾਰਾਂ ਨੂੰ ਮੁੱਖ ਕਿਰਦਾਰ ਦੀਪੀ ਦੇ ਜ਼ਿਹਨੀ ਅਕਸ ਨੂੰ ਸਮਝਣ ਲਈ ਬਾਖ਼ੂਬੀ ਵਰਤਿਆ ਹੈ। ਸਮਕਾਲੀ ਰਾਜਨੀਤਕ ਹਾਲਤਾਂ ਵਿੱਚ ਦੇਸ਼ ਦੇ ਨੌਜਵਾਨ ਦੇ ਕੁਰਾਹੇ ਪੈਣ ਦੀ ਸਥਿਤੀ ਇਹਨਾਂ ਕਿਰਦਾਰਾਂ ਕਾਰਨ ਅਸਲੀਅਤ ਦੇ ਨੇੜੇ ਹੀ ਨਿਭਦੀ ਹੈ।

ਸਹਾਇਕ ਕਿਰਦਾਰਾਂ ਤੋਂ ਇਲਾਵਾ ਇਸ ਨਾਵਲ ਵਿੱਚ ਕੁਝ ਫੁਟਕਲ ਕਿਰਦਾਰ ਹਨ ਜੋ ਨਾਵਲ ਵਿੱਚ ਲੋੜ ਅਨੁਸਾਰ ਕਥਾਨਕ ਨੂੰ ਉਸਾਰਨ ਵਿੱਚ ਮਦਦ ਕਰਦੇ ਹਨ। ਇਹ ਕਿਰਦਾਰ ਮੁੱਖ ਕਿਰਦਾਰ ਅਤੇ ਸਹਾਇਕ ਕਿਰਦਾਰਾਂ ਦੀ ਉਸਾਰੀ ਵਿੱਚ ਇਸ ਢੰਗ ਨਾਲ਼ ਸਹਾਇਕ ਹੁੰਦੇ ਹਨ ਕਿ ਨਾਵਲ ਦੀ ਗੁੰਝਲਦਾਰ ਸੰਰਚਨਾ ਵਿੱਚ ਹਰੇਕ ਕਿਰਦਾਰ ਪਾਠਕ ਨੂੰ ਆਪਣੀ ਕਥਾ ਸੁਣਾਉਂਦਾ ਪ੍ਰਤੀਤ ਹੁੰਦਾ ਹੈ। ਇਹਨਾਂ ਕਿਰਦਾਰਾਂ ਵਿੱਚੋਂ ਮਾਸਟਰ ਸਾਧੂ ਸਿੰਘ ਦਾ ਕਿਰਦਾਰ ਇਸ ਨਾਵਲ ਵਿੱਚ ਬਹੁਤ ਅਹਿਮ ਹੈ। ਉਹ ਅਜਿਹਾ ਵਿਅਕਤੀ ਹੈ ਜਿਸ ਨੇ ਦੀਪੀ ਅਤੇ ਉਸ ਦੇ ਦੋਸਤਾਂ ਨੂੰ ਪ੍ਰਾਇਮਰੀ ਪੱਧਰ ਤਕ ਪੜ੍ਹਾਇਆ। ਉਹ ਇੰਨਾ ਵਧੀਆ ਅਧਿਆਪਕ ਹੈ ਕਿ ਉਸ ਦੇ ਵਿਦਿਆਰਥੀ ਵੱਡੀਆਂ ਜਮਾਤਾਂ ਵਿੱਚ ਉਸ ਦੁਆਰਾ ਪੜ੍ਹਾਏ ਜਾਣ ਨੂੰ ਯਾਦ ਕਰਦੇ ਹਨ। ਨਾਵਲ ਦੇ ਅੰਤ ਵਿੱਚ ਦੀਪੀ ਇਕ ਵਾਰ ਫਿਰ ਮਾਸਟਰ ਸਾਧੂ ਸਿੰਘ ਨੂੰ ਮਿਲਦਾ ਹੈ ਜਦ ਉਹ ਬਾਹਰਲੇ ਦੇਸ਼ ਵੱਸਦੇ ਆਪਣੇ ਪੁੱਤ ਨੂੰਹ ਕੋਲ ਜਾ ਰਿਹਾ ਹੈ। ਨਾਵਲਕਾਰ ਨੇ ਇਸ ਅਧਿਆਪਕ ਦੇ ਕਿਰਦਾਰ ਰਾਹੀਂ ਇਸ ਸਮਾਜ ਵਿੱਚ ਕੰਮ ਕਰ ਰਹੀਆਂ ਚੰਗਿਆਈਆਂ ਨੂੰ ਚਿਤਰਤ ਕੀਤਾ ਹੈ। ਅਜਿਹਾ ਹੀ ਇਕ ਸਕਾਰਤਮਕ ਕਿਰਦਾਰ ਪੁਲਿਸ ਇੰਸਪੈਕਟਰ ਗੁਰਪ੍ਰੀਤ ਸਿੰਘ ਦਾ ਚਿਤਰਤ

ਕੀਤਾ ਹੈ। ਨਾਵਲਕਾਰ ਲਿਖਦਾ ਹੈ ਕਿ ਗੁਰਪ੍ਰੀਤ ਸਿੰਘ ਵਿੱਚ ਇਨਸਾਫ਼ ਦਾ ਮਾਦਾ ਸੀ। ਉਹ ਦੀਪੀ ਦੇ ਸਕੂਲ ਸਮੇਂ ਦੇ ਕੇਸ ਦੇ ਸਿਲਸਿਲੇ ਵਿੱਚ ਪ੍ਰਿੰਸੀਪਲ ਤੇ ਅਧਿਆਪਕ ਦੀ ਨਾ ਮੰਨ ਕੇ ਆਪਣੀ ਤਫ਼ਤੀਸ਼ ਹੀ ਕਰਦਾ ਹੈ ਅਤੇ ਦੀਪੀ ਦੀ ਹਰਕਤ ਪਿੱਛੇ ਅਸਲ ਕਾਰਨ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਇਹਨਾਂ ਤੋਂ ਇਲਾਵਾ ਦੀਪੀ ਦਾ ਬਾਪ ਰਾਣਾ, ਉਸ ਦੀ ਦਾਦੀ ਹਰਨਾਮੀ, ਪਿੰਡ ਦਾ ਘੀਚਰ ਬੁੜ੍ਹਾ, ਦੀਪੀ ਦੇ ਸ਼ਹਿਰ ਵਾਲੇ ਯਾਰ ਸਿਮਰਨ, ਲਾਡੀ, ਕੁਲਵਿੰਦਰ ਅਤੇ ਉਸ ਦਾ ਕੋਚ ਜੰਗੀਰ ਸਿੰਘ ਇਸ ਨਾਵਲ ਵਿੱਚ ਆਪਣੀ ਆਪਣੀ ਭੂਮਿਕਾ ਅਦਾ ਕਰਦੇ ਹਨ ਅਤੇ ਨਾਵਲ ਨੂੰ ਸਿਖ਼ਰ ਵੱਲ ਲੈ ਜਾਣ ਵਿੱਚ ਸਹਾਈ ਹੁੰਦੇ ਹਨ। ਇਸ ਨਾਵਲ ਦੇ ਅਪ੍ਰਤੱਖ ਕਿਰਦਾਰ ਲੀਡਰ, ਮੰਤਰੀ ਅਤੇ ਪੁਲਿਸ ਮਹਿਕਮਾ ਇਸ ਦੇਸ਼ ਦੇ ਰਾਜਨੀਤਕ ਢਾਂਚੇ ਦੀ ਰਹਿਨੁਮਾਈ ਕਰਦੇ ਹਨ ਜਿਨ੍ਹਾਂ ਨੂੰ ਨਾਵਲਕਾਰ ਨੇ ਇਸ ਬਿਰਤਾਂਤਕ ਦ੍ਰਿਸ਼ਾਂ ਵਿੱਚ ਪ੍ਰਤੱਖ ਚਿਤਰਤ ਭਾਵੇਂ ਨਹੀਂ ਕੀਤਾ ਪਰ ਇਹਨਾਂ ਕਿਰਦਾਰਾਂ ਦੀਆਂ ਗਤੀਵਿਧੀਆਂ ਦੇ ਪ੍ਰਭਾਵ ਮੁੱਖ ਪਾਤਰ ਅਤੇ ਸਹਾਇਕ ਪਾਤਰ ਦੀਆਂ ਜ਼ਿੰਦਗੀਆਂ ’ਤੇ ਪ੍ਰਤੱਖ ਨਜ਼ਰ ਆਉਂਦੇ ਹਨ।

ਨਾਵਲਕਾਰ ਭੁਪਿੰਦਰ ਸਿੰਘ ਮਾਨ ਨੇ ਬਹੁਤ ਕਲਾਤਮਕ ਢੰਗ ਨਾਲ਼ ਇਸ ਨਾਵਲ ਦੇ ਕਿਰਦਾਰਾਂ ਦੀ ਉਸਾਰੀ ਕੀਤੀ ਹੈ। ਆਪਣੇ ਆਲੇ-ਦੁਆਲੇ ਦੇ ਅਸਲ ਵਿਅਕਤੀਆਂ ਦੇ ਅਨੁਭਵਾਂ ਅਤੇ ਇਸ ਦੇਸ਼ ਦੇ ਰਾਜਨੀਤਕ ਢਾਂਚੇ ਨੂੰ ਆਧਾਰ ਬਣਾ ਕੇ ਰਚੇ ਕਥਾਨਕ ਵਿੱਚ ਇਹ ਕਿਰਦਾਰ ਆਪੋ ਆਪਣੀ ਭੂਮਿਕਾ ਨਿਭਾਉਂਦੇ ਹਨ। ਇਸ ਕਿਰਦਾਰ ਉਸਾਰੀ ਦੀ ਪ੍ਰਕ੍ਰਿਆ ਵਿੱਚ ਨਾਵਲਕਾਰ ਵੱਲੋਂ ਵਰਣਨਾਤਮਕ ਵਿਧੀ, ਪ੍ਰਤੀਕਾਤਮਕ ਵਿਧੀ, ਪਿਛਲਝਾਤ ਵਿਧੀ ਅਤੇ ਸੰਵਾਦਾਤਮਕ ਵਿਧੀ ਦੀ ਵਰਤੋਂ ਕੀਤੀ ਹੈ। ਸ਼ੁਰੂਆਤੀ ਦ੍ਰਿਸ਼ ਤੋਂ ਬਾਅਦ ਪਿਛਲਝਾਤ ਵਿਧੀ ਅਧੀਨ ਉਹ ਦੀਪੀ ਦੇ ਬਚਪਨ ਦਾ ਚਿੱਤਰਣ ਵਰਣਨਾਤਮਕ ਵਿਧੀ ਦੁਆਰਾ ਕਰਦੇ ਹੋਏ ਉਸ ਦੇ ਕਿਰਦਾਰ ਨੂੰ ਪਾਠਕਾਂ ਸਾਹਮਣੇ ਪੇਸ਼ ਕਰਨ ਤੋਂ ਬਾਅਦ ਉਹ ਉਸ ਦੇ ਕਿਰਦਾਰ ਦੇ ਬਾਗ਼ੀ ਸੁਰ ਨੂੰ ਵਿਖਾਉਣ ਲਈ ਪ੍ਰਤੀਕਾਤਮਕ ਵਿਧੀ ਦੀ ਵਰਤੋਂ ਕਰਦਾ ਹੈ। ਉਸ ਦੀ ਪੜ੍ਹਾਈ, ਉਸ ਦੀ ਖੇਡ, ਉਸ ਦੇ ਦੋਸਤ ਅਤੇ ਉਸ ਦੀ ਪ੍ਰੇਮਿਕਾ ਨਾਲ਼ ਉਸਦੇ ਸਬੰਧਾਂ ਦੀਬਾਤ ਪਾਉਂਦੇ ਹੋਏ ਉਹ ਲੋੜ ਅਨੁਸਾਰ ਸੰਵਾਦਾਤਮਕ ਵਿਧੀ ਦੀ ਵਰਤੋਂ ਵੀ ਕਰਦਾ ਹੈ। ਪਾਠਕ ਉਸ ਦੇ ਬਾਪ ਦਾਦੇ ਬਾਰੇ ਜ਼ਿਆਦਾਤਰ ਘੀਚਰ ਬੁੜ੍ਹੇ ਅਤੇ ਪਿੰਡ ਦੇ ਹੋਰ ਲੋਕਾਂ ਦੇ ਮੂੰਹੋਂ ਪੁਰਾਣੀਆਂ ਗੱਲਾਂ ਦੀ ਜਾਣਕਾਰੀ ਪ੍ਰਾਪਤ ਕਰਦਾ ਹੈ।ਇਸੇ ਤਰ੍ਹਾਂ ਉਸ ਦੇ ਜੁਰਮਾਂ ਦੀ ਦੁਨੀਆਂ ਵਿੱਚ ਫਸਣ ਅਤੇ ਉਸ ਦੀ ਮੌਤ ਤਕ ਦੀ ਹਰ ਘਟਨਾ ਬਾਰੇ ਵੀ ਨਾਵਲਕਾਰ ਨੇ ਵਰਣਨਾਤਮਕ ਵਿਧੀ ਦੀ ਵਰਤੋਂ ਕੀਤੀ ਹੈ।

ਅੰਤ ਵਿੱਚ ਇਸ ਸਿੱਟੇ ’ਤੇ ਪੁੱਜਿਆ ਜਾ ਸਕਦਾ ਹੈ ਕਿ ਨਾਵਲਕਾਰ ਭੁਪਿੰਦਰ ਸਿੰਘ ਮਾਨ ਇਸ ਨਾਵਲ ਵਿੱਚ ਯਥਾਰਥਕ ਕਿਰਦਾਰਾਂ ਦਾ ਚਰਿੱਤਰ ਚਿੱਤਰਣ ਕਰਨ ਵਿੱਚ ਕਾਮਯਾਬ ਰਿਹਾ ਹੈ। ਆਪਣੇ ਨਾਵਲ ਦੇ ਕਥਾਨਕ ਲਈ ਉਸ ਨੇ ਪੇਂਡੂ ਕਿਸਾਨੀ ਵਰਗ ਦੇ ਨੌਜਵਾਨ ਕਿਰਦਾਰਾਂ ਦਾ ਚੋਣ ਕੀਤੀ ਹੈ। ਦੀਪੀ ਦੇ ਕਿਰਦਾਰ ਨਾਲ਼ ਨੌਜਵਾਨਾਂ ਦੀ ਚੰਗੇ ਭਵਿੱਖ ਵੱਲ ਕੀਤੀਆਂ ਯਾਤਨਾਵਾਂ ਨੂੰ ਤਰਸਯੋਗ ਨਤੀਜਿਆਂ ਦੇ ਰੂਪ ਵਿੱਚ ਉਸਾਰਿਆ ਗਿਆ ਹੈ।

**(ਸੰਪਰਕ: 98728-87551)**

# ਮਨੁੱਖ ਤੇ ਘਰ ਦੇ ਰਿਸ਼ਤੇ ਦੀਆਂ ਕਹਾਣੀਆਂ : ਨਗੰਦੇ

**- ਨਿਰੰਜਣ ਬੋਹਾ**




ਸਿਮਰਨ ਧਾਲੀਵਾਲ ਬਦਲਦੇ ਸਮੇਂ ਤੇ ਸਥਿਤੀਆਂ ਅਨੁਸਾਰ ਸ਼ਹਿਰੀ ਮੱਧ ਵਰਗੀ ਮਾਨਸਿਕਤਾ ਵਿੱਚ ਆਉਂਦੇ ਉਤਰਾਵਾਂ-ਚੜ੍ਹਾਵਾਂ ਦੀ ਸਜੀਵ ਬਿਰਤਾਂਤਕਾਰੀ ਕਰਨ ਵਾਲਾ ਕਹਾਣੀਕਾਰ ਹੈ। ਉਸਦੀਆਂ ਕਹਾਣੀਆਂ ਸੂਚਨਾ ਕ੍ਰਾਂਤੀ ਦੇ ਇਸ ਯੁੱਗ ਵਿਚ ਮੱਧ ਵਰਗੀ ਮਾਨਸਿਕਤਾ ਵੱਲੋਂ ਕਬੂਲੇ ਇਸਦੇ ਅਸਰ ਦੀ ਤੀਬਰਤਾ ਤੇ ਤੀਖਣਤਾ ਨੂੰ ਨਵੀਂ ਸਮਾਜਿਕ ਹਕੀਕਤ ਵਜੋਂ ਪੇਸ਼ ਕਰਦੀਆਂ ਹਨ। ਭਾਵੇਂ ਇਸ ਸੰਗ੍ਰਹਿ ਵਿੱਚ **'ਨਗੰਦੇ' (ਪ੍ਰਕਾਸ਼ਕ: ਕੈਲੀਬਰ ਪਬਲੀਕੇਸ਼ਨ, ਪਟਿਆਲਾ, ਮੁੱਲ: 220, ਪੰਨੇ: 96, ਸਾਲ: 2024)** ਨਾਂ ਦੀ ਕੋਈ ਕਹਾਣੀ ਸ਼ਾਮਿਲ ਨਹੀਂ ਹੈ ਪਰ ਪੁਸਤਕ ਦਾ ਇਹ ਸਿਰਲੇਖ ਇਹਨਾਂ ਕਹਾਣੀਆਂ ਦੇ ਕੇਂਦਰੀ ਮੈਟਾਫ਼ਰ ਵਜੋਂ ਆਪਣੀ ਮਹੱਤਤਾ ਗ੍ਰਹਿਣ ਕਰਦਾ ਵਿਖਾਈ ਦਿੰਦਾ ਹੈ। ਜਿਵੇਂ ਰਜਾਈਆਂ ਜਾਂ ਗਦੇਲਿਆਂ ਵਿੱਚ ਭਰੇ ਨਗੰਦੇ ਰੂੰ ਤੇ ਅੰਦਰਲੇ ਗਿਲਾਫ਼ ਨੂੰ ਆਪਸ ਵਿਚ ਜਕੜ ਕੇ ਰਜਾਈ ਨੂੰ ਨਿੱਘਾ ਤੇ ਹੰਡਣਸਾਰ ਬਣਾਉਂਦੇ ਹਨ, ਉਸੇ ਤਰ੍ਹਾਂ ਇਹ ਕਹਾਣੀਆਂ ਵੀ ਪਰਿਵਾਰਕ ਰਿਸ਼ਤਿਆਂ ਵਿੱਚ ਸੂਖ਼ਮ ਅਹਿਸਾਸਾਂ ਦੇ ਨਗੰਦੇ ਭਰ ਕੇ ਉਨ੍ਹਾਂ ਦੀ ਹੰਡਣਸਾਰਤਾ ਨੂੰ ਵਧਾਉਣ ਦਾ ਯਤਨ ਕਰਦੀਆਂ ਹਨ। ਇਹ ਕਹਾਣੀਆਂ ਮਨੁੱਖੀ ਸੋਚਾਂ ਵਿੱਚ ਉਸਰਦੇ ਘਰ ਦਾ ਬਿਰਤਾਂਤ ਪੇਸ਼ ਕਰਦਿਆਂ ਇਸ ਮਨੋਵਿਗਿਆਨਕ ਨੁਕਤੇ ਨੂੰ ਉਚੇਚੇ ਰੂਪ ਵਿਚ ਉਭਾਰਦੀਆਂ ਹਨ ਕਿ ਮਨੁੱਖ ਆਪਣੇ ਘਰ ਤੋਂ ਕੁਝ ਸਮੇਂ ਲਈ ਦੂਰ ਤਾਂ ਜਾ ਸਕਦਾ ਹੈ ਪਰ ਪੂਰੀ ਤਰ੍ਹਾਂ ਟੁੱਟ ਨਹੀਂ ਸਕਦਾ ।

ਸੰਗ੍ਰਹਿ ਦੀ ਪਹਿਲੀ ਕਹਾਣੀ **'ਝਾਂਜਰਾਂ ਦਾ ਜੋੜਾ'** ਦੀ ਪਾਤਰ ਆਸ਼ਾ ਦੋ ਬੱਚਿਆਂ ਦੀ ਮਾਂ ਬਨਣ ਤੋਂ ਬਾਅਦ ਧਾਰਮਿਕ ਆਸਥਾ ਨਾਲ ਜੁੜ ਕੇ ਆਪਣੇ ਅਧੇੜ ਉਮਰ ਦੇ ਪਤੀ ਦੀਆਂ ਸਰੀਰਕ ਤੇ ਮਾਨਸਿਕ ਲੋੜਾਂ ਨੂੰ ਨਜ਼ਰ ਅੰਦਾਜ਼ ਕਰਨ ਲੱਗ ਪੈਂਦੀ ਹੈ ਤਾਂ ਘਰ ਦੇ ਟੁੱਟਣ ਦੀ ਸ਼ੁਰੂਆਤ ਹੋ ਜਾਂਦੀ ਹੈ। ਇਸ ਸਥਿਤੀ ਵਿੱਚ ਪਤੀ ਵੱਲੋਂ ਆਪਣੀ ਦਫ਼ਤਰ ਦੀ ਕੁਲੀਗ ਨੂੰ ਭੇਟ ਕੀਤਾ ਝਾਂਜਰਾਂ ਦਾ ਜੋੜਾ ਇਸ ਟੁੱਟਣ ਦੀ ਪ੍ਰੀਕ੍ਰਿਆ ਨੂੰ ਤੇਜ ਕਰਨ ਦੇ ਪ੍ਰਤੀਕ ਵਜੋਂ ਪਛਾਣ ਹਾਸਿਲ ਕਰਦਾ ਹੈ। ਜਦੋਂ ਉਹ ਆਪਣੀ ਕੁਲੀਗ ਗੀਤਾ ਨਾਲ ਡੇਟ 'ਤੇ ਜਾਣ ਵੇਲੇ ਇਹ ਮਹਿਸੂਸ ਕਰਦਾ ਹੈ ਕਿ ਉਹ ਵੀ ਅਜੇ ਆਪਣੇ ਪਤੀ ਨਾਲ ਮਾਨਸਿਕ ਲਗਾਅ ਰੱਖਦੀ ਹੈ ਤਾਂ ਉਸਦੇ ਬਾਹਰ ਵੱਲ ਵਧੇ ਕਦਮ ਫਿਰ ਘਰ ਵੱਲ ਪਰਤ ਆਉਂਦੇ ਹਨ। ਘਰ ਵਾਪਸੀ ਸਮੇਂ ਉਸ ਵੱਲੋਂ ਆਪਣੀ ਪਤਨੀ ਲਈ ਖਰੀਦਿਆਂ ਝਾਜਰਾਂ ਦਾ ਨਵਾਂ ਜੋੜਾ ਹੁਣ ਘਰ ਨੂੰ ਤੋੜਨ ਦੀ ਬਜਾਇ ਜੋੜਣ ਦੇ ਨਵੇਂ ਅਰਥ

ਗ੍ਰਹਿਣ ਕਰ ਲੈਂਦਾ ਹੈ।

ਕਹਾਣੀ **'ਬਲੈਕ ਟੀ'** ਵੀ ਘਰ ਤੋਂ ਬਾਹਰ ਵੱਲ ਵਧਦੇ ਕਦਮਾਂ ਨੂੰ ਘਰ ਵੱਲ ਮੋੜਨ ਵਾਲੀ ਭਾਵਪੂਰਤ ਕਹਾਣੀ ਹੈ। ਕਾਲਜ਼ ਅਧਿਆਪਕ ਰਸ਼ਮੀ ਤੇ ਪ੍ਰਵੀਨ ਇੱਕ ਦੂਜੇ ਦੇ ਬਾਹਰੀ ਵਿਅਕਤੀਤੱਵ ਤੋਂ ਪ੍ਰਭਾਵਿਤ ਹੋ ਗ੍ਰਹਿਸਥੀ ਰਿਸ਼ਤੇ ਵਿਚ ਬੱਝਦੇ ਹਨ ਪਰ ਵੱਖਰੇ ਵੱਖਰੇ ਸੁਭਾਵਾਂ ਕਾਰਨ ਛੇਤੀ ਹੀ ਉਨ੍ਹਾਂ ਵਿੱਚਕਾਰ ਤਨ ਤੇ ਮਨ ਦੀਆਂ ਦੂਰੀਆਂ ਪੈਦਾ ਹੋਣ ਲੱਗਦੀਆਂ ਹਨ। ਘਰ ਵਿੱਚ ਕਿਸੇ ਬੱਚੇ ਦੀਆਂ ਕਿਲਕਾਰੀਆਂ ਨਾ ਗੂੰਜਣ ਦੀ ਸਥਿਤੀ ਇਹਨਾਂ ਦੂਰੀਆਂ ਨੂੰ ਹੋਰ ਵੀ ਵਧਾਉਂਦੀ ਹੈ। ਰਸ਼ਮੀ ਸਾਹਿਤਕਾਰ ਰਵੀ ਤੇ ਸੰਗੀਤਕਾਰ ਸ਼ਮੀਲ ਦੇ ਸਾਥ ਵਿੱਚੋਂ ਆਪਣੇ ਅੰਦਰਲੇ ਪਿਆਰ ਖਲਾਅ ਨੂੰ ਭਰਨ ਦੀ ਕੋਸ਼ਿਸ਼ ਕਰਦੀ ਹੈ ਪਰ ਇਹ ਖਲਾਅ ਭਰਨ ਦੀ ਥਾਂ ਹੋਰ ਵੀ ਡੂੰਘਾ ਤੋਂ ਡੰਘਾ ਹੁੰਦਾ ਜਾਂਦਾ ਹੈ। ਜਦੋਂ ਉਹ ਆਪਣੇ ਪਤੀ ਨੂੰ ਕਿਸੇ ਹੋਰ ਔਰਤ ਨਾਲ ਘੁੰਮਦੇ ਵੇਖਦੀ ਹੈ ਤਾਂ ਘਰ ਦੇ ਟੁੱਟਣ ਦਾ ਅਹਿਸਾਸ ਉਸਨੂੰ ਆਪਣੇ ਪਤੀ ਦੀ ਉਡੀਕ ਕਰਨ ਲਈ ਪ੍ਰੇਰਿਤ ਕਰ ਲੈਂਦਾ ਹੈ। ਇਸ ਤਰ੍ਹਾਂ ਇਸ ਕਹਾਣੀ ਵਿਚ ਵੀ 'ਘਰ' ਮਨੁੱਖ ਲਈ ਸਭ ਤੋਂ ਸੁਰੱਖਿਅਤ ਠਾਹਰ ਵਜੋਂ ਆਪਣੀ ਪਛਾਣ ਸਥਾਪਿਤ ਕਰਦਾ ਵਿਖਾਈ ਦਿੰਦਾ ਹੈ।

ਕਹਾਣੀ **'ਮਿਰਗ ਤ੍ਰਿਸ਼ਨਾ'** ਘਰ ਵਿੱਚੋਂ ਹੁੰਦੀ ਸਰੀਰਕ ਤੇ ਮਾਨਸਿਕ ਤ੍ਰਿਪਤੀ ਦੇ ਬਾਵਜੂਦ ਬਿਗਾਨੀਆਂ ਖੁਰਲੀਆਂ ਵਿੱਚ ਮੂੰਹ ਮਾਰਨ ਦੀ ਆਦਤ ਨੂੰ ਪਰਿਵਾਰਕ ਮਰਿਆਦਾ ਦਾ ਉਲੰਘਣ ਕਰਾਰ ਦਿੰਦੀ ਹੈ। ਕਹਾਣੀ ਦੇ ਨੌਜਵਾਨ ਪਾਤਰ ਸ਼ਿਵ ਦਾ ਖਿੱਚਪਾਊ ਵਿਅਕਤੀਤੱਵ ਕਾਲਜ ਦੀਆਂ ਕੁੜੀਆਂ ਨੂੰ ਆਪਣੇ ਵੱਲ ਖਿੱਚਦਾ ਹੈ ਤਾਂ ਰਸ਼ਮੀ, ਊਸ਼ਾ ਤੇ ਬਿੰਦਰਾ ਸਮੇਤ ਕਈ ਕੁੜੀਆਂ ਦੀਆਂ ਕਹਾਣੀਆਂ ਉਸਦੇ ਨਾਂ ਜੁੜ ਜਾਂਦੀਆਂ ਹਨ। ਅੰਜਲੀ ਨਾਲ ਵਿਆਹ ਹੋਣ 'ਤੇ ਭਾਵੇਂ ਕੁਝ ਸਮੇਂ ਲਈ ਉਹ ਆਪਣੇ ਆਪ ਨੂੰ ਕਾਬੂ ਵਿੱਚ ਰੱਖਦਾ ਹੈ ਪਰ ਆਪਣੀ ਪੁਰਾਣੀ ਆਦਤ ਦੇ ਚਲਦਿਆਂ ਉਹ ਫਿਰ ਲੇਖਕ ਕੁੜੀ ਸ਼ਾਲਿਨੀ ਵੱਲ ਝੁੱਕਣ ਲੱਗ ਪੈਂਦਾ ਹੈ। ਉਸ ਅੰਦਰ ਪੈਦਾ ਹੋਇਆਂ ਆਪਣੀ ਪਤਨੀ ਵੱਲੋਂ ਕਿਸੇ ਹੋਰ ਮਰਦ ਵੱਲ ਝੁਕਾਅ ਰੱਖਣ ਦਾ ਸ਼ੱਕ ਜੇ ਉਸਨੂੰ ਮਾਨਸਿਕ ਤੌਰ ਤੇ ਅਸ਼ਾਂਤ ਕਰਦਾ ਹੈ ਤਾਂ ਇਸ ਸ਼ੱਕ ਦਾ ਨਿਵਾਰਣ ਉਸਨੂੰ ਮਾਨਸਿਕ ਰਾਹਤ ਦੇਣ ਦੇ ਨਾਲ ਆਪਣੀ ਗ਼ਲਤੀ ਦਾ ਅਹਿਸਾਸ ਵੀ ਕਰਾਉਂਦਾ ਹੈ।

ਕਹਾਣੀ **'ਰਮਜ਼ਾ'** ਗ੍ਰਹਿਸਥੀ ਜੀਵਨ ਦੀਆਂ ਉਹਨਾਂ ਰਮਜ਼ਾ ਦੀ ਗੱਲ ਕਰਦੀ ਹੈ ਜਿਹੜੀਆਂ ਘਰ ਪਰਿਵਾਰ ਨੂੰ ਤਿੜਕਣ ਤੇ ਟੁੱਟਣ ਤੋਂ ਬਚਾਈ ਰੱਖਦੀਆਂ ਹਨ। ਕਹਾਣੀ ਦੀ ਪਾਤਰ ਰਾਧਿਕਾ ਤੁਨਕ ਮਿਜ਼ਾਜ਼ ਤੇ ਗੁੱਸੇਖੋਰ ਹੋਣ ਦੇ ਬਾਵਜੂਦ ਆਪਣੇ ਪਰਿਵਾਰਕ ਫਰਜ਼ਾਂ ਦੀ ਪੂਰਤੀ ਇਮਾਨਦਾਰੀ ਨਾਲ ਕਰਦੀ ਹੈ। ਪਤੀ ਪਤਨੀ ਦੇ ਰਿਸ਼ਤੇ ਵਿਚਲੀਆਂ ਰਮਜ਼ਾ ਨੂੰ ਨਾ ਸਮਝ ਸਕਣ ਕਾਰਨ 308 ਨੰਬਰ ਫਲੈਟ ਵਿਚ ਰਹਿਣ ਵਾਲੇ ਜੋੜੇ ਨੂੰ ਘਰ ਵਿਚ ਪੈਦਾ ਹੋਏ ਤਣਾਅ ਦਾ ਆਪਸੀ ਤਲਾਕ ਲੈਣ ਤੋਂ ਇਲਾਵਾ ਕੋਈ ਬਦਲ ਵਿਖਾਈ ਨਹੀਂ ਦਿੰਦਾ ਪਰ ਰਾਧਿਕਾ ਤੇ ਪਵਨ ਰੋਜ਼ਾਨਾਂ ਤਕਰਾਰ ਦੇ ਚਲਦਿਆਂ ਵੀ ਇਸ ਬਦਲ ਬਾਰੇ ਨਹੀਂ ਸੋਚਦੇ। ਕਹਾਣੀ ਵਿਚਲੀ ਇਹ ਰਮਜ਼ ਬਹੁਤ ਸਾਰੇ ਟੁੱਟਣ ਕਿਨਾਰੇ ਪਹੁੰਚੇ ਘਰਾਂ ਨੂੰ ਟੁੱਟਣ ਤੋਂ ਬਚਾ ਸਕਦੀ ਹੈ ਕਿ ਗ੍ਰਹਿਸਥੀ ਜੀਵਨ ਵਿਚ ਸਭ ਕੁਝ ਆਪਣੀ ਮਰਜ਼ੀ ਅਨੁਸਾਰ ਨਹੀਂ ਚਲਦਾ ਸਗੋਂ ਇਸ ਨੂੰ ਬਣਾਈ ਰੱਖਣ ਲਈ ਬਹੁਤ ਸਾਰੇ ਸਮਝੌਤੇ ਵੀ

ਕਰਨੇ ਪੈਂਦੇ ਹਨ।

ਕਹਾਣੀ **'ਚਹੁ ਕਦਮਾਂ ਦੀ ਵਾਟ'** ਜੀਵਨ ਸਾਥ ਅੱਧਵਾਟੇ ਹੀ ਟੁੱਟ ਜਾਣ ਕਾਰਨ ਇਕੱਲਤਾ ਦਾ ਮਹਾਂ ਸੰਤਾਪ ਭੋਗ ਰਹੇ ਲੋਕਾਂ ਦੀ ਮਨੋ ਦਸ਼ਾ ਨੂੰ ਬਿਆਨਦੀ ਮਾਰਮਿਕ ਕਹਾਣੀ ਹੈ। ਕਹਾਣੀ ਦੇ ਪਾਤਰ ਭਾਨ ਸਿੰਘ ਤੇ ਜੰਗੀਰ ਸਿੰਘ ਰਿਸ਼ਤੇ ਵਿੱਚ ਸਾਲਾ ਭਣੋਈਆਂ ਹਨ। ਦੋਵਾਂ ਦੀਆਂ ਪਤਨੀਆਂ ਦੀ ਮੌਤ ਸਮੇਂ ਤੋਂ ਪਹਿਲਾਂ ਹੋ ਜਾਣ ਕਾਰਨ ਉਹ ਇਕ ਦੂਜੇ ਦਾ ਦਰਦ ਪਛਾਣਦੇ ਹਨ। ਦੋਵੇਂ ਆਪਣੇ ਸਾਂਝੇ ਜਾਣਕਾਰ ਗੋਪਾਲੇ ਰਾਹੀ ਯੂ.ਪੀ.ਬਿਹਾਰ ਤੋਂ ਔਰਤਾਂ ਲਿਆ ਕੇ ਇਕੱਲਤਾ ਦੇ ਸੰਤਾਪ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ ਪਰ ਲੋਕਾਚਾਰੀ ਤੋਂ ਡਰਦੇ ਅਜਿਹਾ ਕਰ ਨਹੀਂ ਸਕਦੇ। ਭਾਨ ਸਿੰਘ ਦੇ ਜੁਆਨ ਪੁੱਤਰ ਦੀ ਮੌਤ ਹੋਣ ਨਾਲ ਉਹ ਹੋਰ ਵੀ ਇਕੱਲਾ ਪੈ ਜਾਂਦਾ ਹੈ ਤਾਂ ਕਹਾਣੀ ਮਾਨਵਤਾਵਾਦੀ ਦ੍ਰਿਸ਼ਟੀਕੋਣ ਤੋਂ ਇੱਕ ਨਵਾਂ ਮੋੜ ਕੱਟਦੀ ਹੈ। ਪੋਤੇ, ਪੋਤੀ ਤੇ ਆਪਣੀ ਸੰਭਾਲ ਲਈ ਆਪਣੀ ਜੁਆਨ ਨੂੰਹ ਨੂੰ ਆਪਣੇ ਘਰ ਵਿਚ ਰੱਖਣ ਜਾਂ ਉਸਨੂੰ ਆਪਣੇ ਵਰਗੀ ਇਕੱਲਤਾ ਤੋਂ ਬਚਾਉਣ ਲਈ ਦੁਬਾਰਾ ਵਿਆਹ ਕਰਾਉਣ ਦੀ ਆਗਿਆ ਦੇਣ ਵਿੱਚੋਂ ਇੱਕ ਰਾਹ ਚੁਨਣ ਦਾ ਦਵੰਦ ਭਾਨ ਸਿੰਘ ਨੂੰ ਦੋ-ਰਾਹੇ 'ਤੇ ਲਿਆ ਖੜ੍ਹਾ ਕਰਦਾ ਹੈ ਤਾਂ ਸਾਲਾ ਭਣੋਈਆ ਮਿਲ ਕੇ ਜਿਹੜਾ ਰਾਹ ਤਲਾਸ਼ ਕਰਦੇ ਨੇ ਉਹ ਰਾਹ ਨੂੰਹ ਵੱਲੋਂ ਆਪਣੀ ਜ਼ਿੰਦਗੀ ਦੀ ਨਵੇਂ ਸਿਰੇ ਤੋਂ ਸ਼ੁਰੂਆਤ ਕੀਤੇ ਜਾਣ ਦੇ ਹੱਕ ਵਿੱਚ ਭੁਗਤਦਾ ਹੈ।

ਕਹਾਣੀ **'ਫਲੈਟ ਨੰਬਰ 13'** ਇਸ ਵਿਸ਼ੇ ਦੇ ਅਗਲਾ ਵਿਸਥਾਰ ਤਲਾਸ਼ ਕਰਦੀ ਹੈ। ਕਿਸੇ ਸਮੇਂ ਸਾਰੇ ਘਰ ਪਰਿਵਾਰ 'ਤੇ ਹੁਕਮ ਚਲਾਉਣ ਵਾਲਾ ਸਾਬਕਾ ਬੈਂਕ ਮਨੈਜ਼ਰ ਪ੍ਰਸੋਤਮ ਦਾਸ ਆਪਣੀ ਪਤਨੀ ਦੀ ਮੌਤ ਤੋਂ ਬਾਅਦ ਬਿਲਕੁਲ ਇਕੱਲਾ ਪੈ ਜਾਂਦਾ ਹੈ। ਹੋਰਨਾਂ ਸ਼ਹਿਰਾ ਵਿੱਚ ਕਾਰੋਬਾਰ ਕਰਦੇ ਉਸਦੇ ਦੋਵੇਂ ਪੁੱਤਰ ਉਸਨੂੰ ਆਪਣੇ ਨਾਲ ਚੱਲਣ ਲਈ ਨਹੀਂ ਆਖਦੇ , ਸਗੋਂ ਖਾਨਦਾਨੀ ਘਰ ਵੇਚ ਕੇ ਉਸਨੂੰ ਇਕ ਛੋਟੇ ਜਿਹੇ ਫਲੈਟ ਵਿਚ ਰਹਿਣ ਲਈ ਮਜਬੂਰ ਕਰ ਦਿੰਦੇ ਹਨ। ਦੂਸਰੇ ਪਾਸੇ ਆਪਣੀ ਧੀ ਦੇ ਵਿਦੇਸ਼ ਚਲੇ ਜਾਣ ਤੋਂ ਬਾਅਦ ਅਜੀਤ ਕੌਰ ਵੀ ਉਸਦੇ ਨੇੜਲੇ 13 ਨੰਬਰ ਦੇ ਫਲੈਟ ਵਿਚ ਇਕੱਲੀ ਰਹਿ ਰਹੀ ਹੈ। ਦੋਵੇਂ ਆਪਣੇ ਅੰਦਰਲੇ ਖਾਲ੍ਹੀਪਣ ਨੂੰ ਇਕ ਦੂਜੇ ਦੇ ਸਾਥ ਰਾਹੀਂ ਭਰਨਾ ਚਾਹੁੰਦੇ ਹਨ ਦੋਵਾਂ ਦੀ ਔਲਾਦ ਇਸ ਨੇੜਤਾ ਨੂੰ ਆਪਣੀ ਪਰਿਵਾਰਕ ਬਦਨਾਮੀ ਦਾ ਕਾਰਨ ਸਮਝਦੀ ਹੈ। ਇਹ ਕਹਾਣੀ ਇੱਥੇ ਮਾਂ ਦਾ ਕਾਲਜ਼ਾ ਕੱਢ ਕੇ ਲਿਜਾਣ ਵਾਲੇ ਪੁੱਤਰ ਦੇ ਠੇਡਾ ਵੱਜਣ 'ਤੇ ਵੀ ਮਾਂ ਦੇ ਦਿਲ ਵੱਲੋਂ ਉਸਦੀ ਪੀੜ ਮਹਿਸੂਸ ਕਰਨ ਦੀ ਮਿੱਥ ਦਾ ਰੂਪਾਂਤਰਣ ਕਹਾਣੀ ਵਿਚਲੀ ਮਾਂ ਅਜੀਤ ਕੌਰ ਦੀ ਗੁੱਸੇ ਭਰੀ ਚੁੱਪ ਦੇ ਰੂਪ ਵਿਚ ਕਰਕੇ ਇਕੱਲੇ ਪਏ ਮਾਪਿਆਂ ਦਾ ਪੱਖ ਵੀ ਪੂਰਦੀ ਹੈ ਤੇ ਉਨ੍ਹਾਂ ਅੰਦਰਲੇ ਰੋਸ ਦਾ ਪ੍ਰਗਟਾਵਾ ਵੀ ਪ੍ਰਭਾਵਸ਼ਾਲੀ ਰੂਪ ਵਿੱਚ ਕਰਦੀ ਹੈ।

ਕਹਾਣੀ **'ਰੋਜ਼ ਡੇਅ'** ਆਜੋਕੇ ਵਿਅਕਤੀਵਾਦੀ ਯੁੱਗ ਵਿਚ ਪਿਆਰ ਦੇ ਨਾਂ ਤੇ ਖੇਡੀ ਜਾ ਰਹੀ ਛਲਾਵੇ ਦੀ ਖੇਡ ਨੂੰ ਆਪਣੇ ਫੋਕਸ ਵਿਚ ਰੱਖਦੀ ਹੈ। ਸੰਗੀਤ ਦਾ ਪ੍ਰੋਫੈਸਰ ਮਿਸਟਰ ਨਵਰਾਜ ਇਸ ਭੁਲੇਖੇ ਦਾ ਸ਼ਿਕਾਰ ਹੈ ਕਿ ਮੈਥ ਵਿਸ਼ੇ ਦੀ ਪ੍ਰੋਫੈਸਰ ਮਿਸ ਰੋਜ਼ੀ ਉਸਦੀ ਸੰਗੀਤ ਕਲਾ ਦੀ ਸੱਚੀ ਪ੍ਰਸੰਸਕ ਹੈ। ਭਾਵੇਂ ਪ੍ਰੋਫੈਸਰ ਬਰਕਰਨ ਉਸਨੂੰ ਸੁਚੇਤ ਵੀ ਕਰਦਾ ਹੈ ਪਰ ਰੋਜ਼ੀ ਦੀਆਂ ਮਿੱਠੀਆਂ ਗੱਲਾਂ ਦੇ ਬਹਿਕਾਵੇ ਵਿਚ ਆ ਕੇ ਉਹ ਉਸੇ ਤਰ੍ਹਾਂ

ਹੀ ਵਰਤਿਆਂ ਜਾਂਦਾ ਹੈ ਜਿਵੇਂ ਰੋਜ਼ੀ ਉਸਨੂੰ ਵਰਤਣਾ ਚਾਹੁੰਦੀ ਹੈ। ਜਦੋਂ ਰੋਜ਼ ਡੇਅ ਵਾਲੇ ਦਿਨ ਉਹ ਉਸਨੂੰ ਗੁਲਾਬ ਦਾ ਫੁੱਲ ਭੇਟ ਕਰਕੇ ਆਪਣੇ ਪਿਆਰ ਦਾ ਇਜ਼ਹਾਰ ਕਰਨ ਦਾ ਮਨ ਬਣਾ ਲੈਂਦਾ ਹੈ ਤਾਂ ਰੋਜ਼ੀ ਆਪਣੇ ਕਿਸੇ ਪੁਰਾਣੇ ਜਮਾਤੀ ਪਾਸੋਂ ਫੁੱਲ ਸਵੀਕਾਰ ਕੇ ਉਸਦੇ ਸਾਰੇ ਸੁਫ਼ਨੇ ਤੋੜ ਦਿੰਦੀ ਹੈ। ਕਹਾਣੀ ਦੇ ਪਾਠ ਦੇ ਸ਼ੁਰੂ ਵਿਚ ਹੀ ਪਾਠਕ ਨੂੰ ਅਨੁਮਾਨ ਹੋ ਜਾਂਦਾ ਹੈ ਕਿ ਉਸਦਾ ਇਹ ਭਰਮ ਜ਼ਰੂਰ ਟੁੱਟੇਗਾ, ਇਸ ਤਰ੍ਹਾਂ ਕਹਾਣੀ ਆਪਣੇ ਅੰਤ ਤੋਂ ਪਹਿਲਾਂ ਹੀਂ ਆਪਣੇ ਰਹੱਸ ਦਾ ਖੁਲਾਸਾ ਕਰਕੇ ਪਾਠਕੀ ਜਗਿਆਸਾ ਦਾ ਅੰਤ ਆਪਣੀ ਸਮਾਪਤੀ ਤੋਂ ਪਹਿਲਾਂ ਹੀ ਕਰ ਦਿੰਦੀ ਹੈ।


ਕਹਾਣੀ **'ਬਿਨ ਸਿਰਨਾਵਾਂ ਬੰਦਾ'** ਆਪਾ ਧਾਪੀ ਵਾਲੇ ਇਸ ਯੁੱਗ ਵਿਚ ਮਨੁੱਖ ਦੀ ਪਛਾਣ ਨੂੰ ਪੈਦਾ ਹੋਏ ਸੰਕਟ ਵੱਲ ਧਿਆਨ ਦਿਵਾਉਂਦੀ ਬਹੁ-ਪਰਤੀ ਕਹਾਣੀ ਹੈ। ਕਹਾਣੀ ਦੇ ਵਿਸ਼ਲੇਸ਼ਣੀ ਸਿੱਟੇ ਅਨੁਸਾਰ ਦਾਰਾ ਸਿੰਘ ਵਰਗੇ ਧਨੀ ਕਿਸਾਨ ਆਪਣੇ ਖੇਤਾਂ ਵਿਚ ਕੰਮ ਕਰਨ ਵਾਲੇ ਕਿਰਤੀ ਕਾਮਿਆਂ ਨਾਲ ਸਦੀਆਂ ਤੋਂ ਚਲੀ ਆ ਰਹੀ ਸਾਂਝ ਨੂੰ ਖੇਤ ਵਿਚਲੀ ਟਾਹਲੀ ਵਾਂਗ ਹੀ ਪੁੱਟ ਕੇ ਸੁੱਟ ਦਿੰਦੇ ਹਨ। ਪੰਜ ਭੈਣਾ ਦਾ ਇਕੱਲਾ ਭਰਾ ਨਿੱਕਾ ਸਿੰਘ ਆਪਣੇ ਪਿਤਾ ਪੁਰਖੀ ਕਰਜ਼ੇ ਕਾਰਨ ਦਾਰਾ ਸਿੰਘ ਦੇ ਬੇ-ਤਰਸ ਤੇ ਅਮਾਨਵੀ ਵਿਹਾਰ ਨੂੰ ਸਹਿਣ ਕਰਦਿਆਂ ਵੀ ਉਸ ਨਾਲ ਸੀਰ ਜਾਰੀ ਰੱਖਣ ਲਈ ਮਜਬੂਰ ਹੈ। ਮਨੁੱਖ ਤੋਂ ਉਸਦੀ ਮਨੁੱਖੀ ਪਛਾਣ ਖੋਹਣ ਵਾਲਾ ਵਰਤਾਰਾ ਉਸ ਸਮੇਂ ਵਾਪਰਦਾ ਹੈ ਜਦੋਂ ਨਿੱਕਾ ਸਿੰਘ ਦੇ ਬਾਪੂ ਦੀ ਮੌਤ ਹੋ ਜਾਣ 'ਤੇ ਉਸਨੂੰ ਖੁਲ੍ਹ ਕੇ ਰੋਣ ਦਾ ਮੌਕਾ ਵੀ ਨਹੀਂ ਮਿਲਦਾ। ਆਪਣਾ ਦੁੱਖ ਜ਼ਾਹਰ ਕਰਨ ਤੋਂ ਪਹਿਲਾ ਦਾਰਾ ਸਿੰਘ ਦੇ ਘਰ ਦੀਆਂ ਮੱਝਾਂ ਨੂੰ ਪੱਠੇ ਪਾਉਣ ਦੀ ਮਜਬੂਰੀ ਉਸਦੀ ਮਾਨਸਿਕ ਪੀੜ ਦੀ ਤਰਜ਼ਮਾਨ ਬਣ ਕੇ ਕਹਾਣੀ ਦੇ ਪਾਠਕਾਂ ਨੂੰ ਵੀ ਧੁਰ ਅੰਦਰ ਤੱਕ ਬੇ-ਚੈਨ ਕਰ ਦਿੰਦੀ ਹੈ।

ਇਹ ਸਾਰੀਆਂ ਕਹਾਣੀਆਂ ਮਨੁੱਖੀ ਰਿਸ਼ਤਿਆਂ ਦੀਆਂ ਨੀਂਹ ਨੂੰ ਮਜਬੂਤ ਕਰਨ ਵਿੱਚ ਆਪਣਾ ਸਕਾਰਤਮਕ ਯੋਗਦਾਨ ਪਾਉਣ ਵਾਲੀਆਂ ਕਹਾਣੀਆਂ ਹਨ । ਭਾਵੇਂ ਕਹਾਣੀਆਂ ਦੇ ਵਿਸ਼ੇ ਨਵੇਂ ਨਹੀਂ ਹਨ ਪਰ ਇਹਨਾਂ ਵਿਸ਼ਿਆਂ ਦਾ ਨਿਭਾਅ ਉਸ ਆਪਣੇ ਮਨ ਭਾਉਂਦੀਆਂ ਨਵੀਆਂ ਕਲਾਤਮਿਕ ਜੁਗਤਾਂ ਰਾਹੀ ਕੀਤਾ ਹੈ। ਇਹਨਾਂ ਕਹਾਣੀਆਂ ਦੇ ਪਾਤਰਾਂ ਦੀ ਵਾਰਤਲਾਪੀ ਭਾਸ਼ਾ ਬਹੁਤ ਚੁਸਤ ਤੇ ਇਹਨਾਂ ਦੇ ਸੁਭਾਵਾਂ ਦੇ ਅਨੁਸਾਰ ਹੈ। ਕਹਾਣੀਆਂ ਵਿਚਲਾ ਕਥਾ ਰੱਸ ਪਾਠਕਾਂ ਦਾ ਧਿਆਨ ਕਹਾਣੀ ਪਾਠ ਤੋਂ ਏਧਰ ਉੱਧਰ ਨਹੀਂ ਜਾਣ ਦਿੰਦਾ । ਪਰਿਵਾਰਿਕ ਰਿਸ਼ਤਿਆਂ ਦੀ ਉਮਰ ਵਧਾਉਣ ਵਾਲੇ ਇਸ ਸੰਗ੍ਰਹਿ ਦਾ ਮੈਂ ਹਾਰਦਿਕ ਸਵਾਗਤ ਕਰਦਾ ਹਾਂ।

(**ਸੰਪਰਕ** : 89682—82700)

# ਨਾਵਲ ਦੀਆਂ ਬਹੁ-ਪਾਸਾਰੀ ਪਰਤਾਂ : ਮੁਹੱਬਤ ਵੇਲ਼ਾ/- ਸੰਦੀਪ ਕੌਰ

ਪੰਜਾਬੀ ਨਾਵਲ ਦੀ ਨਿਰੰਤਰ ਗਤੀਸ਼ੀਲਤਾ ਵਿੱਚ ਸਮਕਾਲੀ ਪੰਜਾਬੀ ਨਾਵਲਕਾਰਾਂ ਦਾ ਵਿਸ਼ੇਸ਼ ਯੋਗਦਾਨ ਹੈ, ਜੋ ਵਿਸ਼ਾਗਤ ਅਤੇ ਵਿਧਾਗਤ ਦੋਹਾਂ ਪੱਖਾਂ ਤੋਂ ਨਵੇਕਲੀ ਕਿਸਮ ਦਾ ਬਿਰਤਾਂਤ ਸਿਰਜ ਰਹੇ ਹਨ। ਸਮਕਾਲੀ ਨਾਵਲ ਸਮੇਂ ਦੇ ਹਾਣ ਦਾ ਹੋ ਕੇ ਚੱਲ ਰਿਹਾ ਹੈ। ਪਰਗਟ ਸਿੰਘ ਸਤੌਜ ਦਾ ਨਾਮ ਵੀ ਸਮਕਾਲੀ ਨਾਵਲਕਾਰਾਂ ਦੀ ਲੜੀ ਵਿੱਚ ਸ਼ਾਮਿਲ ਹੈ, ਜੋ ਮਨੁੱਖ ਦੀ ਜਟਿਲ ਤੋਂ ਜਟਿਲ ਸਮਾਜਕ ਸਥਿਤੀ ਨੂੰ ਆਪਣੇ ਨਾਵਲਾਂ ਵਿੱਚ ਬਹੁ-ਪਰਤੀ ਤੇ ਬਹੁ-ਦਿਸ਼ਾਵੀ ਸਰੋਕਾਰਾਂ ਤੋਂ ਪੇਸ਼ ਕਰ ਰਿਹਾ ਹੈ।




ਨਾਵਲ 'ਮੁਹੱਬਤ ਵੇਲ਼ਾ' ਆਪਣੇ ਆਗੋਸ਼ ਵਿੱਚ ਦੁਨੀਆਂ ਦੇ ਸਭ ਤੋਂ ਖ਼ੂਬਸੂਰਤ ਮੁਹੱਬਤੀ ਅਹਿਸਾਸਾਂ ਨੂੰ ਆਪਣੀ ਬੁੱਕਲ ਵਿੱਚ ਲੈ ਪੰਜਾਬੀ ਸਾਹਿਤਕ ਜਗਤ ਵਿੱਚ ਪਰਵੇਸ਼ ਕਰਦਾ ਆਪਣੇ ਬਿਰਤਾਂਤ ਦੀਆਂ ਵਿਭਿੰਨ ਤੰਦਾਂ ਖੋਲ੍ਹਦਾ ਹੈ।

ਪਰਗਟ ਸਿੰਘ ਸਤੌਜ ਨੇ 'ਮੁਹੱਬਤ ਵੇਲ਼ਾ' ਨਾਵਲ ਵਿੱਚ ਨੌਜਵਾਨਾਂ ਦੇ ਮੁਹੱਬਤੀ ਸਮੇਂ ਦੇ ਅਹਿਸਾਸਾਂ ਨੂੰ ਬਿਰਤਾਂਤਕ ਰੂਪ ਵਿੱਚ ਪੇਸ਼ ਕੀਤਾ ਹੈ। ਪਰ ਇਹ ਨਾਵਲ ਕੇਵਲ ਮੁਹੱਬਤੀ ਅਰਥਾਂ ਤੱਕ ਹੀ ਸੀਮਤ ਨਹੀਂ ਹੈ। ਨਾਵਲਕਾਰ ਇਸ ਵਿੱਚ ਮੁਹੱਬਤੀ ਲਫ਼ਜ਼ਾਂ ਨੂੰ ਵਿਸਥਾਰ ਦਿੰਦਾ ਹੋਇਆ ਸਮਾਜਕ ਚੇਤਨਾ ਦੀ ਦਹਿਲੀਜ਼ ਤੱਕ ਲੈ ਅੱਪੜਦਾ ਹੈ। ਇਸ ਨਾਵਲ ਵਿੱਚ ਪਰਤ-ਦਰ-ਪਰਤ ਸਮਾਜਕ ਮਸਲਿਆਂ ਨੂੰ ਨੌਜਵਾਨਾਂ ਦੇ ਸਨਮੁੱਖ ਰੱਖ ਕੇ ਪੇਸ਼ ਕੀਤਾ ਗਿਆ ਹੈ। ਨੌਜਵਾਨਾਂ ਦੇ ਸਮਾਜਕ ਯਥਾਰਥ ਨਾਲ ਮਨੋਵਿਗਿਆਨਕ ਸਥਿਤੀ ਨੂੰ ਪੇਸ਼ ਕਰਦਾ ਨਾਵਲਕਾਰ ਉਨ੍ਹਾਂ ਦੀ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ ਨੂੰ ਸਿਰਜਦਾ ਹੈ। ਇਸ ਨਾਵਲ ਦੇ ਪਾਤਰ ਬਣੇ ਫ਼ਿਜ਼ੀਕਲ ਐਜੂਕੇਸ਼ਨ ਕਾਲਜ ਦੇ ਵਿਦਿਆਰਥੀ ਭਾਵੇਂ ਆਪਣੀ ਉਮਰ ਦੇ ਉਸ ਪੜਾਅ ਨੂੰ ਤੈਅ ਕਰ ਰਹੇ ਹਨ, ਜਿੱਥੇ ਮੁਹੱਬਤ ਦੀਆਂ ਗੱਲਾਂ ਕਰਨਾ, ਸੁਣਨਾ ਅਤੇ ਆਪਣੇ ਮਹਿਬੂਬ ਦੇ ਸਾਹਮਣੇ ਬਣੇ ਰਹਿਣਾ ਆਪਣੇ ਜੀਵਨ ਦਾ ਮੁੱਖ ਉਦੇਸ਼ ਸਮਝਦੇ ਹਨ, ਪਰ ਨਾਵਲੀ ਬਿਰਤਾਂਤ ਦੀ ਖ਼ੂਬਸੂਰਤੀ ਇਸ ਵਿੱਚ ਹੈ ਕਿ ਇਹ ਪਾਤਰ ਮੁਹੱਬਤ ਵੇਲ਼ਾ ਹੰਢਾਉਂਦਿਆਂ ਵੀ ਆਪਣੀਆਂ ਪਰਿਵਾਰਕ ਅਤੇ ਸਮਾਜਕ ਜ਼ਿੰਮੇਵਾਰੀਆਂ ਨਿਭਾਉਣ ਪ੍ਰਤੀ ਸੁਚੇਤ ਹਨ। ਇਹ ਪਾਤਰ ਜ਼ਿੰਦਗੀ ਦਾ ਆਨੰਦ ਵੀ ਮਾਣਦੇ ਹਨ ਅਤੇ ਆਉਣ ਵਾਲੇ ਭਵਿੱਖ ਲਈ ਫ਼ਿਕਰਮੰਦ ਵੀ ਹਨ।

ਨਾਵਲ ਵਿੱਚ ਕਾਲਜਾਂ ਵਿੱਚ ਪੜ੍ਹਦੀ ਉਸ ਨੌਜਵਾਨ ਪੀੜ੍ਹੀ ਦੇ ਉਸ ਸਮੇਂ ਦੀ ਪੇਸ਼ਕਾਰੀ ਕੀਤੀ ਗਈ ਹੈ, ਜੋ ਸਮਾਂ ਉਨ੍ਹਾਂ ਦੇ ਜੀਵਨ ਦਾ ਮੁਹੱਬਤੀ ਸਮਾਂ ਹੈ, ਜਿਸ ਅਨੁਸਾਰ ਉਹ ਅਚੇਤ ਰੂਪ ਵਿੱਚ ਹੀ ਇੱਕ ਦੂਜੇ ਵੱਲ ਖਿੱਚੇ ਜਾਂਦੇ ਹਨ। ਇਕੱਠੇ ਪੜ੍ਹਦੇ

ਮੁੰਡੇ-ਕੁੜੀਆਂ ਵਿਚਲੇ ਮੁਹੱਬਤੀ ਸੰਬੰਧ ਇਸ ਉਮਰ ਦੀਆਂ ਮਾਨਸਿਕ ਜ਼ਰੂਰਤਾਂ ਦੀ ਤਰਜਮਾਨੀ ਕਰਦੇ ਹਨ। ਇਹ ਸੰਬੰਧ ਕੇਵਲ ਭੋਗੀ ਬਿਰਤੀ ਵਾਲੇ ਨਹੀਂ, ਸਗੋਂ ਸਮਾਜਿਕ ਪ੍ਰਵਾਨਗੀ ਦੀ ਵਚਨਬੱਧਤਾ ਨਾਲ ਜੁੜੇ ਹੋਏ ਹਨ। ਇਹ ਤੋੜ ਨਿਭਾਉਣ ਦੇ ਸਿਖਰ ਤੱਕ ਦਾ ਸਫ਼ਰ ਤੈਅ ਕਰਦੇ ਹਨ, ਭਾਵੇਂ ਇਸ ਸਫ਼ਰ ਵਿੱਚ ਜਾਤ-ਪਾਤ, ਧਰਮ, ਰੰਗ ਭੇਦ ਆਦਿ ਵੀ ਰੁਕਾਵਟ ਬਣਦੇ ਹਨ, ਪਰ ਇਨ੍ਹਾਂ ਰੁਕਾਵਟਾਂ ਨੂੰ ਦੂਰ ਕਰਕੇ ਪਿਆਰ ਪ੍ਰਤੀ ਵਫ਼ਾਦਾਰ ਰਹਿਣ ਦੀ ਕੋਸ਼ਿਸ਼ ਕਰਦੇ ਹਨ।

'ਮੁਹੱਬਤ ਵੇਲ਼ਾ' ਨਾਵਲ ਵਿਚਲੇ ਪਾਤਰ ਪੜ੍ਹੇ-ਲਿਖੇ ਅਤੇ ਸਮਾਜਕ ਤੌਰ 'ਤੇ ਚੇਤੰਨ ਹਨ, ਜੋ ਆਪਣੇ ਸਮਾਜ ਦੀਆਂ ਸਮਕਾਲੀ ਸਥਿਤੀਆਂ ਤੋਂ ਜਾਗਰੂਕ ਹਨ ਅਤੇ ਸਮਾਜ ਵਿਚਲੀਆਂ ਸਮੱਸਿਆਵਾਂ ਦਾ ਹੱਲ ਕਰਨ ਦਾ ਹੌਸਲਾ ਵੀ ਰੱਖਦੇ ਹਨ। ਨਾਵਲ ਵਿਚਲੇ ਪਾਤਰ ਮੁਹੱਬਤ ਦੇ ਰਾਹ ਵਿੱਚ ਜਾਤ-ਪਾਤ, ਧਰਮ, ਰੰਗ-ਭੇਦ ਆਦਿ ਰੁਕਾਵਟਾਂ ਨੂੰ ਢਹਿ-ਢੇਰੀ ਕਰਨ ਦੀ ਤੀਬਰ ਇੱਛਾ ਰੱਖਦੇ ਹਨ। ਆਸਿਫ਼ ਅਤੇ ਸਹਿਜ ਦੇ ਪਿਆਰ ਵਿੱਚ ਧਰਮ ਦੀਵਾਰ ਬਣਦਾ ਹੈ ਅਤੇ ਲਾਲੀ ਅਤੇ ਰੁਬਲ ਨੂੰ ਜਾਤ-ਪਾਤ ਦੀ ਦੀਵਾਰ ਇੱਕ ਨਹੀਂ ਹੋਣ ਦਿੰਦੀ। ਇਹ ਸਾਰੇ ਦੋਸਤ ਇਕੱਠੇ ਹੋ ਕੇ ਮੁਹੱਬਤੀ ਸਫ਼ਰ ਦੀਆਂ ਰੁਕਾਵਟਾਂ ਨੂੰ ਦੂਰ ਕਰਨ ਦੀਆਂ ਲੱਖ ਕੋਸ਼ਿਸ਼ਾਂ ਕਰਦੇ ਹਨ, ਪਰ ਵਧੇਰੇ ਉੱਚੀਆਂ ਦੀਵਾਰਾਂ ਵਾਲੀਆਂ ਰੁਕਾਵਟਾਂ ਉਨ੍ਹਾਂ ਤੋਂ ਢਾਹੀਆਂ ਨਹੀਂ ਜਾਂਦੀਆਂ। ਭਾਵੇਂ ਤਰਨ ਤੇ ਗੀਤ ਜਾਤ-ਪਾਤ ਦੀ ਰੁਕਾਵਟ ਦੂਰ ਕਰਕੇ ਪ੍ਰੇਮੀ-ਪ੍ਰੇਮਿਕਾ ਤੋਂ ਪਤੀ-ਪਤਨੀ ਬਣਨ ਦਾ ਸਫ਼ਰ ਪੂਰਾ ਕਰਦੇ ਹਨ, ਪਰ ਇਹ ਵੱਡੀਆਂ ਰੁਕਾਵਟਾਂ ਸਾਹਮਣੇ ਛੋਟੀ ਰੁਕਾਵਟ ਬਣਦੀ ਨਜ਼ਰ ਆਉਂਦੀ ਹੈ। ਗੀਤ ਮਿਸਤਰੀਆਂ ਦੀ ਕੁੜੀ ਅਤੇ ਤਰਨ ਜੱਟਾਂ ਦਾ ਮੁੰਡਾ ਹੈ। ਸਾਰੇ ਦੋਸਤ ਮਿਲ ਕੇ ਉਸ ਦੇ ਮਾਪਿਆਂ ਨੂੰ ਬਦਲ ਰਹੇ ਸਮਾਜ ਦੀ ਸਥਿਤੀ ਤੋਂ ਜਾਣੂ ਕਰਾਉਂਦੇ ਹਨ ਅਤੇ ਉਸ ਦੇ ਮਾਪੇ ਵੀ ਪਰੰਪਰਾਗਤ ਅਤੇ ਜਾਤੀ ਸੰਸਕਾਰਾਂ ਨੂੰ ਤਿਆਗ ਕੇ ਸਮੇਂ ਦੇ ਹਾਣ ਦੇ ਬਣਦੇ ਇਸ ਰਿਸ਼ਤੇ ਨੂੰ ਸਹਿਮਤੀ ਦੇ ਦਿੰਦੇ ਹਨ।

ਨਾਵਲ ਵਿੱਚ ਤਰਨ ਤੇ ਗੀਤ ਦਾ ਵਿਆਹ ਜਿੱਥੇ ਸਮੇਂ ਦੇ ਬਦਲਾਅ ਨਾਲ ਜਾਤ-ਪਾਤ ਦੇ ਟੁੱਟ ਰਹੇ ਸੰਸਕਾਰਾਂ ਦਾ ਸੂਚਕ ਬਣਦਾ ਹੈ, ਉੱਥੇ ਹੀ ਇਹ ਆਸ ਵੀ ਪੈਦਾ ਹੁੰਦੀ ਹੈ ਕਿ ਇਸ ਸਮਾਜਕ ਪ੍ਰਬੰਧ ਦੀਆਂ ਛੋਟੀਆਂ ਦੀਵਾਰਾਂ ਦੇ ਟੁੱਟਣ ਤੋਂ ਬਾਅਦ ਮੁਹੱਬਤ ਦੇ ਰਾਹ ਦੀਆਂ ਵੱਡੀਆਂ ਰੁਕਾਵਟਾਂ ਦੀਆਂ ਦੀਵਾਰਾਂ ਵੀ ਟੁੱਟਣਗੀਆਂ। ਮਾਪੇ ਵੀ ਬੱਚਿਆਂ ਦੀ ਖ਼ੁਸ਼ੀ ਲਈ ਸਮੇਂ ਦੇ ਹਾਣ ਦਾ ਬਣਦੇ ਹਨ ਅਤੇ ਪਰੰਪਰਾਗਤ ਕਦਰਾਂ-ਕੀਮਤਾਂ ਦੇ ਨਕਾਰਾਤਮਕ ਵਿਚਾਰਾਂ ਨੂੰ ਤਿਆਗਦੇ ਹਨ।

ਕਾਲਜ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਜਦੋਂ ਨੌਜਵਾਨਾਂ ਦਾ ਵਾਹ ਵਾਸਤਾ ਜੀਵਨ ਦੀਆਂ ਕੌੜੀਆਂ ਹਕੀਕਤਾਂ ਨਾਲ ਪੈਂਦਾ ਹੈ ਤਾਂ ਸਮਾਜ ਅਤੇ ਲੋਕਾਂ ਲਈ ਕੁਝ ਕਰ ਗੁਜ਼ਰਨ ਸੰਬੰਧੀ ਉਨ੍ਹਾਂ ਦੀ ਸੋਚ ਹੋਰ ਵੀ ਗੰਭੀਰ ਹੋ ਜਾਂਦੀ ਹੈ। ਇਸ ਨਾਵਲ ਵਿੱਚ ਕੇਂਦਰੀ ਪਾਤਰ ਆਸਿਫ਼ ਨਾਮ ਦਾ ਨੌਜਵਾਨ ਸਮਾਜਕ ਚੌਗਿਰਦੇ ਤੋਂ ਚੇਤੰਨ ਹੈ ਅਤੇ ਲੋਕਾਂ ਨੂੰ ਵੀ ਜਾਗਰੂਕ ਕਰਦਾ ਇੱਕ ਆਗੂ ਵਜੋਂ ਵਿਚਰਦਾ ਹੈ। ਪਿੰਡ ਵਿੱਚ ਕਿਸੇ ਧਨਾਢ ਵੱਲੋਂ ਸਰਕਾਰ ਨਾਲ ਮਿਲ ਕੇ ਸ਼ਰਾਬ ਦੀ ਫ਼ੈਕਟਰੀ ਦੇ ਕੰਮ ਨੂੰ ਰੁਕਵਾਉਣ ਲਈ ਉਹ ਸੰਘਰਸ਼ ਕਰਦਾ ਹੈ ਅਤੇ ਪਿੰਡ ਦੇ ਲੋਕਾਂ ਨੂੰ ਜਾਗਰੂਕ ਕਰਕੇ ਫ਼ੈਕਟਰੀ ਬੰਦ ਕਰਾਉਣ

ਲਈ ਵੱਡਾ ਸੰਘਰਸ਼ ਸ਼ੁਰੂ ਕਰਦਾ ਹੈ।

ਸੂਬਾ ਸਰਕਾਰ ਅਤੇ ਕਾਰਪੋਰੇਟ ਜਗਤ ਵਿਰੁੱਧ ਸ਼ਰਾਬ ਦੀ ਫ਼ੈਕਟਰੀ ਰੁਕਵਾਉਣ ਲਈ ਸੰਘਰਸ਼ ਵਿੱਚ ਆਸਿਫ਼ ਦੀ ਮੌਤ ਹੋ ਜਾਂਦੀ ਹੈ ਤਾਂ ਸਾਰੇ ਨੌਜਵਾਨ ਸਾਥੀ ਉਸ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਲਈ ਵਚਨਬੱਧ ਹੋ ਜਾਂਦੇ ਹਨ ਅਤੇ ਅਗਲੇ ਪੜਾਅ ਉੱਤੇ ਸਰਕਾਰ ਫ਼ੈਕਟਰੀ ਦੀ ਉਸਾਰੀ ਦਾ ਕੰਮ ਰੋਕਣ ਲਈ ਮਜਬੂਰ ਹੋ ਜਾਂਦੀ ਹੈ ਅਤੇ ਆਸਿਫ਼ ਦੀ ਮੌਤ ਦਾ ਮੁਆਵਜ਼ਾ ਵੀ ਦਿੰਦੀ ਹੈ। ਨਾਵਲਕਾਰ ਨੇ ਸਮਕਾਲੀ ਸਥਿਤੀਆਂ ਅਤੇ ਸਰਕਾਰਾਂ ਤੇ ਕਾਰਪੋਰੇਟ ਜਗਤ ਦੀ ਵਾਸਤਵਿਕਤਾ ਨੂੰ ਸਪਸ਼ਟ ਰੂਪ ਵਿੱਚ ਪੇਸ਼ ਕੀਤਾ ਹੈ, ਜੋ ਸਮਕਾਲੀ ਸਮੇਂ ਦਾ ਸੱਚ ਹੈ।


ਪੰਜਾਬ ਵਿੱਚ ਨਸ਼ਿਆਂ ਦਾ ਰੁਝਾਨ ਵੱਧਦਾ ਜਾ ਰਿਹਾ ਹੈ। ਨੌਜਵਾਨ ਮੁੰਡੇ-ਕੁੜੀਆਂ ਵਿੱਚ ਵੀ ਵਧਦਾ ਨਸ਼ਿਆਂ ਦਾ ਰੁਝਾਨ ਅੱਜ ਦੇ ਸਮਾਜ ਦਾ ਪ੍ਰਤੀਨਿਧ ਸੱਚ ਬਣਦਾ ਜਾ ਰਿਹਾ ਹੈ। ਨਾਵਲਕਾਰ ਨੇ ਕਾਲਜਾਂ ਵਿੱਚ ਨਸ਼ਿਆਂ ਦੀ ਵਰਤੋਂ, ਇਨ੍ਹਾਂ ਨਸ਼ਿਆਂ ਨੂੰ ਪੂਰਾ ਕਰਨ ਲਈ ਕਿਸੇ ਵੀ ਹੱਦ ਤੱਕ ਜਾਣ ਦੇ ਕੌੜੇ ਸੱਚ ਨੂੰ ਪੇਸ਼ ਕੀਤਾ ਹੈ। ਨੌਜਵਾਨ ਮੁੰਡੇ ਹੋਸਟਲਾਂ ਵਿੱਚ ਨਸ਼ੇ ਦੇ ਸ਼ਿਕਾਰ ਹੋ ਕੇ ਕੁਰਾਹੇ ਪੈ ਰਹੇ ਹਨ। ਨਾਵਲ ਵਿੱਚ ਗੁਰਮੁੱਖ ਪਾਤਰ ਨਸ਼ਿਆਂ ਦਾ ਸ਼ਿਕਾਰ ਪਾਤਰ ਹੈ, ਜੋ ਆਪਣੀ ਜ਼ਿੰਦਗੀ ਅਤੇ ਭਵਿੱਖ ਨੂੰ ਤਬਾਹ ਕਰ ਦਿੰਦਾ ਹੈ। ਕਾਲਜਾਂ, ਹੋਸਟਲਾਂ ਵਿਚਲੇ ਯਥਾਰਥ ਦੇ ਨਾਲ-ਨਾਲ ਸਤੌਜ ਨੇ ਖੇਡ ਟੂਰਨਾਮੈਂਟਾਂ ਦੀ ਤਸਵੀਰ ਵੀ ਪੇਸ਼ ਕੀਤੀ ਹੈ। ਇਹ ਖੇਡ ਟੂਰਨਾਮੈਂਟ ਜਿੱਥੇ ਕਬੱਡੀ ਵਰਗੀਆਂ ਖੇਡਾਂ ਨੂੰ ਪ੍ਰਫੁੱਲਿਤ ਕਰਦੇ ਹਨ, ਉੱਥੇ ਹੀ ਇਨ੍ਹਾਂ ਟੂਰਨਾਮੈਂਟਾਂ ਉੱਤੇ ਨਸ਼ਿਆਂ ਦੀ ਵਰਤੋਂ ਵੀ ਵਧੇਰੇ ਹੁੰਦੀ ਹੈ। ਇਨ੍ਹਾਂ ਟੂਰਨਾਮੈਂਟਾਂ ਦੇ ਸਮੇਂ ਸਭ ਤੋਂ ਵੱਧ ਨਸ਼ਿਆਂ ਅਤੇ ਟੀਕਿਆਂ ਦੀ ਵਰਤੋਂ ਸਮਾਜ ਲਈ ਕਾਫ਼ੀ ਗੰਭੀਰ ਮਸਲਾ ਬਣਦਾ ਜਾ ਰਿਹਾ ਹੈ, ਜਿਸ ਨੂੰ ਨਾਵਲਕਾਰ ਵਿਅੰਗ ਦੇ ਰੂਪ ਵਿੱਚ ਨਾਵਲੀ ਬਿਰਤਾਂਤ ਵਿੱਚ ਪੇਸ਼ ਕਰਦਾ ਹੈ।

ਨਾਵਲਕਾਰ ਸਮਾਜ ਨੂੰ ਚੇਤੰਨ ਅਤੇ ਸੇਧ ਦੇਣ ਦਾ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਕਿਤਾਬਾਂ ਨੂੰ ਮੰਨਦਾ ਹੈ। ਨਾਵਲਕਾਰ ਭਲੀ-ਭਾਂਤ ਜਾਣਦਾ ਹੈ ਕਿ ਜਿਸ ਹੱਥ ਕਿਤਾਬ ਆ ਗਈ ਤਾਂ ਉਸ ਦੇ ਹੱਥੋਂ ਨਸ਼ੇ ਦੀਆਂ ਸ਼ੀਸ਼ੀਆਂ ਆਪਣੇ-ਆਪ ਛੁੱਟ ਜਾਣਗੀਆਂ। ਜਿੱਥੇ ਨਾਵਲਕਾਰ ਨੇ ਨਸ਼ੇ ਦੀ ਸਮੱਸਿਆ ਨੂੰ ਪੇਸ਼ ਕੀਤਾ ਹੈ, ਉੱਥੇ ਹੀ ਸਮਾਜ ਨੂੰ ਸੇਧ ਦੇਣ ਵਾਲੀ ਸਮਾਜਕ ਤੌਰ 'ਤੇ ਚੇਤੰਨ ਅਤੇ ਅਗਾਂਹਵਧੂ ਵਿਚਾਰਾਂ ਵਾਲੀ ਨਵੀਂ ਪੀੜ੍ਹੀ ਨੂੰ ਵੀ ਪੇਸ਼ ਕੀਤਾ ਹੈ। ਇਹ ਪਾਤਰ ਪਿੰਡ ਵਿੱਚ ਕਿਤਾਬਾਂ ਪੜ੍ਹਨ ਦੀ ਚੇਟਕ ਪਾਉਣ ਦਾ ਜ਼ਿੰਮਾ ਚੁੱਕਦੇ ਅਤੇ ਇਕੱਠੇ ਕੀਤੇ ਫ਼ੰਡਾਂ ਨਾਲ ਨਾਟਕ, ਲਾਇਬ੍ਰੇਰੀਆਂ ਲਈ ਕਿਤਾਬਾਂ ਦਾ ਬੰਦੋਬਸਤ ਕਰਦੇ ਹਨ। ਪਿੰਡ ਵਿੱਚ ਲਾਇਬ੍ਰੇਰੀ ਬਣਾ ਕੇ ਸਾਹਿਤ ਨਾਲ ਜੋੜ ਕੇ ਸਮਾਜ ਲਈ ਆਦਰਸ਼ਕ ਪਾਤਰ ਵੀ ਬਣਦੇ ਹਨ ਅਤੇ ਪੰਜਾਬ ਦੀ ਜਵਾਨੀ ਦੀ ਸਹੀ ਪ੍ਰਤੀਨਿਧਤਾ ਕਰਦੇ ਹਨ। ਪਰਗਟ ਸਿੰਘ ਸਤੌਜ ਨੇ ਨਾਵਲ ਵਿੱਚ ਮੁਹੱਬਤੀ ਸਮੇਂ ਦੇ ਅਹਿਸਾਸਾਂ ਨਾਲ ਸਮਾਜ ਵਿੱਚ ਵਾਪਰਦੀਆਂ ਘਟਨਾਵਾਂ ਵਿਭਿੰਨ ਸਰੋਕਾਰਾਂ ਤੇ ਸਮਾਜਕ, ਆਰਥਿਕ, ਰਾਜਨੀਤਿਕ ਅਤੇ ਸੱਭਿਆਚਾਰਕ ਵਰਤਾਰਿਆਂ ਦੇ ਵਿਭਿੰਨ ਪੱਖਾਂ ਨੂੰ ਪੇਸ਼ ਕੀਤਾ ਹੈ।

**ਮੋ. 77078-98770**

# ਸੰਵਾਦ

## ਕਹਾਣੀਆਂ ਦੀ ਪੜ੍ਹਤ : ਬਲਵੀਰ ਕੌਰ ਰੀਹਲ




'ਕਹਾਣੀ ਧਾਰਾ'-74 ਦੇ ਅੰਕ ਦੀ ਸੰਪਾਦਕੀ ਐਨ ਸੀ ਆਰ ਟੀ ਦੇ ਸਿਲੇਬਸਾਂ ਦਾ ਭਗਵਾਂਕਰਨ ਨਾਂ ਹੇਠ ਲਿਖੀ ਗਈ ਹੈ। ਸਟੇਟ ਆਪਣੇ ਪ੍ਰਭਾਵ ਨਾਲ ਇਤਿਹਾਸ ਨੂੰ ਬਦਲਣਾ ਚਾਹੁੰਦੀ ਹੈ। ਸਿੱਖਿਆ ਦਾ ਭਗਵਾਂਕਰਨ ਕੀਤਾ ਜਾ ਰਿਹਾ ਹੈ। ਇੰਡੀਆ ਦੀ ਜਗ੍ਹਾ ਭਾਰਤ ਸ਼ਬਦ ਹਰ ਕਿਤਾਬ ਵਿਚ ਛਾਪਣ ਦੀ ਪੈਰਵੀ ਹੋ ਰਹੀ ਹੈ। ਸਿੱਖਿਆ ਉੱਤੇ ਸੱਤਾ ਫਿਰਕਾਪ੍ਰਸਤੀ ਦਾ ਰੰਗ ਭਰਨਾ ਚਾਹੁੰਦੀ ਹੈ। ਐਨ ਸੀ ਆਰ ਟੀ ਦੇ ਸਿਲੇਬਸ ਵਿਚ ਜੋ ਫਿਰਕਾਪ੍ਰਸਤੀ ਦਾ ਰੰਗ ਭਰਿਆ ਜਾ ਰਿਹਾ ਹੈ, ਇਸ ਦੇ ਨਤੀਜੇ ਲੋਕਤੰਤਰ ਸਿਸਟਮ ਦੀ ਚਾਲ ਸੰਪਾਦਕੀ ਵਿਚ ਸ਼ਾਮਿਲ ਕੀਤੀ ਹੈ। ਗੋਸ਼ਟੀ-7 'ਆਲੋਚਨਾ ਦਾ ਸੰਕਟ' ਨੂੰ ਵਿਸਥਾਰ ਪੂਰਵਕ ਥਾਂ ਦਿੱਤੀ ਗਈ ਹੈ।

**'ਨਾ ਖਿਜ਼ਰ ਨਾ ਖਵਾਜ਼'** ਕਹਾਣੀ ਸੁਰਿੰਦਰ ਨੀਰ ਦੀ ਕਹਾਣੀ ਹੈ। ਕਹਾਣੀ ਲੈਸਬੀਅਨ ਕੁੜੀਆਂ ਦੁਆਲੇ ਘੁੰਮਦੀ ਹੈ। ਕਹਾਣੀ ਦੀ ਪਾਤਰ ਜਮੀਲਾ ਨੂੰ ਪਤਾ ਹੈ ਕਿ ਉਸ ਦੇ ਘਰਦਿਆਂ ਨੇ ਬਚਪਨ ਵਿਚ ਹੀ ਉਸ ਦਾ ਰਿਸ਼ਤਾ ਉਸ ਦੇ ਚਾਚੇ ਦੇ ਮੁੰਡੇ ਨਾਲ ਕਰ ਦਿੱਤਾ ਸੀ। ਜਦੋਂ ਉਹ ਜੁਆਨ ਹੁੰਦੀ ਹੈ ਤੇ ਉਹ ਵਿਆਹ ਤੋਂ ਇਨਕਾਰ ਕਰ ਦਿੰਦੀ ਹੈ। ਜਮੀਲਾ ਜਾਣਦੀ ਹੈ ਕਿ ਮਰਦ ਪ੍ਰਧਾਨ ਸਮਾਜ ਵਿਚ ਉਹ ਪਤੀ ਦੇ ਬੱਚੇ ਤਾਂ ਪੈਦਾ ਕਰ ਦੇਵੇਗੀ, ਪਰ ਤਿੰਨ ਵਾਰੀ ਤਲਾਕ-ਤਲਾਕ ਕਹਿਣ ਤੇ ਉਸ ਦਾ ਸਾਰਾ ਜੀਵਨ ਬਰਬਾਦ ਹੋ ਜਾਵੇਗਾ। ਰੀਤੂ ਦਾ ਸੰਬੰਧ ਰਾਜਪੂਤ ਪਰਿਵਾਰ ਨਾਲ ਹੈ, ਉਸ ਦਾ ਪਰਿਵਾਰ ਸ਼ੁਰੂ ਹੋ ਹੀ ਕੁੜੀਆਂ ਨੂੰ ਮਾਰ ਕੇ ਉਹਨਾਂ ਦੀਆਂ ਸੱਧਰਾਂ ਦਾ ਘਾਣ ਕਰਦਾ ਆ ਰਿਹਾ ਹੈ। ਸਨਾਤਨੀ ਧਰਮ ਦੀਆਂ ਰਹੁ-ਰੀਤਾਂ ਅਤੇ ਔਰਤ ਨਾਲ ਸਦੀਆਂ ਤੋਂ ਹੋ ਰਹੇ ਅਨਿਆਂ ਪ੍ਰਤੀ ਰੀਤੂ ਜ਼ਮੀਲਾ ਨਾਲ ਰਹਿਣਾ ਸਵੀਕਾਰ ਕਰਦੀ ਹੈ। ਤੀਜੀ ਅੰਜੂ ਹੈ ਜਿਹੜੀ ਆਪਣੀ ਪਸੰਦ ਦੇ ਮੁੰਡੇ ਨਾਲ ਅੰਤਰਜਾਤੀ  ਵਿਆਹ ਕਰਵਾਉਂਦੀ ਹੈ ਪਰ ਉਸ ਦਾ ਤਲਾਕ ਹੋ ਜਾਂਦਾ ਹੈ। ਸੁਰਿੰਦਰ ਨੀਰ ਕਹਾਣੀ ਵਿਚ ਸਪੱਸ਼ਟ ਕਰਦੀ ਹੈ ਔਰਤ ਭਾਵੇਂ ਕਿਸੇ ਵੀ ਜਾਤ, ਧਰਮ ਦੀ ਹੋਵੇ ਭੁਗਤਣਾ ਸਿਰਫ਼ ਔਰਤ ਨੂੰ ਹੀ ਪੈਂਦਾ ਹੈ, ਇਸ ਕਰਕੇ ਕਹਾਣੀਆਂ ਦੀਆਂ ਤਿੰਨੇ ਪਾਤਰ ਸਮਾਜ ਤੋਂ ਕਿਨਾਰਾ ਕਰਕੇ ਇਕੱਠੀਆਂ ਰਹਿਣ ਦਾ ਫੈਸਲਾ ਕਰਦੀਆਂ ਹਨ।

**'ਅਣਪਛਾਤਾ ਖਾੜਕੂ'** ਕਹਾਣੀ ਦਾ ਲੇਖਕ ਅਗਾਜਬੀਰ ਹੈ। ਇਹ ਕਹਾਣੀ ਜਗੀਰਦਾਰੀ ਸਮਾਜ ਦੀਆਂ ਜਿਆਦਤੀਆਂ ਨੂੰ ਬਿਆਨ ਕਰ ਰਹੀ ਹੈ, ਜਗੀਰਦਾਰ ਲੋਕ ਨਿਮਨ ਜਾਤੀ ਨਾਲ ਹਰ ਕਿਸਮ ਦਾ ਵਿਤਕਰਾ ਕਰਦੇ ਹਨ, ਸਰੀਰਕ ਆਰਥਿਕ ਤੇ

ਮਾਨਸਿਕ ਸ਼ੋਸ਼ਣ ਕੀਤਾ ਜਾਂਦਾ ਹੈ, ਕਹਾਣੀ ਦੇ ਪਾਤਰ ਜਿੰਦੂ ਦਾ ਪਿਓ ਸਾਰੀ ਉਮਰ ਸਰਦਾਰ ਦੀ ਗੁਲਾਮੀ ਕਰਦਾ ਰਿਹਾ, ਸਰਦਾਰ ਜਿੰਦੂ ਦੀ ਮਾਂ ਦਾ ਸਰੀਰਕ ਸ਼ੋਸ਼ਣ ਕਰਦਾ ਰਿਹਾ। ਸਰਦਾਰ ਦਾ ਮੁੰਡਾ ਜਦੋਂ ਜਵਾਨ ਹੁੰਦਾ ਹੈ ਤਾਂ ਉਹ ਜਿੰਦੂ ਦੀ ਭੈਣ ਨਾਲ ਬਲਾਤਕਾਰ ਕਰਦਾ ਹੈ, ਉਹ ਇਹ ਨਮੋਸ਼ੀ ਸਹਿਣ ਨਹੀਂ ਕਰਦੀ ਤੇ ਆਤਮ ਹੱਤਿਆ ਕਰ ਲੈਂਦੀ ਹੈ। ਅਖੀਰ ਛੋਟੇ ਸਰਦਾਰ ਦੀ ਪਤਨੀ ਆਪਣੇ ਪਤੀ ਦਾ ਕਤਲ ਕਰ ਦਿੰਦੀ ਹੈ। ਜਿੰਦੂ ਇਸ ਕਤਲ ਦਾ ਜਿੰਮਾ ਆਪਣੇ ਸਿਰ ਲੈ ਲੈਂਦਾ ਜੇਲ ਕੱਟਦਾ ਹੈ। ਲੇਖਕ ਨੇ ਕਹਾਣੀ ਰਾਹੀਂ ਪਾਠਕਾਂ ਸਾਹਮਣੇ ਜਾਗੀਰਦਾਰੀ ਸਮਾਜ ਦਾ ਪੀੜ੍ਹੀ ਦਰ ਪੀੜ੍ਹੀ ਨਿਮਨ ਤੇ ਕਮਜੋਰ ਬੰਦਿਆਂ ਨੂੰ ਧੱਕੇਸ਼ਾਹੀ ਨਾਲ ਤੰਗ ਕਰਨ ਦੀ ਮਾਨਸਿਕਤਾ ਪਾਠਕਾਂ ਸਾਹਮਣੇ ਪੇਸ਼ ਕੀਤੀ ਹੈ।

'ਚਾਨਣ' ਕਹਾਣੀ ਦਾ ਲੇਖਕ ਅਮਰਜੀਤ ਸਿੰਘ ਮਾਨ ਹੈ। ਇਹ ਕਹਾਣੀ ਪੰਜਾਬ ਦੇ ਮੁੱਕ ਰਹੇ ਪਾਣੀ ਨੂੰ ਬਚਾਉਣ ਦਾ ਸੁਨੇਹਾ ਦਿੰਦੀ ਹੈ। ਕਹਾਣੀ ਦਾ ਪਾਤਰ ਬਲਦੇਵ ਸਿੰਘ ਜਿਸ ਦਾ ਲੋਕਾਂ ਨੇ ਵਿਗਾੜ ਕੇ ਨਾਂ ਜਲਦੇਵ ਰੱਖ ਲਿਆ ਹੈ, ਉਸ ਰਾਹੀਂ ਲੇਖਕ ਲੋਕਾਂ ਨੂੰ ਝੋਨਾ ਬੀਜਣਾ ਬੰਦ ਕਰਨ ਦੀ ਸਲਾਹ ਦਿੰਦਾ ਹੈ। ਫ਼ਸਲੀ ਵਿਭਿੰਨਤਾ ਪ੍ਰੇਮੀ ਹੈ ਉਸ ਨੂੰ ਤੌਖਲਾ ਹੈ ਧਰਤੀ ਵਿਚੋਂ ਲਗਾਤਾਰ ਪਾਣੀ ਕੱਢਣ ਨਾਲ ਧਰਤੀ ਬੰਜ਼ਰ ਹੋ ਜਾਵੇਗੀ, ਪਰ ਸੱਥ ਵਿੱਚ ਬੈਠੇ ਲੋਕ ਉਸ ਦਾ ਮਜ਼ਾਕ ਉਡਾਉਂਦੇ ਹਨ। ਇਸ ਕਹਾਣੀ ਵਿਚ ਪੰਜਾਬ ਪ੍ਰਤੀ ਪ੍ਰੇਮ ਅਤੇ ਸੁਨੇਹਾ ਦਿੱਤਾ ਗਿਆ ਹੈ। ਬੇਸ਼ੱਕ ਇਹ ਕਹਾਣੀ ਸੁਪਨੇ ਵਿਚ ਵਾਪਰਦੀ ਹੈ, ਪਰ ਇਹ ਸੁਪਨੇ ਜੇ ਸੱਚ ਹੋ ਗਏ ਪੰਜਾਬੀ ਪਾਣੀ ਬਿਨਾਂ ਮਰ ਜਾਵੇਗੇ। ਪੰਜਾਬ ਦੀ ਧਰਤੀ ਤੇ ਧੜਾ ਧੜ ਰੇਹਾਂ-ਸਪਰੇਹਾਂ ਕੀਤੀਆਂ ਜਾ ਰਹੀਆਂ ਹਨ। ਕੰਪਨੀਆਂ ਮੁਨਾਫ਼ੇ ਲਈ ਲਾਲਚ ਦਿੰਦੀਆਂ ਹਨ।

ਅਮਰਜੀਤ ਸਿੰਘ ਮਾਨ ਆਪਣੇ ਵਿਸ਼ੇ ਨੂੰ ਪਾਠਕਾਂ ਤੱਕ ਪਹੁੰਚਾਣ ਵਿਚ ਸਫ਼ਲ ਰਿਹਾ ਹੈ। ਲੇਖਕ ਬਲਦੇਵ ਨੂੰ ਕਹਾਣੀ ਵਿਚ ਬਾਜਰੇ ਦੀ ਗੁਡਾਈ ਕਰਦਾ ਦਿਖਾ ਰਿਹਾ ਹੈ। ਜਦਕਿ ਬਾਜਰੇ ਦੀ ਗੁਡਾਈ ਨਹੀਂ ਕੀਤੀ ਜਾਂਦੀ। ਕਹਾਣੀਕਾਰ ਨੇ ਕਹਾਣੀ ਰਾਹੀਂ ਮੌਜੂਦਾ ਸੰਕਟ ਨਾਲ ਪਾਠਕਾਂ ਨੂੰ ਜੋੜਨ ਦਾ ਸਫ਼ਲ ਉਪਰਾਲਾ ਕੀਤਾ ਹੈ।

'ਜ਼ੁਬਾਨ' ਕਹਾਣੀ ਦੀ ਲੇਖਿਕਾ ਜਸਪਾਲ ਕੌਰ ਹੈ। ਅੱਜ ਪੰਜਾਬ ਵਿਚ ਮਾਂ ਬੋਲੀ ਪੰਜਾਬੀ ਨਾਲ ਮਤਰੇਈ ਮਾਂ ਵਾਲਾ ਸਲੂਕ ਹੋ ਰਿਹਾ ਹੈ। ਜਸਪਾਲ ਕੌਰ ਨੇ ਸਕੂਲਾਂ ਵਿਚ ਕੀਤੀ ਜਾਂਦੀ ਮਾਂ ਬੋਲੀ ਪੰਜਾਬੀ ਪ੍ਰਤੀ ਅਣਦੇਖੀ ਨੂੰ ਵਿਸ਼ਾ ਬਣਾਇਆ ਹੈ। ਹਰਮਨ ਸਕੂਲ ਵਿਚ ਦਾਦੀ ਵੱਲੋਂ ਸਿਖਾਏ ਗਏ ਸ਼ਬਦ ਬੋਲਦਾ ਹੈ। ਮਾਪੇ ਅਧਿਆਪਕ ਮਿਲਣੀ ਸਮੇਂ ਵਰਿੰਦਰ ਕੌਰ ਨੂੰ ਇਸ ਪ੍ਰਤੀ ਸ਼ਿਕਾਇਤ ਕੀਤੀ ਜਾਂਦੀ ਹੈ। ਹਰਮਨ ਦੀ ਮਾਂ ਵੀ ਚਾਹੁੰਦੀ ਹੈ ਬੱਚਾ ਪੰਜਾਬੀ ਸਿੱਖਣ ਦੀ ਬਜਾਏ ਫਰੈਂਚ ਹੀ ਸਿੱਖੇ। ਅੱਜ ਪੰਜਾਬ ਵਿੱਚ ਆਪਣੀ ਮਾਂ ਬੋਲੀ ਲਈ ਲੜਨਾ ਪੈ ਰਿਹਾ ਹੈ, ਇਹ ਬੋਲੀ ਪ੍ਰਤੀ ਤ੍ਰਿਸਕਾਰ ਦੀ ਭਾਵਨਾ ਪੈਦਾ ਕਰਨ ਲਈ ਪੰਜਾਬੀ ਖੁਦ ਹੀ ਜ਼ਿੰਮੇਵਾਰ ਹਨ।

ਸਿਮਰਨ ਤੇ ਹਰਿੰਦਰ ਵਰਗੇ ਕੁਝ ਅਧਿਆਪਕ ਹਨ ਜੋ ਪੰਜਾਬੀ ਨੂੰ ਬਣਦਾ ਹੱਕ ਦੁਆਉਣ ਲਈ ਤਰੱਦਦ ਕਰਦੇ ਹਨ ਪਰ ਕਹਾਣੀ ਦੇ ਅਖੀਰ ਵਿਚ ਹਰਿੰਦਰ ਮੈਡਮ ਦੀ ਵੀ ਲੇਖਿਕਾ ਨੇ ਹਾਰ ਦਿਖਾਈ ਹੈ। ਲੇਖਿਕਾ ਨੇ ਕਹਾਣੀ ਦੇ ਅਖੀਰ ਵਿਚ ਅੰਗਰੇਜ਼ੀ ਦਾ

ਮੋਹ ਪਾਲਣ ਵਾਲੀ ਸੁਖਿੰਦਰ ਮੈਡਮ ਤੇ ਵਾਈਸ ਪ੍ਰਿੰਸੀਪਲ ਦੀ ਜਿੱਤ ਨੂੰ ਦਿਖਾਇਆ ਹੈ। ਕਹਾਣੀ ਦਾ ਅੰਤ ਹਰਿੰਦਰ ਮੈਡਮ ਦੇ ਪੱਖ ਵਿਚ ਵੀ ਹੋ ਸਕਦਾ ਸੀ।


ਅਮਰਜੀਤ ਸਿੰਘ ਮਾਨ 'ਚਾਨਣ' ਕਹਾਣੀ ਵਿੱਚ ਪੰਜਾਬ ਵਿਚ ਡਿੱਗ ਰਹੇ ਪਾਣੀ ਦੇ ਪੱਧਰ ਲਈ ਚਿੰਤਤ ਹੈ ਇਸੇ ਤਰ੍ਹਾਂ 'ਜ਼ੁਬਾਨ' ਕਹਾਣੀ ਦੀ ਲੇਖਿਕਾ ਵੀ ਪੰਜਾਬ ਵਿਚੋਂ ਧੱਕੇ ਨਾਲ ਖਤਮ ਕੀਤੀ ਜਾ ਰਹੀ ਪੰਜਾਬੀ ਜ਼ੁਬਾਨ ਲਈ ਚਿੰਤਤ ਹੈ।

'ਲੰਘੀਆਂ ਘੜੀਆਂ ਨਹੀਂ ਜਾਂਦੀਆਂ ਫੜੀਆਂ' ਕਹਾਣੀ ਚਰਨਜੀਤ ਸਿੰਘ ਮਿਨਹਾਸ ਦੀ ਲਿਖੀ ਹੈ। ਅੱਜ ਅਸੀਂ ਅਜਿਹੇ ਸਮੇਂ ਵਿਚੋਂ ਲੰਘ ਰਹੇ ਹਾਂ ਜਿਸ ਦੌਰ ਵਿਚ ਧਰਮ ਦੇ ਨਾਂ ਤੇ ਦੇਸ਼ ਵਿਚ ਸ਼ੰਕੀਰਤਾ ਪੈਦਾ ਕੀਤੀ ਜਾ ਰਹੀ ਹੈ। ਸੱਤਾਧਾਰੀ ਪਾਰਟੀ ਭਾਰਤ ਨੂੰ ਹਿੰਦੂ ਰਾਸ਼ਟਰ ਵੱਲ ਧਕੇਲ -ਧੱਕ ਰਹੀ ਹੈ। ਧਾਰਮਿਕ ਕੱਟੜਤਾ ਇਸ ਕਹਾਣੀ ਵਿਚ ਪੇਸ਼ ਕੀਤੀ ਗਈ ਹੈ। ਬੱਬਲੂ ਦਾ ਵਿਆਹ ਨੈਣਾ ਨਾਲ ਹੁੰਦਾ ਹੈ, ਨੈਣਾ ਦੇ ਮਨ ਵਿਚ ਮੁਸਲਿਮ ਪਾਤਰਾਂ ਨਾਲ ਨਫ਼ਰਤ ਭਰੀ ਹੋਈ ਹੈ। ਕਾਸ਼ਿਫ ਮੁਸਲਮਾਨ ਹੈ ਪਰ ਬੱਬਲੂ ਦਾ ਉਸ ਨਾਲ ਦਿਲੋਂ ਪਿਆਰ ਹੈ, ਕਾਸ਼ਿਫ ਦੀ ਮੌਤ ਤੋਂ ਬਾਅਦ ਬੱਬਲੂ ਟੁੱਟ ਜਾਂਦਾ ਹੈ। ਲੇਖਕ ਨੇ ਕਹਾਣੀ ਦਾ ਤਾਣਾ-ਬਾਣਾ ਸਾਫ਼ਟਵੇਅਰ ਇੰਜਨੀਅਰ ਦੁਆਲੇ ਬੁਣਿਆ ਹੈ। ਕਹਾਣੀ ਵਿਚ ਲੇਖਕ ਨੇ ਕੰਪਿਊਟਰੀ ਭਾਸ਼ਾ ਦਾ ਉਪਯੋਗ ਬਹੁਤ ਥਾਂ ਤੇ ਕੀਤਾ ਹੈ। ਕਹਾਣੀ ਵਿਸ਼ੇ ਪੱਖੋਂ ਸਫ਼ਲ ਕਹਾਣੀ ਹੈ।

**'ਮੈਨੂੰ ਕੌਣ ਰੋਕ ਰਿਹਾ ਸੀ?'** ਐੱਚ ਐੱਸ ਡਿੰਪਲ ਦੀ ਮਨੋਵਿਗਿਆਨਕ ਕਹਾਣੀ ਹੈ। ਲੇਖਕ ਨੇ ਇਸ ਕਹਾਣੀ ਵਿਚ ਔਰਤ ਦਾ ਮਨੋਵਿਗਿਆਨ ਪੇਸ਼ ਕੀਤਾ ਹੈ, ਪਤੀ ਭਾਵੇਂ ਇਸ ਸੋਚਦਾ ਹੈ ਕਿ ਉਸਦੀ ਪਤਨੀ ਆਪਣੇ ਪਤੀ ਬਾਰੇ ਕੁੱਝ ਨਹੀਂ ਜਾਣਦੀ ਪਰ ਪਤਨੀ ਪਤੀ ਦੇ ਅੰਦਰ ਕੀ ਚੱਲ ਰਿਹਾ ਹੈ ਉਸ ਬਾਰੇ ਸਭ ਗੱਲਾਂ ਜਾਣਦੀ ਹੈ। **'ਪਤੰਗੇ'** ਕਹਾਣੀ ਦਾ ਲੇਖਕ ਗੁਰਵਿੰਦਰ ਟੋਡਰਪੁਰ ਹੈ। ਪੰਜਾਬ ਵਿਚ ਪ੍ਰਵਾਸੀਆਂ ਨੇ ਆਪਣੇ ਪੱਕੇ ਟਿਕਾਣੇ ਬਣਾ ਲਏ ਹਨ। ਪ੍ਰਵਾਸੀਆਂ ਦੇ ਆਉਣ ਨਾਲ ਨਵੀਆਂ ਸਮੱਸਿਆਵਾਂ ਵੀ ਉੱਭਰ ਰਹੀਆਂ ਹਨ। ਪ੍ਰਵਾਸੀਆਂ ਦੇ ਪੰਜਾਬ ਵਿਚ ਆ ਕੇ ਵਸਣ ਨਾਲ ਇਹ ਸਮੱਸਿਆ ਵੀ ਪੇਸ਼ ਆ ਰਹੀ ਹੈ ਕਿ ਉਹ ਆਪਣੇ ਮੁਰਦਿਆਂ ਦਾ ਦਾਹ ਸੰਸਕਾਰ ਕਿੱਥੇ ਕਰਨ। ਜਨਰਲ ਸ੍ਰੇਣੀ ਦੇ ਲੋਕ ਇਹ ਨਹੀਂ ਚਹੁੰਦੇ ਉਹ ਆਪਣੇ ਮੁਰਦੇ ਉਨ੍ਹਾਂ ਦੇ ਸ਼ਮਸ਼ਾਨ ਘਾਟ ਵਿਚ ਫੂਕਣ ਤੇ ਇਹੀ ਹਲਾਤ ਐਸ ਸੀ ਸ਼੍ਰੇਣੀ ਦੀ ਹੈ ਉਹ ਲੋਕ ਵੀ ਪ੍ਰਵਾਸੀਆਂ ਨੂੰ ਆਪਣੇ ਸਿਵਿਆਂ ਵਿਚ ਸੰਸਕਾਰ ਕਰਨ ਦੀ ਇਜ਼ਾਜਤ ਨਹੀਂ ਦਿੰਦੇ। ਅਖੀਰ ਭਈਏ ਆਪਣੀ ਝੁੱਗੀ ਨੂੰ ਹੀ ਅੱਗ ਲਾ ਕੇ ਬਜ਼ੁਰਗ ਮਾਤਾ ਦਾ ਸੰਸਕਾਰ ਕਰ ਦਿੰਦੇ ਹਨ। ਬੇਸ਼ੱਕ ਹੱਡਾ ਰੋੜੀ ਮਾਤਾ ਦਾ ਸੰਸਕਾਰ ਕਰਨ ਲਈ ਸਾਫ਼ ਕੀਤੀ ਜਾਂਦੀ ਹੈ, ਪਰ ਪ੍ਰਵਾਸੀਆਂ ਨੂੰ ਇਹ ਮਨਜ਼ੂਰ ਨਹੀਂ। ਪ੍ਰਵਾਸੀਆਂ ਦੇ ਪੰਜਾਬ ਵਿਚ ਸਮੱਸਿਆਵਾਂ ਦਾ ਪੱਧਰ ਵੀ ਬਦਲ ਰਿਹਾ ਹੈ ਤੇ ਕਹਾਣੀ ਵਿਚ ਲੇਖਕ ਨੇ ਇਸ ਸਮੱਸਿਆਂ ਵੱਲ ਵੀ ਧਿਆਨ ਦੁਆਇਆ ਹੈ, ਉੱਚੀ ਨੀਵੀਂ ਸ਼੍ਰੇਣੀ ਦੇ ਨਾਲ ਪੰਜਾਬ ਵਿਚ ਇਕ ਨਵੀਂ ਸ਼੍ਰੇਣੀ ਪਨਪ ਰਹੀ ਹੈ। ਇਹਨਾਂ ਕਹਾਣੀਆਂ ਤੋਂ ਇਲਾਵਾ ਇਸ ਅੰਕ ਵਿਚ ਵੱਖ ਵੱਖ ਵਿਦਵਾਨਾਂ ਨੇ ਸਮੀਖਿਆ ਕੀਤੀ ਹੈ, ਪਹਿਲੇ ਅੰਕਾਂ ਵਾਂਗ ਹੀ ਇਸ ਵਾਰ ਵੀ ਕਹਾਣੀਆਂ ਵਿਸ਼ੇਸ਼ ਧਿਆਨ ਖਿੱਚਦੀਆਂ ਹਨ।

(**ਸੰਪਰਕ** : 94643-30803)


## ਮੇਰਾ ਸਟੱਡੀ ਟੇਬਲ/- ਭਗਵੰਤ ਰਸੂਲਪੁਰੀ




***ਦ ਲਾਸਟ ਗਰਲ ਇਕ ਔਰਤ ਦੀ ਦੀ ਪੀੜ***


ਨਾਦੀਆ ਦੀ ਇਹ ਕਿਤਾਬ ਪਾਠਕ ਨੂੰ ਬੇਚੈਨ ਕਰਦੀ ਏ।ਸੀਰੀਆ-ਤੁਰਕੀ ਦੇ ਇਲਾਕੇ ਵਿੱਚ ਆਈ. ਐੱਸ. ਆਈ. ਐੱਸ. ਤੇ ਇਸਲਾਮਿਕ ਸਟੇਟ 'ਚ ਪਿਸ ਰਹੀ ਔਰਤ ਦੀ ਪੀੜ ਦਾ ਬਿਰਤਾਂਤ ਪੁਸਤਕ ਵਿੱਚ ਥਾਂ-ਥਾਂ ਖਿਲਰਿਆ ਹੋਇਆ ਏ। ਨਾਦੀਆ ਆਪਣੀ ਕਥਾ ਬਿਆਨ ਕਰਦੀ ਏ। ਉਤਰੀ ਇਰਾਕ ਦੇ ਕੁਰਦ ਬਹੁਲ ਇਲਾਕੇ 'ਚ ਰਹਿ ਰਹੀ ਘੱਟ ਗਿਣਤੀ ਯਜੀਦੀ ਕਬੀਲੇ ਤੋਂ ਆਉਣ ਵਾਲੀ ਨਾਦੀਆ ਰਾਹੀਂ ਲੱਖਾਂ ਨਾਰੀਆਂ ਦੀ ਕਹਾਣੀ ਦਾ ਪਤਾ ਲੱਗਦਾ ਏ। ਨੌਜਵਾਨਾਂ ਨੂੰ ਆਤਮਘਾਤੀ ਬਣਾਉਣ ਤੇ ਲੜਕੀਆਂ ਦਾ ਯੌਨ ਸ਼ੋਸ਼ਣ ਕਰਨ ਦਾ ਬਿਰਤਾਂਤ ਹੈ। ਨਾਦੀਆ ਦੀ ਕਹਾਣੀ ਵੀ ਇਸੇ ਤਰ੍ਹਾਂ ਦੀ ਏ। ਉਹ ਕਈ ਵਾਰ ਵੇਚੀ ਜਾਂਦੀ ਏ ਤੇ ਉਹਦਾ ਵਾਰ ਵਾਰ ਬਲਾਤਕਾਰ ਹੁੰਦਾ ਏ। ਕੱਟੜਪੰਥੀਆਂ ਦੇ ਕਬਜ਼ੇ ਤੋਂ ਬਾਹਰ ਨਿਕਲਣ ਦਾ ਪ੍ਰਸੰਗ ਰੁਮਾਂਚਿਕ ਤੇ ਦਿਲ ਦੀ ਧੜਕਣ ਤੇਜ਼ ਕਰਨ ਵਾਲਾ ਏ। ਨਾਦੀਆ ਇਕ ਸਾਹਸੀ ਔਰਤ ਏ ਜੋ ਅਨੇਕਾਂ ਵਾਰ ਵਿਕਦੀ ਹੋਈ ਇਸਲਾਮਿਕ ਸਟੇਟ ਦੀ ਕੈਦ ਵਿੱਚੋਂ ਭੱਜ ਕੇ ਜਰਮਨ ਵਿੱਚ ਸ਼ਰਨ ਲੈ ਲੈਂਦੀ ਏ। ਵਿਪਨ ਗਿੱਲ ਦਾ ਅਨੁਵਾਦ ਪੰਜਾਬੀ ਭਾਸ਼ਾ ਦੇ ਹਾਣ ਦੇ ਏ। ਇਸ ਕਿਤਾਬ ਨੂੰ **'ਵਾਈਟ ਕਰੋਅ ਮਾਨਸਾ'** ਨੇ ਛਾਪਿਆ ਏ।

***ਗੁਰੀਲਾ ਵਾਰ ਲੋਕ ਯੁੱਧਾ ਦੀ ਕਹਾਣੀ***




ਕਿਤਾਬ ਮੁਗਲਾਂ ਪਠਾਣਾਂ ਵਿਰੁੱਧ ਲੜੇ ਸਿੱਖਾਂ ਦੇ ਗੁਰੀਲਾ ਯੁੱਧ ਦਾ ਬਿਰਤਾਂਤ ਬਿਆਨ ਕਰਦੀ ਏ। ਸਿੱਖ ਗੁਰੀਲੇ ਮੁਗ਼ਲ ਤੇ ਪਠਾਣਾਂ ਨੂੰ ਦਰਿਆਵਾਂ ਦੇ ਕੰਢਿਆਂ ਤੇ ਲੁੱਟਦੇ ਤੇ ਉਨ੍ਹਾਂ ਦਾ ਮੁਕਾਬਲਾ ਕਰਦੇ ਰਹਿੰਦੇ ਨੇ। ਲੇਖਕ ਨੇ ਪੁਸਤਕ ਵਿੱਚ ਗੁਰੀਲਾ ਦੀ ਸਿਧਾਂਤਕੀ ਤੇ ਪਿਛੋਕੜ ਬਿਆਨ ਪੇਸ਼ ਕੀਤੀ ਏ। ਜ਼ਕਰੀਆਂ ਖਾਂ, ਅਹਿਮਦ ਸ਼ਾਹ ਅਬਦਾਲੀ ਤੇ ਹੋਰ ਮੁਗਲ ਸ਼ਾਸ਼ਕਾਂ ਨਾਲ ਹੋਏ ਗੁਰੀਲਾ ਯੁੱਧ ਦੇ ਪ੍ਰਸੰਗ ਕਿਤਾਬ ਵਿੱਚ ਦਰਜ ਹਨ। ਕਿਤਾਬ ਇਤਿਹਾਸਕ ਮਹੱਤਤਾ ਵਾਲੀ ਏ। ਜਿਸਨੂੰ ਅਰਜਨ ਦਾਸ ਮਲਕ ਨੇ ਲਿਖਿਆ ਤੇ ਦੇਵਾ ਮਾਹਲਾ ਨੇ ਅਨੁਵਾਦ ਕੀਤਾ ਏ। ਅਤੇ **'ਵਾਈਟ ਕਰੋਅ'** ਨੇ ਇਹਨੂੰ ਛਾਪਿਆ ਏ।


***'ਫਾਰਨਹੀਟ 451' ਸ਼ੈਸਰਸ਼ਿੱਪ ਦਾ ਬਿਰਤਾਂਤ***





ਇਹ ਨਾਵਲ ਅਮਰੀਕਾ 'ਚ ਹੁੰਦੇ ਰਾਜਨੀਤਿਕ ਦਮਨ ਦੌਰਾਨ ਲਿਖਿਆ ਜਾਂਦਾ ਏ। ਨਾਵਲ ਇਹ ਮੁੱਦਾ ਉਭਾਰਦਾ ਏ ਕਿ ਨਿੱਜੀ ਅਜ਼ਾਦੀ ਦੀ ਸੁਤੰਤਰਤਾ ਦਾ ਲਗਾਤਾਰ ਦਮਨ ਹੋ ਰਿਹਾ ਏ। ਸੱਤਾ ਨੂੰ ਸਵਾਲਾ ਦੇ ਘੇਰੇ ਵਿੱਚ ਲਿਆਉਣ ਵਾਲਾ ਨਾਵਲ ਵਿੱਚ ਬਿਰਤਾਂਤ ਏ। ਬਿਰਤਾਂਤ ਵਿੱਚ ਅਜਿਹੀ ਕਹਾਣੀ ਬਿਆਨ ਕੀਤੀ ਗਈ ਏ ਜਿੱਥੇ ਪੁਸਤਕਾਂ ਤੇ ਪਬੰਦੀ ਲੱਗਦੀ ਏ। ਤੇ ਉਨ੍ਹਾਂ ਨੂੰ ਸਾੜਨ ਦੀ ਜ਼ਿੰਮੇਵਾਰੀ 'ਅੱਗ' ਦੀ ਏ। ਨਾਵਲ ਵਿੱਚ ਗਾਇ ਮੋਂਟੇਗ ਦੀ ਕਹਾਣੀ ਏ ਜਿਹੜਾ ਫਾਇਰਮੈਨ ਏ ਤੇ ਆਪਣੇ ਆਸ ਪਾਸ ਦੇ ਲੋਕਾਂ 'ਤੇ ਸਵਾਲ ਕਰਦਾ ਏ। ਦੂਜਾ ਪਾਤਰ ਕਲੇਰਿਸ ਏ। ਰੇਅ ਬਰੈਡਬਰੀ ਨੇ ਨਾਜ਼ੀ ਸਾਸ਼ਨ ਅਧੀਨ ਜਰਮਨੀ 'ਚ ਕਿਤਾਬਾਂ ਸਾੜਨ 'ਤੇ ਸਵਾਲ ਚੁੱਕੇ ਹਨ। ਨਾਵਲ ਮੀਡੀਏ ਵੱਲੋਂ ਲੋਕਾਂ ਨੂੰ ਕਾਬੂ ਕਰਨ, ਮਨੱਖ ਦਾ ਦਮਨ ਕਰਨਾ ਵਰਗੀਆਂ ਸਮੱਸਿਆਵਾਂ ਨੂੰ ਉਭਾਰਦਾ ਏ। ਇਕ ਨਾਵਲ ਵਿੱਚ ਇਕ ਪਾਤਰ ਏ ਜਿਹੜਾ ਕਿਤਾਬਾਂ ਨੂੰ ਸਾੜਦਾ ਏ, ਉਹ ਸੱਤਾ ਦਾ ਇਕ ਸਾਧਨ ਏ। ਜਿਸ ਦਾ ਨਾਂ ਮੋਂਟੇਗ ਹੈ। ਨਾਵਲਕਾਰ ਨੇ ਫੈਂਟਸੀ, ਵਿਗਿਆਨ ਗਲਪ, ਮਿਸਟਰੀ ਤੇ ਜਾਦੂਈ ਯਥਾਰਥ ਵਰਗੇ ਟੂਲ ਵਰਤੇ ਨੇ। ਕਿਤਾਬ ਨੂੰ **'ਵਾਈਟ ਕਰੋਅ'** ਮਾਨਸਾ ਨੇ ਛਾਪਿਆ ਏ ਜਿਸ ਦਾ ਅਨੁਵਾਦ ਸੁਖਜਿੰਦਰ ਨੇ ਕੀਤਾ ਏ।

***.ਗਦਰੀ ਕਿਰਪਾ ਸਿੰਘ ਲੰਗ ਮਜਾਰੀ ਜਿਹੜੇ ਝੁੱਕੇ ਨਹੀਂ***

ਕਿਤਾਬ ਵਿੱਚ ਰਾਕੇਸ਼ ਕੁਮਾਰ ਨੇ ਗ਼ਦਰੀ ਬਾਬੇ ਕਿਰਪਾ ਸਿੰਘ ਮੀਰਪੁਰ ਦੀ ਸੰਘਰਸ਼ ਭਰੀ ਕਹਾਣੀ ਬਿਆਨ ਕੀਤੀ ਏ। ਕਿਰਪਾ ਸਿੰਘ ਹਿੰਦੋਸਤਾਨ ਨੂੰ ਆਜ਼ਾਦ ਕਰਵਾਉਣ ਲਈ ਗ਼ਦਰ ਲਹਿਰ ਵਿੱਚ ਸਰਗਰਮ ਹੋ ਜਾਂਦਾ ਏ। ਆਪਣੇ ਉਦੇਸ਼ ਲਈ ਉਹ ਫਿਰੋਜ਼ਪੁਰ ਛਾਉਣੀ 'ਤੇ ਕਬਜ਼ੇ ਦੀ ਕੋਸ਼ਿਸ਼ ਕਰਦਾ ਹੋਇਆ ਗ੍ਰਿਫ਼ਤਾਰ ਹੋ ਜਾਂਦਾ ਏ। ਜੇਲ੍ਹ ਵਿੱਚ ਉਸ ਉੱਤੇ ਮੁਕੱਦਮੇ ਉਪਰੰਤ ਉਹਨੂੰ ਸਜ਼ਾ ਹੋ ਜਾਂਦੀ ਏ। ਲੇਖਕ ਨੇ ਉਸ ਦੇ ਸਿਰੜ ਵਾਲਾ ਬਿਰਤਾਂਤ ਪੇਸ਼ ਕੀਤਾ ਏ। ਲਾਹੌਰ ਵਿਖੇ ਚੱਲੇ ਸਪਲੀਮੈਂਟ ਕੇਸ ਵਿੱਚ ਉਸ ਨੂੰ ਉਮਰ ਕੈਦ ਤੇ ਉਸਦੀ ਜਾਇਦਾਦ ਜ਼ਬਤ ਕਰ ਲਈ ਜਾਂਦੀ ਏ। ਰਾਕੇਸ਼ ਕੁਮਾਰ ਨੇ ਕਿਰਪਾ ਸਿੰਘ ਦੀ ਕਹਾਣੀ ਤੱਥਾਂ ਅਤੇ ਅੰਕੜਿਆ ਦੇ ਹਵਾਲਿਆਂ ਨੇ ਲਿਖੀ ਏ। ਕਿਤਾਬ ਨੂੰ **'ਚਿੰਤਨ ਪ੍ਰਕਾਸ਼ਨ ਲੁਧਿਆਣਾ'** ਨੇ ਛਾਪਿਆ ਏ।




***'ਘੇਰਾਬੰਦੀ' ਘੇਰੇ ਨੂੰ ਤੋੜਨ ਵਾਲੀ ਕਹਾਣੀ***





'ਘੇਰਾਬੰਦੀ' ਦੀਆਂ ਕਹਾਣੀਆਂ ਵਾਹਗਾ ਸਰਹੱਦ ਤੇ ਆਰ ਪਾਰ ਦੇ ਬਿਰਤਾਂਤ ਨੂੰ ਸਿਰਜਣ ਵਾਲੀਆਂ ਕਹਾਣੀਆਂ ਨੇ। ਵਿਸ਼ੇ, ਸ਼ੈਲੀ, ਬਣਤਰ ਅਤੇ ਪੇਸ਼ਕਾਰੀ ਦੇ ਪੱਧਰ 'ਤੇ ਸਾਰੀਆਂ ਕਹਾਣੀਆਂ ਸਮਕਾਲ ਨੂੰ ਫੜਦੀਆਂ ਨੇ। ਕਿਤਾਬ ਦਾ ਨਾਂ ਜਿੰਦਰ ਦੀ ਕਹਾਣੀ 'ਘੇਰਾਬੰਦੀ' ਤੇ ਰੱਖਿਆ ਏ। ਹਰਪ੍ਰੀਤ ਚਨੂੰ, ਬਲੀਜੀਤ, ਭਗਵੰਤ ਰਸੂਲਪੁਰੀ, ਜਸਵੀਰ ਰਾਣਾ, ਸਾਂਵਲ ਧਾਮੀ, ਅਜਮੇਰ ਸਿੱਧੂ, ਅਰਵਿੰਦਰ ਧਾਲੀਵਾਲ ਤੇ ਰਵੀ ਸ਼ੇਰਗਿੱਲ ਵਾਹਗੇ ਏ ਏਧਰਲੇ ਤੇ ਵਾਹਗੇ ਦੇ ਪਾਰ ਦੇ ਰਾਸ਼ਿਦ ਅਹਿਮਦ, ਜ਼ੁਬੈਰ ਅਹਿਮਦ, ਤੌਕੀਰ ਚੁਗ਼ਤਾਈ, ਇਲਿਆਸ ਘੁੰਮਣ, ਸ਼ਹਿਜ਼ਾਦ ਅਸਲਮ, ਖ਼ਾਲਿਦ ਧਾਰੀਵਾਲ, ਅੰਬਰ ਹੁਸੈਨੀ ਤੇ ਹੋਰ ਕਹਾਣੀਕਾਰਾਂ ਦੀਆਂ ਸੱਜਰੀਆਂ ਕਹਾਣੀਆਂ ਨੇ। ਸੰਪਾਦਕ ਜੇ. ਬੀ. ਸੇਖੋਂ ਹੁਰਾਂ ਇਨ੍ਹਾਂ ਕਹਾਣੀਆਂ ਨੂੰ ਲੈ ਕੇ ਆਪਣੀਆਂ ਕੁਝ ਨਿੱਗਰ ਧਾਰਨਾਵਾਂ ਸੰਪਾਦਕੀ 'ਚ ਦਿੱਤੀਆਂ ਨੇ। ਸਾਂਝੀ ਕਹਾਣੀ ਦੇ ਸਾਂਝੇ ਸੂਤਰਾਂ ਦੀ ਤਲਾਸ਼ ਵੀ ਕੀਤੀ ਗਈ ਏ। ਸਮੁੱਚੀ ਕਹਾਣੀ ਮੱਧ ਵਰਗੀ ਬੰਦੇ ਦੀ ਪਛਾਣ ਤੇ ਸੰਕਟਾਂ ਦੀ ਗੱਲ ਕਰਦੀ ਏ। ਆਰਟੀਫ਼ੀਸੀਅਲ ਇਟੈਲੀਜੈਂਸੀ ਤੋਂ ਉਤਪਨ ਹੋਇਆ ਕਲਚਰ, ਪਰਵਾਸ ਦੀ ਪੀੜ ਸੰਤਾਲੀ ਦਾ ਦੁਖਾਂਤ ਅਤੇ ਹੋਰ ਅਨੇਕਾਂ ਵਿਸ਼ਿਆ ਨੂੰ ਆਪਣੇ ਬਿਰਤਾਂਤ ਦਾ ਹਿੱਸਾ ਬਣਾਉਂਦੀ ਏ। 2024 ਦੀ ਚੋਣਵੀ ਕਹਾਣੀ ਦੀ ਇਹ ਕਿਤਾਬ '**ਸੰਗਮ ਪਬਲੀਕੇਸ਼ਨ**' ਨੇ ਛਾਪੀ ਏ।

***'ਚੱਲ ਬਰਨਾਲੇ ਚੱਲੀਏ' ਮਾਲਵੇ ਦੀ ਜ਼ਰਖ਼ੇਜ਼ ਮਿੱਟੀ ਦੀ ਕਹਾਣੀ***





ਨੌਜਵਾਨ ਕਥਾਕਾਰ ਰਵੀ ਸ਼ੇਰਗਿੱਲ ਨੇ ਮਾਲਵੇ ਦੇ ਕਥਾਕਾਰਾਂ ਨੂੰ ਇਕ ਥਾਂ ਇਕੱਠਾ ਕਰਕੇ ਬੜਾ ਸਾਰਥਕ ਕਾਰਜ਼ ਕੀਤਾ ਏ। ਇਨ੍ਹਾਂ ਕਹਾਣੀਆਂ ਰਾਹੀਂ ਪਾਠਕ ਮਾਲਵੇ ਦੇ ਕਲਚਰ, ਜਨ ਜੀਵਨ ਅਤੇ ਤਣਾਓ ਨੂੰ ਸਮਝ ਸਕਦੇ ਨੇ। ਇਨ੍ਹਾਂ ਕਹਾਣੀਆਂ ਦੇ ਪਾਤਰ ਵਧੇਰੇ ਕਰਕੇ ਪਿੰਡਾਂ 'ਚ ਵਿਚਰਦੇ ਨੇ। ਬਰਨਾਲੇ ਦੇ ਤਕਰੀਬਨ ਸਾਰੇ ਕਥਾਕਾਰ ਸੰਵਾਦਮੁੱਖੀ ਜੁਗਤਾ ਦੀ ਵਰਤੋ ਕਰਦੇ ਨੇ। ਰਿਸ਼ਤਿਆਂ ਦੀ ਟੁੱਟ ਭੱਜ ਅਤੇ ਤਣਾਓ ਕਹਾਣੀਆਂ ਦੀ ਮੂਲ ਚੂਲ਼ ਏ। ਨਛੱਤਰ, ਪਰਗਟ ਸਿੱਧੂ, ਪਰਮਜੀਤ ਮਾਨ, ਪਰਿੰਦਾ, ਬੂਟਾ ਚੌਹਾਨ, ਭੋਲਾ ਸੰਘੇੜਾ, ਰਵੀ ਸ਼ੇਰਗਿੱਲ, ਅਣਖੀ ਸਮੇਤ 30 ਕਹਾਣੀਕਾਰਾਂ ਦੀਆਂ ਉੱਤਮ ਕਹਾਣੀਆਂ ਦੀ ਕਿਤਾਬ '**ਆੱਟਮ ਆਰਟ**' ਨੇ ਛਾਪੀ ਏ।

***ਕਫ਼ਨ ਦੀ ਜੇਬ ਨਹੀਂ ਹੁੰਦੀ***




ਸਮਕਾਲ ਵਿੱਚ ਇਕ ਵਿਸ਼ੇ 'ਤੇ ਕਹਾਣੀਆਂ ਸੰਪਾਦਤ ਕਰਨ ਦਾ ਰੁਝਾਨ ਵੱਧ ਗਿਆ ਏ। ਜਸਵੀਰ ਰਾਣਾ ਨੇ ਲੁੰਪਨ ਪਾਤਰਾਂ ਵਾਲੀਆਂ ਕਹਾਣੀਆਂ ਇਕ ਥਾਂ ਇਕੱਠੀਆਂ ਕਰ ਦਿੱਤੀਆਂ ਨੇ। ਲੁੰਪਨ ਸੰਪਾਦਕ ਨੇ ਸਾਧਨ ਵਿਹੂਣੇ ਲੋਕਾਂ ਨੂੰ ਕਿਹਾ ਏ ਜੋ ਆਪਣਾ ਢਿੱਡ ਭਰਨ ਲਈ ਗ਼ਲਤ ਤਰੀਕੇ ਘੜ ਲੈਂਦੇ ਨੇ। ਅਜਿਹੀ ਸੰਪਾਦਕ ਦੀ ਧਾਰਨਾ ਏ। ਪਰ ਜਦੋਂ ਇਨ੍ਹਾਂ ਕਹਾਣੀਆਂ ਵਿਚੋਂ ਦੀ ਲੰਘਦੇ ਹਾਂ ਤਾਂ ਘਟਨਾਵਾਂ ਤੇ ਪਾਤਰ ਸਾਨੂੰ ਵੱਖਰੀ ਤਰ੍ਹਾਂ ਦੇ ਲੱਗਦੇ ਨੇ। ਸੰਪਾਦਕ ਨੂੰ ਆਪਣੀਆਂ ਹੀ ਚਾਰ ਕਹਾਣੀਆਂ ਸ਼ਾਮਿਲ ਕਰਨ ਦਾ ਲਾਲਚ ਤਿਆਰ ਦੇਣਾ ਚਾਹੀਦਾ ਸੀ। ਹਰ ਸੰਪਾਦਕ ਦੀ ਪਸੰਦ ਨਾ ਪਸੰਦ ਵੀ ਹੁੰਦੀ ਏ। ਕੁਝ ਨਿੱਜੀ ਵਿਰੋਧ ਵੀ ਹੁੰਦੇ ਨੇ। ਕਹਾਣੀਆਂ ਲੱਭਣ ਦੇ ਡਰੋ ਬਹਾਨੇ ਘੜਤ ਤੋਂ ਗੁਰੇਜ਼ ਕਰਨੀ ਚਾਹੀਦੀ ਏ। ਉਂਝ ਨੌਰੰਗ ਸਿੰਘ, ਅਜੀਤ ਕੌਰ, ਬਲਦੇਵ ਸਿੰਘ, ਲਾਲ ਸਿੰਘ, ਸੂਰੇਵਾਲੀਆ, ਲਿੱਟ, ਗਰੇਵਾਲ, ਤਰਲੋਚਨ ਭਾਟੀਆ ਤੇ ਅਰਵਿੰਦਰ ਦੀਆਂ ਚਰਚਿਤ ਕਹਾਣੀਆਂ ਪੜ੍ਹਨ ਨੂੰ ਮਿਲ ਜਾਂਦੀਆਂ ਨੇ। ਕਿਤਾਬ ਨੂੰ '**ਕੈਲੀਬਰ ਪਬਲੀਕੇਸ਼ਨ**' ਨੇ ਛਾਪਿਆ ਏ।


***'ਬ੍ਰਹਮ ਅਸਤਰ' ਨਵੀਂ ਕਹਾਣੀ ਦੀ ਕਨਸੋਅ***




ਹੁਣ ਸਾਹਿਤਕ ਪਰਚਿਆਂ ਵਾਲੇ ਵੀ ਆਪਣੇ ਪਰਚੇ ਵਿੱਚ ਛਪੀਆਂ ਕਹਾਣੀਆਂ ਦੀ ਚੋਣ ਕਰਕੇ ਕਹਾਣੀਆਂ ਸੰਪਾਦਤ ਕਰਨ ਲੱਗ ਪਏ ਨੇ। ਇਹ ਸਾਰਥਕ ਉਪਰਾਲਾ ਏ। ਜਿਸ ਨਾਲ ਚੰਗੀਆਂ ਕਹਾਣੀਆਂ ਪੜ੍ਹਨ ਵਾਲੇ ਪਾਠਕਾਂ ਨੂੰ ਸੌਖਾ ਹੋ ਜਾਂਦਾ ਏ। 'ਤਾਸਮਾਨ' ਪੰਜਾਬੀ ਦਾ ਸਿਰਕੱਢ ਰਸਾਲਾ ਏ। ਇਸ ਸੰਪਾਦਤ ਪੁਸਤਕ ਵਿੱਚ 25 ਕਹਾਣੀਆਂ ਛਪੀਆਂ ਨੇ ਜਿਹੜੀਆਂ ਸਮੇਂ-ਸਮੇਂ ਪਰਚੇ ਵਿੱਚ ਛਪ ਕੇ ਕਿਸੇ ਨਾ ਕਿਸੇ ਪੱਖ ਤੋਂ ਚਰਚਾ ਦਾ ਵਿਸ਼ਾ ਬਣਦੀਆਂ ਰਹੀਆਂ। ਇਨ੍ਹਾਂ ਕਹਾਣੀਆਂ ਵਿੱਚੋਂ ਸੁਕੀਰਤ, ਹਰਪ੍ਰੀਤ ਸੇਖਾ, ਹਰਪ੍ਰੀਤ ਚਨੂੰ, ਕੜਿਆਲਵੀ, ਪਨਾਗ, ਜਗਜੀਤ ਬਰਾੜ, ਜਿੰਦਰ, ਤ੍ਰਿਪਤਾ, ਦਰਸ਼ਨ ਜੋਗਾ, ਬਬੂਟਾ, ਬੋਹਾ, ਮਾਟੀ, ਪਰਵਾਨਾ, ਰਸੂਲਪੁਰੀ, ਮੁਹੰਮਦ ਇਮਤਿਆਜ਼ ਤੇ ਰੇਮਨ ਸਮੇਤ ਕੁਝ ਹੋਰ ਕਥਾਕਾਰਾਂ ਦੀਆਂ ਨਵੀਆਂ ਕਹਾਣੀਆਂ ਸੰਪਾਦਤ ਕੀਤੀਆਂ ਗਈਆਂ ਨੇ। ਕਿਤਾਬ '**ਕੈਲੀਬਲ ਪਬਲੀਕੇਸ਼ਨ**' ਨੇ ਛਾਪੀ ਏ।


***ਮਿਥ ਸਿਧਾਂਤ ਤੇ ਵਿਹਾਰ***

ਮਿਥ ਨੂੰ ਸਮਝਣ ਲਈ ਇਹ ਕਿਤਾਬ ਬਹੁਤ ਮਹੱਤਵਪੂਰਨ ਏ। ਜਿਸ ਨੂੰ ਡਾ. ਹਰਸਿਮਰਨ ਕੌਰ ਨੇ ਸੰਪਾਦਤ ਕੀਤਾ ਏ। ਕਹਾਣੀ, ਨਾਵਲ, ਨਾਟਕ ਤੇ ਕਵਿਤਾ ਵਿੱਚ ਮਿਥ ਨੂੰ ਲੇਖਕ ਕਿਵੇਂ ਵਰਤਦਾ ਏ। ਕਿਵੇਂ ਉਹ ਕੋਡ ਤੇ ਡੀਕੋਡ ਹੁੰਦੀ ਏ। ਮਿਥ ਕਿਵੇਂ ਕਿਸੇ ਰਚਨਾ ਨੂੰ ਅਰਥਵਾਨ ਬਣਾਉਂਦੀ ਏ। ਇਹ ਸਾਰੇ ਮੁੱਦਿਆਂ ਉੱਤੇ 19 ਵਿਦਵਾਨਾਂ ਨੇ ਆਪਣੀ ਆਪਣੀ ਬੌਧਿਕ ਸਮਰੱਥਾ ਨਾਲ ਵਿਸ਼ਲੇਸ਼ਣ ਕੀਤਾ ਏ। ਇਨ੍ਹਾਂ ਵਿਦਵਾਨਾ 'ਚ ਜਗਬੀਰ ਸਿੰਘ, ਮਨਮੋਹਨ, ਮਨਜੀਤ ਸਿੰਘ, ਸਵਰਾਜਬੀਰ, ਖਾਲਿਦ ਹੁਸੈਨ, ਸਤਿੰਦਰ ਔਲਖ਼ ਅਤੇ ਹੋਰਨਾਂ ਨੇ ਸਾਹਿਤ ਦੇ ਪ੍ਰਸੰਗ ਵਿੱਚ ਮਿਥ ਨੂੰ ਸਮਝਿਆ ਏ। ਗਲਪ 'ਚ ਮਿਥ ਦੇ ਬਿਰਤਾਂਤ ਨੂੰ ਵਰਤਣ ਲਈ ਇਕ ਸਾਹਿਤਕਾਰ ਦਾ ਉਸ ਮਿਥ 'ਤੇ ਵਿਸ਼ੇ ਵਸਤੂ ਤੇ ਪੂਰੀ ਪਕੜ ਹੋਣੀ ਚਾਹੀਦੀ ਏ। ਕਈ ਰਚਨਾਵਾਂ ਵਿਚ ਮਿਥ ਧੱਕੇ ਨਾਲ ਲੇਖਕ ਵਰਤਣ ਲੱਗ ਪੈਂਦੇ ਨੇ ਤੇ ਅਜਿਹਾ ਕਰਦਿਆਂ ਉਹ ਰਚਨਾ ਦਾ ਨਾਸ ਮਾਰ ਲੈਂਦੇ ਨੇ। ਮਿਥ ਦੀ ਸਿਧਾਂਤਕੀ ਨੂੰ ਬਿਆਨ ਕਰਨ ਵਾਲਾ ਜੋਗਿੰਦਰ ਪਾਂਧੀ ਦਾ ਲੇਖ ਬਹੁਤ ਮਹੱਤਵਪੂਰਨ ਏ। ਕਿਤਾਬ ਨੂੰ '**ਕੇ. ਜੀ. ਗ੍ਰਾਫਿਕਸ ਅੰਮ੍ਰਿਤਸਰ**' ਵਾਲਿਆਂ ਨੇ ਛਾਪਿਆ ਏ।




***ਪੰਜਾਬੀ ਪਰਵਾਸੀ ਕਹਾਣੀਆਂ***

ਇਹ ਕਹਾਣੀਆਂ ਪੰਜਾਬੀ ਪਰਵਾਸੀ ਕਹਾਣੀਆਂ ਦਾ ਹਿੰਦੀ ਅਨੁਵਾਦ ਏ। ਕਿਤਾਬ ਨੂੰ ਸੰਪਾਦਤ ਗੋਪਾਲ ਅਰੋੜਾ ਨੇ ਕੀਤਾ ਏ ਅਤੇ ਜਸਵਿੰਦਰ ਕੌਰ ਬਿੰਦਰਾ ਨੇ ਇਨ੍ਹਾਂ ਸਾਰੀਆਂ ਕਹਾਣੀਆਂ ਦਾ ਅਨੁਵਾਦ ਕੀਤਾ ਏ। ਕਿਤਾਬ '**ਪ੍ਰਭਾਤ ਪ੍ਰਕਾਸ਼ਨ ਪ੍ਰ. ਲਿ.**' ਨੇ ਬੜੀ ਖੂਬਸੂਰਤੀ ਨਾਲ ਛਾਪੀ ਏ। ਕਿਤਾਬ ਦੀ ਭੂਮਿਕਾ ਡਾ. ਮਨਮੋਹਨ ਨੇ ਪੰਜਾਬੀ ਕਹਾਣੀਆਂ ਦੇ ਹਵਾਲੇ ਨਾਲ ਪਰਵਾਸ ਨੂੰ ਸਮਝਣ ਦਾ ਸਫ਼ਲ ਉਪਰਾਲਾ ਕੀਤਾ ਏ। ਡਾ. ਜਸਵਿੰਦਰ ਕੌਰ ਨੇ ਇਨ੍ਹਾਂ ਕਹਾਣੀਆਂ ਦੇ ਪ੍ਰਭਾਵ ਲਿਖੇ ਨੇ। ਪਰਵੇਜ਼ ਸੰਧੂ, ਜਗਜੀਤ ਬਰਾੜ, ਗਿਆਨੀ ਕਰਨੈਲ ਸਿੰਘ, ਰਾਣੀ ਨਗੇਂਦਰ, ਹਰੀ ਸਿੰਘ ਢਿੱਲੋਂ, ਰਵਿੰਦਰ ਰਵੀ, ਸਾਧੂ ਬਿਨਿੰਗ, ਅਵਤਾਰ ਗਿੱਲ, ਹਰਜੀਤ ਅਟਵਾਲ, ਕਰਮ ਸਿੰਘ ਮਾਨ, ਪ੍ਰੋ. ਹਰਿਭਜਨ ਸਿੰਘ, ਬਲਦੇਵ ਸਿੰਘ, ਹਰਪ੍ਰੀਤ ਸੇਖਾ, ਢੰਡ, ਨੀਲਗਿਰੀ, ਮੁਸ਼ਤਾਕ, ਵੀਨਾ ਵਰਮਾ, ਜਰਨੈਲ ਸਿੰਘ, ਰਵੀ ਸ਼ੇਰਗਿੱਲ ਤੇ ਹੋਰਨਾਂ ਦੀਆਂ ਪਰਵਾਸ ਦੇ ਮਸਲਿਆਂ ਦੀਆਂ ਕਹਾਣੀਆਂ ਹਨ।



***ਇਲਿਆਸ ਘੁੰਮਣ ਦੀਆਂ ਚੋਣਵੀਆਂ ਕਹਾਣੀਆਂ***





ਘੁੰਮਣ ਲਹਿੰਦੇ ਪੰਜਾਬ ਦੇ ਮੁਸਲਿਮ ਕਲਚਰ 'ਚ ਸੰਘਰਸ਼ ਕਰਨ ਵਾਲੇ ਔਰਤਾਂ-ਮਰਦਾਂ ਦੀ ਮਨੋਵਿਗਿਆਨ ਦ੍ਰਿਸ਼ਟੀ ਨਾਲ ਕਹਾਣੀਆਂ ਦਾ ਬਿਰਤਾਂਤ ਸਿਰਜਣ ਵਾਲਾ ਪ੍ਰਮੁੱਖ ਕਥਾਕਾਰ ਏ। ਉਸ ਦੀ ਕਹਾਣੀ ਨੂੰ ਪਹਿਲਾਂ ਪਹਿਲ ਅੰਮ੍ਰਿਤਾ ਪ੍ਰੀਤਮ ਨੇ ਚੜ੍ਹਦੇ ਪੰਜਾਬ ਵਿਚ ਪਛਾਣ ਦਵਾਈ ਤੇ ਹੁਣ ਤੱਕ ਉਨ੍ਹਾਂ ਦੀਆਂ ਅਨੇਕਾਂ ਕਿਤਾਬਾਂ ਏਧਰ ਛਪ ਚੁੱਕੀਆਂ ਨੇ। ਇਲਿਆਸ ਘੁੰਮਣ ਦੀਆਂ ਕਹਾਣੀਆਂ ਨੂੰ ਸੁਲਝੇ ਹੋਏ ਕਥਾਕਾਰ ਖ਼ਾਲਿਦ ਫ਼ਰਿਹਾਦ ਧਾਰੀਵਾਲ ਹੁਰਾਂ ਸੰਪਾਦਤ ਕੀਤਾ ਏ। ਉਹ ਇਸ ਵਾਰ ਸੰਪਾਦਕੀ ਲਿਖਣੀ ਭੁੱਲ ਗਏ ਨੇ। ਕਿਤਾਬ ਦੀਆਂ ਇਹ 16 ਕਹਾਣੀਆਂ ਸੰਘਣੇ ਬਿਰਤਾਂਤ ਨਾਲ ਸਿਰਜੀਆਂ ਬਹੁ ਪਰਤੀ ਕਹਾਣੀਆਂ ਨੇ। ਪਿੰਡ ਦੀ ਲੱਜ, ਪੁਰਾਣਾ ਪਿੰਡ, ਜੜ੍ਹ ਦੇ ਕੀੜੇ, ਇਲ ਕੋਕੋ ਢੋਡਰ ਕਾਂ ਉਸ ਦੀਆਂ ਬਹੁ ਅਰਥੀ ਧੁੰਨੀਆਂ ਵਾਲੀਆਂ ਕਹਾਣੀਆਂ ਨੇ। 'ਦਮੂੰਹੀਂ' ਬਹੁਤ ਅਰਥਵਾਨ ਕਹਾਣੀ ਏ। ਪਿੰਡਾਂ ਦੇ ਕਲਚਰ ਦੀ ਗੱਲ 'ਪੁਰਾਣਾ ਪਿੰਡ' 'ਚ ਕੀਤੀ ਗਈ ਏ। ਕਿਤਾਬ ਨੂੰ **'ਕੈਲੀਬਰ ਪਬਲੀਕੇਸ਼ਨ'** ਨੇ ਛਾਪਿਆ ਏ।

***ਅੰਬਰ ਹੁਸੈਨੀ ਦੀ 'ਮਰਦਾਨਗੀ'***

ਅੰਬਰ ਹੁਸੈਨੀ ਲਹਿੰਦੇ ਪੰਜਾਬ ਦੀ ਅਸਲੋਂ ਨਵੀਂ ਕਥਾਕਾਰ ਏ। ਉਸ ਨੇ ਥੋੜ੍ਹੀਆਂ ਜਿਹੀਆਂ ਕਹਾਣੀਆਂ ਲਿਖ ਕੇ ਏਧਰ ਤੇ ਓਧਰ ਆਪਣੀ ਪਛਾਣ ਬਣਾ ਲਈ ਏ। ਉਸ ਦਾ ਲਿਖਿਆ ਨਾਵਲਿਟ 'ਪੀਰੋ' ਕਈ ਪਹਿਲੂਆਂ ਤੋਂ ਚਰਚਾ ਦਾ ਵਿਸ਼ਾ ਰਿਹਾ ਏ। ਪੀਰੋ ਇਕ ਚਿਹਨ ਏ ਜਿਹੜਾ ਨਾਬਰੀ ਦਾ ਪ੍ਰਵਚਨ ਸਿਰਜਦਾ ਏ। ਨਾਵਲਿਟ ਦੀ ਪਾਤਰ ਪੀਰੋ ਰਾਹੀਂ ਅੰਬਰ ਨੇ ਨਾਰੀ ਦਾ ਦਮਨ ਕਰਨ ਵਾਲੇ ਸਮਾਜ ਵਿੱਚ ਸਮਕਾਲ ਦੀ ਨਾਰੀ ਦੇ ਨਵੇਂ ਬਿੰਬ ਨੂੰ ਚਿਤਰਿਆ ਏ। ਆਪਣੀ ਪਛਾਣ ਆਪ ਬਣਾਉਣ ਲਈ ਉਹ ਪੀਰੋ ਆਪਣੇ ਮੱਥੇ 'ਚ ਵਿੱਦਿਆ ਦਾ ਦੀਵਾ ਰੌਸ਼ਨ ਕਰਦੀ ਏ। ਪੁਸਤਕ ਦੀਆਂ 7 ਕਹਾਣੀਆਂ ਵਿੱਚ ਵੀ ਤਾਜਗੀ ਏ। ਕਿਤਾਬਚ ਤਾਜਗੀ ਏ। ਪਛਾਣ, ਵਿਚਾਰੀ, ਸਫ਼ੀਆ ਦਾ ਸੋਫ਼ਾ ਅਤੇ ਮਰਦਾਨਗੀ ਚੰਗੀਆਂ ਕਹਾਣੀਆਂ ਨੇ। ਕਿਤਾਬ ਨੂੰ **'ਸੰਗਮ ਪਬਲੀਕੇਸ਼ਨ ਸਮਾਣਾ'** ਨੇ ਛਾਪਿਆ ਏ। ਇਨ੍ਹਾਂ ਕਹਾਣੀਆਂ ਨੂੰ ਇਰਫ਼ਾਨ ਮਜੀਦ ਨੇ ਲਿਪੀਅੰਤਰ ਕੀਤਾ ਏ। ਅੰਬਰ ਹੁਸੈਨੀ ਸਿਰ ਕੱਢਵੀਂ ਕਥਾਕਾਰ ਏ।




***ਬਲਬੀਰ ਪਰਵਾਨਾ ਦਾ 'ਹੱਡੀਂ ਹੰਢਾਏ ਸੱਚ'***





ਪਰਵਾਨਾ ਨੇ ਇਸ ਪੁਸਤਕ 'ਚ ਅਨੇਕਾਂ ਨਿੱਕੀ-ਨਿੱਕੇ ਅਨੁਭਵ ਸਮੇਂ-ਸਮੇਂ ਲਿਖ ਕੇ ਸਾਂਭ ਲਏ ਨੇ। ਕੁਝ ਅਨੁਭਵ ਤਾਂ ਉਹ ਨਵਾਂ ਜ਼ਮਾਨਾ ਦੇ ਆਪਣੇ ਕਾਲਮ 'ਚਲਦੇ ਚਲਦੇ' 'ਚ ਲਿਖਦਾ ਰਿਹਾ ਏ। ਪੁਸਤਕ ਨੂੰ ਉਨ੍ਹਾਂ ਤਿੰਨ ਭਾਗਾਂ ਵਿੱਚ ਵੰਡਿਆ ਏ। ਪਹਿਲਾ ਭਾਗ 'ਚ ਸਾਹਿਤ ਦੀ ਸਮਝ, ਰਚਨਾਂ ਦੀਆਂ ਪਰਤਾਂ, ਕੁਦਰਤੀ ਦ੍ਰਿਸ਼ ਦਾ ਇਕ ਲੇਖਕ ਲਈ ਕੀ ਮਹੱਤਵ ਹੁੰਦਾ ਏ ਅਤੇ ਇਹ ਰਚਨਾ ਦੇ ਬਿਰਤਾਂਤ ਦਾ ਅੰਗ ਕਿਵੇਂ ਬਣਦੇ ਨੇ ਉਸ ਬਾਰੇ ਏ। ਅਗਾਂਹ ਆਪਣੀਆਂ ਲਿਖਤਾਂ ਵਿੱਚ ਉਹ ਆਪਣੇ ਇਲਾਕੇ ਦੀ ਭੂਗੋਲ ਬਾਰੇ, ਪਿੰਡਾਂ ਦੇ ਕਲਚਰ ਬਾਰੇ ਵੇਰਵੇ ਲਿਖਦਾ ਏ ਜਿਸ ਤੋਂ ਉਹਨੂੰ ਰਚਨਾ ਦੇ ਸਰੋਤ ਮਿਲਦੇ ਨੇ। ਇਨ੍ਹਾਂ ਨਿੱਕੇ-ਨਿੱਕੇ ਲੇਖਾਂ ਵਿੱਚ ਪਰਵਾਨਾ ਨੂੰ ਚਿੰਤਨ ਦੇ ਕੁਝ ਸੂਤਰ ਲੱਭਦੇ ਨੇ। ਨਾਲ-ਨਾਲ ਪਾਠਕ ਨੂੰ ਪਰਵਾਨਾ ਦੀ ਯਾਤਰਾਂ ਤੇ ਸਮਝ ਦੇ ਸਰੋਤਾਂ ਦਾ ਵੀ ਪਤਾ ਲੱਗਦਾ ਜਾਂਦਾ ਏ। ਪਰਵਾਨਾ ਆਪਣੇ ਸੁਭਾਅ ਤੇ ਸ਼ਖ਼ਸੀਅਤ ਦਾ ਬਿਰਤਾਂਤ ਤਕਰੀਬਨ ਹਰ ਲੇਖ ਵਿੱਚ ਸਿਰਜ ਲੈਂਦਾ ਏ ਜਿਸ ਤੋਂ ਪਾਠਕ ਨੂੰ ਉਹਦੀ ਰਚਨਾ ਦੇ ਸਰੋਤ ਮਿਲ ਜਾਂਦੇ ਨੇ। ਇਨ੍ਹਾਂ ਸਵੈ-ਜੀਵਨੀ ਮੂਲਕ ਟੁਕੜਿਆਂ ਤੋਂ ਸਾਨੂੰ ਪਰਵਾਨਾ ਬਾਰੇ ਬਹੁਤ ਜਾਣਕਾਰੀ ਮਿਲ ਜਾਂਦੀ ਏ। ਅੰਤਲੇ ਭਾਗ ਵਿੱਚ ਪਾਸ਼, ਅਮਰ ਅਚਰਵਾਲ, ਕਾਮਰੇਡ ਗਿਆਨ ਸਿੰਘ ਸੰਘਾ ਤੇ ਸੁਖਦੇਵ ਪ੍ਰੀਤ ਦੇ ਸ਼ਬਦ ਚਿੱਤਰ ਵੀ ਪੜ੍ਹਨ ਨੂੰ ਮਿਲ ਨੇ। ਕਿਤਾਬ **'ਤਰਕ ਭਾਰਤੀ ਪ੍ਰਕਾਸ਼ਨ'** ਨੇ ਛਾਪੀ ਏ।

***ਮਨਮੋਹਨ ਦਾਊਂ ਤੇ 'ਪੁਆਧੀ ਪਿੰਡ'***

ਮਨਮੋਹਨ ਮੂਲ ਰੂਪ ਵਿਚ ਬਾਲ ਸਾਹਿਤਕਾਰ ਏ ਪਰ ਉਸ ਨੇ ਚੰਡੀਗੜ੍ਹ ਵਿੱਚ ਲੁਪਤ ਹੋ ਗਏ ਪਿੰਡ ਦੀ ਖੋਜ ਕਰਕੇ ਉਨ੍ਹਾਂ ਦੀ ਇਤਿਹਾਸਕਾਰੀ ਤੱਥਾਂ ਅਤੇ ਅੰਕੜਿਆਂ ਨਾਲ ਇਸ ਪੁਸਤਕ ਵਿੱਚ ਕੀਤੀ ਏ। ਭੰਗੀਮਾਜਰਾ, ਕਾਂਜੀਮਾਜਰਾ, ਕਾਲੀਬੜ, ਕੈਲੜ, ਰੁੜਕੀ ਮਾਜਰਾ, ਖੇੜੀ, ਬਜਵਾੜੀ, ਦਲਹੇੜੀ, ਨਵਾਂ ਗਾਓਂ, ਫੈਦਾਂ, ਦਤਾਰਪੁਰ ਅਤੇ ਕੁਝ ਹੋਰ ਪਿੰਡ ਨੂੰ ਸ਼ਬਦਾਂ ਨਾਲ ਜਿਉਂਦਾ ਕੀਤਾ ਏ ਜਿਹੜੇ ਹੁਣ ਉਜੜ ਚੁੱਕੇ ਨੇ। ਇਹ ਪਿੰਡ ਦਾਊਂ ਦੇ ਅਵੇਚਤਨ ਵਿੱਚ ਵਸੇ ਹੋਏ ਨੇ। ਪਹਿਲਾਂ 17 ਪਿੰਡਾਂ ਦੇ ਲੋਕ ਉਜਾੜੇ, ਦੂਜੇ 'ਚ 12 ਅਤੇ ਤੀਜੇ 'ਚ 22 ਪਿੰਡ ਉਜਾੜੇ ਗਏ। ਲੇਖਕ ਇਹ ਗੱਲ ਤੱਥਾਂ ਨਾਲ ਉਭਾਰਦਾ ਏ ਕਿ ਉਜੜੇ ਲੋਕਾਂ ਨਾਲ ਧੱਕਾ ਹੀ ਕੀਤਾ ਗਿਆ। ਲੇਖਕ ਉਨ੍ਹਾਂ ਲੋਕਾਂ ਨਾਲ ਗੱਲਾਂ ਕਰਕੇ ਉਨ੍ਹਾਂ ਦੀ ਪੀੜ ਨੂੰ ਸ਼ਬਦ ਦਿੰਦਾ ਏ। ਤਸਵੀਰਾਂ ਨਾਲ ਕਿਤਾਬ ਅਰਥਵਾਨ ਬਣਾਈ ਗਈ ਏ। ਇਹ ਕਿਤਾਬ **'ਲੋਕਗੀਤ ਪ੍ਰਕਾਸ਼ਨ'** ਨੇ ਛਾਪੀ ਏ।




### *ਰਵਿੰਦਰ ਕੌਰ ਭਾਟੀਆ ਦਾ 'ਕਰਿਸ਼ਮਾ'*





ਪੰਜਾਬ ਤੋਂ ਦੂਰ ਬੈਠੀ ਹੋਈ ਰਵਿੰਦਰ ਅਜਿਹੀ ਕਲਮਕਾਰ ਏ ਜਿਸ ਨੇ ਆਪਣੇ ਨਿੱਕੇ-ਨਿੱਕੇ ਅਨੁਭਵ ਇਨ੍ਹਾਂ ਯਾਦਾਂ ਤੇ ਕਹਾਣੀਆਂ ਵਿੱਚ ਪੇਸ਼ ਕੀਤੇ ਨੇ। ਪੁਸਤਕ ਵਿੱਚ ਉਸ ਨੇ ਅਨੇਕ ਨਿੱਜੀ ਅਨੁਭਵ ਲਿਖੇ ਨੇ। ਜਿਨ੍ਹਾਂ ਨੂੰ ਪੜ੍ਹ ਕੇ ਤੁਹਾਨੂੰ ਉਸ ਦੀ ਮਾਨਵਵਾਦੀ ਸੁਰ ਦਾ ਪਤਾ ਲੱਗਦਾ ਏ। ਲੇਖਿਕਾ ਕਿੱਤੇ ਵਜੋਂ ਡਾਕਟਰ ਏ ਤੇ ਉਹ ਆਪਣੇ ਕਿੱਤੇ ਵਿੱਚੋਂ ਅਨੁਭਵ ਪ੍ਰਾਪਤ ਕਰਦੀ ਏ ਜਿਨ੍ਹਾਂ ਨੂੰ ਬਾਅਦ ਵਿੱਚ ਰਚਨਾ ਵਿੱਚ ਢਾਲ਼ ਲੈਂਦੀ ਏ। ਹਰ ਰਚਨਾ ਵਿੱਚ ਉਹਦਾ ਸਵੈ ਹਾਜ਼ਰ ਰਹਿੰਦਾ ਏ। ਪੁਸਤਕ ਦੇ ਮੁਢਲੇ ਭਾਗ ਵਿੱਚ ਉਸ ਨੇ ਕੁਝ ਸੱਚੀਆਂ ਘਟਨਾਵਾਂ ਦਾ ਵਰਨਣ ਕੀਤਾ ਏ ਜਿਹੜੀਆਂ ਕਰੋਨਾ ਕਾਲ 'ਚ ਵਾਪਰੀਆ। ਇਨ੍ਹਾਂ ਘਟਨਾਵਾਂ ਦੇ ਪਾਤਰ ਵਧੇਰੇ ਕਰਕੇ ਮਰੀਜ਼ ਹਨ। ਜਿਨ੍ਹਾਂ ਦੀ ਉਹ ਇਕ ਸੇਵਕ ਦੀ ਤਰ੍ਹਾਂ ਸੇਵਾ ਕਰਦੀ ਏ। ਉਹ ਹੋਮਿਓਪੈਥਿਕ ਡਾਕਟਰ ਰਹੀ ਏ ਤੇ ਇਨ੍ਹਾਂ ਘਟਨਾਵਾਂ 'ਚ ਸਾਰੇ ਮਰੀਜ਼ ਹੋਮਿਓਪੈਥੀ ਨਾਲ ਠੀਕ ਹੁੰਦੇ ਨੇ। ਹਰ ਘਟਨਾ ਵਿੱਚ ਲੇਖਿਕਾ ਹੋਮਿਓਪੈਥੀ ਨੂੰ ਇਕ ਚਮਤਕਾਰ ਵਾਂਗ ਪੇਸ਼ ਕਰਦੀ ਏ। ਮਿੰਨੀ ਕਹਾਣੀਆਂ ਦਾ ਬਿਰਤਾਂਤ ਵੀ ਉਹ ਇਕ ਘਟਨਾ ਵਾਂਗ ਪੇਸ਼ ਕਰਦੀ ਏ। 'ਦੁਬਈ ਕਾਨਫ਼ਰੰਸ' ਵੀ ਇਕ ਘਟਨਾ ਏ। ਉਸ ਦੀਆਂ ਮਿੰਨੀ ਕਹਾਣੀਆਂ 'ਚ ਵਿਅੰਗ ਤੇ ਤਿੱਖੀ ਚੋਭ ਦੀ ਅਜੇ ਘਾਟ ਏ ਕਿਤਾਬ **'ਆਰਸੀ ਪਬਲਿਸ਼ਰਜ਼'** ਨੇ ਛਾਪੀ ਏ।

### *ਦ ਸਟੋਰੀ ਆਫ ਮੈਂਗਲ ਸਿੰਘ*

ਜਸਵੀਰ ਰਾਣਾ ਅਚੰਭੇ ਭਰਪੂਰ ਬਿਰਤਾਂਤ ਸਿਰਜਣ ਵਾਲਾ ਕਥਾਕਾਰ ਏ। ਇਹ ਪੁਸਤਕ ਇਕ ਵਾਲੀਬਾਲ ਕੋਚ ਮੈਂਗਲ ਸਿੰਘ ਦੀ ਜੀਵਨ ਕਥਾ ਏ। ਜੀਵਨੀ ਨੂੰ ਰੋਚਿਕ ਬਣਾਉਣ ਲਈ ਲੇਖਕ ਆਪਣੀਆਂ ਕਥਾ-ਜੁਗਤਾ ਵਰਤਦਾ ਹੋਇਆ ਮੈਂਗਲ ਸਿੰਘ ਦਾ ਪਾਤਰ ਉਸਾਰਦਾ ਏ। ਪਾਠਕ ਸਾਹਮਣੇ ਇਕ ਵੱਡੇ ਕੱਦ ਵਾਲਾ ਮੈਂਗਲ ਸਿੰਘ ਆ ਖੜਦਾ ਏ। ਲੇਖਕ ਨੇ ਮੈਂਗਲ ਸਿੰਘ ਨੂੰ ਇਮਾਨਦਾਰ, ਸੱਚਾ ਤੇ ਸੁੱਚਾ ਚਿਤਰਿਆ ਏ। ਪਾਠਕ ਨੂੰ ਖੇਡਾਂ ਦੇ ਵੱਡੇ ਨਾਇਕ ਦੇ ਦਰਸ਼ਨ ਹੁੰਦੇ ਨੇ। ਮੈਂਗਲ ਸਿੰਘ ਦੀ ਜ਼ਿੰਦਗੀ ਸਿੱਧੀ ਨਹੀਂ ਗੁਜਰਦੀ। ਉਹਦੀ ਜ਼ਿੰਦਗੀ ਬੜੀ ਟੇਢੀ ਸੀ ਜਿਸ ਨੂੰ ਮੈਂਗਲ ਆਪਣੀ ਪ੍ਰਤਿਭਾ ਨਾਲ ਸਿੱਧੀ ਕਰ ਦਿੰਦਾ ਏ। ਉਹਦੇ ਅੰਦਰ ਵਾਲੀਬਾਲ ਪ੍ਰਤੀ ਐਨਾ ਜਜ਼ਬਾ ਹੁੰਦੇ ਕਿ ਉਹ ਆਪਣੇ ਸਮੇਂ ਇਲਾਕੇ ਵਿੱਚ ਅਨੇਕਾਂ ਵਾਲੀਬਾਲ ਖਿਡਾਰੀ ਪੈਦਾ ਕਰਦਾ ਏ। ਮੈਂਗਲ ਸਿੰਘ ਇਕ ਨਾਇਕ ਵਜੋਂ ਉਭਰਦਾ ਏ। ਕਿਤਾਬ **'ਕੈਲੀਬਰ ਪਬਲੀਕੇਸ਼ਨ'** ਨੇ ਛਾਪੀ ਏ।







## ਬਲੈਕ ਆਈਸ (ਕਹਾਣੀ ਸੰਗ੍ਰਹਿ)
ਮੇਜਰ ਮਾਂਗਟ

ਪਰਵਾਸੀ ਪੰਜਾਬੀ ਕਹਾਣੀ ਦੇ ਕਨੇਡਾ ਵੱਸਦੇ ਖੇਮੇ ਵਿੱਚੋਂ ਮੇਜਰ ਮਾਂਗਟ ਸਾਹਿਤ ਖੇਤਰ ਵਿੱਚ ਬਹੁ ਵਿਧਾਵੀ ਸਾਹਿਤਕਾਰ ਵਜੋਂ ਸਥਾਪਤ ਹਸਤਾਖ਼ਰ ਹੈ। **'ਬਲੈਕ ਆਈਸ'** ਕਹਾਣੀ-ਸੰਗ੍ਰਹਿ ਦੀ ਗਲਪ ਚੇਤਨਾ ਨੂੰ ਜਾਣਨ ਲਈ ਜਦੋਂ ਪਾਠਕ ਇਹਨਾਂ ਕਹਾਣੀਆਂ ਦਾ ਪਾਠ ਆਰੰਭਦਾ ਹੈ ਤਾਂ ਉਹ ਇਹਨਾਂ ਕਹਾਣੀਆਂ ਦੇ ਪਾਤਰਾਂ ਐਨੀ, ਮਾਈਕਲ, ਮੁਹੰਮਦ, ਲੂੰਬਾ, ਨੋਲਾ, ਵਿਨੀ, ਨੀਤੀ, ਦਿਲਰਾਜ, ਸਲੀਨਾ, ਨਵਰੀਤ, ਰੇਨੂ, ਡੈਨੀਅਲ, ਮੈਗੀ ਅਤੇ ਹਰਜੋਤ ਦੇ ਪਰਵਾਸੀ ਹੋਣ ਕਾਰਨ ਭੋਗੇ ਜਾ ਰਹੇ ਮਾਨਸਿਕ ਸੰਤਾਪਾਂ ਨੂੰ ਆਪਣੇ ਆਪ 'ਤੇ ਮਹਿਸੂਸ ਕਰਦਾ ਹੈ। ਇਸ ਸੰਗ੍ਰਹਿ ਵਿੱਚ ਉਸਦਾ ਕਥਾ ਜਗਤ ਪੰਜਾਬ ਵਿੱਚ ਆਰਥਿਕਤਾ ਦੀ ਮਾਰ ਝੱਲ ਰਹੇ ਦੇਸੀ ਭਾਈਚਾਰੇ ਦੀ ਮਾਨਸਿਕਤਾ ਤੋਂ ਕਨੇਡਾ ਦੇ ਆਧੁਨਿਕ ਜਨਜੀਵਨ ਵਿੱਚ ਗੜੁੱਚ ਲੋਕਾਂ ਦੇ ਮਾਨਸਿਕ ਸੰਤਾਪਾਂ ਤਕ ਪਸਰਿਆ ਦਿਸਦਾ ਹੈ। ਉਸਦੀਆਂ ਕਹਾਣੀਆਂ ਦੇ ਵਿਸ਼ੇ ਸਾਧਾਰਨ ਹੁੰਦੇ ਹੋਏ ਵੀ ਵਿਲੱਖਣ ਉਦੋਂ ਸਿੱਧ ਹੁੰਦੇ ਹਨ ਜਦੋਂ ਪਰਵਾਸੀ ਜਨਜੀਵਨ ਪ੍ਰਭਾਵ ਹੇਠ ਉਭਰਦੀ ਉਸਦੀ ਵਿਲੱਖਣ ਪਾਤਰ ਸਿਰਜਣ ਕਲਾ ਇਹਨਾਂ ਕਹਾਣੀਆਂ 'ਚ ਵੱਖਰੀ ਜਾਨ ਭਰਦੀ ਹੈ। ਉਸਦੀਆਂ ਕਹਾਣੀਆਂ ਦੇ ਪਾਤਰ ਉਸ ਆਧੁਨਿਕ ਵਿਦੇਸ਼ੀ ਸਮਾਜ ਵਿੱਚ ਰਹਿੰਦੇ ਤਾਂ ਹਨ ਪਰ ਸਭਿਆਚਾਰਕ ਰਲੇਵੇਂ ਨੂੰ ਅਪਣਾਉਂਦੇ ਨਹੀਂ। ਮੇਜਰ ਮਾਂਗਟ ਦੇ ਪਰਵਾਸੀਆਂ ਤੋਂ ਗ੍ਰਹਿਣ ਕੀਤੇ ਅਨੁਭਵ ਸੁੰਦਰ ਗਲਪੀ ਤਕਨੀਕਾਂ ਰਾਹੀਂ ਅਸਲ ਅਰਥਾਂ ਵਿੱਚ ਕਹਾਣੀ ਰੂਪ ਲੈ ਸਮਾਜ ਦੀ ਪ੍ਰਤੱਖ ਤਸਵੀਰ ਬਣ ਪਾਠਕਾਂ ਨਾਲ਼ ਰੂਬਰੂ ਹੁੰਦੇ ਹਨ।

-ਡਾ. ਸੰਦੀਪ ਰਾਣਾ

Published By
Gracious Books
Office: LIG-13 Phase-1 Urban Estate, Patiala
Ph:91-98764-33008,91-75-5007643

Year: 19 issue:75 ISSN: 2321-4445
'Kahani Dhara' (Punjabi Quarterly) Oct. to Dec.,2024, R.N.I.Regd. No. PUN2006/19971




ਇਸ ਕਿਤਾਬ 'ਚ ਤੁਸੀਂ ਪੜ੍ਹੋਗੇ ਅੱਠ ਕਹਾਣੀਆਂ; 'ਡਲਿਵਰੀ ਮੈਨ', 'ਰਵੀ ਡਿਫੈਂਡਰ', 'ਰੰਗਾਂ ਦੀ ਸਾਂਝ @ ਸਮਾਜ ਵਿਗਿਆਨ', 'ਪਰਛਾਵਿਆਂ ਦੇ ਆਰ-ਪਾਰ', 'ਮੁੱਠੀ ਵਿੱਚੋਂ ਕਿਰਦੀ ਰੇਤ', 'ਛਣ-ਛਣ', 'ਠੇਡਾ' ਤੇ 'ਤ੍ਰੇੜ'



Page:192; ₹ :295

ਕੁਲਵਿੰਦਰ ਸਿੰਘ ਕਿੰਦ ਨਾਹਲ ਨੂੰ 97809-09077 ਤੇ Google Pay ਕਰਕੇ ਆਪਣਾ ਐਡਰਸ ਭੇਜੋ, ਤਿੰਨ ਦਿਨ੍ਹਾਂ 'ਚ ਕਿਤਾਬ ਤੁਹਾਡੇ ਘਰ ਪੁੱਜ ਜਾਵੇਗੀ।

Published by
White Crow Publishers
Ranjitgarh Bandra, Mansa - 151506
Contact : 97809-09077
WWW.WHITECROWPUBLISHERS.COM

ਤੁਸੀਂ ਕਲਪਨਾ ਨਹੀਂ ਕਰ ਸਕਦੇ, ਇਨ੍ਹਾਂ ਨਵੀਆਂ ਕਹਾਣੀਆਂ ਦੀਆਂ ਘਟਨਾਵਾਂ ਅਤੇ ਪਾਤਰਾਂ ਨੂੰ ਲੱਭਣ ਉਪਰੰਤ ਉਨ੍ਹਾਂ ਦੀ ਮਨੋਦਸ਼ਾ ਨੂੰ ਸਮਝਣ ਲਈ ਮੈਂ ਕਿੰਨਾ ਕੁ 'ਸਫ਼ਰ' ਕੀਤਾ ਹੋਵੇਗਾ? ਮੈਨੂੰ ਉਨ੍ਹਾਂ ਸਾਰੇ ਪਾਤਰਾਂ ਵਾਂਗ ਪਹਿਲਾਂ ਆਪ ਜੀਉਣਾ ਪੈਂਦਾ ਹੈ, ਜਿਹੜੇ ਸਮਾਜ 'ਚ ਵਿਚਰਦੇ ਪਾਤਰਾਂ ਨੇ, ਕਹਾਣੀ ਦੇ ਪਾਤਰ ਬਣਨਾ ਹੁੰਦਾ ਹੈ। ਇਨ੍ਹਾਂ ਪਾਤਰਾਂ ਦੀ ਜ਼ਹਿਰ ਪੀ ਪੀ ਕੇ ਮੇਰਾ ਆਪਣਾ ਕੰਠ ਨੀਲਾ ਹੋ ਗਿਆ ਹੈ। ਜਿਸ ਪਾਤਰ 'ਤੇ ਮੈਂ ਕਹਾਣੀ ਦੀ ਉਸਾਰੀ ਕਰ ਰਿਹਾ ਹੁੰਦਾ ਹਾਂ। ਇਨ੍ਹਾਂ ਕਹਾਣੀਆਂ ਦੇ ਪਾਤਰ ਸਮਾਜ 'ਚ ਸਧਾਰਨ ਤਰੀਕੇ ਨਾਲ ਵਿਚਰਦੇ ਹਨ ਜਦੋਂ ਮੈਂ ਇਨ੍ਹਾਂ ਦੇ ਗੋਡੇ ਮੁੱਢ ਬੈਠ ਕੇ ਇਨ੍ਹਾਂ ਨਾਲ 'ਸਾਂਝ' ਪਾਉਂਦਾ ਹਾਂ ਤਾਂ ਸੱਚ ਜਾਣਿਓ ਇਹ ਬੜੇ ਗੁੰਝਲਦਾਰ, ਕਈ ਪਰਤਾਂ 'ਚ ਜਿਉਣ ਵਾਲੇ, ਵੇਦਨਾ ਤੇ ਸੰਵੇਦਨਾ ਨਾਲ ਭਰੇ ਹੋਏ 'ਲੋਕ' ਪ੍ਰਗਟ ਹੋਣ ਲੱਗ ਪੈਂਦੇ ਸਨ। ਮੇਰਾ 'ਤੀਜਾ ਨੇਤਰ' ਉਨ੍ਹਾਂ ਬੀਤੀਆਂ ਘਟਨਾਵਾਂ ਨੂੰ ਫੜਨ ਉਪਰੰਤ ਕਾਗ਼ਜ 'ਤੇ ਲਿਖਣ ਲੱਗ ਪੈਂਦਾ ਹੈ। ਇਹ ਪਾਤਰ ਮੈਨੂੰ ਬੇਚੈਨ ਕਰਦੇ ਨੇ, ਸ਼ਾਇਦ ਤੁਹਾਨੂੰ ਵੀ ਕਰਨ। - ਭਗਵੰਤ ਰਸੂਲਪੁਰੀ